Digitized by Arya Samaj Foundation Chennai and eGangotri

ਸਿਖ ਦਰਸ਼ਨ

ਲੇਖ-ਸੰਗ੍ਰਹਿ

ਕਿਰਪਾਲ ਸਿੰਘ
ਆਜ਼ਾਦ

CC-0. In Public Domain. Gur

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7780
DONATION

Forwarded Free of cost and
with the compliments of the
Department of Education.
Govt. of India, New Delhi

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਵ ਦਰਸ਼ਨ

(ਸਾਹਿਤਕ, ਸਮੀਖਿਅਕ, ਗਿਆਨ-ਵਿਗਿਆਨ ਮਈ ਨਿਬੰਧ)

Forwarded Free of cost and
with the compliments of the
Department of Education,
Govt. of India, New Delhi

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

VISHVA DARSHAN
(Essays: literary, criticism, Social & philosophical)

By: KIRPAL SINGH AZAD
A-68, Rampuri, p.o. chander Nager
Ghaziabad-201 011

1991
© ਲੇਖਕ

ਪ੍ਰਕਾਸ਼ਕ :
ਆਰਸੀ ਪਬਲਿਸ਼ਰਜ਼
ਪਲੀਅਰ ਗਾਰਡਨ ਮਾਰਕੀਟ,
ਦਿੱਲੀ-੧੧੦ ੦੦੬

ਛਾਪਕ :
ਪ੍ਰਿੰਟ-ਪੈਕ (ਨੋਇਡਾ)
ਐਫ-੧੪, ਸੈਕਟਰ ੩, ਨੋਇਡਾ-੨੦੧ ੩੦੧ ਦੇ ਪ੍ਰਬੰਧ ਅਧੀਨ
ਆਲਾ ਪ੍ਰਿੰਟਿੰਗ-ਪ੍ਰੈਸ, ਦਿੱਲੀ-੬ ਵਿਚ ਛਪਿਆ

ਮੁੱਲ:
ਲਾਇਬ੍ਰੇਰੀ ਐਡੀਸ਼ਨ: 100 ਰੁਪਏ
ਪੇਪਰ ਬੈਕ : 60 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਵ ਦਰਸ਼ਨ

DONATION

(ਨਿਬੰਧ ਸੰਗ੍ਰਹਿ)

7780

पुस्तकालय
पुस्तकालय
गुरुकुल कांगड़ी विश्वविद्यालय

Forwarded Free of cost
with the compliments of the
Department of Education,
Govt. of India

ਕਿਰਪਾਲ ਸਿੰਘ ਆਜ਼ਾਦ

ਆਰਸੀ ਪਬਲਿਸ਼ਰਜ਼
ਚਾਂਦਨੀ ਚੌਕ, ਦਿੱਲੀ-੧੧੦੦੦੬

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

ਪ੍ਰਕਾਸ਼ਨ

ਟੋਕ-ਟਕੋਰ (ਵਿਅੰਗ ਸੰਗ੍ਰਹਿ)
ਸੋਫਿਸਟੀ ਕੇਟਿਡ (ਪ੍ਰਵਾਸੀ ਕਹਾਣੀ)
ਸਿੱਖ ਮੂਲਵਾਦ ਬਾਰੇ (ਇਤਹਾਸਕ ਅਧਿਅਨ)
ਜਨਮ ਪੀੜਾ (ਮਹਾਂਕਾਵਿਕ ਨਾਵਲ)
ਗੁਰਬਾਣੀ ਇਨਕਲਾਬੀ ਹੈ ਕਿ...(ਇਕ ਵਿਸ਼ਲੇਸ਼ਣ)
ਕੋਈ ਆਖੇ, ਕੋਈ ਸਮਝੇ ਨਾ (ਕਹਾਣੀ-ਸੰਗ੍ਰਹਿ)
ਸਰਬਾਂਗੀ ਕਹਾਣੀਆਂ (ਬਾਲ ਕਹਾਣੀਆਂ)
ਦਾਰਸ਼ਨਿਕ ਇਤਹਾਸਕ, ਸਮੀਖਿਅਕ ਲਿਖਤਾਂ
ਅਤੇ ੨੦ ਤੋਂ ਉਪਰ ਅਨੁਵਾਦਿਤ ਪੁਸਤਕਾਂ
सिक्ख मूलवाद (ऐतिहासिक विशलेषण)
नवचिन्तन कहानियां

ਪ੍ਰੈਸ ਵਿਚ:
ਅਨੁਵਾਦ ; ਕਲਾ ਅਤੇ ਵਿਧੀ

ਕਲਮ ਹੇਠ:
ਅਕਲਈਏ (ਨਾਵਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖ-ਸ਼ਬਦ

ਵਾਰਤਕ ਰਚਨਾ ਨੂੰ ਸਾਹਿਤ-ਸਿਰਜਣਾ ਦੀ ਪ੍ਰੌੜ੍ਹ ਅਵਸਥਾ ਮੰਨਿਆ ਗਿਆ ਹੈ ।

ਜਿਵੇਂ ਬਾਲਗ-ਬੁੱਧ ਵਾਲਾ ਮਨੁੱਖ ਸਹਿਜ ਸੋਚ ਅਤੇ ਵਿਸ਼ਾਲ ਗਿਆਨ ਵਾਲਾ ਹੁੰਦਾ ਜਾਂਦਾ ਹੈ, ਕੁਝ ਕੁ ਉਸੇ ਤਰ੍ਹਾਂ ਡੂੰਘੇਰਾ ਅਧਿਅਨ ਕਰਨ ਵਾਲਾ ਪਾਠਕ ਅਤੇ, ਗਿਆਨ ਦਾ ਢੂੰਡਾਊ ਅਤੇ ਉੱਚ-ਪੱਧਰ ਵਿਦਿਆਰਥੀ ਅਜਹੇ ਗੱਦ-ਸਾਹਿਤ ਦੀ ਤੱਕ ਵਿਚ ਰਹਿੰਦਾ ਹੈ ਜਿਹੜਾ ਉਸ ਦੀ ਗਿਆਨ-ਭੁੱਖ ਨੂੰ ਤ੍ਰਿਪਤ ਹੀ ਨਾ ਕਰੇ ਸਗੋਂ ਰਚਨੇਈ ਬਿਰਤੀ ਵੀ ਪ੍ਰਦਾਨ ਕਰੇ । ਆਦਰਸ਼-ਅਧਿਆਪਕ ਦਾ ਵੀ ਇਹੋ ਨਿਸ਼ਾਨਾ ਹੁੰਦਾ ਹੈ ।

ਵਿਦਿਆ-ਪ੍ਰਾਪਤੀ ਅਤੇ ਜਗਿਆਸਾ ਦਾ ਉਦੇਸ਼ ਵੀ ਮਾਨਸਿਕ ਵਿਕਾਸ ਹੈ ਜੋ ਰਸਮੀ ਵਿਦਿਆ ਜਾਂ ਸਨਦ-ਸਰਟੀਫੀਕੇਟ ਦੀ ਪ੍ਰਾਪਤੀ ਵਾਲੇ ਟੀਚੇ ਤੋਂ ਉਚੇਰਾ ਤੇ ਵੱਖਰਾ ਹੈ । ਨਿਪਟ ਸਰਲ ਅਤੇ ਰੋਚਕ ਸਾਹਿਤ ਅਤੇ ਵਿਦਿਆ ਦਾ ਰਸਮੀ ਪਠਨ-ਪਾਠਣ; ਪਾਠਕ, ਵਿਦਿਆਰਥੀ ਅਧਿਆਪਕ ਅਤੇ ਲੇਖਕ ਦਾ ਵੀ ਬੌਣਾਪਣ ਹੋ ਨਿਬੜਦਾ ਹੈ ।

ਸੁਤੰਤਰਤਾ ਪ੍ਰਾਪਤੀ ਪਿਛੋਂ ਅਸੀ ਮੱਧਯੁਗੀ ਸਾਹਿਤਕ ਪਰਿਵੇਸ਼ ਵਿਚੋਂ ਨਿਕਲ ਆਏ ਹਾਂ । ਪਰ ਨਵੀਨ ਯੁਗ ਵਿਚ ਪ੍ਰਵੇਸ਼ ਨਹੀਂ ਕੀਤਾ । ਸ਼ਾਇਦ ਸਰਦਲ ਤੇ ਖੜੇ, ਇਕ ਸੰਕ੍ਰਾਂਤੀ-ਬਿਰਤੀ ਵਿਚ ਜੀਵੀ ਜਾ ਰਹੇ ਹਾਂ । ਇਹ ਗਲ ਜਿੰਨੀ ਪੰਜਾਬੀ ਸਭਿਆਚਾਰ ਉਪਰ ਲਾਗੂ ਹੁੰਦੀ ਹੈ, ਓਨੀ ਹੀ ਪੰਜਾਬੀ ਗੱਦ ਉਪਰ ਢੁੱਕਦੀ ਹੈ । ਬਾਵਜੂਦ ਕਈ ਰਚਨਾਤਮਕ ਝਲਕਾਂ-ਝਲਕਾਰਿਆਂ ਦੇ, ਸਮੁੱਚੀ ਪੰਜਾਬੀ ਗੱਦ, ਬੌਣੀ ਤੇ ਨਿਗੂਣੀ ਭਾਸਦੀ ਹੈ ।

ਪਰ ਕਿਸ਼ੋਰ ਅਵਸਥਾ ਦਾ ਅਹਿਸਾਸ ਵੀ ਪ੍ਰੌੜ੍ਹਤਾ ਦੇ ਆਰੰਭ ਦਾ ਲਖਾਇਕ ਹੁੰਦਾ ਹੈ ।

ਪੰਜਾਹਵਿਆਂ ਵਿਚ ਖੋਜੀ ਅਤੇ ਬੌਧਕ ਲੇਖਕਾਂ ਦੇ ਨਾਲ ਉਭਰੀ ਨਵ-ਅਕਾਦਮਿਕਤਾ ਨੇ ਵੀ ਗੱਦ-ਰਚਨਾ ਕੀਤੀ ਅਤੇ ਦੋਹਾਂ ਨੇ ਇਕ ਦੂਜੇ ਨੂੰ ਪ੍ਰਭਾਵਤ ਵੀ ਕੀਤਾ ਸੀ ।

ਸੰਤੁਲਿਤ ਸਾਹਿਤਕ ਵਿਕਾਸ ਸਮੇਂ ਰਚਨਾਤਮਕ ਲੇਖਣੀ, ਜਿਥੇ ਵਿਸ਼ਿਆਂ ਦੀ ਆਪਣੀ ਵਿਸ਼ਾਲਤਾ ਅਤੇ ਵੰਨ-ਸੁਵੰਨਤਾ ਕਾਰਣ ਅਕਾਦਮਿਕਤਾ ਨੂੰ ਸਾਹਿਤ-ਸਾਮਗ੍ਰੀ ਦੇ ਕੇ ਪਰਖ-ਪੜਚੋਲ ਦੀ ਕਾਰੇ ਲਾਉਂਦੀ ਹੈ, ਉਥੇ ਅਕਾਦਮਿਕਤਾ; ਰਚਨਾਤਮਿਕਤਾ ਦੇ ਉਲਾਰਾਂ-ਉਲੇਲਾਂ ਤੇ ਬੇ-ਮੁਹਾਰਤਾ ਨੂੰ ਡਿਸਿਪਲਣ ਕਰਦੀ ਹੋਈ ਰਚਨਾਤਮਕ ਸਾਹਿਤ ਦੀ ਪ੍ਰੇਰਨਾ-ਸ੍ਰੋਤ ਬਣਦੀ ਹੈ । ਪਰ ਇੰਜ ਨਹੀਂ ਹੋਇਆ !

ਅਜ਼ਾਦੀ ਤੋਂ ਪਿਛੋਂ ਜਿਹੜਾ ਉਭਾਰ ਆਇਆ, ਉਸ ਦਾ ਪ੍ਰਭਾਵ ਵਿਚਾਰਧਾਰਕ ਖੇਤਰ ਅਤੇ ਵਿਦਿਅਕ-ਅਕਾਦਮਿਕ ਖੇਤਰ ਵਿਚ ਗੱਦ ਦੀ ਕੇਵਲ ਫੈਲਾਊ ਵਾਲੀ ਚੜ੍ਹਤਲ ਦੇ ਰੂਪ ਵਿਚ ਦਿੱਸਿਆ । ਸਿੱਟੇ ਵਜੋਂ, ਗਿਆਨ-ਤ੍ਰਿਖਾਵੰਤ ਪਠਨ-ਪਾਠਣ ਦੇ ਸਮਾਨਾਂਤਰ ਚਲ ਰਹੀ ਉਪਯੋਗੀ/ਪਾਠਪੁਸਤਕੀ ਲੋੜ ਨੇ, ਇਕ ਵਾਰ ਤਾਂ ਸਮਾਲੋਚਨਾ-ਸਮੀਖਿਆ ਅਤੇ ਗਿਆਨ-ਵਿਗਿਆਨਮਈ ਗੱਦ ਲਈ ਸਾਮਿਅਕ ਪੱਤਰਾਂ ਦੇ ਕਾਲਮ ਖੋਹਲ ਦਿਤੇ । ਅਜਿਹੇ ਕਾਰਣਾਂ ਕਰ ਕੇ ਰਚਨੇਈ ਲੇਖਣੀ ਸੰਗੜ ਕੇ ਗੱਦ ਦਾ ਪਿੜ ਛਡਦੀ ਗਈ ਅਤੇ ਅਕਾਦਮਿਕ ਵਿਅਕਤੀ, ਆਪਣੀ ਪਾਠਪੁਸਤਕੀ ਉਪਯੋਗਤਾ, ਪੇਸ਼ੇਵਰ ਮਸਲਿਹਤਾਂ ਅਤੇ ਪ੍ਰਕਾਸ਼ਣ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਪਭੋਗਤਾਵਾਦੀ ਹਿਤਾਂ ਕਾਰਣ ਗੱਦ-ਲੇਖਕ ਵਜੋਂ ਵੀ ਸਥਾਪਿਤ ਹੋਏ ਅਤੇ ਵਿਆਖਿਆਕਾਰ-ਸਮੀਖਿਆਕਾਰ ਵੀ ਸਮਝੇ ਜਾਣ ਲਗੇ ।

ਗਿਆਨ-ਜਗਿਆਸਾ ਅਤੇ ਵਿਦਵਤਾ ਦੀ ਥਾਂ ਪੰਡਤਾਊਪਣ, ਸਨਦ ਅਤੇ ਪਦ-ਉੱਨਤੀ ਜਦ ਗੱਦ-ਲੇਖਣੀ ਦੇ ਪ੍ਰੇਰਨਾ-ਸ੍ਰੋਤ ਬਣਨ ਲਗੇ ਤਾਂ ਇਸ ਵਿਚ ਬਾਸੀਪਣ ਆਇਆ, ਰੱਟ ਦੀ ਉੱਲੀ-ਫਫੂੰਦੀ ਲਗਣ ਲਗੀ । ਗੱਦ ਵਿਚ, ਸ਼ਬਦਾਂ ਦੀ ਜੁਗਤ-ਜੁਗਾੜਕਾਰੀ; ਕੋਈ ਗਲ ਪੱਲੇ ਨਾ ਹੋਣ ਤੇ ਗੱਲ ਬਣਾ ਲੈਣ ਦੀ ਜੁਗਤ, ਕਲਾ ਸਮਝੀ ਜਾਣ ਲਗੀ ਅਤੇ ਗੋਹਜ,ਰਚਨਾਤਮਿਕਤਾ-ਜਗਿਆਸਾ ਪਿੱਛੇ ਪੈਣ ਲਗੀਆਂ ।

ਕੁਝ ਇੰਜ, ਪੂਰੇ ਪੰਜਵੇਂ ਦਹਾਕੇ ਵਿਚ ਲੇਖਕ ਨੇ ਮਹਿਸੂਸ ਕੀਤਾ, ਜਦ ਉਹ 'ਗਿਆਨੀ' ਜਹੀਆਂ ਪ੍ਰੀਖਿਆਵਾਂ ਦੇ ਅਧਿਆਪਣ ਤੋਂ ਲੈ ਕੇ ਐਮ. ਏ. ਦੇ ਅਧਿਅਨ ਵਿਚਾਲੇ ਵਿਚਰ ਰਿਹਾ ਸੀ । ਨਾਲ-ਨਾਲ, ਵੱਖ-ਵੱਖ ਵਾਰਤਕ-ਆਯਾਮਾਂ ਵਿਚ ਚਿਤਵ, ਲਿਖ ਅਤੇ ਛਪ ਰਿਹਾ ਸੀ ।

ਗਿਆਨ-ਜਗਿਆਸਾ ਦੇ ਮਾਧਿਅਮ ਅਤੇ ਟੀਚੇ ਵਜੋਂ, (ਵਿੱਚੇ ਛੱਡੀ, ਪੀ. ਐਚ. ਡੀ. ਦੀ) ਡਾਕਟਰੇਟ ਲਈ ਕੀਤੇ, ਵਿਸ਼ੇ ਦੇ ਵਿਸਤ੍ਰਿਤ-ਅਧਿਅਨ ਦੇ ਸਮੇਂ, ਇਸ ਪੁਸਤਕ ਦਾ ਲੇਖਕ, ਕਈ ਅਧਿਅਨ-ਆਯਾਮਾਂ ਦੇ ਸੰਪਰਕ ਵਿਚ ਹੀ ਨਾ ਆਇਆ ਸਗੋਂ ਉਸ ਦਾ ਅਹਿਸਾਸ, ਵਿਸ਼ਵਾਸ ਵਿਚ ਬਦਲਿਆ ਕਿ; ਪੰਜਾਬੀ ਸ਼ਬਦ-ਭੰਡਾਰ ਅਤੇ ਭਾਸ਼ਾ-ਪ੍ਰਤਿਭਾ ਵਿਚ ਗੁਹਯਮੁਈ ਵਿਸ਼ਿਆਂ ਨਾਲ ਨਜਿੱਠਣ ਅਤੇ ਉਨ੍ਹਾਂ ਨੂੰ ਸਯੋਗ ਸ਼ੈਲੀ ਵਿਚ ਨਿਰੂਪਣ-ਪ੍ਰਤੱਖਣ ਦੀ ਪੂਰੀ ਸਮਰੱਥਾ ਹੈ ।

ਇਸ ਪੁਸਤਕ ਵਿਚ ਸੰਗ੍ਰਹਿਤ ਬਹੁਤੇ ਲੇਖ, ਪੰਜਾਹਵਿਆਂ ਦੇ ਆਰੰਭ ਤੋਂ ਸੱਠਵਿਆਂ ਦੇ ਅੱਧ ਤਕ, 'ਪੰਜਾਬੀ ਦੁਨੀਆਂ', 'ਆਲੋਚਨਾ', 'ਪੰਜ ਦਰਿਆ' ਆਦਿਕ ਵਿਚ ਛਪੇ ਅਤੇ ਸਾਹਿਤਕ-ਬੌਧਿਕ ਮਿਲ-ਬੈਠਣੀਆਂ ਵਿਚ ਪੜ੍ਹੇ-ਵਿਚਾਰੇ ਗਏ । ਇਸ ਨਿਬੰਧ-ਸੰਗ੍ਰਹਿ ਦੇ ਪ੍ਰਕਾਸ਼ਣ ਸਮੇਂ ਕਿਤੇਂ-ਕਿਤੇਂ ਤ੍ਰਾਸ਼ੇ ਗਏ । 'ਪੰਜਾਬੀਅਤ ਦੀ ਵਿਗਿਆਨਕ ਨਿਸ਼ਾਨਦੇਹੀ' ਜਹੇ ਇਕ-ਦੋ ਲੇਖ, ਦੋ-ਚਾਰ ਵਰ੍ਹੇ ਪਹਿਲਾਂ ਲਿਖੇ ਤੇ ਚਰਚਾ ਹੇਠ ਲਿਆਂਦੇ ਗਏ ।

ਇਨ੍ਹਾਂ ਨਿਬੰਧਾਂ ਦੇ ਪ੍ਰਚਲਣ ਤੋਂ ਹਟ ਕੇ ਅਪਨਾਏ ਗਏ ਵਿਸ਼ਿਆਂ ਅਤੇ ਸ਼ੈਲੀ ਕਾਰਣ; ਢੇਰ ਚਿਰ ਅਨਗੌਲੇ ਜਾਣ ਦਾ ਕੌੜਾ ਘੁੱਟ ਵੀ ਭਰਨਾ ਪਿਆ ਅਤੇ ਵਿਰਲੀ ਟਾਂਵੀਂ ਦੀਰਘ-ਦ੍ਰਿਸ਼ਟੀ ਵਲੋਂ ਮਿਲੀ ਪ੍ਰੇਰਨਾ-ਪ੍ਰਸ਼ੰਸਾ ਦੇ ਸਨਮੁਖ ਸੁਰਖਰੂਈ ਵੀ ਮਿਲੀ ।

ਕੁਝ ਵਿਚਾਰ, ਵਾਕ ਅਤੇ ਸ਼ਬਦ, ਜੋ ਕਦੇ ਔਖੇ ਅਤੇ ਹਾਸੋਹੀਣੇ ਜਾਪੇ ਸਨ; ਪਾਠਕ-ਪੱਧਰ ਉਚਾ ਹੋ ਜਾਣ ਕਾਰਣ, ਅੱਜ ਸਾਧਾਰਨ ਜਾਪਦੇ ਹਨ । ਨਿਮਾਣੀ ਜਹੀ ਆਸ ਹੈ ਕਿ ਸੁਹਿਰਦ ਅਕਾਦਮਿਕਾਂ-ਵਿਦਵਾਨਾਂ, ਉੱਚ-ਪਧੱਰ ਵਿਦਿਆਰਥੀਆਂ ਅਤੇ ਸੁਹਜ ਸੁਆਦ ਵਾਲੇ ਪਾਠਕਾਂ ਨੂੰ ਇਹ ਨਿਬੰਧ-ਸੰਗ੍ਰਹਿ, ਇਕ ਵੱਖਰੀ ਗੱਦ ਦੀ ਵਣਗੀ ਪੇਸ਼ ਕਰੇਗਾ ।

ਮਿਤੀ ੨੬.੧.੧੯੯੨ ਕਿਰਪਾਲ ਸਿੰਘ ਆਜ਼ਾਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਾ ਸੂਚੀ

ਨਿਬੰਧ	ਪੰਨਾ
ਸਮੀਖਿਆ ਸਿਧਾਂਤ	
੧. ਸਾਹਿਤਕਾਰ ਅਤੇ ਨਿਜੱਤਵ	੯
੨. ਰਹਿਸਯਵਾਦ	੨੧
੩. ਸਾਹਿਤ-ਸਮੀਖਿਆ : ਸਿਧਾਂਤਕ, ਅਮਲੀ ਅਤੇ ਕੂਟਨੀਤਕ	੨੭
ਮੁੱਲ-ਅੰਕਣ	
੪. ਸ਼ੇਖ ਫਰੀਦ ਅਤੇ ਗੁਰਮਤ	੩੨
੫. ਰਾਮਾਇਣ ਦੀ ਯੋਗਵਾਦੀ ਵਿਆਖਿਆ	੩੯
ਸ਼ੈਲੀ-ਸਿਧਾਂਤ	
੬. ਗੱਦ ਉਪਨਿਸ਼ਦਾਂ ਅਤੇ ਉਨ੍ਹਾਂ ਦੀ ਸ਼ੈਲੀ	੫੦
੭. ਪੰਜਾਬੀ ਵਾਰਤਕ : ਸ਼ੈਲੀ-ਸਮੀਖਿਆ ਦੀਆਂ ਕੁਝ ਸਮੱਸਿਆਵਾਂ	੬੩
ਭਾਸ਼ਾ ਵਿਗਿਆਨ	
੮. ਭਾਸ਼ਾ ਅਤੇ ਵਿਆਕਰਣ ਦੀ ਕਾਰਣ-ਸਾਮਗ੍ਰੀ	੭੦
੯. ਪੰਜਾਬੀ-ਜਰਮਨ ਵਿਆਕਰਣ ਵਿਚ ਕੁਝ ਤੁੱਲਨਾਤਮਕ ਤੱਥ	੮੧
ਦਰਸ਼ਨ ਅਤੇ ਤਰਕ	
੧੦. ਦਰਸ਼ਨ ਦਾ ਨਿਕਾਸ ਅਤੇ ਪ੍ਰਭਾਵ	੮੯
੧੧. ਦ੍ਵੰਦਵਾਦ	੯੮
ਗਿਆਨ-ਵਿਗਿਆਨ	
੧੨. ਯੂਟੋਪੀਆ	੧੧੫
੧੩. ਪੁਲਾੜ ਤੇ ਸਮਾਂ	੧੨੬
ਸਾਹਿਤ ਸਭਿਆਚਾਰ	
੧੪. ਕੁਝ ਅਨੁਵਾਦ ਬਾਰੇ	੧੩੭
੧੫. ਬਾਲ-ਗਲਪ—ਵਿਰਸਾ ਤੇ ਸਮਰਥਾ	੧੫੦
੧੬. ਪੰਜਾਬੀਅਤ ਦੀ ਵਿਗਿਆਨਕ ਨਿਸ਼ਾਨਦੇਹੀ	੧੫੭
ਕਲਾ ਅਤੇ ਸੌਂਦਰਯ	
੧੭. ਰਾਗ, ਸੰਗੀਤ ਅਤੇ ਨ੍ਰਿਤ	੧੭੧
ਸਮਾਜ- ਸ਼ਾਸਤ੍ਰ	
੧੮. ਸੈਨਿਕਵਾਦ ਬਨਾਮ ਨਾਗਰਿਕਤਾ	੧੭੯
ਹਲਕੇ-ਫੁਲਕੇ ਲੇਖ	
੧੯. ਸਾਹਿਤ ਅਤੇ ਹੋਮੀਓਪੈਥੀ	੧੯੦
੨੦. ਕਲੇਈਡੋਸਕੋਪ	੧੯੭

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੇਟਾ

ਰਚਨਾਤਮਕ ਪੰਧ ਤੇ ਪਏ ਉਨ੍ਹਾਂ ਪ੍ਰੌੜ-ਬੁੱਧ
ਪਾਠਕਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਾਧਿਆਪਕਾਂ ਨੂੰ

ਜੋ

ਸੁਹਜਮਈ ਪੰਜਾਬੀ ਵਾਰਤਕ ਰਾਹੀਂ ਗਿਆਨ-ਵਿਗਿਆਨ ਦੀ ਭੁੱਖ
ਨੂੰ ਤ੍ਰਿਪਤਾਉਣ ਦੇ ਚਾਹਵਾਨ ਹਨ

ਨੋਟ

©

ਇਸ ਪੁਸਤਕ ਦੀ ਨਕਲ, ਟੂਕ-ਗ੍ਰਹਿਣ
ਗਾਈਡ-ਕੁੰਜੀ ਲਿਖਣ ਆਦਿਕ ਦੇ ਸਭ ਹੱਕ ਲੇਖਕ
ਦੇ ਰਾਖਵੇਂ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੀਖਿਆ ਸਿਧਾਂਤ

ਜੇ ਕਿਰਤ ਹੀ ਨਹੀਂ ਤਾਂ ਆਲੋਚਨਾ ਕਾਹਦੀ !
...ਪਰ ਆਲੋਚਨਾ ਤੋਂ ਦੁਖੀ, ਕਿਸੇ ਸਾਹਿਤਕ ਦਿਲ ਨੇ ਕਹਿ ਦਿਤਾ:
''ਆਲੋਚਕ, ਲੇਖਕ ਦੇ ਮੋਢਿਆਂ ਉਪਰ ਚੜ੍ਹ ਕੇ ਕਹਿੰਦਾ ਹੈ:
'ਦੇਖ ! ਉੱਚਾ ਮੈਂ ਹਾਂ !!'
ਪਰ.............
ਆਲੋਚਕ ਲੇਖਕ ਦੇ ਮੋਢੇ ਚੜ੍ਹਿਆ, ਕੋਈ ਓਪਰਾ ਨਹੀਂ ।
ਧੁਰੋਂ ਮੋਢਿਆਂ ਉਪਰ ਟਿਕਿਆ ਉਸ ਦਾ ਆਪਣਾ ਸਿਰ ਹੈ;
ਜਿਸ ਵਿਚ ਸੋਚ ਸਦਾ ਸਰਗਰਮ ਰਹਿੰਦੀ ਹੈ ।

ਸਾਹਿਤਕਾਰ ਅਤੇ ਨਿਜੱਤਵ

ਅਸੀਂ ਕਿਸੇ ਸਾਹਿਤਕਾਰ ਦੀਆਂ ਕੁਝ ਰਚਨਾਵਾਂ ਪੜ੍ਹਦੇ ਹਾਂ । ਇਨ੍ਹਾਂ ਵਿਚ ਸਾਹਿਤਕਾਰ ਵਲੋਂ ਕੋਈ ਸੰਦੇਸ਼, ਕੋਈ ਸਿਖਿਆ, ਕੋਈ ਦਿਤੀ ਖੁਸ਼ੀ ਮਹਿਸੂਸ ਕਰਦੇ ਹਾਂ । ਇਸ ਤੋਂ ਬਿਨਾਂ ਅਸੀਂ ਕੁਝ ਹੋਰ ਵੀ ਮਹਿਸੂਸ ਕਰਦੇ ਹਾਂ ।

ਕੋਈ ਕਵੀ ਰੋਮਾਂਟਿਕ ਕਵਿਤਾਵਾਂ ਹੀ ਲਿਖਦਾ ਹੈ, ਕੋਈ ਲੇਖਕ ਜਾਸੂਸੀ ਜਾਂ ਇਤਿਹਾਸਕ ਨਾਵਲ ਲਿਖਣ ਵਿਚ ਪ੍ਰਬੀਨ ਹੈ, ਕੋਈ ਆਪਣੀ ਗਹਿਰਾਈ ਜਾਂ ਉਡਾਰੀ ਦੀਆਂ ਰਚਨਾਵਾਂ ਲਈ ਪ੍ਰਸਿੱਧ ਹੈ । ਕਿਸੇ ਸਾਹਿਤਕਾਰ ਦਾ ਦ੍ਰਿਸ਼ਟੀਕੋਣ ਸਾਮਾਜਵਾਦੀ ਹੈ, ਕਿਸੇ ਦਾ ਸੁਧਾਰਵਾਦੀ । ਕੋਈ ਸੁਹਜ-ਸੁਆਦ ਨੂੰ ਪ੍ਰੇਰਦਾ-ਵਿਕਸਾਉਂਦਾ ਹੈ । ਇਹ ਬਾਹਰਮੁਖੀ ਅਸਰ ਹਨ ਜੋ ਕਿਸੇ ਸਾਹਿਤਕਾਰ ਦੀ ਰਚਨਾ ਪੜ੍ਹਕੇ ਘਰ ਬੈਠੇ ਇਕ ਪਾਠਕ ਉਪਰ ਪੈਂਦੇ ਹਨ ਤੇ ਪੈਂਦੇ ਰਹੇ ਹਨ । ਪਰ ਸਾਮਾਜਿਕ ਪ੍ਰਕਰਨ ਵਿਚ ਸਾਹਿਤਕਾਰਾਂ ਦੇ ਕੁਝ ਹੋਰ ਅਸਰ ਵੀ ਪੈਂਦੇ ਹਨ ਜੋ ਉਨ੍ਹਾਂ ਦੀਆਂ ਰਚਨਾਵਾਂ ਤੋਂ ਪਏ ਅਸਰਾਂ ਨਾਲੋਂ ਵਖਰੇ ਤੇ ਵਿਰੋਧੀ ਵੀ ਹੁੰਦੇ ਹਨ । ਇਹ ਅਸਰ ਪਾਠਕ ਦੇ ਦੋ ਤਰਾਂ ਦੇ ਮਾਨਸਿਕ ਝੁਕਾਵਾਂ ਦੇ ਪ੍ਰਤੀਕਰਮ ਵਜੋਂ ਪੈਂਦੇ ਹਨ । ਪਾਠਕ ਬਹੁਤ ਕਰਕੇ ਲੇਖਕ ਸ਼੍ਰੇਣੀ ਅਤੇ ਫੇਰ ਮਨ ਭਾਉਂਦੇ ਲੇਖਕ ਦਾ ਸ਼ਰਧਾਲੂ ਹੁੰਦਾ ਹੈ । ਇਸ ਸ਼ਰਧਾ-ਮਈ ਅਵਸਥਾ ਵਿਚ ਇਕ ਭਾਵ ਪੈਦਾ ਹੁੰਦਾ ਹੈ ਆਪਣੇ ਲੇਖਕ ਦੀ ਸ਼ਖਸੀਅਤ ਸੰਬੰਧੀ ਜਾਨਣ ਜਾਂ ਚਿਤਵਨ ਦਾ । ਦੂਜਾ ਭਾਵ ਵਿਰਲੇ ਕਿਸੇ ਪਾਠਕ ਅੰਦਰ ਪੈਦਾ ਹੁੰਦਾ ਹੈ । ਜਿਹੜਾ ਆਲੋਚਕ ਦ੍ਰਿਸ਼ਟੀਕੋਣ ਦਾ ਸੂਚਕ ਹੈ । ਅਤੇ ਇਹ ਦੂਜਾ ਭਾਵ ਕੁਝ ਇੰਜ ਹੈ; ''ਦੇਖਾਂ ਤਾਂ ਸਹੀ ਏਨੀ ਚੰਗੀ ਪ੍ਰੇਰਨਾ ਵਾਲਾ ਲੇਖਕ ਆਪ ਕੀ ਹੈ ?'' ਤੇ ਉਹ ਦੇਖਦਾ ਹੈ । ਆਪਣੀਆਂ ਰਚਨਾਵਾਂ ਰਾਹੀਂ ਸਮਾਜ ਵਿਚ ਬੁਰਾਈਆਂ ਤੇ ਪਰਪੰਚ ਦੂਰ ਰਕਨ ਵਾਲੇ ਕਈ ਸਾਹਿਤਕਾਰਾਂ ਦੇ ਆਪਣੇ ਜੀਵਨ ਕਈ ਵਾਰ ਬੁਰਾਈਆਂ ਤੇ ਬਨਾਵਟ ਨਾਲ ਭਰੇ ਹੋਏ ਹਨ । ਸਾਰੇ ਸਮਾਜ ਵਿਚ ਏਕਤਾ, ਜਮਹੂਰੀਅਤ ਤੇ ਸਮਾਜਿਕਤਾ ਦਾ ਪਰਚਾਰ ਕਰਨ ਵਾਲੇ ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਆਪਣੀਆਂ ਜਥੇਬੰਦੀਆਂ, ਰਹਿਣੀ ਤੇ ਆਦਤਾਂ ਤਕ ਵਿਚ, ਆਪ-ਹੁਦਰੇ ਅਜੀਬ ਤੇ ਵਿਅਕਤੀਵਾਦੀ ਵੀ ਦਿਸਦੇ ਹਨ।

ਕੋਈ ਸਾਹਿਤਕਾਰ ਇਕ ਖਾਸ ਕਿਸਮ ਦੇ ਵਿਸ਼ੇ ਕਿਉਂ ਚੁਣਦਾ ਹੈ, ਉਸ ਦੇ ਸੁਹਜ-ਸੁਆਦ ਦੀ ਇਕ ਖਾਸ ਸ਼ਕਲ ਕਿਉਂ ਹੈ, ਉਹ ਵਧੇਰੇ ਖ਼ੁਸ਼ਕ, ਜਾਂ ਜਜ਼ਬਾਤ ਦੇ ਵਹਿਣਾਂ ਵਿਚ ਵਹਿ-ਵਹਾ ਜਾਣ ਵਾਲਾ ਕਿਉਂ ਹੈ, ਉਸਦੀ ਕਥਨੀ ਤੇ ਕਰਨੀ ਵਿਚ ਫਰਕ ਕਿਉਂ ਹੈ, ਇਹ ਸਭ ਪ੍ਰਸ਼ਨ ਕਾਫੀ ਹਦ ਤਕ ਉਸਦੇ ਆਪਣੇ ਆਪ ਨਾਲ, ਨਿੱਜ ਨਾਲ-ਸਬੰਧ ਰਖਦੇ ਹਨ। ਨਿੱਜ ਜਿਹੜਾ ਕਿ ਜੀਵਨ ਦੇ ਸਮਾਜਿਕ, ਆਰਥਕ, ਭਾਈਜਾਰਕ, ਰਾਜਨੀਤਕ ਹਾਲਾਤ ਨਾਲ ਸਬੰਧਤ ਹੈ।

ਸਾਹਿਤਕਾਰ ਦੇ ਨਿੱਜਤਵ ਨੂੰ ਇਨ੍ਹਾਂ ਹਾਲਾਤ ਵਿਚ ਰਖਕੇ ਦੇਖਣਾ, ਸੰਤੁਲਿਤ ਜਾਂ ਅਨ-ਉਲਾਰ ਆਲੋਚਨਾ ਦਾ ਆਧਾਰ ਹੈ। ਆਲੋਚਨਾ, ਸਾਹਿਤ ਦਾ ਅੰਗ ਹੈ ਇਸ ਲਈ ਇਹ ਪ੍ਰਸ਼ਨ ਸਾਹਿਤ ਨਾਲ ਸਬੰਧਤ ਹਨ। ਇਹ ਆਮ ਪਾਠਕਾਂ ਦੀ ਵੀ ਲੋੜ ਹੈ ਕਿ ਉਹ ਸਾਹਿਤਕਾਰ ਦੇ ਨਿੱਜ ਨੂੰ ਇਨ੍ਹਾਂ ਹਾਲਤਾਂ ਦੇ ਬਣਾਏ ਤਸੱਵਰ ਨੂੰ ਉਸਦੇ ਅਸਲ ਜੀਵਨ ਨਾਲ ਮੇਲਕੇ ਨਿਰਾਸ਼ ਨਾ ਹੋਣ। ਇਹ ਪ੍ਰਸ਼ਨ ਹੈ ਕਿਉਂਕਿ ਨਿੱਜੀ ਤਸੱਲੀ ਵੀ ਇਕ ਕਾਰਣ ਹੈ, ਜਿਸ ਲਈ ਸਾਹਿਤਕਾਰ ਲਿਖਦਾ ਹੈ। ਸਗੋਂ ਸਮਾਜਿਕ ਵਰਤਾਰਿਆਂ ਅਤੇ ਸਮਾਜ ਹਿਤੂ ਜਜ਼ਬਿਆਂ ਦਾ ਨਿੱਜੀ ਪ੍ਰਗਟਾਵਾ ਹੀ ਤਾਂ ਸਾਹਿਤ ਦੀ ਹੋਂਦ ਦਾ ਕਾਰਣ ਹੈ। ਉਹ ਸਾਹਿਤ ਰਚਨਾ ਹੀ ਕਾਹਦੀ ਜਿਸ ਨੂੰ ਨਵਕਲੇ ਨਿੱਜੀ ਢੰਗ ਨਾਲ ਪੇਸ਼ ਨਾ ਕੀਤਾ ਹੋਵੇ।

ਸਮਾਜ ਵਿੱਚ ਵਿਅਕਤੀ ਦੇ ਸਥਾਨ ਸਬੰਧੀ ਮਨੁਖੀ ਅਕਲ ਨੇ ਜਿਹੜਾ ਦਾਰਸ਼ਨਿਕ ਨਿਰਣਾ ਲਿਆਂਦਾ ਹੈ ਉਹ ਕੁਝ ਇੰਜ ਹੈ: ਚੰਗੇ ਤੋਂ ਚੰਗਾ ਨਿੱਜਤਵ (ਸ਼ਖਸ਼ੀਅਤ) ਵੀ ਸਮਾਜ ਦੇ ਵਾਤਾਵਰਣ ਦੀ ਹੀ ਇਕ ਚੰਗੀ ਉਪਜ ਹੈ। ਇਹ ਸ਼ਖਸੀਅਤ ਬਹੁਤ ਉੱਚੀ, ਸੁੱਚੀ ਤੇ ਮਹਾਨ ਹੋ ਸਕਦੀ ਹੈ। ਇਕ ਵਿਅਕਤੀ ਹਜ਼ਾਰਾਂ ਤੇ ਲੱਖਾਂ ਵਿਚੋਂ ਵਿਸ਼ੇਸ਼ ਹੋ ਸਕਦਾ ਹੈ ਪਰ ਜੇ ਅਜਿਹੇ ਵਿਅਕਤੀ ਨੂੰ ਲੁੜੀਂਦਾ ਸਮਾਂ, ਮੁਨਾਸਿਬ ਸਥਾਨ ਅਤੇ ਆਲਾ ਦੁਆਲਾ ਨ ਹੋਵੇ ਤਾਂ ਅਜਿਹਾ ਵਿਅਕਤੀ ਅੰਤਰਮੁਖੀ ਰੂਪ ਵਿੱਚ ਮਹਾਨ ਹੁੰਦਾ ਹੋਇਆ ਵੀ ਤੁੱਛ ਤੇ ਹੇਚ ਰਹਿੰਦਾ ਹੈ।

ਵਿਅਕਤੀ, ਵਿਅਕਤੀ ਵਿਚ ਫਰਕ ਹੈ। ਇਸੇ ਲਈ ਇਕ ਵਿਅਕਤੀ ਸਥਾਨ, ਸਮੇਂ, ਹਿਤਾਂ ਅਤੇ ਮਨੋਰਥਾਂ ਵਿਚ ਨੇੜੇ ਹੁੰਦਾ ਹੋਇਆ ਵੀ, ਦੂਜੇ ਤੋਂ ਸ਼ਰੀਰਕ, ਦਿਮਾਗ਼ੀ ਤੇ ਜਜ਼ਬਾਤੀ ਸਿਫ਼ਤਾਂ ਵਿਚ ਵਖਰਾ ਹੁੰਦਾ ਹੈ। ਇਸੇ ਲਈ ਘਟ ਚੰਗਾ ਵਿਅਕਤੀ ਸੂਝ ਦੇ ਪੱਖ ਤੋਂ ਘੱਟ ਚੰਗਾ ਸਮਾਜਿਕ ਅਮਲ ਕਰੇਗਾ।

ਪਰ ਉਸੇ ਸਮੇਂ ਅਤੇ ਸਮਾਜ ਵਿੱਚ ਵਿਕਾਸ ਦਾ ਅਮਲ ਆਪਣੇ ਦੌਰ ਤੇ ਸੇਧ ਮੁਤਾਬਿਕ ਜਾਰੀ ਰਹੇਗਾ। ਇਸਦੇ ਉਲਟ ਇਕ ਚੰਗਾ ਵਿਅਕਤੀ ਇਕ ਕੰਮ ਨੂੰ ਵਧੇਰੇ ਸੂਝ ਨਾਲ ਤੇ ਸਿਫ਼ਤਾਂ ਵਿਚ ਵਧੇਰੇ ਚੰਗਾ ਕਰੇਗਾ। ਇਸ ਚੰਗੇ ਵਿਅਕਤੀ ਦੇ ਕੰਮ ਤੇ ਮਹਤਤਾ ਨੂੰ ਕੋਝੀ ਤਰ੍ਹਾਂ ਸਮਝਣਾ, ਸਮਝਾਉਣਾ ਜਾਂ ਬਣਦੀ ਥਾਂ ਦੇਣੀ, ਸਮਾਜ ਦੇ ਹਿਤਾਂ ਲਈ ਹੀ ਹਾਨੀਕਾਰਕ ਨਹੀਂ ਸਗੋਂ ਉਸ ਵਿਅਕਤੀ ਦੇ ਆਪਣੇ ਲਈ ਵੀ ਹੈ।

ਇਥੇ ਅਸਾਂ ਇਕ ਆਮ ਵਿਅਕਤੀ ਨਹੀਂ, ਸਗੋਂ ਵਿਅਕਤੀ ਵਿਸ਼ੇਸ ਜਾਂ ਵੱਧ ਤੋਂ ਵੱਧ, ਵਿਸ਼ੇਸ਼ ਵਿਅਕਤੀਆਂ ਦੀ ਇਕ ਸ਼੍ਰੇਣੀ ਉਪਰ ਹੀ ਵਿਚਾਰ ਕਰਨੀ ਹੈ ਜਿਹੜੀ ਕਿ ਸਮਾਜ ਵਿੱਚ ਸਾਹਿਤਕਾਰ ਦੇ ਰੂਪ ਵਿਚ ਦਿਸਦੀ ਹੈ।

ਤਾਰਕਿਕ ਦ੍ਰਿਸ਼ਟੀਕੋਣ ਤੋਂ ਵਿਸ਼ੇਸ਼ ਆਦਮੀ ਆਮ ਵੀ ਹੈ, ਜਿਥੇ ਸਾਧਾਰਨ ਵਿਅਕਤੀ ਆਪਣੇ ਆਪ ਵਿਚ ਵਿਸ਼ੇਸ਼ ਹੈ।

CC-0. In Public Domain. Gurukul Kangri Collection, Haridwar

ਇਹ ਸਾਰਾ ਕਝ ਅੰਤਰ ਮੁਖੀ ਰੂਪ ਵਿਚ ਹੀ ਠੀਕ ਹੈ, ਇਸੇ ਸਚਾਈ ਨੂੰ ਅੰਤਰਮੁਖੀ

Digitized by Arya Samaj Foundation Chennai and eGangotri

ਰੂਪ ਵਿਚ ਦੇਖਿਆਂ ਇਹ ਨਤੀਜਾ ਨਿਕਲਦਾ ਹੈ: ਇਕੋ ਵਿਅਕਤੀ ਇਕ ਸਮੇਂ ਸਾਧਾਰਣ ਵੀ ਹੈ ਤੇ ਵਿਸ਼ੇਸ਼ ਵੀ ।

ਤੇ ਫੇਰ ਇਸੇ ਗੱਲ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਕ ਵਿਅਕਤੀ, ਵਿਸ਼ੇਸ਼ ਵੀ ਨਹੀਂ ਤੇ ਸਾਧਾਰਨ ਵੀ ਨਹੀਂ ।

ਹਿਸਾਬੀ ਢੰਗ ਨਾਲ ਤਾਂ ਅਜੇ ਵੀ ਠੀਕ ਹੈ ਪਰ ਅੰਤ੍ਰੀਤਵਾਦ ਨੂੰ ਇੰਜ ਲਾਗੂ ਕਰੀ ਜਾਣਾ ਸਾਨੂੰ ਮਾਇਆਵਾਦ ਦਾ ਧਾਰਨੀ ਬਣਾ ਸਕਦਾ ਹੈ । ਅਤੇ ਮਾਇਆਵਾਦ ਅਨੁਸਾਰ ਇਕੋ ਵਸਤੂ, ਵਿਸ਼ੇਸ਼ ਵੀ ਨਹੀਂ ਤੇ ਸਾਧਾਰਣ ਵੀ ਨਹੀਂ; ਤਾਂ ਇਹ ਹੈ ਹੀ ਨਹੀਂ – ਸਭ ਮਾਇਆ ਦਾ ਹੀ ਪਸਾਰਾ ਹੈ । ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਬੀਤੇ ਵਿਚ ਇਸ ਮਾਇਆਵਾਦ ਵਿੱਚ ਫਸਕੇ ਕਈ ਸਿਆਣੇ ਆਪਣੇ ਨਿੱਜ ਤੇ ਸਮਾਜ ਨੂੰ ਨੁਕਸਾਨ ਪੁਚਾ ਚੁਕੇ ਹਨ । ਇਸ ਲਈ ਜ਼ਰੂਰੀ ਹੈ ਕਿ ਨਿੱਜ ਨੂੰ 'ਨਿਪਟ-ਦਾਰਸ਼ਨਿਕ' ਨਹੀਂ, ਸਗੋਂ ਸਮਾਜ ਦਰਸ਼ਨ ਦੇ ਪੱਖ ਤੋਂ ਦੇਖਿਆ ਜਾਏ ।

ਨਿਜੀ ਵਿਸ਼ੇਸ਼ਤਾ ਵੀ ਸਮੇਂ-ਸਮੇਂ ਬਦਲਦੀ ਰਹੀ ਹੈ । ਕਦੇ ਸਮਾਂ ਸੀ ਜੰਗਲੀ ਸਮਾਜ ਵਿਚ, ਜਦੋਂ ਇਕ ਆਦਮੀ ਇਸ ਲਈ ਵਿਸ਼ੇਸ਼ ਸੀ ਕਿ ਉਹ ਬਹੁਤ ਜਾਨ ਵਾਲਾ ਤੇ 'ਕੋਈ ਜਣਾ' ਸੀ । ਕਬੀਲਾ-ਸ਼ਾਹੀ ਸਮੇਂ ਇਸੇ ਵਿਸ਼ੇਸ਼ਤਾ ਦਾ ਨਾਂ ਸਰਦਾਰੀ ਪੈ ਗਿਆ ਸੀ । ਸਰਦਾਰ ਜਾਂ ਵਿਸ਼ੇਸ਼ ਹੋਣ ਲਈ ਜ਼ਰੂਰੀ ਸੀ ਕਿ ਵਿਅਕਤੀ ਵਿਸ਼ੇਸ਼ ਆਪਣੇ ਕਬੀਲੇ ਨੂੰ ਸਾਂਭ, ਵੰਡ ਤੇ ਹੋਰਨਾਂ ਰੋਜ਼ਾਨਾ ਮਸਲਿਆਂ ਵਿਚ ਅਗਵਾਈ ਦੇ ਸਕੇ । ਰਾਜਿਆਂ ਰਾਣਿਆਂ ਦੀ ਵਿਸ਼ੇਸ਼ਤਾ ਰਾਜਨੀਤਿਕ ਜੋੜ-ਤੋੜ ਵਿਚ ਸੀ । ਸਾਮੰਤਵਾਦੀ ਯੁਗ ਵਿਚ ਰਾਜੇ ਅਤੇ ਉੱਚ-ਕੁਲ ਦੇ ਘਰ ਜਨਮ ਲੈ ਲੈਣਾ ਹੀ ਵਿਸ਼ੇਸ਼ਤਾ ਬਣ ਗਈ । ਇਹ ਸਾਰੀ ਵਿਸ਼ੇਸ਼ਤਾ ਨਿੱਜੀ ਹੀ ਹੁੰਦੀ ਸੀ । ਇਸ ਨਿੱਜੀ ਵਿਸ਼ੇਸ਼ਤਾ ਉਪਰ ਸਮਾਜਿਕ ਤਾਕਤਾਂ ਭਾਰੂ ਨਹੀਂ ਸਨ , ਇਸ ਲਈ ਰਾਜ-ਸੱਤਾ ਵਿਸ਼ੇਸ਼ ਕਰਕੇ ਨਿੱਜ ਲਈ ਵਕਫ਼ ਹੋ ਗਈ । ਇਸ ਰਾਜ-ਸੱਤਾ ਉਪਰ ਛਾਏ ਵਿਸ਼ੇਸ਼ ਮੁਨੱਖਾਂ (ਰਾਜਿਆਂ) ਨੇ ਨਿੱਜੀ ਸ਼ੋਭਾ ਲਈ ਵਿਦਵਾਨਾਂ ਨੂੰ ਆਪਣੇ ਤਨਖਾਹਦਾਰ ਬਣਾਇਆ ਤੇ ਅਗੋਂ ਕਈ ਵਿਦਵਾਨਾਂ ਨੇ ਨਿੱਜੀ ਹਿਤਾਂ ਨਾਲ ਬੱਝ ਕੇ ਰਾਜਿਆਂ ਦੀ ਹਰ ਨਿੱਜੀ ਵਿਸ਼ੇਸ਼ਤਾ ਨੂੰ ਕੋਝੇ ਰੂਪ ਵਿਚ ਵਡਿਆ ਕੇ ਆਮ ਲੋਕਾਂ ਸਾਹਮਣੇ ਪੇਸ਼ ਕੀਤਾ । ਇਹ ਸਾਰਾ ਕੁਝ ਸਮੇਂ ਦੇ ਵਿਕਾਸ਼ ਤੋਂ ਉਲਟ ਨਹੀਂ ਸੀ । ਜਦੋਂ ਰਾਜੇ-ਰਾਣਿਆਂ ਦਾ ਨਿੱਜ ਸਮਾਜ ਉਪਰ ਛਾਇਆ ਹੋਇਆ ਸੀ ਤਾਂ ਇਸ ਦਾ ਪ੍ਰਤੀਬਿੰਬ; ਸਾਹਿਤ, ਇਕ ਤਰਾਂ ਨਾਲ ਯਥਾਰਥਵਾਦੀ ਸਾਹਿਤ ਹੀ ਕਿਹਾ ਜਾ ਸਕਦਾ ਹੈ । ਇਸ ਸਾਹਿਤ ਵਿਚ ਕਈ ਵਾਰੀ ਸਾਨੂੰ ਲੋਕ-ਹਿਤਾਂ ਨਾਲ ਕੋਈ ਗ਼ਦਾਰੀ ਜਾਂ ਬੇਮੁਖਤਾ ਵੀ ਨਹੀਂ ਦਿਸਦੀ ।

ਸਮਾਜ ਵਿਚ ਨਿੱਜ ਦੀ ਇਸ ਬਦਲਦੀ ਵਿਸ਼ੇਸ਼ਤਾ ਦਾ ਅਸਰ ਅਸੀਂ ਰਚਨਾਵਾਂ ਤੇ ਪਿਆ ਦੇਖਦੇ ਹਾਂ । ਇਸੇ ਲਈ ਸਾਮੰਤ-ਸ਼ਾਹੀ ਟੁੱਟਣ ਮਗਰੋਂ ਇਤਿਹਾਸ, ਸੁਧਾਰਕਾਂ ਵਿਚਾਰਕਾਂ ਤੇ ਜਰਨੈਲਾਂ ਨਾਲ ਭਰਿਆ ਦੇਖਦੇ ਹਾਂ ਅਤੇ ਕਹਾਣੀ, ਨਾਵਲ, ਨਾਟਕ ਵਿਚ ਸਰਦਾਰ ਤੇ ਬਿਉਪਾਰੀ ਮੁੱਖ-ਪਾਤ੍ਰ ਬਣਦੇ ਹਨ । ਮਸ਼ੀਨਰੀਵਾਦੀ ਤੇ ਸਰਮਾਇਦਾਰੀ ਦੇ ਭਰ ਜੋਬਨ ਵੇਲੇ ਸਾਹਿਤ ਵਿਚ ਸਾਇੰਸਦਾਨ ਸੈਲਾਣੀ, ਵਿਚਾਰਕ ਤੇ ਕਲਾਕਾਰ ਵੀ ਆ ਪ੍ਰਧਾਨ ਹੁੰਦੇ ਹਨ ।

ਆਪਣੇ ਇਸ ਜੋਬਨ ਵਿਚ ਸਰਮਾਇਦਾਰੀ ਨੂੰ ਜਨਤਕ ਜੁਗ-ਗਰਦੀ ਦੀ ਉਮੈਦਵਾਰੀ ਹੋ ਜਾਂਦੀ ਹੈ । ਇਸ ਨਵੇਂ ਯੁਗ ਨੇ ਜਨਮ ਲੈਂਦਿਆਂ ਹੀ ਮਾਂ-ਮਹਿੱਟਰ ਹੋ ਜਾਣਾ ਹੁੰਦਾ ਹੈ । ਇਸੇ ਲਈ ਜਨਤਕ ਉਭਾਰ ਸਮੇਂ ਹਰ ਸਾਹਿਤ ਵਿਚ ਅੰਦੋਲਨਕਾਰੀ ਯਰਕਾਊ ਤੇ ਇਨਕਲਾਬੀ ਆ ਥਾਂ ਸੰਭਾਲਦੇ ਹਨ ਤੇ ਪਹਿਲੇ ਕੋਝੇ ਨਿਜੱਤਵ ਦੀ ਥਾਂ, ਨਵੀਆਂ ਸ਼ਕਤੀਆਂ ਦੀ ਪ੍ਰਤੀਨਿਧਤਾ ਕਰਦੇ ਨਵੇਂ ਨਿਜਤਵ ਆ ਸੰਭਾਲਦੇ ਹਨ । ਨਵੇਂ ਆਏ ਵਿਅਕਤੀ ਹੁਣ ਨਿੱਜੀ ਰੂਪ ਵਿਚ ਨਹੀਂ ਰਹਿ ਜਾਂਦੇ ਸਗੋਂ ਕਿਸੇ ਜਮਾਤ ਜਾਂ ਸਮੂਹ ਦੀ ਪ੍ਰਤੀਨਿਧਤਾ ਕਰਦੇ ਹਨ । [illegible] ਬੀਤੇ ਦੇ ਇਸ ਸਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਟਨਾ-ਪ੍ਰਵਾਹ ਵਿਚ ਕੋਈ ਪ੍ਰਧਾਨਤਾ ਤੋਂ ਸੁਚੇਤ ਜਾਂ ਅਚੇਤ ਤੰਗ ਆ ਕੇ, ਪਾਤ੍ਰਾਂ ਨੂੰ ਸ਼੍ਰੇਣੀਆਂ ਜਾਂ ਜਨ-ਸਮੂਹਾਂ ਦੀ ਬੋਲੀ, ਮਾਨਸਿਕ ਅਵਸਥਾ, ਸੋਚਣੀ ਤੇ ਕਿਰਦਾਰ ਨੂੰ ਪ੍ਰਗਟਾਉਂਦਾ ਹੈ। ਯੂਨਾਨੀ ਤੇ ਰੋਮਨ ਦੇਵ-ਕਹਾਣੀਆਂ ਵਿਚ ਦੇਵਤੇ ਕਿਸੇ ਕਹਾਣੀ ਦੇ ਕੇਵਲ ਪਾਤ੍ਰ ਹੀ ਨਹੀਂ ਸਗੋਂ ਕਿਸੇ ਜਜ਼ਬੇ ਸੋਚਣੀ ਤੇ ਸਮੂਹ ਨੂੰ ਦਰਸਾਉਂਦੇ ਤੇ ਉਸਦੀ ਪ੍ਰਤੀਨਿਧਤਾ ਕਰਦੇ ਹਨ। ਨਵੀਨ ਸਾਹਿਤਕਾਰ ਵੀ ਇਹੋ ਕੁਝ ਕਰਦਾ ਹੈ। ਕਈ ਆਧੁਨਿਕ ਨਾਵਲਾਂ-ਕਹਾਣੀਆਂ ਵਿਚ ਨਿੱਜੀ ਵਿਸ਼ੇਸ਼ਤਾ ਵਾਲੇ ਪਾਤ੍ਰ (ਮੁਖ-ਪਾਤ੍ਰ) ਹੀ ਨਹੀਂ ਸਗੋਂ ਕਿਸੇ ਜਜ਼ਬੇ, ਸੋਚਣੀ ਤੇ ਸਮੂਹ ਨੂੰ ਦਰਸਾਉਂਦੇ ਤੇ ਉਸਦੀ ਪ੍ਰਤੀਨਿਧਤਾ ਕਰਦੇ ਹਨ। ਨਵੀਨ ਸਾਹਿਤਕਾਰ ਵੀ ਇਹੋ ਕੁਝ ਕਰਦਾ ਹੈ। ਕਈ ਆਧੁਨਿਕ ਨਾਵਲਾਂ-ਕਹਾਣੀਆਂ ਵਿਚ ਨਿੱਜੀ ਵਿਸ਼ੇਸ਼ਤਾ ਵਾਲੇ ਪਾਤ੍ਰ ਹੀ ਨਹੀਂ ਹੁੰਦੇ ਸਗੋ ਜਨ-ਸਮੂਹ ਹੀ ਸੋਚ ਤੇ ਹਰਕਤ ਵਿਚ ਦਿਸਦੇ ਹਨ ਅਤੇ ਉਨ੍ਹਾਂ ਦੀ ਸਮੂਹਿਕ ਸੋਚ ਤੇ ਅਮਲ (ਇਕ ਪ੍ਰਭਾਵ ਰੂਪ ਵਿਚ) ਪਲਾਟ ਦਾ ਇਕ ਹਿੱਸਾ ਬਣਦੇ ਹਨ।

ਸਮਾਜ ਜਦੋਂ ਸ਼੍ਰੇਣੀਆਂ ਵਿਚ ਵੰਡਿਆ ਗਿਆ ਤਾਂ ਵਿਚਾਰਕ ਸ਼੍ਰੇਣੀ ਵੀ ਹੋਂਦ ਵਿਚ ਆਈ। ਮਨੁੱਖ ਵਿਚਾਰ ਦਾ ਕਾਰਜ ਤਾਂ ਹੋਰਨਾਂ ਕਿਰਤਾਂ ਵਾਂਗ, ਕਦੇ ਤੋਂ ਕਰਦਾ ਆ ਰਿਹਾ ਸੀ ਪਰ ਸ਼੍ਰੇਣੀ-ਵੰਡ ਹੀ ਕਿਸੇ ਕੰਮ ਦੇ ਆਧਾਰ 'ਤੇ ਸ਼੍ਰੇਣੀ-ਖੜੀ ਕਰ ਸਕਦੀ ਸੀ। ਇੰਜ, ਵਿਚਾਰਕ ਸ਼੍ਰੇਣੀ ਵਿਚ ਦਾਰਸ਼ਨਿਕ ਅਰਥਸ਼ਾਸਤ੍ਰੀ, ਸਾਇੰਸਦਾਨ, ਪੜਚੋਲਕ ਅਤੇ ਲੇਖਕ ਆਉਂਦੇ ਹਨ। ਇਨ੍ਹਾਂ ਸਭ ਲੋਕਾਂ ਨੇ ਆਪਣੇ ਗਿਆਨ ਦੀ ਸਾਂਭ, ਅਧਿਅਨ ਤੇ ਵਿਕਾਸ ਲਈ ਲਿਪੀ ਨੂੰ ਮਾਧਿਅਮ ਬਣਾਇਆ। ਲਿਪੀਬਧ ਕੀਤਾ ਗਿਆਨ, ਸਮੇਂ ਦੇ ਰੂਪ ਵਿਚ ਸਾਹਿਤ ਹੀ ਕਿਹਾ ਜਾ ਸਕਦਾ ਹੈ। ਇਸ ਸਾਹਿਤ ਨੂੰ ਅਸੀਂ ਉਸਦੇ ਵਿਸ਼ੇ ਦੇ ਆਧਾਰ ਤੇ ਵੰਡਦੇ ਹਾਂ ਜਿਵੇਂ ਦਾਰਸ਼ਨਿਕ ਸਾਹਿਤ, ਸਾਇੰਸੀ ਸਾਹਿਤ, ਰਾਜਨੀਤਿਕ ਸਾਹਿਤ ਆਦਿਕ। ਵਖੋ ਵਖਰੇ ਤਬਕਿਆਂ, ਪੇਸ਼ਿਆਂ ਜਾਂ ਕੰਮਾਂ ਉਪਰ ਵੀ ਸਾਹਿਤ ਰਚੇ ਗਏ, ਜਿਵੇਂ ਮਕੈਨਿਕਲ, ਵੈਦਿਕ, ਵਿਦਿਅਕ ਤੇ ਬਾਲ-ਸਾਹਿਤ ਆਦਿਕ। ਜਿਸ ਪੇਸ਼ੇ ਜਾਂ ਤਬਕੇ ਲਈ ਇਸ ਪ੍ਰਕਾਰ ਦੇ ਸਾਹਿਤ ਲਿਖੇ ਗਏ ਹਨ, ਉਨ੍ਹਾਂ ਉਪਰ ਉਸ ਤਬਕੇ ਦੀਆਂ ਵਿਸ਼ੇਸ਼ਤਾਈਆਂ ਜਾਂ ਨਿੱਜਤਵ ਦੀ ਛਾਪ ਲਗੀ ਸਾਫ਼ ਦਿੱਸੀ ਹੈ। ਤਾਂ ਵੀ ਸਾਹਿਤ ਸ਼ਬਦ ਦੀ ਅਜੋਕੀ ਧਾਰਨਾ ਹਰ ਲਿਪੀਬਧ ਗਿਆਨ ਜਾਂ ਮਨੁੱਖੀ ਪ੍ਰਗਟਾਵਾ ਨਹੀਂ ਸਗੋਂ ਇਕ ਖਾਸ ਪ੍ਰਕਾਰ ਤੇ ਖਾਸ ਅਸਰ ਵਾਲੀਆਂ ਗਲਾਂ ਹੀ ਸਾਹਿਤ ਦਾ ਦਰਜਾ ਪ੍ਰਾਪਤ ਕਰਦੀਆਂ ਹਨ।

ਕਈ ਵਾਰ ਸਿਆਣੇ ਤੇ ਵਿਸ਼ੇਸ਼ ਵਿਅਕਤੀ ਸਮੇਂ ਦੀ ਹਕੂਮਤ ਦੇ ਹਿੱਤਾਂ ਲਈ ਰਚਣਾ ਕਰਨ ਲਗ ਪੈਂਦੇ ਸਨ। ਕੁਦਰਤੀ ਹੈ ਕਿ ਅਜਿਹੀਆਂ ਲਿਖਤਾਂ ਦਾ ਅਸਰ ਜਨਤਾ ਨੂੰ ਸਬਰ-ਸਬੂਰੀ ਦੀ ਸਿਖਿਆ ਦੇਕੇ ਹੋਰ ਥਾਪੜਕੇ ਸੁਆਉਣ ਵਾਲਾ ਸੀ। ਪਰ ਇਹ ਇਕ ਪ੍ਰਤੀਕਰਮ ਸੀ। ਕਿਉਂਕਿ ਸਮਾਜਿਕ ਹਾਲਾਤਾਂ ਦੀ ਮੰਗ ਘੂਕ ਸੌਣ ਦੀ ਨਹੀਂ ਜਾਗ ਕੇ ਅਮਲ ਵਿਚ ਆਉਣ ਦੀ ਸੀ ਇਸ ਲਈ ਅਜਿਹੇ ਸਾਹਿਤ ਦਾ ਦੂਜਾ ਪ੍ਰਤੀਕਰਮ, ਨਵੇਂ ਸਾਹਿਤ ਦੀ ਰਚਨਾ ਤੇ ਇਸ ਸਾਹਿਤ ਦੀ ਨਖੇਧੀ ਦੇ ਰੂਪ ਵਿਚ ਹੁੰਦਾ ਸੀ। ਇੰਜ ਵਡੇ ਤੋਂ ਵਡੇ ਵਿਚਾਰਕ ਦੇ ਵਿਚਾਰ ਹੌਲੀ ਹੌਲੀ ਅਨਸੁਣੇ ਅਨਗੌਲੇ ਰਹੇ ਤੇ ਸਾਹਿਤਕਾਰ ਦੀਆਂ ਰਚਨਾਵਾਂ ਅਨਡਿੱਠ ਹੋ ਜਾਂਦੀਆਂ ਰਹੀਆਂ; ਜੇ ਉਹ ਸਮਾਜ ਦੇ ਵਿਕਾਸ਼ ਨਾਲ ਕਦਮ ਨਾਂ ਮੇਲ ਸਕਦੀਆਂ।

ਪੁਰਾਣੇ ਨਿੱਜੀ ਵਿਚਾਰਾਂ ਦੀ ਜਕੜਬੰਦੀ ਨੂੰ ਤੋੜਨ ਵਾਲਾ ਸੁਤੰਤਰ ਵਿਚਾਰਵਾਦ ਸਮਾਜ ਦੇ ਵਿਕਾਸ਼ ਨਾਲ ਤਾਂ ਕਦਮ ਮੇਲ ਲੈਂਦਾ ਪਰ ਜੇ ਅਤੇ ਜਦੋਂ ਇਹ ਨਵੇਂ ਵਿਚਾਰ ਕੇਵਲ ਖ਼ਿਆਲੀ ਦੁਨੀਆਂ ਤੱਕ ਹੀ ਸੀਮਿਤ ਹੋ ਜਾਂਦੇ ਤਾਂ ਇਹ ਹੌਲੀ ਹੌਲੀ ਆਪ ਉਸੇ ਰਸਤੇ ਤੇ ਪੈ ਜਾਂਦੇ ਜਿਸਦੀ ਉਨ੍ਹਾਂ ਕਦੇ ਨਿਖੇਧੀ ਕੀਤੀ ਸੀ।

CC-0. In Public Domain. Gurukul Kangri Collection, Haridwar

ਸੁਕਰਾਤ ਨੇ ਅਜਿਹੀ ਹੀ ਦਾਰਸ਼ਨਿਕ ਲੜਾਈ ਸਮਾਜ ਦੇ ਉਪਰ ਛਾਏ ਨਿੱਜਤਵ ਵਿਰੁੱਧ

Digitized by Arya Samaj Foundation Chennai and eGangotri

ਲੜੀ ਸੀ ਤੇ ਅਖੀਰ ਉਸ ਨੂੰ ਜ਼ਹਿਰ ਪੀ ਕੇ ਮਰਨਾ ਪਿਆ । ਪਰ ਜਦੋਂ ਉਸ ਦੇ ਧਰਮ-ਸ਼ਿਸ਼ ਨੇ ਲੋਟੂ ਸ਼੍ਰੇਣੀ ਦੇ ਵਿਰੁਧ ਹੋਕੇ; ਜਿਸਨੇ ਉਸ ਦੇ ਪੀਰ-ਮੁਰਸ਼ਦ ਨੂੰ ਮਾਰਿਆ ਅਤੇ ਜਨਤਾ, ਜੋ ਅਜਿਹੇ ਅਨਿਆਵਾਂ ਨੂੰ ਸਹਿੰਦੀ ਜਾ ਰਹੀ ਸੀ, ਦੇ ਉਦਾਸੀਨਤਾ ਉਪਰ ਆਪਣੀ ਖਿਆਲੀ ਦੁਨੀਆਂ – ਯੂਟੋਪੀਆ – ਰਚੀ ਤਾਂ ਉਸ ਵਿਚ ਪ੍ਰਮੁਖ ਥਾਂ ਵਿਚਾਰਕਾਂ, ਦਾਰਸ਼ਨਿਕਾਂ ਤੇ ਪਵਿਤ੍ਰ ਹਸਤੀਆਂ ਨੂੰ ਦਿੱਤੀ ਗਈ । ਇਕ ਰਾਂਗਲੀ ਦੁਨੀਆਂ ਵਿਚ ਹੀ ਸਾਹਿਤ ਰਚਨਾ ਵਿਚਾਰਕਾਂ ਤੇ ਅਕਲਈਆਂ ਦਾ ਪ੍ਰਮੁਖ ਸਥਾਨ ਹੋਣਾ, ਇਹ ਸਭ ਕੁਝ ਸਮੇਂ ਦੇ ਸਮਾਜਿਕ ਪ੍ਰਕਰਨ ਵਿਚੱ ਸਥਿਤ ਅਫਲਾਤੂਨ ਦੇ ਨਿੱਜਤਵ ਦੀ ਦੇਣ ਸੀ । ਪਰ ਕਿਉਂਕਿ ਇਹ ਦੁਨੀਆਂ ਸਮੇਂ ਦੀ ਤੋਰ ਅਤੇ ਮੰਗ ਦੇ ਸਾਹਵੇਂ ਅਸੰਭਵ ਤੇ ਨਿਰੀ ਰਾਂਗਲੀ ਹੀ ਸੀ, ਇਸੇ ਲਈ ਅੱਜ 'ਯੂਟੋਪੀਅਨ' ਸ਼ਬਦ ਦੇ ਵਿਅੰਗਮਈ ਅਰਥ ਸ਼ੇਖ਼ ਚਿੱਲੀ ਦੇ ਬਣ ਗਏ ਹਨ ।

ਅਫਲਾਤੂਨ ਦੇ ਸਾਹਿਤਕ ਨਿੱਜਤਵ ਦਾ ਖਾਸਾ ਇਹ ਸੀ ਕਿ ਉਸਨੇ ਆਪਣੀ ਦੁਨੀਆਂ ਵਿਚੱ ਵੱਡੇ ਵੱਡੇ ਸਾਮੰਤਾਂ ਦੇ ਨਿੱਜਤਵ ਦੀ ਥਾਂ ਵਿਚਾਰਕਾਂ ਦੇ ਨਿੱਜ ਨੂੰ ਦੇ ਦਿੱਤੀ ।

ਜਦੋਂ ਰਾਜ ਦਰਬਾਰਾਂ ਦਾ ਸਾਹਿਤ ਆਪਣੀ ਸਿਖਰ ਤੇ ਸੀ ਉਸ ਸਮੇਂ ਵੀ ਲੋਕਾਂ ਦਾ ਸਾਹਿਤ ਥੋੜੀ ਮਾਤ੍ਰਾ ਅਤੇ ਵੱਡੇ ਗੁਣਾਂ ਵਿਚ ਵਿਕਾਸ਼ ਕਰ ਰਿਹਾ ਸੀ । ਸਾਹਿਤ ਰਚਨਾ ਦੇ ਹਾਲਾਤ ਅਤੇ ਵਸੀਲੇ ਲੋਕਾਂ ਪਾਸ ਬਹੁਤ ਥੋੜੇ ਸਨ, ਕਿਉਂਕਿ ਜਿਉ ਜਿਉਂ ਸਮਾਜ ਵਿੱਚ ਜਮਾਤ-ਬੰਦੀ ਹੁੰਦੀ ਗਈ, ਹਾਲਾਤ ਤੇ ਵਸੀਲੇ ਵਿਸ਼ੇਸ਼ ਸ਼੍ਰੇਣੀ ਪਾਸ ਕੇਂਦਰਿਤ ਹੁੰਦੇ ਗਏ । ਭਾਰਤ ਵਿੱਚ ਸ਼ੂਦਰਾਂ ਅਤੇ ਯੂਨਾਨ,ਰੋਮ ਵਿਚ ਗ਼ੁਲਾਮਾਂ ਲਈ ਪਠਨ-ਪਾਠਨ ਵਰਜਿਤ ਸੀ ਕਿਉਂਕਿ ਲਿੱਪੀ ਨੂੰ ਹਰ ਥਾਂ ਦੇਵਤਿਆਂ ਦੀ ਕਲਾ ਮੰਨਿਆਂ ਜਾਂਦਾ ਸੀ । ਜਿਸਨੂੰ ਉਤਮ ਤੇ ਸ਼੍ਰੇਸ਼ਟ ਪੁਰਸ਼ ਤਾਂ ਗ੍ਰਹਿਣ ਕਰ ਸਕਦੇ ਸਨ, ਹੀਣਿਆਂ-ਕਮੀਣਾਂ ਦਾ ਇਸ ਨਾਲ ਕੋਈ ਬਹੁਤਾ ਸਬੰਧ ਨਹੀਂ ਸੀ । ਪੁਰਾਣੀਆਂ ਰਵਾਇਤਾਂ ਤੋਂ ਪਤਾ ਲਗਦਾ ਹੈ ਕਿ ਕੇਵਲ ਲਿਖਣ ਪੜ੍ਹਨ ਉਪਰ ਹੀ ਕਿੰਨੀਆਂ ਪਾਬੰਦੀਆਂ ਸਨ । ਸ਼ੂਦਰਾਂ ਲਈ ਵਿਦਿਆ ਦੇਣੀ ਤੇ ਲੈਣੀ ਵਰਜਿਤ ਸੀ । ਅਜਿਹੀਆਂ ਘਟਨਾਵਾਂ ਦਾ ਵੀ ਵਰਨਣ ਆਉਂਦਾ ਹੈ ਜਦੋਂ ਕਿਸੇ ਸ਼ੂਦਰ ਨੇ ਕੁਲੀਨ ਵਿਦਿਆਰਥੀ ਦਾ ਭੇਸ ਬਦਲ ਲਿਆ ਜਾਂ ਓਪਰੀ ਥਾਂ ਜਾਕੇ,ਜਾਤ ਹੀ ਹੋਰ ਦੱਸੀ ਤੇ ਵਿਦਿਆ ਪ੍ਰਾਪਤ ਕਰ ਲਈ । ਪਤਾ ਲਗਣ ਤੇ ਅਜਿਹੇ ਵਿਦਿਆਰਥੀ (ਰਵਾਇਤਾਂ ਵਿਚ) ਸਰਾਪੇ ਜਾਂਦੇ ਸਨ ਅਤੇ ਸਮਾਜ ਵਿਚ ਉਨ੍ਹਾਂ ਦੇ ਕੰਨਾਂ ਵਿਚ ਸਿੱਕਾ ਢਾਲਕੇ ਪਾਉਣ ਦੀ ਹਦਾਇਤ ਸੀ । ਅਜੇ ਵੀ ਜੇ ਕੋਈ ਹੇਠਲੀ ਕੁਲ ਜਾਂ ਸ਼੍ਰੇਣੀ ਵਿਚ ਜਨਮਿਆ ਵਿਦਵਾਨ ਜਾਂ ਸਾਹਿਤਕਾਰ ਬਚਿਆ ਰਹਿੰਦਾ ਤਾਂ ਉਸਨੂੰ ਵੰਨ-ਸੁਵੰਨੇ ਬਸਤਰ ਭੂਸ਼ਨ ਤੇ 'ਗ੍ਰਹਿਣੀ' (ਇਸਤ੍ਰੀ) ਦੇਕੇ ਉਸਦੀ ਸ਼੍ਰੇਣੀ ਹੀ ਬਦਲ ਦਿੱਤੀ ਜਾਂਦੀ । ਤਾਂ ਵੀ ਹੇਠਲੀ ਸ਼੍ਰੇਣੀ ਦੇ ਸਾਹਿਤਕਾਰ ਰਚਨਾ ਕਰਦੇ ਸਨ ਅਤੇ ਇਸਤਰਾਂ ਆਪਣੇ ਪਤਿਤ ਹੋਣ ਤੋਂ ਪਾਹਿਲਾਂ ਜਿਹੜੀ ਨਿੱਜੀ ਛਾਪ ਉਹ ਆਪਣੀ ਰਚਨਾ ਉਪਰ ਲਾਉਂਦੇ ਸਨ ਉਹ ਛਾਪ ਉਨ੍ਹਾਂ ਦੀ ਮੂਲ ਸ਼੍ਰੇਣੀ ਦੀ ਜਾਂ ਆਮ ਲੋਕਾਂ ਦੀ ਪ੍ਰਤੀਨਿਧਤਾ ਕਰਦੀ ਸੀ ।

ਭਗਤੀ ਲਹਿਰ ਨੇ ਜਿਹੜਾ ਸਾਹਿਤ ਪੈਦਾ ਕੀਤਾ ਉਹ ਸਮਕਾਲੀ ਜਨਤਾ ਦੀਆਂ ਮੰਗਾਂ ਤੇ ਉਮੰਗਾਂ ਨੂੰ ਇਸੇ ਲਈ ਬਹੁਤਾ ਪ੍ਰਤੀਨਿਧ ਕਰਦਾ ਹੈ ਕਿ ਭਗਤਾਂ ਦੀ ਬਹੁ-ਗਿਣਤੀ ਹੇਠਲੀਆਂ ਸ਼੍ਰੇਣੀਆਂ ਵਿਚੋਂ ਸੀ । ''ਸਾਰੀ ਸ੍ਰਿਸ਼ਟੀ ਪਰਮਾਤਮਾ ਦੀ ਉਪਜ ਹੈ '' ਦਾ ਸਿਧਾਂਤ ਸ਼੍ਰੇਣੀ-ਰਹਿਤ ਸਮਾਜ ਦੀ ਲਾਲਸਾ ਸੀ ਜੋ ਇਨ੍ਹਾਂ ਸ਼ੂਦਰ ਵਿਚਾਰਕਾਂ ਨੇ ਅਪਨਾਇਆ ਤੇ ਇਸ ਨੂੰ ਇੰਜ ਪ੍ਰਗਟ ਕੀਤਾ: ਸਭ ਜੀਵ ਇਕੋ ਜਿਹੇ ਪੈਦਾ ਕੀਤੇ ਗਏ ਹਨ, ਜੀਵ ਦਾ ਨਿਸ਼ਾਨਾ ਕਿਉਂਕਿ ਰੱਬ ਨੂੰ ਪਾਉਣਾ ਹੈ ਇਸ ਲਈ ਧਿਆਉਣ ਦੇ ਸਭ ਵਸੀਲੇ ਤੇ ਸਥਾਨ, (ਮੰਦਰ ਆਦਿਕ) ਸਭ ਲਈ ਸਾਂਝੇ ਹਨ ਅਤੇ ਹੋਣੇ ਚਾਹੀਦੇ ਹਨ । ਊਚ-ਨੀਚ ਨੂੰ ਚਿਰਾਂ ਦੀ ਬਣੀ ਸ਼੍ਰੇਣੀ ਵੰਡ ਹੀ ਕਾਇਮ ਨਹੀਂ ਸੀ ਰਖਦੀ ਸਗੋਂ ਰਾਜਨੀਤਿਕ ਜੁਗ-ਗਰਦੀਆਂ ਵੀ 'ਨੀਚ ਊਚ' ਕਰਨ ਵਾਲੀਆਂ ਅਣਚਿੰਦ ਸਿੱਧ ਹੋਈਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸੇ ਸਮੇਂ ਦੇ "ਹੂਨ" ਲੋਕ ਭਾਰਤ ਵਿਚ ਵੱਸ-ਰਸ ਜਾਣ ਨਾਲ ਰਾਜਪੂਤ ਬਣ ਗਏ । ਕੱਲ ਦੇ ਯਵਨ-ਮਲੇਛ, ਮੁਸਲਮਾਨ ਹੌਲੀ ਹੌਲੀ ਉਚ ਕੁਲ ਵਿਚੋਂ ਡੋਲੇ (ਇਸਤ੍ਰੀਆਂ ਦੇ) ਲੈਣ ਲਗ ਪਏ । ਅਜਿਹੇ ਤਬਕਿਆਂ ਦੇ ਸਾਹਿਤਕਾਰ ਭਾਵੇਂ ਸ਼੍ਰੇਣੀ ਬਦਲ ਲੈਂਦੇ ਸਨ ਪਰ ਪਹਿਲੇ ਸੰਸਕਾਰ ਤਾਂ ਜਾਂਦਿਆਂ ਹੀ ਜਾਂਦੇ ਸਨ; ਉਨ੍ਹਾਂ ਦਾ ਦੱਬੇ-ਲਿਤੜੇ ਹੋਣ ਦਾ ਅਹਿਸਾਸ ਕੁਝ ਜਾਂ ਕਈ ਚਿਰ ਰਹਿੰਦਾ ਇਸੇ ਲਈ ਕਈ ਉਪਰਲੀ ਸ਼੍ਰੇਣੀ ਵਿਚ ਰਹਿੰਦੇ ਵਿਦਵਾਨ ਤੇ ਸਾਹਿਤਕਾਰ ਵੀ ਲੋਕ-ਹਿਤੂ ਸਿਧਾਂਤ ਅਤੇ ਸਾਹਿਤ; ਸਮਾਜ ਨੂੰ ਦੇ ਦੇਂਦੇ ਸਨ ।

ਆਮ ਸ਼ਬਦਾਂ ਵਿਚ, ਅਸੀਂ ਸਾਹਿਤਕਾਰ ਦੇ ਨਿੱਜੀ ਜੀਵਨ ਨੂੰ ਵੇਖਕੇ ਕਹਿੰਦੇ ਹਾਂ ਕਿ ਅਮਕਾ ਸਾਹਿਤਕਾਰ ਅਮਕੀ ਸ਼੍ਰੇਣੀ ਦਾ ਹੈ । ਪਰ ਸਾਹਿਤਕਾਰ ਦਾ ਜੀਵਨ ਕੇਵਲ ਸ਼ਰੀਰਕ ਹੀ ਨਹੀਂ ਹੁੰਦਾ, ਉਸਦੇ ਜੀਵਨ ਦਾ ਵੱਡਾ ਪੱਖ ਸਾਹਿਤ ਹੈ । ਇਸੇ ਲਈ ਅਸੀ ਉਸਦੇ ਨਿੱਜਤਵ ਦਾ ਨਿਰਣਾ ਉਸਦੇ ਪ੍ਰਗਟਾਏ ਵਿਚਾਰਾਂ ਨੂੰ ਦੇਖ ਕੇ ਕਰਦੇ ਹਾਂ; ਜਨਮ ਨੂੰ ਦੇਖਕੇ ਨਹੀਂ ।

ਨਿੱਜਤਵ ਦੇ ਵੀ ਦੋ ਖਾਸੇ ਹਨ । ਉਹ ਅਸਰ ਅਕਲ ਤੇ ਅਮਲ, ਜੋ ਸਾਹਿਤਕਾਰ ਸਮਾਜ ਵਿਚੋਂ ਸੁਚੇਤ ਯਾ ਅਚੇਤ ਲੈਂਦਾ ਹੈ, ਵੀ ਉਸਦੇ ਅਨੁਭਵ ਦਾ ਹਿੱਸਾ ਬਣ ਜਾਂਦੇ ਹਨ ! ਪਰ ਕੁਝ ਵਿਸ਼ੇਤਾਈਆਂ ਸਾਹਿਤਕਾਰ ਦੀਆਂ ਨਿੱਜੀ ਹੀ ਹੁੰਦੀਆਂ ਹਨ । ਉਂਜ ਤਾਂ ਹੋਰ ਵਿਸ਼ਲੇਸ਼ਣ ਕੀਤਿਆਂ ਇਹ ਵਿਸ਼ੇਸਤਾਈਆਂ ਵੀ ਉਸ ਨੂੰ ਖ਼ੂਨ ਜਾਂ ਜੱਦ ਵਿਚੋਂ ਮਿਲੀਆਂ ਦਿੱਸਣਗੀਆਂ ਪਰ ਇੰਨ ਬਿੰਨ ਮਾਪਿਆਂ ਦੀਆਂ ਨਾ ਹੋਣ ਕਾਰਨ ਅਸੀ ਇਨ੍ਹਾਂ ਵਿਸ਼ੇਸਤਾਈਆਂ ਨੂੰ ਨਿਪਟ ਨਿੱਜੀ ਕਹਿੰਦੇ ਹਾਂ ।

ਸ਼੍ਰੇਣੀਆਂ-ਵੰਡੇ ਸਮਾਜ ਵਿਚ ਪਰਲੀ ਸ਼੍ਰੇਣੀ, ਸਮਾਜ ਵਿਚ ਕੰਮ ਅਤੇ ਪੈਦਾਵਾਰ ਦੀ ਕਾਣੀ-ਵੰਡ ਕਾਰਨ ਲੁਟ ਘਸੁਟ ਕਰਦੀ ਹੈ ਅਤੇ ਜੀਵਨ ਦੇ ਹਰ ਮੈਦਾਨ ਵਿਚ ਜੋ ਚਾਹੁੰਦੀ ਹੈ ਕਰਦੀ ਹੈ । ਇਸ ਸ਼੍ਰੇਣੀ ਪਾਸ ਵਿਹਲ ਹੁੰਦੀ ਹੈ । ਮੁਢ ਵਿਚ ਵੀ ਰੱਜ ਦੇ ਨਾਲ ਨਾਲ ਮਿਹਨਤ ਕਾਰਨ ਹੋਈ ਇਹ ਵਿਹਲ ਹੀ ਸੀ ਜਿਸ ਨਾਲ ਕੁਦੱਣਾ ਤੇ ਹਾਸ ਵਿਨੋਦ ਆਉਂਦਾ ਰਿਹਾ । ਇਸ ਲਈ ਮੁਢਲੇ ਸਮਾਜ ਵਿਚੱ ਮੌਤ ਦੇ ਜਬਾੜਿਆਂ ਵਰਗੀ ਗੁਲਾਮੀ ਤੋਂ ਲੈ ਕੇ ਸ਼੍ਰੇਣੀ-ਵੰਡੇ ਸਮਾਜ ਦੀ ਅਕਹਿ ਲੁੱਟ-ਘਸੁੱਟ ਤਕ ਜਿਉਣ ਦੀ ਲਾਲਸਾ ਦੇ ਨਾਲ ਨਾਲ ਸੁਹਜ-ਸੁਆਦ ਵੀ ਕਿਵੇਂ ਨ ਕਿਵੇਂ ਵਧਦਾ ਰਿਹਾ । ਸਭ ਵਸਤਾਂ ਤੇ ਸਹੂਲਤਾਂ ਉਪਰ ਹੌਲੀ-ਹੌਲੀ ਕਬਜ਼ਾ ਹੋ ਜਾਣ ਨਾਲ ਵਿਹਲ ਵੀ ਕੁਝ ਲੋਟੂਆਂ ਲਈ ਹੀ ਵਕਫ਼ ਹੋ ਗਈ । ਬੁਨਿਆਦੀ ਤੌਰ ਤੇ ਵਿਹਲ ਸਾਹਿਤ ਦੀ ਇਕ ਵਡੀ ਲੋੜ ਹੈ ਜਿਸ ਵਿਚ ਜਜ਼ਬਿਆਂ ਵਿਚ ਰਚ ਗਏ ਵਿਚਾਰਾਂ ਨੂੰ ਮੁੜ ਸੱਦ ਕੇ, ਗੁੰਦ ਤੇ ਗੁੰਨ੍ਹ ਕੇ ਪੇਸ਼ ਕੀਤਾ ਜਾ ਸਕੇ । ਇਸ ਲਈ ਸਾਹਿਤ ਰਚਨਾ ਵਿਹਲ ਵਾਲੇ ਲੋਕਾਂ ਦਾ ਰੁਝੇਵਾਂ ਵੀ ਬਣੀ ਤੇ ਵਿਹਲੜ ਲੋਕਾਂ ਦੀ ਦਿਲਚਸਪੀ ਵੀ । ਅਤੇ ਇਸੇ ਲਈ ਬਿਉਪਾਰ ਕਰਨ, ਪੈਸਾ ਜੋੜਨ, ਮਸ਼ੀਨਾਂ ਦੇ ਬਨਾਉਣ ਵਿਚ ਸਿਰ ਸੁੱਟ ਕੇ ਲਗੇ ਕੁਝ ਵਿਅਕਤੀ ਤੇ ਸਾਡੇ ਸਨਾਤਨੀ ਵਡੇਰੇ, ਕਿੱਸੇ, ਕਹਾਣੀਆਂ ਨਾਵਲਾਂ ਨੂੰ ਵਿਹਲਿਆਂ ਦੀ ਕਾਰ ਸਮਝਦੇ ਹਨ । ਵਿਹਲਿਆਂ ਦੀ ਕਾਰ ਸਮਝਣ ਨਾਲ ਸਨਾਤਨੀ, ਕੱਟੜ ਭੌਤਿਕਵਾਦੀ ਤੇ ਤੱਪੜਘਸੀਏ ਵਿਦਾਰ ਇਕੋ ਨਤੀਜੇ ਤੇ ਆ ਕੱਠੇ ਹੋਏ ਹਨ । ਇਹ ਇਕ-ਪਾਸੜ ਤੇ ਉਲਾਰ ਸੋਚ ਹੈ ।

ਅਸਲ ਤੇ ਸੰਤੁਲਿਤ ਗਲ ਇਹ ਹੈ ਕਿ ਸਾਹਿਤ ਤੇ ਹੋਰ ਕਲਾਵਾਂ ਦੀ ਰਚਨਾ ਵਿਹਲ ਵਿਚ ਹੁੰਦੀ ਹੈ । ਪਰ ਇਹ ਰਚਨਾ ਬੁਨਿਆਦੀ ਤੌਰ ਤੇ ਹਾਰੇ-ਹੁੱਟੇ ਮਨ ਤੇ ਸ਼ਰੀਰ ਨੂੰ ਹੋਰ ਕੰਮ ਕਰਨ ਦਾ ਉਤਸ਼ਾਹ ਤੇ ਸ਼ਕਤੀ ਵੀ ਦੇਂਦੀ ਹੈ ।

ਸਹਿਤ ਦੀ ਇਸ ਸ਼ਕਤੀ ਤੋਂ ਵਿਹਲੜ ਜਮਾਤਾਂ ਨੇ ਸਮੇਂ-ਸਮੇਂ ਦੋ ਕੰਮ ਲੀਤੇ ਹਨ; ਆਪਣੀ ਦਿਲਚਸਪੀ ਬਣਾ ਕੇ ਐਸ਼ ਇਸ਼ਰਤ ਤੇ ਭੋਗ-ਵਿਲਾਸ ਦੇ ਚਸਕਿਆਂ ਨੂੰ ਤਿੱਖਾ ਕਰਨ ਦਾ ਕੰਮ ਅਤੇ ਆਮ ਲੋਕਾਂ ਦੇ ਜਜ਼ਬਾਤ ਤੇ ਵਿਚਾਰਾਂ ਨੂੰ ਹੋਰ ਪਾਸੇ ਲਾ ਕੇ ਖੁਸ਼ੀ-ਖੁਸ਼ੀ ਜਾਂ ਮਜਬੂਰ ਹੋਕੇ ਕੰਮ ਕਰੀ ਜਾਣ ਦਾ ਵਸੀਲਾ ਬਨਾਉਣਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ-ਯੁੱਗ ਦੇ ਮੁੱਢ ਬੱਝਣ ਨਾਲ ਲੋਕ-ਤਾਕਤਾਂ ਲੁੱਟ-ਘਸੁਟ ਵਿਚੋਂ ਸਦਾ ਲਈ ਕਲਿਆਨ ਦਾ ਰਸਤਾ ਫੜਦੀਆਂ ਹਨ ਤਾਂ ਸਾਹਿਤ ਨੂੰ ਇਨਕਲਾਬਾਂ ਜਾਂ ਸਮਾਜੀ ਤਬਦੀਲੀ ਦਾ ਇਕ ਸਾਧਨ ਸਮਝਿਆ ਜਾਣ ਲਗ ਪੈਂਦਾ ਹੈ। ਇਸ ਤਰ੍ਹਾਂ ਵਿਹਲ ਤੇ ਵਸੀਲਿਆਂ ਉਪਰ ਆਧਾਰਿਤ ਹੁੰਦਿਆਂ ਹੋਇਆਂ ਵੀ ਸਾਹਿਤ ਦੇ ਯੋਗ ਵਿਕਾਸ ਦੀ ਸੰਭਾਵਨਾ, ਸ਼ੋਸ਼ਕ ਸ਼੍ਰੇਣੀ ਦੇ ਹਥੋਂ ਨਿਕਲ ਕੇ ਉਹਨਾਂ ਹਥ ਚਲੀ ਗਈ ਜਿਹਨਾਂ ਪਾਸ ਅਜ ਵਿਹਲ ਦੇ ਵਸੀਲੇ ਨਹੀਂ ਹਨ।

ਅਰਥਕ ਪੱਖ ਵਿਚ ਸਾਹਿਤਕਾਰ ਦਾ ਨਿੱਜ ਸਦਾ ਹੀ ਔਕੜਾਂ, ਤੇ ਭੁਖ ਨੰਗ ਦਾ ਸ਼ਿਕਾਰ ਰਿਹਾ ਹੈ। ਨਵੇਂ ਰੂਪ ਵਿਚ ਲਿਖਣ ਵਾਲੇ ਸਾਹਿਤਕਾਰਾਂ ਨੂੰ ਸਾਥੀ ਮਖੌਲ ਕਰਦੇ ਰਹੇ ਹਨ ਤੇ ਸਮਝਦੇ ਜਾਂ ਪੜ੍ਹਦੇ ਨਹੀਂ ਰਹੇ। ਨਵੇਂ ਵਿਚਾਰਾਂ ਵਾਲੇ ਸਾਹਿਤਕਾਰਾਂ ਨੂੰ ਹਾਕਮ ਤਸੀਹੇ ਦੇਂਦੇ ਤੇ ਪਾਠਕ ਓਪਰਾ ਸਮਝਦੇ ਰਹੇ ਹਨ। ਅਜਿਹੀ ਹਾਲਤ ਵਿਚ ਸਾਹਿਤਕਾਰ ਦਾ ਨਾ ਤਾਂ ਢਿੱਡ ਹੀ ਭਰ ਸਕਦਾ ਸੀ ਤੇ ਨਾ ਮਨ ਹੀ।

ਤਾਂ ਵੀ ਸਾਹਿਤ ਅਤੇ ਸਮਾਜ ਦੇ ਉਭਾਰ ਸਮੇਂ ਕਈ ਸਾਹਿਤਕਾਰਾਂ ਦਾ ਜਾਗੀਰਾਂ ਤੇ ਰਾਇਲਟੀਆਂ ਨਾਲ ਲਖਪਤੀ ਹੋਣਾ ਦਿਸਦਾ ਹੈ। ਅੰਗਰੇਜ਼ੀ ਦਾ ਸਾਹਿਤਕਾਰ ਆਰਨਲਡ ਬੈਨਿਟ ਕਦੇ ਆਪਣੇ ਲਿਖੇ ਹਰ ਸ਼ਬਦ ਲਈ ਦੋ ਸ਼ਲਿੰਗ ਵਸੂਲ ਕਰਦਾ ਸੀ। ਯੂਰਪ ਵਿਚ ਖਾਸ ਤੌਰ ਤੇ, ਅਤੇ ਸੰਸਾਰ ਵਿਚ ਕਿਤੇ-ਕਿਤੇ ਅਤੇ ਕਦੇ-ਕਦੇ ਅਜਿਹੇ ਲੇਖਕ ਵੀ ਹੋਏ ਹਨ ਜਿਨ੍ਹਾਂ ਆਪਣੇ ਜੀਵਨ ਵਿਚ ਆਪਣੀਆਂ ਕਿਰਤਾਂ ਦੀ ਰਾਇਲਟੀ ਤੇ ਆਮਦਨ ਵਿਚੋਂ ਜਾਇਦਾਦਾਂ ਖੜੀਆਂ ਕੀਤੀਆਂ। ਪਰ ਅਜਿਹੇ ਸੁਭਾਗੇ ਲੇਖਕ ਗਿਣਤੀ ਦੇ ਹਨ। ਆਮ ਤੌਰ ਤੇ ਸਾਹਿਤ-ਕਲਾ ਤੇ ਧਨ-ਦੌਲਤ ਦੋ ਅਜਿਹੀਆਂ ਤਲਵਾਰਾਂ ਦੇ ਰੂਪ ਵਿਚ ਹੀ ਰਹੇ ਹਨ ਜਿਹਨਾਂ ਦੀ, ਕਲਾਕਾਰ ਨਾਂ ਦੇ ਸਮਾਜਕ ਜੀਵ ਰੂਪੀ ਮਿਆਨ ਵਿਚ ਇਕੋ ਸਮੇਂ ਘਟ ਹੀ ਕਦੇ ਸਮਾਈ ਹੋਈ ਹੈ। ਆਮ ਤੌਰ ਤੇ ਬਹੁਤੇ ਸਾਹਿਤਕਾਰ ਰੋਟੀ ਲਈ ਕੋਈ ਹੋਰ ਕਸਬ ਕਰਕੇ ਜਾਂ ਫਾਕਾ ਮਸਤੀ ਅਪਨਾ ਕੇ ਹੀ ਸਾਹਿਤ ਰਚਦੇ ਰਹੇ ਹਨ। ਕਈ ਵਾਰ ਤਾਂ ਗੁਮਨਾਮ ਸਾਹਿਤਕਾਰ ਮੌਲਿਕ ਰਚਨਾ ਲਿਖਕੇ ਸਸਤੀ-ਮਹਿੰਗੀ ਤੇ ਉਕੀ-ਪੁੱਕੀ ਵੇਚ ਦੇਂਦੇ ਹਨ ਜੋ ਕਈ ਵਾਰ ਕਿਸੇ ਹੋਰ ਦੇ ਨਾਂ ਹੇਠ ਛੱਪ ਜਾਂਦੀ ਹੈ। ਜਿਸ ਦੀ ਰਾਇਲਟੀ ਕਿਸੇ ਪ੍ਰਕਾਸ਼ਕ ਦੀ ਜੇਬ ਵਿਚ ਜਾਂ ਪੈਂਦੀ ਹੈ ਤੇ ਪ੍ਰਸਿਧੱਤਾ ਕਿਸੇ ਹੋਰ ਦੀ ਝੋਲੀ ਵਿਚ।

ਆਰਥਕ ਮਜਬੂਰੀਆਂ ਕਾਰਨ ਕਈ ਵਾਰੀ ਸਾਹਿਤਕਾਰ ਨੂੰ ਅਜਿਹੀਆਂ ਕ੍ਰਿਤਾਂ ਦੀ ਰਚਨਾ ਕਰਨੀ ਪੈਂਦੀ ਹੈ ਜਿਸ ਵਿਚ ਉਸ ਦਾ ਆਪਣਾ ਜਜ਼ਬਾ ਵਲਵਲਾ, ਤਜਰਬਾ ਤੇ ਆਪਾ ਵੀ ਕਈ ਵਾਰ ਲੁਕਾਉਣਾ, ਹੋਰ ਰੂਪ ਵਿਚ ਪੇਸ਼ ਕਰਨਾ ਜਾਂ ਦਬਾਉਣਾ ਪੈਂਦਾ ਹੈ। ਆਰਥਕ ਮਜਬੂਰੀ ਹੇਠ ਲਿਖਿਆ ਸਾਹਿਤ ਵੀ ਬਾਹਰ ਮੁਖੀ ਰੂਪ ਵਿਚ ਆਮ ਤੌਰ ਤੇ ਗ਼ੈਰ ਤੰਦਰੁਸਤ ਹੁੰਦਾ ਹੈ ਪਰ ਆਰਥਕ ਮਜਬੂਰੀ ਹੇਠ ਰਚਿਆ ਸਾਹਿਤ ਪਾਠਕਾਂ ਤੇ ਜਨਤਾ ਨੂੰ ਵਧੇਰੇ ਗੰਭੀਰ ਹਦ ਤਕ ਭੁਚਲਾਉਣ ਦਾ ਕੰਮ ਕਰਦਾ ਹੈ। ਇਸ ਲਈ ਅਜਿਹਾ ਸਾਹਿਤ ਵਧੇਰੇ ਨਿੰਦਨੀਯ ਹੁੰਦਾ ਹੈ।

ਇਸੇ ਲਈ ਸੱਚੇ ਸੁੱਚੇ ਲੇਖਕਾਂ ਦੇ ਜੀਵਨ ਦਾ ਇਹ ਇਤਿਹਾਸ ਤੇ ਰਵਾਇਤ ਰਹੇ ਹਨ ਕਿ ਉਹਨਾਂ ਨੇ ਸਾਹਿਤ ਨੂੰ ਧਨ ਪੈਦਾ ਕਰਨ ਦਾ ਕਦੇ ਵਸੀਲਾ ਜਾਂ ਸਾਧਨ ਨਹੀਂ ਬਣਾਇਆ ਤੇ ਭੁਖੇ ਨੰਗੇ ਰਹਿ-ਰਹਿ ਕੇ ਰਚਨਾ ਕੀਤੀ। ਨਿਸਚੇ ਹੀ ਅਜਿਹੇ ਲੇਖਕਾਂ ਅੱਗੇ ਸਾਹਿਤ-ਪ੍ਰੇਮੀਆਂ ਦਾ ਸਿਰ ਝੁਕ ਜਾਏਗਾ। ਪਰ ਇਹ ਗੱਲ ਕਦੇ ਨਹੀਂ ਭੁਲਣੀ ਚਾਹੀਦੀ ਕਿ ਮੁਨੱਖ ਤੇ ਸਮਾਜ ਪਰ ਮਾਨਸਿਕ ਤੋਂ ਬਿਨਾਂ ਆਰਥਕ ਪੱਖ ਤਕ ਸਾਹਿਤ ਰਚਨਾ ਦਾ ਅਸਰ ਪੈਂਦਾ ਹੈ। ਇਸ ਦੀ ਰਚਨਾ ਉਪਰ ਵੀ ਪਹਿਲਾਂ ਜਿਉਣ ਦੇ ਹੱਕ ਤੇ ਫੇਰ, ਉਸ ਰਚਨਾ ਦੀ ਸਮਾਜਿਕ ਲੋੜ, ਕਦਰ ਤੇ ਮਹਤੱਤਾ ਅਨੁਸਾਰ ਕੀਮਤ ਮਿਲਣੀ ਚਾਹੀਦੀ ਹੈ। ਇਸ ਲਈ ਬਨਿਆਦੀ ਤੌਰ ਤੇ ਲੋੜ ਅਜਿਹੇ ਪ੍ਰਬੰਧ ਦੀ ਹੈ ਜਿਸ ਵਿਚ ਸਾਹਿਤਕਾਰ ਨੂੰ ਆਪਣੀ ਰਚਨਾ ਦਾ ਪੂਰਾ ਮੁਲ ਮਿਲੇ ਅਤੇ ਜਿਸ ਵਿਚ ਮੁੱਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਯਤ ਕਰਨ ਤੇ ਦੇਣ ਵਾਲਾ ਹੱਥ ਨਿਜੀ ਨਹੀਂ ਸਮੂਹਿਕ ਹੋਵੇ।

ਅਸੀਂ ਕਿਸੇ ਸਾਹਿਤਕਾਰ ਦੀ ਕੋਈ ਰਚਨਾ ਪੜ੍ਹਦੇ ਹਾਂ। ਇਸ ਵਿਚੋਂ ਕੋਈ ਅਨੰਦ ਮਾਣਦੇ, ਕੋਈ ਉਤਸਕਤਾ ਲੈਂਦੇ ਹਾਂ। ਰਚਨਾ ਵਿਚਲੇ ਦ੍ਰਿਸ਼ ਸਾਡਾ ਆਪਣਾ ਆਲਾ-ਦੁਆਲਾ ਬਣ ਜਾਂਦੇ ਹਨ। ਇਸ ਵਿਚਲੀ ਜੀਵਨ-ਜਾਚ ਸਾਡੀ ਰੀਝ ਬਣ ਜਾਂਦੀ ਹੈ। ਇਸ ਵਿਚਲਾ ਸਮਾਜ ਸਾਡੇ ਸੁਪਨਿਆਂ ਵਿਚ ਰਚ ਜਾਂਦਾ ਹੈ ਅਤੇ ਇਸ ਸਭ ਕੁਝ ਦੇ ਨਾਲ ਨਾਲ ਲੇਖਕ ਦੀ ਆਪਣੀ ਸ਼ਖਸੀਅਤ ਉਸਰਦੀ ਹੋਈ ਸਾਡੇ ਵਿਚ ਘਰ ਕਰ ਲੈਂਦੀ ਹੈ। ਉਸਦੀ ਕਲਾ ਰਾਹੀਂ ਉਸਦਾ ਅੰਦਰਲਾ ਦੇਖ ਕੇ ਅਸੀਂ ਆਪਣੇ ਦਿਲ ਵਿਚ ਉਸ ਦੀ ਕੋਈ ਇਜ਼ਤ ਤੇ ਸਤਿਕਾਰ ਵਾਲੀ ਥਾਂ ਬਣਾਉਂਦੇ ਹਾਂ। ਆਪਣੇ ਦੋਸਤਾਂ ਮਿਤ੍ਰਾਂ ਪਾਸ ਉਸਦੀ ਪ੍ਰਤਿਭਾ ਦੀ ਸਿਫ਼ਤ ਸਲਾਹ ਕਰਦੇ ਹਾਂ। ਜੀਵਨ ਦੇ ਕਿਸੇ ਮੋੜ ਤੇ ਅਸੀਂ ਉਸ ਲੇਖਕ ਨੂੰ ਚਾਨਚਕ ਕਿਤੇ ਮਿਲ ਪੈਂਦੇ ਹਾਂ, ਉਸ ਨਾਲ ਥੋੜਾ ਜਾਂ ਬਹੁਤਾ ਸਮਾਂ ਬਿਤਾ ਕੇ ਕਈ ਵਾਰ ਸਾਨੂੰ ਬੜੀ ਨਿਰਾਸ਼ਾ ਹੁੰਦੀ ਹੈ ਕਿਉਂਕਿ ਅਸੀਂ ਉਸ ਵਿਚ ਇਹੋ ਜਿਹਾ ਕੁਝ ਵੀ ਨਹੀਂ ਦੇਖਦੇ ਜੋ ਉਸ ਸਬੰਧੀ ਸਾਡੇ ਦਿਲ ਵਿਚ ਅੰਕਤ ਹੋ ਗਿਆ ਹੁੰਦਾ ਹੈ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਲੇਖਕ ਆਪਣੇ ਨਿੱਜੀ ਜੀਵਨ ਵਿਚ ਕਿਹੋ ਜਿਹਾ ਹੋਣਾ ਚਾਹੀਦਾ ਹੈ?

ਸਾਹਿਤਕਾਰ ਆਮ ਮੁਨੱਖਾਂ ਵਿਚੋਂ ਹੁੰਦਾ ਹੋਇਆ ਇਸ ਲਈ ਸ੍ਰੇਸ਼ਟ ਹੈ ਕਿ ਉਸਨੇ ;ਕੁਝ ਉਤਮਤਾ ਮਨੁੱਖਾਂ ਵਿਚ ਲਿਆਉਣ ਦਾ ਯਤਨ ਕਰਨਾ ਹੈ। ਇਸੇ ਲਈ ਅਸੀਂ ਉਸ ਤੋਂ ਆਪ ਵੀ ਉਤਮ ਹੋਣ ਦੀ ਆਸ ਕਰਦੇ ਹਾਂ। ਦੂਜੇ ਸ਼ਬਦਾਂ ਵਿਚ ਅਸੀ ਇਹ ਆਸ ਕਰਦੇ ਹਾਂ ਕਿ ਲੇਖਕ ਦੀ ਰਚਨਾ ਵਿਚੋਂ ਉਸ ਦੀ ਉਚ-ਸ਼ਖਸੀਅਤ ਦਾ ਜਿਹੜਾ ਝਲਕਾਰਾ ਪੈਂਦਾ ਹੈ ਉਸੇ ਤਰ੍ਹਾਂ ਦੀ ਸ਼ਖਸੀਅਤ ਅਸਲ ਵਿਚ ਉਸ ਕਮਾਈ-ਅਪਨਾਈ ਹੋਵੇ। ਇਹ ਵਿਚਾਰ ਤੇ ਧਾਰਨਾ ਜਗੀਰਦਾਰੀ ਦੌਰ ਦੇ ਅੰਤ ਤਕ ਸਾਹਿਤਕਾਰਾਂ, ਆਗੂਆਂ, ਸੁਧਾਰਕਾਂ ਅਤੇ ਦਾਰਸ਼ਨਿਕਾਂ ਦੀ ਪਰਖ ਦੀ ਕੱਸਵਟੀ ਬਣੀ ਰਹੀ। ਇਸੇ ਲਈ ਅਸੀਂ ਦੇਖਦੇ ਹਾਂ ਕਿ ਉਸ ਸਮੇਂ ਦੇ ਸਾਹਿਤਕਾਰ, ਜੀਵਨ ਵਿਚ ਸਪਸ਼ਟਵਾਦੀ, ਆਗੂ, ਨਿਡਰ ਤੇ ਦ੍ਰਿੜ੍ਹ, ਸੁਧਾਰਕ ਤੇ ਦਾਰਸ਼ਨਕ ਅਮਲਾਂ ਦੇ ਪੱਕੇ ਸਨ ਅਤੇ ਇਹ ਸਾਰੇ ਹੀ ਅਪਨੀ ਕਥਨੀ, ਕਰਨੀ ਤੇ ਸੋਚਣੀ ਵਿੱਚ ਉਚੇ-ਸੁੱਚੇ ਰਹੇ ਹਨ। ਇਥੋਂ ਤਕ ਕਿ ਇਕ ਖਾਸ ਸਮੇਂ, ਸ਼੍ਰੇਣੀ ਅਨੁਸਾਰ ਇਨ੍ਹਾਂ ਦਾ ਖਾਸ ਬਾਣਾ ਜਾਂ ਭੇਖ ਵੀ ਨਿਸ਼ਚਿਤ ਹੋ ਜਾਂਦਾ। ਇਸ ਤੋਂ ਮਗਰੋਂ ਇਕ ਧਾਰਨਾ ਹੋਰ ਸਥਾਪਿਤ ਹੋਈ ਕਿ ਵਿਅਕਤੀ ਨੂੰ ਉਸ ਪੱਖ ਤੋਂ ਦੇਖੋ ਜਿਸ ਪੱਖ ਜਾਂ ਰੂਪ ਵਿਚ ਉਹ ਤੁਹਾਡੇ ਸਾਹਮਣੇ ਹੈ ਜਾਂ ਜਿਸ ਪੱਖ ਤੋਂ ਤੁਹਾਡਾ ਉਸ ਨਾਲ ਵਾਸਤਾ ਹੈ। ਇਹ ਸਰਮਾਇਦਾਰੀ ਯੁੱਗ ਦੇ, ਜੀਵਨ ਸਬੰਧੀ ਵਿਅਕਤੀਵਾਦ ਅਤੇ ਵਿਭਾਗਵਾਦ ਦੀ ਦੇਣ ਹੈ ਅਤੇ ਸਰਮਾਇਦਾਰੀ ਯੂਰਪ ਦੇ ਸੁੱਹਜ-ਸੁਆਦ, ਆਚਾਰ-ਵਿਚਾਰ ਵਿਚ ਰਚ ਗਈ ਹੈ। ਇਸ ਲਈ ਉਥੇ ਬਣੀਆਂ ਪਰਿਪਾਟੀਆਂ ਅਨੁਸਾਰ ਦ੍ਰਿਸ਼ਟੀਕੋਣ ਕੁਝ ਇੰਜ ਬਣ ਗਿਆ ਕਿ ਜੇ ਕੋਈ ਵਿਧਾਨ ਸਭਾ ਲਈ ਖੜਾ ਹੋ ਰਿਹਾ ਹੈ ਤਾਂ ਇਹ ਦੇਖੋ ਕਿ ਉਹ ਕਿਹੋ ਜਿਹਾ ਵਕਤਾ ਤੇ ਕੂਟਨੀਤਕ ਹੈ, ਸਾਨੂੰ ਉਸਦੇ ਨਿੱਜੀ ਜੀਵਨ ਨਾਲ ਕੋਈ ਸਬੰਧ ਨਹੀਂ। ਜੇ ਕੋਈ ਪ੍ਰੋਫ਼ੈਸਰੀ ਲਈ ਉਮੀਦਵਾਰ ਹੈ ਤਾਂ ਲੋੜ ਉਸਦੇ ਅਕਾਦਮਿਕ ਗਿਆਨ ਨੂੰ ਦੇਖਣ ਦੀ ਹੈ, ਜੀਵਨ ਵਿਚ ਕੀਤੇ ਮਨਣ ਦੀ ਨਹੀਂ। ਇੰਜੇ ਹੀ; ਜੇ ਕੋਈ ਪਾਦਰੀ ਜਾਂ ਲਾਟ-ਪਾਦਰੀ ਨਿਯਤ ਕੀਤਾ ਜਾਣਾ ਹੈ ਤਾਂ ਉਸਦੀ ਧਰਮ ਦੇ ਸਬੰਧ ਵਿਚ ਵਾਕਫੀ ਤੇ ਅਧਿਅਨ ਨੂੰ ਸਾਹਮਣੇ ਰਖਣਾ ਜ਼ਰੂਰੀ ਹੈ। ਭਾਰਤ ਅਤੇ ਏਸ਼ੀਆ ਵਿਚ ਅਜੇ ਅਜਿਹੀ ਧਾਰਨਾ ਸਥਾਪਤ ਨਾ ਹੋਣ ਕਾਰਨ ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਸਮਾਜ ਦੇ ਕਿਸੇ ਪਿੜ ਵਿਚ ਅਗਵਾਈ ਦੇਣ ਵਾਲਾ ਆਪ ਕੀ ਹੈ? ਭਾਵੇਂ ਵਿਅਕਤੀ ਵਿਸ਼ੇਸ਼ ਦੇ ਆਪੇ ਨੂੰ ਧਿਆਨ ਵਿਚ ਰੱਖਣ ਲਈ ਏਸ਼ੀਆਟਿਕ ਨਿਗਾਹ, ਰਹਿਣੀ-ਬਹਿਣੀ ਦੇ [illegible] ਮੋਟੇ ਠੁੱਲ੍ਹੇ ਖਾਣੇ-ਬਾਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਸੂੱਹਜ-ਸੁਆਦ ਵਿਰੋਧੀ ਹਦ ਤਕ ਪੁੱਜੀ ਸਾਦਗੀ ਦੇਖ ਕੇ ਹੀ ਸੰਤੁਸ਼ਟ ਹੋ ਜਾਂਦੀ ਹੈ। ਪਰ ਸਾਹਿਤਕਾਰ ਜਿਹੇ ਵਿਅਕਤੀ ਵਿਸ਼ੇਸ਼ ਤੋਂ ਚੰਗੀ ਰਹਿਣੀ-ਬਹਿਣੀ ਤੇ ਕਰਨੀ ਦੀ ਆਸ ਰਖਣੀ ਬੁਨਿਆਦੀ ਤੌਰ ਤੇ ਹੱਕੀ ਹੈ।

ਪਰ ਸਾਨੂੰ ਸਾਹਿਤ ਅਤੇ ਯਥਾਰਥ ਵਿਚਲੇ ਇਕ ਬੁਨਿਆਦੀ ਦ੍ਵੰਦ ਨੂੰ ਵੀ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ। ਸਾਹਿਤ ਇਸੇ ਤੱਥ ਉਤੇ ਉਸਰਿਆ ਅਜਿਹਾ ਮਾਨਸਿਕ ਅਡੰਬਰ ਹੈ ਜਿਹੜਾ ਪ੍ਰੇਰਕ ਹੈ ਕਿ : ਹੋਣਾ ਕੀ ਚਾਹੀਦਾ ਹੈ। ਇਹ 'ਚਾਹੀਦਾ' ਵਾਲਾ ਅਹਿਸਾਸ ਹੀ ਸਾਹਿਤ ਨੂੰ ਮੰਤਵ ਜਾਂ ਆਦਰਸ਼ਮਈ ਅਤੇ ਸਾਹਿਤਕਾਰ ਨੂੰ ਤਾਰਕਿਕ ਰੂਪ ਵਿਚ ਆਦਰਸ਼ਵਾਦੀ ਬਣਾਉਂਦਾ ਹੈ। ਇਸੇ ਲਈ ਸਾਹਿਤਕਾਰ ਇੰਨ ਬਿੰਨ ਉਹ ਕੁਝ ਲਿਖ ਜਾਂ ਰੱਦ ਨਹੀਂ ਕਰ ਸਕਦਾ ਜੋ ਕੁਝ ਉਹ ਹੁੰਦਾ ਹੈ ਜਾਂ ਦੇਖਦਾ ਹੈ ਸਗੋਂ ਉਹ ਕੁਝ ਰਚਦਾ ਹੈ ਜੋ ਕੁਝ ਉਹ ਹੋਣਾ ਜਾਂ ਵੇਖਣਾ ਚਾਹੁੰਦਾ ਹੈ। ਸਾਹਿਤਕਾਰ ਦੇ ਹੋਣ ਜਾਂ ਥੀਣ ਦਾ ਇਹ ਦ੍ਵੰਦ ਕਈ ਵੇਰ ਲੇਖਣੀ ਅਤੇ ਉਸਦੇ ਆਪੇ ਵਿਚਕਾਰ੍ਹ ਇਕ ਪਾੜ ਦੇ ਰੂਪ ਵਿਚ ਪਾਠਕਾਂ ਨੂੰ ਨਿਰਾਸ਼ ਕਰ ਦੇਂਦਾ ਹੈ। ਲੇਖਣੀ ਤੇ ਆਪੇ ਵਿਚਕਾਰ ਇਹ ਦ੍ਵੰਦ ਜਾਂ ਫਰਕ ਤਾਰਕਿਕ ਜਾਂ ਕਤਈ ਰੂਪ ਵਿਚ ਸਦਾ ਰਹਿੰਦਾ ਹੈ ਪਰ ਆਦਰਸ਼ ਲੇਖਕਾਂ ਵਿਚ ਇਹ ਏਨਾ ਘਟ ਹੁੰਦਾ ਹੈ ਕਿ ਇਸਦੀ ਹੋਂਦ ਬਾਹਰ ਮੁਖੀ ਰੂਪ ਵਿਚ ਸਮਾਜ ਵਿਰੋਧੀ ਨਹੀਂ ਹੁੰਦੀ।

ਸਾਹਿਤ ਦਾ ਜੁਲਾਬੀ ਅੰਸ਼ ਮਨੁੱਖੀ ਮਨ ਵਿਚੋਂ ਮਲੀਨਤਾਈਆਂ ਸਾਫ ਕਰਦਾ ਹੈ ਅਤੇ ਇਸ ਨੂੰ ਸੁਭ ਤੇ ਪਵਿੱਤਰ ਬਣਾਉਂਦਾ ਹੈ ਪਰ ਸਾਹਿਤ ਗਮਨਿਕ (Positive) ਰੂਪ ਵਿਚ ਸਿੱਧੀ ਪ੍ਰੇਰਨਾ ਤੇ ਰੀਝ ਪੈਦਾ ਕਰਕੇ ਵੀ ਪਾਠਕ ਜਾਂ ਸਮਾਜ ਨੂੰ ਸਿਖਿਆ ਦੇਂਦਾ ਹੈ – ਜਿਸ ਦਾ ਰੂਪ ਸਿਖਿਆ ਦਾਇਕ ਨਹੀਂ ਹੁੰਦਾ। ਸਾਹਿਤ ਵਿਚੋਂ ਸਿਖਿਆ ਮਿਲਦੀ ਹੈ; ਤਾਂ ਵੀ ਇਹ ਆਪਣੀ ਅਪੀਲ ਟੈਕਨੀਕ, ਰੂਪ, ਨਜਿੱਠਣ-ਢੰਗ ਅਤੇ ਸਮੁੱਚੀ ਸਮਰਥਾ ਕਾਰਣ ਕਿਸੇ ਤਰ੍ਹਾਂ ਵੀ ਅਚਾਰ-ਸੰਘਤਾ (Moral Code) ਨਹੀਂ। ਇਸੇ ਲਈ ਸਾਹਿਤਕਾਰ, ਸਾਹਿਤਕਾਰ ਹੈ ; ਆਚਾਰਵਾਦੀ ਨਹੀਂ। ਕਿਉਂਕਿ ਉਸਨੇ ਬਣੇ ਆਚਾਰ ਵਿਚਾਰ ਦੀਆਂ ਕਈ ਮਰਦੀਆਂ ਕੀਮਤਾਂ ਨੂੰ ਧੱਕਾ ਅਤੇ ਉਭਰਦੀਆਂ ਕਦਰਾਂ ਨੂੰ ਸਾਥ ਦੇਣਾ ਹੈ।

ਸੱਚੀ ਗਲ ਤਾਂ ਇਹੋ ਹੈ ਕਿ ਲੇਖਣੀ ਤੇ ਕਰਨੀ ਦਾ ਧਨੀ ਲਿਖਾਰੀ ਹੀ ਮਹਾਨ ਹੈ। ਉਹ ਸਾਹਿਤਕਾਰ ਵੀ ਹੈ ਤੇ ਮਹਾਂ ਪੁਰਸ਼ ਵੀ। ਮਹਾਂ ਪੁਰਸ਼ ਆਪਣੀ ਰਹਿਣੀ ਕਾਰਨ ਸਦਾ ਸੋਚਣੀ ਦੇ ਆਚਾਰ-ਸਿਖਰ ਤੇ ਹੁੰਦਾ ਹੈ। ਪਰ ਸ਼ਿਦੱਤ ਨਾਲ ਮਹਿਸੂਸ ਕਰਨ ਵਾਲਾ ਲੇਖਕ ਵੀ, ਚਾਹ ਦਾ ਖਿੱਚਿਆ ਉਥੇ ਜਾ ਪੁੱਜਦਾ ਹੈ। ਸਾਹਿਤ ਦੇ ਪ੍ਰਕਰਨ ਵਿਚ ਚੰਗੇ ਆਚਾਰ-ਆਚਰਣ ਦਾ ਸਬੰਧ ਲੇਖਕ ਦੇ ਜੀਵਨ ਨਾਲ ਹੈ ਪਰ ਚੰਗੇ ਪ੍ਰਗਟਾਵੇ ਦਾ ਸਬੰਧ ਉਸਦੀ ਰਚਨਾ ਨਾਲ ਹੈ। ਲੇਖਕ ਆਪ ਕਿਹੋ ਜਿਹਾ ਹੀ ਹੋਵੇ; ਲਿਖਣ ਦੇ ਪਲ ਜਾਂ ਛਿੰਨ ਵਿਚ ਉਹ ਆਪਣੇ ਅੰਦਰ ਥੀਣ ਦੀ ਚਾਹ ਹੇਠ ਆਪਣੇ-ਵਿੱਤ-ਦੇ-ਆਚਾਰ ਦੀ ਸਿਖਰ ਉਤੇ ਪੁੱਜਿਆ ਹੁੰਦਾ ਹੈ। ਅਤੇ ਇਹੋ ਪਲ ਜਾਂ ਛਿਨ ਹੀ ਸਾਹਿਤ ਬਣ ਕੇ ਸੁਰਖਿਅਤ ਤੇ ਸਥਾਪਤ ਹੋ ਜਾਂਦਾ ਹੈ। ਚਿਤ੍ਰਕਾਰੀ ਜਿਵੇਂ ਛਿਨ-ਭੰਗੁਰ ਦ੍ਰਿਸ਼ ਨੂੰ ਸਥਿਰ ਕਰਦੀ ਹੈ, ਸਾਹਿਤ ਉਸ ਤੋਂ ਵਧ ਗਤੀਸ਼ੀਲ ਮਾਨਸਿਕ ਅਵਸਥਾ ਨੂੰ ਬੰਨ੍ਹ ਬਹਾਲਦਾ ਹੈ। ਉਸਦੇ ਜੀਵਨ ਤਕ ਲੇਖਕ ਦਾ ਆਪਾ ਉਸਦੇ ਆਲੇ ਦੁਆਲੇ ਨੂੰ ਇਕ ਜਾਂ ਦੂਜੀ ਤਰ੍ਹਾਂ ਪ੍ਰਭਾਵਤ-ਪ੍ਰੇਰਤ ਕਰਦਾ ਰਹਿੰਦਾ ਹੈ ਪਰ ਉਸ ਦੀ ਰਚਨਾ ਉਸ ਸੁਰਖਿਅਤ ਛਿਨ-ਪਲ ਜਿੰਨੀ ਅਪੀਲ ਦੀ ਹੀ ਰਹਿੰਦੀ ਹੈ। ਇਸੇ ਲਈ ਲਾਤਰੇ ਅਤੇ ਵਾਂਗਾਗ ਜੀਵਨ ਵਿਚ ਆਚਰਨ ਦੇ ਪੱਖ ਤੋਂ ਵਿਰੋਧੀ ਹੁੰਦੇ ਹੋਏ ਵੀ ਇਕੋ ਜਿਹੇ ਚੰਗੇ ਚਿਤ੍ਰਕਾਰ ਹਨ ; ਇਸੇ ਲਈ ਮਾਧੋ ਲਾਲ ਦਾ ਨਾਂ ਆਪਣੇ ਨਾਲ ਅੜੁੰਗੀ ਰਖਣ ਵਾਲੋ ਸ਼ਾਹ ਹੁਸੈਨ ਜਿਹੇ 'ਮਲਾਮਤੀਏ' ਦੀ ਕਵਿਤਾ ਵਿਚ ਧੂਹ ਤੇ ਅਪੀਲ ਕਿਸੇ ਤਰਾਂ ਵੀ ਗੁਰਬਾਣੀ ਤੋਂ ਘੱਟ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਚਰਣ ਰਹਿਤ ਨਿਜੱਤਵ ਵਾਲੇ ਲੇਖਕ ਦੀ ਸਮਾਜਕ ਪ੍ਰਕਰਨ ਵਿਚ ਸਦਾ ਨਿਖੇਧੀ ਅਤੇ ਵਿਰੋਧਤਾ ਹੀ ਕਰਨੀ ਬਣਦੀ ਹੈ। ਪਰ ਸਾਹਿਤ ਆਲੋਚਨਾ ਦੇ ਪ੍ਰਸੰਗ ਵਿਚ ਅਸੀ ਉਸਦੀ ਰਹਿਣੀ-ਬਹਿਣੀ ਨੂੰ ਨਹੀਂ ਸਗੋਂ ਪ੍ਰਗਟਾਏ ਵਿਚਾਰਾਂ ਦੇ ਨਰੋਏਪਨ, ਕਲਾ ਤੇ ਅਪੀਲ ਨੂੰ ਹੀ ਸਾਹਮਣੇ ਰਖਾਂਗੇ ਕਿਉਂਕਿ ਲੇਖਕ ਦਾ ਸਮਾਜਿਕ ਆਪਾ ਉਸਦੇ ਜੀਵਨ ਨਾਲ ਖ਼ਤਮ ਹੋ ਜਾਣਾ ਹੈ। ਪਰ ਉਸਦਾ ਸਾਹਿਤਕ ਨਿੱਜ ਉਸਦੀ ਮੌਤ ਮਗਰੋਂ ਵੀ ਓਨਾ ਚਿਰ ਜਿਉਂਦਾ ਰਹਿਣਾ ਹੈ ਜਿੰਨਾ ਚਿਰ ਉਸਦੀ ਰਚਨਾ, ਵਿਚ ਨਰੋਆਪਨ, ਪ੍ਰਗਟਾਉ-ਕਲਾ ਤੇ ਅਪੀਲ ਹਨ।

ਮਨੁੱਖੀ ਵਿਚਾਰ ਵਧੇਰੇ ਵਿਗਿਆਨਕ ਨਾ ਹੋਣ ਕਾਰਨ ਅਜੇ ਤਕ ਆਪਣੀ ਰਚਨਾਤਮਿਕਤਾ ਨੂੰ ਨਿੱਜੀ ਪ੍ਰਾਪਤੀ ਹੀ ਸਮਝ ਸਕਿਆ ਹੈ। ਇਸ ਲਈ ਸਥਾਪਤ ਜਿਹਾ ਹੋ ਗਿਆ ਵਿਚਾਰ ਇਹ ਹੈ ਕਿ ਆਦਰਸ਼ ਲੇਖਕ ਬਿਲਕੁਲ ਨਵੇਕਲਾ ਹੀ ਕੋਈ ਵਿਅਕਤੀ ਹੁੰਦਾ ਹੈ। ਇਸ ਲਈ ਲੇਖਕ ਜਾਂ ਲੇਖਕ-ਸ਼੍ਰੇਣੀ ਉਪਰ ਵਿਸ਼ੇ, ਰੂਪ ਅਤੇ ਕਿਸੇ ਵੀ ਪੱਖ ਤੋਂ ਕੋਈ ਵੀ ਡੱਕਾ-ਛਿੱਕਾ; ਕੋਈ ਅੰਕੁਸ਼ ਨਹੀਂ ਹੋਣਾ ਚਾਹੀਦਾ।

ਮਨੁੱਖ ਸਮਾਜਿਕ ਜੀਵ ਹੈ। ਇਹ ਸਮਾਜਿਕਤਾ ਜਾਂ ਸਮੂਹਿਕਤਾ ਭਾਵੇਂ ਅਚੇਤ ਅਵਸਥਾ ਵਿਚ ਰਹੀ ਹੋਵੇ; ਵਿਵਸ਼ ਜਾਂ ਸੁਚੇਤ ਵਿਚ, ਪਰ ਇਹ ਮੁੱਢ ਤੋਂ ਵਧਦੀ ਜ਼ਰੂਰ ਰਹੀ ਹੈ। ਅਜ ਸਮਾਜਿਕ ਤੇ ਰਾਜਨੀਤਕ ਪ੍ਰਕਰਨ ਵਿਚ ਸਮੂਹਵਾਦ, ਵਿਅਕਤੀਵਾਦ ਉਪਰ ਅੰਤਮ ਜਿੱਤ ਦੇ ਪੜਾ ਉਪਰ ਖੜਾ ਹੈ। ਇਸੇ ਲਈ ਇਸ ਸਮਾਜਿਕ ਵਰਤਾਰੇ ਦਾ ਸੁਚੇਤ ਅਸਰ ਸਾਹਿਤ ਦੀ ਰਚਨਾਤਮਿਤਾ ਉਪਰ ਮੰਨਿਆਂ ਜਾਣ ਲਗਾ ਹੈ ਅਤੇ ਅਜ ਸਾਹਿਤ ਅਤੇ ਕਲਾ ਦੀ ਰਚਨਾਤਮਿਕਤਾ ਸਬੰਧੀ ਸਭ ਵਿਅਕਤੀਵਾਦੀ ਧਾਰਨਵਾਂ ਢਿੱਲੀਆਂ ਹੋ ਗਈਆਂ ਹਨ ਤੇ ਸਮੂਹਵਾਦੀ ਅਸਥਾਪਨਾਵਾਂ ਬਣ ਰਹੀਆਂ ਤੇ ਕੁਝ ਪ੍ਰਵਾਨ ਹੋ ਚੁਕੀਆਂ ਹਨ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਰਚਨਾਤਕਿਮਤਾ ਵਿਚ ਨਿੱਜੀ ਅਤੇ ਸਮੂਹ ਦਾ ਕੀ ਸਥਾਨ ਹੈ। ਇਸ ਵਿਚੋਂ ਪ੍ਰਸ਼ਨਾਂ ਦੀ ਲੜੀ ਤੁਰਦੀ ਹੈ ਕਿ:

ਕੀ ਕਲਾਕਾਰ ਜਾਂ ਸਹਿਤਕਾਰ ਨੂੰ ਨਵੇਕਲਾ, ਮੂਲੋਂ ਹੀ ਨਿਰਲੇਪ ਲਾਂ ਵਿਅਕਤੀਵਾਦੀ ਹੋਣਾ ਚਾਹੀਦਾ ਹੈ ? ਨਾਲ ਹੀ ਕੁਝ ਇਸ ਪ੍ਰਕਾਰ ਦੇ ਪ੍ਰਸ਼ਨ ਪੈਦਾ ਹੁੰਦੇ ਹਨ ਕਿ:

ਕੀ ਸਾਹਿਤ ਜਾਂ ਕਲਾ ਦੇ ਵਿਸ਼ੇ ਜਾਂ ਮੰਤਵ ਦੀ ਸੂਝ,ਇਸਦਾ ਨਜਿੱਠਣ ਤੇ ਪ੍ਰਗਟਾਉਣ-ਢੰਗ ਮੂਲੋਂ ਹੀ ਸਮੂਹਿਕ ਹੁੰਦਾ ਹੈ ? ਪ੍ਰਸ਼ਨਾਂ ਦੀ ਇਸ ਲੜੀ ਨੂੰ ਸਿੱਧੇ ਸ਼ਬਦਾਂ ਵਿਚ ਇੰਜ ਵੀ ਸਮੇਟਿਆ ਜਾ ਸਕਦਾ ਹੈ ਕਿ ਕੀ ਆਦਰਸ਼-ਲੇਖਕ ਨੂੰ ਵਿਅਕਤੀਵਾਦੀ ਹੋਣਾ ਚਾਹੀਦਾ ਹੈ ਜਾਂ ਮੂਲੋਂ ਹੀ ਨਿੱਜਤਵ ਰਹਿਤ ?

ਸਾਹਿਤ ਜਾਂ ਕਲਾ ਆਪਣੀ ਸਿਰਜਨਾ ਵਿਚ ਰਚਨਾਤਮਿਕ ਸਮਾਜਿਕ ਕਰਮ ਹੈ। ਇਸ ਰਚਨਾਤਮਿਕਤਾ ਲਈ ਕਿਸੇ ਵਜਦ ਭਰਪੂਰ, ਕਿਸੇ ਅਨੂਠੀ ਜਿਹੀ ਮਾਨਸਕ ਅਵਸਥਾ ਦੀ ਲੋੜ ਹੁੰਦੀ ਹੈ ਜਿਹੜੀ ਅਵਸਥਾ ਸਦਾ ਨਹੀਂ ਰਹਿੰਦੀ। ਇਸੇ ਲਈ ਕਈ ਵਾਰ ਆਪਣੀ ਰਚਨਾ ਨੂੰ ਕਲਾਕਾਰ ਜਾਂ ਸਾਹਿਤਕਾਰ ਮੁੜ ਪੜ੍ਹਦਾ, ਦੇਖਦਾ ਜਾਂ ਸੁਣਦਾ ਹੈ ਤਾਂ ਉਹ ਆਪ-ਰਚੇ ਇਸ ਜਾਦੂ ਵਿਚ ਆਪ ਹੀ ਕੀਲਿਆ ਜਾਂਦਾ ਹੈ। ਇਸ ਅਵਸਥਾ ਨੂੰ ਰਚਨਾਤਮਿਕ ਮਨੁੱਖ ਨੇ ਕਈ ਤਰ੍ਹਾਂ ਮਹਿਸੂਸਿਆ ਜਾਂ ਬਿਆਨਿਆ ਹੈ। ਆਦਿ ਵਾਸੀ ਮਨੁੱਖ ਨਾਚ, ਤੁਰਤ-ਕਵਿਤਾ ਅਤੇ ਮਨ ਉਪਰ ਅੰਕਿਤ ਕਿਸੇ ਵਸਤੂ ਜਾਂ ਦ੍ਰਿਸ਼ ਦੀ ਕੀਤੀ ਆਪਣੀ ਹੀ ਚਿਤ੍ਰਕਾਰੀ ਨੂੰ ਇਕ ਜਾਦੂ ਸਮਝਦਾ ਤੇ ਜਾਦੂ ਸਮਝਕੇ ਕਰਦਾ ਰਿਹਾ। ਉਸਨੇ ਇਸ ਰਚਨਾਤਮਿਕਤਾ ਨੂੰ ਕਿੰਨਾ ਚਿਰ ਕਿੰਨੇ ਦੇਵੀ ਜਾਂ ਦੇਵਤੇ ਦੇ ਰੂਪ ਵਿਚ ਵੀ ਦੇਖਿਆ। ਹੋਰ ਮਨੋਵਿਕਾਸ ਸਮੇਂ ਉਹ ਇਸ ਰਚਨਾਤਮਿਕਤਾ ਨੂੰ ਇਕ ਰੂਹਾਨੀ ਲਿਸ਼ਕਾਰਾ ਵਰਤਾਰਾ ਜਾਂ ਦਾਤ ਸਮਝਦਾ ਰਿਹਾ। ਇਸੇ ਅਹਿਸਾਸ ਨੂੰ ਚਮਤਕਾਰਿਕ ਢੰਗ ਨਾਲ ਆਪੇ ਦੀ ਸੰਤੁਸ਼ਟਤਾ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪੇ ਦੀ ਪਛਾਣ ਵੀ (Self-satiation or Self-realisation) ਵੀ ਕਿਹਾ ਗਿਆ ਹੈ। ਦਾਰਸ਼ਨਿਕ ਪਿੜ ਵਿਚ ਜਿਸ ਅਹਿਸਾਸ ਨੂੰ ਆਪੇ ਦੀ ਪਛਾਣ ਦਾ ਨਾਂ ਦਿੱਤਾ ਗਿਆ, ਅਸਲ ਵਿਚ ਸਮਾਜਿਕ ਪ੍ਰਕਰਨ ਵਿਚ ਇਹੋ ਅਹਿਸਾਸ ਨਿੱਜ ਦੀ ਮਹਤੱਤਾ ਜਾਂ ਉਚੱਤਾ ਹੋ ਨਿਬੜਦਾ ਹੈ।

ਰਚਨਾਤਮਿਕਤਾ ਕੀ ਹੈ ? ਕੁਦਰਤ ਵਿਚ ਬੇਅੰਤ ਅਤੇ ਬੇ-ਸ਼ੁਮਾਰ ਭੇਤ ਲੁਕੇ ਹੋਏ ਹਨ। ਕਈ ਸਾਇੰਸਦਾਨ ਪ੍ਰਯੋਗਸ਼ਾਲਾਵਾਂ ਵਿਚ ਕੁਦਰਤ ਦੇ ਨਵੇਂ ਭੇਤਾਂ ਨੂੰ ਲੱਭਦੇ ਜਾਂ ਲੱਭੇ ਭੇਤਾਂ ਦੀ ਵਧੇਰੇ ਘੋਖ ਪੜਤਾਲ ਕਰਦੇ ਹਨ। ਇਕ ਸਾਇੰਸਦਾਨ; (ਗੈਲੇਲੀਓ) ਦੂਰਬੀਨ ਬਣਾਉਂਦਾ ਹੈ ਅਤੇ ਆਕਾਸ਼ੀ ਪਿੰਡਾਂ-ਆਕਾਰਾਂ ਬਾਰੇ ਪਹਿਲੀ ਵਾਰ ਇਕ ਬੁਨਿਆਦੀ ਸਿਧਾਂਤ ਪੇਸ਼ ਕਰਦਾ ਹੈ। ਸਾਇੰਸ ਦੇ ਪਿੜ ਵਿਚ ਉਹ ਰਚਨਾਤਮਿਕ ਜਾਂ ਸ੍ਰੇਸ਼ਟ ਸਾਇੰਸਦਾਨ ਹੈ। ਕਈ ਹੋਰ ਸਾਇੰਦਾਨ ਸਮੇਂ-ਸਮੇਂ ਦੇ ਸਿਧਾਂਤਾਂ ਦਾ ਵਿਕਾਸ ਤੇ ਵਿਆਖਿਆ ਕਰਦੇ ਹਨ। ਰਚਨਾਤਮਿਕ ਉਹ ਵੀ ਹਨ ਪਰ ਅੰਸ਼ਕ ਰੂਪ ਵਿਚ। ਘੜੀ ਬਨਾਉਣ ਅਤੇ ਸਮੇਂ ਵੀ ਵੰਡ ਕਰਨ ਵਾਲੇ ਵਿਚਾਰਕ ਅਤੇ ਪੰਚਾਂਗ ਨਿਯਤ ਕਰਨ ਵਾਲੇ ਰਿਸ਼ੀ ਜਾਂ ਦਾਰਸ਼ਨਿਕ ਵੀ ਇਸੇ ਪ੍ਰਕਾਰ ਦੇ, ਅੰਸ਼ਕ ਰੂਪ ਵਿਚ ਰਚਨਾਤਮਿਕ ਹਨ ਪਰ ਇਨ੍ਹਾਂ ਵਿਚੋਂ ਅਸਲ ਰਚਨਾਤਮਿਕ ਸਾਇੰਸਦਾਨ ਆਈਨ ਸਟਾਈਨ ਹੈ ਜਿਹੜਾ ਪੁਲਾੜ ਤੇ ਸਮੇਂ ਦੇ ਤਾਲ ਮੇਲ ਦਾ ਭੇਤ ਲਭਦਾ ਅਤੇ ਸਾਪੇਖਿਆਵਾਦ ਦਾ ਸਿਧਾਂਤ ਪੇਸ਼ ਕਰਦਾ ਹੈ।

ਇੰਜੇ ਹੀ ਮਨੁੱਖੀ ਮਨ; ਅਹਿਸਾਸਾਂ, ਕਾਮਨਾਵਾਂ ਤੇ ਸੋਚ-ਪ੍ਰਬੰਧਾਂ ਦਾ ਅਮੁੱਕ ਖਜ਼ਾਨਾ ਹੈ। ਕਈ ਕਲਾਕਾਰ ਅਤੇ ਸਾਹਿਤਕਾਰ ਇਨ੍ਹਾਂ ਦੀ ਥਾਹ ਪਾਉਣ ਤੇ ਪ੍ਰਗਟਾਉਣ ਵਿਚ ਲੱਗੇ ਹੋਏ ਹਨ। ਤਾਰਕਿਕ ਸ਼ਬਦਾਂ ਵਿਚ ਇਨ੍ਹਾਂ ਵਿਚੋਂ ਹਰ ਇਕ ਰਚਨਾਤਮਿਕ ਲੇਖਕ ਜਾਂ ਕਲਾਕਾਰ ਹੈ। ਪਰ ਅਸੀਂ ਰਚਨਾਤਮਿਕ ਕਿਸ ਨੂੰ ਕਹਾਂਗੇ ? ਜਿਹੜਾ ਕਿਸੇ ਅਜਿਹੇ ਮਨੁੱਖੀ ਅਹਿਸਾਸ, ਕਾਮਨਾ ਜਾਂ ਚਿੰਤਨ-ਪ੍ਰਬੰਧ ਨੂੰ ਸਾਡੇ ਸਾਹਮਣੇ ਲਿਆਵੇ ਜਿਹੜਾ ਅਜੇ ਕਿਸੇ ਨਾ ਲਿਆਂਦਾ ਹੋਵੇ। ਅਸੀਂ ਉਸ ਨੂੰ ਵੀ ਰਚਨਾਤਮਿਕ ਕਹਾਂਗੇ, ਜਿਹੜਾ ਇਸ ਢੰਗ ਨਾਲ ਇਨ੍ਹਾਂ ਅਹਿਸਾਸਾਂ, ਕਾਮਨਾਵਾਂ ਅਤੇ ਚਿੰਤਨ-ਪ੍ਰਬੰਧਾਂ ਨੂੰ ਪ੍ਰਗਟਾਵੇ ਜਿਸ ਢੰਗ ਨਾਲ ਅਜੇ ਕਿਸੇ ਨਾ ਪ੍ਰਗਟਾਇਆ ਹੋਵੇ। ਅਸੀਂ ਉਸ ਨੂੰ ਵੀ ਰਚਨਾਤਮਿਕ ਕਹਾਂਗੇ, ਜਿਹੜਾ ਇਸ ਢੰਗ ਨਾਲ ਇਨ੍ਹਾਂ ਅਹਿਸਾਸਾਂ ਕਾਮਨਾਵਾਂ ਅਤੇ ਸੋਚ ਪ੍ਰਬੰਧਾਂ ਨੂੰ ਪ੍ਰਗਟਾਵੇ ਜਿਹੜਾ ਪਹਿਲੇ ਢੰਗਾਂ ਨਾਲੋਂ ਬਿਲਕੁਲ ਨਵਾਂ-ਨਵੇਕਲਾ ਹੋਵੇ। ਨਵੇਂ ਨਵੇਕਲੇ ਅਹਿਸਾਸ ਕਾਮਨਾਂ ਜਾਂ ਚਿੰਤਨ-ਪ੍ਰਬੰਧ ਉਹ ਹਨ ਜਿਹੜੇ ਮਨੁਖੀ ਵਿਕਾਸ ਦੀ ਸੇਧ ਵਿਚ ਰਹਿਣ। ਨਵਾਂ ਪ੍ਰਗਟਾਉਣ-ਢੰਗ ਉਹ ਹੈ ਜਿਹੜਾ ਨਵੇਕਲਾ ਹੋ ਕੇ ਵੀ ਵਿਸ਼ੇ ਦੀ ਸੁਹਿਰਦਤਾ, ਸਮਝਾਉਣੀ ਅਤੇ ਸੁਹੱਜ ਸੁਆਦ ਤੋਂ ਬੇਮੁਖ ਨਾ ਹੋਵੇ।

ਵਿਸ਼ੇ ਘਟਨਾਵਾਂ, ਮੌਕਾ-ਮੇਲ ਅਤੇ ਦ੍ਰਿਸ਼ ਸਮਾਜ ਵਿਚ ਭਰੇ ਪਏ ਹਨ ਪਰ ਇਨ੍ਹਾਂ ਨੂੰ ਦੇਖਣ ਵਾਲੀ ਅੱਖ, ਟੁੰਬੀ ਜਾਣ ਵਾਲੀ ਰੂਹ, ਚੋਣ ਕਰਨ ਵਾਲੀ ਸੂਝ ਅਤੇ ਪ੍ਰਗਟਾਉਣ ਵਾਲੀ ਕਲਾ ਨਿੱਜੀ ਹੈ। ਭਾਸ਼ਾ ਸਮੁੱਚੀ, ਵਾਕਾਂ ਦੀ ਬਣਤਰ, ਸ਼ਬਦਾਂ ਦੇ ਅਰਥ ਅਤੇ ਭਾਵ, ਸਾਹਿਤ-ਰੂਪਾਂ ਦੀ ਰੂੜ੍ਹੀਆਂ ਤੇ ਪਿਰਤਾਂ ਲੰਮੇ ਸਮਾਜਿਕ ਘਟਨਾ-ਪ੍ਰਵਾਹ ਦੀ ਉਪਜ ਅਤੇ ਵਿਰਸਾ ਹਨ ਪਰ ਇਨ੍ਹਾਂ ਦੀ ਚੋਣ-ਇਕ, ਵਿਸ਼ੇਸ਼ ਤਰਤੀਬ-ਸਾਹਿਤਕਾਰ ਦੀ ਨਿੱਜੀ ਹੈ। ਏਨਾ ਹੀ ਨਹੀਂ ਸਗੋਂ ਹੋਣ ਥੀਣ ਦੀ ਰੀਝ (ਜਿਹੜੀ ਕਿ ਹੁੰਦੀ ਹੀ ਨਿੱਜੀ ਹੈ) ਇਕ ਸਮੇਂ ਤਕ ਲੇਖਕ ਦੀ ਪ੍ਰੇਰਨਾ ਦਾ ਮੂਲ ਸੋਮਾਂ ਬਣੀ ਰਹਿੰਦੀ ਹੈ; ਉਸ ਨੂੰ ਲੇਖਕ ਬਣਾਈ ਰਖਦੀ ਹੈ। ਨਿੱਜ ਦੀ ਇਸੇ ਲੋੜ ਕਾਰਣ ਲੇਖਕ ਕਹਿੰਦਾ ਹੈ ਕਿ ਉਹ ਇਸ ਲਈ ਲਿਖਦਾ ਹੈ ਕਿ ਉਹ ਇਸ ਬਿਨਾਂ ਰਹਿ ਨਹੀਂ ਸਕਦਾ, ਜਾਂ ਉਸ ਨੂੰ ਇਸ ਵਿਚੋਂ ਨਿੱਜੀ ਸੰਤੁਸ਼ਟਤਾ ਮਿਲਦੀ ਹੈ। ਲੇਖਕ ਦਾ ਵੀ ਇਕ ਨਿੱਜ ਹੁੰਦਾ ਹੈ ਅਤੇ ਇਹ ਨਿੱਜਤਵ ਨਵੇਂ ਵਿਸ਼ਿਆਂ ਰੂਪਾਂ ਦੀ ਚੋਣ ਹੀ ਨਹੀਂ ਕਰਦਾ, ਬਣੇ ਵਿਸ਼ਿਆਂ ਤੇ ਰੂਪਾਂ ਅੰਦਰ ਵੀ ਤਬਦੀਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਰਹਿੰਦਾ ਹੈ ਜਿਹੜੀ ਕਦੇ ਮਨ-ਆਈ ਤੇ ਮੂੰਹ -ਆਈ ਨਹੀਂ ਹੁੰਦੀ ਸਗੋਂ ਤਰਕ-ਆਧਾਰ ਹੁੰਦੀ ਹੈ। ਇਸੇ ਨੂੰ ਅਸੀਂ ਨਿੱਜ ਦੀ ਛਾਪ ਵਾਲੀ ਰਚਨਾ ਕਹਿੰਦੇ ਹਾਂ। ਲੇਖਕ ਦਾ ਨਿੱਜ ਜਾਂ ਵਿਅਕਤੀਤਵ ਉਸਦੇ ਸਮਾਜਿਕ ਜੀਵਣ ਨਾਲੋਂ ਸਾਹਿਤਕ ਜੀਵਨ ਲਈ ਕਿਤੇ ਵਧ ਜ਼ਰੂਰੀ ਹੈ।

ਜੀਵਨ ਵਿਚ ਮੌਤ ਵੀ ਲੁਕੀ ਹੁੰਦੀ ਹੈ। ਕੁਝ ਇੰਜ ਹੀ ਇਸ ਵਿਅਕਤੀਤਵ ਦੇ ਨਾਲ ਜੁੜਿਆ ਵਿਅਕਤੀਵਾਦ ਜਾਂ ਹੰਕਾਰ ਲੇਖਕ ਦੇ ਮਨ ਵਿਚ ਕਈ ਵੇਰ ਆ ਵੱਸਦਾ ਹੈ। ਨਤੀਜੇ ਵਜੋਂ,ਨਿੱਜੀ ਅਨੁਭੂਤੀ ਚੋਣ-ਪ੍ਰਗਟਾਉ ਅਤੇ ਪ੍ਰਬੀਨਤਾ ਤਾਂ ਬਣੀ ਰਹਿੰਦੀ ਹੈ ਪਰ ਦ੍ਰਿਸ਼ਾਂ, ਘਟਨਾਵਾਂ, ਵਿਚਾਰ-ਪ੍ਰਬੰਧਾਂ ਦੇ ਗਤੀਸ਼ੀਲ ਬੂਹੇ ਬੰਦ ਹੋ ਜਾਂਦੇ ਹਨ। ਹੁਣ ਨਿੱਜੀ ਛਾਪ ਵਾਲਾ ਦਿਮਾਗ਼ ਬੜਾ ਭਰਪੂਰ ਸਹੀ, ਪਰ ਇਸ ਨੂੰ ਜੰਦਰਾ ਲਗ ਚੁਕਾ ਹੈ। ਲੇਖਕ ਇਕ ਜਿਗਿਆਸੂ ਨਹੀਂ ਰਹਿ ਗਿਆ। ਉਸ ਨੂੰ ਸਮਾਜਿਕ ਕੱਚਾ ਮਸਾਲਾ ਨਹੀਂ ਮਿਲ ਰਿਹਾ। ਰਚਨਾਤਮਿਕਤਾ ਢੂੰਦ ਮਈ ਹੈ, ਗਤੀ-ਸ਼ੀਲਤਾ ਹੈ ਜਿਸ ਨਾਲੋਂ ਤ੍ਰਿਨਕਾ ਤੋੜ ਲੈਣ ਮਗਰੋਂ ਉਹ ਮਨ-ਆਈ ਤੇ ਮੂੰਹ-ਆਈ ਵਿਅਕਤੀਵਾਦੀ ਰੁਚੀ ਦਾ ਗੋਲਾ, ਸ਼ਬਦਾਂ ਦਾ ਜੜੀਆ ਅਤੇ ਮਦਾਰੀ ਬਣਕੇ ਰਹਿ ਜਾਂਦਾ ਹੈ ਅਤੇ ਅਖੀਰ ਮਨੁਖ ਵਿਰੋਧੀ-ਸ਼ਕਤੀਆਂ ਦਾ ਸੁਚੇਤ ਜਾਂ ਅਚੇਤ ਯਾਰ-ਬੇਲੀ ਜਾ ਬਣਦਾ ਹੈ।

ਨਿਜੱਤਵ, ਕਲਾਕਾਰ ਅਤੇ ਸਾਹਿਤਕਾਰ ਦੀ ਰਚਨਾਤਮਿਕਤਾ ਹੈ, ਵਿਅਕਤੀਵਾਦ ਉਸਦਾ ਰਸਾਤਲ ਹੈ।

☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
गुरुकुल कांगड़ी विश्वविद्यालय
7780

ਰਹਿਸਯਵਾਦ

ਜਦੋਂ ਅਸੀਂ ਸਾਹਿਤ; ਖ਼ਾਸ ਕਰ ਕਾਵਿ ਰਚਨਾ ਦੀ; ਵਿਆਖਿਆ, ਸਮੀਖਿਆ ਜਾਂ ਆਲੋਚਨਾ ਕਰਦੇ ਹਾਂ ਤਾਂ ਰਹਿਸਯਵਾਦ ਦਾ ਨਾਂ ਆਮ ਤੌਰ ਤੇ ਆਉਂਦਾ ਹੈ। ਉਂਜ ਤਾਂ ਸਾਹਿਤ ਦਾ ਖੇਤਰ ਤੇ ਸਮਰਥਾ ਬੁੱਧੀ ਜਾਂ ਦਰਸ਼ਨ ਦੀ ਥਾਂ ਮਨ ਤੇ ਜਜ਼ਬਾਤ ਵਿਚ ਕਿਤੇ ਵੱਧ ਹਨ, ਇਸ ਲਈ ਵਾਦਾਂ ਵਿਵਾਦਾਂ ਦਾ ਇਸ ਨਾਲ ਸਬੰਧ ਨਹੀਂ ਜਾਪਦਾ। ਪਰ ਅਜ ਦਾ ਯੁੱਗ ਸਾਇੰਸ ਤੇ ਬੁੱਧੀ ਦਾ ਯੁੱਗ ਹੈ ਜੋ ਸਾਡਾ ਦ੍ਰਿਸ਼ਟੀਕੋਣ; ਬੁੱਧੀਵਾਦੀ ਤੇ ਆਲੋਚਕ ਬਣਾਉਂਦਾ ਹੈ। ਸਾਹਿਤਕਾਰ ਤੇ ਕਵੀ ਨੇ ਜੀਵਨ ਦੇ ਜਿਹੜੇ ਭੇਤ ਆਪਣੀ ਰਚਨਾ ਵਿਚ ਲੁਕਾਏ ਹੁੰਦੇ ਹਨ, ਜਿਹੜੇ ਜਜ਼ਬੇ ਰਚਾਏ ਹੁੰਦੇ ਹਨ, ਆਲੋਚਨਾ ਦਾ ਇਹ ਖਾਸਾ ਹੈ ਕਿ ਇਨ੍ਹਾਂ ਭੇਤਾਂ ਜਜ਼ਬਿਆਂ ਨੂੰ ਵੱਖ ਕਰਕੇ ਸਾਨੂੰ ਇਸ ਦੀ ਸੋਝੀ ਕਰਾਉਂਦੀ ਹੈ। ਆਪਣੇ ਅਤੇ ਪਰਾਏ ਸਾਹਿਤਾਂ ਵਿਚੋਂ ਕਵੀਆਂ ਨੇ ਰਹਿਸਯਵਾਦ ਅਤੇ ਇਸ ਜਿਹੀਆਂ ਵਿਚਾਰ ਧਾਰਨਾਵਾਂ ਅਚੇਤ ਹੀ ਲੁਕਾ ਦਿਤੀਆਂ ਸਨ। ਅਜੋਕੇ ਕਵੀ ਸੁਚੇਤ ਤੌਰ ਤੇ ਜਿਨ੍ਹਾਂ ਧਾਰਨਾਵਾਂ ਦੀ ਵਰਤੋਂ ਕਰਦੇ ਹਨ ਉਨ੍ਹਾਂ ਸਭ ਦਾ ਵਿਸ਼ਲੇਸ਼ਣ ਅਜ ਦੀ ਆਲੋਚਨਾ ਕਰਦੀ ਹੈ।

ਰਹਿਸਯਵਾਦ ਨੂੰ ਸਮਝਣ ਲਈ ਸਾਨੂੰ ਕਈ ਛੋਟੀਆਂ ਵੱਡੀਆਂ ਟੂਕਾਂ ਦਿਤੀਆਂ ਜਾਂਦੀਆਂ ਹਨ। ਰਹਿਸਯਵਾਦ ਉਪਰ ਸਵਿਸਥਾਰ ਪੁਸਤਕ ਰਚਨ ਵਾਲੇ ਵਿਦਵਾਨ, ਅੰਡਰਹਿਲ ਦੇ ਵਿਚਾਰ ਅਨੁਸਾਰ ਰਹਿਸਯਵਾਦ ਇਕ ਅਜਿਹੀ ਅਵਸਥਾ ਹੈ ਜਿਸ ਵਿਚ ਰੱਤਾ-ਮੱਤਾ ਕਵੀ-ਹਿਰਦਾ ਰੱਬ ਦੀ ਹੋਂਦ ਜਾਂ ਉਸਦੇ ਸਰੂਪ ਸਬੰਧੀ ਨਾ ਦੱਸਕੇ; ਸਿੱਧਾ ਹੀ ਉਸ ਨਾਲ ਗੱਲਾਂ ਕਰਦਾ, ਸਗੋਂ ਅਭੇਦ ਹੋਇਆ ਦਿਸਦਾ ਹੈ। ਇੰਜੇ ਹੀ ਪ੍ਰੈੱਟ ਦੇ ਮਤ ਅਨੁਸਾਰ ਇਹ ਰੱਬ ਨਾਲ ਮੇਲ ਦੇ ਸੁਆਦ ਦਾ ਕੋਈ ਤਵੱਕਲ ਹੈ ਜੋ ਮਨੁੱਖੀ ਹਿਰਦੇ ਨੂੰ ਵਿਗਸਾਉਂਦਾ ਹੈ। ਭਾਰਤ ਦੇ ਵਿਦਵਾਨ, ਸੁਰਗੀ ਰਾਸ਼ਟਰਪਤੀ ਸ੍ਰੀ ਰਾਧਾ ਕ੍ਰਿਸ਼ਨਨ ਰਹਿਸਯਵਾਦ ਸਬੰਧੀ ਦਸਦੇ ਹੋਏ ਜਗਿਆਸੂ ਦੇ ਮਨ ਦੀ ਅਜਿਹੀ ਅੰਤਮ ਅਵਸਥਾ 'ਤੁਰੀਆ' ਦਾ ਵਰਨਣ ਕਰਦੇ ਹਨ , ਜਿੱਥੇ ਗਿਆਤਾ, ਗੇਯ ਅਤੇ ਗਿਆਨ ਤਿੰਨੇ ਓਤਪੋਤ ਹੋ ਜਾਂਦੇ ਹਨ। ਅਜਿਹੇ ਵਿਚਾਰਾਂ ਦਾ ਜਿਹੜਾ ਆਮ ਅਸਰ ਸਾਹਿਤ ਦੇ ਇਕ ਵਿਦਿਆਰਥੀ' ਤੇ ਪੈਂਦਾ ਹੈ, ਉਸ ਅਨੁਸਾਰ ਰਹਿਸਯਵਾਦ (Mysticism) ਧਰਮ-ਸ਼ਾਸਤਰ ਦੀ ਇਕ ਅਜਿਹੀ ਪ੍ਰਣਾਲੀ ਜਾਪਦੀ ਹੈ ਜੋ ਰੱਬ ਦੀ ਹੋਂਦ ਦੇ ਗਿਆਨ ਸੰਬੰਧੀ,ਪ੍ਰਗਟਾਵੇ ਨਾਲ ਸੰਬੰਧਿਤ ਹੋਵੇ। ਇਸ ਦੀ ਪੁਸ਼ਟੀ ਇਸ ਲਈ ਵੀ ਹੁੰਦੀ ਹੈ ਕਿ ਸੰਸਾਰ ਦੇ ਸਭ ਧਰਮਾਂ ਨੇ ਆਪਣੇ ਨਿਕਾਸ ਨਹੀਂ, ਤਾਂ ਵਿਕਾਸ ਸਮੇਂ ਇਸ ਵਿਚਾਰ ਧਾਰਾ ਨੂੰ ਅਪਣਾਇਆ ਜ਼ਰੂਰ ਹੈ।

ਪਰ ਨਾਲ ਹੀ ਬ੍ਰਾਊਨ ਜਿਹੇ ਵਿਦਵਾਨ ਇਹ ਦਸਦੇ ਹਨ ਕਿ ਰਹਿਸਯਵਾਦ ਤੇ ਅਧਿਆਤਮਵਾਦ ਵਿਚ ਵੀ ਫ਼ਰਕ ਹੈ ਅਤੇ ਅਸੀਂ ਬੌਧਿਕ; ਅਧਿਆਤਮਵਾਦ ਤੇ ਕਈ ਪ੍ਰਕਾਰ ਦੇ ਰਹਿਸਯਵਾਦ ਦਾ ਨਾਂ ਵੀ ਸੁਣਦੇ ਹਾਂ। ਰੱਬ ਨੂੰ ਜਾਨਣਾ ਜਾਂ ਪਾਉਣਾ ਤਾਂ ਔਖਾ ਹੈ ਹੀ, ਪਰ ਇਸਦਾ ਦੱਸਣਾ ਵੀ ਗੁੰਗੇ ਵਲੋਂ ਮਠਿਆਈ ਦਾ ਸੁਆਦ ਦੱਸਣ ਜਿਹਾ ਹੈ। ਇਹੀ ਹਾਲ ਇਸ ਰੱਬ-ਪ੍ਰਗਟਾਵੇ; ਰਹਿਸਯਵਾਦ ਦਾ ਹੈ।

ਆਧੁਨਿਕ ਖੋਜ ਅਨੁਸਾਰ ਰਹਿਸਯਵਾਦ ਦਾ ਜਨਮ ਭਾਰਤ ਵਿਚ ਹੀ ਹੋਇਆ। ਆਰੀਆਂ ਦੇ ਭਾਰਤ ਵਿਚ ਆ ਜਾਣ ਅਤੇ ਸਮਾਜਿਕ ਵਿਕਾਸ ਅਨੁਸਾਰ ਜਾਤ-ਪਾਤ ਦੀ ਪ੍ਰਥਾ ਪੁਰਾਣੀ ਹੋ ਜਾਣ ਤੋਂ ਢੇਰ ਮਗਰੋਂ ਰਹਿਸਯਵਾਦ ਦਾ ਜਨਮ ਹੋਇਆ ਦਰਸ਼ਨ ਦੇ ਰੂਪ ਵਿਚ।

CC-0. In Public Domain. Gurukul Kangri Collection, Haridwar

ਬ੍ਰਾਹਮਣਾਂ ਦੇ ਸਮਾਜਿਕ ਕਬਜ਼ੇ ਤੇ ਸ਼ੋਸ਼ਣ ਤੋਂ ਕੋਈ ਛੁਟਕਾਰਾ ਨਹੀਂ ਸੀ ਦਿੱਸਦਾ। ਸਮਾਜ

Digitized by Arya Samaj Foundation Chennai and eGangotri

ਵਿਚ ਆਰਥਿਕ ਤੇ ਰਾਜਨੀਤਕ ਹਾਲਤ ਅਜਿਹੀ ਸਥਿਰ ਤੇ ਸਮਝ ਤੋਂ ਬਾਹਰ ਸੀ ਕਿ ਰੱਬ ਦੀ ਧਾਰਨਾ ਉਪਰ ਵੀ ਨਿਰਾਸ਼ਾ ਅਤੇ ਭੇਤਾਂ-ਭਰੀ ਹੋਣ ਦਾ ਅਸਰ ਪੈਣਾ ਅਵੱਸ਼ ਸੀ । ਇਸੇ ਲਈ ਮਹਾਂ ਪੰਡਤ ਰਾਹੁਲ ਸੰਕ੍ਰਿਤਿਆਇਨ ਨੇ ਆਪਣੀ ਪੁਸਤਕ ''ਦਰਸ਼ਨ ਦਿਗ-ਦਰਸ਼ਨ'' ਵਿਚ ਰਹਿਸਯਵਾਦ ਦੀ ਕਾਰਣ-ਸਾਮਗਰੀ ਉਪਰ ਲਿਖਿਆ ਹੈ : ''ਨਿਰਾਸ਼ਾਵਾਦ, ਰਹਿਸਯਵਾਦ, ਦੁੱਖਵਾਦ, ਲੋਕੋਤਰਵਾਦ ਉੱਥੇ ਹੀ ਉੱਸਰਦੇ ਹਨ ਜਿਥੋਂ ਦੀ ਧਰਤੀ ਉੱਥੋਂ ਦੇ ਆਗੂਆਂ ਨੂੰ ਸੰਤੁਸ਼ਟ ਕਰ ਦਿੰਦੀ ਹੈ । ਜਾਂ ਤਾਂ ਲਗਾਤਾਰ ਯੁੱਧ,ਰਾਜਗਰਦੀ ਤੇ ਇਸ ਦੇ ਕਾਰਣ ਆਉਣ ਵਾਲੇ ਕਾਲ, ਮਹਾਂਮਰੀ ਤੇ ਭੁੱਖਮਰੀ ਜੀਵਨ ਨੂੰ ਕੌੜਾ ਬਣਾ ਦੇਂਦੇ ਹਨ ਜਾਂ ਸਮਾਜ ਦੀ ਅੰਦਰਲੀ ਹਾਲਤ ਇਨ੍ਹਾਂ ਨੂੰ ਅੰਸਤੁਸ਼ਟ ਬਣਾ ਦਿੰਦੀ ਹੈ । ਸਤਵੀਂ ਅਠਵੀਂ ਸਦੀ ਈ: ਪੂ: ਭਾਰਤ ਵਿਚ ਉਪਨਿਸ਼ਦਾਂ ਦਾ ਨਿਰਾਸ਼ਾਵਾਦ ਤੇ ਰਹਿਸਯਵਾਦ ਇਨ੍ਹਾਂ ਹੀ ਹਾਲਤਾਂ ਵਿਚੋਂ ਪੈਦਾ ਹੋਇਆ ਸੀ ਅਤੇ ਸਮਾਜ ਨੂੰ ਬਦਲਣ ਦੀ ਥਾਂ ਸਥਿਰਤਾ ਦੇ ਕੇ, ਵਿਚਾਰਧਾਰਾਵਾਂ ਨੂੰ ਸਥਿਰਤਾ ਦਿਤੀ ਗਈ ਸੀ ।''

ਇਹੀ ਅੰਦਰਲੀਆਂ ਹਾਲਤਾਂ ਜਦੋਂ ਖੇਰੂੰ-ਖੇਰੂੰ ਹੁੰਦੇ ਜਾਂਦੇ ਅਤੇ ਡਿਗ ਰਹੇ ਯੂਨਾਨੀ ਕਬੀਲਸ਼ਾਹੀ ਸਮਾਜ ਵਿਚ ਪੈਦਾ ਹੋਈਆਂ ਤਾਂ ਉਥੋਂ ਦੇ ਦਰਸ਼ਨ ਉਪਰ ਵੀ ਭਾਰਤੀ ਰਹਿਸਯਵਾਦ ਦੀ ਛਾਪ ਲੱਗੀ । ਭਾਰਤੀ ਰਹਿਸਯਵਾਦ-ਨਿਰਾਸ਼ਾਵਾਦ ਦਾ ਅਸਰ, ਪ੍ਰੱਤਖ ਰੂਪ ਵਿਚ ਫਾਰਸ ਤੋਂ ਅੱਗੇ ਅਪੱੜ ਚੁਕਾ ਸੀ ।

ਯੂਨਾਨੀ ਦਰਸ਼ਨ ਵਿਚ ਅਫ਼ਲਾਤੂਨ ਨਾ ਹੀ ਤਾਂ ਸੁਕਰਾਤ ਜਿੰਨਾ ਵਸਤੂਵਾਦੀ ਸੀ ਤੇ ਨਾ ਹੀ ਅਰਸਤੂ ਵਾਂਗ ਬੁੱਧੀ ਨੂੰ ਸਮਾਜਿਕ ਉਨੱਤੀ ਲਈ ਜ਼ਰੂਰੀ ਸਮਝਦਾ ਸੀ । ਪਰ ਫੇਰ ਵੀ ਉਸਨੇ ਕਿਹਾ ਸੀ ਕਿ ਬੁੱਧੀ ਅਨੁਭਵ ਤੋਂ ਉਪਰ ਹੈ । ਇਥੋਂ ਤਕ ਕਿ ਵਿਕਸਤ ਹੋ ਚੁਕੇ ਯੂਨਾਨੀ ਦਰਸ਼ਨ ਉਪਰ ਜਦ ਭਾਰਤੀ ਨਿਰਾਸ਼ਵਾਦੀ-ਰਹਿਸਯਵਾਦ ਦਾ ਅਸਰ ਹੋਇਆ ਤਾਂ ਨਵ-ਅਫਲਾਤੂ ਵਾਦ (Neo-Platoism) ਦੀ ਨੀਂਹ ਪਈ ।

ਨਵ-ਅਫ਼ਲਾਤੂਵਾਦ ਵਿਚ ਬੁੱਧੀ ਤੋਂ ਉਪਰ ਆਤਮਨਭੂਤੀ (Intuition) ਨੂੰ ਮੰਨਿਆ ਗਿਆ ਹੈ । ਅਨੁਭਵ (ਅਮਲ) ਤੇ ਬੁੱਧੀ ਤੋਂ ਆਤਮਾਨੁਭੂਤੀ ਦਾ ਇਹੀ ਫ਼ਰਕ ਰਹਿਸਯਵਾਦ ਦੇ ਪੂਰੇ ਖਾਸੇ ਨੂੰ ਦਸਦਾ ਹੈ

ਅਸਲ ਵਿਚ ਆਤਮਾਨੁਭੂਤੀਵਾਦ ਰਹਿਸਯਵਾਦ ਦੀ ਬੁਨਿਆਦ ਬੰਨ੍ਹਦਾ ਹੈ । ਇਸੇ ਲਈ ਇਹ ਧਰਮ ਨਾਲ (ਜੋ ਇਕ ਤਰ੍ਹਾਂ ਸਮਾਜਿਕ ਅਮਲ ਹੈ) ਨਾਲ ਜੁੜਿਆ ਵੀ ਜਾਪਦਾ ਹੈ ਤੇ ਵੱਖ ਵੀ । ਇਸੇ ਲਈ ਰਾਹੁਲ ਸੰਕ੍ਰਿਤਿਆਇਨ ਨੇ ਕਿਹਾ ਹੈ: ''ਨਵ-ਅਫਲਾਤੂਵਾਦ; ਰਹਿਸਯਵਾਦ ਤੇ ਅਧਿਆਤਮ ਸ਼ਾਸਤਰ ਦਾ ਅਜੀਬ ਮਿਸ਼੍ਰਣ ਸੀ ।'' ਨਵ-ਅਫਲਾਤੂਵਾਦ ਤੋਂ ਹੀ ਪ੍ਰਭਾਵਿਤ ਹੋ ਕੇ ਸੰਤ ਅਗਸਤਸ ਜਾਂ ਅਗਸਤਨ ਨੇ ਇਸਾਈ ਮੱਤ ਨਾਲ ਰਹਿਸਯਵਾਦ ਨੂੰ ਜਾ ਜੋੜਿਆ ।

ਪ੍ਰਸ਼ਨ ਹੁੰਦਾ ਹੈ ਕਿ ਕੀ ਰਹਿਸਯਵਾਦ ਇਕ ਦਰਸ਼ਨ ਹੈ ?

ਜਿੱਥੇ ਸਾਹਿਤ ਮੁਨਖ, ਕੁਦਰਤ ਅਤੇ ਰੱਬ ਸੰਬੰਧੀ ਸਭ ਜਜ਼ਬਿਆਂ ਨੂੰ ਮਹਿਸੂਸ ਤੇ ਪ੍ਰਗਟ ਕਰਦਾ ਹੈ, ਉਥੇ ਦਰਸ਼ਨ ਮੁਨਖ, ਕੁਦਰਤ ਤੇ ਕੁਦਰਤ ਦੀ ਚਾਲਕ ਸ਼ਕਤੀ ਜਾਂ ਰੱਬ ਸਬੰਧੀ; ਕੀ, ਕਿਉਂ, ਕਿਥੇ, ਕਿਵੇਂ ਆਦਿਕ ਸਭ ਪ੍ਰਸ਼ਨਾਂ ਦਾ ਉਤਰ ਦੇਂਦਾ ਹੈ । ਜਿਥੇ ਕਿਤੇ ਵੀ ਰਹਿਸਯਵਾਦ ਆਉਂਦਾ ਹੈ, ਸਾਨੂੰ ਇਨ੍ਹਾਂ ਪ੍ਰਸ਼ਨਾਂ ਸੰਬੰਧੀ ਹੀ ਕੁਝ ਦਾਰਸਨਿਕਾਂ ਵਲੋਂ, ਕੁਝ ਪ੍ਰਗਟਾਇਆ ਦਿਸਦਾ ਹੈ । ਇਸ ਲਈ ਰਹਿਸਯਵਾਦ ਬੁਨਿਆਦੀ ਤੌਰ ਤੇ ਫਿਲਾਸਫੀ, ਯਾ ਦਰਸ਼ਨ ਦਾ ਇੱਕ ਅੰਗ ਹੈ ।

CC-0. In Public Domain. Gurukul Kangri Collection, Haridwar

ਇਹ ਕਿਸ ਪ੍ਰਕਾਰ ਦਾ ਦਰਸ਼ਨ ਹੈ ?

Digitized by Arya Samaj Foundation Chennai and eGangotri

ਜਿਵੇਂ ਸਾਹਿਤ ਨੂੰ ਅਸੀਂ ਦੋ ਪੱਖਾਂ ਤੋਂ ਆਮ ਤੌਰ ਤੇ ਦੇਖਦੇ ਹਾਂ; ਵਿਸ਼ੇ ਜਾਂ ਸਾਮਗ੍ਰੀ ਅਤੇ ਰੂਪ ਦੇ ਪੱਖ ਤੋਂ ; ਇੰਜ ਹੀ ਦਰਸ਼ਨ ਦੇ ਦੋ ਪੱਖ ਹਨ:ਵਿਆਖਿਆ (Interpretation) ਅਤੇ ਪਹੁੰਚ (Approach) । ਦਰਸ਼ਨ ਦਾ ਇਤਿਹਾਸ ਦਸਦਾ ਹੈ ਕਿ'ਵਿਆਖਿਆ'ਉਹ ਦਾਰਸ਼ਨਿਕ ਤੱਥ ਹੈ ਜਿੱਥੇ ਸਾਨੂੰ ਦਰਸ਼ਨ ਪੁਚਾਉਂਦਾ ਹੈ ਅਤੇ 'ਪਹੁੰਚ' ਉਹ ਤਰਕ, ਮਨਤਕ ਜਾਂ ਢੰਗ ਹੈ ਜਿਸ ਨਾਲ ਅਸੀਂ ਇੱਕ ਦਾਰਸ਼ਨਿਕ ਸਚਾਈ ਤੱਕ ਪੁਜਦੇ ਹਾਂ । ਇਸੇ ਲਈ ਵੈਦਿਕ ਸਮੇਂ ਤੋਂ ਮਗਰੋਂ ਦੇ ਦੁਖੀ ਤੇ ਗੁੰਝਲ ਦਾਰ ਸਮਾਜ ਵਿਚ ਜਿਹੜੇ ਦਰਸ਼ਨ ਦਾ ਵਿਕਾਸ ਹੋਇਆ, ਉਸਨੂੰ ਨਿਰਾਸ਼ਾਵਾਦੀ-ਰਹਿਸਯਵਾਦੀ ਕਿਹਾ ਗਿਆ ਹੈ । ਇਸ ਲਈ ਸ਼ਹਿਨਸ਼ਾਹੀ ਵੇਲੇ ਅੱਗੇ ਵਧੇ ਫਾਰਸੀ ਸਾਮਰਾਜ ਦਾ ਜਦੋਂ ਇਸਲਾਮੀ ਅਰਬ ਦੀ ਕਬੀਲਾ ਸ਼ਾਹੀ ਹੱਥੋਂ ਪਤਨ ਹੋਇਆ ਤਾਂ ਉੱਥੇ ਕਿੰਦੀ ਤੇ ਉਸ ਤੋਂ ਪਿਛੋਂ ਆਉਣ ਵਾਲਿਆਂ ਵਿਚਾਰਕਾਂ ਰਾਹੀਂ ਜਿਸ ਦਰਸ਼ਨ ਦਾ ਵਿਕਾਸ ਹੋਇਆ ਉਸਨੂੰ ਰਹਿਸਯਵਾਦੀ ਵਸਤੂਵਾਦ ਕਿਹਾ ਜਾਂਦਾ ਹੈ ।

ਇਥੇ ਹੀ ਸਾਨੂੰ ਸਪਸ਼ਟ ਹੁੰਦਾ ਹੈ ਕਿ ਦਾਰਸ਼ਨਿਕ ਰਹਿਸਯਵਾਦ ਦੇ ਅਰਥ ਹਨ: ਸਚਾਈ ਦੀ ਅਜਿਹੀ ਭਾਲ ਜਿਸ ਦਾ ਤਸੱਵਰ ਜਾਂ ਸੰਕਲਪ ਦਾਰਸ਼ਨਿਕ ਹੋਵੇ ਅਤੇ ਜਿਥੇ ਪਹੁੰਚਿਆ ਰਹਿਸਯਵਾਦ ਨੂੰ ਮਾਧਿਅਮ ਬਣਾ ਕੇ ਜਾਏ ।

ਅਧਿਆਤਮਕ-ਰਹਿਸਯਵਾਦ ਦੇ ਅਰਥ ਅਜਿਹੇ ਸੱਚ ਦੇ ਹਨ ਜਿਸ ਦੀ 'ਵਿਆਖਿਆ' ਦਾਰਸ਼ਨਿਕ ਹੈ ਤੇ 'ਪਹੁੰਚ' ਰਹਿਸਯਵਾਦੀ ।

ਇੰਜ ਹੀ ਰੋਮਾਂਟਿਕ ਰਹਿਸਯਵਾਦ ਦਾ ਵਿਸ਼ਲੇਸ਼ਣ ਇਉਂ ਕੀਤਾ ਜਾ ਸਕਦਾ ਹੈ: ਉਹ ਸੋਚ-ਪ੍ਰਬੰਧ ਜਿਸਦਾ ਮੰਤਵ ਮਨੁਖ, ਕੁਦਰਤ ਤੇ ਰੱਬ ਦਾ ਪਿਆਰ ਹੈ ਅਤੇ ਜਿਸ ਨੂੰ ਸਮਝਣ ਤੇ ਪਾਉਣ ਦਾ ਢੰਗ ਰਹਿਸਵਾਦੀ ਹੈ ।

ਰੱਬ ਨੂੰ ਪਾਉਣ ਦੇ ਕਿਉਂਕਿ ਕਈ ਢੰਗ ਹਨ ਇਸ ਲਈ ਅਧਿਆਤਮਵਾਦ ਸਭ ਪੱਖਾਂ ਜਾਂ ਧਰਮਾਂ ਵਿਚ ਸਾਨੂੰ ਰਹਿਸਯਵਾਦ ਦੀ ਹੋਂਦ ਨਹੀਂ ਦਿਸਦੀ । ਧਾਰਮਿਕ ਰੰਗਤ ਵਿਚ ਰੰਗੀਜ ਕੇ ਇਕਨਾਂ ਨੇ ਰੱਬ ਨੂੰ ਦੂਰੋਂ ਜਾਂ ਨੇੜਿਓ ਅਨਿਸਚਤ ਰੂਪ ਵਿਚ ਤੱਕਿਆ ਹੈ ਤੇ ਦੂਜੇ ਉਸ ਵਿਚ ਓਤ ਪੋਤ ਹੋ ਗਏ ਹਨ ; ਅਭੇਦ ਹੋ ਗਏ ਹਨ ਅਤੇ ਅਭੇਦ ਹੋਏ ਹੀ ਉਸ ਸੰਬੰਧੀ ਅਨਿਸਚਿਤ ਜਾਂ ਨਿਸਚਤ ਰੂਪ ਵਿਚ ਬੋਲਦੇ ਹਨ । ਇਨ੍ਹਾਂ ਦੋਹਾਂ ਕਿਸਮਾਂ ਦੇ ਅਧਿਆਤਮਵਾਦੀਆਂ ਨੂੰ ਕਰਮਵਾਰ ਅਨਿਸਚਿਤ ਤੇ ਨਿਸਚਿਤ ਅਧਿਆਤਮਕ ਰਹਿਸਯਵਾਦੀ ਕਿਹਾ ਗਿਆ ਹੈ ।

ਧਰਮ ਕਿਉਂਕਿ ਮਨੁਖ ਨੂੰ ਆਤਮਕ ਸ਼ਾਂਤੀ ਲਈ ਪਰਮ ਸਚਾਈ ਜਾਂ ਰੱਬ ਤਕ ਪੁਚਾਉਣ ਦਾ ਰਸਤਾ ਬਣਿਆ ਰਿਹਾ ਹੈ ਇਸ ਲਈ ਇਸਦਾ ਨਿਕਾਸ ਸਮੇਂ ਦੀਆਂ ਸਮਾਜਿਕ ਹਾਲਤਾਂ ਦੇ ਵਿਰੁਧ ਕਿਸੇ ਸਿਧਾਂਤ ਉਤੇ, ਆਧਾਰਿਤ ਰਿਹਾ ਹੈ । ਪਰ ਧਰਮ ਜਾਂ ਮਜ਼ਬ, ਸਮਾਂ ਪਾ ਕੇ ਆਪਣੇ ਸਿਧਾਂਤ ਸਬੰਧੀ ਕੱਟੜ ਅਤੇ ਵਿਰੋਧੀ ਸਿਧਾਂਤ ਉਤੇ ਜਾਬਰ ਵੀ ਬਣ ਜਾਂਦਾ ਰਿਹਾ ਹੈ । ਇਸ ਲਈ ਉਹ ਆਪਣੀ ਚੜ੍ਹਤਲ ਸਮੇਂ ਦਰਸ਼ਨ ਦਾ ਵੈਰੀ ਵੀ ਬਣਦਾ ਰਿਹਾ ਹੈ ।

ਦੂਜੇ ਧਰਮ ਦੇ ਅਸਥਾਨ ਢਾਹੁਣੇ, ਉਨ੍ਹਾਂ ਸਿਧਾਂਤਾਂ; ਨਿਰੋਲ ਦਰਸ਼ਨ, ਨੂੰ ਮੇਟਣ ਲਈ ਕਿਤਾਬਾਂ ਤੇ ਮਨੁਖਾਂ ਨੂੰ ਹੀ ਮਾਰ-ਸਾੜ ਸੁੱਟਣਾ ਆਮ ਰਿਹਾ ਹੈ । ਇਸੇ ਲਈ ਜਿਸ ਸਮੇਂ ਇਸਾਈਅਤ ਦੀ ਜਿੱਤ ਮਗਰੋਂ ਲਾਟ ਪਾਦਰੀ ਥੇਵਫਿਲ, ਸਿੰਕਦਰੀਆ ਦੇ ਪੁਸਤਕਾਲੇ ਦੀਆਂ ਸਭ ਧਾਰਮਿਕ ਤੇ ਦਾਰਸ਼ਨਿਕ ਪੁਸਤਕਾਂ ਸਾੜ ਰਿਹਾ ਸੀ, ਉਸ ਸਮੇਂ ਮਿਲਾਨ (ਇਟਲੀ) ਦਾ ਦਾਰਸ਼ਨਿਕ-ਵਿਦਿਆਰਥੀ ਆਗਸਤਸ ਤਲਵਾਰ ਤੋਂ ਡਰਦਾ ਇਸਾਈ ਬਣਿਆ । ਇਸਾਈ ਮਤ ਤਾਂ ਉਸਨੇ ਧਾਰਨ ਕਰ ਲਿਆ ਪਰ ਉਸਦੇ ਦੁਖੀ ਤੇ ਸੂਖਮ ਹਿਰਦੇ ਨੂੰ ਯੇਰੋਸ਼ਲਮ ਦੇ ਪੁਰਾਣੇ ਸਮਾਜ ਨੂੰ ਦਿਤੀਆਂ ਈਸਾ ਦੀਆਂ ਸਿਖਿਆਵਾਂ, ਜੋ ਜਾਬਰ ਇਸਾਈਆਂ ਰਾਹੀਂ ਹੋਰ ਵੀ ਵਿਗੜ ਚੁਕੀਆਂ ਸਨ, ਸ਼ਾਂਤੀ ਨਹੀਂ ਸਨ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਦੀਆਂ । ਸਗੋਂ ਇਨ੍ਹਾਂ ਸਿਖਿਆਵਾਂ ਦੀ ਨਵੀਂ ਰਹਿਸਯਵਾਦੀ ਪਹੁੰਚ ਹੀ ਦਾਰਸ਼ਨਿਕ ਵਿਆਖਿਆ ਦੇ ਸਕਦੀ ਸੀ । ਅਤੇ ਇਸਾਈ ਇਤਿਹਾਸ ਅਤੇ ਸੰਸਾਰ-ਧਰਮ-ਸ਼ਾਸਤ੍ਰ ਦੀ ਇਹ ਇਤਹਾਸਕ ਸਚਾਈ ਹੈ ਕਿ ਆਗਸਤਸ ਨੇ ਯੂਰਪੀ ਜਾਂ ਇਸਾਈ ਦਾਰਸ਼ਨਿਕ ਰਹਿਸਯਵਾਦ ਦੇ ਵਿਕਾਸ ਵਿਚ ਬੜਾ ਵੱਡਾ ਹਿੱਸਾ ਪਾਇਆ ।

ਧਰਮ ਕਿਉਂਕਿ ਨਿਰਾ ਮਨੁੱਖੀ ਸੂਝ ਨਾਲ ਹੀ ਨਹੀਂ, ਵਿਸ਼ਵਾਸ ਆਦਿਕ ਜਜ਼ਬਿਆਂ ਨਾਲ ਵੀ ਸੰਬੰਧਿਤ ਹੈ । ਜਜ਼ਬਿਆਂ ਨਾਲ ਹੀ ਸਬੰਧਿਤ, ਸਾਹਿਤ ਵੀ ਹੈ । ਦੂਜੇ ਪਾਸੇ ਧਰਮ ਜੀਵਨ ਨੂੰ ਹੀ ਅਕਸਾਉਂਦਾ ਤੇ ਪ੍ਰਤੀਨਿਧ ਕਰਦਾ ਹੈ । ਇਸ ਲਈ ਧਰਮ ਦਾ ਮੁੱਢਲੇ ਸਾਹਿਤਕ ਵਿਕਾਸ ਵਿਚ ਬੜਾ ਭਾਰਾ ਹੱਥ ਰਿਹਾ ਹੈ । ਸੰਸਾਰ ਭਰ ਦੇ ਧਰਮਾਂ ਤੇ ਮਜ਼੍ਹਬਾਂ ਨੇ ਚਿਰਜੀਵੀ ਸਾਹਿਤ ਦੁਨੀਆਂ ਨੂੰ ਦਿਤੇ ਹਨ ।

ਧਾਰਮਿਕ ਸਾਹਿਤ ਵਿਚ ਦੂਜੀਆਂ ਦਾਰਸ਼ਨਿਕ ਵਿਚਾਰ-ਧਾਰਾਵਾਂ ਦੇ ਨਾਲ ਤਾਂ ਰਹਿਸਯਵਾਦ ਨੇ ਆਉਣਾ ਹੀ ਸੀ ਪਰ ਸਾਹਿਤ ਦੀ ਆਪਣੀ ਲੋੜ ਵੀ ਰਹਿਸਯਵਾਦ ਲਈ ਰਾਹ ਖੋਲ੍ਹਦੀ ਸੀ । ਇਹ ਲੋੜ ਸੀ ਕਵਿਤਾ ਵਿਚ ਕਾਵਿਕ ਸੱਚ ਦੀ ।

ਕਾਵਿਕ ਸੱਚ ਇੰਨ-ਬਿੰਨ ਸੱਚ ਜਾਂ ਇਕ ਤੱਥ ਨਹੀਂ, ਸਗੋਂ ਇਸ ਵਿਚ ਹਡਸਨ ਦੇ ਵਿਚਾਰ ਅਨੁਸਾਰ ਕਲਪਨਾ ਤੇ ਭਾਵਾਂ ਦੀ ਛੋਹ ਹੁੰਦੀ ਹੈ, ਜਿਸ ਨਾਲ ਦੁਨੀਆਂ ਪ੍ਰਤਖ ਰੂਪ ਵਿਚ ਵੱਟ ਜਾਂਦੀ ਹੈ । ਦੂਜੇ ਪਾਸੇ ਰਹਿਸਯਵਾਦ ਵੀ ਇਸ ਜਾਂ ਉਸ ਦੁਨੀਆਂ ਦੇ ਕਿਸੇ ਵਰਤਾਰੇ ਜਾਂ ਰੱਬ ਸਬੰਧੀ ਜੋ ਕੁਝ ਦਸਦਾ ਹੈ ਉਹ ਬਾਹਰਮੁਖੀ ਰੂਪ ਵਿਚ ਕਿਸੇ ਤਰ੍ਹਾਂ ਵੀ ਕਾਵਿਕ ਸੱਚ ਤੋਂ ਵੱਖਰਾ ਨਹੀਂ ਜਾਪਦਾ । ਇਸੇ ਲਈ ਕਵਿਤਾ ਵਿਚ ਕਈ ਵਾਰ ਕਾਵਿਕ ਸੱਚ ਤੇ ਰਹਿਸਯਵਾਦੀ ਆਭਾ ਵਿਚ ਵਿਤਕਰਾ ਔਖਾ ਹੋ ਜਾਂਦਾ ਹੈ ।

ਇਹ ਆਮ ਖ਼ਿਆਲ ਬਣ ਗਿਆ ਹੈ ਕਿ ਸਾਹਿਤਕ ਰਹਿਸਯਵਾਦੀ ਦਾਰਸ਼ਨਿਕ ਰਹਿਸਯਵਾਦ ਤੋਂ ਗੁਣ ਵਿਚ ਕੁਝ ਕੁਝ ਜਾਂ ਬਿਲਕੁਲ ਵਖਰਾ ਹੈ । ਪਰ ਇਹ ਗਲ ਨਹੀਂ ਸਗੋਂ ਇਹ ਦਾਰਸ਼ਨਿਕ ਵਿਕਾਸ ਦਾ ਸਾਹਿਤਕ ਵਿਕਾਸ ਉਪਰ ਸਿੱਧਾ ਪਿਆ ਅਸਰ ਹੈ ।

ਦੋਵੇਂ ਰੁਚੀਆਂ ਇਕ ਜਾਂ ਦੂਜੀ ਸਟੇਜ ਤੇ ਇਕ ਤੀਜੀ ਹਸਤੀ ਦੀ ਹੋਂਦ, ਉਸ ਨਾਲ ਮੇਲ ਜਾਂ ਅਹਿਸਾਸ ਉਪਰ ਪੁਜਦੀਆਂ ਹਨ । ਇਸੇ ਲਈ ਐਨਸਾਈਕਲੋਪੀਡੀਆ ਬ੍ਰੀਟਾਨੀਕਾ ਵਿਚ ਇਸ ਨੂੰ ਸੋਚ ਦੇ ਨਾਲ ਨਾਲ ਜਜ਼ਬਾਤ ਦੀ ਇਕ ਰੁਚੀ ਦਸਿਆ ਹੈ

ਫੇਰ ਰਹਿਸਯਵਾਦ ਹੋਇਆ ਕੀ

ਰਹਿਸਯਵਾਦ, ਮਨੁੱਖ, ਕੁਦਰਤ ਤੇ ਕੁਦਰਤ ਦੀ ਚਾਲਕ ਸ਼ਕਤੀ; ਜੋ ਅੰਤਮ ਤੌਰ ਤੇ ਰੱਬ ਮੰਨੀ ਜਾਂਦੀ ਹੈ, ਸਬੰਧੀ ਜਾਨਣ ਜਾਂ ਅਨੁਭਵ ਕਰਨ ਦਾ ਅਜਿਹਾ ਢੰਗ ਹੈ ਜਿਸਦਾ ਆਧਾਰ ਸੰਸਾਰ ਤੇ ਸਮਾਜ ਦਾ ਕੋਈ ਵਰਤਾਰਾ ਜਾਂ ਸਚਾਈ ਹੁੰਦੀ ਹੈ । ਇਸ ਢੰਗ ਦੀ ਸੋਚ, ਸੰਸਾਰ ਦੇ ਕਿਸੇ ਵਰਤਾਰੇ ਜਾਂ ਕਿਸੇ ਸਮਾਜਿਕ ਹਕੀਕਤ ਤੋਂ ਫੁਰਦੀ ਹੈ ਅਤੇ ਨਿਪਟ ਕਲਪਨਾ ਦੇ ਪੁਲਾੜ ਵਿਚ ਉਡਾਰੀਆਂ ਲਾ ਕੇ ਵਿਕਸਿਤ ਹੁੰਦੀ ਹੈ; ਕੋਈ ਦਾਰਸ਼ਨਿਕ ਨਤੀਜਾ ਕਢਦੀ ਹੈ । ਇਸੇ ਲਈ ਪਲੈਖਾਨੋਵ ਨੇ ਕਿਹਾ ਹੈ: "ਜਦੋਂ ਮਨੁਖ ਆਪਣੇ ਸੰਗੀਆਂ ਨਾਲ ਸਾਰੇ ਸਬੰਧ ਰੂਹਾਨੀ ਬਣਾਉਂਦਾ ਹੈ ਜਾਂ ਉਸਦਾ ਆਦਰਸ਼ਕ ਜੀਵਨ, ਸੰਸਾਰ ਤੋਂ ਆਪਣਾ ਤਿਨਕਾ ਤੋੜ ਲੈਂਦਾ ਹੈ ਤਾਂ ਉਸਦੀ ਕਲਪਨਾ ਉਸਨੂੰ ਉੱਚ ਗਗਨਾਂ ਵਿਚ ਉਡਾ ਲੈ ਜਾਂਦੀ ਹੈ ਅਤੇ ਉਹ ਰਹਿਸਯਵਾਦੀ ਬਣ ਜਾਂਦਾ ਹੈ ।"

ਤੇ ਇਸ ਵਿਚ ਕੋਈ ਸ਼ਕ ਨਹੀਂ ਕਿ ਕੋਈ ਸਾਹਿਤ ਜਾਂ ਸਿਧਾਂਤ; ਦੁਨੀਆਂ ਤੋਂ ਕਿੰਨਾ ਹੀ ਵਿਰਕਤ ਤੇ ਭਰੌੜਾ ਕਿਉਂ ਨਾ ਹੋਵੇ; ਕਿਉਂਕਿ ਉਹ ਲੋਕਾਂ ਵਿਚ ਜਾਂਦਾ ਹੈ, ਇਸਦਾ ਸਮਾਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪ੍ਰਤੀਕਰਮ ਹੋਣਾ ਕੁਦਰਤੀ ਹੈ। ਇਨੇ ਲਈ ਮਨੁੱਖ; ਕੁਦਰਤ ਅਤੇ ਖਾਸਕਰ ਰੱਬ ਸੰਬੰਧੀ, ਪ੍ਰਸ਼ਨਾਂ ਦਾ ਉਤਰ ਦੇਂਦਾ ਹੋਇਆ ਰਹਿਸਯਵਾਦ; ਮਨੁੱਖ ਨੂੰ ਕਲਪਨਾਂ ਦੇ ਗਗਨਾਂ ਵਿਚ ਉਡਾਰੀਆਂ ਲੁਆ ਕੇ ਐਨਾ ਖੁਦਮਸਤ ਕਰ ਦੇਂਦਾ ਸੀ ਕਿ ਉਸਨੂੰ ਦੁਨੀਆਂ ਪ੍ਰਤੱਖ ਅਤੇ ਇਹ ਹਥਲਾ ਸੁਰਗ ਧੂਏਂ ਦਾ ਬੱਦਲ ਜਾਪਣ ਲਗ ਪੈਂਦਾ ਸੀ। ਇਸ ਢੰਗ ਦੀ ਪਹੁੰਚ ਅਪਨਾਉਣ ਨਾਲ ਦਰਸ਼ਨ ਦੀਆਂ ਕਈ ਪ੍ਰਨਾਲੀਆਂ ਵਿਚ ਗ਼ਲਤ ਕਤੀਜੇ ਕੱਢੇ ਗਏ, ਕਿਉਂਕਿ ਨਿਸ਼ਾਨਾ ਜਾਂ ਨੀਅਤ ਕਿੰਨੀ ਹੀ ਸਾਫ਼ ਕਿਉਂ ਨਾ ਹੋਵੇ, ਰਾਹ-ਢੰਗ ਗ਼ਲਤ ਅਪਨਾਉਣ ਨਾਲ ਸਫਲਤਾ ਦੀ ਸੰਭਾਵਨਾ ਹਥੋਂ ਛੁਟਕ ਜਾਂਦੀ ਹੈ।

ਪ੍ਰੀਤਮ ਸਿੰਘ ਸ਼ਫੀਰ ਦੀ ਕਵਿਤਾ 'ਮਿੱਟੀ ਦੀ ਮੁੱਠੀ' ਨੂੰ ਜੇ ਲਈਏ ਤਾਂ ਰਹਿਸਯਵਾਦ ਦੇ ਮਾਨਸਿਕ ਤੇ ਸਾਮਜਿਕ ਖਾਸੇ ਦਾ ਪਤਾ ਲਗਦਾ ਹੈ। ਕਵੀ ਉਸ ਕਵਿਤਾ ਵਿਚ ਮਿੱਟੀ ਦੀ ਇਕ ਮੁਠ ਨੂੰ ਚੁਕ ਕੇ ਕਲਪਨਾ ਰਾਹੀਂ ਦੇਖਦਾ ਹੈ – ਮਿੱਟੀ ਜੋ ਜ਼ੱਰਾ-ਜ਼ੱਰਾ ਹੋਈ ਉੱਡੀ ਫਿਰਦੀ ਹੈ। ਇਥੇ ਕਲਪਨਾ ਨੇ ਸਾਮਾਜਿਕ ਪੱਖ ਨੂੰ ਨਹੀਂ ਛਡਿਆ। ਅੱਗੋਂ ਇਸੇ ਮਿੱਟੀ ਦੇ ਜ਼ੱਰੇ-ਜ਼ੱਰੇ ਵਿਚ ਕਵੀ ਨੂੰ ਹੁਸੀਨਾ ਦੇ ਚਿਹਰੇ ਦਿਸਦੇ ਹਨ। ਕਲਪਨਾ ਦੀ ਉਡਾਰੀ ਇਥੇ ਹੋਰ ਉੱਚੀ ਹੋ ਗਈ ਹੈ ਪਰ ਸਾਮਾਜਿਕ ਵਿਸ਼ਲੇਸ਼ਣ ਦਾ ਪੱਲਾ ਹਥੋਂ ਅਜੇ ਨਹੀਂ ਛੁੱਟਿਆ। ਕਵਿਤਾ ਹੋਰ ਸੁੰਦਰ ਸ਼ਬਦਾਂ ਅਤੇ ਪ੍ਰਗਟਾਵਿਆਂ ਰਾਹੀਂ ਅੱਗੇ ਵੱਧਦੀ ਜਾਂਦੀ ਹੈ। ਅਤੇ ਅਖ਼ੀਰ ਕਵੀ ਇਸ ਇੱਛਾ ਤੇ ਪੁਜ ਜਾਂਦਾ ਹੈ ਕਿ ਕੋਈ ਆਵੇ ਤੇ ਆ ਕੇ ਮਿੱਟੀ ਵਿਚ ਜਾਨ ਪਾਵੇ। ਇਹ ਹੈ ਉਹ ਥਾਂ ਜਿੱਥੇ ਕਵਿਤਾ ਦਾ ਸਾਮਾਜਿਕ ਪੱਖ ਖ਼ਤਮ ਹੋ ਕੇ ਕੇਵਲ ਕਲਪਨਾ-ਆਧਾਰ ਰਹਿ ਗਿਆ ਹੈ।

ਇਹੀ ਕੁਝ ਸਾਨੂੰ ਭਾਈ ਵੀਰ ਸਿੰਘ ਤੇ ਹੋਰਨਾਂ ਰਹਿਸਯਵਾਦੀਆਂ ਦੀਆਂ ਕਾਵਿ-ਰਚਨਾਵਾਂ ਵਿਚ ਮਿਲਦਾ ਹੈ ਜਿਥੇ ਕਵੀ ਸੰਸਾਰਕ ਤੇ ਪ੍ਰਾਕਿਰਤਕ ਵਰਤਾਰਿਆਂ ਉਪਰ ਆਧਾਰਿਤ ਕਰਕੇ ਆਪਣੇ ਵਿਚਾਰ ਨੂੰ ਚੁਕਦਾ ਤੇ ਕਲਪਨਾ ਵਿਚ ਉਡਾਰੀ ਮਾਰਦਾ ਹੈ। ਇਸ ਵਰਤਾਰੇ ਦੇ ਭੇਤ ਲੱਭਣ ਦੇ ਯਤਨ ਵਿਚ ਉਹ ਹੋਰ ਉੱਚਾ ਜਾਂਦਾ ਅਤੇ ਆਪ ਵਿਸਮਾਦਤ ਹੁੰਦਾ ਤੇ ਪਾਠਕ, ਸਰੋਤੇ ਨੂੰ ਸੁਆਦੋ-ਸੁਆਦ ਕਰਦਾ ਹੈ। ਪਰ ਇਹ ਕਲਪਨਾ ਦਾ ਰਾਹ ਇਕ ਥਾਂ ਜਾ ਕੇ ਸਾਇੰਸੀ ਸੱਚ ਜਾਂ ਹਕੀਕਤਾਂ ਤੋਂ ਆਪਣਾ ਸਬੰਧ ਤੋੜ ਲੈਂਦਾ ਹੈ ਤੇ ਕਵੀ ਦਾ ਨਿਸ਼ਾਨਾ ਸੁਆਦਾਂ ਭਰਿਆ ਇਕ ਭੇਤ; ਇਕ ਰਹਿਸਯ ਬਣਕੇ ਰਹਿ ਜਾਂਦਾ ਹੈ। 'ਕੰਬਦੀ ਕਲਾਈ' ਵਿਚ ਸਾਮਾਜਿਕ ਵਰਤਾਰੇ ਨਾਲ ਸੁਪਣੇ ਤੇ ਕਲਪਨਾ ਦਾ ਪੱਖ ਕਮਾਲ ਦੀ ਹੱਦ ਤੱਕ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ, ਜਿਥੇ ਡਾ. ਭਾਈ ਵੀਰ ਸਿੰਘ ਕਹਿੰਦੇ ਹਨ, 'ਨਿਰਾ ਨੂਰ ਤੁਸੀਂ ਹੱਥ ਨ ਆਏ, ਸਾਡੀ ਕੰਬਦੀ ਰਹੀ ਕਲਾਈ' ਅਤੇ ਹਕੀਕਤਾਂ ਦਾ ਪੱਲਾ ਕਲਪਨਾ ਦੇ ਹੱਥੋਂ ਛੁਟਦਾ ਜਾ ਰਿਹਾ ਹੈ; ਜਦ ਕਵਿਤਾ: 'ਉਡਦਾ ਜਾਂਦਾ ਪਰ ਉਹ ਆਪਣੀ ਛੋਹ ਸਾਨੂੰ ਗਿਆ ਲਾਈ' ਤਕ ਪੁਜਦੀ ਹੈ। ਇਸ ਤੋਂ ਅਗੇ ਸੁਆਦੋ-ਸੁਆਦ ਹੋਇਆ ਕਵੀ ਸਭ ਕੁਝ ਭੁੱਲਾ ਪਿਆ ਹੈ; ਸੱਚ ਦੀ ਭਾਲ ਵੀ, ਜਦ ਉਹ ਕਹਿੰਦਾ ਹੈ, ''ਮਿੱਟੀ ਚਮਕ ਇਹ ਮੋਈ ਤੇ ਤੁਸੀਂ ਲੂੰਆਂ ਵਿਚ ਲਿਸ਼ਕੇ''

ਇਸੇ ਲਈ ਰਹਿਸਯਵਾਦ ਸੰਬੰਧੀ ਇਹ ਵੀ ਕਿਹਾ ਜਾਂਦਾ ਹੈ ਕਿ ਸੱਚ ਤਕ ਪੁੱਜਣ ਦੀ ਦਾਰਸ਼ਨਿਕ 'ਪਹੁੰਚ' ਵਿਚ ਇਸ ਦੇ ਵਿਗਿਆਨਕ ਤੇ ਹਕੀਕੀ ਨਾ ਹੋਣ ਕਾਰਣ ਰਹਿਸਯਵਾਦ ਵਿ[illegible] ਇਕ ਤੀਜੀ ਹਸਤੀ ਜਾਂ ਰੱਬ ਦਾ ਅਹਿ[illegible]ਸ ਜ਼ਰੂਰ ਮਿਲਦਾ ਹੈ।

ਫੇਰ ਪ੍ਰਸ਼ਨ ਹੁੰਦਾ ਹੈ ਕੀ ਗੁਰਬਾਣੀ ਵਿਚ ਰਹਿਸਯਵਾਦ ਹੈ ? ਜਾਂ, ਕੀ ਗੁਰੂ ਨਾਨਕ ਰਹਿਸਯਵਾਦੀ ਸਨ ?

CC-0. In Public Domain. Gurukul Kangri Collection, Haridwar
[illegible] ਗੁਰਬਾਣੀ ਅਤੇ ਗੁਰੂ ਨਾਨਕ ਰਹਿਸਯਵਾਦੀ ਹਨ, ਜਿਥੋਂ ਤਕ ਰੱਬ ਜਾਂ ਤੀਜੀ ਹੱਸਤੀ ਦੀ ਹੋਂਦ ਦਾ ਸਬੰਧ ਹੈ।

Digitized by Arya Samaj Foundation Chennai and eGangotri

ਉਨ੍ਹਾਂ ਦਾ ਅਧਿਆਤਮਵਾਦ ਬਹੁਤ ਹਦ ਤਕ ਰਹਿਸਯਵਾਦੀ ਨਾਲੋਂ ਸਾਮਜਿਕ ਵੱਧ ਹੈ । ਪਰ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਅਧਿਆਤਮਵਾਦ ਨਹੀਂ; ਰਹਿਸਯਵਾਦ ਸਾਮਜਿਕ ਹੈ ।

ਰਹਿਸਯਵਾਦ ਇਕ ਸਿਧਾਂਤਕ ਪ੍ਰਣਾਲੀ ਤਾਂ ਸੀ ਹੀ; ਪਰ ਇਸੇ ਸੰਸਾਰ ਦੇ ਧਾਰਮਿਕ ਤੇ ਅਧਿਆਤਮਕ ਰੁੱਚੀਆਂ ਵਾਲੇ ਮਹਾਨ ਕਵੀ ਵੀ ਪੈਦਾ ਕੀਤੇ । ਇਸ ਦਾਰਸ਼ਨਿਕ ਪ੍ਰਣਾਲੀ ਦੀ ਰਚਨਾ ਦੇ ਲੰਮੇ ਸਮੇਂ ਵਿਚ ਆਪਣੇ ਸ਼ਬਦ, ਆਪਣੇ ਪ੍ਰਗਟਾਵੇ, ਆਪਣੇ ਭਾਵ, ਇਕ ਵਖਰਾ ਰਸ-ਰੰਗ ਪੈਦਾ ਹੋ ਚੁਕੇ ਸਨ ਇਸ ਲਈ ਵਾਰ ਜਾਂ ਹੋਰਨਾਂ ਕਈਆਂ ਰਚਨ-ਰੂਪਾਂ ਵਾਂਗ ਇਹ ਪ੍ਰਣਾਲੀ ਇਕ ਵਖਰੇ ਸਾਹਿਤਕ ਪ੍ਰਗਟਾਵੇ (Expression) ਦੇ ਰੂਪ ਵਿਚ ਵੀ ਵਿਕਸਿਤ ਹੋ ਚੁਕੀ ਸੀ ।

ਗੁਰੂ ਸਾਹਿਬ ਮੁਤੱਅਸਬ ਅਤੇ ਕੱਟੜ ਤੁਰਕ ਸੁਲਤਾਨਾਂ ਦੇ ਸਮੇਂ ਵਿਚ ਨਹੀਂ; ਹਮਲਾਵਰ ਪਰ ਕੁਝ ਵਧੇਰੇ ਖੁਲ੍ਹ-ਦਿਲੇ ਮੁਗ਼ਲਾਂ ਦੇ ਸਮੇਂ ਵਿਚ ਆਪਣੀ ਕਵਿਤਾ ਦੀ ਰਚਨਾ ਕਰ ਰਹੇ ਸਨ । ਜਦੋਂ "ਰਾਜੇ ਸ਼ੀਂਹ ਮੁਕੱਦਮ ਕੁੱਤੇ" ਕਹੇ ਜਾ ਸਕਦੇ ਸਨ, ਜਦੋਂ ਧਾਰਮਿਕ ਦੰਭੀਆਂ ਉਤੇ ਚੋਟਾਂ ਕੀਤੀਆਂ ਜਾ ਸਕਦੀਆਂ ਸਨ, ਜਦੋਂ ਸੂਫੀ ਰਿੰਦਾਂ ਤੇ ਕਲੰਦਰਾਂ ਦੇ ਰੰਗ ਵਿਚ ਰੱਬ ਨੂੰ ਬੇਤਰਸ ਹੋਣ ਦੇ ਮਿਹਣੇ ਦਿਤੇ ਜਾ ਸਕਦੇ ਸਨ । ਇਸ ਲਈ ਰਹਿਸਯਵਾਦੀ ਢੰਗ, ਜੋ ਇਕ ਤਰ੍ਹਾਂ ਸੁਲਤਾਨੀ ਕਹਿਰ ਤੋਂ ਬਚਾਅ ਦਾ ਢੰਗ ਵੀ ਬਣ ਚੁਕਾ ਸੀ; ਨੂੰ ਆਪਨਾਉਣ ਦੀ ਲੋੜ ਨਹੀਂ ਸੀ । ਲੋੜ ਸੀ ਇਸ ਨੂੰ ਸਾਹਿਤ-ਪਰਿਪਾਟੀ ਵਜੋਂ ਅਪਨਾਉਣ ਦੀ ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਸਮੀਖਿਆ: ਸਿਧਾਂਤਕ, ਅਮਲੀ ਤੇ ਕੂਟਨੀਤਕ

ਸਭ ਕਲਾਵਾਂ ਬੁਨਿਆਦੀ ਤੌਰ ਤੇ ਮਨੁਖ ਦੀ ਕਿਰਤ ਹਨ। ਇਸ ਨੂੰ ਉਪ-ਪ੍ਰਮੇਯ (Corollary) ਦੇ ਰੂਪ ਵਿਚ ਇੰਜ ਵੀ ਕਿਹਾ ਜਾ ਸਕਦਾ ਹੈ : ਮਨੁਖ ਸੁਭਾਵਿਕ ਜਾਂ ਬੁਨਿਆਦੀ ਤੌਰ ਤੇ ਹਰ ਪ੍ਰਕਾਰ ਦਾ ਕਲਾਕਾਰ ਹੈ। ਸ਼ਾਇਦ ਕੁਝ ਅਜਿਹਾ ਹੀ ਅਨੁਭਵ ਕਰ ਕੇ ਕਿਹਾ ਗਿਆ ਕਿ; ਹਰ ਮਨੁਖ ਸੁਭਾਵਿਕ ਹੀ ਕਵੀ ਹੁੰਦਾ ਹੈ।

ਇਹ ਅਨੁਭਵ, ਉਚਾਰ ਸਾਹਿਤ ਜਾਂ ਕਾਵਿ-ਪ੍ਰਧਾਨ ਕਾਲ ਦੇ ਅਸਰ ਹੇਠ ਗ੍ਰਹਿਣ ਕੀਤਾ ਗਿਆ ਸੀ। ਅਤੇ ਵਾਰਤਕ ਦੀ ਬਹੁਲਤਾ ਸਮੇਂ (ਕਥਾ ਸਾਹਿਤ ਦੇ ਪ੍ਰਕਰਨ ਵਿਚ) ਇਸੇ ਅਨੁਭਵ ਨੂੰ ਕੁਝ ਇੰਜ ਹੀ ਕਿਹਾ ਗਿਆ : ਘਟੋ-ਘਟ ਇਕ ਚੰਗੀ ਕਹਾਣੀ ਜਾਂ ਚੰਗਾ ਨਾਵਲ ਹਰ ਮਨੁਖ ਆਪਣੇ ਬਾਰੇ ਤਾਂ ਜ਼ਰੂਰ ਹੀ ਲਿਖ ਸਕਦਾ ਹੈ।

ਹਰ ਮਨੁਖ ਨੂੰ ਬੁਨਿਆਦੀ ਤੌਰ ਤੇ ਕਵੀ ਜਾਂ ਕਥਾ-ਸਾਹਿਤ ਦਾ ਰਚਨਹਾਰ ਇਸ ਲਈ ਮੰਨਿਆ ਗਿਆ ਕਿ ਸਮੁੱਚੇ ਸਾਹਿਤ ਦਾ ਸੰਬੰਧ ਜਜ਼ਬੇ ਨਾਲ ਹੈ ... ਅਤੇ ਜਜ਼ਬੇ ਦਾ ਖ਼ਮੀਰ ਹਰ ਮਨੁਖ ਦੇ ਸੁਭਾ ਵਿਚ ਹੈ। ਹਰ ਮਨੁਖ ਸੁਭਾਵਿਕ ਹੀ ਆਲੋਚਕ ਵੀ ਹੈ।

ਫਿਲਮ ਦੇ ਚੰਗੇ ਦ੍ਰਿਸ਼, ਅਦਾਕਾਰ ਦੇ ਇਕ ਮਾਰਮਿਕ ਸੰਕੇਤ, ਕਵੀ ਦਰਬਾਰ ਵਿਚ ਕਿਸੇ ਚੰਗੇ ਸ਼ਿਅਰ ਜਾਂ ਬੰਦ ਉਪਰ ਵਾਹ-ਵਾਹ ਕਹਿ ਉਠਣਾ ਆਪਣੇ ਆਪ ਵਿਚ ਮੁਲਾਂਕਣ ਹੈ। ਇੰਜ ਹੀ ਆਲੋਚਨਾ ਹੈ: ਸਿਨਮਾ ਹਾਲ ਵਿਚੋਂ ਨਿਕਲਦਿਆਂ ਬਾਹਰ ਖੜੇ, ਅਨਜਾਣੇ ਬੰਦਿਆਂ ਵਲ ਮੂੰਹ ਕਰ ਕੇ ਕਹਿ ਦੇਣਾ – ਬਕਵਾਸ ਹੈ; ਪੜ੍ਹਦਿਆਂ, ਕਿਤਾਬ ਭੁਆ ਕੇ ਸੁੱਟ ਦੇਣੀ ਜਾਂ ਪਰੇ ਰਖ ਕੇ ਸੌਂ ਜਾਣਾ ਵੀ ਇਕ ਚੁਪ ਅਤੇ ਅਲਿਖਤ ਆਲੋਚਨਾ ਹੈ – ਲੇਖਣੀ ਉਪਰ, ਲੇਖਕ ਉਪਰ।

ਕਿਸੇ ਵਿਅਕਤੀ ਉਪਰ ਕੀਤੀ ਇਹ ਛਿਨ-ਭੰਗੁਰ ਆਲੋਚਨਾ, ਨਿੱਜੀ, ਜਮਾਤੀ ਅਤੇ ਸਮਾਜਕ ਪਸੰਦਾਂ-ਨਾਪਸੰਦਾਂ ਦਾ ਅਨੂਪਮ ਮੇਲ ਅਤੇ ਆਪ ਮੁਹਾਰਾ ਪ੍ਰਗਟਾਅ ਹੈ।

ਤਾਂ ਵੀ ਆਲੋਚਨਾ, ਕਵਿਤਾ ਜਾਂ ਸਾਹਿਤ-ਰਚਨਾ ਜਿੰਨੀ, ਅਤੇ ਜਹੀ, ਆਪ-ਮੁਹਾਰੀ ਨਹੀਂ। ਇਸ ਦਾ ਕੀ ਕਾਰਨ ਹੈ ?

ਲੇਖਕ ਦੇ ਮਨ ਉਪਰ ਵਸਤਾਂ ਤੇ ਵਰਤਾਰਿਆਂ ਦਾ ਇਕ ਭਾਵਕ ਅਕਸ ਪੈਂਦਾ ਹੈ। ਪ੍ਰਤੀਕਰਮ ਵਜੋਂ ਮਿਲੀ ਇਹ ਭਾਵੁਕਤਾ, ਇਹ ਮਾਨਸਿਕ ਅਨੁਭਵ; ਨਵੇਂ ਤੇ ਨਵੇਕਲੇ ਹੀ ਨਹੀਂ ਹੁੰਦੇ ਸਗੋਂ ਆਪਣੇ ਆਪ ਵਿਚ, ਫੁੱਟ ਨਿਕਲਣ, ਵਹਿ ਤੁਰਨ, ਪ੍ਰਗਟ ਕਰਨ ਦੀ ਪ੍ਰੇਰਨਾ ਅਤੇ ਸੰਪੂਰਣ ਹਿੰਮਤ ਵੀ ਹੁੰਦੇ ਹਨ। ਇੰਜ, ਲੇਖਕ ਆਪਣੇ ਰਚਨਾ-ਕਾਰਜ ਵਿਚ ਬੁਨਿਆਦੀ ਤੌਰ ਤੇ ਅਤੇ ਮੁਖ ਰੂਪ ਵਿਚ ਆਪ-ਮੁਹਾਰਾ ਹੁੰਦਾ ਹੈ।

ਪਰ ਆਲੋਚਕ ਦਾ ਕਾਰਜ, ਵਸਤਾਂ-ਵਰਤਾਰਿਆਂ ਨਾਲ ਸਿੱਧਾ ਸੰਬੰਧਤ ਨਾ ਹੋ ਕੇ ਇਨ੍ਹਾਂ ਦੇ ਪ੍ਰਤੀਕਰਮ ਵਜੋਂ ਨਿਕਲੀ ਕ੍ਰਿਤ ਨਾਲ ਸੰਬੰਧਤ ਹੁੰਦਾ ਹੈ। ਜੇ ਕਿਰਤ ਨਹੀਂ ਤਾਂ ਆਲੋਚਨਾ ਕਾਹਦੀ ! ਇਸੇ ਅਹਿਸਾਸ ਹੇਠ ਆਲੋਚਕ ਤੋਂ ਦੁਖੀ ਕਿਸੇ ਸਾਹਿਤਕਾਰ ਦਿਲ ਨੇ ਕਹਿ ਦਿਤਾ: ਆਲੋਚਕ, ਲੇਖਕ ਦੇ ਮੋਢਿਆਂ ਤੇ ਚੜ੍ਹ ਕੇ ਕਹਿੰਦਾ ਹੈ – ਦੇਖੋ ਉਚਾ ਮੈਂ ਹਾਂ। ਆਲੋਚਕ ਲੇਖਕ ਦੇ ਮੋਢੇ ਉਪਰ ਚੜ੍ਹਿਆ ਕੋਈ ਉਪਰ ਵਿਅਕਤੀ ਨਹੀਂ ਦਿਸਦਾ ਆਪਣਾ ਸਿਰ-ਗੁਪਤ ਹੈ। ਇਸ ਦੇ ਮੋਢਿਆਂ ਤੇ ਟਿਕਿਆ ਇਸ ਦਾ ਆਪਣਾ ਸਿਰ ਹੈ ਜਿਸ ਵਿਚ ਦਿਮਾਗ਼ ਹੁੰਦਾ ਹੈ। ਉਂਜ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਿਤ ਵੀ ਨਿਪਟ ਉਪਭਾਵਕਤਾ ਦੀ ਉਪਜ ਨਹੀਂ ਸਗੋਂ ਲੇਖਕ ਇਸ ਨੂੰ ਜਜ਼ਬੇ ਦਾ ਸਿਖਰ ਲੰਘਣ ਤੋਂ ਮਗਰੋਂ ਕੁਝ ਕੁ ਬੌਧਕ ਜਾਂ ਸਹਿਜ-ਅਵਸਥਾ ਵਿਚ ਲਿਖਦਾ ਹੈ ਪਰ ਆਲੋਚਕ ਮਨ ਤਾਂ ਇਸ ਅਰਧ-ਭਾਵਕ, ਅਰਧ ਬੌਧਕ ਕਿਰਤ ਦੀ ਤੁਲਨਾ ਆਪਣੇ ਤੇ ਪਰਾਏ ਅਨੁਭਵਾਂ ਕਿਰਤਾਂ ਜਾਂ ਪਹਿਲਾਂ ਬਣਾਏ ਮਾਪਾਂ ਨਾਲ ਕਰ ਕੇ ਦੇਖਦਾ ਹੈ। ਇੰਜ ਤੁੱਲਨਾ-ਦਰ-ਤੁੱਲਨਾ ਦਾ ਇਹ ਜੋਖਣ-ਪਰਖਣ ਕਾਰਜ – ਆਲੋਚਨਾ – ਆਪ ਮੁਹਾਰਾ ਨਹੀਂ, ਸਥਿਰ-ਵਿਚਾਰ-ਆਧਾਰਿਤ ਹੀ ਹੋ ਸਕਦਾ ਹੈ।

ਸਥਿਰ-ਵਿਚਾਰ-ਆਧਾਰਿਤ ਹੋਣ ਕਾਰਨ, ਆਲੋਚਨਾ ਕਾਰਜ, ਸਾਹਿਤ ਰਚਨਾ ਤੋਂ ਵਧੇਰਾ ਸੁਚੇਤ ਅਤੇ ਸਮੂਹਿਕ ਹੁੰਦਾ ਜਾਂਦਾ ਹੈ।

ਆਲੋਚਨਾ ਦਾ ਆਧਾਰ ਤਾਂ ਸਾਹਿਤ ਹੈ ਜਿਹੜਾ ਚੋਣ ਤੇ ਪ੍ਰਗਟਾਵੇ ਵਿਚ ਰਚਨਾਤਮਿਕ ਤੇ ਨਿੱਜੀ ਹੋਣ ਦੇ ਬਾਵਜੂਦ ਅਨੁਭਵ ਅਤੇ ਅਭਿਆਸ ਵਿਚ ਸਮੂਹਿਕ ਹੁੰਦਾ ਹੈ। ਇਸ ਲਈ ਸਾਹਿਤ ਦੀ ਆਲੋਚਨਾ ਆਪਣੇ ਖਾਸੇ ਵਿਚ ਦੂਹਰੀ ਸਮੂਹਿਕ ਹੁੰਦੀ ਹੈ।

ਆਲੋਚਨਾ ਦੇ ਕੋਣ, ਸੁਭਾਅ ਅਤੇ ਟੋਣ ਦੇ ਪੱਧਰ ਅਤੇ ਪਰਿਪਾਟੀਆਂ ਵੀ ਦੂਹਰੇ ਲੱਛਣਾਂ ਵਾਲੇ ਹੁੰਦੇ ਹਨ। ਇਕ ਪਾਸੇ ਆਪਣੇ ਯੁਗ, ਵਾਤਾਵਰਣ, ਮਾਨਸਿਕ ਜਟਿਲਤਾ ਅਤੇ ਭਾਸ਼ਾ-ਵਿਕਾਸ ਅਨੁਸਾਰ ਸਾਹਿਤ ਦੀਆਂ ਪਰਿਪਾਟੀਆਂ ਪੈਂਦੀਆਂ ਹਨ – ਜਿਨ੍ਹਾਂ ਨੂੰ ਆਲੋਚਨਾ ਆਧਾਰ ਬਣਾਉਂਦੀ ਹੈ। ਦੂਜੇ ਪਾਸੇ, ਆਲੋਚਨਾ ਦੇ ਆਪਣਾ ਸੁਭਾਅ, ਸ਼ੈਲੀ ਅਤੇ ਟੋਣ; ਯੁਗ ਕਾਲ ਅਤੇ ਵੇਗ ਅਨੁਸਾਰ ਬਣਦੇ ਹਨ ਅਤੇ ਆਲੋਚਨਾ ਦਾ ਆਪਣਾ ਸਿਧਾਂਤ ਪ੍ਰਗਟ ਹੁੰਦਾ ਹੈ। ਇੰਜ ਸਿਧਾਂਤਕ ਆਲੋਚਨਾ ਜਨਮ ਲੈਂਦੀ ਹੈ।

ਆਲੋਚਨਾ ਨੂੰ ਸਿਧਾਂਤਕ ਬਨਾਉਣ ਵਿਚ ਇਕ ਅਜਿਹੇ ਘਟਨਾ-ਪ੍ਰਵਾਹ ਦਾ ਹੱਥ ਹੈ ਜਿਹੜਾ ਪ੍ਰਸਪਰ ਕਰਮ (reciprocation) ਵਿਚ ਰਹਿੰਦਾ ਹੈ :

ਇਕ ਜਾਂ ਬਹੁਤੀਆਂ ਰਚਨਾਵਾਂ ਨੂੰ ਸਾਹਮਣੇ ਰਖ ਕੇ ਆਲੋਚਨਾ ਕੀਤੀ ਜਾਂਦੀ ਹੈ ਤਾਂ ਵਿਸ਼ੇ, ਸਾਮਗ੍ਰੀ ਰੂਪ ਆਦਿਕ ਸੰਬੰਧੀ ਹੌਲੀ-ਹੌਲੀ ਇਕ ਕਸਵੱਟੀ ਬਣਦੀ ਜਾਂਦੀ ਹੈ ਕੁਝ ਜਾਂ ਸਭਨਾਂ ਪੱਖਾਂ ਸੰਬੰਧੀ ਕਸਵੱਟੀ-ਅੰਸ਼ਾਂ ਨੂੰ ਸੰਕਲਿਤ ਕਰ ਕੇ ਕੋਈ ਵਿਦਵਾਨ ਦੇ ਸਮੁੱਚ ਜਾਂ ਕਿਸੇ ਅੰਗ-ਵਿਸ਼ੇਸ਼ ਸੰਬੰਧੀ ਪ੍ਰੀਭਾਸ਼ਾ ਕਰਦਾ ਹੈ ਜਿਵੇਂ ਕਾਵਿ ਸ਼ਾਸਤ੍ਰ ਵਿਚ ਅਰਸਤੂ ਅਤੇ 'ਨਟ ਸ਼ਾਸਤ੍ਰ' ਲਿਖ ਕੇ ਭਰਤ ਮੁਨੀ ਨੇ ਕੀਤੀ।

ਪਰ ਸਾਹਿਤ, ਜਿਸ ਦਾ ਸੰਬੰਧ ਜੀਵਣ ਅਤੇ ਇਸ ਦੇ ਬਦਲਦੇ ਅਨੁਭਵਾਂ ਨਾਲ ਹੁੰਦਾ ਹੈ, ਆਪਣੇ ਅੰਗ-ਪੱਖ ਤੇ ਨੁਹਾਰ-ਮੁਹਾਂਦਰਾ ਬਦਲਦਾ ਹੈ – ਪਿਛੇ ਪਿਛੇ ਬਦਲਦੀ ਹੈ ਆਲੋਚਨਾ – ਅਤੇ ਹੋਰ ਪਿਛੋਂ, ਪ੍ਰੀਭਾਸ਼ਾ ਬਦਲ ਕੇ ਇਸ ਤਬਦੀਲੀ ਨੂੰ ਸਮੋਂਦੀ ਸਮੇਟਦੀ ਹੈ। ਇੰਜ ਪ੍ਰੀਭਾਸ਼ਾ ਵੀ ਅੰਸ਼ਕ ਰੂਪ ਵਿਚ ਬਦਲਦੀ, ਸਮੁੱਚੇ ਰੂਪ ਵਿਚ ਸਮੇਟਵੀਂ ਜਾ ਸਰਬਾਂਗੀ ਬਣਦੀ ਅਤੇ ਚਲੰਤ ਸਾਹਿਤ ਨਾਲੋਂ ਸਥਿਰ ਅਵਸਥਾ ਵਿਚ ਰਹਿੰਦੀ ਹੈ।

ਇਸ ਘਟਨਾ-ਪ੍ਰਵਾਹ ਨੂੰ ਦੇਖਿਆਂ ਸਪਸ਼ਟ ਹੁੰਦਾ ਹੈ ਕਿ ਅਮਲੀ ਆਲੋਚਨਾ, ਪ੍ਰੀਭਾਸ਼ਾ ਨੂੰ ਕਸਵੱਟੀ ਬਣਾ ਕੇ ਆਪ ਵੀ ਇਸ ਤੋਂ ਪੂਰਬਨਿਸ਼ਚਿਤ ਹੁੰਦੀ ਹੈ।

ਅਕਾਦਮਿਕ-ਸਿਧਾਂਤਕ ਆਲੋਚਨਾ, ਇਕ ਸਮੇਂ ਜਾਂ ਦੌਰ ਦੇ ਲੇਖਕਾਂ ਦੀਆਂ ਉਤਮ ਕਿਰਤਾਂ ਦੇ ਸਾਂਝੇ ਅੰਸ਼ਾਂ ਨੂੰ ਸਾਹਮਣੇ ਰਖ ਕੇ ਕੀਤੀ ਜਾਂਦੀ ਹੈ ਇਸ ਲਈ ਇਹ ਜਾਂ ਤਾਂ ਗੁਰਬੰਦੀਆਂ (formulations) ਦੀਆਂ ਟੂਕਾਂ ਨਾਲ ਭਰਪੂਰ ਹੁੰਦੀ ਹੈ ਜਾਂ ਆਪ ਹੀ ਇਕ ਭਾਂਤ ਦੀ ਗੁਰਬੰਦੀ ਹੁੰਦੀ ਹੈ।

ਕਿਉਂਕਿ ਇਹ ਕਿਸੇ ਪ੍ਰੀਭਾਸ਼ਾ ਜਾਂ ਗੁਰਬੰਦੀ ਨੂੰ ਸਾਹਮਣੇ ਰਖ ਕੇ ਕੀਤੀ ਜਾਂਦੀ ਹੈ ਇਸ ਕਾਰਣ ਇਹ ਆਪਣੇ ਸਮੁੱਚੇ ਜੁੱਸੇ ਵਿਚ ਸਾਧਰਣੀਕ੍ਰਿਤ (Generalized) ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂਕਿ ਅਕਾਦਮਿਕ ਜਾਂ ਸਿਧਾਂਤਕ ਆਲੋਚਨਾ, ਗੁਰਬੰਦੀ ਅਤੇ ਸਾਧਾਰਣੀਕਰਣ ਉਪਰ ਆਧਾਰਿਤ ਹੁੰਦੀ ਹੈ ਇਸ ਲਈ ਇਹ ਸਤਿਕਾਰ-ਭਰਪੂਰ ਭਾਸ਼ਾ ਜਾਂ ਰਸਮੀ ਲਹਿਜੇ ਵਿਚ ਹੁੰਦੀ ਹੈ। ਸਿਧਾਂਤਕ ਆਲੋਚਨਾ, ਆਲੋਚਨਾ-ਹੇਠ-ਰਚਨਾ ਨਾਲ ਕੋਈ ਅੱਲ (Slang) ਜਾਂ ਨਾਂ, ਕੁ-ਨਾਂ ਵੀ ਜੋੜਦੀ ਹੈ; ਆਲੋਚਨਾ-ਹੇਠ-ਲੇਖਕ ਨੂੰ ਮੰਦਾ ਵੀ ਦਸਦੀ ਹੈ ਤਾਂ ਗਲ ਨੂੰ ਵਗਾਹ ਕੇ ਨਹੀਂ ਮਾਰਦੀ ਚਿੱਥ-ਚਿੱਥ ਮੂਹੋਂ ਕਢਦੀ ਹੈ।

ਆਲੋਚਨਾ; ਜਿੰਨੀ ਗੁਰਬੰਦੀ ਜਾਂ ਸਾਧਾਰਨੀਕਰਨ ਦੇ ਰੂਪ ਵਿਚ ਸਿਧਾਂਤਕ ਆਭਾ ਵਾਲੀ ਰਹਿੰਦੀ ਹੈ, ਉਨਾ ਚਿਰ ਲਿਖਤ ਨਾਲ ਇਸ ਦੀ ਟੱਕਰ ਅਤੇ ਖਹਿ ਘਟ ਹੁੰਦੀ ਹੈ ਪਰ ਜਿਉਂ ਹੀ ਇਹ ਕਿਸੇ ਲਿਖਤ ਜਾਂ ਲੇਖਕ ਵਿਸ਼ੇਸ਼ ਉਪਰ ਲਾਗੂ ਹੁੰਦੀ ਹੈ ਇਹ ਸਿਧਾਂਤਕ ਨਾ ਰਹਿ ਕੇ ਵਧੇਰੇ ਦ੍ਵੰਦਮਈ ਅਤੇ ਉਤੇਜਨਾ ਭਰਪੂਰ ਹੋ ਜਾਂਦੀ ਹੈ।

ਇਹ ਦ੍ਵੰਦਮਈ ਬਣ ਜਾਂਦੀ ਹੈ ਕਿਉਂਕਿ ਇਹ ਲੇਖਕ ਜਾਂ ਲੇਖਕ ਦੇ ਵਿਚਾਰ-ਪੱਖੀ ਅਤੇ ਵਿਚਾਰ-ਵਿਰੋਧੀ ਪਾਠਕਾਂ-ਆਲੋਚਕਾਂ ਵਿਚ ਵੱਖਰ ਤੇ ਖਹਿ ਪੈਦਾ ਕਰਦੀ ਹੈ – ਕਿਉਂਕਿ ਖਹਿ ਕਾਰਣ ਉਤੇਜਨਾ, ਰੋਚਕਤਾ ਅਤੇ ਪਕੜ ਵਧ ਜਾਂਦੀ ਹੈ ਇਸ ਲਈ ਲਾਗੂ ਕੀਤੀ ਜਾਂ ਅਮਲੀ ਆਲੋਚਨਾ, ਸਿਧਾਂਤਕ ਆਲੋਚਨਾ ਤੋਂ ਕਿਤੇ ਵਧ ਸਾਹਿਤ ਦੇ ਨੇੜੇ ਜਾਂ ਸਾਹਿਤ ਦਾ ਹੀ ਰੂਪ ਜਾਪਣ ਲਗ ਪੈਂਦੀ ਹੈ।

ਆਲੋਚਨਾ ਜਦੋਂ ਕਿਸੇ ਲੇਖਕ ਜਾਂ ਕਿਰਤ ਵਿਸ਼ੇਸ ਉਪਰ ਲਾਗੂ ਹੁੰਦੀ ਹੈ ਤਾਂ ਇਹ ਚਿੱਥ-ਚਿੱਥ ਮੂਹੋਂ ਜਾਂ ਕਲਮੋਂ ਕੱਢੀ ਕਿਸੇ ਧੁਰੰਤਰ ਵਿਦਵਾਨ ਜਹੀ ਗੁਰਬੰਦੀ ਨਹੀਂ; ਵੇਗ ਮਈ ਸਾਹਿਤ ਰੂਪ, ਸਰਸ੍ਵਤੀ ਬਣ ਜਾਂਦੀ ਹੈ। ਇਹ ਸਤਿਕਾਰ ਭਰੇ ਸ਼ਬਦ ਵਰਤ ਕੇ ਆਪ ਸਤਿਕਾਰ ਯੋਗ ਬਣੀ ਕੋਈ ਹਸਤੀ ਨਹੀਂ; ਯਾਰ ਸਹੇੜਨ ਤੇ ਵੈਰੀ ਦੁਫੇੜਨ ਵਾਲੀ ਦੁਨੀਆਂ ਦਾਰ ਕਿਰਤ ਬਣ ਜਾਂਦੀ ਹੈ।

ਇਹ ਠੀਕ ਹੈ ਕਿ ਕਈ ਵਾਰ ਅਮਲੀ ਆਲੋਚਨਾ ਆਪਣੀ ਦ੍ਰਿਸ਼ਟੀ ਵਿਚ ਦੋਸ਼, ਕੋਣ ਵਿਚ ਭੈਂਗ ਜਾਂ ਪ੍ਰਗਟਾਉਣ ਵਿਚ ਸ਼ਿਸ਼ਟਤਾ ਰਹਿਤ ਹੋਣ ਕਾਰਣ ਅਸੰਤੁਲਤ ਹੋ ਕੇ ਨਾਹਰੇਬਾਜ਼ੀ, ਫਿਕਰੇਬਾਜ਼ੀ ਜਾਂ ਮੁਹਾਵਰੇਬਾਜ਼ੀ ਕਰਨ ਲਗ ਪੈਂਦੀ ਹੈ। ਇਹ ਤਿੰਨੇ ਪ੍ਰਵਿਰਤੀਆਂ ਸਾਹਿਤਕ ਨਾ ਹੋ ਕੇ ਕਰਮਵਾਰ ਰਾਜਨੀਤੀ, ਕੂਟ ਨੀਤੀ ਅਤੇ ਵਿਦਵਤਾ ਦਾ ਭ੍ਰਸ਼ਟ ਰੂਪ ਹਨ।

ਭਾਂਵੇ ਸਿਧਾਂਤਕ ਅਕਾਦਮਿਕ ਆਲੋਚਨਾ; ਵਿਦਵਤਾ, ਗੁਰਬੰਦੀ ਅਤੇ ਰਵਾਦਾਰੀ ਨਾਲ ਭਰੀ ਹੁੰਦੀ ਹੈ ਪਰ ਅਮਲੀ ਜਾਂ ਲਾਗੂ ਕੀਤੀ ਆਲੋਚਨਾ ਤਿੱਖੀ, ਉਤੇਜਨਾਤਮਿਕ ਅਤੇ ਦਾਅਵੇ-ਭਰੀ ਹੁੰਦੀ ਹੈ।

ਸਮਾਜ ਕਿਉਂਕਿ ਸ਼ਰੇਣੀਆਂ ਅਤੇ ਧੜਿਆਂ ਵਿਚ ਵੰਡਿਆ ਪਾਟਿਆ ਹੁੰਦਾ ਹੈ ਇਸ ਲਈ ਡਟ ਕੇ ਕੀਤੀ ਅਮਲੀ ਆਲੋਚਨਾ ਰੱਜਵੀਂ ਪ੍ਰਸ਼ੰਸ਼ਾ ਲਿਆਉਂਦੀ, ਅਨਿਨ ਹਮਾਇਤੀ ਜਾਂ ਕੱਟੜ ਵਿਰੋਧੀ ਪੈਦਾ ਕਰਦੀ ਹੈ। ਇੰਜ ਇਹ ਧੜੇਬੰਦ ਸਮਾਜ ਦੇ ਰੂਪ ਦੀ ਪ੍ਰਤੀਨਿਧਤਾ ਕਰਦੀ ਅਤੇ ਸਮਾਜਿਕ ਧੜੇਬੰਦੀ ਨੂੰ ਹੋਰ ਪੀਡਾ ਕਰਦੀ-ਪੀਚਦੀ ਹੈ। ਅਤੇ ਅੰਤ ਵਿਚ ਇਕ ਅਰਥਚਾਰੇ ਉਪਰ ਆਧਾਰਿਤ ਸ਼ਰੇਣੀ ਦੀ ਦੂਜੀ ਸ਼ਰੇਣੀ ਨਾਲ ਲੜਾਈ ਅਤੇ ਜਿੱਤ ਵਿਚ ਸਹਾਈ ਹੁੰਦੀ ਹੈ।

ਕੁਝ ਉਪ੍ਰੋਕਤ ਪ੍ਰਕਾਰ ਦੀ ਸਥਿਤੀ ਅਮਲੀ ਆਲੋਚਨਾ ਵਿਚ ਅਜੇ ਤਕ ਵਿਦਮਾਨ ਰਹੀ ਅਤੇ ਹੁਣ ਵੀ ਹੈ।

ਪਰ ਇਸ ਦੇ ਨਾਲ ਨਾਲ ਅਮਲੀ ਆਲੋਚਨਾ ਦੇ ਆਪਣੇ ਅੰਦਰ ਵੀ ਇਕ ਦ੍ਵੰਦ ਪ੍ਰਗਟ ਹੁੰਦਾ ਰਹਿੰਦਾ ਹੈ।

CC-0. In Public Domain. Gurukul Kangri Collection, Haridwar

ਜਿਵੇਂ ਸਾਹਿਤ ਦਾ ਵਿਸ਼ੇ ਅਤੇ ਸਾਮਗਰੀ ਕਿਸੇ ਦ੍ਰਿਸ਼ਟੀਕੋਣ ਉਤੇ ਆਧਾਰਿਤ ਹੁੰਦੇ ਹਨ

Digitized by Arya Samaj Foundation Chennai and eGangotri

ਉਸੇ ਤਰ੍ਹਾਂ ਆਲੋਚਨਾ (ਭਾਵੇਂ ਇਹ ਆਧਾਰ, ਸਾਹਿਤ ਨੂੰ ਤੱਥ ਦੇ ਰੂਪ ਵਿਚ ਬਣਾਉਂਦੀ ਹੈ) ਦੀ ਪਹੁੰਚ ਵੀ ਕਿਸੇ ਦ੍ਰਿਸ਼ਟੀਕੋਣ ਉਪਰ ਆਧਾਰਿਤ ਹੁੰਦੀ ਹੈ। ਅਤੇ ਦ੍ਰਿਸ਼ਟੀਕੋਣ ਸਦਾ ਇਕ ਜਾਂ ਦੂਜੇ ਪੱਖ ਤੋਂ ਰਾਜਨੀਤਕ ਹੁੰਦਾ ਹੈ। ਅਮਲੀ ਆਲੋਚਨਾ ਦਾ ਦ੍ਵੰਦ ਇਸੇ ਦ੍ਰਿਸ਼ਟੀਕੋਣੀ-ਖਹਿ ਦਾ ਪ੍ਰਤੀਕ ਹੈ।

ਜਦੋਂ ਕੋਈ ਦ੍ਰਿਸ਼ਟੀਕੋਣ ਰਾਜਨੀਤਕ ਪੱਧਰ ਤੇ ਜਿੱਤਦਾ ਹੋਇਆ ਰਾਜ-ਸੱਤਾ ਨੂੰ ਆਪਣੇ ਹੱਥ ਵਿਚ ਲੈਂਦਾ ਹੈ ਤਾਂ ਉਹ ਜਿੱਤੇ ਹੋਏ ਸਾਰੇ ਦੇ ਸਾਰੇ ਰਜਪ੍ਰਬੰਧ ਅਤੇ ਸੋਚ ਪ੍ਰਬੰਧ ਨੂੰ ਨਸ਼ਟ ਨਹੀਂ ਕਰਦਾ। ਜੇਤੂ ਸ਼ਰੇਣੀ ਦਾ ਜੇਤੂ ਦ੍ਰਿਸ਼ਟੀਕੋਣ ਆਪਣੇ ਹਿੱਤਾਂ ਵਿਰੁਧ ਜਾਂਦੇ ਵਿਭਾਗਾਂ, ਪ੍ਰਬੰਧਾਂ ਅਤੇ ਕੀਮਤਾਂ ਨੂੰ ਨਸ਼ਟ ਕਰਦਾ ਅਤੇ ਬਾਕੀ ਨੂੰ ਲੋੜ ਅਤੇ ਵਿਰਸਾ ਕਹਿ ਕੇ ਸੰਭਾਲਦਾ, ਸੁਰਖਿਅਤ ਕਰਦਾ, ਡੰਗ-ਹੀਣ ਵਿਹੁ-ਹੀਣ ਕਰ ਕੇ ਆਪਣੇ ਹਿਤਾਂ ਲਈ ਅਪਨਾ ਲੈਂਦਾ ਹੈ।

ਦੂਜੇ ਪਾਸੇ ਹਾਰਦੇ ਦ੍ਰਿਸ਼ਟੀਕੋਣ ਨੂੰ ਜਿਉਂਦੇ ਰਹਿਣ ਦੀ, ਮੋੜਵੇਂ ਹਮਲੇ ਦੀ ਆਸ ਹੇਠ ਕੰਧ ਨਾਲ ਪਿੱਠ ਜੋੜਨ ਦੀ ਲੋੜ ਹੁੰਦੀ ਹੈ ਇਸ ਲਈ ਉਹ ਜਿੱਤਦੇ ਦ੍ਰਿਸ਼ਟੀਕੋਣ ਨੂੰ ਉਦਾਰ ਬਣ ਕੇ ਕੁਝ ਰਿਆਇਤਾਂ ਦੇਂਦਾ ਹੈ, ਕੁਝ ਬੁਨਿਆਦੀ ਗਲਾਂ ਸਵੀਕਾਰ ਕਰਦਾ ਅਤੇ ਉਦਾਰ ਜਿਹਾ ਬਣ ਕੇ ਦਿਖਾਉਂਦਾ ਹੈ।

ਰੱਬੀ ਅਧੀਕਾਰਾਂ ਵਾਲੀ ਸਾਮੰਤੀ ਬਾਦਸ਼ਾਹਤ-ਸੰਗ-ਕੈਥੋਲਿਕ ਚਰਚ ਵਿਰੁਧ ਜਦੋਂ ਬਿਉਪਾਰੀ-ਸੰਗ-ਪ੍ਰੋਟੈਸਟੈਂਟ ਚੜ੍ਹਤਲ ਨੇ ਇੰਗਲੈਂਡ ਵਿਚ ਇਕ ਨਵੀਂ ਮਿਸਾਲ,ਬਾਦਸ਼ਾਹ ਦੀ ਬਾਦਸ਼ਾਹ ਹਥੋਂ ਨਹੀਂ – ਲੋਕਾਂ ਹੱਥੋਂ ਮੌਤ ਦੀ ਸਜ਼ਾ ਦੇ ਕੇ, ਕਾਇਮ ਕਰ ਦਿਤੀ ਤਾਂ ਹਾਰਨ ਵਾਲੀ ਰਾਜ ਸ਼ਕਤੀ, ਚਰਚ ਅਤੇ ਦੋਹਾਂ ਦੇ ਸਿਧਾਂਤਾ ਨੇ, ਕਿਵੇਂ ਬਰਤਾਨੀਆਂ ਹੀ ਨਹੀਂ ਯੂਰਪ ਭਰ ਵਿਚ ਜੇਤੂ ਦ੍ਰਿਸ਼ਟੀਕੋਣ ਲਈ ਵਿਵਸ਼ ਹੋ ਕੇ ਆਪਣੇ ਵਿਚ ਥਾਂ ਦਿਤੀ – ਇਸ ਦਾ ਅਨੁਮਾਨ ਯੂਰਪੀ ਇਤਿਹਾਸ ਤੋਂ ਹੀ ਨਹੀਂ ਯੂਰਪ ਦੇ ਇਤਿਹਾਸ ਅਤੇ ਸਾਹਿਤ ਦੇ ਵਿਸ਼ਲੇਸ਼ਣ ਤੋਂ ਲਗ ਸਕਦਾ ਹੈ।

ਭਾਰਤ ਵਿਚ ਅਸ਼ੋਕ ਤੋਂ ਮਗਰੋਂ ਗੁਪਤ ਕਾਲ ਵਿਚ ਪੁਰਾਣੇ ਬ੍ਰਾਹਮਣੀ ਕਾਲ ਨੂੰ ਹਿੰਦੂ ਰਾਜ ਅਤੇ ਹੋਰ ਮਗਰੋਂ ਕਨੌਜ, ਉਜੈਨ, ਕੁਰਕਸ਼ੇਤਰ ਰਾਜਾਂ ਨੇ ਵਿਸ਼ਾਲ ਹਿੰਦੂ ਰਾਜ ਦੇ ਦ੍ਰਿਸ਼ਟੀਕੋਣ ਅਨੁਸਾਰ ਬੋਧ ਸਿਧਾਂਤਾਂ ਦਾ ਬ੍ਰਾਹਮਣ-ਵਿਰੋਧੀ ਡੰਗ ਕਢ ਕੇ ਬੌਧਿਕ (rational) ਬੁੱਧ ਨੂੰ ਦੇਵਤਾ ਮੰਨ ਕੇ ਭਗਵਾਨ ਬੁੱਧ ਕਿਹਾ। ਦੂਜੇ ਪਾਸੇ ਬੌਧਿਕ ਸੰਪਰਦਾਵਾਂ ਨੇ ਮਹਾਂਯਾਨੀ, ਹੀਨਯਾਨੀ,ਵਜਰਯਾਨੀ, ਲਾਮਾਵਾਦੀ, ਸਿੱਧਾਂ, ਨਾਥਾਂ ਦੇ ਰੂਪ ਵਿਚ ਹਿੰਦੂ ਧਰਮ ਨਾਲ ਇਕ ਜਾਂ ਦੂਜੇ ਪੱਖ ਤੋਂ ਸਮਝੌਤਾ ਕੀਤਾ ਅਤੇ ਬੋਧ ਵਿਚਾਰਕਾਂ ਨੇ ਪਾਲੀ ਅਤੇ ਹੋਰ ਪ੍ਰਾਕਿਰਤਾਂ, ਅਪਭ੍ਰੰਸ਼ਾਂ ਨੂੰ ਛਡ ਕੇ ਮੁੜ ਸੰਸਕ੍ਰਿਤ ਵਿਚ ਵਿਆਖਿਆਵਾਂ, ਟੀਕੇ ਅਤੇ ਟਿਪਣੀਆਂ ਲਿਖ ਕੇ ਬੁੱਧ ਮਤ ਦੇ ਸਿਧਾਂਤਾਂ ਨੂੰ ਬਚਾਈ ਰਖਣ ਦੇ ਯਤਨ ਕੀਤੇ।

ਅਜ ਦਾ ਯੁਗ ਸਮਾਜਵਾਦ ਦੀ ਇਕ ਜਾਂ ਦੂਜੇ ਰੂਪ ਵਿਚ ਸਥਾਪਤੀ ਵਲ ਵਧਦਾ ਯੁਗ ਹੈ। ਇਸ ਯੁਗ ਦੀ ਅਮਲੀ ਆਲੋਚਨਾ ਵਿਚ ਵੀ ਇੰਜੇ ਹੀ ਹੋਇਆ। ਇਹ ਗਲ ਪੰਜਾਬੀ ਹੀ ਨਹੀਂ, ਸਭਨਾਂ ਆਧੁਨਿਕ ਭਾਰਤੀ ਭਾਸ਼ਾਵਾਂ ਦੀ ਸਮਕਾਲੀ ਸਾਹਿਤ-ਆਲੋਚਨਾ ਵਿਚ ਪ੍ਰਤੱਖ ਦਿਸਦੀ ਹੈ ਕਿਉਂਕਿ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਸਾਹਿਤ ਅਤੇ ਇਸ ਦੀ ਆਲੋਚਨਾ ਦਾ ਵਿਕਾਸ ਪੈਰੋ-ਪੈਰ ਇਕੋ ਵੇਲੇ ਹੋਇਆ ਹੈ।

ਅਗਾਂਹ ਵਧੂ ਸਾਹਿਤ ਅਤੇ ਲਹਿਰ ਦੇ ਵਿਕਾਸ ਨਾਲ ਰੱਬ ਦੀ ਧਾਰਨਾ ਅਤੇ ਧਰਮ ਦੇ ਸਮਾਜਕ ਰੋਲ ਨੂੰ ਡਾਢਾ ਰਗੜਾ ਚੜ੍ਹਾਇਆ ਗਿਆ ਪਰ ਜਦ ਦੇਸ਼ ਦੀ ਰਾਜਨੀਤਕ ਆਜ਼ਾਦੀ ਦੇ ਨਾਲ ਸਮਾਜਵਾਦੀ ਵਿਚਾਰਾਂ ਦੀ ਕੋਮਾਂਤ੍ਰੀ ਜਿੱਤ ਪ੍ਰਤੱਖ ਹੋਈ ਤਾਂ ਅਗਾਂਹ ਵਧੂ ਆਲੋਚਨਾ ਵਲੋਂ ਰੱਬ ਦੀ ਧਾਰਨਾ ਅਤੇ ਧਰਮ ਦੇ ਸਕਾਰਾਤਮਕ (positive) ਪੱਖ ਉਪਰ ਜੋਰ ਦਿਤਾ ਜਾਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗਾ । ਇਸੇ ਸਿਧਾਂਤਕ ਤਬਦੀਲੀ ਕਾਰਣ ਆਲੋਚਕਾਂ ਨੂੰ ਇਹ ਗਲ ਸੁੱਝਣ ਲਗੀ ਕਿ ਰੱਬ ਉਪਰ ਵਿਸ਼ਵਾਸ਼ ਨੇ ਕਿਸੇ ਸਮੇਂ ਜਨਤਾ ਨੂੰ ਅੱਤ ਜਾਬਰ ਸ਼ਕਤੀਆਂ ਵਿਰੁਧ ਡਾਢਾ ਉਤਸ਼ਾਹ ਦਿਤਾ ਸੀ ਅਤੇ ਧਰਮ, ਮਹਿਕੂਮਾਂ ਅਤੇ ਲੁੱਟੀਆਂ ਸ਼ਰੇਣੀਆਂ ਦੇ ਇਸ ਉਤਸ਼ਾਹ ਲਈ ਏਕਤਾ, ਘੋਲ ਅਤੇ ਬਗ਼ਾਵਤ ਦੇ ਮੰਚ ਦਾ ਕੰਮ ਦੇਂਦਾ ਸੀ ।

ਇਨ੍ਹਾਂ ਦੋਹਾਂ ਢੰਗਾਂ ਨਾਲ ਲਾਗੂ ਕੀਤੀ ਆਲੋਚਨਾ, ਇਕ ਨਵਾਂ ਪੂਰਬ ਨਿਸ਼ਚਿਤ ਰੂਪ – ਕੂਟਨੀਤਕ ਆਲੋਚਨਾ – ਅਪਨਾ ਲੈਂਦੀ ਹੈ । ਅਤੇ ਸੁਆਦਲੀ ਗਲ ਇਹ ਹੈ ਕਿ ਕੌਮਾਂਤਰੀ ਪੱਧਰ ਤੇ ਕੂਟਨੀਤਕ ਆਲੋਚਨਾ ਦੇ ਅੰਸ਼ ਅਜ ਢੇਰ ਉਪਲਭਦ ਹਨ ।

ਕੁਝ ਇਸੇ ਤ੍ਰਾਂ ਦੀ ਗਲ ਅਮਲੀ ਆਲੋਚਨਾ ਵਿਚ ਦਿੱਸ ਰਹੀ ਹੈ । ਸੰਸਾਰ ਭਰ ਦੇ ਮਹਾਂ-ਕਾਵਾਂ ਅਤੇ ਕਲਾਸਿਕ ਰਚਨਾਵਾਂ ਦੀ ਵਿਆਖਿਆ ਕੁਝ ਇੰਜ ਕੀਤੀ ਜਾ ਰਹੀ ਹੈ ਜਿਵੇਂ ਉਨ੍ਹਾਂ ਦੇ ਨਾਇਕਾਂ, ਨਾਇਕਾਵਾਂ, ਦਾ ਚਿਤ੍ਰ ਅਤੇ ਸਮਸਿਆਵਾਂ ਜਾਂ ਉਨ੍ਹਾਂ ਦਾ ਹੱਲ – ਦੈਵੀ ਨਹੀਂ ਦੁਨਿਆਵੀ ਹੋਵੇ । ਇਸੇ ਤਰ੍ਹਾਂ , ਪੁਰਾਤਨ ਅਤੇ ਪਿਛੇ ਜਹੇ ਹੋ ਬੀਤੇ ਬਦੇਸ਼ੀ ਕਲਾਕਾਰਾਂ ਅਤੇ ਸਾਹਿਤਕਾਰਾਂ ਅਤੇ ਸਾਹਿਤਕ ਮਹਤਤਾ ਵਾਲੇ ਰਾਜਨੀਤਕ ਲੀਡਰਾਂ ਨੂੰ ਵੀ ਸਹਿ-ਹੋਂਦ ਲਹਿਰ ਦੇ ਦੌਰ ਵਿਚ ''ਸਾਹਿਤਕ-ਮੂਲ-ਅੰਕਣ'' ਨਾਲ ਸਲਾਹਿਆ ਗਿਆ । ਪੂੰਜੀਵਾਦੀ ਵਿਚਾਰਾਂ ਦੇ ਆਲੋਚਕ ਵੀ ਟਾਲਸਟਾਏ, ਪੁਸ਼ਕਨ, ਗੋਗੋਲ ਹੀ ਨਹੀਂ ਗੋਰਕੀ ਨੂੰ ਮਹਾਨ ਸਾਹਿਤਕਾਰ ਮੰਨਣ ਲਗ ਪਏ ਹਨ । ਦੂਜੇ ਪਾਸੇ ਸੋਵੀਅਤ ਆਲੋਚਕ; ਸ਼ੈਕਸਪੀਅਰ, ਵਾਲਟ ਵਿਟਮੈਨ, ਕਾਲੀਦਾਸ, ਟੈਗੋਰ, ਪ੍ਰੇਮ ਚੰਦ ਅਤੇ ਪੂਬ ਪੱਛਮ ਦੇ ਲੇਖਕਾਂ ਕਲਾਕਾਰਾਂ ਦੀ ਮਹਾਨਤਾ ਨੂੰ ਪ੍ਰਵਾਨ ਕਰ ਰਹੇ ਹਨ । ਅਤੇ ਪ੍ਰਵਾਨਗੀ ਦਾ ਅਹਿਸਾਸ ਉਦੋਂ ਪੈਦਾ ਹੁੰਦਾ ਹੈ ਜਦ ਵਧਦੀ ਸਹਿਹੋਂਦ, ਵਿਸ਼ਵ ਸ਼ਾਂਤੀ ਦੀਆਂ ਲੋੜਾਂ ਹੇਠ ਦੁੱਵਲੀਂ ਇਕ ਦੂਜੇ ਕੈਂਪ ਜਾਂ ਦੇਸ਼ ਦੀਆਂ ਸਾਹਿਤਕ ਕਿਰਤਾਂ ਦਾ ਪ੍ਰਕਾਸ਼ਨ ਅਤੇ ਕਲਾ ਕਿਰਤਾਂ ਦੀਆਂ ਪਰਦਰਸ਼ਨੀਆਂ ਕੀਤੀਆਂ ਜਾਂਦੀਆਂ ਹਨ । ਇੰਜ ਕੂਟਨੀਤਕ ਆਲੋਚਨਾ; ਮੁੱਲ ਅੰਕਣ ਜਾਂ ਪ੍ਰਕਾਸ਼ਣ-ਪਰਦਰਸ਼ਨ ਦੀ ਪ੍ਰਵਾਨਗੀ ਦੇ ਰੂਪ ਵਿਚ ਦਿੱਸ ਰਹੀ ਹੈ । ਕੂਟਨੀਤਕ ਆਲੋਚਨਾ ਦੇ ਆਪਣੇ ਲੱਛਣ ਹਨ:

ਕੂਟਨੀਤਕ ਆਲੋਚਨਾ ਵਿਚ ਆਪਣੇ ਪੱਖ ਅਤੇ ਦ੍ਰਿਸ਼ਟੀਕੋਣ ਦਾ ਤਿਆਗ ਨਹੀਂ ਕੀਤਾ ਜਾਂਦਾ ਪਰ ਨਾਲ ਹੀ ਨਿਖਰਵੇਂ ਜਾਂ ਸਪਸ਼ਟ ਰੂਪ ਵਿਚ ਇਸ ਦਾ ਵਰਨਣ ਕਰਕੇ ਅਗਲੇ ਨੂੰ ਸੁਚੇਤ ਕੀਤਾ ਜਾਂ ਚਿਤਾਰਿਆ-ਚਿੜ੍ਹਾਇਆ ਜਾਂਦਾ ਹੈ ।

ਇਸ ਵਿਚ ਕਿਰਤ ਦੇ ਕਿਸੇ ਭੈੜ ਜਾਂ ਊਣਤਾਈ ਨੂੰ ਨਿੰਦਿਆ-ਛੰਡਿਆ ਵੀ ਨਹੀਂ ਜਾਂਦਾ ਸਗੋਂ ਇਸ ਵਿਚ ਆਪਣੇ ਸਿਧਾਂਤ ਜਾਂ ਪਸੰਦ ਨਾਲ ਰਲਦੇ ਵਿਸ਼ੇ ਅਤੇ ਰੂਪ ਨੂੰ ਕਬੂਲਿਆ ਅਤੇ ਵਧਾ ਕੇ ਸਲਾਹਿਆ ਜਾਂਦਾ ਹੈ ।

ਇਸ ਵਿਚ ਜਿੱਤ ਰਹੇ ਦਿਸ਼ਟੀਕੋਣ ਦੇ ਆਲੋਚਕ, ਕਿਰਤ ਦੇ ਵਿਸ਼ੇ ਵਸਤੂ ਦੀ ਆਪਣੀ ਵਿਆਖਿਆ ਉਪਰ ਜ਼ੋਰ ਦੇਂਦੇ ਹਨ ਅਤੇ ਹਾਰ ਰਹੀਆਂ ਕੀਮਤਾਂ ਦੇ ਆਲੋਚਕ, ਕਿਰਤ ਦੇ ਰੂਪਕ ਪੱਖਾਂ ਨੂੰ ਵਧਾ ਕੇ ਸਲਾਹੁੰਦੇ ਹਨ ।

ਕੂਟਨੀਤਕ ਆਲੋਚਨਾ ਕਿਉਂਕਿ ਸਮੁੱਚੇ ਤੇ ਬਾਹਰਮੁਖੀ ਰੂਪ ਵਿਚ ਪ੍ਰਸ਼ੰਸਾ ਮਈ ਟਿਪਨੀ ਹੀ ਹੁੰਦੀ ਹੈ ਇਸ ਲਈ ਲੇਖਕ, ਉਸ ਦੀ ਸ਼ਰੇਣੀ, ਪ੍ਰਕਾਸ਼ਕ-ਪ੍ਰਦਰਸ਼ਕ ਜਾਂ ਸਰਕਾਰ ਇਸ ਨੂੰ ਸਨਦ ਦੇ ਰੂਪ ਵਿਚ ਪੇਸ਼ ਕਰ ਕੇ ਲਾਭ ਪ੍ਰਾਪਤ ਕਰਦੇ ਅਤੇ ਇਸ ਦੀ ਉਤਮਤਾ ਦਾ ਭਰਮ ਪੈਦਾ ਕਰ ਸਕਦੇ ਹਨ ।

ਕੂਟਨੀਤਕ ਆਲੋਚਨਾ, ਨਿੱਗਰ ਤੇ ਸੰਤੁਲਿਤ ਆਲੋਚਨਾ ਦਾ ਇਕ ਪੱਖ ਹੈ । ਇਸ ਦੀ ਪੂਰਕ ਉਹ ਆਲੋਚਨਾ ਹੈ, ਜਿਹੜੀ ਬੇ-ਤਅਸਬ ਅਤੇ ਬੇ-ਲਿਹਾਜ਼ ਹੋ ਕੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਕਿਰਤ ਦੇ [illegible] ਦੇ ਆਪਣੇ ਆਲੋਚਕ ਕਰਦੇ ਹਨ ।

CC-0, In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਲ-ਅੰਕਣ

ਕਿਰਤ ਦਾ ਠੀਕ ਮੁੱਲ ਪਾਉਣਾ ਲੇਖਕ ਅਤੇ ਲੇਖਣੀ ਉਪਰ ਅਹਿਸਾਨ ਹੈ ।
ਕਿ; ਉਨ੍ਹਾਂ ਨੂੰ ਪ੍ਰੇਰਨਾ ਅਤੇ ਪੂਰਣਤਾ ਦੋਵੇਂ ਪ੍ਰਾਪਤ ਹੁੰਦੀਆਂ ਹਨ ।
ਇਹ ਪਾਠਕ ਉਪਰ ਅਹਿਸਾਨ ਹੈ; ਅਹਿਸਾਸ ਕਰਾਉਣ ਲਈ
ਕਿ ਉਹ ਕੀ ਪੜ੍ਹੇ ਅਤੇ ਕਿਵੇਂ ਪੜ੍ਹੇ ।
ਇਹ ਆਲੋਚਕ ਦੇ ਆਪਣੇ ਲਈ ਵੀ ਗੁਣਕਾਰੀ ਹੈ,
ਕਿਉਂਕਿ ਮੁੱਲ ਪਾਉਣ, ਮੁੱਲ ਵਸੂਲਣ ਤੋਂ ਵਡੀ ਸੁਰਖ਼ਰੂਈ ਹੈ ।
ਘੱਟ ਜਾਂ ਵੱਧ ਮੁੱਲ ਪਾਉਣ ਦੀ ਅੰਤਮ ਹਾਨੀ ਕਿਸੇ ਹੋਰ ਨੂੰ ਨਹੀਂ, ਆਲੋਚਕ ਨੂੰ ਹੈ,
ਕਿਉਂਕਿ ਗ਼ਲਤ ਮੁੱਲ ਪਾ-ਤਾਰ ਕੇ, ਉਹ ਕੇਵਲ ਕਿਰਤ ਦਾ ਛਿੱਲੜ ਖਾਂਦਾ ਹੈ ।
ਗਿਰੀ, ਲੇਖਕ ਅਤੇ ਸਿਆਣੇ ਪਾਠਕ ਕੋਲ ਹੀ ਰਹਿੰਦੀ ਹੈ ।

ਸ਼ੇਖ ਫ਼ਰੀਦ ਅਤੇ ਗੁਰਮਤ

ਫ਼ਰੀਦ ਦੀ ਰਚਨਾ ਅਤੇ ਵਿਚਾਰਾਂ ਦੇ ਮੁੱਲ ਅੰਕਣ ਸਮੇਂ ਆਮ ਤੌਰ ਤੇ ਦੋ ਮਤ ਅਜੇ ਤਕ ਪੇਸ਼ ਕੀਤੇ ਗਏ ਹਨ । ਪਹਿਲਾ ਮਤ ਇਹ ਹੈ ਕਿ ਫ਼ਰੀਦ ਇਕ ਮੁਸਲਿਮ ਫ਼ਕੀਰ ਸੀ ਜਿਸ ਨੂੰ ਨਿੱਜੀ ਜੀਵਨ ਵਿਚ ਤਬਲੀਗ਼ ਵਾਲੇ ਦਰਵੇਸ਼ ਤੋਂ ਲੈ ਕੇ ਸਮੇਂ ਦੇ ਕੱਟੜ ਮੁਸਲਿਮ ਰਾਜ-ਘਰਾਣੇ ਦੇ ਰਿਸ਼ਤੇਦਾਰ ਹੋਣ ਦਾ ਕੋਈ ਵੀ ਸਮਾਜਕ ਸਥਾਨ ਪ੍ਰਾਪਤ ਸੀ । ਮਸੀਤ ਜਾਣ ਦੀ ਪ੍ਰੇਰਨਾ ਦੇਣੀ, ਜੀਵਨ ਵਿਚ ਕਰਮ ਉਪਰ ਜ਼ੋਰ ਦੇਣਾ ਅਤੇ ਸ਼ਰਹ ਨਾਲ ਸੰਬੰਧਤ ਤੁਕਾਂ, ਤੁਕਾਂਸ਼ ਅਤੇ ਪ੍ਰਤੀਕ ਇਸ ਦਲੀਲ ਦੀ ਪੁਸ਼ਟੀ ਵਿਚ ਪੇਸ਼ ਕੀਤੇ ਜਾਂਦੇ ਹਨ ।

ਦੂਜਾ ਅਤੇ ਪਹਿਲੇ ਦਾ ਵਿਰੋਧੀ ਵਿਚਾਰ ਆਮ ਤੌਰ ਤੇ ਇਹ ਪੇਸ਼ ਕੀਤਾ ਜਾਂਦਾ ਹੈ ਕਿ ਫ਼ਰੀਦ ਸੂਫ਼ੀ ਵਿਚਾਰਾਂ ਦੇ ਘੇਰੇ ਵਿਚ ਕਿਸੇ ਦਰਜੇ ਜਾਂ ਸਥਾਨ ਦਾ ਸੂਫ਼ੀ ਸੀ । ਉਸ ਦੀ ਵੇਦਨਾ, ਉਸ ਦੀ ਸਮੇਂ-ਸਮੇਂ ਮੌਤ, ਗੋਰ-ਕਬਰ ਦੀ ਯਾਦ ਅਤੇ ਨਿਰਾਸ਼ਾਵਾਦ ਨੂੰ ਛੋਂਹਦਾ ਜੀਵਨ - ਜੀਵਨ ਦੀ ਨਾਸ਼ਮਾਨਤਾ ਦਾ ਅਹਿਸਾਸ; ਇਸ ਮਤ ਦੀ ਪ੍ਰੋੜ੍ਹਤਾ ਬਣਦੇ ਹਨ ।

ਜਦੋਂ ਵੀ ਫ਼ਰੀਦ ਨੂੰ ਮੁਸਲਿਮ ਮੁਰਸ਼ਦ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਤਾਂ ਸਾਡੇ ਅੰਦਰ ਭਾਰਤ ਦੇ ਸੁੰਨੀ ਗ਼ਲਬੇ ਵਾਲੇ ਇਸਲਾਮ ਦੀ ਧਾਰਨਾ ਕੰਮ ਕਰ ਰਹੀ ਹੁੰਦੀ ਹੈ ਅਤੇ ਅਸੀ ਇਸਲਾਮ ਦੇ ਆਪਣੇ ਅੰਦਰ ਪੈਦਾ ਹੋਏ ਵੰਡਾਂ ਨੂੰ ਭੁੱਲ ਜਾਂਦੇ ਹਾਂ, ਜਿਸ ਦੀ ਮੋਟੀ ਇਤਿਹਾਸਕ ਮਿਸਾਲ; ਸਾਨੂੰ ਅਫ਼ਗਾਨਾਂ (ਪਠਾਨਾਂ) ਅਤੇ ਮਗਰੋਂ ਆਏ ਮੁਗ਼ਲਾਂ ਦੇ ਇਸਲਾਮ ਵਿਚਲੇ ਫ਼ਰਕ ਤੋਂ ਮਿਲਦੀ ਹੈ – ਧਾਰਨਾ ਦਾ ਉਹ ਸਪਸ਼ਟ ਫ਼ਰਕ, ਜਿਹੜਾ ਕਿ ਮੁਗ਼ਲਾਂ ਦੇ ਆਪਣੇ ਅੰਦਰ, ਬਾਬਰ ਤੋਂ ਔਰੰਗਜ਼ੇਬ ਤਕ ਦੇ ਵਿਚਲੇ ਸਮੇਂ ਵਿਚ ਆ ਗਿਆ ਸੀ ।

ਇੰਜ ਹੀ ਫ਼ਰੀਦ ਨੂੰ ਸੂਫ਼ੀ ਦੀ ਪਦਵੀ ਦੇਣ ਲਗਿਆਂ ਸਾਡੇ ਸਾਹਮਣੇ ਇਕ ਸੂਫ਼ੀ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਸੱਵਰ, ਸ਼ਮਸ ਤਬਰੇਜ਼ ਤੋਂ ਲੈ ਕੇ ਬੁਲ੍ਹੇ ਸ਼ਾਹ ਤਕ ਚਲੀ ਆਉਂਦੀ ਕਤਾਰ ਦਾ ਹੁੰਦਾ ਹੈ। ਜਦੋਂ ਫ਼ਰੀਦ ਅੰਦਰ ਸਾਨੂੰ ਸੂਫ਼ੀਆਂ ਜਿਹਾ ਅਦ੍ਵੈਤਵਾਦ – ਸ਼ਰਹ ਤੇ ਮਜ਼੍ਹਬ ਨੂੰ ਇਕ ਪਾਸੇ ਛਡ ਕੇ ਰਸੂਲ ਤਕ ਸਿੱਧੀ ਰਸਾਈ – ਦੇ ਪੱਕੇ ਪ੍ਰਮਾਣ ਨਹੀਂ ਮਿਲਦੇ, ਤਾਂ ਗੱਲ ਉਸ ਦੇ ਸੂਫ਼ੀ ਹੋਣ ਦੀ ਪੂਰੀ ਤਰ੍ਹਾਂ ਬਣਦੀ ਨਹੀਂ।

ਫ਼ਰੀਦ ਨੂੰ ਸਮਝਣ ਵਾਸਤੇ ਸਾਡੇ ਲਈ ਜ਼ਰੂਰੀ ਹੈ ਕਿ ਸੂਫ਼ੀ ਮਤ ਦੇ ਦਮਸ਼ਕ ਤੋਂ ਈਰਾਨ ਤਕ ਆ ਪੁਜੇ ਵਿਚਾਰਾਂ ਨੂੰ ਤੁੱਲਨਾ ਦੇ ਰੂਪ ਵਿਚ ਸਾਹਮਣੇ ਰਖੀਏ ਅਤੇ ਦੇਖੀਏ ਕਿ ਭਾਰਤੀ ਇਸਲਾਮ ਅਤੇ ਸਮੁੱਚੇ ਸਮਾਜ ਦੇ ਪ੍ਰਕਰਨ ਵਿਚ ਇਸ ਨੇ ਕੀ ਰੂਪ ਧਾਰਨ ਕੀਤਾ। ਇਸ ਦ੍ਰਿਸ਼ਟੀਕੋਨ ਤੋਂ ਜਿਹੜੇ ਸਿੱਟੇ ਨਿਕਲਣ ਉਨ੍ਹਾਂ ਨੂੰ ਪਰਖਣ ਲਈ ਗੁਰੂ ਗ੍ਰੰਥ ਸਾਹਿਬ ਜਾਂ ਗੁਰਮਤ ਬਹੁਤ ਹਦ ਤਕ ਸਫ਼ਲ ਕਸਵੱਟੀ ਦਾ ਕੰਮ ਦੇ ਸਕਦੇ ਹਨ।

ਕੇਵਲ 'ਸ਼ੇਖ਼' ਦੇ ਸ਼ਾਬਦਿਕ ਜਾਂ ਤਕਨੀਕੀ ਅਰਥ ਸਾਨੂੰ ਪੂਰਾ ਥਹੁ ਨਹੀਂ ਲੁਆ ਸਕਦੇ।

ਇਸਲਾਮ ਨੇ ਅਰਬ ਦੇ ਕਬੀਲਾ-ਸ਼ਾਹੀ ਸਮਾਜ ਨੂੰ ਸਿੱਧੇ ਸਾਦੇ ਸ਼ਬਦਾਂ ਵਿਚ ਇਕ ਮੋਟਾ-ਠੁੱਲ੍ਹਾ ਸਿਧਾਂਤ ਦਿਤਾ ਸੀ ਜਿਹੜਾ ਮੁਆਫ਼ਿਕ ਹੋਣ ਕਾਰਣ ਆਪੋ ਵਿਚ ਲੜ-ਮਰਦੇ ਤੇ ਸ਼ੀਂਹ-ਖੋਖਰ ਹੋਏ ਅਰਬੀ ਜੀਵਨ ਨੂੰ ਜਥੇਬੰਦ ਕੌਮ ਦਾ ਰੂਪ ਦੇਣ ਵਿਚ ਸਫਲ ਸਿੱਧ ਹੋਇਆ। ਜਥੇਬੰਦ-ਅਰਬ ਦੀ ਪਹਿਲੀ ਕਾਂਗ ਜਦੋਂ ਚੜ੍ਹੀ ਤਾਂ ਇਸ ਨੇ ਇੱਕ ਦੋ ਸਦੀਆਂ ਵਿਚ ਹੀ ਅਫਰੀਕਾ ਦਾ ਮਹੱਤਵ ਪੂਰਨ ਭਾਗ, ਯੂਰਪ ਦੀ ਦੱਖਣ-ਪੱਛਮੀ ਕੰਨੀ ਅਤੇ ਲਗ ਪਗ ਸਾਰੇ ਮੱਧ ਏਸ਼ੀਆ ਨੂੰ ਆਪਣੀ ਲਪੇਟ ਵਿਚ ਲੈ ਲਿਆ। ਜਥੇਬੰਦ ਕੌਮ ਨੇ ਬਾਹੂਬਲ ਨਾਲ ਇਰਾਕ ਤੇ ਈਰਾਨ ਜਹੀਆਂ ਸ਼ਹਿਨਸ਼ਾਹੀਆਂ ਨੂੰ ਜਿੱਤ ਕੇ ਇਸਲਾਮ ਤਾਂ ਕਬੂਲ ਕਰਾ ਲਿਆ, ਕਲਮਾ ਤਾਂ ਪੜ੍ਹਾ ਲਿਆ ਪਰ ਇਸਲਾਮ ਦੇ ਅੰਦਰ ਰਹਿ ਕੇ ਕੁਰਾਨ ਦੀ ਇਕ ਨਵੀਂ ਵਿਆਖਿਆ; ਇਕ ਨਵੇਂ ਤਸੱਵਰ ਪੇਸ਼ ਕਰਨ ਤੋਂ ਇਥੋਂ ਦੇ ਵਧਦੇ ਬੁੱਧਵਾਦੀ ਮਨ ਨੂੰ ਇਸਲਾਮ ਨਾ ਰੋਕ ਸਕਿਆ। ਇਸੇ ਸਮੇਂ ਵਿਚ ਮੈਸੋਪੋਟਾਮੀਆਂ ਦੀ ਅਮੀਰ ਵਿਰਾਸਤ ਵਾਲੇ ਸ਼ਹਿਰਾਂ, ਬਸਰੇ-ਬਗ਼ਦਾਦ ਤੋਂ ਲੈ ਕੇ ਬੋਧੀ ਤੇ ਭਾਰਤੀ ਦਰਸ਼ਨ ਤੋਂ ਪ੍ਰਭਾਵਤ ਇਲਾਕੇ – ਸੀਸਤਾਨ – ਤਕ ਵਿਚ ਨਵੇਂ ਜੀਵਨ ਪ੍ਰਕਰਨ ਵਿਚ ਕੁਰਾਨ ਦੀਆਂ ਕਈ ਨਵੀਆਂ ਵਿਆਖਿਆਵਾਂ ਕੀਤੀਆਂ ਗਈਆਂ। ਇਹ ਘਟਨਾ-ਚੱਕਰ ਸਾਨੂੰ ਭਾਰਤ ਦਾ ਉਹ ਸਮਾਂ ਯਾਦ ਕਰਾਉਂਦਾ ਹੈ ਜਦੋਂ ਵੇਦਾਂ ਦੀ ਪ੍ਰਮਾਣੀਕਤਾ ਅਤੇ ਮਹੱਤਵ ਨੂੰ ਦੇਖ ਕੇ ਭਾਰਤ ਦੇ ਦਾਰਸ਼ਨਿਕਾਂ ਨੇ ਆਪਣੇ ਹਿਤਾਂ ਲਈ ਇਨ੍ਹਾਂ ਦੀਆਂ ਮੀਮਾਂਸਾਵਾਂ ਲਿਖੀਆਂ। ਕੁਰਾਨ ਦੀਆਂ ਵੀ ਮੀਮਾਂਸਾਵਾਂ ਲਿਖੀਆਂ ਗਈਆਂ ਜਿਨ੍ਹਾਂ ਨੂੰ ਫ਼ਿੱਕਾਹ ਕਿਹਾ ਗਿਆ ਹੈ।

ਜਦੋਂ ਨਵੀਂ ਵਿਆਖਿਆ ਕੀਤੀ ਜਾਏ ਤਾਂ ਪਹਿਲਾਂ ਦੇ ਬਣੇ ਵਿਚਾਰਾਂ ਅਤੇ ਨਵੀਂ ਧਾਰਨਾ ਦਾ ਦ੍ਵੰਦ ਪੈਦਾ ਹੋਣਾ ਕੁਦਰਤੀ ਹੈ। ਇਸਲਾਮ ਵਿਚ ਵੀ ਅਜਿਹੇ ਵਿਚਾਰਧਾਰਕ ਅਤੇ ਦਾਰਸ਼ਨਿਕ ਦ੍ਵੰਦ ਪੈਦਾ ਹੋਏ ਜਿਨ੍ਹਾਂ ਨੂੰ ਫ਼ਿਤਨੇ ਕਿਹਾ ਗਿਆ ਹੈ। ਇਹੀ ਸ਼ਬਦ ਮਗਰੋਂ, ਅੱਲ (Slang) ਜਾਂ ਗਾਲ ਦੇ ਅਰਥਾਂ ਵਿਚ ਵਰਤਿਆ ਗਿਆ। ਅਜਿਹਾ ਪਹਿਲਾ ਫ਼ਿਤਨਾ ਯਹੂਦੀਓਂ ਇਸਲਾਮ ਉਪਰ ਈਮਾਨ ਲਿਆਏ, ਇਬਨ ਸਬਾ ਵਲੋਂ ਉਠਾਇਆ ਗਿਆ ਜਿਸ ਅਨੁਸਾਰ ਅਦ੍ਵੈਤਵਾਦ ਨਾਲ ਮਿਲਦਾ 'ਹਲੂਲ' ਦਾ ਇਕ ਸਿਧਾਂਤ ਵਜੂਦ ਵਿਚ ਆਇਆ।

ਬੁੱਧੀ ਨੇ ਇਸਲਾਮੀ ਧਰਮ ਵਿਚ ਜਦੋਂ ਇਕ ਵਾਰ ਵਿਰੋਧਤਾ ਪੇਸ਼ ਕੀਤੀ ਤਾਂ ਫ਼ਿਤਨਿਆਂ ਦਾ ਕੋਈ ਅੰਤ-ਸ਼ੁਮਾਰ ਨਾ ਰਿਹਾ। ਇਸ ਵਿਰੋਧਤਾ ਦਾ ਨਾਂ ਭਾਂਵੇ 'ਫਿਤਨੇ' ਤੋਂ ਵੀ ਵਧ ਭੈੜਾ ਰਖ ਲਿਆ ਜਾਂਦਾ ਪਰ ਓੜਕ ਤਾਂ ਇਹ ਫ਼ਿਰਕੂ ਵਿਚਾਰ ਜਾਂ ਸਿਧਾਂਤ ਹੀ ਸੀ। ਅੜੇ ਵਿਚਾਰ ਜਾਂ ਸਿਧਾਂਤ ਜਿੰਨੀ ਕੁ ਪਕੜ ਰਖਦਾ ਹੋਵੇ ਓਨੀ ਕੁ ਜਥੇਬੰਦੀ ਵੀ ਇਹ ਕਰ ਹੀ ਲੈਂਦਾ ਹੈ। ਇਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਇਸਲਾਮ ਅੰਦਰ ਮੌਤਜ਼ਿਲਾ, ਅਖ਼ਵਾਨੁਸਫਾ (ਪਵਿੱਤਰ-ਕਤਾਰ ਜਾਂ ਸਭਾ) ਬਾਤਿਨੀ, ਜ਼ਿੰਦੀਕ, ਮੁਲਹਿਦ, ਸ਼ੀਆ ਆਦਿਕ ਸੰਪ੍ਰਦਾਵਾਂ ਵਜੂਦ ਵਿਚ ਆਈਆਂ। ਇਹ ਕਹਿਣ ਨੂੰ ਤਾਂ ਸਾਰੀਆਂ ਇਸਲਾਮੀ ਸੰਪ੍ਰਦਾਵਾਂ ਸਨ ਪਰ ਅਮਲਾਂ ਅਤੇ ਆਪਸੀ ਸੰਬੰਧਾਂ ਵਿਚ ਇਹ ਗ਼ੈਰ-ਮੁਸਲਮਾਨਾਂ ਤੋਂ ਵੀ ਵਧੇਰੇ ਕੱਟੜ ਤੇ ਇਕ ਦੂਜੀ ਲਈ ਓਪਰਾ ਵਤੀਰਾ ਰਖਦੀਆਂ ਸਨ।

ਕੁਰਾਨ ਪਾਕ ਦੀ ਨਵੀਂ ਵਿਆਖਿਆ, ਪਹਿਲਾਂ ਤਾਂ ਸਮੇਂ ਦੀਆਂ ਲੋੜਾਂ ਅਨੁਸਾਰ ਆਪਣੇ ਸੰਬੰਧੀ ਅਚੇਤ ਰਹੀ ਪਰ ਅਖ਼ਵਾਨੁਸਫਾ ਤਕ ਅਵਸਥਾ ਸੁਚੇਤ ਹੋ ਚੁਕੀ ਸੀ। ਇਸੇ ਲਈ ਅਖ਼ਵਾਨੁਸਫਾ ਵਲੋਂ ਕੁਰਾਨ ਦੀ ਸ਼ਾਬਦਿਕ ਪ੍ਰਮਾਣੀਕਤਾ ਸੰਬੰਧੀ ਕਿਹਾ ਗਿਆ: "ਸਾਡੇ ਪੈਗ਼ੰਬਰ ਇਕ ਅਜਿਹੀ ਅਸਭਯ ਰੇਗਸਤਾਨੀ ਕੌਮ ਕੋਲ ਭੇਜੇ ਗਏ ਸਨ ਜਿਸ ਨੂੰ ਨਾ ਇਸ ਲੋਕ ਦੀ ਸੁੰਦਰਤਾ ਦਾ ਗਿਆਨ ਸੀ ਅਤੇ ਨਾ ਪ੍ਰਲੋਕ ਦੇ ਅਧਿਆਤਮਕ ਸਰੂਪ ਦਾ। ਕੁਰਾਨ ਦੀ ਮੋਟੀ-ਠੁਲ੍ਹੀ ਭਾਸ਼ਾ ਦਾ ਅਰਥ, ਵਧੇਰੇ ਸਭਯ ਲੋਕਾਂ ਨੂੰ ਅਧਿਆਤਮਕ ਅਰਥਾਂ ਵਿਚ ਲੈਣਾ ਚਾਹੀਦਾ ਹੈ।"

ਸ਼ਪਸ਼ਟ ਹੈ ਕਿ ਇਹ ਅਧਿਆਤਮਿਕਤਾ ਕੁਰਾਨ ਬਾਰੇ ਕਬੀਲਾ-ਸ਼ਾਹੀ ਸਮਝ ਤੋਂ ਵਧੇਰੇ ਜਟਿਲ ਅਤੇ ਬੌਧਿਕ ਅੰਸ਼ਾਂ ਵਾਲੀ ਸੀ। ਅਜੇ ਤਕ ਅਰਬੀ ਗ਼ਲਬੇ ਵਾਲਾ ਇਸਲਾਮ 'ਹਲੂਲ' ਜਾਂ ਤੌਹੀਦ (ਅਦ੍ਵੈਤਵਾਦ) ਤੋਂ ਅਗੇ ਨਹੀਂ ਸੀ ਟੱਪਿਆ। ਨਵੀਂ ਧਾਰਨਾ ਤੇ ਬੌਧਿਕਤਾ ਜਦੋਂ ਆਈ ਤਾਂ ਖ਼ਲੀਫ਼ਾ ਬਨੀ ਉਮੱਈਆ ਦੀ ਖਿਲਾਫ਼ਤ ਸਮੇਂ, ਸਾਬਦ ਬਿਨ ਖ਼ਾਲਿਦ ਨੇ ਬਗ਼ਾਵਤ ਕੀਤੀ। ਬਗ਼ਾਵਤ ਆਪਣੇ ਆਪ ਵਿਚ ਸਮਾਜੀ ਸਰਗਰਮੀ ਹੀ ਨਹੀਂ ਮਾਨਸਿਕ ਤੇ ਬੌਧਿਕ ਚੇਤਨਤਾ ਵੀ ਸੀ। ਇੰਜ ਗ਼ਾਲਿਬ, ਗ਼ਸਿਬ (ਤਕੜੇ, ਡਾਢੇ) ਦੇ ਸੰਕਲਪ ਅਤੇ ਰਵਾਇਤਾਂ ਉਪਰ ਖੜੀਆਂ ਕਰਾਮਾਤਾਂ ਵਾਲੇ ਇਸਲਾਮ ਵਿਰੁਧ ਜਿਹੜੀ ਨਵੀਂ ਇਸਲਾਮੀ ਧਾਰਨਾ ਬਣੀ ਉਸ ਦੇ ਮੋਟੇ-ਮੋਟੇ ਲੱਛਣ ਸਨ ਕਿ ਜੀਵ, ਕਰਮ ਵਿਚ ਸਤੁੰਤਰ ਹੈ (ਸਜ਼ਾ ਵੀ ਤਾਂ ਸੁਤੰਤਰਤਾ ਕਾਰਣ ਹੈ), ਈਸ਼ਵਰ ਨਿਰਗੁਣ ਹੈ ਅਤੇ ਮੁਅਜਜ਼ਾ (ਚਮਤਕਾਰ) ਗ਼ਲਤ ਤੇ ਵਹਿਮ ਹੈ। ਇਨ੍ਹਾਂ ਵਿਚਾਰਾਂ ਉਪਰ ਹੀ ਮੌਤਜ਼ਿਲਾ ਸੰਪ੍ਰਦਾਇ ਦੀ ਨੀਂਹ ਪਈ ਅਤੇ ਸਮਾਂ ਅਇਆ ਜਦੋਂ ਬਗ਼ਦਾਦ ਦੀ ਖ਼ਿਲਾਫਤ, ਬਨੀ ਉਮੱਈਆ ਹੱਥੋਂ ਨਿਕਲ ਕੇ ਅੱਬਾਸੀ ਦੇ ਹੱਥ ਚਲੀ ਗਈ ਜਿਸ ਦੀ ਹਮਾਇਤ ਮੋਤਜ਼ਿਲੀਆਂ ਨੂੰ ਪ੍ਰਾਪਤ ਸੀ। ਮਗਰੋਂ ਇਹੀ ਵਿਚਾਰ, ਖਿਲਾਫਤ ਦੀ ਮੱਧ ਏਸ਼ੀਆ ਤੇ ਈਰਾਨ ਦੀਆਂ ਸ਼ਹਿਨਸ਼ਾਹੀਆਂ ਬੰਨ੍ਹਣ ਵਿਚ ਸਹਾਈ ਹੋਏ।

ਵਧੇਰੇ ਗੰਭੀਰ ਦਾਰਸ਼ਨਿਕ ਪ੍ਰਭਾਵਾਂ ਨੇ ਵੀ ਇਸਲਾਮ ਅੰਦਰ ਦੂੰਦ ਲਿਆਂਦਾ। ਅਖ਼ਵਾਨੁਸਫਾ ਇਕ ਤਰ੍ਹਾਂ ਪਿਥਾਗੋਰਸੀ ਯੂਨਾਨੀ ਦਰਸ਼ਨ, ਇਸਾਈਅਤ ਅਤੇ ਇਸਲਾਮ ਦਾ ਓਤ-ਪੋਤ ਰੂਪ ਸੀ ਜਿਸ ਵਿਚ ਦਾਰਸ਼ਨਿਕਤਾ ਤੋਂ ਬਿਨਾਂ ਜਥੇਬੰਦੀ ਦੇ ਅੰਸ਼ ਵੀ ਸਨ। ਪਰ ਇਸ ਦਾ ਸਭ ਤੋਂ ਵਧ ਜ਼ੋਰ ਤਿਆਗ, ਤਪੱਸਿਆ ਅਤੇ ਆਤਮ ਸੰਜਮ ਉਪਰ ਸੀ। ਅਖ਼ਵਾਨੁਸਫਾ ਨੇ ਇਸਲਾਮ ਵਿਚ ਪਹਿਲੀ ਵਾਰ 'ਪ੍ਰੇਮ' ਉਪਰ ਬੌਧਿਕ ਪੱਖ ਤੋਂ ਜ਼ੋਰ ਦਿਤਾ। ਇਸ ਦਾ ਸਿਧਾਂਤ ਸੀ: "ਪ੍ਰੇਮ, ਜੀਵ ਦੀ ਅੱਲਾ ਨਾਲ ਮਿਲਣ ਦੀ ਬੇਕਰਾਰੀ ਹੈ... ਇਸੇ ਜੀਵਨ ਦੇ ਪ੍ਰਾਣੀ ਮਾਤ੍ਰ ਲਈ ਖਿਮਾਂ ਹਮਦਰਦੀ ਅਤੇ ਸਨੇਹ ਰਾਹੀਂ ਦਰਸਾਇਆ ਜਾਂਦਾ ਹੈ।" ਅਖ਼ਵਾਨੁਸਫਾ ਆਪਣੇ ਦਾਰਸ਼ਨਿਕ ਖਾਸੇ ਵਿਚ ਨਾ ਹੀ ਤਾਂ ਪੂਰਨ ਭਾਂਤ ਦਾ ਇਸਲਾਮੀ ਸੀ ਅਤੇ ਨਾ ਹੀ ਅਜੇ ਸੂਫੀ ਮਤ ਹੀ ਵਜੂਦ ਵਿਚ ਆਇਆ ਸੀ। ਫ਼ਰੀਦ ਸਾਹਿਬ ਅਖ਼ਵਾਨੁਸਫਾ ਦੇ ਬਹੁਤ ਨੇੜੇ ਜਾਪਦੇ ਹਨ ਜਦੋਂ ਅਸੀਂ ਉਨ੍ਹਾਂ ਦੇ ਜੀਵਨ ਸੰਬੰਧੀ ਹਕਾਇਤਾਂ, ਉਨ੍ਹਾਂ ਦੀਆਂ ਕਿਰਤਾਂ ਵਿਚੋਂ ਘੋਰ ਤਪੱਸਿਆ, ਸੰਜਮ, ਮੁੱਕੇ ਖਾ ਕੇ ਪੈਰ ਚੁੰਮਣ, ਸਭਨਾਂ ਦੇ ਮਨਾਂ ਨੂੰ ਮਾਣਕ-ਮੋਤੀ ਸਮਝਣ ਦਾ ਕਲਾਮ ਪੜ੍ਹਦੇ ਸੁਣਦੇ ਹਾਂ।

ਢੇਰ ਸਮੇਂ ਮਗਰੋਂ, ਸੂਫੀਆਂ ਨੇ ਅਖ਼ਵਾਨੁਸਫਾ ਦੇ ਪ੍ਰੇਮ ਦੀ ਇਸ ਧਾਰਨਾ ਉਪਰ ਈਰਾਨੀ ਧਰਤੀ ਦੀ ... ਕਿ ਉਹ ਅੱਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਸਿੱਧੇ ਪ੍ਰੇਮ ਵਿਚ ਰਸੂਲ ਤੋਂ ਬੇਨਿਆਜ਼; ਤੇ ਕਈ ਵਾਰ ਰਸੂਲ ਦੇ ਨਾਂ ਉਪਰ ਚਲੀ ਸ਼ਰਹ ਤੋਂ ਬਾਗ਼ੀ ਹੋਏ ਜਾਪਣ ਲਗੇ।

ਪਰ ਫ਼ਰੀਦ ਦੇ ਸਮੇਂ ਤੋਂ ਕੁਝ ਪਹਿਲਾਂ ਸੂਫ਼ੀ ਵਿਚਾਰ ਭਾਰਤ ਹੀ ਨਹੀਂ ਈਰਾਨ ਵਿਚ ਹੀ ਪੁੰਗਰ ਰਹੇ ਸਨ, ਉਹ ਸੇਧ ਫੜ ਰਹੇ ਸਨ। ਪਰ ਅਜੇ ਤਕ ਉਹ ਇਸਲਾਮ ਸਾਹਵੇਂ ਵੱਖਰ ਅਤੇ ਵਿਰੋਧ ਦੇ ਰੂਪ ਵਿਚ ਵਿਕਸਤ ਨਹੀਂ ਸਨ ਹੋਏ। ੭੦ ਪੁਸਤਕਾਂ ਦਾ ਲੇਖਕ, ਬਗ਼ਦਾਦ ਅਤੇ ਤੂਸ (ਸੀਸਤਾਨ; ਈਰਾਨ) ਦੇ ਵਿਦਿਆ ਤੇ ਦਰਸ਼ਨ-ਕੇਂਦਰਾਂ ਦਾ ਸਿਰਮੌਰ, ਅਮਾਮ ਗਜ਼ਾਲੀ ਇਸੇ ਸਮੇਂ ਹੋਇਆ, (ਜਨਮ: ੧੦੫੦ ਅਤੇ ਚਲਾਣਾ ੧੯ ਦਸੰਬਰ ੧੧੧੧ ਈ:। ਫ਼ਰੀਦ ੧੧੭੩-੧੨੬੫)

ਗਜ਼ਾਲੀ ਸੂਫ਼ੀ ਨਹੀਂ ਸੀ ਨਾ ਹੀ ਉਸ ਨੂੰ, ਪ੍ਰਸਿੱਧਤਾ ਸੂਫ਼ੀ ਹੋਣ ਕਾਰਣ ਪ੍ਰਾਪਤ ਹੋਈ। ਉਸ ਤੋਂ ਪਹਿਲਾਂ ਸੂਫ਼ੀ ਮਤ ਇਸਲਾਮ ਦੀ ਅੰਦਰੂਨੀ ਖਹਿ ਦਾ ਖ਼ਾਸਾ ਰਖਦਾ ਸੀ ਅਤੇ ਇਸ ਸੰਬੰਧੀ ਕੇਵਲ ਦੋ ਪੁਸਤਕਾਂ- 'ਕਵਤੁੱਲ ਕਲੂਬ' (ਲੇਖਕ, ਅਬੂ ਤਾਲਿਬ ਮੱਕੀ) ਅਤੇ 'ਰਿਸਾਲਾ ਕੈਸਰੀਆ' (ਲੇਖਕ, ਇਮਾਮ ਕੈਸਰੀ) ਹੀ ਮਿਲਦੀਆਂ ਸਨ। ਪਰ ਗਜ਼ਾਲੀ ਨੇ ਪਹਿਲੀ ਵਾਰ ਆਪਣੀ ਪ੍ਰਸਿੱਧ ਪੁਸਤਕ ਅਹਯਾ-ਉਲ-ਅਲੂਮ ਵਿਚ ਸੂਫ਼ੀ ਮਤ ਲਈ ਦਾਰਸ਼ਨਿਕ ਪੱਧਰ ਦਾ ਉਚਿਤਯ (Justification) ਪੇਸ਼ ਕੀਤਾ। ਅਹਯਾ-ਉਲ-ਅਲੂਮ ਵਿਚ ਗਜ਼ਾਲੀ ਨੇ ਕਰਮ-ਯੋਗ ਅਤੇ ਸਮਾਧੀ-ਯੋਗ (ਮੁਕਾਸ਼ਫ਼ਾ) ਦਾ ਸੰਬਾਦ ਕਰ ਕੇ ਸੂਫ਼ੀ ਮਤ ਨੂੰ ਦਾਰਸ਼ਨਿਕ ਆਧਾਰ ਦਿਤਾ ਸੀ।

ਗ਼ਜ਼ਾਲੀ ਬੌਧਿਕ ਹੋਣ ਕਾਰਣ ਸਮਝਦਾ ਸੀ ਕਿ "ਪੈਗ਼ੰਬਰ ਮੁਹੰਮਦ, ਅਰਬ ਦੇ ਟੱਪਰੀ ਵਾਸ ਲੋਕਾਂ ਨੂੰ ਸਭਿਅ, ਬਨਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਦੇਖਿਆ ਕਿ ਬੱਦੂਆਂ ਨੂੰ ਆਤਮਿਕ ਅਨੰਦ ਜਹੀਆਂ ਗਲਾਂ ਦੱਸਣਾ, ਮਹਿੰ ਅਗੇ ਬੀਣ ਵਜਾਉਣ ਵਾਲੀ ਗਲ ਹੈ। ਇਸ ਲਈ ਉਨ੍ਹਾਂ ਨੇ ਕਿਹਾ: ਕਿਆਮਤ ਦੇ ਦਿਨ ਮੁਰਦੇ ਜੀ ਉਠਣਗੇ। ਬੱਦੂਆਂ ਨੇ ਸਮਝਿਆ ਸਾਡਾ ਇਹ ਪਿਆਰਾ ਸ਼ਰੀਰ ਸਦਾ ਲਈ ਵਿਛੜਨ ਵਾਲਾ ਨਹੀਂ। ਇੰਜ ਹੀ, ਬਹਿਸ਼ਤ ਦੀਆਂ ਦੁੱਧ ਅਤੇ ਸ਼ਹਿਦ ਦੀਆਂ ਨਹਿਰਾਂ, ਅੰਗੂਰਾਂ ਦੇ ਬਾਗ਼ ਤੇ ਹੂਰਾਂ ਬੱਦੂਆਂ ਦਾ ਮਨ ਮੋਹ ਸਕਦੀਆਂ ਸਨ। ਪਰ ਇਹ ਗੱਲਾਂ ਜੇ ਕਿਸੇ ਗਿਆਨੀ, ਜੋਗੀ, ਦਾਰਸ਼ਨਿਕ ਨੂੰ ਕਹੀਆਂ ਜਾਣ ਤਾਂ ਖਿੱਚ ਨਹੀਂ, ਘ੍ਰਿਣਾ ਪੈਦਾ ਕਰਨਗੀਆਂ।"

ਸਪਸ਼ਟ ਹੈ ਕਿ ਗਜ਼ਾਲੀ ਦੇ ਬੌਧਿਕ ;ਮਨ ਨੂੰ ਕੁਰਾਨ ਦੀ ਇਹ ਪੁਰਾਣੀ ਸਿਖਿਆ-ਦੀਖਿਆ ਕੋਈ ਪ੍ਰੇਰਨਾ ਨਹੀਂ ਸੀ ਦੇਂਦੀ। ਉਸ ਦੀ ਬੌਧਿਕ ਅੱਖ ਨੇ ਦੇਖ ਲਿਆ ਸੀ ਅਤੇ ਉਸ ਦੀ ਪ੍ਰਬੀਨ ਕਲਮ ਨੇ ਆਪਣੇ ਸੁਲਤਾਨ; ਸੰਜਰ ਸਲਜੂਕੀ ਨੂੰ ਲਿਖਿਆ ਸੀ: "ਅਫਸੋਸ! ਮੁਸਲਮਾਨਾਂ (ਆਮ ਜਨਤਾ) ਦੀਆਂ ਧੌਣਾਂ ਮੁਸੀਬਤਾਂ ਤੇ ਤਸੀਹਿਆਂ ਨਾਲ ਟੁੱਟਣ ਤੇ ਆਈਆਂ ਹੋਈਆਂ ਨੇ ਤੇ ਤੇਰੇ ਘੋੜਿਆਂ ਦੀਆਂ ਧੌਣਾਂ ਸੋਨੇ ਦੀਆਂ ਹਮੇਲਾਂ ਦੇ ਭਾਰ ਨਾਲ ਝੌਂ ਰਹੀਆਂ ਹਨ।" ਇਸ ਸਾਰੇ ਕੁਝ ਵਿਚ ਉਸ ਨੂੰ ਪੂਰੀ ਤਰ੍ਹਾਂ ਪਤਾ ਲਗਾ ਚੁਕਾ ਸੀ, "ਇਹ (ਮੁਲਾਣੇ) ਲੋਕ, ਸ਼ਿਆਤੀਨ-ਉਲ-ਉਨਸ (ਮਨੁਖੀ ਜਾਮੇਂ ਵਿਚ ਸ਼ੈਤਾਨ) ਹਨ ਜਿਹੜੇ ਆਪ ਕੁਰਾਹੇ ਪਏ ਹੋਏ ਹਨ ਅਤੇ ਦੂਜਿਆਂ ਨੂੰ ਕੁਰਾਹੇ ਪਾਉਂਦੇ ਹਨ। ਅੱਜ ਕਲ੍ਹ ਦੇ ਸਭ ਧਰਮ ਉਪਦੇਸ਼ਕ ਅਜਿਹੇ ਹਨ। ਹਾਂ ਸ਼ਾਇਦ ਕਿਸੇ ਨੁੱਕਰੇ ਭਾਵੇਂ ਇਸ ਦਾ ਅਪਵਾਦ ਹੋਵੇ ਪਰ ਮੈਨੂੰ: ਕੋਈ ਅਜਿਹਾ ਆਦਮੀ ਨਹੀਂ ਦਿੱਸਿਆ।"

ਬੌਧਿਕ ਮਨੁੱਖ, ਕਿਸੇ ਦੇ ਵਿਚਾਰਾਂ ਨਾਲ ਸਹਿਮਤ ਹੋਵੇ ਜਾਂ ਨਾ, ਪਰ ਉਹ ਆਪਣੀ ਜਗਿਆਸਾ ਕਾਰਣ ਸਭ ਨੂੰ ਮਿਲਣ ਤੇ ਵਿਚਾਰ-ਵਟਾਂਦਰਾ ਕਰਨ ਲਈ ਉਤਸੁਕ ਜ਼ਰੂਰ ਰਹਿੰਦਾ ਹੈ। ਗਜ਼ਾਲੀ ਦੇ ਸਮੇਂ ਦਾਰਸ਼ਨਿਕ ਆਧਾਰ ਵਾਲੇ ਮਤ ਮੁਤਕਲਿਮ, ਬਾਤਨੀ, ਫ਼ਿਲਸਫ਼ਈ, ਸੂਫ਼ੀ, ਜ਼ਿੰਦੀਕ ਅਤੇ ਮੁਲਹਿਦ ਸਨ ਜਿਨ੍ਹਾਂ ਦੇ ਹਮੈਤੀਆਂ-ਹਵਾਰੀਆਂ ਨੂੰ ਮਿਲਣ ਦਾ ਵਰਣਨ ਗਜ਼ਾਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਕਿਰਤਾਂ ਵਿਚ ਮਿਲਦਾ ਹੈ। ਸੁਤੰਤਰ ਵਿਚਾਰਵਾਦੀ ਹੋਣ ਕਾਰਨ, ਸ਼ਰਹ ਦੀ ਜਕੜ-ਬੰਦ ਵਿਚ ਉਹ ਰਹਿ ਨਾ ਸਕਿਆ ਪਰ ਉਸ ਦੀ ਇਸਲਾਮ ਉਪਰ ਸ਼ਰਧਾ ਜ਼ਰੂਰ ਸੀ। ਇਸ ਲਈ ਇਸਲਾਮ ਦੇ ਨਾਂ 'ਤੇ ਜਦੋਂ ਉਸ ਅਤਿਆਚਾਰ ਹੁੰਦੇ ਤੱਕੇ ਤਾਂ ਅਤਿਅੰਤ ਭਿਆਨਕ ਮਾਨਸਿਕ ਵੇਦਨਾ ਅਤੇ ਦੁਚਿੱਤੀ ਦਾ ਸ਼ਿਕਾਰ ਹੋ ਗਿਆ। ਜ਼ਬਾਨ ਬੰਦ ਹੋ ਗਈ ਤੇ ਸਿਹਤ ਖ਼ਰਾਬ। ਅਖ਼ੀਰ ੩੦ ਸਾਲ ਦੀ ਉਮਰ ਵਿਚ ਸਭ ਕੁਝ ਛਡ ਛਡਾ ਕੇ, ਕੰਬਲੀ ਮੋਢੇ ਤੇ ਸੁੱਟ ਨਿਕਲ ਪਿਆ। ਦਮਸ਼ਕ, ਯੂਰੋਸ਼ਲਮ, ਮੱਕੇ ਤੇ ਕਾਹਿਰਾ ਵਿਚ ਭੌਂਦਿਆਂ, ਗਜ਼ਾਲੀ ਜਹੀ ਹਾਲਤ ਸ਼ਾਇਦ ਫ਼ਰੀਦ ਦੀ ਵੀ ਹੋਈ ਸੀ, ਜਿਸ 'ਕਾਲੇ ਮੈਡੇ ਕਪੜੇ, ਕਾਲਾ ਮੈਡਾ, ਵੇਸ' ਅਤੇ 'ਥਲ ਡੂਗਰ ਭਵਿਉਮ' ਦਾ ਵਰਣਨ ਕੀਤਾ ਹੈ। ਇਸ ਮਾਨਸਿਕ ਦੁਚਿੱਤੀ ਵਿਚੋਂ ਮੁਕਤੀ, ਜਾਂ ਤਾਂ ਘੋਲ ਦਾ ਰਾਹ ਅਪਨਾ ਕੇ ਮਿਲ ਸਕਦੀ ਸੀ ਅਤੇ ਜਾਂ ਰਹਿਸਯਵਾਦੀ ਮਨ-ਮੰਦਰ ਦੀ ਛਤਰ-ਛਾਇਆ ਹੇਠ, ਜਿਥੇ 'ਰੁਖੀ ਸੁੱਖੀ ਖਾਇਕੇ ਨਾ ਤਰਸਾਈਂ ਜੀ' ਵਾਲੀ ਸ਼ਰਤ ਪੂਰੀ ਹੋ ਸਕਦੀ ਸੀ। ਗ਼ਜ਼ਾਲੀ ਨੇ ਦੂਜਾ ਰਾਹ ਕਬੂਲ ਕੀਤਾ। ਮਹੁੰਮਦ ਇਬਨ ਮੁਹੰਮਦ, ਅੱਲ ਗ਼ਜ਼ਾਲੀ ਤੋਂ ਸਾਨੂੰ ਫ਼ਰੀਦ ਨੂੰ ਸਮਝਣ ਵਿਚ ਬਹੁਤ ਸਹਾਇਤਾ ਮਿਲ ਸਕਦੀ ਹੈ ਕਿਉਂਕਿ ਇਸਲਾਮ ਦੇ ਇਕ ਲੰਮੇ ਦੌਰ ਵਿਚ ਲਗ ਭਗ ਸਮਕਾਲੀ ਹੋਣ ਤੋਂ ਬਿਨਾਂ ਇਨ੍ਹਾਂ ਦੋਹਾਂ ਅੰਦਰ ਸੁਤੰਤਰ ਵਿਚਾਰਵਾਦ ਜਾਂ ਬੁੱਧੀਵਾਦ ਦੇ ਚਲ ਰਹੇ ਦ੍ਵੰਦ ਵਿਚ ਵੀ ਦੋਹਾਂ ਦੇ ਸਮਾਜਾਂ ਵਿਚ ਸਮਾਨਤਾ ਸਾਨੂੰ ਦਿਸਦੀ ਹੈ। ਦੋਹਾਂ ਦੀ ਮਾਨਸਿਕ ਅਵਸਥਾ, ਲਗ ਭਗ ਸਮਾਜਕ ਪ੍ਰਸਥਿਤੀਆਂ ਤੋਂ ਇਕੋ ਭਾਂਤ ਪ੍ਰਤੀਕ੍ਰਿਤ ਹੋ ਰਹੀ ਹੈ। ਫ਼ਰਕ ਕੇਵਲ ਦੋਹਾਂ ਦੇ ਪ੍ਰਗਟਾਉ-ਖੇਤਰ ਅਤੇ ਪੱਧਰ ਦਾ ਹੈ। ਗ਼ਜ਼ਾਲੀ ਦਾ ਪ੍ਰਗਟਾਉ-ਖੇਤਰ ਦਰਸ਼ਨ ਹੈ ਅਤੇ ਉਹ ਬੁੱਧੀ ਤੇ ਧਰਮ ਦਾ ਮੇਲ ਕਰਾਉਣਾ ਚਾਹੁੰਦਾ ਹੈ, ਸੁਲਤਾਨੀਅਤ ਵਿਰੁਧ ਨਫ਼ਰਤ ਰਖਦਾ ਹੈ, ਪਰ ਸਿਆਣਪ ਨਾਲ ਆਪਣੇ ਆਪ ਨੂੰ ਸੁਲਤਾਨੀ ਕਹਿਰ ਤੋਂ ਵੀ ਬਚਾਉਂਦਾ ਹੈ। ਦੂਜੇ ਪਾਸੇ ਫ਼ਰੀਦ, ਗ਼ਜ਼ਾਲੀ ਜਿਹਾ ਦਾਰਸ਼ਨਿਕ ਨਹੀਂ ਕਿ ਉਹ ਸਮਾਜ ਦੇ ਕੋਹੜ ਪ੍ਰਤੀ ਆਪਣੇ ਰੋਹ ਨੂੰ ਬੌਧਿਕਤਾ ਵਿਚ ਲੁਕਾ ਕੇ ਪ੍ਰਗਟ ਕਰ ਲਵੇ। ਇਸ ਲਈ ਦਾਰਸ਼ਨਿਕ ਪੱਖ ਤੋਂ ਪੇਤਲਾ ਹੋਣ ਕਾਰਣ ਉਸ ਦੀ ਵੇਦਨਾ, ਨਿਰਾਸ਼ਾਵਾਦ ਅਤੇ ਆਤੁਰਵਾਦ ਦੀਆਂ ਹੱਦਾਂ ਨੂੰ ਛੁਹੰਦੀ ਹੈ ਅਤੇ ਜਜ਼ਬੇ ਦੇ ਵਧੇਰੇ ਅਨੁਕੂਲ ਪ੍ਰਗਟਾਉ-ਖੇਤਰ; ਕਵਿਤਾ ਨੂੰ ਅਪਨਾਉਂਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ ਫਰੀਦ ਨੂੰ ਸਥਾਨ ਕਿਉਂ ਮਿਲਿਆ। ਇਹ ਇਕ ਨਿਰੋਲ ਸਿਧਾਂਤਕ ਪ੍ਰਸ਼ਨ ਹੈ, ਜਿਸ ਤੋਂ ਗੁਰਮਤ ਨੂੰ ਸਮਝਣ ਵਿਚ ਵੀ ਸਹਾਇਤਾ ਮਿਲਦੀ ਹੈ।

ਮਨੁਖ ਦੇ ਈਸ਼ਵਰ ਨਾਲ ਰਿਸ਼ਤੇ ਦੇ ਪੱਖ ਤੋਂ ਗੁਰਮਤ, ਬੁਨਿਆਦੀ ਤੌਰ ਤੇ ਪ੍ਰੇਮਾ-ਭਗਤੀ ਜਾਂ ਭਾਉ-ਭਗਤੀ ਉਪਰ ਆਧਾਰਿਤ ਹੈ। ਫ਼ਰੀਦ ਵੀ ਰੱਬ ਨੂੰ ਪ੍ਰੇਮ ਨਾਲ ਹੀ ਪ੍ਰਾਪਤ ਕਰਨ ਉਪਰ ਯਕੀਨ ਰਖਦਾ ਹੈ। ਇਹ ਠੀਕ ਹੈ ਕਿ ਈਸ਼ਵਰ-ਪ੍ਰਾਪਤੀ ਲਈ ਗੁਰੂ ਅੰਗਦ ਦੇਵ ਦੇ ਸਮੇਂ ਤੋਂ ਹੀ ਗੁਰੂ ਦੀ ਲੋੜ ਉਪਰ ਜ਼ੋਰ ਦਿਤਾ ਜਾਣ ਲਗ ਪਿਆ ਸੀ। (ਉਨ੍ਹਾਂ ਦੀ ਸਮੁੱਚੀ ਰਚਨਾ, ੬੩ ਸਲੋਕਾਂ ਵਿਚੋਂ ਲਗ ਭਗ ਸਾਰੇ ਹੀ ਗੁਰੂ ਦੀ ਲੋੜ, ਸਿਫਤਾਂ ਅਤੇ ਸਿੱਖ ਦੇ ਕਰਤਵ ਸੰਬੰਧੀ ਹਨ)। ਗੁਰਮਤ, ਪ੍ਰੇਮ-ਮਾਰਗੀ ਹੋਣ ਦੇ ਨਾਲ ਨਾਲ ਇਸ ਗੁਰੂ-ਮੁਖ ਸਿਧਾਂਤ ਦੇ ਵੀ ਨੇੜੇ ਹੋ ਰਿਹਾ ਸੀ ਕਿ ਜੇ ਗੁਰੂ ਤੇ ਗੋਬਿੰਦ ਦੋਵੇਂ ਸਾਹਮਣੇ ਹੋਣ ਤਾਂ ਪਹਿਲਾਂ ਗੁਰੂ ਦੇ ਚਰਨੀਂ ਪਿਆ ਜਾਏ, ਜਦ ਕਿ ਉਨ੍ਹਾਂ ਦੇ ਆਪਣੇ ਸਮਕਾਲੀ ਸ਼ਾਹ ਹੁਸੈਨ ਅਤੇ ਅਦ੍ਵੈਤਵਾਦੀ ਭਗਤ; ਮੀਰਾਂ ਤੇ ਸੂਰਦਾਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਸਥਾਨ ਨਹੀਂ ਮਿਲਿਆ ਜਿਹੜੇ ਰੱਬ ਨਾਲ ਸਿੱਧੇ ਪ੍ਰੇਮ ਦਾ ਰਾਹ ਅਪਣਾ ਰਹੇ ਸਨ। ਫ਼ਰੀਦ, ਇਕ ਪਾਸੇ ਕੱਟੜ ਮੁਸਲਮਾਨਾਂ ਤੋਂ ਉਲਟ ਅਖਵਾਨੁਸਫ਼ਾ ਜਾਂ ਇਮਾਮ ਗ਼ਜ਼ਾਲੀ ਵਾਂਗ ਰੱਬ-ਪਰਾਪਤੀ ਲਈ ਪ੍ਰੇਮ-ਮਾਰਗੀ ਹੈ। ਦੂਜੇ ਪਾਸੇ ਉਹ ਇਸ ਪਰਾਪਤੀ ਲਈ ਉਜ਼ੂ, ਨਿਮਾਜ਼, ਮਸੀਤ ਆਦਿਕ ਕੁਝ ਪੱਖਾਂ ਨੂੰ ਕਬੂਲਦਾ ਵੀ ਹੈ। ਫ਼ਰੀਦ ਸ਼ਰੀਅਤ ਉਪਰ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੱਦ ਤਕ ਈਮਾਨ ਰਖਦਾ ਹੋਇਆ – ਕਿਉਂਕਿ ਇਸ ਉਪਰ ਸੁੰਨੀ ਅਤੇ ਸੁੰਨੀਆਂ ਵਿਚੋਂ ਵੀ ਹਨਫ਼ੀ ਸੁੰਨੀਆਂ ਵਾਂਗ ਜ਼ੋਰ ਨਹੀਂ ਸੀ ਦੇਂਦਾ, ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਉਸ ਦੇ ਉਚਾਰੇ ਉਜ਼ੂ, ਨਿਮਾਜ਼, ਮਸੀਤ ਅਤੇ ਸਜ਼ਾ ਸਬੰਧੀ ਡਰਾਵੇ ਅਤੇ ਜਜ਼ਾ ਸੰਬੰਧੀ ਲਾਰੇ, ਸਿੱਖਾਂ ਲਈ ਚਿੰਨ੍ਹਾਂ-ਪ੍ਰਤੀਕਾਂ ਦਾ ਕੰਮ ਦੇ ਸਕਦੇ ਹਨ।

ਗੁਰਮਤ ਦੀ ਭਾਉ-ਭਗਤੀ ਮਨ-ਮੰਦਰ ਦਾ ਸੁਪਨਲ ਪਸਾਰਾ ਨਹੀਂ ਸੀ, ਸਗੋਂ ਬਹੁਤ ਹਦ ਤਕ ਸਮਾਜਕ ਕਰਮ ਉਪਰ ਆਧਾਰਿਤ ਸੀ। ਇਕ ਪਾਸੇ ਅਦ੍ਵੈਤਵਾਦੀ ਸੂਫ਼ੀਆਂ ਅਤੇ ਭਗਤਾਂ ਦੇ ਪ੍ਰੇਮ-ਮਾਰਗ ਦੀ ਉਹ ਸਿਖ਼ਰ ਸੀ ਜਿਹੜੀ ਰੱਬ ਨਾਲ ਸਿੱਧੇ ਪ੍ਰੇਮ ਉਪਰ ਜ਼ੋਰ ਦੇਂਦੀ, ਸ਼ਰਹ ਤੇ ਕਰਮ-ਕਾਂਡ ਦੀ ਵਿਰੋਧਤਾ ਕਰਦੀ ਹੋਈ ਸਮਾਜਕ ਕਰਮ ਨੂੰ ਹੀ ਛਡ ਬੈਠੀ ਸੀ ਅਤੇ ਅਪਾਹਜ ਹੋ ਕੇ ਰਹਿ ਗਈ ਸੀ। ਦੂਜੇ ਪਾਸੇ ਹਨਫ਼ੀ ਸੁੰਨੀ ਮੁਸਲਮਾਨ ਅਤੇ ਸਨਾਤਨੀ ਹਿੰਦੂ ਮਤ, ਸਮਾਜਕ ਕਰਮ ਉਪਰ ਜ਼ੋਰ ਦੇਂਦੇ ਹੋਏ ਕਰਮ-ਕਾਂਡ ਦੇ ਹੌਤਿਆ-ਕੁੰਡ ਵਿਚ ਉਲਝ ਕੇ ਰਹਿ ਗਏ ਸਨ। ਈਸ਼ਵਰ ਪਰਾਪਤੀ ਦਾ ਨਿਸ਼ਾਨਾ, ਉਨ੍ਹਾਂ ਦੀ ਕਥਨੀ ਭਾਵੇਂ ਹੋਵੇ, ਕਰਨੀ ਨਹੀਂ ਸੀ ਰਹਿ ਗਿਆ। ਗੁਰਮਤ ਦਾ ਰਾਹ ਕਿਰਿਆ ਸ਼ੀਲ ਜਾਂ ਸਰਗਰਮ ਭਾਉ-ਭਗਤੀ ਦਾ ਗਾਡੀ-ਰਾਹ ਸੀ। ਫ਼ਰੀਦ ਇਸ ਪੱਖ ਤੋਂ ਵੀ ਗੁਰਮਤ ਦੇ ਨੇੜੇ ਸੀ। ਭਗਤਾਂ ਵਿਚੋਂ ਕਬੀਰ, ਨਾਮਦੇਵ, ਸਦਨਾ, ਰਵਿਦਾਸ ਆਦਿ ਵੀ ਇਸੇ ਗਾਡੀ-ਰਾਹ ਉਪਰ ਅਗੇ ਪਿਛੇ ਚਲ ਰਹੇ ਪਾਂਧੀ ਸਨ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਮਿਲਿਆ।

ਅੱਤ, ਬੁੱਧੀ ਦੀ ਬਿੜਕਣ ਹੈ। ਧਰਮ-ਸ਼ਾਸਤਰ ਵਿਚ ਅੱਤ ਨੂੰ ਸ਼ਾਇਦ ਇਸੇ ਲਈ ਪਰਮੇਸ਼ਵਰ ਨਾਲ ਵੈਰ ਦੱਸਿਆ ਹੈ। ਸਮੁੱਚੇ ਤੌਰ ਤੇ ਪਰਵਾਨ ਹੋਣ ਤੇ ਵੀ ਫ਼ਰੀਦ ਰੱਬ, ਸੰਸਾਰ, ਮਨੁੱਖੀ ਦੁੱਖਾਂ-ਸੁੱਖਾਂ ਸੰਬੰਧੀ ਦ੍ਰਿਸ਼ਟੀਕੋਣ ਵਿਚ ਕੁਝ ਥਾਂਵਾਂ ਤੇ ਅੱਤ ਦੇ ਨੇੜੇ ਪੁਜ ਕੇ ਇਕ ਆਤੁਰਵਾਦੀ ਵਾਂਗ, ਸੰਸਾਰ ਤੋਂ ਉਦਾਸੀਨਤਾ ਅਤੇ ਨਿਰਾਸ਼ਾਵਾਦ ਦੀਆਂ ਕੰਨੀਆਂ ਛੋਹਣ ਲਗਦਾ ਹੈ ਜਿਸ ਨੂੰ ਗੁਰੂ ਨਾਨਕ, ਗੁਰੂ ਅਰਜਨ ਦੇਵ ਨੇ ਤਾੜ ਲਿਆ ਹੈ। ਇਸ ਲਈ ਇਨ੍ਹਾਂ ਤਿੰਨਾਂ ਗੁਰੂ ਸਾਹਿਬਾਂ ਦੇ ਸ਼ਲੋਕ-ਸ਼ਬਦ, ਫ਼ਰੀਦ ਨੂੰ ਸੰਬੋਧਨ ਕਰ ਕੇ ਇਨ੍ਹਾਂ ਅੱਤ-ਹੱਦਾਂ ਤੋਂ ਰੋਕਣ ਠਾਕਣ ਲਈ ਲਿਖੇ ਗਏ ਹਨ ਅਤੇ ਗੁਰੂ-ਮਤ ਨੂੰ ਪੇਸ਼ ਕਰਦੇ ਹਨ। ਫ਼ਰੀਦ ਦੇ ਸ਼ਲੋਕ ੩੧, ੧੧੨ ਅਤੇ ੧੧੯ ਦੇ ਨਾਲ ਹੀ ਕਰਮਵਾਰ ੩੨. ੧੧੩ ਅਤੇ ੧੨੦ ਗੁਰੂ ਨਾਨਕ ਦੇਵ ਦੇ ਰਚੇ ਹੋਏ ਹਨ, ਜਿਨ੍ਹਾਂ ਤੋਂ ਫ਼ਰੀਦ ਦੇ ਵਿਚਾਰਾਂ ਦਾ ਗੁਰਮਤ ਅਨੁਸਾਰ ਸੰਬਾਦ ਕੀਤਾ ਗਿਆ ਹੈ।

ਫ਼ਰੀਦ, ਯੋਗ ਸਮਾਂ ਅਜਾਈਂ ਲੰਘ ਜਾਣ 'ਤੇ ਪਛਤਾਵੇ ਵਿਚ ਨਿਰਾਸ਼ਾ ਨਾਲ ਕਹਿੰਦਾ ਹੈ ਕਿ ਹੁਣ ਤਰ ਕੇ ਲੰਘ ਜਾਣਾ ਔਖਾ ਹੈ। ਗੁਰੂ ਨਾਨਕ ਸਾਹਿਬ ਇਸ ਦਾ ਸੰਬਾਦ ਕਰਦੇ ਹਨ:

"ਜਪ ਤਪ ਕਾ ਬੰਧ ਬੇੜਲਾ ਜਿਤੁ ਲੰਘਹਿ ਵਹੇਲਾ
ਨਾ ਸਰਵਰ ਨਾ ਊਛਲੇ ਐਸਾ ਪੰਥ ਸੁਹੇਲਾ"

ਗੁਰੂ ਅਮਰਦਾਸ, ਹੋਰ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ ਕਿ ਭਲੇ ਕੰਮ ਕਰੋ ਸਈ: ਇਹ ਕਦੇ ਵੀ ਅਵੇਰੇ ਨਹੀਂ ਹੁੰਦੇ। ਬੁਢੇਪੇ ਦਾ ਇਸ ਨਾਲ ਕੀ ਸੰਬੰਧ!

'ਫਰੀਦਾ ਕਾਲੀ ਧਉਲੀ ਸਾਹਿਬੁ ਹੈ ਜੇ ਕੋ ਚਿਤਿ ਕਰੇ।'

ਫ਼ਰੀਦ ਦੇ ਸਮੇਂ ਤੁਰਕੀ ਸੁਲਤਾਨੀ ਸਥਾਪਤ ਹੋਣ ਨਾਲ ਉਹ ਬਰਾਬਰੀ, ਭਰੱਪਣ ਤੇ ਸਮਾਜਕ ਨਿਆਂ ਹੁਣ ਲੋਪ ਹੋ ਚੁਕਾ ਸੀ ਜਿਹੜਾ ਇਸਲਾਮ ਆਪਣੇ ਨਾਲ ਸ਼ੁਰੂ ਵਿਚ ਲਿਆਇਆ ਸੀ। ਸਮੁੱਚੇ ਸਮਾਜ ਵਿਚ ਜਬਰ ਤੇ ਜ਼ੁਲਮ ਅਤੇ ਖ਼ੁਦ ਇਸਲਾਮ ਦੇ ਰਾਜਸੀ ਘੇਰੇ ਅੰਦਰ ਅੱਯਾਸ਼ੀ, ਵਿਤਕਰਾ ਤੇ ਬੇ-ਮੁਖਤਾ ਦੇਖ ਕੇ ਫ਼ਰੀਦ ਰਾਜ਼ੀ ਨਹੀਂ ਸੀ। ਉਹ ਝੁਜਲਾ ਕੇ ਸੰਸਾਰ ਨੂੰ ਗੁੱਝੀ ਭਾਅ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖ ਕੇ ਇਸ ਪ੍ਰਤੀ ਉਦਾਸੀਨਤਾ ਦੀ ਪ੍ਰੇਰਨਾ ਦੇ ਬੈਠਦਾ ਸੀ। ਗੁਰਮਤ ਸੰਸਾਰ ਨੂੰ ਜਿਉਣ ਜੋਗਾ ਅਤੇ ਜੀਵਨ ਨੂੰ ਪਿਆਰਾ ਸਮਝਦਾ ਸੀ, ਇਸੇ ਲਈ ਗੁਰੂ ਅਰਜਨ ਨੇ ਫ਼ਰੀਦ ਨੂੰ ਸੰਬੋਧਨ ਕਰ ਕੇ ਕਿਹਾ:

"ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ"

ਅਤੇ ਨਾੜੂ ਛੇਕਣ ਸਮੇਂ ਗਲ ਕਟਵਾਉਣ ਦੀ (ਫਰੀਦ ਦੀ) ਰੀਝ ਦੇ ਟਾਕਰੇ 'ਤੇ ਗੁਰਮਤ ਕਹਿੰਦਾ ਸੀ:

ਫ਼ਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ।
ਵਿਰਲੇ ਕੇਈ ਪਾਇਅਨਿ ਜਿਨ੍ਹਾਂ ਪਿਆਰੇ ਨੇਹ।

ਗੁਰਮਤ ਵਲੋਂ, ਫ਼ਰੀਦ ਦੇ ਆਤੁਰਵਾਦ ਵਲ ਹੋਏ ਰੁਖ ਨੂੰ ਹੀ ਨਹੀਂ ਮੋੜਿਆ ਗਿਆ ਸਗੋਂ ਇਸੇ ਪ੍ਰਕਰਨ ਵਿਚ ਝੁੰਜਲਾਹਟ ਤਕ ਪੁੱਜੇ ਦ੍ਵੈਤਵਾਦ ਦਾ ਵੀ ਸਿਧਾਂਤਕ ਸੰਬਾਦ ਕੀਤਾ ਗਿਆ ਜਿਸ ਦੇ, ਭਾਣੇ (ਦ੍ਵੈਤਵਾਦ) ਤੋਂ ਬੇਮੁਖ ਹੋ ਜਾਣ ਦਾ ਡਰ ਸੀ।

"ਫ਼ਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰੱਬ ਮਾਹਿ।"

ਗੁਰਮਤ ਉਸ ਹਦ ਤਕ ਹੀ ਦ੍ਵੈਤਵਾਦੀ ਸੀ, ਕਰਮ ਸ਼ੀਲ ਸੀ, ਜਿਸ ਹਦ ਤਕ ਜੀਵਨ ਨੂੰ ਸੁਸਤੀ ਦਾ ਘੁਣ ਨਾ ਲਗੇ, ਪਰ ਇਹ ਜੀਵਨ ਉਹ, (ਰੱਬ ਦੇ) ਭਾਣੇ ਵਿਚ ਜਿਉਣਾ ਚਾਹੁੰਦਾ ਸੀ। ਇੰਜ ਗੁਰਮਤ ਵਿਚ, ਦ੍ਵੈਤਵਾਦ ਅਤੇ ਅਦ੍ਵੈਤਵਾਦ ਜਾਂ ਨਿਰਗੁਣ ਤੇ ਸਰਗੁਣ ਦਾ ਸੰਬਾਦ ਹੁੰਦਾ ਸੀ। ਫ਼ਰੀਦ, ਗੁਰਮਤ ਲਈ ਉਸ ਹੱਦ ਤਕ ਪ੍ਰਵਾਨੀਯ ਸੀ ਜਿਸ ਹੁੱਦ ਤਕ ਉਹ ਭਾਣੇ ਦੇ ਅੰਦਰ ਰਹਿੰਦਾ ਸੀ।

ਆਤਮਾ ਦਾ ਪ੍ਰਮਾਤਮਾ ਨਾਲ ਭਾਉ-ਭਗਤੀ ਰਾਹੀਂ (ਇਕ ਕਰਮ ਰਾਹੀਂ) ਮੇਲ, ਗੁਰਮਤ ਦਾ ਨਿਸ਼ਾਨਾ ਸੀ। ਫ਼ਰੀਦ ਇਹ ਸ਼ਰਹ ਪੂਰੀ ਕਰਦਾ ਸੀ। ਨੀਝ ਇਸ ਦੁਨੀਆਂ ਤੋਂ ਪਰੇ ਕਿਸੇ ਨਿਸ਼ਾਨੇ ਤੇ ਟਿਕੀ ਹੋਣ ਦੇ ਬਾਵਜੂਦ ਗੁਰਮਤ ਦੇ ਪੈਰ ਇਸ ਧਰਤੀ ਉਪਰ ਜੰਮੇ ਹੋਏ ਸਨ। ਫ਼ਰੀਦ ਸੰਸਾਰ ਤੋਂ (ਸੰਸਾਰ ਦੇ ਹਿਤ ਵਿਚ ਹੀ ਭਾਵੇਂ) ਉਦਾਸੀਨ ਸੀ। ਗੁਰਮਤ ਨੇ ਇਸ ਸੰਬੰਧੀ ਫਰੀਦ ਦੇ ਸੰਕਲਪ ਦੇ ਨਾਲ ਆਪਣਾ ਨਵੇਕਲਾ ਵਿਚਾਰ-ਧਾਰਕ ਸੰਬਾਦ ਵੀ ਪੇਸ਼ ਕੀਤਾ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮਾਇਣ ਦੀ ਯੋਗਵਾਦੀ ਵਿਆਖਿਆ

ਦੇਵ-ਕਹਾਣੀਆਂ ਰੋਚਕ ਤੇ ਉਤਸੁਕਤਾ-ਭਰਪੂਰ ਹੀ ਨਹੀਂ ਹੁੰਦੀਆਂ ਸਗੋਂ ਉਨ੍ਹਾਂ ਹੇਠ ਕੋਈ ਸਿੱਖਿਆ; ਕਿਸੇ ਖਾਸ ਦ੍ਰਿਸ਼ਟੀਕੋਣ ਦਾ ਕੋਈ ਸਿਧਾਂਤ ਵੀ ਪੇਸ਼ ਕੀਤਾ ਹੁੰਦਾ ਹੈ। ਜਿਵੇਂ ਯੂਨਾਨੀ ਤੇ ਰੋਮਨ ਦੇਵ-ਕਹਾਣੀਆਂ ਵਿਚ ਵੀਨਸ (ਸੁੰਦਰਤਾ ਦੀ ਦੇਵੀ) ਦਾ ਆਪਣੇ ਪਤੀ ਵੁਲਕਨ ਤੋਂ ਲੁਕ-ਛਿਪ ਕੇ ਮਾਰਜ਼ ਨਾਲ ਪਿਆਰ ਪਾਉਣਾ, ਰਵਾਇਤੀ ਢੰਗ ਅਨੁਸਾਰ ਇਕ ਛੱਨਾਰ ਇਸਤਰੀ ਦੀਆਂ ਕਰਤੂਤਾਂ ਅਤੇ ਫਲ ਸਰੂਪ ਉਸ ਦੀ ਬਦਨਾਮੀ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ। ਨਾਲ ਹੀ ਇਸ ਰਵਾਇਤ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸੁੰਦਰਤਾ ਨਾਲ ਪਿਆਰ ਪੈਣਾ, ਤਬਾਹੀ ਨੂੰ ਸੱਦਾ ਹੈ। (ਮਾਰਜ਼ ਦੇ ਅਰਥ ਤਬਾਹੀ ਦੇ ਹਨ)

ਇੰਜੇ ਹੀ ਇਕ ਹੋਰ ਰਵਾਇਤ ਹੈ : ਇਕ ਸਮਾਂ ਸੀ ਜਦੋਂ ਮਨੁੱਖ ਤੇ ਦੇਵਤੇ ਰਲਣ ਮਿਲਣ ਲਗੇ। ਇਸ ਸਮੇਂ ਇਕ ਰਾਜੇ ਦੇ ਘਰ ਇਕ ਬੱਚੀ ਨੇ ਜਨਮ ਲਿਆ ਜੋ ਅਤੀ ਸੁੰਦਰ ਸੀ। ਇਸ ਦਾ ਨਾਂ ਸੀ ਸਾਈਕੀ (Psyche; ਕਹਾਣੀ ਦੇ ਪ੍ਰਕਰਣ ਵਿਚ ਸਾਈਕੀ ਦਾ ਅਰਥ ਸੂਝ ਨਿਕਲਦਾ ਹੈ)। ਸੂਝ ਇੰਨੀ ਸੁੰਦਰ ਸੀ ਕਿ ਉਸ ਦੀ ਸੁੰਦਰਤਾ ਦੀ ਚਰਚਾ ਜਲਦੀ ਹੀ ਦੇਵ-ਲੋਕ ਤਕ ਜਾ ਪੁੱਜੀ। ਸੁੰਦਰਤਾ ਦੀ ਦੇਵੀ, ਵੀਨਸ ਇਹ ਸਹਿ ਨਾ ਸਕੀ। ਉਸ ਨੇ ਪਿਆਰ ਦੇ ਦੇਵਤੇ; ਆਪਣੇ ਪੁਤਰ, ਕਿਊਪਡ ਨੂੰ ਸੂਝ ਵਲ ਭੇਜਿਆ ਕਿ ਉਹ ਆਪਣੇ, ਕਦੇ ਨਾ ਉੱਕਣ ਵਾਲੇ ਤੀਰਾਂ ਨਾਲ ਸੂਝ ਨੂੰ ਵਿੰਨ੍ਹ ਸੁੱਟੇ। ਪਿਆਰ ਦਾ ਅੰਨ੍ਹਾ ਦੇਵਤਾ ਕਿਊਪਡ, ਸੂਝ ਦਾ ਸ਼ਿਕਾਰ ਕਰਨ ਗਿਆ ਅਤੇ ਆਪ ਉਸ ਦੇ ਪਿਆਰ-ਤੀਰਾਂ ਨਾਲ ਵਿੰਨ੍ਹਿਆ ਗਿਆ। ਸੂਝ ਦੀਆਂ ਦੋਹਾਂ ਭੈਣਾਂ ਦਾ ਵਿਆਹ ਹੋ ਗਿਆ, ਪਰ ਉਹ ਆਪ ਕੁਆਰੀ ਹੀ ਰਹੀ, ਕਿਉਂਕਿ ਉਸ ਨੂੰ ਯੋਗ ਵਰ ਨਾ ਮਿਲਿਆ। ਅਖੀਰ ਇਕ ਜੋਤਸ਼ੀ ਦੇ ਕਹਿਣ 'ਤੇ ਉਸ ਨੂੰ ਸੋਗ ਦੇ ਕਪੜੇ ਪੁਆ ਕੇ ਨੇੜੇ ਦੀ ਪਹਾੜੀ ਤੇ ਛਡ ਦਿਤਾ ਗਿਆ , ਜਿਥੋਂ ਕਿਊਪਡ ਦਾ ਨੌਕਰ ਉਸ ਨੂੰ ਕਿਊਪਡ ਦੇ ਮਹੱਲਾਂ ਵਿਚ ਲੈ ਗਿਆ। ਸੂਝ ਹੁਣ ਕਿਊਪਡ ਦੀ ਪਤਨੀ ਤੇ ਪ੍ਰੇਮਿਕਾ ਬਣ ਕੇ ਰਹਿਣ ਲਗੀ, ਜੋ ਉਸ ਨਾਲ ਰਹਿੰਦਾ ਬਹਿੰਦਾ ਹੋਇਆ ਵੀ ਅਦਿੱਖ ਰਹਿੰਦਾ ਸੀ। ਆਪਣੀਆਂ ਭੈਣਾਂ ਦੀ ਸਾਜ਼ਸ਼ ਭਰੀ ਪ੍ਰੇਰਣਾ ਕਾਰਣ ਸੂਝ ਨੇ ਆਪਣੇ ਪਿਆਰੇ ਦਾ ਮੂੰਹ ਦੇਖ ਲਿਆ, ਜੋ ਅਤੀ ਸੁੰਦਰ ਨਿਕਲਿਆ, ਪਰ ਉਸ ਤੋਂ ਮਗਰੋਂ ਉਹ ਕਦੇ ਉਸ ਨੂੰ ਨਾ ਮਿਲਿਆ। ਇਹ ਦੇਵ-ਕਹਾਣੀ ਸੂਝ, ਸੁੰਦਰਤਾ ਤੇ ਪਿਆਰ ਨੂੰ ਸਮਝਣ ਲਈ ਕਿੰਨੀ ਅਰਥ-ਭਰਪੂਰ ਹੈ ! ਇਸ ਵਿਚੋਂ ਪ੍ਰਗਟ ਹੁੰਦਾ ਹੈ ਕਿ ਪਿਆਰ, ਸੁੰਦਰਤਾ ਵਿਚੋਂ ਪੈਦਾ ਹੁੰਦਾ ਹੈ। ਉਹ ਸੂਝ ਵਲ ਵੀ ਖਿੱਚਿਆ ਜਾ ਸਕਦਾ ਹੈ। ਸੂਝ, ਜਦ ਪਿਆਰ ਨੂੰ ਜਾਣ ਜਾਏ (ਉਸ ਦੇ ਪਿਆਰ ਵਿਚ ਗੁਆਚ ਭਾਵੇਂ ਜਾਏ), ਤਾਂ ਪਿਆਰ ਉਸ ਕੋਲ ਟਿਕ ਨਹੀਂ ਸਕਦਾ, ਕਿਉਂਕਿ ਨਿਪਟ ਸੂਝ ਨਾਲ ਦੇਖਿਆਂ ਤਾਂ ਪਿਆਰ ਹੈ ਹੀ ਕੁਝ ਨਹੀਂ। ਇੰਜੇ ਹੀ ਹੋਰ ਕਈ ਰਵਾਇਤਾਂ ਹਨ।

ਉਪਨਿਸ਼ਦੀ-ਪੁਰਾਣਿਕ ਦੇਵ-ਕਹਾਣੀਆਂ ਵਿਚੋਂ ਕਈ ਤਾਂ ਆਪਣੀ ਅਰਥ-ਭਰਪੂਰਤਾ ਵਿਚ ਕਮਾਲ ਹਨ। ਉਨ੍ਹਾਂ ਦੀਆਂ ਘਟਨਾਵਾਂ ਦੇ ਸੱਚੇ ਹੋਣ ਵਿਚ ਤਾਂ ਯਕੀਨ ਹੁਣ ਘਟਦਾ ਜਾ ਰਿਹਾ ਹੈ, ਉਨ੍ਹਾਂ ਵਿਚਲੇ ਭਾਵਾਂ ਨਾਲ ਵੀ ਕਈਆਂ ਨੂੰ ਵਿਰੋਧ ਹੋ ਸਕਦਾ ਹੈ, ਪਰ ਇਨ੍ਹਾਂ ਕਹਾਣੀਆਂ ਵਿਚ ਇਕ ਮਨੋਰਥ, ਇਕ ਸਿਧਾਂਤ ਰਚਾ ਦੇਣ ਦੀ ਕਲਾ ਅਗੇ ਸੁਹਜ-ਸੁਆਦ ਰੱਖਣ ਵਾਲਾ ਮਨੁਖ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰ ਝੁਕਾ ਸਕਦਾ ਹੈ।

ਇਨ੍ਹਾਂ ਦੇਵ-ਕਹਾਣੀਆਂ ਵਿਚੋਂ ਇਕ ਹੈ ਕਾਮ-ਦੇਵ ਦਾ ਸ਼ਿਵ ਉਪਰ ਹੱਲਾ ਅਤੇ ਸ਼ਿਵ ਦਾ ਉਸ ਦੇ ਅਸਰ ਵਿਚ ਗੁਸੇ ਜਾਣਾ। ਅਖੀਰ ਮੱਥੇ ਵਿਚੋਂ ਤੀਜੀ ਅੱਖ ਦਾ ਪਰਗਟ ਹੋਣਾ, ਜਿਸ ਦੀ ਜੋਤ ਨਾਲ ਕਾਮ-ਦੇਵ ਭਸਮ ਹੋ ਜਾਂਦਾ ਹੈ। ਇਸ ਦੇਵ-ਕਥਾ ਹੇਠ ਕਿੰਨੇ ਸੋਹਣੇ ਢੰਗ ਨਾਲ ਇਹ ਸਿਧਾਂਤ ਦਿਤਾ ਗਿਆ ਹੈ ਕਿ ਕਾਮ-ਦੇਵ ਨੂੰ ਬੁੱਧੀ ਦੇ ਨੂਰ ਨਾਲ ਹੀ ਰੋਕਿਆ-ਠਾਕਿਆ ਜਾ ਸਕਦਾ ਹੈ।

ਤੇ ਫੇਰ ਗਣੇਸ਼-ਜਨਮ ਨਾਂ ਦੀ ਦੇਵ-ਕਥਾ, ਕੁਦਰਤ ਵਿਚੋਂ ਮਨੁਖ ਜਾਤੀ ਦੇ ਸੰਚਾਰ ਦਾ ਵਿਸ਼ਲੇਸ਼ਣ, ਕਿੰਨੇ ਪਿਆਰੇ ਤੇ ਸਾਹਿਤਕ ਢੰਗ ਨਾਲ ਪੇਸ਼ ਕਰਦੀ ਹੈ: ਵਿਸ਼ਵ ਵਿਚ ਬ੍ਰਹਮਾ (ਭਾਵ ਜੀਵਨ ਦੇਣ ਦੀ ਸ਼ਕਤੀ) ਹੈ, ਪਰ ਉਸ ਦਾ ਪੁਤਰ ਮਹਾਂ ਮੂਰਖ ਤੇ ਅੜਬੰਗ ਹੈ, ਜੋ ਆਪਣੀ ਅਥਾਹ ਸ਼ਕਤੀ ਦੇ ਅਹਿਸਾਸ ਵਿਚ ਇੰਨਾ ਬਦਮਸਤ ਹੈ ਕਿ ਕਿਸੇ ਸਮੇਂ ਬ੍ਰਹਮਾ ਨੂੰ ਹੀ ਪਾਰ ਬੁਲਾ ਸਕਦਾ ਹੈ। ਵਿਸ਼ਵ ਵਿਚ ਵਿਕਾਸ ਜਾਂ ਪਾਲਣ-ਪੋਸਣ ਦਾ ਦੇਵਤਾ ਵਿਸ਼ਣੂ ਵੀ ਹੈ, ਪਰ ਉਹ ਨਿਰ-ਸੰਤਾਨ ਹੈ। ਮੌਤ ਜਾਂ ਕਲਿਆਣ ਦਾ ਦੇਵਤਾ ਸ਼ਿਵ ਆਪਣੇ ਰੰਗ ਵਿਚ ਮਸਤ ਹੈ। ਇੰਜ ਧਰਤੀ ਉਪਰ ਨਾ ਜੀਵਨ ਦੀ ਹੋਂਦ ਹੈ, ਨਾ ਇਸ ਦਾ ਵਿਕਾਸ ਤੇ ਨਾ ਮੌਤ! ਧਰਤੀ ਸੁੰਞ-ਮਸਾਨ ਪਈ ਹੈ। ਇਸ ਤੋਂ ਮਗਰੋਂ ਨਾਰਦ ਮੁਨੀ ਦੀਆਂ ਸਿਆਣਪ ਭਰੀਆਂ ਸਾਜ਼ਸ਼ਾਂ ਸਾਨੂੰ ਹਸਾਉਂਦੀਆਂ ਹਨ ਤੇ ਕੌਤੂਹਲ ਵਿਚ ਸੁਟ ਦੇਂਦੀਆਂ ਹਨ। ਅਖੀਰ ਸ਼ਿਵ ਦੀ ਗ਼ੈਰ ਹਾਜ਼ਰੀ ਵਿਚ ਉਨ੍ਹਾਂ ਦੀ ਪਤਨੀ ਪਾਰਬਤੀ ਜਾਂ ਗੌਰਜਾਂ ਆਪਣੀ ਕਲਪਨਾ ਦੇ ਜ਼ੋਰ ਨਾਲ ਇਕ ਬਾਲਕ ਨੂੰ ਪਰਗਟ ਕਰਦੀ ਹੈ। ਬਾਲਕ, ਢੇਰ ਚਿਰ ਮਗਰੋਂ ਬਾਹਰੋਂ ਆਏ ਸ਼ਿਵ ਤੋਂ ਨਾਵਾਕਿਫ ਹੋਣ ਕਾਰਣ ਉਸ ਨੂੰ ਰੋਕਦਾ ਤੇ ਉਸ ਦੇ ਕ੍ਰੋਧ ਨਾਲ ਚਲਾਏ ਤ੍ਰਿਸ਼ੂਲ ਰਾਹੀਂ ਨਸ਼ਟ ਹੋ ਜਾਂਦਾ ਹੈ। ਸਾਰੀ ਗਲ ਦਾ ਪਤਾ ਲਗਣ ਤੇ ਬ੍ਰਹਮਾ, ਵਿਸ਼ਣੂ ਅਤੇ ਸ਼ਿਵ ਦੀਆਂ ਸਾਂਝੀਆਂ ਸਲਾਹਾਂ ਅਤੇ ਜਤਨਾਂ ਨਾਲ ਬਾਲਕ ਦੇ ਧੜ ਉਪਰ ਹਾਥੀ ਦਾ ਸਿਰ ਜੋੜ ਕੇ ਸੁਰਜੀਤ ਕੀਤਾ ਜਾਂਦਾ ਹੈ। ਇਹ ਪਸ਼ੂ-ਦੇਵ; ਗਣੇਸ਼, ਬ੍ਰਹਮਾਂ ਦੀ ਅਮੋੜ ਕੁਲ ਦਾ ਹੀ ਨਾਸ ਨਹੀਂ ਕਰਦਾ, ਉਸ ਦੀਆਂ ਦੋਹਾਂ ਧੀਆਂ ਨੂੰ ਹੀ ਨਹੀਂ ਵਰਦਾ ਸਗੋਂ ਧਰਤੀ ਉਪਰ ਵੀ ਸੁਖ ਤੇ ਸ਼ਾਂਤੀ ਦਾ ਰਜ ਸਥਾਪਤ ਕਰਦਾ ਹੈ। ਕੀ ਇਹ ਦੇਵ-ਕਹਾਣੀ, ਤਿੰਨ ਦੇਵਤਿਆਂ ਰਾਹੀਂ ਪ੍ਰਤੀਨਿਧ ਹੋਈ ਕੁਦਰਤ ਦੀਆਂ ਤਿੰਨਾਂ ਸ਼ਕਤੀਆਂ ਵਿਚੋਂ ਇਸ ਦੁਨੀਆਂ ਵਿਚ ਪਸ਼ੂ ਜਹੇ ਮਨੁਖ ਦੇ ਨਿਕਾਸ ਵਲ ਕੋਈ ਇਸ਼ਾਰਾ ਨਹੀਂ ਕਰਦੀ?

ਦੇਵ-ਕਹਾਣੀਆਂ ਤੋਂ ਮਗਰੋਂ ਅਵਤਾਰ-ਕਹਾਣੀਆਂ ਆਉਂਦੀਆਂ ਹਨ, ਜਿਨ੍ਹਾਂ ਦੀ ਰੰਗ-ਭੂਮੀ, ਦੇਵ-ਲੋਕ ਨਹੀਂ ਸਗੋਂ ਇਹ ਦੁਨੀਆਂ-ਪ੍ਰਤੱਖ ਅਤੇ ਮਾਤ-ਲੋਕ ਹੈ ਜੋ ਦੇਵ-ਲੋਕ ਨਾਲੋਂ ਵਧੇਰੇ ਆਦਰਸ਼ਕ ਹੋ ਨਿਬੜਦੀ ਹੈ। ਇਹ ਕਥਾਵਾਂ ਕਰਾਮਾਤ ਦੀ ਭਰਮਾਰ ਕਾਰਣ ਅਸੰਭਵ ਜਾਂ ਮਿੱਥਿਆ ਹਨ, ਅਤੇ ਬਚਗਾਨਾ ਤੇ ਵਹਿਮੀ ਮਨਾਂ ਨੂੰ ਭਾਉਂਦੀਆਂ ਹਨ ਪਰ ਆਪਣੇ ਸੰਸਾਰਕ ਪਾਤਰਾਂ, ਸਥਾਨਾਂ ਤੇ ਅੰਕੜਿਆਂ ਕਾਰਣ ਇਤਿਹਾਸ ਦੇ ਨੇੜੇ ਜਾ ਪੁਜਦੀਆਂ ਹਨ। ਸ਼ਾਇਦ ਇਸੇ ਲਈ ਇਨ੍ਹਾਂ ਪੁਰਾਣਿਕ ਕਥਾਵਾਂ ਨੂੰ ਮਿਥਿਹਾਸ ਦਾ ਨਾਂ ਦਿਤਾ ਗਿਆ ਹੈ। ਜਿਥੇ ਦੇਵ-ਕਹਾਣੀਆਂ ਦਾ ਅੰਤ੍ਰੀਵ ਅਰਥ, ਸੰਸਾਰ, ਕੁਦਰਤ ਤੇ ਮਨੁਖੀ ਵਰਤਾਰਿਆਂ ਦੀ ਪਰੰਪਰਾ, ਵਿਕਾਸ ਤੇ ਆਪਸੀ ਸੰਬੰਧਾਂ ਦੇ ਗਿਆਨ ਵਜੋਂ ਨਿਕਲਦਾ ਹੈ, ਉਥੇ ਰਾਮਾਇਣ ਤੇ ਮਹਾਂਭਾਰਤ ਜਹੀਆਂ ਪੁਰਾਣਿਕ ਰਚਨਾਵਾਂ ਕੇਵਲ ਸਾਮਾਜਿਕ ਸਿੱਖਿਆਵਾਂ ਦੇਣ ਵਾਲੀਆਂ ਸਮਝੀਆਂ ਜਾਂਦੀਆਂ ਰਹੀਆਂ ਹਨ। ਜਿਵੇਂ, ਇਹ ਆਮ ਪ੍ਰਸਿੱਧ ਹੈ ਕਿ ਮਹਾਂ-ਭਾਰਤ; ਜੂਆ ਖੇਡਣ, ਬੋਲੀ ਮਾਰਨ, ਸਾੜਾ, ਜ਼ਿੱਦ ਅਤੇ ਅੱਤ ਕਰਨ ਸੰਬੰਧੀ ਸਿੱਖਿਆ ਦੇਂਦੀ ਹੈ। ਜਾਂ ਜਿਵੇਂ ਰਾਮਾਇਣ, ਮਾਤਾ-ਪਿਤਾ ਦੇ ਆਗਿਆਕਾਰੀ ਹੋਣ, ਭਰਾ-ਪਿਆਰ, ਪਤੀ ਦਾ ਅੰਗ ਪਾਲਣ ਤੇ ਪਰਾਈ ਇਸਤਰੀ ਉਪਰ ਅੱਖ ਮੈਲੀ ਕਰਨ ਦੇ ਨਤੀਜਿਆਂ ਆਦਿਕ ਸੰਬੰਧੀ ਸਿੱਖਿਆ ਦੇਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ । ਇੰਜ ਦੇਵ-ਕਹਾਣੀਆਂ ਆਪਣੇ ਸਦਸ਼ ਵਿਚ ਜਿਥੇ ਸਿਧਾਂਤਕ ਜਾਂ ਵਿਚਾਰਮਈ ਹਨ, ਉਥੇ ਮਹਾਂ-ਭਾਰਤ ਤੇ ਰਾਮਾਇਣ ਦਾ ਮੰਤਵ ਸਮਾਜਿਕ ਘੇਰੇ ਅਤੇ ਅਮਲੀ ਜੀਵਨ ਵਿਚ ਹੀ ਸੀਮਤ ਰਹਿਣਾ ਹੈ । ਸਗੋਂ ਮਹਾਂਭਾਰਤ ਦਾ ਪਹਿਲਾ ਭਾਗ ਤਾਂ ਵਿਸ਼ਵ-ਉਤਪਤ-ਸ਼ਾਸ਼ਤ੍ਰੀ (Cosmognomical) ਵਿਸ਼ੈ ਵਸਤੂ ਵਾਲਾ ਹੈ ।

ਪਰ ਇਕ ਮਤ ਇਹ ਵੀ ਹੈ ਕਿ ਰਾਮਾਇਣ ਦੀ ਮਹਤਤਾ ਸਾਮਾਜਿਕ ਜਾਂ ਮਿਥਹਾਸਕ ਤੋਂ ਕਿਤੇ ਵਧ ਦਾਰਸ਼ਨਿਕ ਜਾਂ ਅਧਿਆਤਮਕ ਹੈ । ਜਿਹੜੇ ਇਸ ਵਿਚਾਰ ਦੇ ਸਮਰਥਕ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਰਾਮਾਇਣ, ਯੋਗਵਾਦ ਨਾਲ ਕੇਵਲ ਸੰਬੰਧਤ ਹੀ ਨਹੀਂ ਸਗੋਂ ਇਹ ਲਿਖੀ ਹੀ ਯੋਗ-ਸਿਧਾਂਤਾਂ ਦੇ ਪਰਚਾਰ ਲਈ ਹੈ । ਕਿਉਂਕਿ ਰਾਮਾਇਣ ਦਾ ਪਲਾਟ ਯੋਗਵਾਦੀ ਢੰਗ ਨਾਲ ਕੇਵਲ ਆਤਮ-ਸ਼ਾਂਤੀ (ਮੋਕਸ਼-ਪਦ) ਦੀ ਪ੍ਰਾਪਤੀ ਵਲ ਇਸ਼ਾਰਾ ਕਰਦਾ ਹੈ ਅਤੇ ਰਾਮਾਇਣ ਦੇ ਪਾਤਰ ਸ਼ਰੀਰਕ ਅੰਗਾਂ, ਮਨ ਅਤੇ ਆਤਮਾਂ ਦੀਆਂ ਕਿਰਿਆਵਾਂ ਦੀ ਪ੍ਰਤੀਨਿਧਤਾ ਹੀ ਨਹੀਂ ਕਰਦੇ ਸਗੋਂ ਉਨ੍ਹਾਂ ਦੇ ਬਦਲੇ ਹੋਏ ਨਾਂ ਵੀ ਹਨ ।

ਰਾਮਾਇਣ ਨੂੰ ਇਸ ਪੱਖ ਤੋਂ ਦੇਖਣ ਲਈ ਯੋਗ (ਜਾਂ ਜੋਗ) ਦੀ ਪਰੰਪਰਾ, ਵਿਕਾਸ ਤੇ ਸਿਧਾਂਤਾਂ ਸੰਬੰਧੀ ਜਾਨਣਾ ਜ਼ਰੂਰੀ ਹੈ ।

ਮੁਢ ਤੋਂ ਹੀ ਮਨੁਖ, ਗਿਆਨ-ਪ੍ਰਾਪਤੀ ਲਈ ਤਤਪਰ ਰਿਹਾ ਹੈ । ਗਿਆਨ-ਪ੍ਰਾਪਤੀ ਲਈ ਉਹ ਮਨ ਤੇ ਸਰੀਰ ਰਾਹੀਂ ਜਤਨ ਕਰਦਾ ਰਿਹਾ ਹੈ । ਉਸ ਦੇ ਸਮੁੱਚੇ ਰੂਪ ਵਿਚ ਸਰੀਰਕ ਜਤਨਾਂ ਨੇ ਉਸ ਨੂੰ ਭੌਤਿਕ ਵਸਤਾਂ-ਵਰਤਾਰਿਆਂ ਅਤੇ ਸਾਇੰਸਾਂ ਦਾ ਗਿਆਨ ਦਿਤਾ । ਧਰਮ, ਅਧਿਆਤਮ-ਵਾਦ ਉਸ ਦੇ ਮਾਨਸਿਕ ਜਤਨਾਂ ਦਾ ਸਿੱਟਾ ਹੈ । ਅਤੇ ਯੋਗਵਾਦ ਇਨ੍ਹਾਂ ਸਿੱਟਿਆਂ ਵਿਚੋਂ ਇਕ ਸਿੱਟਾ ਹੈ ਜੋ ਸਾਡੇ ਭਾਰਤੀ ਵਡ-ਵਡੇਰਿਆਂ ਤੇ ਰਿਸ਼ੀਆਂ ਨੇ ਕੱਢਿਆ ।

ਪ੍ਰਕਿਰਤੀ ਦੀਆਂ ਸੰਚਾਲਕ-ਸ਼ਕਤੀਆਂ ਨੂੰ ਜਾਨਣ ਦੀ ਚਾਹ ਕੁਦਰਤੀ ਸੀ, ਕਿਉਂਕਿ ਪ੍ਰਕਿਰਤੀ ਇਕ ਠੋਸ ਹਕੀਕਤ ਹੈ ਜੋ ਮਨੁਖ ਦੇ ਜੀਵਨ ਅਤੇ ਮਨ ਉਪਰ ਆਪਣਿਆਂ ਵਰਤਾਰਿਆਂ ਨਾਲ ਪ੍ਰਤੀਕਰਮ ਕਰਦੀ ਹੈ । ਮਨੁਖ ਨੂੰ ਕੁਦਰਤ ਦੇ ਹਰ ਵਰਤਾਰੇ ਦਾ ਸੰਚਾਲਕ ਕੋਈ ਦੇਵਤਾ ਦਿੱਸਣ ਲਗਾ । ਕੋਈ ਮੀਂਹ ਵਸਾਉਂਦਾ ਸੀ ਤਾਂ ਕੋਈ ਧੁੱਪ ਜਾਂ ਗਰਮੀ ਦੇਂਦਾ ਸੀ ਤੇ ਸਭ ਦੇਵਤੇ ਪੁਰਾਤਨ ਮਨੁੱਖੀ ਸਮਾਜ ਵਾਂਗ ਆਪੋ ਆਪਣੇ ਆਹਰ ਵਿਚ ਲਗੇ ਹੋਏ ਸਨ । ਮਗਰੋਂ ਵਿਕਸਿਤ ਹੋ ਚੁਕੇ ਸਮਾਜ ਵਿਚ ਵਸਦੇ ਮਨੁਖ ਨੇ ਜਦ ਇਹ ਦੇਖਿਆ ਕਿ ਵੱਖ-ਵੱਖ ਕੰਮ ਕਰਦੇ ਅਹਿਲਕਾਰਾਂ, ਮੰਤਰੀਆਂ ਦੇ ਕੰਮ ਦਾ ਤਾਲ-ਮੇਲ ਕਰਨ ਵਾਲਾ ਅਤੇ ਉਨ੍ਹਾਂ ਨੂੰ ਆਪਣੇ ਵੱਸ ਵਿਚ ਰਖਣ ਵਾਲਾ ਵੀ ਕੋਈ ਹੈ ਤਾਂ ਉਸ ਨੇ ਇਨ੍ਹਾਂ ਦੇਵਤਿਆਂ ਦੇ ਕਿਸੇ ਅਦਿੱਖ ਸ਼੍ਰੋਮਣੀ ਹਸਤੀ ਦੀ ਕਲਪਣਾ ਕੀਤੀ ਜੋ ਬੜਾ ਉੱਚਾ, ਮਹਾਨ, ਅਥਾਹ, ਅਨੰਤ ਅਤੇ ਅਦਿੱਖ ਸੀ । ਭਾਵੇਂ ਰਿਗਵੇਦ ਦੇ ਮੁਢ ਵਿਚ ਇਸ ਸਰਬ ਸ਼ਿਰੋਮਣੀ ਸੰਚਾਲਕ-ਸ਼ਕਤੀ; ਈਸ਼ਵਰ, ਸੰਬੰਧੀ ਕਲਪਣਾ ਇੰਨੀ ਵਿਸ਼ਾਲ ਨਹੀਂ ਸੀ ਪਰ ਪਤੰਜਲੀ ਦੇ 'ਯੋਗ ਸੂਤਰ' ਦੀ ਰਚਨਾ ਤਕ ਇਹ ਕਲਪਣਾ ਕੀਤੀ ਜਾ ਰਹੀ ਸੀ ਕਿ ਈਸ਼ਵਰ 'ਇਕ ਵਿਸ਼ੇਸ਼ ਪਰਕਾਰ ਦਾ ਪੁਰਸ਼ ਹੈ ਜੋ ਮਲਾਂ (ਅਵਿਦਿਆ, ਅਨੁਰਾਗ ਦ੍ਵੇਸ਼), ਕਰਮਾਂ, ਕਰਮ-ਫਲਾਂ ਅਤੇ ਸੰਸਕਾਰਾਂ ਤੋਂ ਨਿਰਲੇਪ ਹੈ ।' ('ਯੋਗ ਸੂਤਰ' ੧/੨੪)

ਪਹਿਲਾਂ ਤਾਂ ਰੱਬ ਨੂੰ ਜਾਨਣ ਦੀ ਕੇਵਲ ਉਤਸੁਕਤਾ ਤੇ ਚਾਹ ਹੀ ਸੀ, ਪਰ ਹੁਣ ਮਨੁੱਖ ਦੀਆਂ ਲੋੜਾਂ ਤੇ ਚਾਹਾਂ ਵਧਣ ਲਗੀਆਂ ਸਨ । ਇਨ੍ਹਾਂ ਲੋੜਾਂ ਤੇ ਚਾਹਾਂ ਦੀ ਪੂਰਤੀ ਵਿਚ ਮਨੁਖ ਦੀ ਨਿੱਜੀ, ਸਮਾਜਿਕ ਤੇ ਸਾਮੂਹਿਕ ਅਪਹੁੰਚ ਕਾਰਣ ਰੁਕਾਵਟ ਪੈਣ ਲਗੀ । ਇਕ ਸਿਧਾਂਤ ਹੈ ਕਿ ਰੁਕਾਵਟ ਹੀ ਦੁੱਖ ਹੈ ('ਬਾਧੰ ਕਸ਼ਟੰ') । ਇਸ ਲਈ ਹੀ ਲੋੜਾਂ ਜਾਂ ਚਹਾਂ ਦੇ ਪੂਰੀਆਂ ਨਾ ਹੋਣ ਕਾਰਣ ਮਨੁਖ ਨੂੰ ਸਮਾਜ ਤੇ ਸੰਸਾਰ ਵਿਚ ਹਰ ਪਾਸੇ ਦੁੱਖ ਜਾਪਣ ਲਗਾ, ਜਿਸ ਤੋਂ ਬਚਣ ਲਈ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਈਸ਼ਵਰ ਤੋਂ ਬਿਨਾਂ ਉਸ ਪਾਸ ਕੋਈ ਆਸਰਾ-ਪਨਾਹ ਨਹੀਂ ਸੀ । ਇਸ ਲਈ ਰੱਬ ਨੂੰ ਪਾਉਣਾ ਉਸ ਦੀ ਆਦੀ-ਉਤਸੁਕਤਾ ਤੇ ਲਾਲਸਾ ਹਟ ਕੇ, ਲੋੜਾਂ ਦੀ ਲੋੜ ਬਣ ਗਿਆ । ਉਂਜ ਤਾਂ ਸਾਰੇ ਉਪਨਿਸ਼ਦਾਂ ਦਾ ਨਿਸ਼ਾਨਾ ਦਿੱਖ (ਸੰਸਾਰ ਤੇ ਪ੍ਰਕਿਰਤੀ) ਵਿਚੋਂ ਅਦਿੱਖ (ਈਸ਼ਵਰ) ਨੂੰ ਲੱਭਣਾ ਜਾਂ ਪਾਉਣਾ ਸੀ, ਪਰ ਕਠ ਉਪਨਿਸ਼ਦ ਵਿਚ ਹੀ ਸ਼ਾਇਦ ਪਹਿਲੀ ਵਾਰ ਸਿੱਧੇ ਸ਼ਬਦਾਂ ਵਿਚ ਇਸ ਲੋੜ ਨੂੰ ਪ੍ਰਗਟ ਕੀਤਾ ਗਿਆ ਹੈ ਕਿ: 'ਇਹ (ਪਰਮਾਤਮਾ), ਪ੍ਰਵਚਨ (ਪਠਨ-ਪਾਠਨ) ਨਾਲ ਮਿਲਣ ਵਾਲਾ ਨਹੀਂ' ਅਤੇ ਨਾ ਹੀ ਬੁੱਧੀ ਤੇ ਬਹੁ-ਅਸ਼ਰੂ ਹੋਣ ਨਾਲ' (ਕਠ ਉਪਨਿਸ਼ਦ ੧/੨/੨੨) ।

ਇਸ ਸ਼ਿਰੋਮਣੀ ਪ੍ਰਾਕਿਰਤਕ ਸ਼ਕਤੀ ਦੇ ਰੂਪ-ਸਰੂਪ ਸੰਬੰਧੀ ਕਈ ਕਲਪਨਾਵਾਂ ਕੀਤੀਆਂ ਗਈਆਂ ਜਿਨ੍ਹਾਂ ਤੋਂ ਵੱਖ-ਵੱਖ ਸਿਧਾਂਤ ਹੋਂਦ ਵਿਚ ਆਏ । ਇਸ ਨੂੰ ਪਾਉਣ ਦੇ ਕਈ ਰਾਹ ਲੱਭੇ ਗਏ ਜੋ ਵਖ ਵਖ ਧਰਮਾਂ ਦੀ ਬੁਨਿਆਦ ਬਣੇ । ਹਿੰਦੀ-ਆਰੀਆ ਵਿਚਾਰਕਾਂ ਦੀ ਇਕ ਵਡੀ ਗਿਣਤੀ ਨੇ ਦਿੱਖ ਵਿਚੋਂ ਅਦਿੱਖ ਦੇਖਣ ਦੇ ਜਤਨ ਕਰਦਿਆਂ ਹੋਇਆਂ ਜਿਹੜੀ ਕਲਪਨਾ ਕੀਤੀ, ਉਹ ਬ੍ਰਹਮ ਦੀ ਸੀ । ਬ੍ਰਹਮ ਦੀ ਕਲਪਨਾ; ਜਾਪਦਾ ਹੈ, ਬ੍ਰਹਮਾ ਤੋਂ ਵਿਕਸਿਤ ਹੋਈ । ਬ੍ਰਹਮਾ ਤਾਂ ਪੈਦਾ ਕਰਨ ਵਾਲਾ ਪੁਲਿੰਗ ਦੇਵਤਾ ਸੀ । ਪਰ ਬ੍ਰਹਮ, ਦੇਵਤਿਆਂ ਦੀਆਂ ਸਭ ਸਰੀਰਕ ਤੇ ਮਾਨਸਿਕ ਸਿਫਤਾਂ ਤੋਂ ਉੱਚਾ ਸੀ ਤੇ ਸ਼ਾਇਦ ਇਸੇ ਲਈ ਵਿਆਕਰਣ ਅਨੁਸਾਰ ਨਿਪੁੰਸਕ ਲਿੰਗ ਸੀ । ਇਕ ਮਤ ਹੈ ਕਿ ਬ੍ਰਹਮ ਦੀ ਇਹ ਕਲਪਨਾ ਬਿਉਪਾਰ-ਪਰਧਾਨ ਦੌਰ ਦੇ ਉਪਨਿਸ਼ਦਾਂ ਵੇਲੇ ਕੀਤੀ ਗਈ ।

ਉਪਨਿਸ਼ਦ; ਬ੍ਰਹਮ ਦੀ ਕਲਪਨਾ ਤੇ ਰੂਪ-ਸਰੂਪ ਅਤੇ ਪਰਾਪਤੀ ਦੀ ਵਿਆਖਿਆ ਢੇਰ ਚਿਰ ਤਕ ਕਰਦੇ ਰਹੇ । ਬ੍ਰਿਹਦਾਰਣਿਯਕ ਉਪਨਿਸ਼ਦ ਨੇ ਚਿੰਨ੍ਹਵਾਦੀ (ਪ੍ਰਤੀਕਾਤਮਕ) ਢੰਗ ਨਾਲ ਦਸਿਆ ਕਿ ਬ੍ਰਹਮ ਨਾਲ ਸਭ ਆਤਮਾਵਾਂ ਉਸੇ ਤਰ੍ਹਾਂ ਸੰਬੰਧਤ ਹਨ, ਜਿਵੇਂ ਰੱਥ ਦੇ ਪਹੀਏ ਦੀਆਂ ਅਰਾਂ ਕੇਂਦਰੀ ਧੁਰੇ ਨਾਲ । "ਬ੍ਰਹਮ ਦੇ ਦੋ ਰੂਪ ਹਨ: ਮੂਰਤ ਅਤੇ ਅਮੂਰਤ – ਸਤਰਯ (ਨਾਸ਼ਮਾਨ) ਅਤੇ ਅਮ੍ਰਿਤ (ਅਵਿਨਾਸ਼ੀ) ।" (ਬ੍ਰਿਹਦਾਰਣਿਯਕ ੨/੩/੧) 'ਉਹ ਨਾ ਸੂਖਮ ਹੈ ਨਾ ਸਥੂਲ, ਨਾ ਦੀਰਘ ਨਾ ਲਘੂ, ਨਾ ਛਾਇਆ ਨਾ ਤਮ, ਨਾ ਰੰਗ-ਰਸ-ਗੰਧ ਵਾਲਾ, ਨਾ ਅੱਖ-ਕੰਨ-ਬਾਣੀ-ਮਨ-ਪ੍ਰਾਣ-ਮੂੰਹ ਵਾਲਾ ਹੈ, ਇਹ ਨਾ ਅੰਦਰੂਨੀ ਹੈ ਨਾ ਬਾਹਰੀ, ਨਾ ਇਹ ਕਿਸੇ ਨੂੰ ਖਾਂਦਾ ਹੈ ਨਾ ਕੋਈ ਇਹਨੂੰ " (੩/੮/੮) । ਏਤਰੇਯ ਉਪਨਿਸ਼ਦ ਨੇ ਵੀ ਬ੍ਰਹਮ ਦੀ ਇਹ ਵਿਆਖਿਆ ਲਗ ਪਗ ਅਜਿਹੇ ਸ਼ਬਦਾਂ ਵਿਚ ਹੀ ਕੀਤੀ । ਫ਼ਰਕ ਕੇਵਲ ਇਹ ਸੀ ਕਿ ਏਤਰੇਯ ਵਿਚ ਬ੍ਰਹਮ ਨੂੰ ਪ੍ਰਗੇਯ (ਗਿਆਨ ਤੋਂ ਪਰੇ) ਦਾ ਨਾਂ ਦਿਤਾ ਗਿਆ । ਤ੍ਰੈਤੀਯ ਉਪਨਿਸ਼ਦ ਵਿਚ ਇਸਨੂੰ ਇੰਨਾ 'ਨੇਤੀ-ਨੇਤੀ' ਤੇ ਹਰ ਇਕ ਦਾ ਦਸਿਆ ਗਿਆ ਹੈ ਕਿ ਉਹ ਸਗੋਂ ਬ੍ਰਿਹਦਾਰਣਿਯਕ ਤੋਂ ਉਲਟ, ਸਭ ਜੀਵਾਂ ਤੇ ਵਿਚਾਰਾਂ ਤੋਂ ਉੱਚਾ ਹੋਣ ਦੇ ਬਾਵਜੂਦ ਹਰਖ, ਸੋਗ, ਉਪਮਾ ਤੇ ਮਹਿਮਾ ਦੇ ਅੰਦਰ ਆ ਜਾਂਦਾ ਹੈ: "ਉਹ (ਬ੍ਰਹਮੀ) ਪ੍ਰਤਿਸ਼ਠਾ ਹੈ, ਜੋ ਇੰਜ (ਜਾਣ ਕੇ) ਉਪਾਸਨਾ ਕਰੇ, ਉਹ ਪ੍ਰਤਿਸ਼ਠਾ ਵਾਲਾ ਹੈ । ਉਹ ਮਹਿ ਹੈ, ਜੋ ਇੰਜ ਉਪਾਸਨਾ ਕਰੇ ਉਹ ਮਹਾਨ ਹੈ । ਉਹ ਮਨ ਹੈ, ਜੋ ਇੰਜ (ਉਪਾਸਨਾ) ਕਰੇ ਉਹ ਮਨਵਾਨ ਹੈ । ਉਹ ਪ੍ਰੀਮਰ ਹੈ, ਜੋ ਇੰਜ ਕਰੇ ਉਸ ਦੇ ਦੁਸ਼ਮਨ ਦੂਰ ਹੀ ਮਰ ਜਾਂਦੇ ਹਨ ।" ਕਠ ਉਪਨਿਸ਼ਦ ਵਿਚ ਇਸ ਵਿਆਖਿਆ ਦਾ ਖਿਲਾਰ ਛਡ ਕੇ ਇਹ ਭਾਵ ਦਿਤਾ ਗਿਆ ਹੈ: "ਬ੍ਰਹਮ ਦੀ ਥਾਂ, ਦੇਖਣ ਵਾਲਿਆਂ ਦੀ ਗੁਫਾ (ਹਿਰਦੇ ਵਿਚ) ਹੈ" (ਕਠ ਉਪਨਿਸ਼ਦ ੨/੧/੧੦) ਮਾਂਡੂਕਯ ਉਪਨਿਸ਼ਦ ਵਿਚ ਬ੍ਰਹਮ ਲਈ ਵੇਦਾਂ ਦਾ ਸ਼ਬਦ 'ਓਮ' ਵਰਤਿਆ; ਗਿਆ ਹੈ । ਕੋਸ਼ੀਤਕੀ ਉਪਨਿਸ਼ਦ ਦਸਦਾ ਹੈ: "ਆਯੂ (ਜੀਵਨ) ਪ੍ਰਾਣ ਹੈ, ਪ੍ਰਾਣ ਆਯੂ...। ਪ੍ਰਾਣਾਂ ਦੀ ਸਰਬ-ਸ਼੍ਰੇਸ਼ਟਤਾ ਤਦੇ ਹੀ ਹੈ । ਜੋ ਪ੍ਰਾਣ ਹੈ, ਪ੍ਰਗਯਾ (ਬੁੱਧੀ) ਹੈ; ਜੋ ਪ੍ਰਗਯ ਹੈ ਉਹ ਪ੍ਰਾਣ । ਦੋਵੇਂ ਇਕੱਠੇ ਸਰੀਰ ਵਿਚ ਰਹਿੰਦੇ ਤੇ ਨਿਕਲਦੇ ਹਨ ।" ਇੰਜੇ ਹੀ ਬਾਕੀ ਉਪਨਿਸ਼ਦਾਂ ਵਿਚ ਬ੍ਰਹਮ ਸੰਬੰਧੀ ਕੁਝ ਨਾ ਕੁਝ ਕਿਹਾ ਗਿਆ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਅਧਿਆਤਮਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗਿਆਸੂਆਂ ਲਈ ਬ੍ਰਹਮ, ਇਕ ਸਮੱਸਿਆਵਾਂ ਦੀ ਸਮੱਸਿਆ ਸੀ।

ਪੀੜ੍ਹੀਆਂ ਜਾਂ ਸਦੀਆਂ ਵਿਚ ਜਿਹੜੀ ਧਾਰਨਾ ਬਣੀ ਉਹ ਬ੍ਰਹਮ ਨੂੰ ਭੌਤਿਕ ਜਾਂ ਪਦਾਰਥਕ ਰੂਪ ਵਿਚ ਨਹੀ, ਸਗੋਂ ਅਦਿੱਖ ਅਤੇ ਆਤਮਿਕ ਦਰਸਾਉਂਦੀ ਸੀ। ਅਜਿਹੇ ਆਤਮਿਕ ਅਤੇ ਅਭੌਤਿਕ ਬ੍ਰਹਮ ਨੂੰ ਮਿਲਣ ਦਾ ਰਾਹ ਭੌਤਿਕ ਨਹੀਂ, ਸਗੋਂ ਆਤਮਿਕ ਹੀ ਹੋ ਸਕਦਾ ਸੀ। ਆਤਮਾ ਦਾ ਵਿਚਾਰ ਇਕ ਫੁਰਨੇ ਵਾਂਗ ਨਹੀਂ ਸੀ ਫੁਰ ਪਿਆ ਸਗੋਂ ਆਤਮਾ ਸੰਬੰਧੀ ਧਾਰਣਾ ਬਣਨ ਵਿਚ ਵੀ ਢੇਰ ਸਮਾਂ ਲਗਾ।

ਪਹਿਲਾਂ ਪਹਿਲ ਮਨ, ਜੀਵ ਅਤੇ ਆਤਮਾ ਇਕੋ ਵਸਤੂ ਦੇ ਲਖਾਇਕ ਸ਼ਬਦ ਵੀ ਸਨ। ਹੌਲੀ ਹੌਲੀ ਧਾਰਣਾ ਵਿਚ ਫਰਕ ਪਿਆ। ਉਪਨਿਸ਼ਦਾਂ ਦੇ ਸਮੇਂ ਤਕ ਧਾਰਣਾਵਾਂ ਵਿਚ ਇਹ ਫਰਕ ਨਿੱਖਰ ਕੇ ਬਾਹਰ ਆ ਚੁਕਾ ਸੀ। ਛਾਂਦੋਗ ਉਪਨਿਸ਼ਦ ਵਿਚ ਮਨ ਸੰਬੰਧੀ ਇਹ ਵਿਆਖਿਆ ਕੀਤੀ ਗਈ ਹੈ: "ਖਾਧਾ ਹੋਇਆ ਅੰਨ ਤਿੰਨ ਪਰਕਾਰ ਦਾ ਬਣਦਾ ਹੈ – ਉਸ ਦਾ; ਜੋ ਸਥੂਲ ਧਾਤ ਹੈ, ਉਹ ਪਰੀਸ਼ (ਪਖ਼ਾਨਾ ਬਣਦਾ) ਹੈ। ਜੋ ਵਿਚਲਾ ਉਹ ਮਾਸ, ਜੋ ਅਤੀ ਸੂਖਮ ਉਹ ਮਨ। ...ਸੋਭਿਅ (ਹੇ ਪਿਆਰੇ) ! ਮਨ ਅੰਨਮਈ ਹੈ" (ਛਾਂਦੋਗ ੬/੫,੬) ਛਾਂਦੋਗ ਦੀ ਇਹ ਵਿਆਖਿਆ ਮਨ ਨੂੰ ਭੌਤਿਕਤਾ ਦੀ ਇਕ ਅਤੀ ਸੂਖਮ ਉਪਜ ਕਹਿ ਕੇ ਭੌਤਿਕਵਾਦੀ ਵਿਚਾਰਾਂ ਦੇ ਬਹੁਤ ਨੇੜੇ ਹੋ ਢੁੱਕੀ ਹੈ। ਕੌਸ਼ੀਤਕੀ ਉਪਨਿਸ਼ਦ ਵਿਚ ਆਤਮਾ ਦਾ ਨਾਂ ਜੀਵ ਜਾਂ ਪ੍ਰਗਿਆਤਮਾ ਰਖ ਕੇ ਇਹ ਵਿਆਖਿਆ ਕੀਤੀ ਹੈ: "ਜਿਵੇਂ ਛੁਰਾ, ਛੁਰਧਾਨ (ਮਿਆਨ) ਵਿਚ ਰਹਿੰਦਾ ਹੈ ਜਾਂ ਵਸ਼ੰਭਰ (ਚਿੜੀ) ਆਲ੍ਹਣੇ ਵਿਚ; ਇੰਜ ਹੀ ਇਹ ਪ੍ਰਗਿਆਤਮਾ ਇਸ ਸਰੀਰ ਵਿਚ, ਰੋਮ ਰੋਮ ਤਕ, ਲੱਖਾਂ ਤਕ (ਵਿਚ) ਪ੍ਰਵਿਸ਼ਟ ਹੈ।" (ਕੌਸ਼ੀਤਕੀ ੫/੩,੪) ਕਠ ਉਪਨਿਸ਼ਦ ਵਿਚ ਆਤਮਾ ਦੀ ਵਿਆਖਿਆ ਲਈ ਫੇਰ ਚਿੰਨ੍ਹਵਾਦੀ ਢੰਗ ਅਪਨਾਇਆ ਗਿਆ ਹੈ। ਇਸ (ਕਠ ਉਪਨਿਸ਼ਦ ੧/੨/੩) ਵਿਚ ਸਮਝਾਇਆ ਗਿਆ ਹੈ ਕਿ ਆਤਮਾ ਨੂੰ ਰਥਵਾਨ ਸਮਝੋ ਤੇ ਸਰੀਰ ਨੂੰ ਰਥ। ਮਾਤ੍ਰ ਇੰਦਰੀਆਂ ਘੋੜਾ ਹਨ ਤੇ ਮਨ ਫੜਨ ਵਾਲੀ ਵਾਗ-ਬੁਧੀ ਸਾਰਥੀ ਹੈ।

ਇੰਜ, ਅਸੀਂ ਦੇਖਦੇ ਹਾਂ ਕਿ ਉਪਨਿਸ਼ਦਾਂ ਵਿਚ ਬ੍ਰਹਮ ਨੂੰ ਜਾਨਣ ਲਈ ਆਤਮਕ ਰਸਤੇ ਦਾ ਸਰਵੇਖਣ ਕੀਤਾ ਜਾ ਰਿਹਾ ਸੀ ਜੋ ਮਗਰੋਂ ਯੋਗਵਾਦ ਤੇ ਹੋਰ ਕਈ ਸਿਧਾਂਤਾਂ-ਸੰਪਰਦਾਵਾਂ ਦਾ ਆਧਾਰ ਬਣਿਆ। ਇਸ ਰਾਹ ਨੂੰ ਸਮਝਾਉਣ ਲਈ ਚਿੰਨ੍ਹਵਾਦ ਦਾ ਢੰਗ, ਥਾਂ-ਪਰ-ਥਾਂ ਅਪਣਾਇਆ ਜਾ ਰਿਹਾ ਸੀ ਜੋ ਅਧਿਆਤਮਕ ਗੁੰਝਲਾਂ ਨੂੰ ਬੜੇ ਸਰਲ ਢੰਗ ਨਾਲ ਸਮਝਣ-ਸਮਝਾਉਣ ਦਾ ਮਾਧਿਅਮ ਬਣਿਆ ਅਤੇ ਸਾਹਿਤ ਦਾ ਇਕ ਬਾਕਾਇਦਾ ਝੁਕਾਅ (Trend) ਵੀ।

ਅਧਿਆਤਮਵਾਦੀ, ਰੱਬ ਜਾਂ ਬ੍ਰਹਮ ਨੂੰ ਪਾਉਣ ਦਾ ਸਿਧਾਂਤ ਉਸਾਰ ਰਹੇ ਸਨ। ਉਪਨਿਸ਼ਦਾਂ ਦੀ ਮੰਜ਼ਿਲ ਬ੍ਰਹਮ ਅਤੇ ਇਸ ਦੇ ਪੜਾਵਾਂ; ਮਨ ਅਤੇ ਆਤਮਾ ਵਿਚ ਧਰਤੀ ਦਾ ਰੰਗ ਤੇ ਪਦਾਰਥਕ ਆਭਾ ਸੀ। ਪਰ ਇਸ ਤਕ ਪਹੁੰਚਣ ਦਾ ਰਾਹ ਅਤੇ ਸਾਧਨ ਕੇਵਲ ਆਤਮਿਕ ਖੋਜ ਸੀ। ਇਸ ਤੋਂ ਉਲਟ, ਯੋਗਵਾਦ ਦਾ ਬ੍ਰਹਮ ਬਿਲਕੁਲ ਭਾਵਾਤਮਕ ਸੀ ਤੇ ਇਸ ਨੂੰ ਪਾਉਣ ਦੇ ਜਿਹੜੇ ਯੋਗਵਾਦੀ ਸਾਧਨ ਪਾਤੰਜਲੀ ਨੇ ਦੱਸੇ ਉਹ ਸਭ ਅਮਲੀ ਤੇ ਸੰਸਾਰਕ ਜਾਂ ਸਰੀਰਕ ਹਨ।

ਯੋਗਵਾਦ ਅਤੇ ਬੁੱਧ ਮਤ ਦੇ ਸਿਧਾਂਤਾਂ ਦੀ ਬਣਤਰ ਵਿਚ ਕਾਫੀ ਸਾਂਝ ਦਿਸਦੀ ਹੈ। ਬੁੱਧ ਦੇ ਚਾਰ ਆਰੀਆ ਸੱਤ ਹਨ : (੧) ਦੁਖ, (੨) ਦੁਖ-ਸਮੁਦਾਇ (ਜਾਂ ਦੁਖ ਦਾ ਕਾਰਣ), (੩) ਦੁਖ-ਨਿਰੋਧ (ਦੁਖ ਦਾ ਵਿਨਾਸ਼) ਅਤੇ (੪) ਦੁਖ-ਨਿਰੋਧ-ਸਮਗਰੀ-ਪ੍ਰਤੀਪਾਦ (ਰਾਹ)। ਇੰਜ ਹੀ ਪਾਤੰਜਲੀ ਦੇ ਚਾਰ ਸੱਤ ਹਨ: (੧) ਹੇਯ, (੨) ਹੇਯ ਹੇਤੂ (ਕਾਰਣ), (੩) ਹਾਨ (ਨਾਸ਼) ਅਤੇ (੪) ਹਾਨ-ਉਪਾਇਕੋ। ਇਥੇ ਹੇਯ ਦਾ ਅਰਥ; ਆਉਣ ਵਾਲਾ ਦੁਖ ਹੈ।

ਯੋਗਵਾਦ ਨੇ ਸਾਂਖ ਤੋਂ ਵੀ ਅਸਰ ਲਿਆ ਜਾਪਦਾ ਹੈ। ਸਾਂਖ ਬ੍ਰਹਿਮੰਡ ਨੂੰ ੨੫ ਤੱਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਵੰਡਦਾ ਹੈ । ਯੋਗਵਾਦ ਇਨ੍ਹਾਂ ਤੱਤਾਂ ਨੂੰ ਪਰਵਾਨ ਕਰ ਕੇ ਇਕ ਹੋਰ ਤੱਤ, ਪੁਰਖ-ਵਿਸ਼ੇਸ਼ ਵਧਾ ਕੇ , ਸਾਂਖ ਨੂੰ ਇਕ ਤਰ੍ਹਾਂ ਅਨੀਸ਼ਵਰਵਾਦੀ (ਰੱਬ ਦੀ ਹੋਂਦ ਤੋਂ ਇਨਕਾਰੀ) ਸਿੱਧ ਕਰ ਦੇਂਦਾ ਹੈ ।

ਯੋਗਵਾਦ ਦੇ ਸਿਧਾਂਤ ਦੀ ਅਸਲ ਨੀਂਹ ਸ਼ਵੇਤਾਸ਼ਵਤਰ ਉਨਿਸ਼ਦ ਨੇ ਪਹਿਲਾਂ ਹੀ ਰਖ ਦਿਤੀ ਸੀ । ਸ਼ਵੇਤਾਸ਼ਵਤਰ ਦੇ ਸ਼ਾਬਦਿਕ ਅਰਥ ਹਨ ਚਿੱਟੀ-ਖੱਚਰ । ਇਹ ਉਪਨਿਸ਼ਦ; ਯੋਗਵਾਦ ਦੇ ਸਿਧਾਂਤਕਾਰ ਪਾਤੰਜਲੀ ਤੋਂ ਢੇਰ ਚਿਰ ਪਹਿਲਾਂ, ਲਗ ਪਗ ਇਕ ਜਾਂ ਦੋ ਸਦੀਆਂ ਈਸਾ-ਪੂਰਵ ਲਿਖੀ ਗਈ ਦੱਸੀ ਜਾਂਦੀ ਹੈ । ਸ਼ਵੇਤਾਸ਼ਵਤਰ ਵਿਚ ਬ੍ਰਹਮ ਨੂੰ ਸ਼ਿਵ ਜਾਂ ਮਹੇਸ਼ਵਰ ਦੇ ਰੂਪ ਵਿਚ ਦਿਤਾ ਗਿਆ ਹੈ ਪਰ ਇਹ ਸ਼ਿਵ ਜਾਂ ਮਹੇਸ਼ ਅਜੇ, ਮਗਰੋਂ ਦੇ ਅਤੇ ਅਜੋਕੇ ਸ਼ਿਵ ਜੀ ਤੋਂ ਬਿਲਕੁਲ ਵਖਰਾ ਹੈ ।

ਸ਼ਵੇਤਾਸ਼ਵਤਰ ਉਪਨਿਸ਼ਦ ਦੇ ਪਹਿਲੇ ਅਧਿਆਇ ਵਿਚ ਰੁਦਰ (ਸ਼ਿਵ) ਦੀ ਮਹਿਮਾ ਗਵੀਂ ਗਈ ਹੈ । ਇਸ ਦੇ ਦੂਜੇ ਅਧਿਆਇ ਵਿਚ ਯੋਗ ਦਾ ਵਰਣਨ ਹੈ । ਇਸ ਵਿਚ ਕਿਹਾ ਗਿਆ ਹੈ: "ਭੋਗਤਾ (=ਜੀਵ), ਭੋਗ (=ਪ੍ਰਕਿਰਤੀ) ਅਤੇ ਪ੍ਰੇਰਤਾ (ਬ੍ਰਹਮ) ਨੂੰ ਜਾਨਣਾ ਤ੍ਰਿਵਿਧੀ ਬ੍ਰਹਮ" ਹੈ ਸ਼ਵੇਤਾਸ਼ਵਤਰ ੧/੬-੧੨)। ਅਗੇ ਜਾ ਕੇ ਕਿਹਾ ਹੈ, "ਪ੍ਰਕਿਰਤੀ ਨੂੰ ਮਾਇਆ ਜਾਣੋ ਤੇ ਮਹੇਸ਼ਵਰ ਨੂੰ ਮਾਯੀ ।" ਫੇਰ ਉਹ ਸਾਧਨਾ ਦੱਸੀ ਹੈ ਜੋ ਯੋਗਵਾਦ ਦਾ ਆਧਾਰ ਬਣੀ: "ਤਿੰਨ ਥਾਂ ਤੋਂ ਸਰੀਰ ਨੂੰ ਸਮਾਨ ਉਨਤ ਸਥਾਪਤ ਕਰ ਕੇ ਹਿਰਦੇ ਵਿਚ ਮਨ ਨਾਲ ਇੰਦਰੀਆਂ ਨੂੰ ਰੋਕ ਕੇ, ਉਨ੍ਹਾਂ ਦੇ ਹੀਨ (ਜਾਂ ਖੀਨ) ਹੋਣ 'ਤੇ ਨਾਸਾਂ ਵਿਚੋਂ ਸਵਾਸ ਲਵੇ ।... ਯੋਗ ਵਿਚ ਬ੍ਰਹਮ ਦਾ ਪ੍ਰਗਟਾਵਾ ਕਰਾਉਣ ਵਾਲੇ ਇਹ ਰੂਪ ਪਹਿਲਾਂ ਆਉਂਦੇ ਹਨ -ਕੁਹਰਾ, ਧੂਮ, ਸੂਰਜ, ਅਗਨੀ, ਵਾਯੂ, ਜੁਗਨੂ, ਬਿਜਲੀ, ਬਿਲੌਰ ਤੇ ਚੰਦ ।... ਯੋਗ ਦੇ ਗੁਣਾਂ ਨਾਲ ਚਲਣ ਅਤੇ ਯੋਗ ਦੀ ਅਗਨੀ ਵਾਲੇ ਸਰੀਰਧਾਰੀ ਯੋਗੀ ਨੂੰ ਨਾ ਰੋਗ, ਨਾ ਬੁਢਾਪਾ ਤੇ ਨਾ ਮੌਤ ਵਿਆਪਦੀ ਹੈ ।" (ਸ਼ਵੇਤਾਸ਼ਵਤਰ ਉਪਨਿਸ਼ਦ ੨/੮-੧੫) ।

ਯੋਗਵਾਦ ਦਾ ਸੰਪੂਰਣ ਸਿਧਾਂਤ ਪਾਤੰਜਲੀ ਨੇ ਵਿਕਸਿਤ ਕੀਤਾ । ਉਸ ਨੇ ਦੋ ਪੁਸਤਕਾਂ ਲਿਖੀਆਂ, "ਵਿਆਕਰਣ ਮਹਾਂਭਾਸ" ਅਤੇ "ਯੋਗ-ਸੂਤਰ" । ਇਕ ਮਤ ਇਹ ਵੀ ਹੈ ਕਿ ਦੋਵੇਂ ਕਿਰਤਾਂ ਇਕੋ ਵਿਅਕਤੀ ਦੀਆਂ ਰਚਨਾਵਾਂ ਨਹੀਂ ਹਨ । ਯੋਗ ਸੂਤਰ ਭਾਰਤ ਦੇ ਛੇ ਦਰਸ਼ਨਾਂ ਵਿਚੋਂ ਇਕ ਗਿਣਿਆ ਗਿਆ ਹੈ । ਇਹ ਰਚਨਾ ਛੇਆਂ ਹੀ ਦਰਸ਼ਨਾਂ ਵਿਚੋਂ ਸਭ ਤੋਂ ਛੋਟੀ ਹੈ । ਇਸ ਦੇ ਕੇਵਲ ੧੯੪ ਸੂਤਰ ਹਨ । ਛੋਟਾ ਹੋਣ ਕਾਰਣ ਇਸ ਨੂੰ ਅਧਿਆਵਾਂ ਦੀ ਥਾਂ ਪਦਾਂ ਵਿਚ ਵੰਡਿਆ ਗਿਆ ਹੈ । ਇਹ ਚਾਰ ਪਦ ਇਸ ਪ੍ਰਕਾਰ ਹਨ: ।

(੧) ਸਮਾਧੀ ਪਦ, (੨) ਸਾਧਨ ਪਦ, (੩) ਵਿਭੂਤੀ ਪਦ (ਸਿੱਧੀਆਂ ਦੇ ਸੰਬੰਧ ਵਿਚ) ਅਤੇ ਇਨ੍ਹਾਂ ਪੜਾਵਾਂ ਤੋਂ ਲੰਘ ਕੇ ਯੋਗੀ ਲਈ (੪) ਕੇਵਲਯ ਪਦ ਹੈ ।

ਸਾਰੇ "ਯੋਗ ਸੂਤ੍ਰ" ਵਿਚੋਂ ੪੯ ਸੂਤ੍ਰ ਯੋਗ ਦੀਆਂ ਅਦਭੁਤ ਸ਼ਕਤੀਆਂ ਦੇ ਵਰਨਣ ਤੇ ਸਿਫਤ-ਸਲਾਹ ਲਈ ਲਿਖੇ ਗਏ ਹਨ: ਇਹ ਸ਼ਕਤੀਆਂ ਹਨ, ਸਾਰੇ ਪ੍ਰਾਣੀਆਂ ਦੀ ਭਾਸ਼ਾ ਦਾ ਗਿਆਨ, ਅੰਤਰ ਧਿਆਨ ਹੋਣਾ, ਵਿਸ਼ਵ-ਗਿਆਨ, ਭੁਖ ਪਿਆਸ ਦੀ ਨਵਿਰਤੀ, ਦੂਜੇ ਦੇ ਸ਼ਰੀਰ ਅੰਦਰ ਪਰਵੇਸ਼ ਕਰ ਜਾਣਾ, ਆਕਾਸ਼ਗਮਨ, ਸਰਬੱਗਤਾ, ਆਪਣੇ ਇਸ਼ਟ ਨਾਲ ਮਿਲਾਪ । ਸਾਰੇ ਯੋਗ-ਸੂਤ੍ਰ ਵਿਚ ਦਾਰਸ਼ਨਿਕ ਵਿਚਾਰ ਕੇਵਲ ਪ੍ਰਸੰਗ ਮਾਤ੍ਰ ਹੀ ਹਨ, ਵਧੇਰੇ ਜ਼ੋਰ ਸਾਧਨਾਵਾਂ ਉਪਰ ਹੈ ।

ਯੋਗ ਸੂਤ੍ਰ ਦੇ ਮਤ ਅਨੁਸਾਰ, ਮਨੁਖ ਚੇਤੰਨ ਹੈ । ਇਹ ਆਪ ਚੇਤਨਾ ਮਾਤ੍ਰ ਹੈ ਇਸ ਲਈ ਨਿਰਵਿਕਾਰ ਹੈ । ਪ੍ਰਧਾਨ (ਪ੍ਰਕਿਰਤੀ) ਵਿਕਾਰਸ਼ੀਲ ਹੈ । ਪ੍ਰਕਿਰਤੀ ਤੋਂ ਹੀ ਬੁੱਧੀ ਬਣੀ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਲਈ ਮਨੁਖ ਬੁੱਧੀ ਤੋਂ ਪ੍ਰਭਾਵਤ ਹੋ ਕੇ ਵਿਕਾਰਸ਼ੀਲ ਹੁੰਦਾ ਹੈ। "ਇਕ (ਬੁੱਧੀ) ਨੂੰ ਹਟਾ ਕੇ ਆਪਣੇ ਆਪ ਨੂੰ (ਜੋ ਚੇਤਨਾ-ਮਾਤ੍ਰ ਹੈ) ਕੇਵਲਯ ਸਰੂਪ ਵਿਚ ਸਥਾਪਤ ਕਰਨਾ" (ਯੋਗ ਸੂਤਰ ੧/੩) ਦਾ ਨਿਸ਼ਾਨਾ ਹੈ।

ਯੋਗ ਕੀ ਹੈ ? ਯੋਗ-ਸ਼ਾਸਤ੍ਰ ਅਨੁਸਾਰ ਇਹ "ਚਿੱਤ; ਬਿਰਤੀਆਂ ਦੇ ਵਿਰੋਧ (ਬੰਦ) ਕਰਨ ਦੇ (ਯੋਗ ਆਸਣਾਂ ਦਾ) ਅਭਿਆਸ ਅਤੇ (ਵਿਸ਼ਿਆਂ ਤੋਂ) ਵੈਰਾਗ, ਦੋ ਮੁਖ ਉਪਾਅ ਹਨ।" ਇਥੇ ਹੀ ਪਾਤੰਜਲੀ ਨੇ ਈਸ਼ਵਰ ਦੀ ਭਗਤੀ ਦਾ ਇਕ ਸਾਧਨ ਦੱਸਿਆ ਹੈ ਪਰ ਪਿਛਲੇ ਅਨੁਯਾਈਆਂ ਨੇ ਜਿਨ੍ਹਾਂ ਨੂੰ ਜੋਗੀ ਵੀ ਕਿਹਾ ਜਾਂਦਾ ਹੈ, ਕੇਵਲ ਸਾਧਨਾਵਾਂ ਨੂੰ ਈਸ਼ਵਰ ਭਗਤੀ ਅਤੇ ਸਮੁੱਚਾ ਯੋਗ ਸਮਝ ਲਿਆ। ਇਸ ਦਾ ਅਰਥ ਸਪਸ਼ਟ ਸੀ ਕਿ ਮਨੋ-ਬਿਰਤੀਆਂ ਦਾ ਨਿਰੋਧ ਜਾਂ ਰੋਕ ਹੀ ਯੋਗ ਦਾ ਨੀਂਹ-ਪੱਥਰ ਸੀ ਪਾਤੰਜਲੀ ਨੇ ਬਿਰਤੀਆਂ ਨੂੰ ਪੰਜ ਹਿਸਿਆਂ ਵਿਚ ਵੰਡਿਆ:–

(੧) ਪਮ੍ਰਾਨ: ਜਿਹੜੀ ਬਿਰਤੀ ਪ੍ਰਤੱਖ, ਅਨੁਮਾਣ ਤੇ ਸ਼ਬਦ ਰਾਹੀਂ ਕੰਮ ਕਰੇ। (੨) ਜੋ ਵਸਤੂ ਤੇ ਪ੍ਰਤੱਖ ਦ੍ਰਿਸ਼ ਤੋਂ ਵਖਰਾ ਗਿਆਨ ਦੇਵੇ, ਜਿਵੇਂ ਰੱਸੀ ਤੋਂ ਸੱਪ ਦਾ ਗਿਆਨ। (੩) ਵਿਕਲਪ; ਕਿਸੇ ਸ਼ਬਦ ਤੋਂ ਪੈਦਾ ਹੋਈ ਕਲਪਨਾ। (੪) ਨਿਦ੍ਰ: ਅਨਹੋਂਦ ਤੋਂ ਹੀ ਚਿੱਤ ਦੀ ਕਿਸੇ ਵਸਤੂ ਦਾ ਗਿਆਨ (੫) ਸਿਮ੍ਰਿਤੀ: ਪ੍ਰਮਾਨ ਤੋਂ ਪੈਦਾ ਹੋਈ, ਉਹ ਕਲਪਨਾ ਜਿਹੜੀ ਵਿੱਸਰੇ ਨਾ।

ਬੁੱਧ ਮਤ ਤੇ ਅਸ਼ਟ-ਮਾਰਗ ਵਾਂਗ ਯੋਗ ਦੇ ਵੀ ਅੱਠ ਅੰਗ ਜਾਂ ਸਾਧਨਾਵਾਂ ਹਨ ਜਿਨ੍ਹਾਂ ਨੂੰ ਕਰ ਕੇ ਜੋਗੀ ਕੇਵਲਯ ਪਦ ਤਕ ਪੁਜਦਾ ਹੈ, ਇਸੇ ਲਈ ਇਸ ਨੂੰ ਅਸ਼ਟਾਂਗ ਯੋਗ ਕਿਹਾ ਜਾਂਦਾ ਹੈ। ਇਨ੍ਹਾਂ ਅੱਠ ਸਾਧਨਾਵਾਂ ਦੀਆਂ ਦੋ ਸ਼੍ਰੇਣੀਆਂ ਹਨ। ਬਹਿਰੰਗ; ਜਿਸ ਵਿਚ ਪਹਿਲੀਆਂ ਪੰਜ ਸਾਧਨਾਵਾਂ ਹਨ। ਦੂਜੀ ਸ਼੍ਰੇਣੀ ਹੈ ਅੰਤਰੰਗ। ਇਸ ਵਿਚ ਪਿਛਲੀਆਂ ਤਿੰਨ ਸਾਧਨਾਵਾਂ ਹਨ। ਬਹਿਰੰਗ ਦਾ ਸੰਬੰਧ ਸ਼ਰੀਰ ਦੇ ਬਾਹਰਲੇ ਅੰਗਾਂ ਤੇ ਕਰਮਾਂ ਨਾਲ ਹੈ ਅਤੇ ਅੰਤਰੰਗ ਦਾ ਸ਼ਰੀਰ ਦੇ ਅੰਦਰਲੇ ਅੰਗਾਂ, ਕਰਮਾਂ ਅਤੇ ਆਤਮਿਕ ਕਿਰਿਆਵਾਂ ਨਾਲ ਅਸ਼ਟਾਂਗ ਦਾ ਪਹਿਲਾ ਅੰਗ ਹੈ। ਯਮ, ਜਿਸ ਦੇ ਅਰਥ ਹਨ ਕਿ ਸੰਸਾਰਕ-ਭੋਗਾਂ (ਵਰਤੋਂ ਦੀਆਂ ਵਸਤਾਂ) ਦਾ ਬਹੁਤਾ ਸੰਗ੍ਰਹਿ ਨਾ ਕਰਨਾ। ਦੂਜਾ ਹੈ, ਨਿਯਮ, ਜਿਸ ਦੇ ਅਰਥ ਹਨ ਸ਼ਰੀਰਕ ਸ਼ੁੱਧਤਾ ਕਾਇਮ ਰਖਣੀ ਅਤੇ ਈਸ਼ਵਰ-ਭਗਤੀ ਦੇ ਕੰਮ ਕਰਨੇ। ਤੀਜਾ ਅੰਗ ਆਸਣ ਹੈ ਜਿਸ ਅਨੁਸਾਰ ਸੁਖ-ਰਹਿਣੇ ਸ਼ਰੀਰ ਨੂੰ ਨਿਸਫਲ ਰਖਣਾ ਜ਼ਰੂਰੀ ਹੈ। ਚੌਥਾ ਹੈ; ਪ੍ਰਾਣਾਯਾਮ, ਇਸ ਦੇ ਭਾਵ ਹਨ, ਆਸਣ ਵਿਚ ਬੈਠ ਕੇ ਆਪਣੇ ਇਕ-ਇਕ ਸਵਾਸ ਨੂੰ ਵੱਖ-ਵੱਖ ਕਰਨਾ। ਪੰਜਵਾਂ ਪ੍ਰਤੀਆਹਰ ਹੈ; ਜਿਸ ਮੁਤਾਬਿਕ ਜ਼ਰੂਰੀ ਹੈ ਕਿ ਇੰਦਰੀਆਂ, ਵਿਸ਼ਿਆਂ ਦੇ ਮਗਰ ਨਾ ਲਗਣ ਅਤੇ ਚਿੱਤ ਆਪਣੇ ਅਸਲੀ ਰੂਪ ਵਿਚ ਰਹੇ। ਇਸ ਤੋਂ ਅਗੇ ਤਿੰਨ ਅੰਤਰੰਗ ਜਾਂ ਅੰਦਰਲੇ ਅੰਗ ਹਨ। ਇਨ੍ਹਾਂ ਨੂੰ ਸੰਜਮ ਵੀ ਕਿਹਾ ਗਿਆ ਹੈ। ਸੰਜਮ ਵਿਚ ਪਹਿਲਾ ਅੰਗ ਧਾਰਣਾ ਹੈ, ਜਿਸ ਅਨੁਸਾਰ ਚਿੱਤ ਨੂੰ (ਸ਼ਰੀਰ ਦੇ) ਕਿਸੇ ਖਾਸ ਦੇਸ਼ (ਸਥਾਨ) ਵਿਚ ਰੋਕਣਾ ਹੁੰਦਾ ਹੈ। ਦੂਜਾ ਹੈ ਧਿਆਨ, ਜੋ ਅਜਿਹੀ ਅਵਸਥਾ ਹੈ ਜਦੋਂ ਧਾਰਨਾ ਸਮੇਂ ਬਿਰਤੀਆਂ ਦੀ ਇਕ-ਰੂਪਤਾ ਹੋ ਜਾਂਦੀ ਹੈ। ਆਖਰੀ ਅਵਸਥਾ ਗਿਆਨ ਹੈ ਜਦੋਂ ਧਾਰਨਾ ਕੇਵਲ ਅਰਥ ਰੂਪ ਵਿਚ ਪ੍ਰਕਾਸਮਾਨ ਹੁੰਦੀ ਹੈ।

ਇਥੇ ਇਹ ਦੱਸਣ ਦੀ ਲੋੜ ਨਹੀਂ ਕਿ ਯੋਗ ਸ਼ਾਸ਼ਤਰ ਦੀ, ਝੱਟ ਮਗਰੋਂ ਨਿਖੇਧੀ ਹੋਣ ਲਗ ਪਈ। ਇਸ ਦੀ ਵਿਰੋਧਤਾ ਦੀ ਪਹਿਲ ਪਰਸਿੱਧ ਰਿਸ਼ੀ ਵਾਦਾਰਇਣ ਨੇ ਕੀਤੀ। ਇਸ ਤੋਂ ਮਗਰੋਂ ਲਗਾਤਾਰ ਇਸ ਦਾ ਖੰਡਨ-ਮੰਡਨ ਹੁੰਦਾ ਰਿਹਾ। ਖੰਡਨ ਦਾ ਸਿਖਰ ਗੁਰੂ ਨਾਨਕ ਸਨ ਤੇ ਮੰਡਨ ਦਾ ਉਨ੍ਹਾਂ ਦੇ ਸਮਕਾਲੀ ਸਿੱਧ, ਨਾਥ ਤੇ ਜੋਗੀ ਸਨ, ਜਿਹੜੇ ਕਿਸੇ ਕਲਪਤ ਦੁਨੀਆਂ ਲਈ ਯੋਗ-ਸੂਤ੍ਰ ਦੇ ਸਿੱਟੇ ਅਤੇ ਮੂਲ ਸਿਧਾਂਤ ਨੂੰ ਵੀ ਭੁਲ-ਭੁਲਾ ਕੇ ਇਸ ਦੇ ਅੱਠਾਂ ਅੰਗਾਂ ਵਿਚੋਂ ਕਿਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਦੇ, ਅਧਾਰ ਤੇ ਵਿਕਸਿਤ ਹੋਈ ਇਕ ਜਾਂ ਦੂਜੀ ਸੰਪ੍ਰਦਾਇ ਵਿਚ ਰਲ ਕੇ ਸਮਾਧੀਆਂ, ਆਸਨਾਂ, ਪ੍ਰਾਣਾਯਾਮਾਂ, ਨਿਉਲੀ-ਕਰਮਾਂ ਤੇ ਰਿੱਧੀਆਂ-ਸਿੱਧੀਆਂ ਦੇ ਮਗਰ ਲਗ ਕੇ ਹਥਲੀ ਦੁਨੀਆਂ, ਇਸ ਦੇ ਮਿਠੇ-ਪਿਆਰੇ ਸੁੱਖਾਂ ਤੇ ਰੰਗਾ-ਰੰਗ ਦੀ ਸੁੰਦਰਤਾ ਤੋਂ ਮੂੰਹ ਮੋੜੀ ਬੈਠੇ ਸਨ ।

ਮੱਤ ਕਿਸੇ ਦਾ ਭਾਵੇਂ ਦੁਨੀਆਂ ਤੋਂ ਮੂੰਹ ਮੋੜੀ ਰਖਣ ਦਾ ਹੀ ਹੋਵੇ, ਪਰ ਇਸ ਦਾ ਸੰਦੇਸ਼ ਦੇਣ ਲਈ ਉਸ ਨੂੰ ਫੇਰ ਦੁਨੀਆਂ ਵਲ ਮੂੰਹ ਤੇ ਮੁਹਾਰਾਂ ਮੋੜਨੀਆਂ ਹੀ ਪੈਂਦੀਆਂ ਹਨ । ਮੱਤ ਕਿਸੇ ਦਾ ਭਾਵੇਂ ਗ਼ਲਤ ਹੀ ਹੋਵੇ, ਪਰ ਜਦੋਂ ਉਹ ਦਿਲ ਤੇ ਜਜ਼ਬਿਆਂ ਵਿਚ ਥਾਂ ਬਣਾ ਲਵੇ, ਰਚ ਜਾਵੇ, ਉਦੋਂ ਉਹ ਚੰਗੇ ਤੋਂ ਚੰਗੇ ਸਾਹਿਤ ਵਿਚ ਵੀ ਰਚ ਸਕਦਾ ਹੈ । ਇਹੋ ਕੁਝ ਸਾਨੂੰ ਰਾਮਾਇਣ ਦੇ ਇਸ ਅਧਿਅਨ ਤੋਂ ਹੀ ਸਿੱਧ ਹੁੰਦਾ ਹੈ, ਜਿਹੜਾ ਇਸ ਨੂੰ ਮਿਥਿਹਾਸ ਜਾਂ ਕਥਾ ਵਾਰਤਾ ਸਮਝ ਕੇ ਨਹੀਂ ਸਗੋਂ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਕੀਤਾ ਗਿਆ ਹੈ । ਇਸ ਮੱਤ ਅਨੁਸਾਰ, ਰਾਮਾਇਨ ਅਸਲ ਵਿਚ ਮਨੁਖ ਦਾ ਅਸ਼ਟਾਂਗ ਯੋਗ ਉਪਰ ਚਲ ਕੇ ਕੇਵਲਯ ਪਦ ਤਕ ਪਹੁੰਚਣ ਦਾ ਬਿਰਤਾਂਤ ਹੈ । ਗਲਪ-ਸਾਹਿਤ ਦੇ ਸਭ ਗੁਣਾਂ; ਉਤਸੁਕਤਾ, ਗੁੰਝਲ ਪੈਣੀ, ਪੀਡੀ ਹੋਣੀ, ਲਟਕਾਅ, ਤਨਾਅ, ਸਿਖਰ ਤੇ ਸੁਖਾਂਤ ਆਦਿਕ ਸਮੇਤ, ਇਕ ਰੋਚਕ ਪਲਾਟ ਦੇ ਰੂਪ ਵਿਚ ਕਥਾਨਕ ਨੂੰ ਗੁੰਦਿਆ ਗਿਆ ਹੈ । ਇਸ ਦ੍ਰਿਸ਼ਟੀਕੋਣ ਅਨੁਸਾਰ ਰਾਮਾਇਨ ਦੀ ਕਥਾ ਸ਼ੁਰੂ ਹੈ । ਸੰਸੇ ਸ਼ੰਕੇ ਕੁਝ ਸਮੇਂ ਲਈ ਇਕ ਪਾਸੇ ਰਖਕੇ ਇਸ ਯੋਗਵਾਦੀ ਕਥਾ ਦਾ ਸੁਆਦ ਮਾਣੀਏ:

ਅੱਯੁਧਿਆ ਇਕ ਨਗਰੀ ਹੈ । ਅੱਯੁਧਿਆ ਦੇ ਸ਼ਾਬਦਿਕ ਅਰਥ ਹਨ ਜੋ ਯੁੱਧ ਵਿਚ ਨਾ ਠਹਿਰ ਸਕੇ; ਭਾਵ ਸ਼ਰੀਰ । ਇਸ ਅੱਯੁਧਿਆ ਨਾਂ ਦੀ ਸਰੀਰ ਨਗਰੀ ਵਿਚ ਇਕ ਰਾਜਾ ਰਾਜ ਕਰਦਾ ਹੈ । ਰਾਜੇ ਦਾ ਨਾਂ ਦਸ਼ਰਥ ਹੈ ਜਿਸ ਦੇ ਅਰਥ ਹਨ ਦਸ ਇੰਦਰੀਆਂ ਦਾ ਮਾਲਕ; ਭਾਵ ਮਨ । ਮਨ ਦੇ ਨਾਲ ਇਸ ਦੇ ਤਿੰਨ ਗੁਣ ਜੁੜੇ ਹੋਏ ਹਨ; ਸਤੋ, ਰਜੋ ਅਤੇ ਤਮੋ । ਇਨ੍ਹਾਂ ਤਿੰਨਾਂ ਗੁਣਾਂ ਦੇ ਅਨੁਸਾਰੀ ਦਸ਼ਰਥ ਨਾਂ ਦੇ ਮਨ-ਰਾਜੇ ਦੀਆਂ ਤਿੰਨ ਇਸਤ੍ਰੀਆਂ ਹਨ । ਵਡੀ ਦਾ ਨਾਂ ਹੈ ਕੌਸ਼ਲਿਯਾ, ਭਾਵ ਕੁਸ਼ਲਤਾ ਜੋ ਸਤ ਦਾ ਪ੍ਰਤੀਕਰਮ ਹੈ । ਵਿਚਲੀ ਦਾ ਨਾਂ ਸੁਮਿਤ੍ਰਾ ਹੈ ਜੋ ਰਜ ਤੋਂ ਪੈਦਾ ਹੋਈ ਸੁਮਤਿ ਜਾਂ ਸੁਮੱਤ ਦੀ ਲਖਾਇਕ ਹੈ । ਤੀਜੀ ਰਾਣੀ ਦਾ ਨਾਂ ਕੈਕਈ ਹੈ । ਕੈਕਈ ਦੇ ਅਰਥ ਮੋਰ ਦੀ ਆਵਾਜ਼ ਜਾਂ ਹਾਹਾਕਾਰ ਦੇ ਹਨ । ਮਨ ਦੇ ਤਮੋ ਗੁਣ ਵਿਚੋਂ ਹਾਹਾਕਾਰ ਤੋਂ ਬਿਨਾਂ ਹੋਰ ਨਿਕਲ ਵੀ ਕੀ ਸਕਦਾ ਹੈ ! ਦਸ਼ਰਥ ਦੇ ਘਰ ਸੰਤਾਨ ਨਹੀਂ ਹੁੰਦੀ । ਹੋਵੇ ਵੀ ਕਿਵੇਂ । ਮਨ, ਸੰਸਕ੍ਰਿਤ ਭਾਸ਼ਾ ਵਿਚ ਬ੍ਰਹਮ ਵਾਂਗ ਨਿਪੁੰਸਕ ਹੈ । ਇਸ ਲਈ ਦਸ਼ਰਥ ਦੇ ਘਰ ਯੱਗ ਕਰ ਕੇ ਸੰਤਾਨ ਹੁੰਦੀ ਹੈ ।

ਕੌਸ਼ਲਿਆ ਆਪ ਸੱਤ ਰੂਪ ਕੁਸ਼ਲਤਾ ਹੈ, ਇਸ ਲਈ ਇਸ ਦੇ ਘਰ ਭਗਵਾਨ ਰਾਮ ਜਨਮ ਲੈਂਦਾ ਹੈ । ਰਾਮ ਦੇ ਅਰਥ ਸੱਤ ਦੇ ਹਨ ਅਤੇ ਬਹਾਦਰੀ ਤੇ ਦਲੇਰੀ ਦੇ ਵੀ । ਚੰਗੀ ਮੱਤ ਦੀ ਪ੍ਰਤੀਨਿਧ; ਰਾਣੀ ਸੁਮਿਤ੍ਰਾ ਦੀ ਕੁੱਖੋਂ ਲਛਮਨ ਅਤੇ ਸ਼ਤਰੂਘਨ ਪੈਦਾ ਹੁੰਦੇ ਹਨ । ਲਛਮਨ ਦੇ ਅਰਥ ਹਨ ਵੈਰਾਗ । ਯੋਗ ਲਈ ਵੈਰਾਗ ਦੀ ਬਹੁਤ ਲੋੜ ਹੈ ਅਤੇ ਇਹੀ ਕੁਝ ਲਛਮਨ ਦੇ ਰਾਮ ਨਾਲ ਸਾਥ ਅਤੇ ਉਮਰ ਭਰ ਜਤੀ-ਸਤੀ ਰਹਿਣ ਤੋਂ ਜ਼ਾਹਰ ਹੁੰਦਾ ਹੈ । ਸ਼ਤਰੂਘਣ ਦੇ ਅਰਥ ਸਹਿਣ (ਸ਼ੀਲਤਾ) ਦੇ ਹਨ । ਵੈਰਾਗ ਤੇ ਸਹਿਣ-ਸ਼ਕਤੀ, ਸੁਮੱਤ (ਸੁਮਿਤ੍ਰਾ) ਜਹੀ ਮਾਂ ਦੇ ਪੇਟ ਵਿਚ ਹੀ ਲੱਤਾਂ ਦੇ ਸਕਦੇ ਹਨ । ਤੀਜੀ ਕਾਰੇ-ਹੱਥੀਂ ਰਾਣੀ; ਹਾਹਾਕਾਰ ਰੂਪੀ, ਕੈਕਈ ਨੇ ਭਰਤ ਅਰਥਾਤ ਭਰਨ-ਪੋਸ਼ਨ ਨੂੰ ਜਨਮ ਦਿਤਾ ।

ਹੁਣ ਜੀਵਨ-ਸੰਗਰਾਮ ਸ਼ੁਰੂ ਹੁੰਦਾ ਹੈ । ਰਾਮ ਤੇ ਲਛਮਨ (ਸੱਤ ਤੇ ਵੈਰਾਗ) ਦਾ ਜੀਵਨ-ਸੰਗਰਾਮ ਦੀ ਹਰ ਜਿੱਤ ਵਿਚ ਸਾਥ ਰਹਿੰਦਾ ਹੈ । ਇਸ ਸਾਥ ਵਿਚ ਸੱਤ; ਰਾਮ ਦੇ ਹੱਥ ਪਹਿਲ ਹੈ ਤੇ ਉਹ ਮੁੱਖ-ਪਾਤਰ ਹੈ । ਵੈਰਾਗ ਲਛਮਨ ਉਸ ਦਾ ਸਹਾਇਕ ਹੈ । ਰਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਲਛਮਨ ਵਿਸ਼ਵਾਮਿਤਰ (=ਅਰਥਾਤ ਜਗਤ-ਕਲਿਆਨ) ਦੀ ਸਿਖਿਆ ਹੇਠ ਵਡੇ ਹੁੰਦੇ ਹਨ। ਇਸੇ ਕਲਿਆਨ ਜਾਂ ਭਲਾਈ; ਗੁਰੂ ਦੀ ਪ੍ਰੇਰਨਾ ਵਿਚ ਸੱਤ-ਰਾਮ ਤੇ ਵੈਰਾਗ-ਲਛਮਨ ਪਹਿਲੀ ਜਿੱਤ, ਤਾੜਕਾ ਰਾਖਸ਼ਨੀ ਨੂੰ ਮਾਰ ਕੇ ਪ੍ਰਾਪਤ ਕਰਦੇ ਹਨ। ਤਾੜਕਾ ਦੇ ਅਰਥ ਹਨ ਸੁਭਾਓ ਦੇ। ਜਦੋਂ ਹੀ ਸੁਭਾ ਪਰ ਜਿੱਤ ਪ੍ਰਾਪਤ ਹੁੰਦੀ ਹੈ; ਮਾਰੀਚ ਜੋ ਤ੍ਰਿਸ਼ਨਾ ਹੈ, ਫੇਰ ਕਦੇ ਬਦਲਾ ਲੈਣ ਲਈ ਮੈਦਾਨ ਛਡ ਜਾਂਦਾ ਹੈ। ਇੰਜ ਸੱਤ ਪਹਿਲੀ ਜਿੱਤ ਪ੍ਰਾਪਤ ਕਰਨ ਤੋਂ ਮਗਰੋਂ ਵਧੇਰੇ ਸਾਹਸੀ ਤੇ ਬਲਵਾਨ ਹੋ ਜਾਂਦਾ ਹੈ।

ਦੂਜੇ ਪਾਸੇ ਬੁੱਧੀ; ਭਾਵ ਸੀਤਾ ਵੀ ਕੱਦ-ਕਾਠ ਕਢ ਰਹੀ ਹੈ। ਜਨਕ; ਭਾਵ ਪੈਦਾ ਕਰਨ ਵਾਲਾ ਜਿਸ ਦਾ ਦੂਜਾ ਨਾਂ ਬਿਦੇਹ ਅਰਥਾਤ ਬਿਨਾਂ ਦੇਹ ਤੋਂ ਆਤਮਾ, ਸੀਤਾ ਨਾਂ ਦੀ ਬੁੱਧੀ ਦਾ ਪਿਤਾ ਹੈ। ਸੀਤਾ ਦਾ ਦੂਜਾ ਅਰਥ ਹਲਕੀ ਲਕੀਰ ਵੀ ਹੈ। ਸਵੰਬਰ ਰਚਿਆ ਹੋਇਆ ਹੈ। ਇਥੇ ਹੰਕਾਰੀ ਰਾਵਨ ਜਹੇ ਮਹਾਂਰਥੀ ਵੀ ਆਏ ਹੋਏ ਹਨ। ਸੀਤਾ ਨੂੰ ਵਰਨ ਦੀ ਸ਼ਰਤ ਹੈ ਕਿ ਵਰ, ਸ਼ਿਵ ਦੇ ਧਨੁਸ਼ (ਰੀੜ੍ਹ ਦੀ ਹੱਡੀ ਜਾਂ ਮੇਰੂ-ਦੰਡ) ਦਾ ਚਿੱਲਾ ਚੜ੍ਹਾਏ। ਭਾਵ ਨਾੜੀ ਮੰਡਲ ਨੂੰ ਵੱਸ ਵਿਚ ਕਰੇ। ਰਾਮ, ਸੀਤਾ ਨੂੰ ਉਹ ਸ਼ਰਤ ਪੂਰੀ ਕਰ ਕੇ ਵਰ ਲੈਂਦਾ ਹੈ। ਜੋੜੀ ਖ਼ੂਬ ਬਣੀ ਹੈ। ਸੱਤ (ਜਾਂ ਸੁਹਿਰਦਤਾ) ਨਾਲ ਹੀ ਬੁਧੀ ਆਪਣਾ ਸਾਥ ਜੋੜਦੀ ਚੰਗੀ ਲਗਦੀ ਹੈ।

ਰਾਮ ਨੇ ਚਿੱਲਾ ਚਾੜ੍ਹ ਦਿਤਾ, ਹੀ ਠੀਕ ਘਟਨਾ ਹੈ, ਤੋੜਨਾ ਗ਼ਲਤ ਹੈ। ਚਿੱਲਾ ਚੜ੍ਹਾਉਣ ਵਾਲੀ ਉਪਮਾ, ਫੇਰ, ਪਹਿਲਾਂ ਦੇ ਮੁੰਡਕ ਉਪਨਿਸ਼ਦ ਵਿਚ ਮਿਲਦੀ ਹੈ: " ਉਪਨਿਸ਼ਦ ਦਾ ਮਹਾਂ-ਸੂਤ੍ਰ ਧਨੁਸ਼ ਲੈ ਕੇ (ਮਨੁਖ) ਉਪਾਸਨਾ ਨਾਲ ਤਿੱਖੇ ਕੀਤੇ ਤੀਰ ਚੜ੍ਹਾਏ, ਤਨਮਯ ਹੋਏ ਸ਼ਰੀਰ ਨਾਲ ਖਿੱਚ ਕੇ, ਹੇ ਸੋਭਿਅ ! ਉਸੇ ਅਕਸ਼ਰ (ਅਬਨਾਸ਼ੀ) ਨੂੰ ਨਿਸ਼ਾਨਾ ਸਮਝ ਕੇ। ਪ੍ਰਣਵ (ਓਮ) ਧਨੁਸ਼ ਹੈ — ਆਤਮਾ ਤੀਰ ਹੈ, ਬ੍ਰਹਮ ਉਸ ਦਾ ਨਿਸ਼ਾਨਾ ਕਿਹਾ ਜਾਂਦਾ ਹੈ। ਉਸ ਨੂੰ ਪ੍ਰਮਾਦ (ਗ਼ਫ਼ਲਤ) ਰਹਿਤ ਹੋ ਕੇ ਵਿੰਨ੍ਹਣਾ ਚਾਹੀਦਾ ਹੈ।" (ਮੁੰਡਕ ਉਪਨਿਸ਼ਦ ੨/੨,੩,੪)

ਰਾਮ ਨੇ ਦੋ ਜਿੱਤਾਂ ਤਾਂ ਪ੍ਰਾਪਤ ਕਰ ਲਈਆਂ ਪਰ ਇਕ ਗੁੰਝਲ ਹੋਰ ਪੈ ਗਈ। ਤਮੋ ਬਿਰਤੀ; ਕੈਕਈ, ਹਾਹਾਕਾਰ ਮਚਾ ਕੇ ਮਨ-ਦਸ਼ਰਥ ਤੇ ਕਾਬੂ ਪਾ ਲੈਂਦੀ ਹੈ ਅਤੇ ਸੱਤ-ਰਾਮ, ਵੈਰਾਗ-ਲਛਮਨ ਤੇ ਬੁੱਧੀ ਸੀਤਾ ਤਿੰਨਾਂ ਨੂੰ ਦੇਸ਼-ਨਿਕਾਲਾ ਮਿਲ ਜਾਂਦਾ ਹੈ। ਇਹ ਸਾਰਾ ਕੁਝ ਕੈਕਈ ਨੇ ਇਸ ਲਈ ਕੀਤਾ ਕਿ ਭਰਨ-ਪੋਸ਼ਨ-ਭਰਤ ਨੂੰ ਦਸ ਇੰਦਰੀਆਂ ਦਾ ਰਾਜ ਮਿਲ ਜਾਏ।

ਇਸ ਬਨਬਾਸ ਦੇ ਸਮੇਂ ਸੱਤ-ਰਾਮ, ਵੈਰਾਗ-ਲਛਮਨ, ਅਤੇ ਬੁਧੀ-ਸੀਤਾ; ਤਿੰਨੇ ਹੀ ਪੰਜਵਟੀ (ਪੰਜਵਾਟ ਜਾਂ ਪੰਜ-ਰਾਹੇ) ਵਿਚ ਰਹਿੰਦੇ ਹਨ। ਪੰਚਵਟੀ ਵਿਚ ਆ ਰਲਣ ਵਾਲੇ ਇਹ ਪੰਜ ਰਾਹ ਹਨ: ਰੂਪ, ਰਸ, ਗੰਧ, ਸਪਰਸ਼ ਅਤੇ ਸ਼ਬਦ। ਅਜੇ ਤਕ ਇਹ ਤਿੰਨੇ, ਸ਼ਰੀਰ ਅਯੁੱਧਿਆ ਦੇ ਨੇੜੇ ਹਨ, ਇਸ ਲਈ ਸਰੂਪ ਨਖਾਂ ਵਾਲੀ (ਮਾਇਆ) ਇਨ੍ਹਾਂ ਨੂੰ ਭਰਮਾਉਣ ਲਈ ਆ ਜਾਂਦੀ ਹੈ। ਤਿੰਨਾਂ ਵਿਚੋਂ ਸੱਤ-ਰਾਮ ਆਪਣੀ ਸਚਾਈ ਵਿਚ ਮਸਤ ਹੈ, ਤੇ ਬੁੱਧੀ-ਸੀਤਾ ਤਮਾਸ਼ਾਈ ਬਣ ਕੇ ਤੱਕਦੀ ਜਾ ਰਹੀ ਹੈ ਕਿ ਵੈਰਾਗ-ਲਛਮਨ ਅਗੇ ਵਧ ਕੇ ਮਾਇਆ-ਸਰੂਪ ਨਖਾ ਨੂੰ ਉਸ ਦਾ ਨੱਕ ਵਢ ਕੇ ਕਰੂਪ ਬਣਾ ਦੇਂਦਾ ਹੈ।

ਇਸੇ ਸਮੇਂ ਮਾਇਆ-ਸਰੂਪ ਨਖਾ, ਖਰ-ਕਾਮ ਅਤੇ ਦੂਸ਼ਨ-ਕ੍ਰੋਧ ਨੂੰ ਉਕਸਾਉਂਦੀ ਤੇ ਉਭਾਰਦੀ ਹੈ। ਬੁੱਧੀ-ਸੀਤਾ, ਤ੍ਰਿਸ਼ਨਾ ਦੇ ਸੁਨਹਿਰੀ ਹਿਰਨ ਨੂੰ ਸਾਹਮਣੇ ਦੇਖ ਕੇ ਸੱਤ ਰਾਮ ਨੂੰ ਮਗਰ ਭੇਜਦੀ ਹੈ। ਸੱਤ ਰਾਮ ਹੀ ਕਾਮ-ਖਰ, ਕ੍ਰੋਧ-ਦੂਸ਼ਨ ਅਤੇ ਤ੍ਰਿਸ਼ਨਾ-ਮਾਰੀਚ ਉਪਰ ਭਾਰੂ ਹੈ ਇਸ ਲਈ ਉਹ ਵਖਰਾ ਹੋ ਜਾਂਦਾ ਹੈ। ਦੂਰ ਜਾ ਕੇ ਤ੍ਰਿਸ਼ਨਾ-ਮਾਰੀਚ ਅਜਿਹੀ ਆਵਾਜ਼ ਦੇਂਦਾ ਹੈ ਜੋ ਬੁਧੀ ਸੀਤਾ ਨੂੰ ਰਾਮ ਦੀ ਹੀ ਆਵਾਜ਼ ਜਾਪਦੀ ਹੈ। ਵੈਰਾਗ-ਲਛਮਨ ਸਥਿਰ ਮਨ ਵਾਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਅਤੇ ਉਸ ਦੇ ਪਿੱਛੇ ਜਾਣ ਲਈ ਤਿਆਰ ਨਹੀਂ। ਇਸ ਲਈ ਬੁੱਧੀ-ਸੀਤਾ ਉਸ ਉਪਰ ਸ਼ੱਕ ਕਰਦੀ ਹੈ। ਵੈਰਾਗ-ਲਛਮਨ ਜਾਣ ਲਗਾ ਆਪਣੀ ਕਾਰ ਜਾਂ ਲਕੀਰ ਪਾ ਜਾਂਦਾ ਹੈ ਜਿਸ ਦੇ ਅਰਥ ਹਨ ਕਿ ਬੁੱਧੀ-ਸੀਤਾ, ਵੈਰਾਗ-ਲਛਮਨ ਦੀ ਪਾਈ ਹੱਦ ਅੰਦਰ ਰਹਿ ਕੇ ਹੀ ਬਚ ਸਕਦੀ ਹੈ। ਪਰ ਬੁੱਧੀ-ਸੀਤਾ ਕਿਉਂਕਿ ਵੈਰਾਗ ਦੀ ਹੱਦ ਤੋਂ ਬਾਹਰ ਆ ਜਾਂਦੀ ਹੈ ਇਸ ਲਈ ਉਹ ਹੰਕਾਰ-ਰਾਵਨ ਦੇ ਕਬਜ਼ੇ ਵਿਚ ਚਲੀ ਜਾਂਦੀ ਹੈ।

ਤ੍ਰਿਸ਼ਨਾ-ਮਾਰੀਚ ਨੂੰ ਮਾਰਨ ਤੋਂ ਮਗਰੋਂ, ਸੱਤ-ਰਾਮ ਅਤੇ ਵੈਰਾਗ਼-ਲਛਮਨ ਕੱਠੇ ਹੋ ਕੇ ਬੁਧੀ-ਸੀਤਾ ਦੀ ਖੋਜ ਸ਼ੁਰੂ ਕਰਦੇ ਹਨ। ਰਾਮਾਇਨ ਦੀ ਕਥਾ-ਚਾਲ ਅਤੇ ਯੋਗ-ਸੰਗਰਾਮ ਦੇ ਪਲਾਟ; ਦੋਹਾਂ ਵਿਚ ਪਈ ਗੁੰਝਲ ਪੀਡੀ ਹੋ ਜਾਂਦੀ ਹੈ। ਰਾਹ ਵਿਚ ਉਨ੍ਹਾਂ ਨੂੰ ਜਟਾਯੂ ਮਿਲਦਾ ਹੈ। ਜਟਾਯੂ: ਜਰ-ਆਯੂ ਭਾਵ ਬੁਢਾਪੇ ਦਾ ਅਪਭਰੰਸ਼ ਸ਼ਬਦ ਕਿਹਾ ਜਾ ਸਕਦਾ ਹੈ। ਬੁਢਾਪਾ-ਜਟਾਯੂ, ਸੱਤ ਅਤੇ ਵੈਰਾਗ ਨੂੰ ਸੂਚਨਾ ਦੇਂਦਾ ਹੈ ਕਿ ਬੁਧੀ-ਸੀਤਾ ਨੂੰ ਹੰਕਾਰ-ਰਾਵਨ ਲੈ ਗਿਆ ਹੈ। ਇਕੱਲਾ ਬੁਢਾਪਾ ਤਜਰਬੇਕਾਰ ਹੋਣ ਦੇ ਬਾਵਜੂਦ ਵੀ ਹੰਕਾਰ ਤੋਂ ਬੁੱਧੀ ਨੂੰ ਨਹੀਂ ਛੁਡਾ ਸਕਿਆ, ਆਪ ਜ਼ਖਮੀ ਹੋ ਗਿਆ।

ਸੱਤ ਅਤੇ ਵੈਰਾਗ ਬੜੀਆਂ ਵਾਟਾਂ ਮਾਰ ਕੇ, ਕਈ ਦੁਖ ਝਾਗ ਕੇ ਰਿਸ਼ੀ ਮੁਖ ਪਰਬਤ (ਰਿਸ਼ੀ ਪਦ ਪ੍ਰਾਪਤੀ ਦੀ ਅਵਸਥਾ) ਪਾਸ ਪਹੁੰਚਦੇ ਹਨ ਜਿਥੇ ਇਨ੍ਹਾਂ ਨੂੰ ਗਿਆਨ-ਹਨੂਮਾਨ ਮਿਲਦਾ ਹੈ, ਜੋ ਇਨ੍ਹਾਂ ਦੀ ਸੁਗ੍ਰੀਵ (=ਚੰਗੀ ਧੌਣ ਵਾਲਾ, ਭਾਵ ਧਰਮ) ਨਾਲ ਮਿੱਤਰਤਾ ਕਰਵਾ ਦੇਂਦਾ ਹੈ। ਕਿਸ ਕੰਧਾ-ਚਿੰਤਨਪੁਰੀ ਵਿਚੋਂ ਸੁਗ੍ਰੀਵ-ਧਰਮ ਨੂੰ ਬਾਲੀ (ਬਲ ਕਾਰਣ ਬਣੇ ਅਧਰਮ) ਨੇ ਕਢ ਕੇ ਆਪ ਰਾਜ ਉਪਰ ਕਬਜ਼ਾ ਕਰ ਲਿਆ ਹੈ ਅਤੇ ਗਿਆਨ-ਹਨੂਮਾਨ ਕਿਸਕੰਧਾ-ਚਿੰਤਨਪੁਰੀ ਨੂੰ ਛਡ ਆਇਆ ਹੈ। ਗਿਆਨ ਅਤੇ ਧਰਮ, ਅਧਰਮ-ਬਾਲੀ ਦੇ ਬਲ ਨੂੰ ਜਾਣਦੇ ਹਨ ਅਤੇ ਉਹ ਸੱਤ-ਰਾਮ ਦੀ ਸਮਰਥਾ ਨੂੰ ਜਾਚਣਾ ਚਾਹੁੰਦੇ ਹਨ। ਸੱਤ-ਰਾਮ, ਇਕ ਵਾਰਗੀ ਹੀ ਸੱਤ-ਦਰਖਤਾਂ ਨੂੰ ਵਿੰਨ੍ਹ ਕੇ ਉਨ੍ਹਾਂ ਦੀ ਤੱਸਲੀ ਕਰਵਾ ਦੇਂਦਾ ਹੈ। ਭਾਵ ਸੱਤ-ਰਾਮ ਯੋਗ ਸ਼ਾਸਤ੍ਰ ਦੀਆਂ ਸੱਤੇ ਪੌੜੀਆਂ ਚੜ੍ਹ ਕੇ ਸਮਾਧੀ ਤਕ ਪਹੁੰਚਣ ਦੇ ਯੋਗ ਹੋ ਜਾਂਦਾ ਹੈ। ਅਖੀਰ ਸੱਤ-ਰਾਮ, ਬਾਲੀ-ਅਧਰਮ ਨੂੰ ਮਾਰ ਕੇ ਕਿਸਕੰਧਾ ਨਗਰੀ-ਚਿੰਤਨਪੁਰੀ ਵਿਚ ਧਰਮ-ਸੁਗ੍ਰੀਵ ਦਾ ਰਾਜ ਸਥਾਪਿਤ ਕਰਦਾ ਹੈ। ਸੱਤ-ਰਾਮ ਅਤੇ ਵੈਰਾਗ-ਲਛਮਨ ਆਪਣੇ ਨਵੇਂ ਮਿੱਤਰਾਂ ਅਤੇ ਉਨ੍ਹਾਂ ਦੀਆਂ ਸ਼ਕਤੀਆਂ; ਫੌਜਾਂ ਸਮੇਤ ਅਗੇ ਤੁਰ ਪੈਂਦੇ ਹਨ। ਪਾਪ ਤੋਂ ਪੈਦਾ ਹੋਇਆ ਅੰਗਦ ਵੀ ਇਸ ਚੰਗੇ ਕੰਮ ਵਿਚ ਉਨ੍ਹਾਂ ਦਾ ਸਾਥ ਦੇਂਦਾ ਹੈ। ਉਹ ਸੱਤ ਦਾ ਸਾਥ ਦੇਂਦਾ ਹੈ ਇਸ ਲਈ ਅਧਰਮ ਦਾ ਅੰਸ਼ ਉਸ ਵਿਚ ਨਹੀਂ, ਕੇਵਲ ਬਲ ਦਾ ਅੰਸ਼ ਬਾਕੀ ਹੈ। ਇਸੇ ਲਈ ਉਹ ਅਗੇ ਜਾ ਕੇ ਕਈ ਮਾਹਰਕੇ ਵੀ ਮਾਰਦਾ ਹੈ। ਇਸ ਸਮੇਂ ਗਿਆਨ-ਹਨੂਮਾਨ ਇਹ ਖਬਰ ਲਿਆਉਂਦਾ ਹੈ ਕਿ ਬੁਧੀ ਸੀਤਾ ਲੰਕਾ ਵਿਚ ਕੈਦ ਹੈ।

ਲੰਕਾ ਦੇ ਸ਼ਾਬਦਿਕ ਅਰਥ ਸਿਰ ਦੇ ਹਨ ਜੋ ਮਨੁਖ ਦੇ ਜਨਮ ਸਮੇਂ ਥੱਲੇ ਹੁੰਦਾ ਹੈ ਜਿਵੇਂ ਲੰਕਾ ਦੇਸ਼ ਭਾਰਤ ਦੇ ਥੱਲੇ (ਦੱਖਣ ਵਿਚ) ਹੈ। ਕਿਉਂਕਿ ਯੋਗ-ਸੰਗਰਾਮ, ਅਸਲ ਵਿਚ ਦਿਲ ਅਤੇ ਦਿਮਾਗ਼ ਦਾ ਵੀ ਹੈ ਅਤੇ ਸੰਤ-ਮਤ ਵਾਲਿਆਂ ਨੇ ਹਿਰਦੇ ਵਿਚ ਦੇਵਤਿਆਂ ਅਤੇ ਖੋਪਰੀ ਜਾਂ ਦਿਮਾਗ਼ ਵਿਚ ਦੈਂਤਾਂ ਦਾ ਰਾਜ ਮੰਨਿਆ ਹੈ, ਇਸ ਲਈ ਇਹ ਪ੍ਰਤੀਕ ਰਾਮਾਇਨ ਦੇ ਤੱਥਾਂ ਨਾਲ ਬੜਾ ਚੰਗਾ ਮੇਲ ਖਾ ਗਏ ਹਨ।

ਹੁਣ ਨਲ ਅਤੇ ਨੀਲ ਅਵਿੱਦਿਆ-ਸਮੁੰਦਰ ਉਪਰ ਪੁਲ ਬਣਾ ਕੇ ਹਿਰਦੇ ਪੱਖ ਦੇ ਦੇਵਤਿਆਂ ਨੂੰ ਖੋਪਰੀ ਜਾਂ ਰਾਖਸ਼ਾਂ ਦੀ ਧਰਤੀ ਵਿਚ ਲੈ ਜਾਂਦੇ ਹਨ। ਨਲ ਦਾ ਅਰਥ ਨਲਕੀ ਹੈ ਜਿਸ ਰਾਹੀਂ ਪ੍ਰਾਣਾਯਾਮ ਹੁੰਦਾ ਹੈ। ਨੀਲ ਦੇ ਅਰਥ ਨੀਲਾ, ਆਕਾਸ਼ ਜਾਂ ਸਮਾਧੀ ਹੈ। ਪ੍ਰਾਣਾਯਾਮ ਅਤੇ ਸਮਾਧੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਵੇਂ ਯੋਗ ਦੇ ਸਾਧਨ ਮੰਨੇ ਗਏ ਹਨ ।

ਲੰਕਾ ਵਿਚ ਵਡੇ-ਵਡੇ ਟਾਕਰੇ ਹੁੰਦੇ ਹਨ । ਇਕ ਅਜਿਹਾ ਹੀ ਟਾਕਰਾ ਮੋਹ-ਮੇਘਨਾਦ, ਗਿਆਨ-ਹਨੂਮਾਨ ਅਤੇ ਵੈਰਾਗ-ਲਛਮਨ ਨੂੰ ਵੀ ਮੂਰਛਤ ਕਰ ਦੇਂਦਾ ਹੈ । ਪਰ ਮੋਹ ਨੂੰ ਵੈਰਾਗ ਹੀ ਮਾਰ ਸਕਦਾ ਸੀ ਇਸ ਲਈ ਲਛਮਨ ਨੇ ਮੇਘਨਾਦ ਨੂੰ ਅੰਤ ਵਿਚ ਮਾਰ ਹੀ ਦਿਤਾ ।

ਇਸ ਤੋਂ ਅਗਲੀ ਜੰਗ ਸੱਤ-ਰਾਮ ਅਤੇ ਲੋਭ-ਕੁੰਭਕਰਨ ਵਿਚ ਹੁੰਦੀ ਹੈ ਜੋ (ਯੋਗੀਆਂ ਵਿਚ) ਕਦੇ ਕਦੇ ਹੀ ਜਾਗਦਾ ਹੈ । ਲੋਭ ਵੀ ਸੱਤ ਹਥੋਂ ਮਾਰਿਆ ਜਾਂਦਾ ਹੈ ਅਤੇ ਹੰਕਾਰ-ਰਾਵਨ ਦੀਆਂ ਬਾਹਾਂ ਟੁਟ ਜਾਂਦੀਆਂ ਹਨ ।

ਅੰਤ ਵਿਚ ਹੰਕਾਰ-ਰਾਵਨ ਨੂੰ ਮਾਰ ਕੇ ਸੱਤ-ਰਾਮ, ਦਿਮਾਗ਼-ਲੰਕਾ ਵਿਚ ਭੈ-ਵਿਵਿਕਸ਼ਨ (ਅਪਭਰੰਸ਼: ਭਿਬੀਖਨ) ਦਾ ਰਾਜ ਸਥਾਪਤ ਕਰ ਦੇਂਦਾ ਹੈ । ਇਹ ਭੈ ਜਾਂ ਭੌ ਰੱਬ ਦਾ ਹੈ । ਰੱਬ ਦਾ ਭੈ ਹੈ ਤਾਂ ਜੀਵਨ ਨਿਰਭੈ ਹੈ । ਜੇ ਜੀਵਨ ਨਿਰਭੈ ਹੈ ਤਾਂ ਸੁਖ ਤੇ ਸ਼ਾਂਤੀ ਦੀ ਪਰਾਪਤੀ ਹੁੰਦੀ ਹੈ, ਸੱਤ ਤੇ ਬੁੱਧੀ ਦਾ ਮਿਲਾਪ ਹੋ ਜਾਂਦਾ ਹੈ । ਇਸ ਤੋਂ ਤਿੰਨ ਪ੍ਰਸ਼ਨ ਪੈਦਾ ਹੁੰਦੇ ਹਨ :

੧. ਜੇ ਰਾਮਾਇਨ ਪੁਰਾਣਿਕ ਕਥਾ ਹੈ ਤਾਂ ਕੀ ਇਸ ਦੀ ਯੋਗਵਾਦੀ ਵਿਆਖਿਆ ਮਗਰੋਂ ਕੀਤੀ ਗਈ ?

੨. ਜਾਂ, ਕਿਸੇ ਯੋਗਵਾਦੀ ਦਾਰਸ਼ਨਿਕ ਨੇ ਆਪਣੇ ਵਿਚਾਰਾਂ ਨੂੰ ਮਿਥਹਾਸ ਰੂਪ ਵਿਚ ਢਾਲਿਆ ?

੩. ਜਾਂ, ਯੋਗਵਾਦੀ ਵਿਆਖਿਆਕਾਰੀ ਵਡੀ ਰਚਨਾਤਮਿਕ ਹੈ ਜਾਂ ਮਿਥਹਾਸਕਾਰ ਵਡਾ ਦਾਰਸ਼ਨਿਕ ਹੈ ?

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੈਲੀ-ਸਿਧਾਂਤ

''ਪੱਛਮੀ ਸਮੀਖਿਆ-ਸਿਧਾਂਤ ਤੋਂ ਅਸਾਂ ਬੜਾ ਕੁਝ ਸਿੱਖਿਆ ਹੈ
ਅਤੇ ਕਾਫੀ ਕੁਝ ਹੋਰ ਗ੍ਰਹਿਣ ਕਰਨ ਦੀ ਲੋੜ ਹੈ।
ਪੱਛਮੀ-ਸ਼ੈਲੀ ਸਮੀਖਿਆ ਵਿਚ ਬੜਾ ਕੁਝ ਸਿਧਾਂਤ ਆਧਾਰ ਹੈ ਜੋ ਹਰ ਥਾਂ ਲਾਗੂ ਹੋ ਸਕਦਾ ਹੈ।
ਪਰ ਇਸ ਵਿਚ ਬੜਾ ਕੁਝ ਤੱਥ-ਆਧਾਰ ਵੀ ਹੈ,
ਅਤੇ ਤੱਥ, ਦੇਸ਼ ਤੇ ਕਾਲ ਅਨੁਸਾਰ ਬਦਲਦੇ ਹਨ।
ਸਾਡੇ, ਸ਼ੈਲੀ ਸੰਬੰਧੀ ਤੱਥ ਵੱਖਰੇ ਹਨ।
ਇਸ ਲਈ ਸਾਡੀ ਸ਼ੈਲੀ-ਸਮੀਖਿਆ ਕੁਝ ਵੱਖਰੀ ਹੋਵੇਗੀ।''

ਗੱਦ ਉਪਨਿਸ਼ਦਾਂ ਅਤੇ ਉਨ੍ਹਾਂ ਦੀ ਸ਼ੈਲੀ

ਆਰੀਆਂ ਦਾ ਮੁਢਲਾ ਸਾਹਿੱਤ:- ਆਰੀਏ ਭਾਰਤ ਵਿਚ ਕਦੋਂ ਤੇ ਕਿਥੋਂ ਆਏ ਇਸ ਬਾਰੇ ਨਸਲੀ, ਰਾਜਨੀਤਕ ਅਤੇ ਸਭਿਆਚਾਰਕ ਇਤਿਹਾਸਾਂ ਅਤੇ ਮਨੁਖੀ ਵਿਕਾਸ ਦੇ ਵਿਦਵਾਨਾਂ ਦੇ ਵਖ-ਵਖ ਵਿਚਾਰ ਹਨ। ਇਹ ਗਲ ਲਗਪਗ ਸਥਾਪਿਤ ਹੋ ਕੇ ਪ੍ਰਮਾਣੀਕ ਬਣਦੀ ਜਾ ਰਹੀ ਹੈ ਕਿ ਆਰੀਏ ਭਾਰਤ ਵਿਚ ਬਾਹਰੋਂ ਆਏ। ਆਰੀਆਂ ਤੋਂ ਪਹਿਲਾਂ ਇਥੇ ਕਈ ਜਾਤੀਆਂ ਵੱਸਦੀਆਂ ਸਨ ਇਨ੍ਹਾਂ ਵਿਚੋਂ ਦ੍ਰਾਵਿੜ ਜਾਤੀ ਵਧੇਰੀ ਉੱਨਿਤ ਸੀ। ਆਰੀਏ ਜਦੋਂ ਭਾਰਤ ਵਿਚ ਆਏ ਤਾਂ ਇਹ ਕਬੀਲਾਸ਼ਾਹੀ ਯੁਗ ਵਿਚ ਸਨ। ਪਸ਼ੂ ਪਾਲਣਾ ਤੇ ਸ਼ਿਕਾਰ ਇਨ੍ਹਾਂ ਦੇ ਮੁਖ ਪੇਸ਼ੇ ਸਨ ਪਰ ਦ੍ਰਾਵਿੜ-ਸਮਾਜ ਖੇਤੀ ਵਾੜੀ ਵਾਲਾ ਹੋਣ ਕਾਰਨ ਪਿੰਡ-ਕਸਬੇ ਦੇ ਜੀਵਣ ਵਿਚੋਂ ਗਣ-ਤੰਤਰੀ ਅਤੇ ਸਾਮੰਤਵਾਦੀ (ਜਾਗੀਰਦਾਰੀ) ਸਮਾਜਾਂ ਵਿਚ ਪ੍ਰਵੇਸ਼ ਕਰ ਚੁੱਕਾ ਸੀ। ਘਰ, ਸ਼ਹਿਰ ਬਣ ਤੇ ਵੱਸ ਚੁੱਕੇ ਸਨ। ਮੋਹਿਨਜੋਦੜੋ, ਹੜੱਪਾ ਅਤੇ ਲੂਥਲ (ਜ਼ਿਲਾ ਅਹਿਮਾਦਾਬਾਦ) ਦੀਆਂ ਖੁਦਾਈਆਂ ਦਸਦੀਆਂ ਹਨ ਕਿ ਸਮਾਜ ਵਿਚ ਸਿੱਕਿਆਂ ਦਾ ਚਲਣ ਸੀ। ਕੱਚੀ ਮਿੱਟੀ ਦੀਆਂ ਪਕਾਈਆਂ ਹੋਈਆਂ ਪੱਟੀਆਂ ਵੀ ਮਿਲੀਆਂ ਹਨ ਜਿਨ੍ਹਾਂ ਉਪਰ ਕੋਈ ਚਿਤਰ-ਲਿਪੀ ਅੰਕਿਤ ਹੈ। ਇਹ ਸਾਰੀਆਂ ਗਲਾਂ ਮੈਸੋਪੋਟਾਮੀਆਂ ਸਭਿਆਚਾਰ ਨਾਲ ਬਹੁਤ ਮੇਲ ਖਾਂਦੀਆਂ ਹਨ।

ਪ੍ਰਾਪਤ ਚਿਤਰ-ਲਿਪੀ ਅਜੇ ਤਕ ਪੜ੍ਹੀ-ਵਾਚੀ ਨਹੀਂ ਜਾ ਸਕੀ ਪਰ ਜਾਪਦਾ ਹੈ ਕਿ ਮਨੁਖੀ ਪ੍ਰਗਟਾਵੇ ਦਾ ਲਿਪੀ-ਵੱਤ ਇਕ ਮਾਧਿਅਮ ਉਸ ਸਮੇਂ ਵਰਤੋਂ ਵਿਚ ਜ਼ਰੂਰ ਸੀ। ਸਾਹਿਤ ਦੀ ਮੁਢਲੀ ਸ਼ਰੂਹ – ਮਨੁਖੀ ਵਿਚਾਰਾਂ ਦਾ ਲਿਪੀਬੱਧ ਰੂਪ – ਇਸ ਸਮੇਂ ਦਾ ਸਭਿਆਚਾਰ ਜ਼ਰੂਰ ਪੇਸ਼ ਕਰਦਾ ਹੈ। ਪਰ ਆਰੀਆ ਜਾਂ ਵੈਦਿਕ ਭਾਸ਼ਾ, ਦ੍ਰਾਵਿੜ ਭਾਸ਼ਾ ਤੋਂ ਵਿਰਲੇ-ਟਾਵੇਂ ਅਸਰ ਕਬੂਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ (ਜ਼ਿਨ੍ਹਾਂ ਦੀ ਕੇਵਲ ਕਲਪਨਾ ਹੀ ਕੀਤੀ ਜਾ ਸਕਦੀ ਹੈ) ਆਪ ਇਸਦੀ ਥਾਂ ਸਥਾਪਤ ਹੋ ਗਈ । ਇੰਜੇ ਹੀ, ਜੇ ਕੋਈ ਦ੍ਰਵਿੜ ਸਾਹਿਤ ਪਹਿਲਾਂ ਕਿਤੇ ਸੀ ਤਾਂ ਉਸਦੀ ਹੋਂਦ ਜਾਂ ਰਹਿੰਦ ਖੂੰਹਦ ਵੀ ਅਜ ਕਿਤੇ ਨਹੀਂ

ਆਰੀਏ ਜਦ ਭਾਰਤ ਵਿਚ ਆਏ ਤਾਂ ਇਥੋਂ ਦੇ ਉਪਜਾਊ ਦਰਿਆਵਾਂ ਨੇ ਅੰਨ ਵੀ ਦਿਤਾ ਅਤੇ ਹਰੀਆਂ ਜੂਹਾਂ ਨੇ ਰਮਣੀਕਤਾ ਵੀ । ਰੱਜੇ ਢਿਡ ਨਾਲ ਵਗਦੇ ਪਾਣੀ ਦੇ ਰਮਣੀਕ ਕੰਢਿਆਂ ਤੇ ਬੈਠਣ ਨਾਲ ਕਵਿਤਾ ਉਤਰਨੀ ਤੇ ਕੁਦਰਤ ਦੇ ਗੁਣ ਗਾਉਣਾ ਕੁਦਰਤੀ ਗਲ ਸੀ । ਆਪਣੇ ਪੂਰਵਜਾਂ ਤੇ ਦੇਵੀ ਦੇਵਤਿਆਂ ਦੀਆਂ ਯਾਦਾਂ ਆਉਣੀਆਂ ਵੀ ਜ਼ਰੂਰੀ ਸਨ । ਆਰੀਏ ਆਪਣੇ ਨਾਲ ਦੇਵ–ਪੂਜਾ ਵੀ ਲਿਆਏ ਸਨ । ਖ਼ੁਸ਼ਹਾਲ ਜੀਵਨ ਅਤੇ ਪਰੋਹਿਤ ਵਰਗ ਦੇ ਪੀੜ੍ਹੀ–ਦਰ–ਪੀੜ੍ਹੀ ਕਾਰਜਾਂ ਨਾਲ ਪੂਜਾ–ਪਾਠ ਦੇ ਤੌਰ ਤਰੀਕੇ ਵਿਚ ਤਬਦੀਲੀ ਵੀ ਆਈ ਅਤੇ ਸੰਗੀਤ, ਰਾਗ ਤੇ ਨ੍ਰਿਤ ਨੇ ਵੀ ਵਿਕਾਸ ਕੀਤਾ ।

ਵੇਦ ਰਚਨਾ

ਇਹ ਸਾਰਾ ਕੁਝ ਹੀ ਵੇਦਾਂ ਦਾ ਵਿਸ਼ੈ ਹੈ ਅਤੇ ਇਸਦੇ ਮੰਤਰਾਂ ਵਿਚ ਆਇਆ ਹੈ ।

ਜਿਵੇਂ–ਜਿਵੇਂ ਸਮਾਜ ਨੇ ਉੱਨਤੀ ਕੀਤੀ, ਮਨੁਖੀ ਮਨ ਨੇ ਵੀ ਉਨਤੀ ਕੀਤੀ । ਉੱਨਤ ਸਮੇਂ ਵਿਚ ਦਰਿਆਵਾਂ ਪਹਾੜਾਂ ਦਾ ਸਿੱਧਾ–ਸਾਦਾ ਬਿਆਨ ਹੁਣ ਪਹਿਲਾਂ ਵਾਂਗ ਸਥਾਪਤ ਹੋ ਚੁਕੇ ਆਰੀਆ ਲੋਕਾਂ ਨੂੰ ਆਤਮ–ਵਿਭੋਰ ਨਹੀਂ ਸੀ ਕਰ ਸਕਦਾ । ਨਾ ਹੀ ਕੰਮਾਂ ਕਾਰਾਂ ਤੇ ਪੂਜਾ–ਪਾਠਾਂ ਸੰਬੰਧੀ ਪਹਿਲਾ ਗਿਆਨ ਆਮ ਲੋਕਾਂ ਦੇ ਗਿਆਨ ਨੂੰ ਸੰਤੁਸ਼ਟ ਤੇ ਪਰੋਹਿਤਾਂ ਦੇ ਹਿਤਾਂ ਦੀ ਪੂਰਤੀ ਕਰਦਾ ਸੀ । ਸੋ ਪਰੋਹਿਤ ਵਰਗ ਨੇ ਵੇਦਿਕ ਮੰਤਰਾਂ ਦੀ ਵਿਆਖਿਆ ਕਰ ਦਿਤੀ । ਇਸ ਵਿਆਖਿਆ ਨੂੰ ਬ੍ਰਾਹਮਣ ਕਿਹਾ ਗਿਆ ਤੇ ਹੌਲੀ–ਹੌਲੀ ਵਿਆਖਿਆਕਾਰ ਪਰੋਹਿਤ ਵਰਗ ਦਾ ਨਾਂ ਹੀ ਬ੍ਰਾਹਮਣ ਪੈ ਗਿਆ । ਮੰਤਰ–ਸੰਗ੍ਰਹਿ ਜਾਂ ਸੰਘਤਾ ਅਤੇ ਬ੍ਰਾਹਮਣ (=ਵਿਆਖਿਆ) ਦੋਵੇਂ ਹੀ ਸਦੀਆਂ ਬੱਧੀ ਕੰਠ ਕੀਤੇ ਜਾਂਦੇ ਰਹੇ ਅਤੇ ਦੋਹਾਂ ਦੇ ਜੋੜ ਨੂੰ ਵੇਦ ਕਿਹਾ ਗਿਆ । ਹੋਰ ਸਮਾਂ ਪੈਣ ਤੇ ਬ੍ਰਾਹਮਣਾਂ ਦੀ ਹੋਰ ਵਿਆਖਿਆ ਕੀਤੀ ਗਈ ਜਿਸ ਨੂੰ ਅਜ ਦੀ ਤਕਨੀਕੀ ਸ਼ਬਦਾਵਲੀ ਵਿਚ ਪਰਿਸ਼ਿਸ਼ਟ ਕਿਹਾ ਜਾਂਦਾ ਹੈ । ਬ੍ਰਾਹਮਣਾਂ ਦੇ ਇਸ 'ਪਰਿਸ਼ਿਸ਼ਟ' ਨੂੰ ਆਰਨਿਅਕ ਦਾ ਨਾਂ ਦਿਤਾ ਗਿਆ ।

ਅਜ ਵੇਦ ਮੰਤਰ ਭਾਵੇਂ ਮੂਲੋਂ ਹੀ ਵਾਸਤਵਿਕ ਰੂਪ ਵਿਚ ਨਹੀਂ ਮਿਲਦੇ• ਤਾਂ ਵੀ ਉਚਾਰਨ ਤੇ ਸੁਰ–ਦਬਾਉ ਸਮੇਤ ਅਸਚਰਜ ਜਨਕ ਹਦ ਤਕ ਕੰਠ ਹੋਣ ਕਾਰਣ ਇਹ ਮੰਤਰ, ਸੰਸਾਰ ਦੇ ਕਿਸੇ ਵੀ ਪੁਰਾਤਨ ਸਾਹਿਤ ਤੋਂ ਵਧੇਰੇ ਸੁਰਖਿਅਤ ਅਤੇ ਪ੍ਰਮਾਣੀਕ ਹਨ ।

ਵੇਦਾਂ ਦਾ ਸਾਹਿਤ–ਰੂਪ ਕੀ ਸੀ ? ਇਹ ਕਵਿਤਾ ਹਨ ਜਾਂ ਵਾਰਤਕ ?

ਵੇਦ ਕਈ ਸਦੀਆਂ ਰਚੇ ਜਾਂਦੇ ਰਹੇ । ਰਾਹੁਲ ਸੰਕ੍ਰਿਤਾਇਣ ਨੇ ਇਨ੍ਹਾਂ ਦਾ ਰਚਨਾਕਾਲ ੧੫੦੦ ਈ: ਪੂ: ਤੋਂ ੧੦੦੦ ਈ: ਪੂ: ਤਕ ਮੰਨਿਆ ਹੈ ।† ਇਹ ਆਰੀਆ ਸਭਿਅਤਾ ਅਤੇ ਸਾਹਿਤ ਰਚਨਾ ਦੀ ਸਥਾਪਤੀ ਜਾਂ ਨਿਕਾਸ ਦਾ ਸਮਾਂ ਹੈ । ਕਾਵਿ–ਰੂਪ ਅਨੁਸਾਰ ਵੇਦਾਂ ਨੂੰ ਵਿਦਵਾਨ, ਗਦ ਵੀ ਕਹਿੰਦੇ ਹਨ ਅਤੇ ਪਦ ਵੀ । ਦਲੀਲ, ਪ੍ਰਮਾਣ ਅਤੇ ਤੱਥ ਵੀ ਹਰ ਪੱਖ ਵਿਚ ਲੱਭੇ ਜਾ ਸਕਦੇ ਹਨ ਪਰ ਕਈ ਵਾਰ ਜਦ ਤਰਕ ਤੇ ਅੰਕੜੇ ਧੁੰਦ ਬਣ ਜਾਣ ਤਾਂ ਪ੍ਰਕਿਰਤਕ ਸਿਧਾਂਤ ਜਾਂ ਵਿਕਾਸ ਸਭ ਤੋਂ ਵਡਾ ਪ੍ਰਮਾਣ ਸਿੱਧ ਹੁੰਦਾ ਹੈ ।

• ਦੇਖੋ 'ਦਰਸ਼ਨ ਦਿਗ ਦਰਸ਼ਨ' ਰਾਹੁਲ ਸੰਕ੍ਰਿਤਆਇਣ ਪੰਨਾ ੩੯੨

† ਦਰਸ਼ਨ ਦਿਗ ਦਰਸ਼ਨ: ਪ੍ਰਕਾਸ਼ਕ ਕਿਤਾਬ ਮਹਲ ਅਲਾਹਾਬਾਦ ਪੰਨਾ ੩੯੫

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਕ੍ਰਿਤੀ, ਸਭਿਆਚਾਰ ਜਾਂ ਕਿਸੇ ਵੀ ਵਸਤੂ ਦਾ ਜਦੋਂ ਵਿਕਾਸ ਸ਼ੁਰੂ ਹੁੰਦਾ ਹੈ ਤਾਂ ਹਰ ਵਸਤ ਦੇ ਦੋ ਲੱਛਣ – ਹਰ ਮਨੁਖ ਦੀਆਂ ਕਈ ਸ਼ਖਸੀਅਤਾਂ ਅਤੇ ਹਰ ਗਿਆਨ ਦੇ ਇਕ ਤੋਂ ਵਧ ਰੂਪ – ਦਿੱਸਣ ਲਗ ਪੈਂਦੇ ਹਨ। ਇੰਜ ਹੀ ਮੁਢਲਾ ਆਰੀਆ-ਸਾਹਿਤ – ਵੇਦ ਤੇ ਉਪਨਿਸ਼ਦਾਂ; ਕਵਿਤਾ ਵੀ ਹੈ ਅਤੇ ਵਾਰਤਕ ਵੀ। ਉਸੇ ਤਰ੍ਹਾਂ; ਜਿਵੇਂ ਇਸੇ ਸਮੇਂ ਵਿਚ ਇਕ ਆਰੀਆ – ਵਿਸ਼ਵਾਮਿਤ੍ਰ; ਪਰੋਹਿਤ ਜਾਂ ਬ੍ਰਾਹਮਣ ਵੀ ਸੀ ਅਤੇ ਕਸ਼ੱਤਰੀ ਵੀ। ਉਸੇ ਤਰਾਂ; ਜਿਵੇਂ ਇਸ ਵਿਕਾਸ-ਅਰੰਭ-ਕਾਲ ਵਿਚ ਭਗਵਾਨ ਕ੍ਰਿਸ਼ਨ, ਅਰਜਨ ਨੂੰ ਜੀਵਨ-ਮੌਤ ਦਾ ਭੇਤ ਦੱਸਣ ਵਾਲੇ ਸਿਧਾਂਤਕਾਰ ਵੀ ਸਨ, ਗੀਤਾ ਦੇ ਰਚਨਾਕਾਰ ਵੀ ਤੇ ਮਹਾਂਭਾਰਤ ਦੇ ਯੁੱਧ ਦੇ ਫੈਸਲਾ-ਕਰੂ ਨੀਤੀਵੇਤਾ ਵੀ।

ਵੇਦ

ਪਦ ਅਤੇ ਗੱਦ ਦੋਵੇਂ

ਕੁਦਰਤ ਅਤੇ ਦੇਵ-ਸ਼ਕਤੀ ਦੇ ਵਰਨਣ ਤੋਂ ਲੈ ਕੇ ਯੱਗਾਂ, ਪਸ਼ੂਆਂ ਅਤੇ ਸੰਗੀਤ ਸੰਬੰਧੀ ਵਰਨਣ ਸਾਨੂੰ ਵੇਦਾਂ ਵਿਚ ਮਿਲਦਾ ਹੈ। ਵਿਸ਼ਿਆਂ ਦੇ ਕ੍ਰਮ ਨੂੰ ਜੇ ਧਿਆਨ ਨਾਲ ਦੇਖਿਆ ਜਾਏ ਤਾਂ ਸਾਫ ਦਿਸਦਾ ਹੈ ਕਿ ਸਮੇਂ ਦੇ ਨਾਲ-ਨਾਲ ਵੇਦਾਂ ਵਿਚ ਗੱਦ-ਅੰਸ਼ ਸੰਘਣਾ ਹੁੰਦਾ ਗਿਆ ਹੈ। ਵਿਸ਼ੇ ਨੂੰ ਪੇਸ਼ ਕਰਨ ਲਈ ਵਰਤੀ ਗਈ ਕਾਵਿਕਤਾ ਘਟਦੀ ਗਈ ਹੈ। ਪਰ ਲੈਅ, ਸ਼ਕਤੀਸ਼ਾਲੀ ਤੋਲ ਅਤੇ ਤੁਕਾਂਤ (ਜਿਥੇ ਵੀ ਸੰਭਵ ਹੋਇਆ) ਕਾਇਮ ਰਹੇ ਹਨ। ਇਹੀ ਕਾਰਣ ਹੈ ਕਿ ਉਦੋਂ ਤੋਂ ਅਜੇ ਤਕ ਵੇਦ-ਮੰਤਰਾਂ ਨੂੰ ਉਚਾਰਦਿਆਂ ਵੇਖ ਕੇ ਕਵਿਤਾ ਹੀ ਕਿਹਾ ਜਾਂਦਾ ਹੈ ਅਤੇ ਵੇਦ ਮੰਤਰਾਂ ਦੇ ਅਰੰਭ ਵਿਚ ਸਾਨੂੰ ਸੰਕੇਤ ਮਿਲਦਾ ਹੈ ਕਿ ਇਹ ਮੰਤਰ ਅਮੁਕੇ ਛੰਦ ਅਨੁਸਾਰ ਹੈ। ਵੇਦ-ਮੰਤਰ ਉਚਾਰਣ ਤੋਂ ਪਹਿਲਾਂ ਇਸੇ ਨਿਰਦੇਸ਼ਨ ਦੇ ਉਚਾਰਣ ਕਰਨ ਮਗਰੋਂ ਜਲ ਦੀ ਹਥਲੀ ਚੁਲੀ ਰੁੜ੍ਹਾ ਕੇ 'ਸੰਕਲਪ ਛੁਡਾਇਆ' ਜਾਂਦਾ ਹੈ। ਇੰਜੇ ਹੀ ਗੁਰੂ-ਰਚਿਤ ਵਾਰਾਂ ਤੋਂ ਪਹਿਲਾਂ ਨਿਰਦੇਸ਼ਨ ਕੀਤਾ ਗਿਆ ਹੈ; ਜਿਵੇਂ ਆਸਾ ਦੀ ਵਾਰ ਤੋਂ ਪਹਿਲਾਂ : "ਟੁੰਡੇ ਅਸਰਾਜੇ ਦੀ ਧੁੰਨੀ ਗਾਵਣੀ"। ਵੇਦ ਮੰਤਰਾਂ ਨੂੰ ਜਦ ਲਿਪੀਬਧ ਕੀਤਾ ਗਿਆ ਤਾਂ ਕਈ ਸ਼ਬਦਾਂ ਦੇ ਵਿਚਕਾਰ ਅਤੇ ਅੰਤਲੇ ੨ ਜਾਂ ੩ ਦੇ ਅੰਕ ਲਗਾਏ ਮਿਲਦੇ ਹਨ। ਕਦੇ-ਕਦੇ ਦੋ ਵਾਰ ੩ ਦੇ ਅੰਕ ਹਨ ਜਿਸਦਾ ਭਾਵ ਉਸ ਸ਼ਬਦ ਨੂੰ ਓਨਾ ਹੀ ਲੰਮਿਆਰ ਕੇ ਉਚਾਰਣ ਕਰਨਾ ਹੈ ਜਿੰਨਾ ਵਕਫ਼ਾ ਅੰਕਾਂ ਰਾਹੀਂ ਦਿਤਾ ਗਿਆ ਹੈ। ਜਿਵੇਂ ਛਾਂਦੋਗਯ ਉਪਨਿਸ਼ਦ ਦੀ ਅਗੇ ਦਿਤੀ ਟੂਕ ਵਿਚ ਦੱਸਿਆ ਗਿਆ ਹੈ। ਉਚਾਰਣ ਦੀ ਸੁਰ-ਲੰਬਾਈ ਉਪਰ ਏਨਾ ਧਿਆਨ ਦੇਣਾ ਇਨ੍ਹਾਂ ਸੂਤਰਾਂ ਦੀ ਰਾਗਮਿਕਤਾ ਕਾਰਣ ਹੈ ਅਤੇ ਇਹ ਅੰਕ ਇਕ ਪ੍ਰਕਾਰ ਅਜੋਕੀ ਰਾਗ-ਲਿਪੀ ਦੇ ਹੀ ਆਰੰਭਕ ਸੰਕੇਤ ਹਨ।

ਇਸ ਪ੍ਰਕਾਰ ਕਈ ਗੱਦ-ਲੱਛਣ ਹੋਣ ਤੇ ਵੀ, ਵੇਦ ਕਵਿਤਾ ਹੀ ਹਨ।

ਉਪਨਿਸ਼ਦਾਂ ਵਿਚ ਗੱਦ ਅਤੇ ਪਦ ਦੇ ਫਰਕ ਦੀ ਬਾਕਾਇਦਾ ਸੋਝੀ ਆ ਗਈ ਹੈ।

ਉਪਨਿਸ਼ਦਾਂ ਅਤੇ ਸੰਸਕ੍ਰਿਤ ਗੱਦ:- ਜਿਵੇਂ ਅਗੇ ਵਿਚਾਰ ਕੀਤਾ ਹੈ ਕਿ ਵੇਦਿਕ ਮੰਤਰਾਂ ਦੀ ਵਿਆਖਿਆ ਨੂੰ ਬ੍ਰਾਹਮਣ ਕਿਹਾ ਗਿਆ ਅਤੇ ਬ੍ਰਾਹਮਣਾਂ ਦੇ ਪਰਿਸ਼ਿਸ਼ਟ ਜਾਂ ਵਿਆਖਿਆ ਦਾ ਨਾਂ ਆਰਨਿਅਕ ਪ੍ਰਸਿੱਧ ਹੋਇਆ। ਪਰ ਇਸ ਤੋਂ ਮਗਰੋਂ ਹੋਰ ਵਿਆਖਿਆ ਦੀ ਲੋੜ ਪਈ ਅਤੇ ਉਪਨਿਸ਼ਦਾਂ ਦੀ ਰਚਨਾ ਹੋਈ।

ਪ੍ਰਸ਼ਨ ਹਨ:- (੧) ਵੇਦ ਮੰਤਰਾਂ ਤੋਂ ਮਗਰੋਂ ਉਪਨਿਸ਼ਦਾਂ ਦੀ ਲੋੜ ਕਿਉਂ ਪਈ ?

(੨) ਇਸ ਲੋੜ ਨੇ ਕਿਹੜੇ ਗੱਦ-ਰੂਪ ਨੂੰ ਜਨਮ ਦਿਤਾ ?

(੩) ਇਸ ਗੱਦ ਰੂਪ ਦਾ ਅਜੋਕੀ ਗੱਦ-ਸ਼ੈਲੀ ਨਾਲ ਕੀ ਸੰਬੰਧ ਹੈ ?

ਵਿਚਾਰ-ਪ੍ਰਗਟਾਵੇ ਦੇ ਵਿਕਾਸ ਨੂੰ ਜੇ ਕਿਸੇ ਸਾਹਿਤਕਾਰ ਦੀ ਅੱਖ ਨਾਲ ਦੇਖੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਅਨੁਭਵ ਅਤੇ ਪ੍ਰਗਟਾਵੇ (ਭਾਸ਼ਾ) ਦਾ ਸਦਾ ਇਕ ਦ੍ਵੰਦ ਸਾਹਿਤਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧. ਉਪਨਿਸ਼ਦ ਦੀ ਲੋੜ

ਅੰਦਰ ਛਿੜਿਆ ਰਹਿੰਦਾ ਹੈ। ਮਨ ਅੰਦਰ ਜਿਸ ਸ਼ਿੱਦਤ ਨਾਲ ਅਹਿਸਾਸ ਪੈਦਾ ਹੁੰਦੇ ਹਨ; ਵਿਚਾਰ ਜਿਸ ਵਿਸ਼ਾਲ ਆਯਾਮ ਵਾਲੇ ਫੁਰਦੇ ਹਨ; ਸ਼ਬਦ ਉਸ ਹੱਦ ਤਕ ਸਾਡਾ ਸਾਥ ਨਹੀਂ ਦੇਂਦੇ। ਜਗਿਆਸਾ ਤੇ ਫੁਰਨਾ ਸਾਨੂੰ ਲੁੜੀਂਦੇ ਸ਼ਬਦ ਪ੍ਰਦਾਨ ਕਰਦੇ ਹਨ ਪਰ ਜਦੋਂ ਅਨੁਭਵ ਹੋਰ ਵਿਸ਼ਾਲ, ਜਜ਼ਬਾ ਹੋਰ ਗਹਿਰਾ ਜਾਂ ਉਚੇਰਾ ਹੁੰਦਾ ਹੈ ਤਾਂ ਉਹੋ ਸ਼ਬਦ ਅਢੁਕਵਾਂ ਤੇ ਕਚੇਰਾ ਜਾਪਣ ਲਗ ਪੈਂਦਾ ਹੈ। ਵੀਹ ਸਾਲ ਪਹਿਲਾਂ ਦੀ ਕੋਈ ਉਤਮ, ਗੱਦ ਰਚਨਾ ਸਾਹਮਣੇ ਰਖਦੇ ਹਾਂ। ਉਸ ਸਮੇਂ ਵਿਚ ਲਿਖੀ ਗਈ ਏਨੀ ਉਤਮ ਗੱਦ ਦੇ ਸਾਹਮਣੇ ਸਾਡਾ ਸਿਰ ਝੁਕਦਾ ਹੈ ਪਰ ਅਜੋਕੀ ਵਿਸ਼ਾਲ ਅਤੇ ਸੂਖਮ ਬੁੱਧੀ ਦੇ ਪ੍ਰਕਰਨ ਵਿਚ ਰਖ ਕੇ ਉਹੋ ਰਚਨਾ ਪੇਤਲੀ ਤੇ ਅੰਞਾਣ ਜਾਪਣ ਲਗ ਪੈਂਦੀ ਹੈ।

ਪ੍ਰਗਟਾਵੇ ਦੀ ਇਹ ਸਮੱਸਿਆ ਆਵੇਸ਼ ਅਤੇ ਸੂਝ ਦੀ ਸਮੱਸਿਆ ਨਾਲ ਹੀ ਜੁੜੀ ਹੋਈ ਹੈ। ਅਗੇ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਵੇਦਾਂ ਦੀਆਂ ਮੰਤਰ-ਸੰਘਤਾਵਾਂ ਆਰੀਆ-ਸੋਚਣੀ ਦਾ ਆਧਾਰ ਬਣ ਗਈਆਂ। ਸੰਘਤਾਵਾਂ ਤਾਂ ਓਹੀ ਰਹੀਆਂ ਪਰ ਸਮਾਜਿਕ ਸੂਝ ਜਦ ਵਿਕਸਿਤ ਹੋਈ ਤਾਂ ਮੰਤਰਾਂ ਸੰਬੰਧੀ ਵਖ-ਵਖ ਧਾਰਨਾਵਾਂ (Conceptions) ਸਥਾਪਤ ਹੋਈਆਂ। ਇਨ੍ਹਾਂ ਧਾਰਨਾਵਾਂ ਜਾਂ ਦ੍ਰਿਸ਼ਟੀਕੋਣਾਂ ਦੇ ਆਧਾਰ ਤੇ ਵੇਦਾਂ ਦੀ ਜਿਹੜੀ ਵਿਆਖਿਆ ਮਗਰੋਂ ਕੀਤੀ ਗਈ ਉਨ੍ਹਾਂ ਨੇ ਕਿਵੇਂ ਬ੍ਰਾਹਮਣ ਤੇ ਆਰਨਿਅਕ ਦਾ ਰੂਪ ਲਿਆ, ਇਹ ਵੀ ਸਪਸ਼ਟ ਹੋ ਚੁਕਾ ਹੈ। ਧਾਰਨਾਵਾਂ ਦੇ ਆਧਾਰ ਤੇ ਮਨੁੱਖਾਂ ਦਾ ਜਿਹੜਾ ਸੰਗਠਨ ਹੋਇਆ ਉਨ੍ਹਾਂ ਨੂੰ ਸ਼ਾਖਾਵਾਂ ਜਾਂ ਸੰਪਰਦਾਇ ਕਿਹਾ ਗਿਆ ਹੈ। ਉਪਨਿਸ਼ਦ ਇਨ੍ਹਾਂ ਵਖ-ਵਖ ਸ਼ਾਖਾਵਾਂ ਜਾਂ ਸੰਪ੍ਰਦਾਵਾਂ ਵਲੋਂ ਵੇਦਾਂ ਦੀਆਂ ਆਰਨਿਅਕ ਤੋਂ ਵੀ ਮਗਰੋਂ ਕੀਤੀਆਂ ਗਈਆਂ ਵਿਆਖਿਆਵਾਂ ਹਨ। ਸਗੋਂ ਕਈ ਆਰਨਿਅਕਾਂ ਦੇ ਅੰਤਮ ਭਾਗ ਉਪਨਿਸ਼ਦ ਵੀ ਮੰਨੇ ਗਏ ਹਨ। ਜਿਵੇਂ ਏਤਰੇਯ ਅਤੇ ਤੈਤ੍ਰੀਯ ਆਰਨਿਅਕਾਂ ਦੇ ਅੰਤਮ ਭਾਗ।

ਉਪਨਿਸ਼ਦਾਂ ਤਾਂ ਕਈ ਹਨ। ਬਹੁਤੀਆਂ ਉਪਨਿਸ਼ਦਾਂ ਤਾਂ ਕਾਵਿ ਰੂਪ ਵਿਚ ਹਨ ਪਰ "ਈਸ਼ ਨੂੰ ਛਡ ਕੇ ਸਭ ਤੋਂ ਪੁਰਾਣੀਆਂ ਉਪਨਿਸ਼ਦਾਂ; ਛਾਂਦੋਗਯ ਅਤੇ ਬ੍ਰਿਹਿਦਾਰਨਿਅਕ, ਗੱਦ ਜਾਂ ਗੱਦ-ਮਿਲੀ-ਪਦ ਵਿਚ ਹਨ।"*

੨. ਗੋਸ਼ਟ; ਇਕ ਗੱਦ-ਰੂਪ

ਉਪਨਿਸ਼ਦਾਂ ਦਾ ਸ਼ਾਬਦਿਕ ਅਰਥ ਹੈ ਕੋਲ ਬੈਠ ਕੇ, ਗੁਰੂ ਦਾ ਅਧਿਕਾਰੀ ਸ਼ਿਸ਼ ਨੂੰ ਦੱਸਿਆ ਹੋਇਆ ਸਿਧਾਂਤਕ ਭੇਤ ਜਾਂ ਸਪਸ਼ਟੀਕਰਨ। ਸਾਰੀਆਂ ਉਪਨਿਸ਼ਦਾਂ ਕਿਸੇ ਸ਼ਾਖਾ ਦੇ ਮੁਖ ਰਿਸ਼ੀ ਵਲੋਂ ਆਪਣੇ ਸ਼ਿਸ਼ ਨੂੰ ਦਿਤੇ ਗਏ ਉਪਦੇਸ਼ ਦੇ ਰੂਪ ਹਨ। ਸੰਸਾਰ ਪ੍ਰਸਿੱਧ ਦਾਰਸ਼ਨਿਕ ਕ੍ਰਿਤ 'Dialogues of Plato' ਵੀ ਸ਼ਾਗਿਰਦਾਂ ਵਲੋਂ ਕੀਤੇ ਸੁਆਲਾਂ ਦੇ, ਉਸਤਾਦ ਵਲੋਂ ਦਿਤੇ ਉੱਤਰਾਂ ਦਾ ਸੰਗ੍ਰਹਿ ਹੈ। 'ਯੋਗ ਵਾਸ਼ਿਸ਼ਟ' ਅਤੇ ਗੁਰੂ ਨਾਨਕ ਦੀਆਂ ਸਿੱਧਾਂ ਤੇ ਅਜਿੱਤੇ ਰੰਧਾਵੇ ਆਦਿਕ ਨਾਲ ਗੋਸ਼ਟਾਂ ਇਸੇ ਵਿਧਾ ਵਿਚ ਹਨ।

ਗੱਦ ਸ਼ੈਲੀ ਦੇ ਪ੍ਰਸੰਗ ਵਿਚ ਇਹ ਇਤਿਹਾਸਕ ਤੱਥ ਲੱਭਣਾ ਮਹਤਵਪੂਰਨ ਨਹੀਂ ਕਿ ਗੌਤਮ (ਆਰੁਣਿ) ਅਤੇ ਯਾਗਿਯਵਲਕਯ ਨੇ ਸਚਮੁਚ ਹੀ ਆਪਣੇ ਸ਼ਿਸ਼ਾਂ ਨਾਲ ਗਲ ਬਾਤ ਕੀਤੀ ਸੀ ਜਾਂ ਨਹੀਂ ਜਿਸ ਦੇ ਆਧਾਰ ਤੇ ਛਾਂਦੋਗਯ ਤੇ ਬ੍ਰਿਹਿਦਾਰਨਿਅਕ ਰਚੇ ਗਏ ਹਨ। ਨਾ ਹੀ ਇਹ ਜਾਨਣਾ ਇਥੇ ਲਾਭਦਾਇਕ ਹੈ ਕਿ ਗੁਰੂ ਨਾਨਕ ਦਾ ਆਪਣੇ ਤੋਂ ਕਈ ਚਿਰ ਪਹਿਲਾਂ ਹੋ ਚੁਕੇ ਤਾਂਤ੍ਰਿਕਾਂ, ਸਿੱਧਾਂ-ਨਾਥਾਂ ਨਾਲ ਕਿਵੇਂ ਮੇਲ ਹੋ ਗਿਆ। ਇਥੇ ਪ੍ਰਸ਼ਨ ਹੈ ਕਿ ਸੰਸਾਰ ਦੇ ਇਕ ਸਿਰੇ

CC-0. In Public Domain. Gurukul Kangri Collection, Haridwar

*ਦਰਸ਼ਨ ਦਿਗ ਦਰਸ਼ਨ: ਰਾਹੁਲ ਸੰਕ੍ਰਤਾਇਣ ਪੰਨਾ ੩੯੨

Digitized by Arya Samaj Foundation Chennai and eGangotri

ਤੇ – ਭਾਰਤ ਵਿਚ ਰਿਸ਼ੀਆਂ ਅਤੇ ਦੂਜੇ ਸਿਰੇ ਤੇ ਯੂਨਾਨ ਵਿਚ ਅਫਲਾਤੂਨ – ਜਾਂ ਹੋਰ ਕਈਆਂ ਸਦੀਆਂ ਮਗਰੋਂ, ਸਿਖ ਧਰਮ ਨੂੰ ਕਿਉਂ ਲੋੜ ਪਈ ਕਿ ਵਿਚਾਰਾਂ ਦਾ ਪ੍ਰਚਾਰ ਕਵਿਤਾ ਵਿਚ ਜਾਂ ਸਿਧਾਂਤਕ ਸਪਸ਼ਟੀਕਰਨ ਸਿੱਧ ਪਧਰੀ ਵਾਰਤਕ ਵਿਚ ਨਾ ਕਰਕੇ ਕਲਪਤ ਜਾਂ ਸਚਮੁਚਲੇ ਵਿਅਕਤੀਆਂ ਨਾਲ ਗਲ ਬਾਤ ਦੇ ਰੂਪ ਪੇਸ਼ ਕੀਤਾ ਜਾਏ ?

ਜਦੋਂ ਵਾਦਾਂ, ਪ੍ਰਤੀਵਾਦਾਂ ਤੇ ਵਿਵਾਦਾਂ ਦਾ ਇਕ ਝੱਖੜ ਵਖ-ਵਖ ਸਿਧਾਂਤਾਂ, ਸੰਗਠਨਾਂ ਜਾਂ ਵਿਅਕਤੀਆਂ ਦੇ ਆਪਣੇ ਅੰਦਰ ਝੁੱਲ ਪਏ, ਤਾਂ ਕੁਝ ਮਹੱਤਵਪੂਰਨ ਸ਼ੰਕੇ ਜਾਂ ਸਿੱਟੇ ਪ੍ਰਸ਼ਨ ਦੇ ਰੂਪ ਵਿਚ ਉਭਰਦੇ ਹਨ । ਇਸ ਤੋਂ ਬਿਨਾਂ ਕਿਸੇ ਅਸਥਾਪਨਾ ਦੇ ਸਪਸ਼ਟੀਕਰਨ ਸਮੇਂ ਇਕੋ ਬੌਧਿਕ ਮਨੁੱਖ ਆਪ ਹੀ ਉਹ ਪ੍ਰਸ਼ਨ ਉਠਾ ਲੈਂਦਾ ਹੈ ਜਿਹੜੇ ਉਸਦੇ ਵਿਰੋਧੀ ਕਿਸੇ ਵੇਲੇ ਵੀ ਕਰ ਸਕਦੇ ਹਨ । ਇੰਜ ਸਿਧਾਂਤਕ ਵਾਦ ਵਿਵਾਦ ਸਮੇਂ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਸਪਸ਼ਟੀਕਰਨ ਦੀ ਲੋੜ ਨਾਲ ਪ੍ਰਸ਼ਨੋਤ੍ਰੀ ਜਾਂ ਗੋਸ਼ਟ, ਗੱਦ-ਰੂਪ ਦੇ ਤੌਰ ਦੇ ਵਿਕਸਤ ਹੁੰਦੀ ਹੈ ।

ਸਮੇਂ ਦੇ ਨਾਲ ਗੱਦ-ਸ਼ੈਲੀ ਵੀ ਵਿਕਾਸ ਕਰਦੀ ਹੈ । ਸ਼ੈਲੀ ਦੇ ਲੱਛਣ ਸਰਲਤਾ, ਸੁਆਦ ਅਤੇ ਸਮਝਾਉਣੀ ਹਨ । ਅਤੇ ਇਹ ਕੁਝ, ਢੇਰ ਚਿਰ ਤਕ ਪ੍ਰਸ਼ਨ ਪੈਦਾ ਕਰ ਅਤੇ ਉਤਰ ਦੇ ਕੇ

੩. ਗੱਦ ਵਿਚ ਪ੍ਰਸ਼ਨੋਤ੍ਰ

ਕਾਇਮ ਨਹੀਂ ਰਖਿਆ ਜਾ ਸਕਦਾ । ਜ਼ਰੂਰੀ ਨਹੀਂ ਕਿ ਕਿਸੇ ਗਲ ਦੀ ਵਿਆਖਿਆ ਹੇਠ ਆਇਆ ਹਰ ਨੁਕਤਾ ਪ੍ਰਸ਼ਨ ਬਣ ਕੇ ਹੀ ਪਾਠਕ, ਸਰੋਤੇ ਜਾਂ ਵਿਰੋਧੀ ਦੇ ਮਨ ਵਿਚ ਉਭਰੇ । ਨਾ ਹੀ ਹਰ ਨੁਕਤੇ ਦੀ ਮਹਤਤਾ ਹੁੰਦ। ਹੈ । ਹਰ ਨੁਕਤੇ ਸਮੇਂ ਪ੍ਰਸ਼ਨ-ਉਤਰ ਦਾ ਆਉਣਾ ਸੁਆਦ ਦੀ ਥਾਂ ਬੇ-ਸੁਆਦੀ ਪੈਦਾ ਕਰਦਾ ਹੈ; ਨੁਕਤਿਆਂ ਦੀ ਮਹਤਤਾ ਘਟਾਉਂਦਾ ਹੈ । ਇਹੀ ਕਾਰਨ ਹੈ ਕਿ ਗੋਹਯ ਗਿਆਨ ਦੀਆਂ ਵਿਆਖਿਆਵਾਂ ਅਤੇ ਸਪਸ਼ਟੀਕਰਨ ਵਾਲੀਆਂ ਗੱਦ-ਲਿਖਤਾਂ ਵਿਚ ਲੋੜੋਂ ਵੱਧ ਵਰਤੋਂ ਕਾਰਣ ਪ੍ਰਸ਼ਨੋਤ੍ਰੀ ਰੂਪ ਲੋਪ ਹੋ ਗਿਆ । ਵਿਆਖਿਆ ਗਮਨਿਕ ਵਰਨਣ (Positive narration) ਦੇ ਰੂਪ ਵਿਚ ਕੀਤੀ ਜਾਣ ਲਗੀ । ਇਸ ਵਿਆਖਿਆ ਵਿਚ ਜਿਥੇ ਕਿਤੇ ਕੋਈ ਅਜਿਹਾ ਨੁਕਤਾ ਜਾਂ ਸੱਮਸਿਆ ਆਉਂਦੇ ਹਨ ਜਿਹੜੇ ਲੇਖਕ ਲਈ ਬਾਕੀ ਨੁਕਤਿਆਂ ਨਾਲੋਂ ਵਧੇਰੇ ਮਹਤਵਪੂਨ ਹੋਣ ਤਾਂ ਉਹ ਆਪ ਹੀ ਪਹਿਲਾਂ ਇਨ੍ਹਾਂ ਨੂੰ ਪ੍ਰਸ਼ਨ ਦੇ ਰੂਪ ਵਿਚ ਉਠਾਉਂਦਾ ਹੈ ਅਤੇ ਫੇਰ ਆਪ ਹੀ ਉਸ ਦਾ ਉਤਰ ਦੇਂਦਾ ਹੈ । ਪੂਰੀ ਕਿਰਤ ਜਾਂ ਪੈਰੇ ਨੂੰ ਮੁਕਾਉਣ, ਇਸ ਦਾ ਸਿੱਟਾ ਕਢਣ ਸਮੇਂ ਵੀ ਪ੍ਰਸ਼ਨ ਪੈਦਾ ਕੀਤਾ ਜਾਂਦਾ ਹੈ ਅਤੇ ਇਹ ਅਜੋਕੀ ਗੱਦ-ਸ਼ੈਲੀ ਦਾ ਇਕ ਸੁਚੇਤ ਲੱਛਣ ਬਣ ਚੁਕਾ ਹੈ ।

ਗੱਦ-ਉਪਨਿਸ਼ਦਾਂ:- ਸਮਾਂ ਬੀਤਣ ਨਾਲ ਵੇਦਿਕ ਮੰਤਰਾਂ ਦੀ ਕਿਵੇਂ ਵਿਆਖਿਆ-ਅੰਦਰ-ਵਿਆਖਿਆ ਹੁੰਦੀ ਰਹੀ, ਇਸ ਸੰਬੰਧੀ ਅਗੇ ਵਿਚਾਰ ਹੋ ਚੁਕੀ ਹੈ । ਇਸ ਘਟਨਾ-ਪ੍ਰਵਾਹ ਦਾ ਸਿੱਟਾ ਇਹੋ ਹੋ ਸਕਦਾ ਹੈ ਕਿ ਵਿਸ਼ੈ ਵਸਤੂ ਵਧੇਰੇ ਗੱਦਮਈ ਹੁੰਦੀ ਜਾਏ । ਇਸ ਲਈ ਉਪਨਿਸ਼ਦਾਂ ਵਿਚੋਂ ਬ੍ਰਿਹਿਦਾਰਨਿਅਕ, ਗੱਦ ਰੂਪ ਵਿਚ ਹੈ । ਬਾਕੀ ਉਪਨਿਸ਼ਦਾਂ, ਪੈ ਗਈ ਪਿਰਤ ਉਪਰ ਚਲ ਕੇ, ਪਦ ਵਿਚ ਹੀ ਲਿਖੀਆਂ ਗਈਆਂ ਜਿਨ੍ਹਾਂ ਵਿਚ ਵਿਸ਼ੇ ਦੇ ਗੱਦਮਈ ਹੋਣ ਕਾਰਣ, ਇਹ ਉਪਨਿਸ਼ਦਾਂ ਪੂਰਨ ਰੂਪ ਵਿਚ ਪਦ ਨਾ ਹੋਕੇ ਗਦ-ਮਿਲੀ-ਪਦ ਵਿਚ ਹੋ ਨਿਬੜੀਆਂ ।

ਜਦੋਂ ਇਕ ਭਾਸ਼ਾ ਦਾ ਦੂਜੀ ਨਾਲ ਮੇਲ-ਜੋਲ ਹੁੰਦਾ ਹੈ ਤਾਂ ਇਸ ਦਾ ਅਸਰ ਸ਼ਬਦਾਵਲੀ ਉਪਰ ਹੀ ਨਹੀਂ, ਸਗੋਂ ਪ੍ਰਗਟਾਉ-ਢੰਗ ਉਪਰ ਵੀ ਪੈਂਦਾ ਹੈ । ਇਸ ਦਾ ਪ੍ਰਮਾਣ ਸਾਨੂੰ ਅੰਗਰੇਜ਼ੀ ਪ੍ਰਭਾਵ; ਅਜੋਕੀ ਪੰਜਾਬੀ ਵਾਕ-ਬਨਤਰ ਵਿਚੋਂ ਮਿਲ ਸਕਦਾ ਹੈ । ਕਿਉਂਕਿ ਵੇਦਿਕ ਜਾਂ ਸੰਸਕ੍ਰਿਤ ਭਾਸ਼ਾ ਦਾ ਪੰਜਾਬੀ ਨਾਲ ਮੁਢ ਤੋਂ ਸੰਪਰਕ ਹੈ । ਇਸ ਲਈ ਸੰਸਕ੍ਰਿਤ ਦੀਆਂ ਮੁਢਲੀਆਂ ਗੱਦ-ਕ੍ਰਿਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸ਼ੈਲੀ ਸੰਬੰਧੀ ਜਾਨਣਾ ਅਤਿਅੰਤ ਜ਼ਰੂਰੀ ਹੈ ।

ਛਾਂਦੋਗਯ ਉਪਨਿਸ਼ਦ, ਗੱਦ ਵਿਚ ਰਚੀ ਗਈ ਹੈ । ਹੋਰਨਾਂ ਉਪਨਿਸ਼ਦਾਂ ਵਾਂਗ ਇਹ ਵੀ ਗੁਰੂ ਦੇ ਸ਼ਿਸ਼ ਨੂੰ ਦਿਤੇ ਗਏ ਉਪਦੇਸ਼ ਦੀ ਸ਼ੈਲੀ ਵਿਚ ਹੈ । ਉਪਦੇਸ਼ ਵਿਚ ਸਿਧਾਂਤਕ ਸਪਸ਼ਟੀਕਰਨ ਦੇ ਨਾਲ ਕਦੇ ਅਤੇ ਕਿਤੇ ਉਦਾਹਰਣ ਵਜੋਂ ਦਿਤਾ ਗਿਆ ਕੋਈ ਘਟਨਾ-ਬਿਰਤਾਂਤ ਵੀ ਆ ਜਾਂਦਾ ਹੈ । ਛਾਂਦੋਗਯ ਦੇ ਪਹਿਲੇ ਅਧਿਆਇ ਦੇ ਬਾਹਰਵੇਂ ਖੰਡ ਵਿਚ ਇਕ ਘਟਨਾ ਦਾ ਵਰਨਣ ਹੈ । ਘਟਨਾ ਇਹ ਹੈ: ਜਲ ਦੇ ਕਿਨਾਰੇ ਇਕ ਚਿੱਟਾ ਕੁੱਤਾ ਆਉਂਦਾ ਹੈ । ਉਥੇ ਹੋਰ ਵੀ ਕੁਝ ਕੁੱਤੇ ਆ ਕੇ ਉਸਨੂੰ ਆਪਣੀ ਭੁੱਖ ਦੀ ਵੇਦਨਾ ਦਸ ਕੇ ਕਹਿੰਦੇ ਹਨ ਕਿ ਸਾਡੇ ਲਈ ਭੋਜਨ ਦਾ ਪ੍ਰਬੰਧ ਕਰੋ । ਉਨ੍ਹਾਂ ਕੁੱਤਿਆਂ ਨੇ ਮਿਲ ਕੇ ਹਵਨ ਕੁੰਡ ਦੁਆਲੇ, ਜਿਵੇਂ ਬ੍ਰਾਹਮਣ ਇਕ ਦੂਜੇ ਨੂੰ ਫੜ ਕੇ ਪ੍ਰਕਰਮਾਂ ਕਰਦੇ ਹਨ ਉਸੇ ਤਰ੍ਹਾਂ ਪ੍ਰਕਰਮਾ ਕੀਤੀਆਂ ਅਤੇ ਓਮ-ਓਮ ਦਾ ਜਾਪ ਕਰਕੇ ਦੇਵਤਿਆਂ ਤੋਂ ਅੰਨ ਦੀ ਮੰਗ ਕੀਤੀ । ਮਹਾਂ ਪੰਡਤ ਰਾਹੁਲ ਸੰਕ੍ਰਤਾਇਣ ਛਾਂਦੋਗਯ ਦੇ ਇਸ ਖੰਡ ਨੂੰ ਬ੍ਰਾਹਮਣਾਂ ਉਪਰ ਵਿਅੰਗ ਦਸਦਾ ਹੈ • ਜਿਹੜੇ ਪਰੋਹਿਤਾਂ ਵਾਂਗ ਸਾਮ ਗਾਣ ਕਰਕੇ ਮੰਗਦੇ ਵੇਦਤਿਆਂ ਪਾਸੋਂ ਹਨ ਪਰ ਆਸ ਰਜੇ ਪਾਸੋਂ ਗੱਫੇ ਲਾਉਣ ਦੀ ਹੁੰਦੀ ਹੈ । ਮਹਾਂ ਦੇਵਾਂਤੀ ਸ਼ੰਕਰਾਚਾਰਯ ਨੇ ਉਪਨਿਸ਼ਦਾਂ ਦੇ ਅਨੁਵਾਦ ਕੀਤੇ ਸਨ ਅਤੇ ਇਨ੍ਹਾਂ ਉਪਰ ਭਾਸ਼ ਵੀ ਲਿਖੇ ਹਨ । ਉਹਨਾਂ ਨੇ ਆਪਣੇ ਭਾਸ਼ ਵਿਚ ਚਿੱਟੇ ਕੁੱਤੇ ਨੂੰ ਪ੍ਰਾਣ ਅਤੇ ਬਾਕੀ ਕੁੱਤਿਆਂ ਨੂੰ ਇੰਦਰੀਆਂ ਦਸਿਆ ਹੈ ਜਿਹੜੀਆਂ ਆਪਣੀ ਭੁੱਖ ਤੋਂ ਵਿਵਸ਼ ਹੋ ਕੇ ਪ੍ਰਾਣਾਂ ਨੂੰ ਭੋਜਨ ਪ੍ਰਾਪਤ ਕਰਨ ਲਈ ਕਹਿੰਦੀਆਂ ਹਨ । ਛਾਂਦੋਗਯ ਦੀ ਗੱਦ-ਸ਼ੈਲੀ ਦੇ ਅਧਿਅਨ ਲਈ ਇਸ ਖੰਡ ਦਾ ਪਾਠ ਪੇਸ਼ ਹੈ: †

ਛਾਂਦੋਗਯ ਉਪਨਿਸ਼ਦ

अर्थात: शौव उद्गीथस्तद्ध बको दाल्म्यो ग्लावो वा मैत्रेय: स्वाध्यायमुद्धव्राज ॥१॥

तस्मै श्वा श्वेत: प्रादुबभूव तमन्ये श्वान उपसमेत्योचुरन्नं नो भगवानागायत्वशनायाम वा इति ॥२॥

तान्होवाचेहैव मा प्रातरुपसमीयातेति तद्ध वको दाल्म्यो ग्लावो बा मैत्रय: प्रतिपालयाञ्चाकार ॥३॥

ते ह यथैवेह बहिष्पवमानेन स्तोष्यमाणा: सरँब्धा सर्पन्तीत्येवमाससृपुस्ते ह सभुपबिश्य हिं चक्रु: ॥४॥

ओ ३ मदा ३ मों ३ पिबा ३ देवो वरुण : प्रजापति: सविता २ न्नमिहा २ हरदन्नपते ३ तन्नमिहा २ हरा २ हरो ३ मिति ॥५॥

ਗੀਤਾ ਪ੍ਰੈਸ, ਗੋਰਖਪੁਰ ਨੇ ਇਸ ਖੰਡ ਦਾ ਅਨੁਵਾਦ ਹਿੰਦੀ ਵਿਚ ਬੜਾ ਵਫਾਦਾਰ ਅਤੇ ਸ਼ਬਦ-ਸ਼ਬਦ ਕੀਤਾ ਹੋਇਆ ਹੈ । ਛਾਂਦੋਗਯ ਦੀ ਗੱਦ ਸ਼ੈਲੀ ਨੂੰ ਜਾਨਣ ਲਈ ਹਿੰਦੀ ਦੇ ਅਨੁਵਾਦ ਦਾ ਪੰਜਾਬੀ ਵਿਚ ਸ਼ਾਬਦਿਕ ਅਨੁਵਾਦ ਕੁਝ ਇੰਜ ਕੀਤਾ ਜਾ ਸਕਦਾ ਹੈ:

ਹੁਣ ਸ਼ੌਵ ਗੀਤ ਸ਼ੁਰੂ (ਕੀਤਾ ਜਾਂਦਾ ਹੈ) । (ਪੁਰਾਣੇ ਸਮੇਂ ਵਿਚ) ਦਾਲਭ ਦਾ ਪੁਤਰ ਬਕ ਅਤੇ ਮੈਤ੍ਰੀ ਦਾ ਪੁਤਰ ਗਲਾਵ ਸਵਾਧਿਆਇ ਲਈ (ਪਿੰਡ ਦੇ) ਬਾਹਰ ਵਾਰ ਪਾਣੀ ਦੇ

• ਦਰਸ਼ਨ ਦਿਗ ਦਰਸ਼ਨ: ਰਾਹੁਲ ਸੰਕ੍ਰਤਾਇਣ ਪੰਨਾ ੩੯੬

† ਛਾਂਦੋਗਯੋਪਨਿਸ਼ਦ ਸਾਨੁਵਾਦ ਸ਼ੰਕ੍ਰਾਭਾਸ਼ਯ: ਗੀਤਾ ਪ੍ਰੈਸ ਗੋਰਖਪੁਰ ਪੰਨਾ ੧੩੮ ਤੋਂ ੧੪੩

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਢੇ ਗਿਆ ॥੧॥

(ਉਸਦੇ) ਨੇੜੇ ਇਕ ਚਿੱਟਾ ਕੁੱਤਾ ਪ੍ਰਗਟ ਹੋਇਆ । (ਉਸਦੇ ਕੋਲ) ਹੋਰਨਾਂ ਕੁੱਤਿਆਂ ਨੇ ਆ ਕੇ ਕਿਹਾ – ਭਗਵਨ (ਤੁਸੀਂ ਸਾਡੇ ਲਈ) ਅੰਨ ਦਾ ਆਗਾਨ ਕਰੋ, (ਗੀਤ ਗਾਓ) (ਅਸੀਂ) ਨਿਸਚੇ (ਹੀ) ਭੁੱਖੇ ਹਾਂ ॥੨॥

ਉਨ੍ਹਾਂ ਨੂੰ (ਚਿੱਟੇ ਕੁੱਤੇ ਨੇ) ਕਿਹਾ – (ਤੁਸੀਂ) ਪ੍ਰਾਤਾ ਕਾਲ ਇਥੇ (ਹੀ) ਮੇਰੇ (ਕੋਲ) ਆਉਣਾ । ਫੇਰ, ਦਾਲਭ-ਪੁਤਰ ਬਕ ਅਥਵਾ ਮੈਤ੍ਰੀ ਪੁਤਰ ਗਲਾਵ (ਉਨ੍ਹਾਂ ਦੀ) ਉਡੀਕ ਕਰਦਾ ਰਿਹਾ ॥੩॥

ਉਨ੍ਹਾਂ (ਕੁੱਤਿਆਂ) ਨੇ ਜਿਵੇਂ (ਕ੍ਰਮਵਾਰ) ਬਹਿਸ਼ਪਵਮਾਨ ਸਤੋਤ੍ਰ ਵਿਚੋਂ ਗਾਉਣ ਵਾਲੇ (ਆਪਸ ਵਿਚ ਇਕ ਦੂਜੇ ਨੂੰ ਫੜ ਕੇ) ਭਰਮਨ (=ਪ੍ਰਕਰਮਾਂ) ਕਰਦੇ ਹਨ ਉਸੇ ਤਰ੍ਹਾਂ (ਭਰਮਨ) ਕੀਤਾ (ਅਤੇ ਉਥੇ ਬੈਠ ਕੇ) ਹੁਆਂਕੇ (=ਲੰਮੀਆਂ ਹੂਕਾਂ ਵਿਚ ਭੌਂਕਣ ਲਗੇ) ॥੪॥

ਕੁੱਤਿਆਂ ਰਾਹੀਂ ਭੌਂਕਿਆ ਹੋਇਆ:

ਓਮ ਅਸੀਂ ਖਾਂਦੇ ਹਾਂ, ਓਮ ਅਸੀਂ ਪੀਂਦੇ ਹਾਂ, ਓਮ । ਦੇਵਤੇ ਵਰੁਣ, ਪ੍ਰਜਾਪਤੀ, ਸੂਰਜ ਇਥੇ ਅੰਨ ਲਿਆਉਣ ! ਹੇ ਅੰਨ ਦੇਵਤਾ ! ਇਥੇ ਅੰਨ ਲਿਆਓ ! ॥੫॥

ਉਪਰੋਕਤ ਅਨੁਵਾਦ ਨੂੰ ਸੰਸਕ੍ਰਿਤ ਪਾਠ ਨਾਲ ਮਿਲਾ ਕੇ ਦੇਖਿਆਂ ਇਹ ਪਤਾ ਤਾਂ ਪਹਿਲੀ ਨਜ਼ਰੇ ਲਗ ਜਾਂਦਾ ਹੈ ਕਿ ਸੰਸਕ੍ਰਿਤ ਭਾਸ਼ਾਂ ਦੇ ਸੰਜੋਗਾਤਮਿਕ ਜਾਂ ਸੰਸ਼ਲੇਸ਼ਕ ਲੱਛਣ ਦੇ ਕਾਰਣ ਕਈ ਸ਼ਬਦ ਅਤਿਅੰਤ ਲੰਮੇ ਹੋ ਜਾਂਦੇ ਹਨ । ਜਿਨ੍ਹਾਂ ਦਾ ਉਚਾਰਣ ਸੌਖਾ ਭਾਵੇਂ ਨਹੀਂ ਸੀ ਪਰ ਜਿਨ੍ਹਾਂ ਦੇ ਉਚਾਰਣ ਵਿਚ ਸੁਰ-ਦਬਾਉ ਤਕ ਨਿਸਚਿਤ ਸਨ । ਇਸ ਲਈ ਬੋਲਣ ਸਮੇਂ, ਲੈਅ ਤੇ ਤਾਲ ਪੈਦਾ ਕਰ ਕੇ ਕਵਿਤਾ ਦਾ ਭੁਲੇਖਾ ਪੈਦਾ ਕੀਤਾ ਜਾ ਸਕਦਾ ਸੀ ।

ਵਿਸ਼ਲੇਸ਼ਣ

ਲੰਮੇਰੇ ਸ਼ਬਦ; ਨਾਂਵ, ਕਿਰਿਆ, ਪੜਨਾਂਵ ਅਤੇ ਹੋਰਨਾਂ ਸ਼ਬਦਾਂ ਦਾ ਮੇਲ ਹਨ । ਇਸ ਤਰ੍ਹਾਂ ਦੇ ਸੰਯੁਕਤ ਸ਼ਬਦ ਸੰਸਕ੍ਰਿਤ ਗੱਦ-ਸ਼ੈਲੀ ਦਾ ਪ੍ਰਮੁਖ ਲੱਛਣ ਹਨ ।

ਇਸ ਵਿਚ ਅਜੋਕੀ ਗੱਦ ਵਾਂਗ ਅਕ੍ਰਮਕ ਕਿਰਿਆਵਾਂ ਨਹੀਂ ਹਨ । ਜਿਵੇਂ: ''ਹੁਣ ਸ਼ੌਵ ਗੀਤ ਸ਼ੁਰੂ'' ਵਿਚ, 'ਹੈ' ਸਾਨੂੰ ਕੋਲੋਂ ਲਾਉਣਾ ਪੈਂਦਾ ਹੈ ।

ਇਸ ਵਿਚ ਕਾਰਕ-ਸਹਿਤ-ਕਰਤਾ ਜਾਂ ਕਾਰਕ-ਸਹਿਤ-ਨਾਂਵ ਆਉਂਦੇ ਹਨ ਜਿਵੇਂ 'ਦਾਲਭਯ' ਅਤੇ 'ਮੈਤ੍ਰੇਯ' (ਅਰਥਾਤ ਦਾਲਭ ਦਾ ਅਤੇ ਮੈਤ੍ਰੀ ਦਾ) ।

ਉਪਰੋਕਤ ਦੂਜੇ ਵਾਕ ਨੂੰ ਦੇਖਿਆਂ ਪਤਾ ਲਗਦਾ ਹੈ ਕਿ ਦੋ ਤਿੰਨ ਪੜਨਾਂਵ (ਕੋਲੋਂ ਬਰੈਕਟਾਂ ਵਿਚ ਦਿਤੇ) ਛੱਡ ਦਿਤੇ ਗਏ ਹਨ ਅਤੇ ਤੀਜੇ ਵਾਕ ਦੇ ਮੁਢ ਵਿਚ ਹੀ ਪੜਨਾਵਾਂ ਦੀ ਵਰਤੋਂ ਕਰਤਾ ਤੇ ਕਰਮ ਦੀ ਥਾਂ ਕੁਝ ਇੰਜ ਕੀਤੀ ਹੈ ਕਿ ਦੋਹਾਂ ਦਾ ਫਰਕ ਪਤਾ ਨਹੀਂ ਲਗਦਾ । ਸਬੰਧਕਾਂ ਅਤੇ ਪੜਨਾਵਾਂ ਨੂੰ ਛਡ ਦੇਣਾ ਜਾਂ ਇਨ੍ਹਾਂ ਦੀ ਵਰਤੋਂ ਇਸ ਢੰਗ ਨਾਲ ਕਰਨੀ ਕਿ ਕਰਤਾ ਅਤੇ ਕਰਮ ਦੇ ਭੇਦ ਨੂੰ ਜਾਨਣ ਲਈ ਅਨੁਮਾਨ ਦੀ ਸਹਾਇਤਾ ਲੈਣੀ ਪਵੇ – ਅਜਿਹੇ ਲੱਛਣ ਹਨ, ਜਿਹੜੇ ਗਲਬਾਤੀ ਗੱਦ ਵਿਚ ਆਉਂਦੇ ਹਨ । ਯੋਜਕਾਂ ਦੀ ਵਰਤੋਂ ਨਾ ਹੋਣ ਜਹੀ ਹੈ ਅਤੇ ਇਕ ਵਾਕਾਂਸ਼ ਮੁੱਕਣ ਅਤੇ ਦੂਜੇ ਦਾ ਸ਼ੁਰੂ ਹੋਣਾ ਸਪਸ਼ਟ ਨਹੀਂ ਹੁੰਦਾ । ਇੰਜ, ਕਿਹਾ ਜਾ ਸਕਦਾ ਹੈ ਕਿ ਉਪਨਿਸ਼ਦ-ਕਾਲ ਦੀ ਸ਼ਬਦਾਵਲੀ ਅਤਿਅੰਤ ਸੰਜੋਗਾਤਮਿਕ ਅਤੇ ਸੰਯੁਕਤ ਹੋਣ ਕਾਰਣ ਰਸਮੀ ਸੀ ਪਰ ਗੱਦ ਸ਼ੈਲੀ ਗਲ-ਬਾਤੀ ਅਸਰ ਹੇਠ ਹੋਣ ਕਾਰਨ ਗ਼ੈਰ ਰਸਮ ਭਾਸ਼ਾ ਵਿਚ ਸੀ । ਬਿਸਰਾਮ-ਚਿੰਨ੍ਹਾਂ ਦੀ ਅਨਹੋਂਦ ਵੀ ਇਸਦਾ ਇਕ ਕਾਰਣ ਸੀ । ਇਹੀ ਕਾਰਣ ਹੈ ਜਦੋਂ ਲਿਖਿਆ ਆਉਂਦਾ ਹੈ: ''ਉਸੇ ਤਰ੍ਹਾਂ (ਭਰਮਨ) ਕੀਤਾ (ਅਤੇ ਉਥੇ ਬੈਠ ਕੇ) ਹੁਆਂਕੇ'' ਤਾਂ ਗੀਤਾ ਪਰੈਸ ਗੋਰਖਪੁਰ, ਵਾਲਿਆਂ ਨੂੰ ਲਿਖਣਾ ਪਿਆ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਕੁੱਤੋਂ ਦੁਆਰਾ ਕੀਆ ਹੁਆ ਹਿੰਕਾਰ''; ਅਰਥਾਤ ਕੁੱਤਿਆਂ ਰਾਹੀਂ ਭੌਂਕਿਆ ਹੋਇਆ।

ਜੇ ਇਹ ਸ਼ੰਕਰਾਚਾਰਯ ਦੀ ਵਿਆਖਿਆ ਅਨੁਸਾਰ ਇੰਦਰੀਆਂ ਦੀ ਪ੍ਰਾਣਾਂ ਤੋਂ ਭੋਜਨ ਦੀ ਮੰਗ ਹੈ ਤਾਂ ਕਿਹਾ ਜਾ ਸਕਦਾ ਹੈ ਕਿ ਉਪਨਿਸ਼ਦੀ ਸ਼ੈਲੀ ਵਿਚ ਚਿੰਨ੍ਹਵਾਦ ਜਾਂ ਪ੍ਰਤੀਕਵਾਦ ਆ ਚੁੱਕਾ ਸੀ। ਅਰਸਤੂ, ਉਪਮਾ ਨੂੰ ਮਨੁਖੀ ਕਲਪਨਾ ਦੀ ਉਡਾਰੀ ਕਹਿੰਦਾ ਹੈ ਜਿਹੜੀ ਇਕ ਵਕਤ ਵਸਤੂ ਜਾਂ ਵਰਤਾਰੇ ਨੂੰ ਦੇਖ ਕੇ ਦੂਜੀ ਵਸਤੂ ਜਾਂ ਵਰਤਾਰੇ ਉਪਰ ਪੁਜਦੀ ਅਤੇ ਦੋਹਾਂ ਦੀ ਤੁੱਲਨਾ ਕਰਦੀ ਹੈ। ਪ੍ਰਤੀਕ, ਇਸ ਉਡਾਰੀ ਦੀ ਵਧੇਰੇ ਉੱਚੀ ਹੱਦ ਅਤੇ ਸ਼ੈਲੀ-ਵਿਕਾਸ ਦੀ ਹੋਰ ਅਗੇਰੀ ਪ੍ਰਾਪਤੀ ਹੈ।

ਰਾਹੁਲ ਸੰਕ੍ਰਤਾਇਣ ਨੇ ਇਸਨੂੰ ਬਾਹਰਮੁਖੀ ਇਤਿਹਾਸਕ ਹਾਲਤਾਂ ਅਤੇ ਸ਼ਾਬਦਿਕ ਅਰਥਾਂ ਵਿਚ ਰਖ ਕੇ ਹਵਨਾਂ-ਯੱਗਾਂ ਵਿਚ ਖੀਰ – ਤਸਮਈ ਦੇ ਭੁੱਖਿਆਂ ਉਪਰ ਵਿਅੰਗ ਜਾਂ ਟੋਕ-ਟਕੋਰ ਮੰਨਿਆ ਹੈ। ਇਸ ਵਿਆਖਿਆ ਨੂੰ ਜੇ ਠੀਕ ਮੰਨ ਲਿਆ ਜਾਏ ਤਾਂ ਪਰੋਹਿਤ ਵਰਗ ਦੀ ਕੁਝ ਕੁ ਹੇਠੀ ਭਾਵੇਂ ਹੁੰਦੀ ਹੈ ਪਰ ਉਪਨਿਸ਼ਦ ਕਾਲ ਵਿਚ ਗੱਦ ਸ਼ੈਲੀ ਦੀ ਉੱਨਤੀ ਅਤੇ ਉਤਮਤਾ ਜ਼ਰੂਰ ਸਥਾਪਿਤ ਹੋ ਜਾਂਦੀ ਹੈ। ਕਿਉਂਕਿ ਵਿਅੰਗ-ਪੂਰਣ ਜਾਂ ਵਿਅੰਗਮਈ-ਅੰਸ਼ ਦੀ ਹੋਂਦ; ਗੱਦ-ਸ਼ੈਲੀ ਦੇ ਉਚੇਰੇ ਵਿਕਾਸ ਦੀ ਨਿਸ਼ਾਨੀ ਹੈ।

ਛਾਂਦੋਗਯ ਦਾ ਪੂਰਾ ਦੂਜਾ ਅਧਿਆਇ ਉਦਾਹਰਨਾਂ ਦੀ ਲਗਾਤਾਰ ਦੁਹਰਾਈ ਹੈ। ਇਸ ਦੇ ਪੂਰੇ ੨੪ ਖੰਡਾਂ ਵਿਚੋਂ ੨੨ ਖੰਡਾਂ ਵਿਚ ਵਖ ਵਖ ਵਸਤੂਆਂ-ਦੇਵਤਿਆਂ ਦੀ, ਪੰਜ ਪ੍ਰਕਾਰ ਦੇ ਸਾਮ (ਸਾਧੂਪਣ ਜਾਂ ਚੰਗਿਆਈਆਂ) ਦੀ ਉਪਾਸਨਾ ਦੀਆਂ ਉਦਾਹਰਣਾਂ ਦਿਤੀਆਂ ਗਈਆਂ ਹਨ। ਪੰਜਾਂ ਹੀ ਸਾਮਾਂ ਦਾ ਨਾਂ ਹਰ ਥਾਂ ਦੁਹਰਾਇਆ ਗਿਆ ਹੈ ਪਰ ਉਨ੍ਹਾਂ ਦਾ ਅਰਥ ਜਾਂ ਪ੍ਰਯੋਜਨ, ਪ੍ਰਸੰਗ ਜਾਂ ਪ੍ਰਕਰਨ ਵਿਚ ਸਪਸ਼ਟ ਨਹੀਂ ਹੁੰਦਾ ਤੇ ਉਦਾਹਰਣ, ਉਦਾਹਰਣ ਲਈ ਦਿਤੀ ਜਾਪਦੀ ਹੈ। ਹਾਂ, ਉਦਾਹਰਣ ਦੀ ਇਕ ਲੰਮੀ ਦੁਹਰਾਈ ਇਸ ਵਿਚ ਜ਼ਰੂਰ ਹੈ।

ਛਾਂਦੋਗਯ ਦਾ ਤੀਜਾ ਅਧਿਆਇ ਮਧੂ ਵਿਦਿਆ ਬਾਰੇ ਹੈ। ਇਸ ਵਿਚ ਮਧੂ, ਅਰਥਾਤ ਸ਼ਹਿਦ ਰੂਪੀ ਬ੍ਰਹਮ-ਗਿਆਨ ਦੀ ਪ੍ਰਾਪਤੀ ਦੇ ਉਪਾਅ ਦੱਸੇ ਹਨ। ਤੀਜੇ ਅਧਿਆਏ ਦੇ ਪਹਿਲੇ ਖੰਡ ਵਿਚ ਕਿਹਾ ਹੈ:

•''ਓਮ ਇਹ ਅਦਿਤਯ (=ਸੂਰਜ) (ਨਿਸਚੇ) ਹੀ ਦੇਵ (ਤਿਆਂ ਦਾ) ਮਧੂ ਹੈ। ਦੇਵ ਲੋਕ (ਹੀ) ਉਸਦਾ ਟੇਢਾ ਵਾਂਸ (ਹੈ), ਪੁਲਾੜ (ਇਸਦਾ) ਛੱਤਾ (ਹੈ ਅਤੇ), ਕਿਰਣਾਂ ਮੱਖੀ (-ਆਂ ਦੇ) ਬੱਚੇ।''

ਇਥੇ ਹਿੰਦੀ ਜਾਂ ਅਜ ਤੋਂ ਸੱਤਰ ਕੁ ਸਾਲ ਪਹਿਲਾਂ ਦੀ ਪੰਜਾਬੀ ਗੱਦ-ਸ਼ੈਲੀ ਵਾਂਗ ਇੰਜ ਨਹੀਂ ਕਿਹਾ: ਓਮ ਇਹ ਸੂਰਜ **ਮਾਨੋ** ਦੇਵਤਿਆਂ ਦਾ ਮਧੂ ਹੈ, ਦੇਵ ਲੋਕ **ਜਿਵੇਂ** ਉਸਦਾ ਟੇਢਾ ਵਾਂਸ **ਹੋਵੇ** ਜਿਸਦਾ ਪੁਲਾੜ **ਜਾਣੀਦਾ** ਛੱਤਾ ਹੈ ਅਤੇ ਮੱਖੀਆਂ ਕਿਰਣਾਂ **ਰੂਪੀ** ਹਨ।

'ਮਾਨੋ', 'ਜਿਵੇਂ... ਹੋਵੇ', 'ਜਾਣੀਦਾ, ਅਤੇ 'ਰੂਪੀ' ਸ਼ਬਦ ਦ੍ਰਸਾਉਂਦੇ ਹਨ ਕਿ ਲੇਖਕ ਸੁਚੇਤ ਹੈ ਕਿ ਉਹ ਇਕ ਵਸਤੂ ਜਾਂ ਘਟਨਾ ਦੀ, ਦੂਜੀ ਵਸਤੂ ਜਾਂ ਘਟਨਾ ਨਾਲ ਉਪਮਾ ਦੇ ਰਿਹਾ ਹੈ। ਇਸ ਲਈ ਉਹ ਨਾਲ-ਨਾਲ ''ਫਰਜ਼ ਕਰੋ, ਕਲਪਨਾ ਕਰੋ '' ਕਹੀ ਜਾ ਰਿਹਾ ਹੈ। ਇਸ ਤੋਂ ਉਲਟ ਪੂਰੇ ਤੀਜੇ ਖੰਡ ਵਿਚ ਇਕ ਵਸਤੂ ਨੂੰ ਹੀ ਦੂਜੀ ਵਸਤੂ ਕਿਹਾ ਗਿਆ ਹੈ।

ਛਾਂਦੋਗਯ ਦੇ ਚੌਥੇ ਅਧਿਆਏ ਦੇ ਪੰਦਰਵੇਂ ਖੰਡ ਦੇ ਅਰੰਭ ਵਿਚ

CC-0. In Public Domain. Gurukul Kangri Collection, Haridwar

•ਛਾਂਦੋਗਯੋਪਨਿਸ਼ਦ ੩/੧/੧: ਗੀਤਾ ਪ੍ਰੈਸ ਗੋਰਖਪੁਰ ਪੰਨਾ ੨੪੩

Digitized by Arya Samaj Foundation Chennai and eGangotri

ਸਤਿਯਕਾਮ ਜਾਬਾਲ ਦੀ ਕਰੜੀ ਘਾਲ ਜਦ ਥਾਂ ਪੈਂਦੀ ਹੈ ਤਾਂ ਉਹ ਉਪਦੇਸ਼ ਦੇਂਦਾ ਹੈ:

*"ਇਹ (ਜਿਹੜਾ) ਅੱਖ (ਦੀ ਪੁਤਲੀ) ਵਿਚ ਪੁਰਸ਼ (ਹੈ), ਇਹ ਆਤਮਾ ਹੈ। (ਇਹ ਗਲ ਉਸਨੇ ਕਹੀ) ਇਹ ਅ-ਮ੍ਰਿਤ, ਅਭੈ ਅਤੇ ਬ੍ਰਹਮ (ਹੈ)।"

ਜੇ ਇਸ ਸਚਾਈ ਨੂੰ ਸਾਹਮਣੇ ਰਖ ਲਿਆ ਜਾਏ ਕਿ ਇਹ ਗਲ ਕਿਸੇ ਅਜਿਹੇ ਰਿਸ਼ੀ ਨੇ ਕਹੀ ਹੈ ਜਿਹੜਾ ਪ੍ਰਮਾਤਮਾ ਸੰਬੰਧੀ ਗੁਰਮਤ ਵਾਂਗ ਦ੍ਵੈਤ-ਅਦ੍ਵੈਤ ਦੇ ਸੁਮੇਲ ਉਪਰ ਵਿਸ਼ਵਾਸ਼ ਰਖਦਾ ਹੈ ਤਾਂ ਉਸਦੇ ਪ੍ਰਗਟਾਉ-ਢੰਗ ਉਪਰ ਜੀ ਖੋਹਲ ਕੇ ਵਾਹ-ਵਹ ਕਰਨ ਨੂੰ ਦਿਲ ਕਰਦਾ ਹੈ: ਆਤਮਾ ਰੂਪੀ ਪੁਤਲੀ ਉਪਰ ਪ੍ਰਮਾਤਮਾ ਰੂਪੀ ਪੁਰਸ਼ ਦਾ ਅਕਸ; ਜਿਹੜਾ ਹੈ ਵੀ ਤੇ ਨਹੀਂ ਵੀ।

ਉਪਨਿਸ਼ਦਾਂ ਵਿਚੋਂ ਬ੍ਰਹਿਦਾਰਨਿਅਕ ਸਭ ਤੋਂ ਵਡੀ ਹੈ ਅਤੇ ਸਭ ਤੋਂ ਪੁਰਾਣੀਆਂ ਵਿਚੋਂ ਇਕ। ਰਾਹੁਲ ਸੰਕ੍ਰਤਾਇਣ ਨੇ ਇਸਨੂੰ ਛਾਂਦੋਗਯ ਤੋਂ ਸੌ ਸਾਲ ਮਗਰੋਂ ਅਰਥਾਤ ੬੦੦ ਈ: ਪੂ: ਦੀ ਰਚਨਾ ਦਸਿਆ ਹੈ। ਇਹ ਪਹਿਲੀ ਉਪਨਿਸ਼ਦ ਹੈ ਜਿਸ ਵਿਚ ਸਭ ਤੋਂ ਵਧ ਅਤੇ ਉਨਿਸ਼ਦ-ਕਾਲ ਦੇ ਮਹਾਨ ਦਾਰਸ਼ਨਿਕ ਰਿਸ਼ੀ ਯਾਗਯਵਲਕਯ ਦੇ ਵਿਚਾਰ ਅੰਕਤ ਹਨ। ਇਸਦੇ ਛੇ ਅਧਿਆਏ ਹਨ ਅਤੇ ਹਰ ਇਕ ਅਧਿਆਇ ਦੇ ਕਈ ਬ੍ਰਾਹਮਣ ਹਨ। ਦੂਜਾ ਤੀਜਾ ਅਤੇ ਚੌਥਾ ਅਧਿਆਇ ਦਾਰਸ਼ਨਿਕ ਮਹੱਤਤਾ ਦਾ ਹੈ। ਦੂਜੇ ਅਧਿਆਇ ਵਿਚ ਕਾਸ਼ੀ ਦੇ ਤੱਤ-ਗਿਆਨੀ ਰਾਜੇ ਦੀ ਸਭਾ ਵਿਚ ਗਾਰਗਯ ਰਿਸ਼ੀ, ਬ੍ਰਹਮ ਗਿਆਨ ਬਾਰੇ ਦਸਣ ਸਮੇਂ ਨਿਰੁੱਤਰ ਹੋ ਜਾਂਦਾ ਹੈ। ਪਾਠ ਦਾ ਸੰਭਵ-ਵਫਾਦਾਰ ਪੰਜਾਬੀ ਅਨੁਵਾਦ ਕੁਝ ਇੰਜ ਹੈ:

ਬ੍ਰਹਿਦਾਰਨਿਅਕ ਦੀ ਸ਼ੈਲੀ

†"ਉਸ ਅਜਾਤ ਸ਼ਤਰੂ (ਨੇ) ਕਿਹਾ – (ਇਹ) ਸੁੱਤਾ ਹੋਇਆ ਵਿਗਿਆਨਮਈ ਪੁਰਸ਼ ਕਿਥੇ ਤੇ ਕਿਥੋਂ (ਆਇਆ) ਸੀ। ਪਰ ਗਾਰਗਯ (ਇਹ) ਨਾ ਜਾਣ ਸਕਿਆ ॥ ੧੬॥ "ਉਸ ਅਜਾਤ ਸ਼ਤ੍ਰੂਰ ਨੇ ਕਿਹਾ – (ਇਹ ਜਿਹੜਾ) ਵਿਗਿਆਨਮਈ ਪੁਰਸ਼ ਹੈ। ਜਦੋਂ ਸੁੱਤਾ (ਸੀ) ਉਦੋਂ ਵਿਗਿਆਨ ਰਾਹੀਂ (ਇਨ੍ਹਾਂ) ਪ੍ਰਾਣਾਂ ਦੇ ਵਿਗਿਆਨ ਨੂੰ ਗ੍ਰਹਿਣ ਕਰ (ਇਹ ਜਿਹੜਾ) ਹਿਰਦੇ ਦੇ ਅੰਦਰ ਆਕਾਸ਼ ਹੈ, (ਉਸ) ਵਿਚ ਸੌਂਦਾ ਹੈ।... ਉਸ ਸਮੇਂ ਵਾਕ (ਬੋਲ) ਗ੍ਰਿਹੀਤ ਰਹਿੰਦਾ ਹੈ, ਚਕਸ਼ੂ (=ਅੱਖ) ਗ੍ਰਿਹੀਤ ਰਹਿੰਦਾ/ਰਹਿੰਦੀ ਹੈ, ਸੁਨਣ (ਸ਼ਕਤੀ) ਗ੍ਰਿਹੀਤ ਰਹਿੰਦੀ ਹੈ (ਅਤੇ) ਮਨ (ਵੀ) ਗ੍ਰਿਹੀਤ (ਰਹਿੰਦਾ ਹੈ) ॥੧੭॥

"ਜਿਸ ਸਮੇਂ ਇਹ (ਆਤਮਾ) ਸੁਪਣ-ਅਵਸਥਾ ਵਿਚ (ਹੁੰਦਾ) ਹੈ ਤਾਂ (ਉਸ ਸਮੇਂ ਇਹ) ਮਹਾਰਜਾ ਜਾਂ ਮਹਾਂਬ੍ਰਾਹਮਣ (ਹੁੰਦੀ) ਹੈ। (ਅਤੇ ਉਸੇ ਤਰ੍ਹਾਂ) ਵਿਚਰਦਾ ਹੈ, ਜਿਵੇਂ ਮਹਾਰਾਜ ਆਪਣੇ ਮਾਤਹਿਤਾਂ ਨੂੰ ਲੈ ਕੇ ਜਿਥੇ ਚਾਹੇ ਵਿਚਰਦਾ ਹੈ। ਇੰਜ ਹੀ ਇਹ (ਆਤਮਾ) ਆਪਣੇ ਸ਼ਰੀਰ ਵਿਚ ਜਿਥੇ ਚਾਹੇ ਫਿਰਦੀ ਹੈ ॥੧੮॥

ਭਾਸ਼ਾ ਤੇ ਵਾਕ-ਬਨਤਰ ਦੇ ਪੱਖ ਤੋਂ ਛਾਂਦੋਗਯ ਅਤੇ ਬ੍ਰਿਹਦਾਰਨਿਅਕ ਵਿਚ ਕੋਈ ਫਰਕ ਨਹੀਂ। ਅਤੇ ਜਿਥੇ ਉਚਾਰਣ ਅਤੇ ਸੁਰ-ਦਬਾਉ ਤਕ ਬੜੀ ਕਰੜਾਈ ਨਾਲ ਉਹੋ ਰਖੇ ਜਾਂਦੇ ਸਨ ਉਥੇ ਇਕ ਸਦੀ ਮਗਰੋਂ ਤਾਂ ਕੀ, ਕਈ ਸਦੀਆਂ ਮਗਰੋਂ (ਸ਼ੰਕਰਾਚਾਰਯ ਦੇ ਭਾਸ਼ ਤਕ) ਵੀ ਭਾਸ਼ਾ ਦੇ ਪੱਖ ਤੋਂ ਸੰਸਕ੍ਰਿਤ ਦੀ ਗੱਦ-ਸ਼ੈਲੀ ਵਿਚ ਫਰਕ ਪੈਣ ਦੀ ਕੋਈ ਸੰਭਾਵਨਾ ਨਹੀਂ ਸੀ।

---

* ਛਾਂਦੋਗਯੋਪਨਿਸ਼ਦ ੪/੧੫/੧: ਗੀਤਾ ਪ੍ਰੈਸ ਗੋਰਖਪੁਰ ਪੰਨਾ ੪੨੦

† ਬ੍ਰਹਿਦਾਰਨਿਅਕ ੨/੧/੧੬-੧੮: ਗੀਤਾ ਪ੍ਰੈਸ ਗੋਰਖਪੁਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਵਿਚਾਰਾਂ ਵਿਚ ਜਟਿਲਤਾ ਵਧਣ ਦੇ ਨਾਲ ਨਾਲ ਪ੍ਰਗਟਾਉ ਅਤੇ ਖਾਸ ਕਰ ਕੇ ਵਾਕ-ਬਨਤਰ ਉਪਰ ਪ੍ਰਭਾਵ ਜ਼ਰੂਰ ਪੈ ਰਿਹਾ ਸੀ। ਇਹ ਅਸਰ ਵਾਕ ਦੀ ਕਿਸੇ ਵਾਕਾਂਸ਼ (Clause) ਨੂੰ ਏਨਾ ਲੰਮਿਆਰ ਦੇਂਦਾ ਸੀ ਕਿ ਉਹ ਵਾਕ ਦੇ ਅੰਦਰ ਉਪਵਾਕ (Pranthesis) ਪੈਦਾ ਕਰ ਦੇਵੇ। ਇਸ ਦੀ ਉਦਾਹਰਣ ਇਸ ਵਾਕ ਦੀ ਬਨਤਰ ਤੋਂ ਸਪਸ਼ਟ ਹੁੰਦੀ ਹੈ:

''ਵਿਗਿਆਨਮਈ ਪੁਰਸ਼ ਜਦੋਂ ਸੁੱਤਾ ਸੀ, ਉਦੋਂ ਵਿਗਿਆਨ ਰਾਹੀਂ ਪ੍ਰਾਣਾਂ ਦੇ ਵਿਗਿਆਨ ਨੂੰ ਗ੍ਰਹਿਣ ਕਰ, **ਹਿਰਦੇ ਦੇ ਅੰਦਰ ਆਕਾਸ਼ ਹੈ**, ਵਿਚ ਸੌਂਦਾ ਹੈ।''

'ਹਿਰਦੇ ਦੇ ਅੰਦਰ ਆਕਾਸ਼ ਹੈ' ਉਪਵਾਕ ਨੂੰ ਪੂਰੇ ਵਾਕ ਵਿਚੋਂ ਕਢ ਦਿਓ ਤਾਂ ਵਾਕ ਅਰਥ ਰਖਦਾ ਹੋਇਆ ਚਲਦਾ ਰਹਿੰਦਾ ਹੈ।

ਇਸਦੇ ਨਾਲ ਹੀ 'ਵਾਕ' 'ਚਕਸ਼ੂ' ਸ਼੍ਰੋਤ' ਅਤੇ 'ਮਨ' ਸਭ ਸ਼ਬਦਾਂ ਨਾਲ ਵਖ-ਵਖ 'ਗ੍ਰਹੀਤ ਰਹਿੰਦਾ ਜਾਂ ਰਹਿੰਦੀ ਹੈ' ਕਿਰਿਆ ਲਾਈ ਹੈ। ਕਿਰਿਆ ਦੀ ਇਸ ਭਾਂਤ ਦੀ ਵਰਤੋਂ ਪੁਰਾਣੀ ਹੀ ਨਹੀਂ ਸਗੋਂ ਇਕ-ਇਕ ਗਲ ਅਤੇ ਭਾਵ ਨੂੰ ਦ੍ਰਿੜਾ ਕੇ ਕਹਿਣ ਦਾ ਢੰਗ ਹੈ; ਜਪੁਜੀ, ਆਸਾ ਦੀ ਵਾਰ ਅਤੇ ਸੁਖਮਨੀ ਵਿਚ ਇਸ ਦ੍ਰਿੜਾਅ ਤੇ ਦੁਹਰਾਉ ਦੇ ਬਹੁਤ ਉਦਾਹਰਣ ਮਿਲਦੇ ਹਨ।

ਸੁਪਣ ਅਵਸਥਾ ਵੇਲੇ ਸ਼ਰੀਰ ਵਿਚ ਪ੍ਰਾਣਾਂ ਦੇ ਵਿਚਰਣ ਦੀ ਉਪਮਾ ਮਹਾਰਾਜੇ ਜਾਂ ਮਹਾਂ ਬ੍ਰਾਹਮਣ ਦੇ ਸੁਤੰਤਰ ਵਿਚਰਣ ਨਾਲ ਤੁੱਲਣਾ ਜਾਂ ਉਪਮਾ, ਉਸ ਸਮੇਂ ਦੇ ਰਾਜਾ ਤੇ ਪਰੋਹਿਤ ਵਰਗ ਦੀ ਸਥਾਪਤੀ ਵੀ ਦਸਦੀ ਹੈ; ਅੰਦਰਮੁਖੀ ਜਾਂ ਸਿਧਾਂਤਕ ਵਿਸ਼ਿਆਂ ਨੂੰ ਸਮਝਾਉਣ ਲਈ, ਬਾਹਰਮੁਖੀ ਹਾਲਤਾਂ ਦੀ ਆਸਰਾ ਲੈਣ ਦੀ ਲੋੜ ਵੀ ਸਮਝ ਆਉਂਦੀ ਹੈ ਅਤੇ ਇਥੇ ਰੂਪਕ ਜਾਂ ਉਪਮਾ; ਨਾਂਵ ਜਾਂ ਵਿਸ਼ੇਸ਼ਣ (ਇਕੋ ਸ਼ਬਦ) ਨਾ ਰਹਿ ਕੇ ਪੂਰੇ ਵਾਕ ਜਾਂ ਵਾਕਾਂਸ਼ ਜਿਡੇ ਹੁੰਦੇ ਜਾ ਰਹੇ ਹਨ ਅਤੇ ਪੂਰੀ ਤੁਲਨਾ ਬਣ ਗਏ ਹਨ। ਰੂਪਕ (metaphore) ਬਾਰੇ ਹਰਬਰਟ ਰੀਡ ਨੇ ਕਿਹਾ ਹੈ † ਤੁੱਲਨਾ ਰੂਪਕ ਅਤੇ ਉਪਮਾ ਕੇਵਲ ਅਪ੍ਰੱਤਖਤਾ ਪ੍ਰਤੀ ਪਰੇਮ ਨੂੰ ਰੱਦ ਕਰਦੇ ਹਨ ਪਰ ਬੁੱਧੀ ਦੇ ਵਿਕਾਸ ਲਈ ਮੁਖ ਵਸੀਲੇ ਹਨ।'' ਬ੍ਰਿਹਿਦਾਰਨਿਅਕ ਤੁੱਲਨਾ ਦੀ ਇਕ ਪਿਆਰੀ ਉਦਾਹਰਣ ਹੈ। ਇਸ ਵਿਚ ਤੁੱਲਨਾ ਕੇਵਲ ਅਲੰਕਾਰੀ (Decorative) ਨਹੀਂ; ਪ੍ਰਕਾਸ਼ਕਾਰੀ (illuminative) ਹੈ † ਜਿਵੇਂ ਅੱਗ ਵਿਚੋਂ ਵਿਸਫੁਲਿੰਗ (ਛੋਟੀਆਂ ਚਿਣਗਾਂ) ਨਿਕਲਦੀਆਂ ਹਨ ਇਸੇ ਤਰ੍ਹਾਂ ਇਸ ਆਤਮਾ (=ਵਿਸ਼ਵ ਆਤਮਾ ਜਾਂ ਬ੍ਰਹਮ) ਤੋਂ ਸਭ ਪ੍ਰਾਣ (=ਜੀਵ) ਸਾਰੇ ਲੋਕ, ਸਾਰੇ ਦੇਵ, ਸਾਰੇ ਭੂਤ ਨਿਕਲਦੇ ਹਨ।''

ਬ੍ਰਹਮ ਦੇ ਦੋ ਰੂਪਾਂ ਬਾਰੇ ਕਿਹਾ ਹੈ :•

द्वे वाव ब्रहम्णो रूपे मूर्तं चैवामूर्तं च सर्त्यं चाम्रतं च स्थितं च यच्च सच्च त्यच्च ।

ਇਸ ਦੇ ਅਰਥ ਹੋਏ: ਬ੍ਰਹਮ ਦੇ ਦੋ ਰੂਪ ਹਨ – ਮੂਰਤ ਅਤੇ ਅਮੂਰਤ; ਮ੍ਰਿਤਯ ਅਤੇ ਅਮ੍ਰਿਤ; ਸਥਿਤਿ ਅਤੇ ਯਤ; ਅਤੇ ਸਤ ਤੇ ਤਯਤ।

ਅਰਥਾਂ ਜਾਂ ਅਨੁਵਾਦ ਦੀ ਛਾਨਣੀ ਨਾਲ ਭਾਸ਼ਾ ਦਾ ਰਸ, ਸ਼ਬਦਾਂ ਦਾ ਰੰਗ ਅਤੇ ਉਚਾਰਨ ਦੀ ਰਾਗਾਤਮਿਕਤਾ ਪੁਣੀ ਜਾਂਦੀ ਹੈ – ਵਿਚਾਰ ਜ਼ਰੂਰ ਸਾਡੇ ਤਕ ਪੁਜਦੇ ਹਨ। ਸੰਸਕ੍ਰਿਤ ਪਾਠ ਉਪਰ ਨਿਗਾਹ ਮਾਰਿਆਂ ਅੰਤਮ ਤਿੰਨ ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਉਪਨਿਸ਼ਦਾਂ ਦੀ ਗੱਦ-ਸ਼ੈਲੀ

---

† On style: Herbert Reade

• ਬ੍ਰਿਹਦਾਰਨਿਅਕ ੨/੧/੨੦: ਗੀਤਾ ਪ੍ਰੈਸ ਗੋਰਖਪੁਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਸ਼ਬਦਾਂ ਦੀ ਰਾਗਾਤਮਿਕਤਾ ਨੂੰ ਕਾਇਮ ਰਖਣ ਦਾ ਕਿੰਨਾ ਜਤਨ ਕੀਤਾ ਜਾਂਦਾ ਸੀ । ਇਸ ਭਾਸ਼ਾ ਦੇ ਅਰਥ ਹੀ ਨਹੀਂ; ਪ੍ਰਤਿਭਾ ਦੀ ਪੂਰੀ ਜਾਣਕਾਰੀ ਦੀ ਅਣਹੋਂਦ, ਹੋਰ ਪਤਾ ਨਹੀਂ ਇਸਦੀ ਗੱਦ-ਸ਼ੈਲੀ ਦੇ ਕਿਹੜੇ ਜੌਹਰ ਸਾਡੀ ਅਖੋਂ ਓਹਲੇ ਕਰ ਰਹੀ ਹੈ ।

ਕੁਝ ਉਪਨਿਸ਼ਦਾਂ ਵਿਚ ਕੁਝ ਅਧਿਆਇ ਗੱਦ ਦੇ ਹਨ ਤੇ ਕੁਝ ਪਦ ਵਿਚ; ਜਾਂ ਪਦ ਉਪਨਿਸ਼ਦਾਂ ਵਿਚ ਕਿਤੇ ਗੱਦ-ਅੰਸ਼ ਹਨ ਜਿਵੇਂ ਏਤਰੇਯ, ਕੇਨ ਅਤੇ ਪ੍ਰਸ਼ਨੋ-ਪਨਿਸ਼ਦ ਵਿਚ । ਉਪਨਿਸ਼ਦਾਂ ਤੋਂ ਮਗਰੋਂ ਵੀ ਸੰਸਕ੍ਰਿਤ ਵਿਚ ਗੱਦ ਰਚਨਾ ਹੁੰਦੀ ਰਹੀ, ਇਸ ਵਿਚ ਕੋਈ ਸ਼ੱਕ ਨਹੀਂ । ਇਤਿਹਾਸ ਇਸਦਾ ਗਵਾਹ ਹੈ । ਉਸਦਾ ਕਾਰਣ ਇਹ ਹੈ ਕਿ ਵੇਦਿਕ-ਭਾਸ਼ਾ ਸ਼ਾਸਤ੍ਰੀਕ੍ਰਿਤ ਹੋ ਕੇ ਸੰਸਕ੍ਰਿਤ ਬਣੀ ਤਾਂ ਵੀ ਇਸ ਵਿਚ ਗੱਦ-ਰਚਨਾ ਨਾ ਹੋਈ । ਉਪਨਿਸ਼ਦਾਂ ਵਿਚੋਂ, ਹੋਰਨਾਂ ਉਪਨਿਸ਼ਦਾਂ ਦੇ ਚਾਰ ਅਧਿਆਵਾਂ ਵਿਚੋਂ ਪਹਿਲੇ ਦੋ, ਪਦ ਵਿਚ ਹਨ ਅਤੇ ਅੰਤਮ ਦੋ ਗੱਦ ਵਿਚ । ਇਸ ਤੋਂ ਬਿਨਾਂ ਪ੍ਰਾਕਿਰਤ-ਪ੍ਰਧਾਨੀ ਕਾਲ ਮਗਰੋਂ ਰਾਜਨੀ ਵਿਚ ਜਦੋਂ ਬੁਧ ਧਰਮ ਦਾ ਸਥਾਨ ਇਕ ਵਾਰ ਫੇਰ ਬ੍ਰਾਹਮਣਵਾਦ ਨੂੰ ਮਿਲਿਆ ਤਾਂ ਇਤਿਹਾਸਕ ਘਟਨਾ-ਪ੍ਰਵਾਹ ਤੋਂ ਉਲਟ ਇਕ ਵਾਰ ਫੇਰ ਸੰਸਕ੍ਰਿਤ ਸਾਹਿਤ ਸੁਰਜੀਤ ਹੋ ਉਠਿਆ । ਕਾਲੀਦਾਸ, ਉਸਦੇ ਸਮਕਾਲੀ ਅਤੇ ਅੱਗੜ-ਪਿੱਛੜ ਹੋਏ ਸੰਸਕ੍ਰਿਤ ਦੇ ਸਾਹਿਤਕਾਰ ਤੇ ਵਿਦਵਾਨ ਇਸੇ ਯੁਗ ਦੀ ਦੇਣ ਹਨ । ਇਸ ਵਿਚ ਕੋਈ ਸੰਦੇਹ ਨਹੀਂ ਕਿ ਇਸ ਯੁਗ ਦੀਆਂ ਸਾਹਿਤ ਪ੍ਰਾਪਤੀਆਂ ਕਿਵੇਂ ਵੀ ਘਟ ਨਹੀਂ ਪਰ ਗੱਦ-ਸ਼ੈਲੀ ਦੇ ਪ੍ਰਕਰਨ ਵਿਚ ਦੋ ਗਲਾਂ ਨੂੰ ਧਿਆਨ ਵਿਚ ਰਖਣਾ ਜ਼ਰੂਰੀ ਹੈ । ਪਹਿਲੀ ਇਹ ਕਿ ਸੰਸਕ੍ਰਿਤ ਉਪਰ ਸ਼ਬਦ-ਉਚਾਰਣ ਅਤੇ ਵਿਆਕਰਣਕ ਪ੍ਰਬੰਧ ਦਾ ਵਸੀਕਾਰ ਏਨਾ ਪੱਕਾ-ਪੀਡਾ ਸੀ ਕਿ ਵੇਦਿਕ ਕਾਲ ਤੋਂ ਸਦੀਆਂ ਮਗਰੋਂ ਵੀ ਉਪਨਿਸ਼ਦਾਂ ਦੇ ਸ਼ੰਕਰਾਭਾਸ਼ ਵਿਚ, ਕੋਈ ਵਿਸ਼ੇਸ਼ ਫਰਕ ਨਹੀਂ ਦਿਸਦਾ । ਇਹ ਠੀਕ ਹੈ ਕਿ ਸ਼ੰਕਰਾਚਾਰਯ ਨੇ ਉਪਨਿਸ਼ਦਾਂ ਦੇ ਪਾਠ ਦੇ ਪਦ ਅਤੇ ''ਵਾਕ'' (=ਗੱਦ) ਦੋਹਾਂ ਰੂਪਾਂ ਵਿਚ ਭਾਸ਼ ਵੀ ਨਾਲ-ਨਾਲ ਲਿਖੇ ਹਨ ।

ਫੁਟਕਲ ਸੰਸਕ੍ਰਿਤ ਗੱਦ

ਸ਼ੰਕਰਾਚਾਰਯ ਦੇ ''ਵਾਕ-ਭਾਸ਼ਾਂ'' (ਗੱਦ ਭਾਸ਼) ਵਿਚ ਜਿਹੜੇ ਫਰਕ ਦਿਸਦੇ ਹਨ ਉਹ ਬਹੁਤ ਸਾਧਾਰਣ ਹਨ । ਸ਼ੰਕਰਾਚਾਰਯ ਦੇ ਉਪਨਿਸ਼ਦਾਂ ਉਪਰ ਭਾਸ਼, ਅਨੁਵਾਦ-ਸੰਗ ਅਦ੍ਵੈਤਵਾਦੀ ਜਾਂ ਵੇਦਾਂਤਵਾਦੀ ਵਿਆਖਿਆਵਾਂ ਹਨ । ਉਸਨੇ ਅਨੁਵਾਦ ਦੀ ਲੋੜ ਪੂਰੀ ਕਰਦਿਆਂ, ਮੂਲ ਪਾਠ ਦੇ ਕਈ ਸ਼ਬਦਾਂ ਉਪਰ ਵਿਆਕਰਣਕ ਬਹਿਸ ਵੀ ਕੀਤੀ ਹੈ । ਇੰਜ ਇਨ੍ਹਾਂ ਭਾਸ਼ਾਂ ਦੀ ਵਿਆਕਰਣ ਅਤੇ ਭਾਸ਼ਾ-ਸ਼ਾਸਤ੍ਰ ਵਿਚ ਵੀ ਮਹੱਤਤਾ ਹੈ । ਵਿਆਖਿਆ ਕਰਦਿਆਂ ਜਿਹੜਾ-ਵਿਸਥਾਰ ਅਗੋਂ ਸੰਸਕ੍ਰਿਤ ਵਿਚ ਹੀ ਕੀਤਾ ਹੈ ਉਹ ਵੀ ਸ਼ੈਲੀ; ਦੇ ਪੱਖ ਤੋਂ ਮਹੱਤਵਪੂਰਣ ਨਹੀਂ । ਸ਼ੈਲੀ ਦੇ ਪੱਖ ਤੋਂ ਮਹੱਤਵਪੂਰਣ ਇਹ ਹੈ ਕਿ ਜਿਥੇ ਸ਼ਾਬਦਿਕ ਅਰਥਾਂ ਜਾਂ ਸਿਧਾਂਤਾਂ ਦੇ ਸਪਸ਼ਟੀਕਰਨ ਤੋਂ ਸ਼ੰਕੇ ਪੈਦਾ ਹੋਏ ਹਨ ਉਥੇ ਆਪਣੇ ਵਲੋਂ ਆਪ ਹੀ ਸ਼ੰਕਾ ਪੇਸ਼ ਕਰ ਕੇ ਉਸਦਾ ਉਤਰ ਦੇ ਦਿਤਾ ਗਿਆ ਹੈ ਅਤੇ ਸਿਧਾਂਤਕ ਗੱਦ ਵਾਲੀ; ਗੋਸ਼ਟ ਵਾਲੀ ਸ਼ੈਲੀ ਦੇ ਦਰਸ਼ਨ ਹੁੰਦੇ ਹਨ । ਭਾਸ਼ਾ ਦਾ ਇੰਨ ਬਿੰਨ ਅਨੁਕਰਣ ਸ਼ੰਕਰਾਚਾਰਯ ਦੀ ਗੱਦ-ਸ਼ੈਲੀ ਵਿਚ ਨਿਬੰਧਨ (composition) ਦੇ ਪੱਖ ਤੋਂ ਕੋਈ ਨਵੀਨਤਾ ਨਹੀਂ ਲਿਆਉਣ ਦੇਂਦਾ । ਪਰ ਵਧੇਰੇ ਵਿਕਸਤ ਅਤੇ ਜਟਿਲ ਮਾਨਸਿਕ ਅਵਸਥਾ ਵਾਲੇ ਸਮਾਜ ਵਿਚ ਲਿਖਣ ਕਾਰਣ ਸ਼ੈਲੀ ਦੇ ਪਰੇਰਨ (Rhetoric) ਦੇ ਸਭ ਪੱਖਾਂ ਵਿਚ ਨਵੀਨਤਾ ਅਵੱਸ਼ ਦਿਸਦੀ ਹੈ । ਤਾਂ ਵੀ ਇਹ ਮੌਲਿਕ ਗੱਦ ਨਹੀਂ । ਕਿਉਂਕਿ ਵਿਸ਼ੈ ਨਵਾਂ ਨਹੀਂ ਸਗੋਂ ਪਾਠ ਵੀ ਉਪਨਿਸ਼ਦਾਂ ਦਾ ਹੈ; ਵਿਆਖਿਆ ਹੀ ਨਵੀਂ ਹੈ ।

ਪੂਰੀ ਸੰਸਕ੍ਰਿਤ ਗੱਦ ਦੇ ਕੁਝ ਲੱਛਣ ਸਾਂਝੇ ਹਨ । ਗੱਦ, ਸੂਤ੍ਰ ਰੂਪ ਵਿਚ ਲਿਖੀ ਗਈ ਹੈ । ਕਈ ਸੰਯੁਕਤ ਸ਼ਬਦ ਜਾਂ ਸੰਧੀਆਂ ਅਤਿਅੰਤ ਲੰਮੀਆਂ ਹੋ ਗਈਆਂ ਹਨ ਇਸ ਲਈ ਇਸਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਯਤੀ' (ਬਿਸ੍ਰਾਮ) ਲੈ ਕੇ ਪੜ੍ਹਨਾ ਜ਼ਰੂਰੀ ਹੈ। ਸੰਸਕ੍ਰਿਤ ਗੱਦ ਦੇ ਰਚਨਹਾਰਾਂ ਨੇ ਆਪ ਵੀ ਯਤੀ ਦਾ ਧਿਆਨ ਰਖਿਆ ਹੈ। ਪਰ ਇਸ ਬਿਸਰਾਮ ਨੂੰ ਨਿਸਚਿਤ ਕਰਨ ਦਾ ਆਧਾਰ ਸਵਾਸ ਹੈ, ਲੈ ਜਾਂ ਤੋਲ (metre) ਨਹੀਂ। ਅਰਥਾਤ, ਇਸ ਗੱਦ ਵਿਚ ਬਿਸਰਾਮ ਉਥੇ ਆਉਂਦਾ ਹੈ ਜਿਥੇ ਪੜ੍ਹਦਿਆਂ-ਪੜ੍ਹਦਿਆਂ ਸਾਹ ਲੈਣਾ ਜ਼ਰੂਰੀ ਹੋ ਜਾਏ। ਅਤੇ ਬਿਸਰਾਮ ਦਾ ਇਹ ਸ੍ਵਾਸ-ਆਧਾਰ ਲੱਛਣ ਗੱਦ ਦਾ ਲੱਛਣ ਹੈ। ਪਰ ਤੋਲ ਨੂੰ ਆਧਾਰ ਰਖ ਕੇ ਯਤੀ ਜਾਂ ਬਿਸਰਾਮ ਲੈਣਾ ਕਵਿਤਾ ਦਾ ਲੱਛਣ ਹੈ।

ਸੰਸਕ੍ਰਿਤ ਗੱਦ ਵਿਚ ਸ਼ਬਦਾਂ ਦੇ ਅਰਥ, ਸਾਧਾਰਨ ਬੋਲ-ਚਾਲ ਵਾਲੇ ਹਨ ਜਿਸਨੂੰ ਸੰਸਕ੍ਰਿਤ ਸਮੀਖਿਆਕਾਰਾਂ ਨੇ ਵਾਚਯ ਕਿਹਾ ਹੈ। ਸ਼ਬਦਾਂ ਦੇ ਅਰਥ-ਰੂਪਕ, ਉਪਮਾ ਦੇ ਰੂਪ ਵਿਚ ਨਿਖਰਦੇ ਹਨ ਜਿਸ ਨੂੰ ਸ਼ਬਦਾਂ ਦੀ 'ਲਾਕਸ਼ਨਿਕ ਸ਼ਕਤੀ' ਕਿਹਾ ਗਿਆ ਹੈ। ਅਤੇ ਹੋਰ ਵਿਕਸਤ ਸਮੇਂ ਵਿਚ 'ਵਿਅੰਜਨਾ'। ਅਰਥਾਂ ਵਿਚ ਵੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਕੇਨ ਉਪਨਿਸ਼ਦ ਦੇ ਤੀਜੇ ਖੰਡ * ਵਿਚ ਕੁਝ ਇੰਜ ਆਉਂਦਾ ਹੈ:

"ਉਨ੍ਹਾਂ (ਅਜਿਹਾ) ਵਿਚਾਰਿਆ (ਕਿ) ਇਹ ਜਿੱਤ ਸਾਡੀ ਹੀ ਹੈ, ਮਹਿਮਾ ਵੀ (ਸਾਡੀ), ਤਦ (ਬ੍ਰਹਮ ਨੇ) ਇਨ੍ਹਾਂ ਦੀ (ਗਲ) ਨੂੰ ਜਾਣ ਲਿਆ। ਉਨ੍ਹਾਂ ਲਈ ਨਿਸਚੇ ਹੀ (ਉਹ) ਪ੍ਰਗਟ ਹੋਇਆ। ਉਹ ਨਾ ਜਾਣ ਸਕੇ (ਕਿ) ਕਿਹੋ ਜਿਹਾ ਇਹ ਯਕਸ਼ (=ਯੱਖ) ਹੈ।"

ਅੰਤਮ ਵਾਕ ਦੇ ਵਿਅੰਜਨਾਮਈ ਅਰਥ ਹਨ ਕਿ ਬ੍ਰਹਮ, ਯਕਸ਼ ਦੇ ਰੂਪ ਵਿਚ ਪ੍ਰਗਟ ਹੋਇਆ ਸੀ।

ਉਪਨਿਸ਼ਦ-ਕਾਲ ਦੀ ਸੰਸਕ੍ਰਿਤ ਗੱਦ-ਰਚਨਾ, ਗਦ ਦੇ ਨਿਕਾਸ ਦਾ ਪੂਰਣ ਅਤੇ ਇਸਦੇ ਵਿਕਾਸ ਦਾ ਅਪੂਰਣ ਇਤਿਹਾਸ ਹੈ। ਇਸ ਕਾਲ ਵਿਚ ਸਪਸ਼ਟ ਦਿਸਦਾ ਹੈ ਕਿ ਧਾਰਮਿਕ ਜਾਂ ਵਿਚਾਰਧਾਰਕ ਵਿਆਖਿਆ ਦੀ ਲੋੜ ਨੇ ਪਦ ਵਿਚ ਗੱਦ ਦਾ ਮਿਸ਼ਰਣ ਕੀਤਾ ਅਤੇ ਫੇਰ ਪਦ-ਵਰਗੀ-ਗੱਦ ਨੂੰ ਜਨਮ ਦਿਤਾ।

ਵਿਆਖਿਆ ਦੀ ਲੋੜ ਹੇਠ ਰਚੀ ਗਈ ਇਸ ਗੱਦ ਦਾ ਲੱਛਣੀ ਰੂਪ ਦਾਰਸ਼ਨਿਕ ਹੈ। ਹਾਲਾਂਕਿ ਇਸ ਗੱਦ ਦਾ ਪਿੰਡਾ ਪੂਰਾ ਗਦਮਈ ਵੀ ਨਹੀਂ ਸਗੋਂ ਬਹੁਤ ਹੱਦ ਤਕ ਕਾਵਿਕ ਦਿੱਸ ਆਉਂਦਾ ਹੈ।

ਇਸੇ ਸਮੇਂ ਵਿਚ ਦ੍ਰਿਸ਼ਟੀ-ਬਿੰਦੂਆਂ (ਨੁਕਤਿਆਂ) ਦੀ ਸਫਾਈ ਲਈ ਪ੍ਰਸ਼ਨੋਤਰ-ਗੱਦ ਵੀ ਹੋਂਦ ਵਿਚ ਆਈ ਜਿਸ ਨੇ ਮਗਰੋਂ ਗੋਸ਼ਟ ਜਾਂ dialogue ਦੇ ਨਵੇਕਲੇ ਗੱਦ ਰੂਪ ਨੂੰ ਜਨਮ ਦਿਤਾ।

ਉਪਨਿਸ਼ਦ ਕਾਲ ਦੀ ਗੱਦ ਵਿਚ ਰਮਜ਼ ਵਿਚ ਗਲ ਕਹਿਣ ਦਾ ਢੰਗ ਹੋਂਦ ਵਿਚ ਆ ਕੇ ਸ਼ੈਲੀਵਾਦ ਦੀ ਨੀਂਹ ਬਨਣ ਲਗ ਪਿਆ ਸੀ। ਰਮਜ਼ ਵਿਚ ਗੱਲ ਕਹਿਣਾ; ਰਮਜ਼ (irony) ਤੋਂ ਟੋਕ-ਟਕੋਰ ਦੇ ਡੰਗ-ਭਰੇ ਰੂਪ ਤਕ ਪੁਜ ਚੁਕਾ ਸੀ ਜਦ ਕਿ ਵਸਤਾਂ ਨੂੰ ਵਸਤਾਂ ਵਿਚੋਂ; ਵਸਤਾਂ ਨੂੰ ਤੁੱਲਣਾ ਰਾਹੀਂ ਦੇਖਣ ਅਤੇ ਉਦਾਹਰਣ ਦੇਣ ਦੀ ਰੁਚੀ ਰੂਪਕ ਤੇ ਉਪਮਾ ਤੋਂ ਵਿਕਾਸ ਕਰਕੇ ਸਪਸ਼ਟ ਬਿਲੌਰੀ ਚਿੰਨ੍ਹਵਾਦ ਤਕ ਨੂੰ ਜਨਮ ਦੇ ਚੁਕੀ ਸੀ।

ਸ਼ੈਲੀ ਵਿਚ ਪਰੇਰਨ (Rhetoric) ਅਤੇ ਨਿਬੰਧਨ (Composition) ਦੀਆਂ ਵਖ-ਵਖ ਸੇਧਾਂ ਵਿਚ, ਕੁਝ ਕਦਮ ਪੁਟੀਣੇ ਵੀ ਆਰੰਭ ਹੋ ਗਏ ਸਨ।

CC-0. In Public Domain. Gurukul Kangri Collection, Haridwar

* ਕੇਨ ਉਪਨਿਸ਼ਦ ੩/੨ ਪੰਨਾ ੧੦੯: ਗੀਤਾ ਪ੍ਰੈਸ ਗੋਰਖਪੁਰ

Digitized by Arya Samaj Foundation Chennai and eGangotri

ਇਹ ਕਦਮ ਇਸ ਲਈ ਸੁਚੇਤ ਸਨ ਕਿਉਂਕਿ ਜੀਵਨ ਵਿਚ ਗੱਦ ਦੀ ਲੋੜ ਅਤੇ ਉਪਯੋਗਤਾ, ਕਵਿਤਾ ਤੋਂ ਕਿਤੇ ਵੱਧ ਸੀ।

ਇਹ ਕਦਮ ਓਨੇ ਕੁ ਸੁਚੇਤ ਸਨ ਜਿੰਨੀ ਕੁ ਸਾਹਿਤ-ਰਚਨਾ ਅਤੇ ਜੀਵਨ-ਸਮੁੱਚੇ ਵਿਚ ਸੂਹਜ-ਚੇਤਨਾ ਦੀ ਪ੍ਰਾਪਤੀ ਮਨੁਖ ਨੇ ਕਰ ਲਈ ਸੀ।

ਇਹ ਕਦਮ ਓਨੇ ਕੁ ਸੁਚੇਤ ਸਨ ਜਿਸ ਹਦ ਤਕ ਸਥਾਪਿਤ ਵਿਚਾਰਾਂ ਦੀ ਅਗੋਂ ਵਿਆਖਿਆ ਦੀ ਲੋੜ ਕਾਰਣ ਸੋਚਣੀ ਵਿਚ ਜਟਿਲਤਾ ਅਤੇ ਸੂਖਮਤਾ ਮਨੁਖੀ ਮਨ ਵਿਚ ਆਈਆਂ ਸਨ।

ਪਰ ਇਹ ਕਦਮ ਓਨੇ ਕੁ ਅਚੇਤ ਸਨ ਜਿੰਨੀ ਕੁ ਗੱਦ, ਆਪਣੀ ਰਚਨਾ ਅਤੇ ਲਿਪੀ-ਬੱਧ ਰੂਪ ਵਿਚ ਨਵੀਂ ਸੀ ਅਤੇ ਮਗਰੋਂ ਹੋਣ ਵਾਲੇ ਵਿਕਾਸ ਦੇ ਟਾਕਰੇ ਤੇ ਇਹ ਨਿਗੂਣੀ ਸੀ।

ਇਸ ਲਈ ਉਪਨਿਸ਼ਦ-ਕਾਲ ਦੀ ਗੱਦ ਵਿਚ ਸੁਚੇਤ ਸ਼ੈਲੀਵਾਦ ਜਨਮ ਨਹੀਂ ਸੀ ਲੈ ਸਕਦਾ – ਸ਼ੈਲੀ ਦੀਆਂ ਕੁਝ ਸ਼ਰਤਾਂ ਜ਼ਰੂਰ ਪੂਰੀਆਂ ਹੋ ਸਕਦੀਆਂ ਸਨ।

ਉਪਨਿਸ਼ਦ ਕਾਲ ਵਿਚ ਗੱਦ-ਸ਼ੈਲੀ ਵਿਚ ਨਿਬੰਧਨ ਦੇ ਪੱਖ ਤੋਂ ਵਧੇਰੇ ਪ੍ਰਾਪਤੀ ਹੋਈ ਸੀ। ਵਾਕ ਵਿਚ ਵਿਆਕਰਣਕ ਪੱਖ ਤੋਂ ਕਾਫੀ ਬੰਧੇਜ ਸੀ। ਵਾਕ ਦਾ ਆਕਾਰ, ਭਾਵ ਦੀ ਥਾਂ ਉਚਾਰਣ ਜਾਂ ਸਾਹ ਦੀ ਗਤੀ ਉਪਰ ਵਧੇਰੇ ਆਧਾਰਿਤ ਸੀ। ਸ਼ਬਦਾਵਲੀ ਵਿਚ, ਸ਼ਬਦ-ਚੋਣ ਤੋਂ ਵਧੇਰੇ ਜ਼ੋਰ, ਸ਼ਬਦ-ਰੂਪ ਉਪਰ ਸੀ। ਵਿਸ਼ੇਸ਼ਕਾਂ (Epithets), ਉਪਮਾਵਾਂ ਤੇ ਰੂਪਕਾਂ ਦੀ ਵਰਤੋਂ ਪ੍ਰਬੀਨਤਾ ਦੀਆਂ ਕੰਨੀਆਂ ਛੋਹ ਰਹੀ ਸੀ।

ਇਸ ਸਮੇਂ ਦੀ ਗੱਦ-ਸ਼ੈਲੀ ਵਿਚ ਪਰੇਰਣ ਦਾ ਪੱਖ, ਨਿਬੰਧਨ ਜਿੰਨਾ ਪ੍ਰਾਪਤੀਆਂ ਵਾਲਾ ਨਹੀਂ ਸੀ। ਪ੍ਰਬੁਧੱਤਾ (Rationale) ਦੇ ਘੇਰੇ ਵਿਚ ਅਨੁਭਵ ਬਾਹਰਕੋਣੀ (Extraversion) ਹੋ ਕੇ ਫੁਰਨਾਤਮਿਕਤਾ (Fancy) ਤਕ ਪੁੱਜਾ ਸੀ – ਅੰਤਰਕੋਣ (Intraversion) ਰਾਹੀਂ ਕਲਪਣਾ ਦੇ ਦੀਦਾਰ ਨਹੀਂ ਸਨ ਹੋਏ। ਹਾਂ, ਵਿਆਖਿਆ ਤੋਂ ਵਰਨਣ ਨੇ ਪ੍ਰਗਟਾਉ ਵਿਚ ਸਥਾਨ ਬਣਾ ਲਿਆ ਸੀ। ਅਜੇ ਤਾਰਕਿਕ ਏਕਤਾ ਤੇ ਰਵਾਨੀ ਦੂਰ ਦੀ ਗੱਲ ਸੀ ਜਿਹੜੀ ਬੋਧ-ਕਾਲੀ ਦਾਰਸ਼ਨਿਕਾਂ ਦੇ ਹਿੱਸੇ ਆਉਣੀ ਸੀ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਵਾਰਤਕ : ਸ਼ੈਲੀ–ਸਮੀਖਿਆ ਦੀਆਂ ਕੁਝ ਸਮਸਿਆਵਾਂ

ਸਾਹਿਤ ਦੇ ਇਤਿਹਾਸ ਅਤੇ ਵਿਕਾਸ ਸੰਬੰਧੀ ਇਕ ਗੁਰਬੰਦੀ ਪ੍ਰਸਿੱਧ ਹੈ ਕਿ, ਸਾਹਿਤ ਵਿਚ ਕਵਿਤਾ ਦੀ ਰਚਨਾ ਦਾ ਮੁਢ ਪਹਿਲਾਂ ਬੱਝਦਾ ਹੈ ਅਤੇ ਵਾਰਤਕ ਦਾ ਵਿਕਾਸ ਢੇਰ ਚਿਰ ਮਗਰੋਂ ਹੁੰਦਾ ਹੈ । ਇਹ ਉਕਤੀ ਬਹੁਤ ਹੱਦ ਤਕ ਸੰਸਾਰ ਦੀਆਂ ਮੁਢਲੀਆਂ ਜਾਂ ਕਲਾਸਕੀ ਭਾਸ਼ਾਵਾਂ ਦੇ ਸਾਹਿਤ ਉਪਰ ਲਾਗੂ ਹੁੰਦੀ ਹੈ । ਇੰਜ ਹੀ ਇਹ ਗੱਲ ਵੀ ਪੁਰਾਤਨ ਭਾਸ਼ਾਵਾਂ ਦੇ ਸਾਹਿਤ ਉਪਰ ਢੁੱਕਦੀ ਹੈ ਕਿ ਵਾਰਤਕ, ਲਿਪੀਬਧ ਵੀ ਕਵਿਤਾ ਤੋਂ ਢੇਰ ਚਿਰ ਮਗਰੋਂ ਹੁੰਦੀ ਹੈ ।

ਕੁਦਰਤ ਵਾਂਗ ਸਮਾਜਕ ਵਰਤਾਰਿਆਂ ਨੂੰ ਵੀ ਅਪਵਾਦ, ਨਿਯਮਾਂ ਤੋਂ ਕਿਸੇ ਤਰ੍ਹਾਂ ਘਟ ਪਿਆਰੇ ਨਹੀਂ । ਇਸ ਗੁਰਬੰਦ ਨਿਯਮ ਵਾਂਗ ਹੀ ਆਧੁਨਿਕ ਭਾਰਤੀ ਭਾਸ਼ਾਵਾਂ ਵਿਚੋਂ ਪੰਜਾਬੀ ਦਾ ਸਾਹਿਤ, ਇਕ ਅਪਵਾਦ ਪੇਸ਼ ਕਰਦਾ ਹੈ । ਉਹ ਅਪਵਾਦ ਇਹ ਹੈ ਕਿ ਕਵਿਤਾ ਤੋਂ ਝੱਟ ਮਗਰੋਂ ਪੰਜਾਬੀ ਵਾਰਤਕ ਰਚੀ ਜਾਣ ਲਗੀ ਅਤੇ ਲਿਪੀ ਪ੍ਰਾਪਤ ਹੁੰਦਿਆਂ ਹੀ ਪੰਜਾਬੀ ਵਿਚ ਵਾਰਤਕ ਦੀ ਰਚਨਾ ਸ਼ੁਰੂ ਹੋ ਗਈ । ਜਨਮ ਸਾਖੀਆਂ ਦੇ ਪ੍ਰਾਪਤ ਉਤਾਰੇ ਭਾਵੇਂ ਸਤਾਰ੍ਹਵੀਂ ਸਦੀ ਵਿਚ ਹੋਏ ਹੋਣ, ਪਰ ਇਹ ਗੱਲ ਸਪਸ਼ਟ ਹੈ ਕਿ ਮੂਲ ਰੂਪ ਵਿਚ ਵਾਰਤਕ ਰਚਨਾ, ਪਹਿਲੀਆਂ ਤਿੰਨ ਸਿਖ ਗੁਰਿਆਈਆਂ ਸਮੇਂ ਰਚੀ ਅਤੇ ਲਿਖੀ ਜਾਣੀ ਸ਼ੁਰੂ ਹੋ ਗਈ ਸੀ ਅਤੇ ਇਹ ਸਮਾਂ ਸੋਲ੍ਹਵੀਂ ਸਦੀ ਦਾ ਪਹਿਲਾ ਅੱਧ ਬਣਦਾ ਹੈ । ਇਸ ਸਮੇਂ ਉਤਰੀ ਹਿੰਦ ਦੀਆਂ ਆਧੁਨਿਕ ਭਾਸ਼ਾਵਾਂ; ਹਿੰਦੀ, ਉਰਦੂ ਜਾਂ ਰਾਜਸਥਾਨੀ ਆਦਿ ਕਿਸੇ ਵੀ ਭਾਸ਼ਾ ਵਿਚ ਵਾਰਤਕ ਰਚਨਾ ਨਹੀਂ ਸੀ ਹੋਈ ।

ਪੰਜਾਬੀ ਵਾਰਤਕ ਰਚਨਾ ਵਿਚ ਇਕ ਲਾਮਬੰਦੀ ਜਾਂ ਸਿੱਕੇਬੰਦੀ ਵੀ ਰਹੀ ਹੈ ਕਿ ਮੁਗ਼ਲਾਂ ਦੇ ਸਮੇਂ ਜਾਂ ਪੂਰੇ ਗੁਰੂ–ਕਾਲ ਵਿਚ, ਕਿੱਸਾ–ਗੋਆ ਵਾਂਗ ਹਰ ਵਾਰਤਕ ਲਿਖਾਰੀ ਮੁੜ–ਮੁੜ ਜਨਮਸਾਖੀ ਉਪਰ ਹੀ ਹੱਥ ਅਜ਼ਮਾਉਂਦਾ ਰਿਹਾ । ਪਹਿਲਾਂ ਤਾਂ ਗੁਰੂ ਨਾਨਕ ਜੀ ਦੀ ਜੀਵਨ–ਮਹਿਮਾ ਹੀ ਕਲਮ ਬੰਦ ਹੋਈ ਅਤੇ ਇਸ ਵਿਚ ਉਤਾਰਿਆਂ ਜਾਂ ਵੱਖ–ਵੱਖ ਲਿਖਤਾਂ ਦੀ ਇਕ ਲੰਮੀ ਲਾਮ ਡੋਰੀ ਤੁਰਦੀ ਹੈ । ਭਾਈ ਬਾਲੇ ਦੀ ਜਨਮ ਸਾਖੀ, ਵਲਾਇਤ ਵਾਲੀ ਜਾਂ ਹਾਫ਼ਜ਼ਾਬਾਦ ਵਾਲੀ ਜਨਮ ਸਾਖੀ ਅਤੇ ਹੋਰ ਕਈ ਉਤਾਰੇ–ਨੁਸਖ਼ੇ ਇਸ ਤੱਥ ਦਾ ਪ੍ਰਮਾਣ ਹਨ ।

ਜਨਮ ਸਾਖੀ ਦੀ ਰਚਨਾ ਵਿਚ ਜੇ ਕੋਈ ਤਬਦੀਲੀ ਇਸ ਸਮੇਂ ਵਿਚ ਹੋਈ ਤਾਂ ਇਹ ਕਿ ਗੁਰੂ ਨਾਨਕ ਸਾਹਿਬ ਦੀ ਥਾਂ ਹੋਰਨਾਂ ਵਿਅਕਤੀਆਂ ਨੂੰ ਵਿਸ਼ੈ ਬਣਾਇਆ ਗਿਆ । ਬੀਬੀ ਰੂਪ ਕੌਰ ਦੀਆਂ ਜਨਮ ਸਾਖੀਆਂ ਅਤੇ ਪਰਚੀਆਂ ਦੇ ਰੂਪ ਵਿਚ ਕੁਝ ਹੋਰ ਲਿਖਤਾਂ ਦੀ ਹੋਂਦ ਇਸ ਤਬਦੀਲੀ ਦੀਆਂ ਸੂਚਕ ਹਨ ।

ਇਸ ਸਮੇਂ ਵਿਚ ਵਾਰਤਕ ਵਿਚ ਗੋਸ਼ਟਾਂ ਦੀ ਰਚਨਾ ਦਾ ਆਰੰਭ ਹੋਇਆ ਜਿਹੜਾ ਉਸ ਕਾਲ ਵਿਚ ਇਕ ਵਖਰੀ ਵਿਧਾ ਬਣਦਾ ਜਾਪਦਾ ਹੈ । ਪ੍ਰਥਮ ਗੁਰੂ ਨਾਨਕ ਸਾਹਿਬ ਨੂੰ ਜਿਧਾਂ ਫ਼ਕੀਰਾਂ ਅਤੇ ਹੋਰ ਰਹਿਸਵਾਦੀਆਂ ਜਾ ਜਗਿਆਸੂਆਂ ਨਾਲ ਵਾਹ ਪਿਆ ਜਾਂ ਕੁਝ ਵਾਰ ਲੇਪਕ ਵਲੋਂ ਹੀ ਇਸ ਦੀ ਕਲਪਨਾ ਕੀਤੀ ਗਈ । ਇਸ ਲਈ ਉਨ੍ਹਾਂ ਵਿਅਕਤੀਆਂ ਉਪਰ ਉੱਤਮਤਾ ਦਰਸਾਉਣ ਲਈ ਵਿਚਾਰ–ਵਟਾਂਦਰਾ ਜਾਂ ਪ੍ਰਸ਼ਨੋਤਰ ਦਰਸਾਉਣ ਦੀ ਲੋੜ ਪਈ । ਸਪਸ਼ਟ ਹੈ ਕਿ ਇਹ ਵਾਰਤਕ ਰਚਨਾ ਦਾ ਉਹ ਅੰਗ ਸੀ ਜਿਹੜਾ ਦਾਰਸ਼ਨਿਕ ਤੱਥਾਂ ਅਤੇ ਗੁਹਯ–ਗਿਆਨ ਦੀ ਸਾਝਿਊਣੀ ਲਈ ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਨਾਸਿਬ ਸੀ ਇਸ ਹੱਦ ਤਕ, ਕਿ ਇਹ ਅਫਲਾਤੂਨ ਦੇ ਡਾਇਲਾਗ ਜਾਂ ਯੋਗ ਵਾਸ਼ਿਸ਼ਟ ਜਹੇ ਪ੍ਰਸ਼ਨੋਤ੍ਰੀ ਸਾਹਿਤਕ-ਅੰਗ ਨੂੰ ਸੁਰਜੀਤ ਕਰਕੇ ਅਗੇ ਵਧਾਉਂਦਾ ਆਇਆ ਸੀ। ਕਾਵਿ ਵਿਚ ਸਿੱਧ ਗੋਸ਼ਟ, ਮੱਕੇ ਮਦੀਨੇ ਦੀ ਗੋਸ਼ਟ ਅਤੇ ਵਾਰਤਕ ਵਿਚ ਅਜਿੱਤੇ ਰੰਧਾਵੇ ਦੀ ਗੋਸ਼ਟ, ਬਾਬਾ ਲਾਲ ਅਤੇ ਦਾਰਾ ਸ਼ਿਕੋਹ ਦੀ ਗੋਸ਼ਟ ਦੇ ਨਾਂ ਇਸ ਸੰਬੰਧ ਵਿਚ ਲਏ ਜਾ ਸਕਦੇ ਹਨ।

ਪਰ ਸ਼ਰਧਾ ਭਾਵ ਅਤੇ ਖਾਸ ਕਰ ਉਤਾਰਿਆਂ ਦੀ ਪ੍ਰਥਾ ਨੇ ਉਪਰੋਕਤ ਦੋਹਾਂ ਰਚਨਾ-ਰੂਪਾਂ ਨੂੰ ਪੂਰਨ ਸਾਹਿਤ ਅੰਗਾਂ ਦੇ ਰੂਪ ਵਿਚ ਵਿਕਸਤ ਨ ਹੋਣ ਦਿਤਾ। ਉਤਾਰੇ ਇਕ ਪ੍ਰਕਾਰ ਦੀ ਖੁਸ਼ਨਵੀਸੀ (ਜਾਂ ਖ਼ੱਤਾਤੀ) ਸੀ। ਮੁਗ਼ਲ ਕਾਲ ਦੀ ਖੁਸ਼ਨਵੀਸੀ ਵਿਚ ਚਿਤ੍ਰਕਾਰੀ ਤੇ ਨੱਕਾਸ਼ੀ ਰਲ ਚੁਕੀਆਂ ਸਨ ਅਤੇ ਇਸ ਨੂੰ ਇਕ ਵਖਰੀ ਕਲਾ ਸਮਝਿਆ ਜਾਂਦਾ ਸੀ। ਸਪਸ਼ਟ ਹੈ ਕਿ ਅਜਿਹੀ ਹਾਲਤ ਵਿਚ ਵਾਰਤਕ ਸ਼ੈਲੀ ਦੀ ਵਿਅਕਤੀਗਤ ਵਿਲੱਖਣਤਾ ਜਾਂ ਬਹੁ-ਪ੍ਰਕਾਰਤਾ ਵਧ ਫੁਲ ਨਹੀਂ ਸੀ ਸਕਦੀ। ਤਦ ਵੀ ਟੀਕੇ ਟਿੱਪਣੀਆਂ ਅਤੇ ਅਨੁਵਾਦਾਂ ਦੀ ਪਰਿਪਾਟੀ ਇਸ ਸਮੇਂ, ਪੰਜਾਬੀ ਗੱਦ ਰਚਨਾ ਵਿਚ ਪੈ ਗਈ ਸੀ।

ਪਿਛਲੇ ਮੁਗ਼ਲ ਕਾਲ ਅਤੇ ਸਿਖ ਰਾਜ ਦੇ ਅੰਤ ਤੱਕ ਵਾਰਤਕ ਰਚਨਾ, ਆਕਾਰ ਤੇ ਪ੍ਰਕਾਰ ਵਿਚ ਕੋਈ ਬਹੁਤੀ ਨਹੀਂ ਹੋਈ ਪਰ ਇਸ ਵਿਚ ਕੁਝ ਕੁ ਵਣਗ-ਵਣਗੀ ਜ਼ਰੂਰ ਆਈ। ਜਨਮ ਸਾਖੀਆਂ ਦੀ ਥਾਂ ਜੀਵਨੀਆਂ ਨੇ ਲੈ ਲਈ। ਅਨੁਵਾਦ ਵਿਕਸਤ ਹੋਏ ਅਤੇ ਖੁਲ੍ਹੇ ਅਨੁਵਾਦਾਂ ਤੋਂ ਲੈ ਕੇ ਆਧਾਰਿਤ ਰਚਨਾਵਾਂ ਤਕ ਦਾ ਵਿਕਾਸ ਹੋਇਆ। 'ਪ੍ਰੇਮ ਸੁਮਾਰਗ' ਜਹੀ ਇਕ ਅੱਧ ਰਚਨਾ ਰੁਜ਼ਾਨਾ ਜੀਵਨ ਦੇ ਸਹਿਜ ਮਸਲਿਆਂ ਉਪਰ ਵੀ ਹੋਈ। ਅੰਤਰਮੁਖੀ ਵਰਤਾਰਿਆਂ ਦੇ ਨਜਿੱਠਣ ਨੂੰ ਵਾਰਤਕ ਰਚਨਾ ਦੀ ਆਧੁਨਿਕ ਅਤੇ ਵਿਕਸਤ ਸਥਿਤੀ ਸਮਝਿਆ ਗਿਆ ਹੈ।

ਸਿਖ ਰਾਜ ਦੇ ਅੰਤ ਤਕ ਹੋਈ ਵਾਰਤਕ ਰਚਨਾ ਕੁਝ ਦਰਜਨ ਪੁਸਤਕਾਂ ਤੋਂ ਉਪਰ ਨਹੀਂ ਪੁਜਦੀ। ਇਨ੍ਹਾਂ ਵਿਚੋਂ ਜਿਹੜੀਆਂ ਦੋ-ਚਾਰ ਪੁਸਤਕਾਂ ਕਿਸੇ ਮਤ, ਸੰਪ੍ਰਦਾਇ ਨਾਲ ਸੰਬੰਧਤ ਰਹੀਆਂ ਉਹ ਕੁਝ ਰਲਿਆਂ ਸਮੇਤ ਜਾਂ ਮੌਲਿਕ ਰੂਪ ਵਿਚ ਸੁਰਖਿਅਤ ਰਹਿ ਸਕੀਆਂ। ਬਾਕੀ ਖੁਰਦ-ਬੁਰਦ ਜਹੀਆਂ ਹੋ ਗਈਆਂ। ਆਧੁਨਿਕ ਕਾਲ ਵਿਚ ਪੰਜਾਬੀ ਦੀਆਂ ਪੁਰਾਤਨ ਵਾਰਤਕ ਰਚਨਾਵਾਂ ਦਾ ਨਾਂ ਗਿਣਾਉਣ ਦੀ ਹੀ ਮੱਲ ਇਕ ਦੋ ਵਿਦਵਾਨਾਂ ਨੇ ਮਾਰ ਲਈ ਅਤੇ ਦੋ-ਚਾਰ ਹੋਰ ਰਚਨਾਵਾਂ ਦਾ ਸੰਪਾਦਨ ਕਿਸੇ ਅਨਿੰਨ ਖੋਜੀ ਨੇ ਕਰ ਲਿਆ।

ਅਜਿਹੀ ਹਾਲਤ ਵਿਚ ਪੁਰਾਤਨ ਵਾਰਤਕ ਸ਼ੈਲੀ ਦੀ ਸਮੀਖਿਆ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ, ਜਦ ਰਚਨਾਵਾਂ ਦੀ ਹੋਂਦ ਅਤੇ ਪ੍ਰਮਾਣੀਕਤਾ ਹੀ ਹਨੇਰੇ ਵਿਚ ਹੋਣ।

ਅਜ ਜੇ ਕਿਸੇ ਸਮੀਖਿਆਕਾਰ ਨੇ ਪੁਰਾਤਨ ਪੰਜਾਬੀ ਵਾਰਤਕ ਸ਼ੈਲੀ ਦਾ ਅਧਿਅਨ ਜਾਂ ਮੁਲ-ਅੰਕਣ ਕਰਨਾ ਹੋਵੇ ਤਾਂ ਉਸ ਨੂੰ ਦੋ ਕੰਮ ਕਰਨੇ ਪੈਣਗੇ : ਪੁਰਾਤਨ ਵਾਰਤਕ ਕਿਰਤਾਂ ਦੀ ਖੋਜ ਅਤੇ ਫੇਰ ਇਨ੍ਹਾਂ ਦੀ ਸ਼ੈਲੀ ਦਾ ਅਧਿਐਨ। ਖੋਜ ਤੋਂ ਬਿਨਾਂ ਪੁਰਾਤਨ ਪੰਜਾਬੀ ਵਾਰਤਕ ਦੀ ਸਮੀਖਿਆ ਜਾਂ ਮੁਲ-ਅੰਕਣ ਅੱਜ ਸੰਭਵ ਨਹੀਂ। ਇਸ ਲਈ ਪੁਰਾਣੇ ਵਾਰਤਕ ਸਾਹਿਤ ਦਾ ਮੁੱਲ ਪਾਉਣ ਲਈ ਜ਼ਰੂਰੀ ਹੈ ਕਿ ਵਾਰਤਕ ਦੀਆਂ ਪ੍ਰਾਪਤ ਪੁਸਤਕਾਂ ਨੂੰ ਖੋਜਿਆ, ਪੜਤਾਲਿਆ ਤੇ ਸੰਪਾਦਿਤ ਕਰਕੇ ਛਾਪਿਆ ਜਾਏ ਅਤੇ ਇਨ੍ਹਾਂ ਦੇ ਪ੍ਰਮਾਣੀਕ ਪਾਠ-ਪਾਠਾਂਤਰ ਦੇ ਆਧਾਰ ਤੇ ਵਾਰਤਕ ਸ਼ੈਲੀ ਨੂੰ ਨਿਰਖਿਆ ਜਾਏ।

ਪੰਜਾਬੀ ਵਿਚ ਵਾਰਤਕ-ਰਚਨਾ ਬਹੁਤ ਘਟ ਹੋਈ ਹੈ। ਰਾਜਨੀਤਕ ਉਤਾਰ-ਚੜ੍ਹਾ ਹਥੋਂ ਬਚੀਆਂ ਵਾਰਤਕ-ਕਿਰਤਾਂ, ਸਮੇਂ ਦੇ ਬਦਲ ਜਾਣ ਨਾਲ ਵਿਚਾਰ ਅਤੇ ਸੁਹਜ-ਸੁਆਦ ਦੇ ਪੱਖ ਤੋਂ ਅਜੋਕੇ ਪੱਧਰ ਅਨੁਸਾਰ ਨਾ ਰਹੀਆਂ ਅਤੇ ਖਿੰਡ ਪੁੰਡ ਗਈਆਂ। ਇਸ ਲਈ ਸੰਭਵ ਹੈ ਕਿ ਹੱਥ-ਲਿਖਤਾਂ ਦੇ ਰੂਪ ਵਿਚ ਉਹ ਕਿਸੇ ਡੇਰੇ, ਕਿਸੇ ਅਖਾੜੇ, ਕਿਸੇ ਸੰਪਰਦਾਇ ਦੇ ਧਰਮ ਅਸਥਾਨ, ਕਿਸੇ ਗੁਮਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥਾਂ ਜਾਂ ਲਾਇਬ੍ਰੇਰੀ ਵਿਚ ਪਈਆਂ ਹੋਣ। ਕੁਝ ਹੱਥ ਲਿਖਤਾਂ ਦੀ ਸੋਅ ਕੁਝ ਸਾਹਿਤ ਪ੍ਰੇਮੀਆਂ ਪਾਸ ਵੀ ਮਿਲਦੀ ਹੈ। ਪੁਰਾਤਨ ਵਾਰਤਕ ਦੇ ਅਧਿਐਨ ਦੀ ਅਜਿਹੀ ਰਸਾਤਲਮਈ ਹਾਲਤ ਵਿਚ ਇਸ ਦੀ ਸ਼ੈਲੀ ਦਾ ਅਧਿਅਨ ਸਾਡੇ ਕੋਲ, ਨਾ ਹੋਏ ਜਿਹਾ ਹੈ। ਅਤੇ ਵਾਰਤਕ ਸ਼ੈਲੀ ਵਲ ਉਨ੍ਹਾਂ ਸਮੀਖਿਆਕਾਰਾਂ ਤੇ ਵਿਦਵਾਨਾਂ ਨੇ ਵੀ ਤਾਂ ਧਿਆਨ ਨਹੀਂ ਦਿਤਾ ਜਿਹੜੇ ਸੁਹਜ-ਸੁਆਦ ਅਤੇ ਰੂਪ ਉਪਰ ਹੀ ਬਹੁਤਾ ਜ਼ੋਰ ਦੇਂਦੇ ਹਨ।

ਪੰਜਾਬੀ ਗੱਦ ਸ਼ੈਲੀ ਉਪਰ ਕੋਈ ਕੰਮ ਨਹੀਂ ਹੋ ਰਿਹਾ। ਨਾ ਪੁਰਾਤਨ ਵਾਰਤਕ ਉਪਰ ਅਤੇ ਨਾ ਹੀ ਨਵੀਨ ਜਾਂ ਸਮਕਾਲੀ ਉਪਰ। ਸਮਕਾਲੀ ਕਵੀਆਂ, ਕਹਾਣੀ ਲੇਖਕਾਂ ਤੇ ਨਾਵਲਕਾਰਾਂ ਸੰਬੰਧੀ ਜਿਹੜਾ ਨਾਂ-ਗਿਣਾਵਾਂ ਵਿਸ਼ੇਸ਼ਿਤ ਅਧਿਅਨ ਕੁਝ 'ਅੰਤਰਮੁਖੀ' ਕਾਰਣਾਂ ਦੇ ਆਧਾਰ ਤੇ ਹੋ ਰਿਹਾ ਹੈ ਉਹ ਗੱਦ-ਸ਼ੈਲੀ ਨੂੰ ਆਪਣੇ ਵਿਸ਼ੇ ਵਿਚ ਨਹੀਂ ਲੈਂਦਾ। ਅੱਜ ਹਾਲਤ ਇਹ ਹੈ ਕਿ ਪੰਜਾਬੀ ਦੀ ਕਿਸੇ ਉਚਤਮ ਪ੍ਰੀਖਿਆ ਵਿਚ ਵਾਰਤਕ ਸ਼ੈਲੀ ਦੇ ਪਰਚੇ ਵਿਚ ਪ੍ਰਸ਼ਨ, ਪਾਠ ਪੁਸਤਕ ਦੇ ਵਿਸ਼ੇ, ਇਤਿਹਾਸ, ਕਰਤਾ ਦੀ ਸ਼ਖ਼ਸੀਅਤ, ਰਚਨਾ ਦੀ ਪ੍ਰੇਰਣਾ ਅਤੇ ਵੱਧ ਤੋਂ ਵਧ, ਭਾਸ਼ਾ ਸ਼ਬਦਾਵਲੀ ਸੰਬੰਧੀ ਆ ਜਾਂਦੇ ਹਨ। ਗੱਦ ਸ਼ੈਲੀ ਦੇ ਪਰਚੇ ਵਿਚ ਕੁਝ ਇਸ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਜਾਂਦੇ ਹਨ : ਪੁਰਾਣੀ ਜਨਮ ਸਾਖੀ ਦਾ ਲੇਖਕ ਕੌਣ ਸੀ, ਅੰਦਰਲੀਆਂ ਗਵਾਹੀਆਂ ਤੋਂ ਇਸ ਦਾ ਰਚਨਾ ਕਾਲ ਮਿੱਥੋ; ਪੁਰਾਤਨ ਜਨਮ ਸਾਖੀ ਜੀਵਨੀ ਹੈ ਯਾ ਗਲਪ ? ਅਮੁਕੀ ਗੱਦ ਪੁਸਤਕ ਵਿਚ ਲੇਖਕ ਨੇ ਉਸ ਵੇਲੇ ਦੇ ਸਮਾਜ ਦਾ ਜੋ ਨਕਸ਼ਾ ਖਿੱਚਿਆ ਹੈ, ਉਸਦਾ ਵਰਨਣ ਆਪਣੇ ਸ਼ਬਦਾਂ ਵਿਚ ਕਰੋ; ਪੁਸਤਕ ਵਿਚ ਅਮੁਕੇ ਭਾਗ ਦਾ ਸੰਖੇਪ ਦਿਓ; ਫਲਾਣੀ ਪੁਸਤਕ ਦੇ ਵਿਚਾਰਾਂ ਦੀ ਅਮੁਕੀ ਪੁਸਤਕ ਦੇ ਵਿਸ਼ੇ ਨਾਲ ਤੁੱਲਨਾ ਕਰੋ। ਸ਼ਪਸ਼ਟ ਹੈ ਇਹਨਾਂ ਵਿਚੋਂ ਕੋਈ ਪ੍ਰਸ਼ਨ ਸ਼ੈਲੀ ਦਾ ਨਹੀਂ।

ਇਸ ਦੇ ਬਾਵਜੂਦ ਜੇ ਕਿਸੇ ਨਿਬੰਧ ਜਾਂ ਪੁਸਤਕ ਦੀ ਭੂਮਿਕਾ ਵਿਚ ਕਿਸੇ ਵਿਦਵਾਨ ਨੇ ਸ਼ੈਲੀ ਸੰਬੰਧੀ ਕਿਹਾ ਵੀ, ਤਾਂ ਉਹ ਜਾਂ ਤਾਂ ਸਾਧਾਰਨੀਕ੍ਰਿਤ (Generalised) ਹੁੰਦਾ ਹੈ, ਸਿਧਾਂਤ ਰੂਪਾਂ ਵਿਚ, ਤੇ ਜਾਂ ਫੇਰ ਉਹ ਵਾਦ ਤੇ ਝੁਕਾਅ ਕਿਸੇ ਅਜਿਹੀ ਨੂਤਨ-ਪੁਰਾਤਨ ਵਾਰਤਕ ਕਿਰਤ ਨਾਲ ਜੋੜ ਦਿਤਾ ਜਾਂਦਾ ਹੈ ਜਿਸ ਦੀ ਹੋਂਦ ਸਾਡੇ ਸਾਹਿਤ ਵਿਚ ਕਦਾਚਿਤ ਸੰਭਵ ਹੀ ਨਹੀਂ।

ਵਾਰਤਕ, ਕਵਿਤਾ ਤੋਂ ਮਗਰੋਂ ਜਨਮ ਲੈਂਦੀ ਹੈ। ਅਤੇ ਮੁੱਢਲੀ ਵਾਰਤਕ ਉਪਰ ਕਵਿਤਾ ਦਾ ਢੇਰ ਅਸਰ ਹੁੰਦਾ ਹੈ – ਇਹ ਇਕ ਸਾਧਾਰਨੀਕ੍ਰਿਤ ਤੱਥ ਹੈ। ਇਸ ਲਈ, ਜੇ ਜਨਮ ਸਾਖੀ ਜਾਂ ਗੋਸ਼ਟ ਸੰਬੰਧੀ ਕੋਈ ਸਾਹਿਤ ਆਚਾਰੀਆ ਇਹ ਕਹਿ ਦੇਂਦਾ ਹੈ ਕਿ, ਇਨ੍ਹਾਂ ਰਚਨਾਵਾਂ ਵਿਚ ਕਾਵਿਕ ਅੰਸ਼ ਹੈ, ਤਾਂ ਉਹ ਕੋਈ ਨਵੀਂ ਅਤੇ ਖੋਜ ਜਾਂ ਤੱਥ ਉਪਰ ਆਧਾਰਤ ਗੱਲ ਨਹੀਂ ਕਰ ਰਿਹਾ ਕਿਉਂਕਿ ਇਹ ਗੱਲ ਲਗਪਗ ਸਭ ਜਨਮ ਸਾਖੀਆਂ ਅਤੇ ਗੋਸ਼ਟਾਂ ਉਪਰ ਘਟ ਜਾਂ ਵਧ ਲਾਗੂ ਹੁੰਦੀ ਹੈ। ਕਿਸੇ ਰਚਨਾ ਜਾਂ ਲੇਖਕ ਵਿਚ ਇਹ ਕਿੰਨੀ ਘਟ ਅਤੇ ਕਿੰਨੀ ਵਧ ਹੈ। ਇਹੋ ਗੱਲ ਲੱਭਣੀ ਤੇ ਦੱਸਣੀ ਵਿਦਵਤਾ ਹੈ, ਪ੍ਰਮਾਣ ਹੈ ਇਸ ਅਸਥਾਪਨਾ ਦਾ ਕਿ 'ਸ਼ੈਲੀ ਮਨੁੱਖ ਹੈ'। ਕਿਉਂਕਿ ਇਹ ਗਲ ਨਿਸਚਿਤ ਹੈ ਕਿ ਜਨਮ ਸਾਖੀ ਭਾਵੇਂ ਉਤਾਰਾ ਹੀ ਹੋਵੇ। ਪਰ ਉਤਾਰੇ ਦੇ ਦਾਇਰੇ ਵਿਚ ਵੀ ਖੁਸ਼ਨਵੀਸ ਦਾ ਨਿੱਜਤਵ ਹੁੰਦਾ ਹੈ ਅਤੇ ਇਹ ਲਭਿਆ ਜਾ ਸਕਦਾ ਹੈ।

ਸ਼ੈਲੀ ਦੇ ਪੱਖ ਤੋਂ ਸਮੀਖਿਆ ਕਰਨੀ ਹੋਵੇ, ਨਾਵਲ ਕਵਿਤਾ ਜਾਂ ਕਿਸੇ ਵਾਰਤਕ ਰਚਨਾ ਦੀ, ਇਹ ਇਕ ਆਮ ਧਾਰਨਾ ਬਣਦੀ ਜਾ ਰਹੀ ਹੈ ਕਿ ਸ਼ੈਲੀ ਦੀ ਗੱਲ ਕਰਦੇ-ਕਰਦੇ ਸਾਡੇ ਕਈ ਸਿਆਣੇ ਸਮੀਖਿਆਕਾਰ ਵੀ ਸ਼ਬਦਾਵਲੀ, ਸ਼ਬਦਾਂ ਦੀ ਬਣਤਰ, ਜਾਂ ਵੱਧ ਤੋਂ ਵਧ ਉਨ੍ਹਾਂ ਦੇ ਉਚਾਰਣੀ ਸੁਹਜ-ਸੁਆਦ ਜਾਂ ਰਾਗਾਤਮਕਤਾ ਤਕ ਹੀ ਪੁਜਦੇ ਹਨ। ਇਹ ਇਸੇ ਤਰ੍ਹਾਂ ਦੀ ਗਲ ਹੈ ਜਿਵੇਂ ਕਿਸੇ ਪੁਰਾਤਨ ਸਾਹਿਤ-ਰਚਨਾ ਜਾਂ ਕਾਲ ਦੀ ਭਾਸ਼ਾ ਦਾ ਵਿਸ਼ਲੇਸ਼ਣ ਕਰਦੇ ਸਾਡੇ ਕੁਝ ਭਾਸ਼ਾ ਵਿਗਿਆਨੀ, ਵਿਆਕਰਣ ਪ੍ਰਬੰਧ ਨੂੰ ਭੁਲ ਕੇ (ਜਿਹੜਾ ਕਿ ਕਿਸੇ ਵੀ ਭਾਸ਼ਾ ਦੀ ਵੱਖਰੀ ਹੋਂਦ ਦਾ ਆਧਾਰ ਹੈ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇਵਲ ਸ਼ਬਦਾਵਲੀ ਵਿਚ ਇਕ ਜਾਂ ਦੂਜੀ ਭਾਸ਼ਾ ਦੇ ਸ਼ਬਦਾਂ, ਦਾ ਪ੍ਰਤੀ ਸੈਂਕੜਾ ਹਿਸਾਬ ਲਾਉਣ ਲਗ ਪੈਂਦੇ ਹਨ। 'ਅੰਤਰਮੁਖੀ' ਕਾਰਣ ਇਨ੍ਹਾਂ ਅਰਥਾਂ ਵਿਚ ਕਿ ਅਜਿਹਾ ਮੁਲ-ਅੰਕਣ ਕਿਸੇ ਹਿਤ ਜਾਂ ਸੁਆਰਥ ਨੂੰ ਮੁਖ ਰਖਕੇ ਹੀ ਵਧੇਰੇ ਕੀਤਾ ਜਾ ਰਿਹਾ ਹੈ; ਸਾਹਿਤ ਦੀ ਕਿਸੇ ਜਗਿਆਸਾ ਕਾਰਣ ਨਹੀਂ।

ਪੱਛਮੀ ਸਮੀਖਿਆ ਸਿਧਾਂਤ ਤੋਂ ਅਸਾਂ ਬਹੁਤ ਕੁਝ ਸਿਖਿਆ ਹੈ ਅਤੇ ਕਾਫੀ ਕੁਝ ਹੋਰ ਗ੍ਰਹਿਣ ਕਰਨ ਦੀ ਲੋੜ ਹੈ। ਪੱਛਮੀ ਸ਼ੈਲੀ-ਸਮੀਖਿਆ ਵਿਚ ਬੜਾ ਕੁਝ ਬੁਨਿਆਦੀ ਹੈ ਜੋ ਹਰ ਥਾਂ ਲਾਗੂ ਹੋ ਸਕਦਾ ਹੈ। ਪਰ ਇਸ ਵਿਚ ਬੜਾ ਕੁਝ ਤੱਥ-ਆਧਾਰ ਵੀ ਹੈ, ਅਤੇ ਤੱਥ, ਦੇਸ਼ ਤੇ ਕਾਲ ਅਨੁਸਾਰ ਬਦਲਦੇ ਹਨ। ਸਾਡੇ ਸ਼ੈਲੀ ਸੰਬੰਧੀ ਤੱਥ ਵਖਰੇ ਹਨ। ਇਸ ਲਈ ਸਾਡੀ ਸ਼ੈਲੀ-ਸਮੀਖਿਆ ਕੁਝ ਵਖਰੀ ਹੋਵੇਗੀ।

ਅੰਗਰੇਜ਼ੀ ਵਾਰਤਕ ਸ਼ੈਲੀ ਉਪਰ ਬਹੁਤ ਕੰਮ ਹੋਇਆ ਹੈ। ਉਥੇ ਵਾਰਤਕ ਵਿਚ Rythem (ਤਾਲ) ਅਤੇ Cadence ਦਾ ਜ਼ਿਕਰ ਕਈ ਥਾਂ ਆਇਆ ਹੈ। ਸਾਡੇ-ਵਿਦਿਆ ਨਾਲ ਸੰਬੰਧਤ ਕੁਝ ਅਕਾਦਮਿਕ ਜਹੇ ਸਮੀਖਿਆਕਾਰ ਪੰਜਾਬੀ ਦੀ ਵਾਰਤਕ ਸ਼ੈਲੀ ਵਿਚ ਤਾਲ ਅਤੇ Cadence ਨੂੰ ਵਿਸ਼ੇਸ਼ਣ ਬਣਾ ਕੇ ਕਾਲਜ ਦੀਆਂ ਕਲਾਸਾਂ ਜਾਂ ਗੋਸ਼ਟੀਆਂ ਵਿਚ ਇਸ ਦਾ ਜ਼ਿਕਰ ਕਰਨ ਕਰਾਉਣ ਲਗੇ ਹਨ। ਪਰ ਸੱਚ ਇਹ ਹੈ ਕਿ ਵਾਰਤਕ ਵਿਚ 'ਤਾਲ' ਵਾਲੀ ਗਲ ਕਿਸੇ ਤਰ੍ਹਾਂ ਪੰਜਾਬੀ, ਵਾਰਤਕ ਸੰਬੰਧੀ ਨਹੀਂ ਕਹੀ ਜਾ ਸਕਦੀ, ਜਿਸ ਤਰ੍ਹਾਂ ਕਿ ਅੰਗਰੇਜ਼ੀ ਸਮੀਖਿਆ ਵਿਚ ਮਿੱਥੀ ਗਈ ਹੈ।

(ਇਹ ਲੇਖ ਸੱਠਵਿਆਂ ਦੇ ਅੱਧ ਵਿਚ ਲਿਖਿਆ ਤੇ ਪ੍ਰਕਾਸ਼ਤ ਹੋਇਆ ਸੀ। ਇਸ ਤੋਂ ਮਗਰੋਂ ਰੂਸੀ ਰੂਪ ਵਾਦੀਆਂ, ਫਰਾਂਸੀਸ ਅਤੇ ਹੋਰਨਾਂ ਸਮੀਖਿਆਕਾਰਾਂ ਦੀਆਂ ਗੁਰਬੰਦੀਆਂ ਤੋਂ ਪ੍ਰੇਰਨਾ ਲੈ ਕੇ, ਸੱਤਰਵਿਆਂ ਵਿਚ ਸਾਡੇ ਸਮੀਖਿਆਕਾਰਾਂ ਨੇ ਜਿਸ ਸਰੰਚਨਾਵਾਦ ਦੀ ਰਚਨਾ ਕੀਤੀ ਹੈ, ਉਹ ਗਿਆਨ ਦੀ ਵਿਕਾਸ ਪਰਕਿਰਿਆ ਵਾਂਗ ਚਲਦੀ ਤਾਂ ਬਾਹਰ-ਵਰਤੀ ਤੋਂ ਅੰਤਰ-ਵਰਤੀ ਵਲ ਹੈ। ਪਰ ਇਹ ਸਰੰਚਨਾਵਾਦੀ ਪਹੁੰਚ, ਵਿਚਾਰ-ਪੈਟਰਨਾਂ ਅਤੇ ਸੋਚ ਪਰਕਿਰਿਆ ਨੂੰ ਪੈਰਾਡਾਈਮਾਂ (Paradigm) ਵਿਚ ਵੰਡਦੀ ਹੋਈ ਪਾਠਕ ਨੂੰ ਲੇਖਕ ਦੇ ਅੰਤਹ ਕਰਨ (Inertia) ਤਕ ਪੁਚਾਉਂਦੀ ਹੈ ਪਰ ਇਹ ਵਿਪ੍ਰੀਤ-ਸਮੀਖਿਆ ਹੈ। ਸਮੀਖਿਆ ਸ਼ੈਲੀ ਦੀ ਹੋਵੇ ਜਾਂ ਵਿਸ਼ੈ-ਵਸਤੂ ਦੀ ਇਸ ਦਾ ਪ੍ਰਯੋਜਨ ਲਿਖਤ ਨੂੰ ਉਪਜ ਵਜੋਂ ਜਾਂ ਇਸ ਦੇ ਪ੍ਰਭਾਵ ਨੂੰ ਸਮਝਣ ਦਾ ਹੁੰਦਾ ਹੈ; ਲੇਖਕ ਦੇ ਅੰਤਹਕਰਨ ਨੂੰ ਜਾਨਣ ਦਾ ਨਹੀਂ।)

ਅੰਗਰੇਜ਼ੀ ਦੀ ਵਾਰਤਕ ਉਪਰ ਕਵਿਤਾ ਦਾ ਪ੍ਰਭਾਵ ਪਿਆ। ਕਿਉਂਕਿ ਇਹ ਇਤਿਹਾਸਕ ਪਰਕਿਰਿਆ ਦਾ ਸੱਚ ਹੈ। ਪਰ ਇਹ ਪਿਆ ਉਥੋਂ ਦੇ ਤੱਥਾਂ ਅਨੁਸਾਰ। ਅੰਗਰੇਜ਼ੀ ਕਵਿਤਾ ਵਿਚ ਤੁਕਾਂਤ ਤੋਂ ਆਜ਼ਾਦ ਰਹਿਣ ਦੀ ਵਿਲੱਖਣਤਾ ਬਹੁਤ ਰਹੀ ਹੈ। ਇਸ ਦਾ ਕਾਰਣ ਤਾਂ ਸਾਨੂੰ ਆਂਗਲ ਲੋਕਾਂ ਉਪਰ ਸੈਕਸਨ ਪ੍ਰਭਾਵ ਦੇ ਪਿਛਵਾੜੇ ਵਿਚ ਜਾ ਮਿਲਦਾ ਹੈ। ਇਸ ਲਈ ਉਥੇ ਰਚਨਾ ਦੇ ਸਮੇਂ ਤੇ ਤਾਲ ਉਪਰ ਬਹੁਤ ਜ਼ੋਰ ਦਿਤਾ ਗਿਆ ਹੈ। ਭਾਵੇਂ ਕਈ ਅੰਗਰੇਜ਼ੀ ਸ਼ੈਲੀ-ਆਲੋਚਕਾਂ ਨੇ ਤਾਲ ਨੂੰ ਜਜ਼ਬੇ, ਸੋਝੀ ਨਾਲ ਵੀ ਸੰਬੰਧਤ ਕੀਤਾ ਹੈ ਪਰ ਮੁਖ ਰੂਪ ਵਿਚ ਉਨ੍ਹਾਂ ਦੇ ਤਾਲ ਦਾ ਆਧਾਰ ਉਚਾਰਣ ਅਤੇ ਚਰਨ (Syllables) ਹਨ।

ਭਾਰਤੀ ਅਤੇ ਪੰਜਾਬੀ ਸਾਹਿਤ ਉਪਰ ਬੁਨਿਆਦੀ ਅਸੂਲ ਤਾਂ ਜ਼ਰੂਰ ਲਾਗੂ ਹੁੰਦਾ ਹੈ, ਕਿ ਉਥੋਂ ਦੀ ਮੁਢਲੀ ਵਾਰਤਕ ਉਪਰ ਕਵਿਤਾ ਛਾਈ ਰਹੀ। ਪਰ ਇਥੇ ਪ੍ਰਭਾਵ ਵਖਰੇ ਹਨ। ਤੱਥ ਵਖਰੇ ਹਨ। ਫਾਰਸੀ ਦੇ ਸ਼ਾਹਨਾਮੇ ਲੈ ਲਓ, ਭਾਵੇਂ ਤਾਰੀਖਾਂ; ਜਾਂ ਉਰਦੂ 'ਇਨਸ਼ਾ' (ਚਿੱਠੀ ਪੱਤਰ ਜਿਹੜਾ ਉਰਦੂ ਵਾਰਤਕ ਤੋਂ ਪਹਿਲਾਂ ਹੋਂਦ ਵਿਚ ਆਇਆ) ਇਸ ਵਿਚ ਤਾਲ ਉਪਰ ਕਿਤੇ ਜ਼ੋਰ ਨਹੀਂ ਦਿਤਾ ਗਿਆ। ਕਾਵਿਕ ਪ੍ਰਭਾਵ ਇਨ੍ਹਾਂ ਵਾਰਤਕ ਕਿਰਤਾਂ ਵਿਚ ਹੋਰ ਪ੍ਰਕਾਰ ਦਾ ਦਿਸਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਇਥੇ ਤੁਕਾਂਤਬੱਧ ਵਾਕ ਦਿਸਦੇ ਹਨ, ਕਿਉਂਕਿ ਤੱਥ ਇਹ ਹੈ ਕਿ ਤੁਕਾਂਤ ਰਹਿਤ ਕਵਿਤਾ ਕਰਨ ਵਾਲੇ ਨੂੰ ਬ੍ਰਜ ਭਾਸ਼ਾ ਵਿਚ ਤਾਂ ਪਸ਼ੂ ਤਕ ਕਹਿ ਦਿਤਾ ਹੈ । ਇਹੀ ਹਾਲ ਉਰਦੂ ਤੇ ਫਾਰਸੀ ਨਜ਼ਮ ਦਾ ਹੈ । ਇਸ ਲਈ ਮੁਢਲੀ ਉਰਦੂ, ਹਿੰਦੀ, ਸਗੋਂ ਪੰਜਾਬੀ ਵਾਰਤਕ ਵਿਚ ਵੀ ਤੁਕਾਂਤ ਮੇਲਣ ਤੋਂ ਮਗਰੋਂ ਜੇ ਕੋਈ ਹੋਰ ਕਾਵਿਕ ਪ੍ਰਭਾਵ ਦਿਸਦੇ ਹਨ ਤਾਂ ਉਹ ਹਨ ਸ਼ਬਦ ਅਲੰਕਾਰ (ਹਿੰਦੀ ਵਿਚ), ਸੰਬੋਧਕਾਂ ਤੇ ਵਿਸ਼ੇਸ਼ਣਾਂ ਦੀਆਂ ਅਮੁੱਕ ਲੜੀਆਂ (ਫਾਰਸੀ ਵਿਚ) । ਭਾਰਤੀ ਵਾਰਤਕ ਲਿਖਾਰੀ ਪਸ਼ੂ ਕਹਾਉਣ ਤੋਂ ਜ਼ਰੂਰ ਡਰਦੇ ਰਹੇ ਪਰ ਕਾਵਿਕ ਤਾਲ ਤੋਂ ਖੁੰਝ ਕੇ ਬੇਤਾਲ ਜਾਂ ਬਤਾਲ ਹੋਣ ਦੀ ਉਨ੍ਹਾਂ ਕਦੇ ਪ੍ਰਵਾਹ ਨਹੀਂ ਕੀਤੀ ।

ਪੰਜਾਬੀ ਦੀ ਮੁਢਲੀ ਵਾਰਤਕ, ਸਮੁਚੇ ਸਾਹਿਤ ਵਾਂਗ ਲੋਕਾਂ ਦੀ ਬੁਲੀਂਦੀ ਭਾਸ਼ਾ ਦੇ ਬਹੁਤ ਨੇੜੇ ਰਹੀ ਹੈ । ਇਕ ਹਦ ਤਕ ਇਸ ਦੀ ਸਮਝਾਉਣੀ ਗ਼ੈਰ ਰਸਮੀ ਰਹੀ ਹੈ । ਪਰ ਇਹ ਮੂਲੋਂ ਹੀ ਗ਼ੈਰ ਰਸਮੀ ਨਹੀਂ, ਕਿਉਂ ਕਿ ਸ਼ਰਧਾ, ਮੰਤਵ ਅਤੇ ਇਕ ਹਦ ਤਕ ਸਿਧਾਂਤਕ ਵਿਆਖਿਆ, ਇਸ ਰਚਨਾ ਦੇ ਪ੍ਰਯੋਜਨ ਤੇ ਪ੍ਰੇਰਨਾ ਰਹੇ ਹਨ ਇਸ ਲਈ ਇਕ ਹੱਦ ਤਕ ਇਹ ਰਸਮੀ, ਤੇ ਉਚੇਚੀ ਵੀ ਹੈ ।

ਹਰ ਭਾਸ਼ਾਈ ਜਨ-ਸਮੂਹ ਦੀ ਆਪਣੀ ਵਿਲੱਖਣਤਾ, ਆਪਣੀਆਂ, ਰਵਾਇਤਾਂ, ਮਨੋਵੇਗਕ ਸੋਧ ਅਤੇ ਭਾਵਕ ਪ੍ਰਬੰਧ ਹੁੰਦਾ ਹੈ ਅਤੇ ਇਹ ਵਿਲੱਖਣਤਾ ਉਸ ਜਨ-ਸਮੂਹ ਦੀ ਭਾਸ਼ਾ, ਪ੍ਰਗਟਾਵੇ, ਵਾਕ ਬਣਤਰਾਂ ਤੇ ਸ਼ਬਦ-ਚੋਣ ਅਤੇ ਲਹਿਜੇ ਤਕ ਨੂੰ ਨਿਸਚਿਤ ਕਰਦੀ ਹੈ । ਇਸ ਵਿਲੱਖਣਤਾ ਨੂੰ ਹੀ ਉਸ ਭਾਸ਼ਾ ਦੀ 'ਪ੍ਰਤਿਭਾ' ਕਿਹਾ ਜਾਂਦਾ ਹੈ ।

ਪੰਜਾਬ ਦੀਆਂ ਵਾਰਤਕ ਰਚਨਾਵਾਂ ਲਭਣਾ, ਉਨ੍ਹਾਂ ਦੀ ਹੋਂਦ ਅਤੇ ਰਚਨਾ-ਕਾਲ ਸਿੱਧ ਕਰਨੇ ਅਤੇ ਉਨ੍ਹਾਂ ਦਾ ਸ਼ੁੱਧ ਸੰਪਾਦਨ ਜਿੰਨਾ ਔਖਾ ਹੈ , ਓਨਾ ਹੀ ਦਿਲਚਸਪ ਹੋ ਸਕਦਾ ਹੈ ਇਸ ਦੀ ਸ਼ੈਲੀ ਦਾ ਅਧਿਅਨ । ਇਤਿਹਾਸਕ ਪੱਖ ਤੋਂ ਵੀ, ਅਸੀਂ ਸਹਿਜੇ ਹੀ ਲੱਭ ਸਕਦੇ ਹਾਂ ਕਿਵੇਂ 'ਗਲਗਡ' (jargaon) ਅਰਥਾਂ ਅਤੇ ਨਵੇਂ ਅਰਥਾਂ ਵਾਲੇ ਜਾਂ ਨਵੇਂ ਸ਼ਬਦ ਉਸ ਸਮੇਂ ਹੌਲੀ-ਹੌਲੀ ਜਨਮ ਲੈ ਰਹੇ ਸਨ ।

ਜਨਮ ਸਾਖੀ ਅਜੇ ਤਕ ਪ੍ਰਾਪਤ ਗਿਆਨ ਅਤੇ ਅਧਿਅਨ ਦੇ ਆਧਾਰ ਤੇ ਸਾਡੀ ਪਹਿਲੀ ਵਾਰਤਕ ਰਚਨਾ ਹੈ । ਇਸ ਵਿਚ ਕੁਝ ਨਵੇਂ ਸ਼ਬਦ, ਕੁਝ ਨਵੇਂ ਭਾਵ-ਪ੍ਰਗਟਾਵੇ ਹਨ ਜਿਹੜੇ ਸਮਝਾਉਣੀ ਦੀ ਤਤਕਾਲੀ ਜਟਿਲਤਾ (subtlty) ਨਾਲ ਪੂਰੇ ਉਤਰਦੇ ਹਨ ।

"ਕਾਲੂ ਇਸ ਪੁਤਰ ਨੂੰ ਸਮਝਾਉਂਦਾ ਕਿਉਂ ਨਾਹੀਂ ਜੋ ਪਰਾਈ ਖੇਤੀ ਉਜਾੜ ਆਇਆ ਹੈ । ਭਲਾ ਦਿਵਾਨਾਂ ਕਰ ਛੋੜਿਆ ਆਹੀ ।" ਇਹ ਸ਼ਬਦ, ਖਰਾ ਅਤੇ 'ਭਲਾ' ਜਨਮ ਸਾਖੀ ਵਿਚ ਕਈ ਥਾਂ ਆਇਆ ਹੈ । ਸਪਸ਼ਟ ਹੈ ਕਿ ਇਹ ਸ਼ਬਦ, ਭਾਵ ਉਤੇ ਜ਼ੋਰ ਦੇਣ ਲਈ ਵਰਤਿਆ ਗਿਆ ਹੈ । ਜਿਵੇਂ ਅਜ ਅਸੀਂ ਕਿਸੇ ਨੂੰ ਕਹਿ ਦੇਈਏ "ਵਾਹ ਬਈ ਵਾਹ ! ਚੰਗਾ ਵੇਲੇ ਸਿਰ ਆਇਆ ਹੈਂ !" ਇਥੇ 'ਚੰਗਾ'; 'ਖਰਾ' ਜਾਂ 'ਭਲਾ' ਦੀ ਹੀ ਥਾਂ ਹੈ । ਜਾਂ ਫੇਰ; 'ਤੱਬ ਮੁਹਾਵਤ ਕਹਿਆ, ਹਾਥੀ ਪਾਦਸ਼ਾਹ ਦਾ ਥਾ ਇਕੇ ਖੁਦਾਇ ਕਾ ਥਾ ।" ਇਥੇ 'ਇਕੇ' ਸ਼ਬਦ, ਅਜ ਵਰਤੇ ਜਾ ਰਹੇ 'ਜਾਂ ਫੇਰ' ਨੂੰ ਉਡੀਕ ਰਿਹਾ ਹੈ । ਉਸ ਲਈ ਥਾਂ ਬਣਾ ਰਿਹਾ ਹੈ ।

ਉਸ ਸਮੇਂ ਵਾਕਾਂ ਨੂੰ ਅਜਿਹੇ ਸ਼ਬਦਾਂ ਵਿਚ ਬੰਨ੍ਹਣ ਦੀ ਚੇਤੰਨਤਾ ਦਿਸਦੀ ਹੈ ਜਿਹੜੇ ਸ਼ਬਦ ਕਿ ਮਨੁਖ ਅਤੇ ਵਾਯੂ ਮੰਡਲ ਦਾ ਅਹਿਸਾਸ ਕਰਾ ਸਕਦੇ ਹਨ ਜਿਵੇਂ "ਜੇ ਕੋਈ ਹਿੰਦੂ ਆਵੈ ਤਾਂ ਠਉਰ ਦੇਵੈ ਅਤੇ ਜੇ ਮੁਸਲਮਾਨ ਆ ਜਾਵੇ ਤਾਂ ਤਵਜਹ ਕਰੇ ।" ਇਥੇ ਪਹਿਲੇ ਵਾਕਾਂਸ਼ ਵਿਚ ਆਵੈ ਹੈ ਅਤੇ ਦੂਜੇ ਵਿਚ ਜਾਵੈ ਲਿਖ ਕੇ ਸ਼ਬਦ ਦੁਹਰਾਉ ਤੋਂ ਬਚਿਆ ਗਿਆ ਹੈ । ਨਾਲ ਹੀ ਹਿੰਦੂ ਲਈ 'ਠਉਰ' ਅਤੇ ਮੁਸਲਮਾਨ ਲਈ 'ਤਵਜਹ' ਸ਼ਬਦ ਆਏ ਹਨ । ਵਾਰਤਕ ਸ਼ੈਲੀ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਵਾਨੀ ਦਾ ਵਰਨਣ ਆਉਣਾ ਕੁਦਰਤੀ ਹੈ ਜਿਹੜੀ ਸ਼ਬਦਾਂ ਨਾਲ ਜਾਂ ਸ਼ਬਦਾਂ ਉਪਰ ਖੇਡ ਕੇ ਪੈਦਾ ਕੀਤੀ ਜਾ ਸਕਦੀ ਹੈ। ਉਸ ਸਮੇਂ ਦੀ ਸ਼ੈਲੀ ਦਾ ਅਧਿਅਨ ਮੰਗ ਕਰਦਾ ਹੈ ਕਿ ਅਸੀਂ ਸ਼ੈਲੀ ਦੇ ਵਖ-ਵਖ ਪੱਖ ਨਿਸਚਿਤ ਕਰੀਏ ਅਤੇ ਉਨ੍ਹਾਂ ਦੇ ਆਧਾਰ ਤੇ ਉਸ ਸਮੇਂ ਦੀਆਂ ਕਿਰਤਾਂ ਦੀ ਸ਼ੈਲੀ ਦਾ ਇਤਿਹਾਸਕ ਅਤੇ ਸਾਹਿਤਕ ਮੁਲ-ਅੰਕਣ ਕਰੀਏ; ਜਦੋਂ ਪਦਛੇਦ ਨਹੀਂ ਸੀ, ਬਿਸਰਾਮ ਚਿੰਨ੍ਹ ਨਹੀਂ ਸਨ, ਕਰਤਾ ਵਾਚਕ ਤੇ ਕਰਮਵਾਚਕ ਵਾਕ-ਬਣਤਰ ਦਾ ਭੇਦ ਸਪਸ਼ਟ ਨਹੀਂ ਸੀ। Direct and indirect narration ਦੀ ਸੁਚੇਤ ਵਰਤੋਂ ਨਹੀਂ ਸੀ, ਉਲਟੇ ਕਾਮੇ (Quotes) ਨਹੀਂ ਸਨ, ਵਾਕ ਬਣਤਰ ਵਿਚ ਵਾਕਾਂਸ਼ ਤਰਤੀਬ ਨਹੀਂ ਸੀ, ਤੇ ਇਨ੍ਹਾਂ ਦੀ ਵੰਡ ਆ-ਮੁਹਾਰੀ ਸੀ। ਪੈਰਾ-ਵੰਡ ਨਹੀਂ ਸੀ, ਤੇ ਜਦੋਂ ਸੀ, ਤਾਂ ਇਸ ਦਾ ਵਿਧੀ-ਵਿਧਾਨ ਕੋਈ ਨਹੀਂ ਸੀ। ਇਹ ਸਾਰੀਆਂ ਲੋੜਾਂ "ਤੱਬ, ਅਰ, ਸੋ, ਇਕੇ, ਖਰਾ, ਆਹਾ" ਜਹੇ ਸ਼ਬਦ ਪੂਰੀਆਂ ਕਰਦੇ ਸਨ। ਹਰ ਇਕ ਸ਼ਬਦ ਕਈ ਪ੍ਰਕਾਰ ਦੇ ਸ਼ਬਦਾਂ ਦੀਆਂ ਲੋੜਾਂ ਅਤੇ ਅਰਥ ਪੂਰੇ ਕਰਦਾ ਸੀ।

ਜਨਮ ਸਾਖੀ, ਇਸ ਦੇ ਵੱਖ-ਵੱਖ ਰੂਪਾਂ ਅਤੇ ਉਤਾਰਿਆਂ ਦਾ ਤੁੱਲਨਾਤਮਿਕ ਅਧਿਅਨ ਇਕ ਪਾਸੇ ਸਾਨੂੰ ਸ਼ੈਲੀ ਦੇ ਬੜੇ ਸੂਖਮ ਅਤੇ ਨਿੱਜੀ ਫਰਕ ਦਰਸਾ ਸਕਦਾ ਹੈ ਅਤੇ ਦੂਜੇ ਪਾਸੇ ਸਮੁੱਚੇ ਤੌਰ ਤੇ ਸ਼ੈਲੀ ਦੀ ਸਥਿਰਤਾ ਜਾਂ ਠੁਕ ਪ੍ਰਤੱਖ ਕਰ ਸਕਦਾ ਹੈ। ਇੰਜੇ ਹੀ ਗੋਸ਼ਟਾਂ ਦਾ ਅਧਿਅਨ ਵੱਖ ਵੱਖ ਮਤਾਂ ਤੇ ਵਿਚਾਰਾਂ ਨੂੰ ਪ੍ਰਗਟਾਉਂਦੇ ਸ਼ਬਦਾਂ, ਵਾਕ ਬਣਤਰਾਂ, ਉਨ੍ਹਾਂ ਦੀ ਦਾਰਸ਼ਨਿਕ ਜਟਲਿਤਾ ਦੀਆਂ ਲੋੜਾਂ ਪੂਰੀਆਂ ਕਰਦੇ, ਸ਼ਬਦ, ਵਾਕ, ਪ੍ਰਗਟਾਵੇ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਤਰਕ ਪੱਕਾ ਹੋਣ ਤੇ ਸ਼ਬਦਾਂ ਦੀ ਚੋਣ ਅਤੇ ਰਾਗਤਮਿਕਤਾ ਕਿਵੇਂ ਵਧਦੀ ਹੈ, ਸਪਸ਼ਟਤਾ, ਅਰਥ ਭਰਪੂਰਤਾ ਕਿਵੇਂ ਆਉਂਦੀ ਹੈ। ਤਰਕ ਵਿਸ਼ਵਾਸ਼ ਦਾ ਰੂਪ ਧਾਰਨ ਕਰਦੇ ਹਨ ਤਾਂ ਰਵਾਨੀ ਕਿਵੇਂ ਵਧਦੀ ਹੈ। ਦਲੀਲ ਹਥੋਂ ਨਿਕਲਦੀ ਹੈ ਤਾਂ ਹਾਜ਼ਰ-ਜੁਆਬੀ, ਵਾਕ ਯੁਧ-ਨੀਤੀ ਆਪਣੇ ਮਜ਼ਬੂਤ ਨੁਕਤਿਆਂ ਦੀ ਵਿਆਖਿਆ ਕਿਵੇਂ ਲੰਮੀ ਹੁੰਦੀ ਹੈ ਅਤੇ ਵਿਰੋਧੀ ਦੀ ਕਿਸੇ ਨਿਰਬਲ ਉਕਤੀ ਉਤੇ ਸ਼ਬਦ ਉਪਰ ਹਮਲਾ ਕਿਵੇਂ ਹੁੰਦਾ ਹੈ। ਇਹ ਸਾਰਾ ਕੁਝ ਸ਼ੈਲੀ ਦਾ ਅਧਿਅਨ ਤਾਂ ਹੈ ਹੀ, ਤੱਤਕਾਲੀ ਛਿਣ-ਛਿਣ ਅੰਦਰਲੇ ਨੂੰ ਜਾਨਣ ਦਾ ਸੁਆਦਲਾ ਮੁਸ਼ਾਹਿਦਾ ਵੀ ਹੈ।

ਇੰਜੇ ਹੀ ਪੁਰਾਤਨ ਅਨੁਵਾਦ ਅਤੇ ਟੀਕੇ ਉਸ ਹਦ ਤਕ ਸ਼ੈਲੀ ਅਧਿਅਨ ਦੇ ਮਾਧਿਅਮ ਹਨ, ਜਿਸ ਹਦ ਤਕ ਸ਼ੈਲੀ ਵਿਚ ਬਾਹਰਲੇ ਵਿਸ਼ੇ ਤੇ ਵਸਤੂ ਦੇ ਆਉਣ ਨਾਲ ਸ਼ਬਦ, ਵਿਚਾਰਾਂ ਤੇ ਉਨ੍ਹਾਂ ਦੇ ਰਚਣ-ਪ੍ਰਗਟਣ ਦਾ ਇਕ ਨਵਾਂ ਵਰਤਾਰਾ ਪੈਦਾ ਹੁੰਦਾ ਹੈ।

ਪਾਰਸ ਭਾਗ ਅਤੇ ਯੋਗ ਵਾਸ਼ਿਸ਼ਟ ਜਹੀਆਂ ਪੁਸਤਕਾਂ ਦਾ ਸ਼ੈਲੀ-ਅਧਿਅਨ ਜੇ ਮੂਲ ਪਾਠਾਂ ਨੂੰ ਸਾਹਮਣੇ ਰਖਕੇ ਕੀਤਾ ਜਾਏ ਤਾਂ ਇਹ ਪੰਜਾਬੀ ਵਾਰਤਕ ਉਪਰ ਫਾਰਸੀ ਅਤੇ ਸੰਸਕ੍ਰਿਤ ਸ਼ਬਦਾਵਲੀ ਦੇ ਆ ਰਹੇ ਅਸਰਾਂ ਨੂੰ ਸਮਝਣ, ਮਾਪਣ ਲਈ ਸਹਾਈ ਹੁੰਦਾ ਹੈ। ਇਹ ਪੰਜਾਬੀ ਵਾਰਤਕ ਨੂੰ ਲੋਕ-ਬੋਲੀ ਅਤੇ ਬਾਹਰਮੁਖੀ ਵਿਸ਼ਿਆਂ ਤੋਂ ਸ਼ਾਸਤ੍ਰੀ ਭਾਸ਼ਾ ਅਤੇ ਰਸਮੀ ਬੋਲੀ (Formal speech) ਵੱਲ ਵਧਦਿਆਂ ਤੇ ਵੱਟਦਿਆਂ ਦਰਸਾ ਸਕਦਾ ਹੈ, ਸਮੇਤ ਪੂਰੀ ਪਰਕਿਰਿਆ ਦੇ।

ਭਾਈ ਮਨੀ ਸਿੰਘ ਦੀਆਂ ਭਗਤ ਮਾਲ ਅਤੇ ਗਿਆਨ ਰਤਨਾਵਲੀ ਦਾ ਸ਼ੈਲੀ-ਅਧਿਅਨ ਦਰਸਾਉਂਦਾ ਹੈ ਕਿ ਭਾਸ਼ਾ ਵਿਚ ਪੰਜਾਬੀਅਤ ਦਾ ਕਿਵੇਂ ਠੁਕ ਬੱਝ ਰਿਹਾ ਹੈ, ਪ੍ਰਗਟਾਵੇ ਵਿਚ ਕਿਵੇਂ ਸਰਲਤਾ ਸਪਸ਼ਟਤਾ ਤੇ ਸੁਰ ਰਵਾਨੀ ਅਤੇ Phonetic eloquence ਉਚਾਰਣ ਵਾਂਗ ਅਲਾਪ ਆ ਗਿਆ ਹੈ, ਜਿਹੜਾ ਰਾਗਾਤਮਿਕਤਾ ਦੀਆਂ ਕੰਨੀਆਂ ਛੁਹ-ਛੁਹ ਪਿਆ ਜਾਂਦਾ ਹੈ। ਹੋਰ ਵਿਸ਼ਲੇਸ਼ਨਾਤਮਕ ਅਧਿਅਨ, ਸ਼ਾਇਦ ਸਾਡੀਆਂ ਨਜ਼ਰਾਂ ਉਸ ਦੂੰਦ ਤੇ ਜਾ ਪੁਚਾਏ ਕਿ ਅਜਿਹੀਆਂ ਸ਼ਰਧਾ ਵੱਸ ਹੋ ਕੇ ਲਿਖੀਆਂ ਕਿਰਤਾਂ ਕਿਸੇ [illegible] ਸ਼ੈਲੀ ਵਾਲੀਆਂ ਹੋ ਜਾਂਦੀਆਂ ਸਨ [illegible] ਉਹ ਇਤਿਹਾਸ ਵਜੋਂ ਆਪਣੀ ਪਰਮਾਣੀਕਤਾ ਵੀ ਗੁਆ ਬੈਠਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਵਾਰਤਕ ਰਚਨਾ ਬਹੁਤ ਘਟ ਹੋਈ ਹੈ। ਤਾਂ ਵੀ ਜੇ ਇਸ ਦਾ ਸ਼ੈਲੀ–ਅਧਿਅਨ ਕੀਤਾ ਜਾਏ ਤਾਂ ਅਜੋਕੇ ਸਾਹਿਤਕ ਵਿਕਾਸ ਨੂੰ ਇਸ ਦੇ ਬਹੁਤ ਲਾਭ ਹੋ ਸਕਦੇ ਹਨ। ਸ਼ੈਲੀ ਕਿਉਂਕਿ ਨਿਜੀ ਹੈ ਇਸ ਲਈ ਸ਼ੈਲੀ ਦੇ ਤੁੱਲਨਾਤਮਿਕ ਅਧਿਅਨ ਦੇ ਆਧਾਰ ਤੇ ਵਾਰਤਕ ਅਤੇ ਇਕ ਹੱਦ ਤਕ ਕਵਿਤਾ ਦੇ ਪ੍ਰਮਾਣੀਕ ਪਾਠ–ਸੰਪਾਦਨ ਵਿਚ ਬਹੁਤ ਸਹਾਇਤਾ ਮਿਲ ਸਕਦੀ ਹੈ। ਇਸ ਤੋਂ ਬਿਨਾਂ ਇਕ ਕਸੌਟੀ ਸੰਬੰਧੀ ਸਮਝ, ਸਾਹਿਤਕ ਪਿੜ ਵਿਚ ਤਿਆਰ ਹੋ ਸਕਦੀ ਹੈ, ਜਿਸ ਤੇ ਰਗੜ ਕੇ ਅਜੋਕੇ ਕਈ ਬੋਹੜ ਜਿੱਡੇ ਜਾਪਦੇ ਸਾਹਿਤਕਾਰ ਦਿੱਸ ਪੈਣਗੇ ਕਿ ਇਹ ਤਾਂ ਅਸਲੋਂ ਢਲਦੀਆਂ ਧੁੱਪਾਂ ਦੇ ਪਰਛਾਵੇਂ ਹਨ ਜਿਹੜੇ ਅੰਗਰੇਜ਼ੀ ਜਾਂ ਹੋਰ ਕਿਸੇ ਭਾਸ਼ਾ ਵਿਚ ਸੋਚਦੇ ਅਤੇ ਪੰਜਾਬੀ ਵਿਚ ਲਿਖ ਮਾਰਦੇ ਹਨ।

ਪੰਜਾਬੀ ਵਾਰਤਕ ਵਿਚ ਰਾਜਨੀਤੀ ਸੰਬੰਧੀ, ਦਾਰਸ਼ਨਿਕ ਅਤੇ ਤਕਨੀਕੀ ਸਾਹਿਤ ਦੀ ਘਾਟ ਹੈ। ਸਾਹਿਤਕ ਮੰਡੀ ਦੀ ਲੋੜ ਅਜਿਹੇ ਵਿਸ਼ਿਆਂ ਦੇ ਉਪਰ ਸਾਡੇ ਪ੍ਰਸਿੱਧ ਵਾਰਤਕ ਲਿਖਾਰੀਆਂ ਨੂੰ ਕੁਝ ਲਿਖਣ ਲਈ ਪ੍ਰੇਰਦੀ ਹੈ ਤਾਂ ਉਹ ਆਪਣੇ ਸਤਹੀ ਤੇ ਕੱਚੇ–ਭੁੰਨੇ ਗਿਆਨ ਨੂੰ ਅਲੰਕ੍ਰਿਤ ਭਾਸ਼ਾ ਤੇ ਸੋਣ–ਰੰਗੀ ਸ਼ਬਦਾਵਲੀ ਵਿਚ ਗਲੇਫ ਕੇ ਹੀ ਲੁਕਾਉਂਦੇ ਹਨ ਅਤੇ ਭਾਸ਼ਾ ਦੇ ਇਸ ਦਾਅ–ਪੇਚ ਨੂੰ ਉਨ੍ਹਾਂ ਦੀ ਵਿਲੱਖਣਤਾ ਜਾਂ ਨਿੱਜੀ ਸ਼ੈਲੀ ਦਾ ਨਾਂ ਦਿਤਾ ਜਾਂਦਾ ਹੈ। 'ਜਿਹੋ ਜਿਹਾ ਵਿਸ਼ਾ ਵਸਤੂ ਉਹੋ ਜੇਹੀ ਸ਼ੈਲੀ'– ਇਸ ਆਧਾਰ ਤੇ ਸ਼ੈਲੀ ਦਾ ਅਧਿਅਨ ਸਾਡੇ ਤੇ ਸਪਸ਼ਟ ਕਰ ਸਕਦਾ ਹੈ ਕਿ ਅਜਿਹੀਆਂ ਕਿਰਤਾਂ ਵਿਚ ਲੇਖਕ ਕਿਵੇਂ ਇੰਨ ਬਿੰਨ ਤੱਥਾਂ ਨੂੰ ਪ੍ਰਗਟਾਉਂਦੇ ਸ਼ਬਦਾਂ ਦੀ ਥਾਂ ਅਜਿਹੇ ਮਨ–ਮੂੰਹਦੇ ਸ਼ਬਦਾਂ ਦੀ ਵਰਤੋਂ ਕਰਦੇ ਹਨ ਜਿਨ੍ਹਾਂ ਵਿਚ ਰਾਗਾਤਮਿਕਤਾ ਤਾਂ ਹੁੰਦੀ ਹੈ, ਸਪਸ਼ਟਤਾ ਨਹੀਂ। ਲੇਖਕ ਦੀ ਸਮਾਸ ਬਨਾਉਣ ਦੀ ਤਰਕੀਬ ਅਤੇ ਤਰਤੀਬ ਦੇ ਪ੍ਰਸ਼ੰਸਕ ਅਸੀਂ ਬਣ ਜਾਂਦੇ ਹਾਂ ਪਰ ਵਿਸ਼ੇ ਦਾ ਗਿਆਨ ਹੱਥੋਂ ਛੁਟਕਦਾ ਦਿਸਦਾ ਹੈ। ਉਪਮਾਵਾਂ ਅਜਿਹੀ ਮੀਨਾਕਾਰੀ ਵਾਂਗ ਜੜੀਆਂ ਹੁੰਦੀਆਂ ਹਨ ਕਿ ਤੱਥ ਦਾ ਪ੍ਰਕਾਸ਼ ਉਸ ਗਿਆਨ ਦੀ ਸੂਚਨਾ, ਜਿਹੜੀ ਲੇਖਕ ਸਾਡੇ ਤੱਕ ਪੁਚਾਉਣੀ ਚਾਹੁੰਦਾ ਹੈ, ਨਹੀਂ ਪੁੱਜਦੀ। ਵਾਕਾਂ ਦੀ ਗੋਂਦ ਅਜਿਹੀ ਲੱਛੇਦਾਰ ਤਾਂ ਹੁੰਦੀ ਹੈ ਕਿ ਪਾਠਕ ਇਕ ਇਕ ਵਾਕ ਪੜ੍ਹਨ ਮਗਰੋਂ ਲੇਖਕ ਉਪਰ ਬਲਿਹਾਰ ਪਿਆ ਹੁੰਦਾ ਹੈ। ਅਜਿਹੀ ਅਵਸਥਾ ਵਿਚ ਸੁਰਤ ਉਦੋਂ ਆਉਂਦੀ ਹੈ ਜਦ ਕੋਈ ਪੂਰੀ ਰਚਨਾ ਜਾਂ ਨਿਬੰਧ ਖਤਮ ਹੋ ਜਾਂਦਾ ਹੈ ਤੇ ਹੱਥ ਵਿਚੋਂ ਪ੍ਰਕਰਣ ਦੀ ਤੰਦ ਨਿਕਲ ਚੁਕੀ ਹੁੰਦੀ ਹੈ ਜਾਂ ਗਿਆਨ ਦੀ ਸਮੁੱਚੀ ਤੰਦ ਕੋਈ ਹੁੰਦੀ ਹੀ ਨਹੀਂ। ਅਸਲ ਵਿਚ ਪ੍ਰਗਟਾਵੇ ਦੀ ਸਰਲਤਾ ਤੇ ਸਪਸ਼ਟਤਾ ਅਤੇ ਨੀਯਤ ਦੀ ਈਮਾਨਦਾਰੀ ਦੋ ਚੀਜ਼ਾਂ ਨਹੀਂ।

ਅੱਜ ਪੁਰਾਤਨ ਵਾਰਤਕ ਸ਼ੈਲੀ ਦੇ ਗੰਭੀਰ ਅਧਿਅਨ ਦੀ ਲੋੜ ਏਨੀ ਹੀ ਮਹਤਵ ਪੂਰਨ ਹੈ, ਜਿੰਨਾ ਔਖਾ ਅੱਜ ਸਹਿਤ ਸਮੀਖਿਆ, ਸਿਧਾਂਤਕ ਅਤੇ ਭਾਵਕ ਜਟਿਲਤਾਵਾਂ ਅਤੇ ਸਾਇੰਸਾਂ ਦੇ ਜੀਵਨ ਅਤੇ ਸਾਹਿਤ ਉਪਰ ਆ ਰਹੇ ਪ੍ਰਭਾਵ ਨੂੰ ਅੰਕਤ ਕਰਨਾ ਹੈ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਸ਼ਾ ਵਿਗਿਆਨ

ਲੇਖਕ ਦਾ ਵਿਚਾਰ ਹੈ:

''(ਵਸਤਾਂ) ਨਾਂਵ ਅਤੇ (ਵਰਤਾਰਿਆਂ-ਕਰਮਾਂ) ਕਿਰਿਆ ਦੇ ਅਰਥ-ਭੇਦ ਦੀ ਸੋਝੀ,
ਵਿਆਕਰਣ ਦੀ ਬੁਨਿਆਦ ਸੀ
ਅਤੇ ਸਮਾਂ ਪਾ ਕੇ ਨਾਂਵ ਅਤੇ ਕਿਰਿਆ;
ਨਾਂਵ ਅਤੇ ਵਿਸ਼ੇਸ਼ਣ ਆਦਿਕ ਦਾ
ਉਚਾਰਣ-ਅੰਤਰ ਮੁਢਲੇ ਵਿਆਕਰਣਕ ਨਿਯਮਾਂ ਵਿਚੋਂ ਇਕ ਬਣਿਆ''

ਭਾਸ਼ਾ ਅਤੇ ਵਿਆਕਰਨ ਦੀ ਕਾਰਣ-ਸਾਮਗ੍ਰੀ

ਭਾਸ਼ਾ ਸੈਣਤਾਂ ਤੋਂ ਉਪਜੀ ਹੋਵੇ, ਪਸ਼ੂ-ਜੀਵਣ ਦੀ ਵਿਰਾਸਤ ਜਾਂ ਨਕਲ ਵਿਚੋਂ ਮਿਲੀਆਂ ਹਰਖ-ਸੋਗ ਦੀਆਂ ਹੁੰਆਕਣੀਆਂ-ਚੀਕਾਂ ਤੋਂ, ਸਪਸ਼ਟ ਇਹ ਜ਼ਰੂਰ ਹੈ, ਕਿ ਇਸ ਦੀ ਹੋਂਦ ਅਤੇ ਵਿਕਾਸ ਦਾ ਆਧਾਰ ਆਪੇ-ਪ੍ਰਗਟਾਵੇ ਦੀ ਲੋੜ ਹੈ। ਇਹ ਆਪਾ-ਪ੍ਰਗਟਾਵਾ ਅਜੋਕੀ ਦਾਰਸ਼ਨਿਕ ਧਾਰਨਾ ਜਾਂ ਸਾਹਿਤਕ ਅਰਥਾਂ ਵਾਲਾ ਆਪਾ-ਪ੍ਰਗਟਾਵਾ ਨਹੀਂ, ਸਗੋਂ ਇਸ ਦਾ ਲੱਛਣੀ ਰੂਪ ਸੂਚਨਾਤਮਿਕ ਹੈ।

ਮਨੁੱਖੀ ਲੋੜਾਂ ਮੁਢ ਤੋਂ ਹੀ ਪਦਾਰਥਕ ਅਤੇ ਮਾਨਸਿਕ ਰਹੀਆਂ ਹਨ। ਪਦਾਰਥਕ ਲੋੜਾਂ ਨੂੰ ਪੂਰਾ ਕਰਨ ਲਈ ਹੋਂਦ ਵਿਚ ਆਈ ਸ਼ਬਦਾਵਲੀ, ਅਰੰਭ ਸਮੇਂ ਸਮੂਚੇ ਰੂਪ ਵਿਚ ਸਮੂਹਿਕ ਅਤੇ ਅਚੇਤ ਯਤਨਾਂ ਦਾ ਪ੍ਰਤੀਫਲ ਹੁੰਦੀ ਹੈ।

ਮੁੱਢਲੇ ਮਨੁੱਖੀ ਵਾਹ ਅਤੇ ਗਿਆਨ ਹੇਠ ਆਏ ਪਦਾਰਥਾਂ ਜਾਂ ਵਸਤਾਂ ਦੇ ਨਾਂ (ਵਿਆਕਰਣ ਵਿਚ ਨਾਂਵ) ਬਹੁਤ ਲੰਮੇ ਸਮਾਜਕ ਘਟਨਾ-ਪ੍ਰਵਾਹ ਅਤੇ ਵਧੇਰੇ ਸੂਖਮ ਰੂਪ ਰਾਹੀਂ ਹੋਂਦ ਵਿਚ ਆਉਂਦੇ ਹਨ। ਇਸੇ ਲਈ ਨਾਂਵ ਹੀ ਨਹੀਂ – ਸਭ ਪ੍ਰਕਾਰ ਦੇ ਸ਼ਬਦਾਂ ਦੇ ਕ੍ਰਮਬਧ ਤੇ ਨਿਯਮਤ ਸੰਗ੍ਰਹਿ – ਭਾਸ਼ਾ-ਸੰਬੰਧੀ, ਮਾਰਕਸਵਾਦ ਦਾ ਵਿਚਾਰ ਹੈ, ਕਿ ਇਹ ਇਖਲਾਕੀ ਕੀਮਤਾਂ, ਪਹਿਰਾਵੇ ਅਤੇ ਚੱਜ ਅਚਾਰ ਜਹੇ ਅੰਡਬਰੀ ਵਰਤਾਰਿਆਂ ਵਾਂਗ ਇਕੋ ਆਰਥਕ ਪ੍ਰਬੰਧ ਦੀ ਨੀਂਹ ਉਪਰ ਖਲੋਤੀ ਵਸਤੂ ਨਹੀਂ, ਸਗੋਂ ਕਈ ਆਰਥਕ ਪ੍ਰਬੰਧਾਂ ਦੀਆਂ ਨੀਹਾਂ ਉਪਰ ਉਸਰਿਆ ਇਕ ਵਰਤਾਰਾ ਹੈ।

ਸਮਾਜਕ ਅਮਲਾਂ ਕਾਰਣ ਭੌਤਿਕ ਉਪਜ ਵਿਚ ਜਦ ਵਾਧਾ ਹੁੰਦਾ ਹੈ; ਨਵੀਆਂ ਵਸਤਾਂ ਜਾਂ ਜਿਨਸਾਂ ਹੋਂਦ ਜਾਂ ਮਨੁੱਖੀ ਗਿਆਨ ਵਿਚ ਆਉਂਦੀਆਂ ਹਨ, ਤਾਂ ਨਵੇਂ ਨਾਂਵ ਜਨਮ ਲੈਂਦੇ ਹਨ।

ਨਾਵਾਂ ਦਾ ਇਹ ਵਾਧਾ ਵੀ ਕਈ ਪ੍ਰਕਾਰ ਦਾ ਹੁੰਦਾ ਹੈ।

ਮਨੁੱਖ ਨਵੀਆਂ ਵਸਤਾਂ ਪੈਦਾ ਕਰਦਾ ਹੈ ਜਾਂ ਆਪਣੇ ਪ੍ਰਾਕਰਮੀ ਸੁਭਾਓ ਤੇ ਖੋਜੀ ਆਦਤ ਕਾਰਣ ਨਵੀਆਂ ਵਸਤਾਂ ਲੱਭ ਲੈਂਦਾ ਹੈ ਤਾਂ ਨਵੇਂ ਉਚਾਰਣ ਜਾਂ ਨਵੀਂ ਧੁਨੀ ਵਾਲੇ ਨਾਂਵ ਹੋਂਦ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਂਦੇ ਹਨ। ਕਈ ਵਾਰ ਅਤੇ ਬਹੁਤੀ ਵਾਰ; ਉਹ ਨਵੀਆਂ ਵਸਤਾਂ ਦੇ ਨਾਂ, ਰੂਪ ਵਿਚ ਰਲਦੀਆਂ ਵਸਤਾਂ ਦੇ ਪ੍ਰਚੱਲਤ ਨਾਂ ਨਾਲ, ਨਵੀਂ ਵਸਤ ਦੇ ਵਿਸ਼ੇਸ਼ ਰੂਪ ਜਾਂ ਸਿਫਤ ਨੂੰ ਮਿਲਾ ਕੇ ਰਖ ਲੈਂਦਾ ਹੈ। ਇਸ ਤਰ੍ਹਾਂ ਵੀ ਨਵੇ ਨਾਂਵ ਹੋਂਦ ਵਿਚ ਆਉਂਦੇ ਹਨ। ਆਰੀਏ ਜਦੋਂ ਭਾਰਤ ਵਿਚ ਆਏ ਤਾਂ ਉਹ ਤਾਂਬੇ ਨੂੰ ਹੋਰਨਾਂ ਵਸਤਾਂ ਨਾਲੋਂ ਸਖਤ ਹੋਣ ਕਾਰਨ 'ਲੋਹ' ਕਹਿੰਦੇ ਸਨ ਪਰ ਜਦੋਂ ਉਹ ਧਾਤ ਲਭ ਪਈ ਜਿਸ ਨੂੰ ਅਜ ਲੋਹਾ ਕਹਿੰਦੇ ਹਨ ਤਾਂ ਇਸ ਨਵੀਂ ਵਸਤ ਦਾ ਨਾਂ ਰਖਣ ਦੀ ਲੋੜ ਪਈ। ਇਹ ਨਵੀਂ ਲੱਭੀ ਧਾਤ, ਰੂਪ ਵਿਚ ਕਾਲੀ ਵੀ ਸੀ। ਇਸ ਲਈ ਲੋਹੇ ਨੂੰ ਕੁਝ ਚਿਰ 'ਕ੍ਰਿਸ਼ਨ ਲੋਹ' (ਕਾਲਾ ਲੋਹਾ) ਕਿਹਾ ਜਾਂਦਾ ਰਿਹਾ। ਇਸ ਨਵੀਂ ਲੱਭੀ ਵਸਤ ਦਾ ਨਾਂ ਪਹਿਲਾਂ ਦੇ ਇਕ ਪ੍ਰਚੱਲਤ ਨਾਂਵ ਵਿਚ ਵਿਸ਼ੇਸ਼ਣ 'ਕ੍ਰਿਸ਼ਨ' ਲਾ ਕੇ ਰਖਿਆ ਗਿਆ ਅਤੇ ਇੰਜ ਇਕ ਨਵਾਂ ਨਾਂਵ ਹੋਂਦ ਵਿਚ ਲਿਆਂਦਾ ਗਿਆ। ਨਵੀਆਂ ਵਸਤਾਂ ਲਈ ਨਿਯਤ ਕੀਤੇ ਗਏ ਇਸ ਪ੍ਰਕਾਰ ਦੇ ਸ਼ਬਦ ਆਮ ਤੌਰ ਤੇ ਸਮਾਸ ਰੂਪ ਵਿਚ ਹੁੰਦੇ ਸਨ। ਫ਼ਾਰਸੀ ਸ਼ਬਦਾਵਲੀ ਵਿਚ ਖਾਸ ਕਰਕੇ ਅਤੇ ਬਾਕੀ ਭਾਸ਼ਾਵਾਂ ਵਿਚ ਆਮ ਕਰਕੇ; ਸਮਾਸ ਨਾਵਾਂ ਦੀ ਗਿਣਤੀ ਸਿੱਧ ਕਰਦੀ ਹੈ ਕਿ ਇਨ੍ਹਾਂ ਭਾਸ਼ਾਵਾਂ ਵਿਚ ਨਵੀਆਂ ਵਸਤਾਂ ਦੇ ਲਭਣ ਜਾਂ ਜਾਨਣ ਮਗਰੋਂ ਨਾਂਵ-ਰਚਨਾ ਦਾ ਉਪਰੋਕਤ ਢੰਗ ਕਿਸ ਹਦ ਤਕ ਅਪਣਾਇਆ ਜਾਂਦਾ ਹੋਵੇਗਾ।

ਸਮਾਂ ਪਾ ਕੇ ਇਕ ਲੰਮੇ ਪ੍ਰਚਲਣ ਮਗਰੋਂ ਸਮਾਸ ਸ਼ਬਦ ਸੰਪੂਰਨ ਜਾਂ ਇਕ ਸਜੁੜਤ ਸ਼ਬਦ ਸਮਝੇ ਜਾਣ ਲਗ ਪੈਂਦੇ ਹਨ, ਅਤੇ ਹੋਰ ਨਵੀਆਂ ਵਸਤਾਂ ਦੇ ਪ੍ਰਗਟ ਹੋਣ ਮਗਰੋਂ, ਉਨ੍ਹਾਂ ਨਾਲ ਫੇਰ ਇਕ ਵਾਰ, ਨਾਂਵ ਜਾਂ ਵਿਸ਼ੇਸ਼ਣ ਜੁੜ ਕੇ, ਸਮਾਸ ਸ਼ਬਦਾਂ ਨੂੰ ਜਨਮ ਦੇਂਦੇ ਹਨ।

ਮਨ ਉਪਰ ਨਵੀਆਂ ਵਸਤਾਂ-ਵਰਤਾਰਿਆਂ ਦੇ ਪਏ ਪ੍ਰਭਾਵਾਂ ਤੋਂ ਪੈਦਾ ਹੋਏ ਭਾਵਾਂ ਨੂੰ ਜਗਤ-ਪ੍ਰਤੱਖ ਵਿਚ ਪ੍ਰਗਟਾਉਣ ਲਈ ਵੀ ਨਾਵਾਂ ਦਾ ਵਿਕਾਸ ਹੁੰਦਾ ਹੈ। ਭਾਵ; ਜਦੋਂ ਮਨ ਵਿਚ ਹੋਣ ਤਾਂ ਉਹ ਸੂਖ਼ਮ ਹਨ, ਮਨ ਦੀ ਇਕ ਅਦਿੱਖ ਕਿਰਿਆ-ਮਾਤ੍ਰ ਹਨ, ਪਰ ਸਾਹ ਦੇ ਜ਼ੋਰ, ਕੰਠ-ਤੰਤੂਆਂ ਰਾਹੀਂ ਜੀਭ ਦੀ ਨੋਕ ਉਪਰ ਆਉਂਦਿਆਂ ਹੀ ਉਹ ਸਥੂਲ ਹੋ ਜਾਂਦੇ ਹਨ।

ਇਸੇ ਲਈ ਭਾਸ਼ਾ ਨੂੰ ਭਾਵਾਂ ਦਾ ਸਥੂਲ ਰੂਪ ਕਿਹਾ ਗਿਆ ਹੈ।

ਇਸ ਘਟਨਾ-ਪ੍ਰਵਾਹ ਰਾਹੀਂ ਹੋਂਦ ਵਿਚ ਆਏ ਸ਼ਬਦ ਭਾਵਵਾਚਕ ਨਾਂਵ ਅਖਵਾਉਂਦੇ ਹਨ। ਚਾਹੇ ਨਾਂਵ ਵਿਅਕਤੀਆਂ, ਵਸਤਾਂ ਅਤੇ ਸਮੂਹਾਂ ਦੀ ਹੋਂਦ ਦੇ ਸਿੱਧੇ ਪ੍ਰਤੀਨਿਧ ਹਨ, ਪਰ ਭਾਵਵਾਚਕ ਨਾਂਵ, ਸਮਾਜਕ ਸੰਬੰਧਾਂ ਤੇ ਵਰਤਾਰਿਆਂ ਦੇ ਮਨ ਉਪਰ ਪਏ ਪ੍ਰਭਾਵਾਂ ਤੇ ਅਨੁਭਵਾਂ ਦੀ ਦੇਣ ਹਨ।

ਇਤਹਾਸਕ ਪੱਖ ਤੋਂ ਭਾਵਵਾਚਕ ਨਾਂਵ ਦੇ ਵਿਕਾਸ ਨੂੰ ਵੇਖਿਆਂ ਇਕ ਕਮਾਲ ਦੀ ਸਚਾਈ ਸਾਹਮਣੇ ਆਉਂਦੀ ਹੈ:

ਮੁਢ ਦੇ ਭਾਵਵਾਚਕ ਨਾਂਵ ਦੁਨੀਆਂ-ਪ੍ਰਤੱਖ ਦੇ ਵਧੇਰੇ ਠਿਗਰ ਤੇ ਸਾਰਥਕ ਵਰਤਾਰਿਆਂ ਦੀ ਦੇਣ ਹਨ, ਜਿਵੇਂ ਭੁੱਖ, ਪਿਆਸ, ਠੰਡ, ਪੀੜ, ਸੁਆਦ, ਕੁੜਿਤੱਣ ਅਤੇ ਡਰ ਆਦਿਕ।

ਮਗਰੋਂ ਹੋਂਦ ਵਿਚ ਆਏ ਭਾਵਵਾਚਕ ਨਾਂਵ ਕਲਪਨਾ ਅਤੇ ਕਲਪਨਾ ਆਧਾਰ-ਚਿੰਤਨ ਦਾ ਪ੍ਰਤੀਫਲ ਹਨ ਜਿਵੇਂ ਆਨੰਦ, ਵਿਸਮਾਦ, ਸੱਚ, ਪਰਮਾਨੰਦ, ਮੁਕਤੀ ਆਦਿਕ।

ਇਤਿਹਾਸਕ ਪੱਖ ਤੋਂ ਸ਼ਬਦ-ਭੰਡਾਰ ਦੇ ਵਿਕਾਸ ਦਾ ਅਧਿਐਨ ਇਸ ਗ਼ਲ ਦੀ ਹਾਮੀ ਵੀ ਭਰਦਾ ਹੈ ਕਿ ਨਾਂਵਾਂ ਅਤੇ ਸ਼ਬਦਾਵਲੀ ਵਿਚ ਵਾਧਾ ਨਵੀਆਂ ਵਸਤਾਂ ਦੇ ਲਭਣ ਜਾਂ ਪ੍ਰਗਟ ਹੋਣ ਨਾਲ ਹੀ ਨਹੀਂ, ਸਗੋਂ ਕਿਸੇ ਭਾਸ਼ਾਈ ਇਲਾਕੇ ਵਿਚ ਨਵੇਂ-ਜਨ ਸਮੂਹਾਂ ਨਾਲ ਆਈਆਂ ਵਸਤਾਂ ਅਤੇ ਸ਼ਬਦਾਵਲੀ ਕਾਰਨ ਵੀ ਹੋ ਸਕਦਾ ਹੈ। ਇਕ ਭਾਸ਼ਾਈ ਜਨ-ਸਮੂਹ, ਦੂਜੇ ਭਾਸ਼ਾਈ ਇਲਾਕੇ ਵਿਚ ਵਧੇਰੇ ਕਰਕੇ ਹਮਲਾ-ਆਵਰ, ਆਬਾਦਕਾਰ ਜਾਂ ਬਿਉਪਾਰੀ ਦੇ ਰੂਪ ਵਿਚ ਜਾਂਦਾ ਰਿਹਾ ਹੈ। ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਵਕਤੀ ਜਾਂ ਸਥਾਈ ਤੌਰ ਤੇ ਕੰਮ ਚਲਾਉਣ ਲਈ, ਆਪਣੀ ਤੋਂ ਵਖਰੀ ਇਕ ਬੇਰੜਾ ਕਿਸਮ ਦੀ ਭਾਸ਼ਾ ਦੀ ਵਰਤੋਂ ਕਰਨੀ ਪੈਂਦੀ ਹੈ । ਇਸ ਲਈ, ਹਮਲਾ-ਆਵਰ ਜਾਂ ਬਿਉਪਾਰੀ ਨਹੀਂ ਪਰ ਹਮਲਾ ਤੇ ਬਿਉਪਾਰ ਭਾਸ਼ਾ-ਵਿਕਾਸ ਦਾ ਸੁਚੇਤ ਮਾਧਿਅਮ ਰਹੇ ਹਨ । ਹਮਲਾ-ਆਵਰ ਅਬਾਦਕਾਰ ਜਾਂ ਬਿਉਪਾਰੀ ਸਮੁਚੇ ਤੌਰ ਤੇ ਉਸ ਇਲਾਕੇ ਦੇ ਸ਼ਬਦ-ਭੰਡਾਰ, ਵਿਆਕਰਣ-ਨੇਮਾਂ ਅਤੇ ਭਾਸ਼ਾਈ ਪ੍ਰਤਿਭਾ ਦੇ ਘੇਰੇ ਵਿਚ ਰਹਿ ਕੇ ਉਸ ਇਲਾਕੇ ਦੀ ਭਾਸ਼ਾ ਵਿਚ ਦੋ-ਪੱਖੀ ਹਿੱਸਾ ਪਾਉਂਦਾ ਹੈ ।

ਉਹ ਆਪਣੇ ਨਾਲ ਲਿਆਂਦੀ ਸ਼ਬਦਾਵਲੀ ਰਾਹੀਂ ਇਲਾਕੇ ਦੇ ਸ਼ਬਦ ਭੰਡਾਰ ਨੂੰ ਅਮੀਰ ਬਣਾਉਂਦਾ ਹੈ ਅਤੇ ਭਾਸ਼ਾ ਵਿਚ ਵਿਜੋਗਾਤਮਿਕਤਾ ਦਾ ਝੁਕਾਅ ਲਿਆਉਂਦਾ ਹੈ ।

ਉਹ ਇਲਾਕੇ ਦੀ ਪ੍ਰਚਲਤ ਸ਼ਬਦਾਵਲੀ ਦਾ, ਆਪਣੇ ਕੰਠ-ਤੰਤੂਆਂ ਅਤੇ ਧੁਨੀ-ਤੱਤ ਅਨੁਸਾਰ ਉਚਾਰਣ ਕਰਦਾ ਹੈ ।

ਇਸ ਤੋਂ ਸ਼ਬਦਾਵਲੀ ਦਾ ਪ੍ਰਚੱਲਤ ਉਚਾਰਣ ਬਦਲ ਜਾਂਦਾ ਹੈ, ਜਿਵੇਂ ਇਸਲਾਮੀ ਦੇਸ਼ਾਂ ਤੋਂ ਆਏ ਲੋਕਾਂ ਦਾ ਸ਼ਬਦ ਸਿੰਧੂ, ਨੂੰ 'ਹਿੰਦੂ' ਬਣਾ ਦੇਣਾ । ਕਈ ਵਾਰ ਇਕੋ ਜਨ-ਸਮੂਹ ਦਾ ਵਖਰੇ ਪੌਣ-ਪਾਣੀ ਦੇ ਖੇਤਰ ਵਿਚ ਢੇਰ ਚਿਰ ਤਕ ਵੱਸਦੇ ਰਹਿਣ ਕਾਰਣ ਸ਼ਬਦਾਂ ਦੇ ਪਹਿਲੇ ਉਚਾਰਣ ਵਿਚ ਫਰਕ ਪੈ ਜਾਂਦਾ ਹੈ । ਜਿਵੇਂ ਵੇਦਕ ਕਾਲ ਦਾ ਆਰੀਆ ਸ਼ਬਦ 'ਜਨ' ਸਮਾਂ ਪਾ ਕੇ 'ਗਨ' ਵਿਚ ਬਦਲ ਗਿਆ । ਪ੍ਰਾਕਿਰਤਕ ਕਾਲ ਅਤੇ ਹੋਰ ਮਗਰੋਂ ਅਪਭਰੰਸ਼ ਅਤੇ ਆਧੁਨਿਕ-ਆਰੀਆ-ਭਾਸ਼ਾ ਕਾਲਾਂ ਵਿਚ ਤਦਭਵਿਆਉਣ ਦਾ ਡਾਢਾ ਚੱਕਰ ਚਲਿਆ । ਭਾਸ਼ਾ ਵਿਗਿਆਨ ਵਿਚ ਉਚਾਰਣ ਦੇ ਇਸ ਬਦਲੇ ਰੂਪ ਨੂੰ ਤਦਭਵ ਕਿਹਾ ਜਾਂਦਾ ਹੈ । ਅਤੇ ਮੁਢਲੇ ਰੂਪ ਨੂੰ ਤਤਸਮ ।

ਤਦਭਵ ਦਾ ਸੰਬੰਧ ਵਿਸ਼ੇਸ਼ ਉਚਾਰਣ ਅਤੇ ਨਵੇਕਲੇ ਧੁਨੀ ਤੱਤ ਨਾਲ ਹੋਣ ਕਾਰਣ ਤਦਭਵ ਰੂਪ ਨਾਵਾਂ ਵਿਚ ਹੀ ਨਹੀਂ, ਸਮੁਚੀ ਸ਼ਬਦਾਵਲੀ ਵਿਚ ਆਉਂਦਾ ਹੈ । ਇੰਜ ਲੋਕਾਂ ਦਾ ਸਥਾਨ-ਪ੍ਰੀਵਰਤਨ ਉਪ-ਭਾਸ਼ਾਵਾਂ ਦੇ ਨਿਕਾਸ ਅਤੇ ਅਗੋਂ ਉਨ੍ਹਾਂ ਉਪ-ਭਾਸ਼ਾਵਾਂ ਦੇ ਪੂਰਣ ਭਾਸ਼ਾਵਾਂ ਦੇ ਰੂਪ ਵਿਚ ਵਿਕਸਿਤ ਹੋਣ ਦਾ ਇਕ ਕਾਰਣ ਬਣਦਾ ਹੈ ।

ਕਿਹਾ ਜਾ ਸਕਦਾ ਹੈ ਕਿ ਤਦਭਵ; ਭਾਸ਼ਾ ਵਿਚ ਗਣਿਤਾਤਮਿਕ ਤਬਦੀਲੀ ਦਾ ਕਾਰਨ ਹੈ, ਅਤੇ ਤਦਭਵਿਆਉਣ ਦਾ ਆਧਾਰ ਨਿਰੋਲ ਤੇ ਮੁਢਲੇ ਰੂਪ ਵਿਚ ਕੰਠ-ਤੰਤੂ ਦਾ ਵਿਸ਼ੇਸ਼ ਧੁਨੀ-ਤੱਤ ਹੈ – ਜਾਂ ਸਿੱਧੇ ਸ਼ਬਦਾਂ ਵਿਚ; ਇਕ ਸ਼ਰੀਰਕ ਕਾਰਣ ਹੈ, ਜੋ ਆਪ ਪੌਣ ਪਾਣੀ ਉਪਰ ਅਧਾਰਿਤ ਹੈ । ਕਿਸੇ ਭਾਸ਼ਾ ਦੇ ਆਦਰਸ਼ਕ ਸਾਹਿਤਕਾਰ ਅਤੇ ਵਿਦਵਾਨ ਵੀ ਨਿਪਟ ਤਦਭਵ ਰੂਪ ਘੜ ਕੇ ਹੀ ਮਾਰਕੇਬਾਜ਼ੀ ਨਹੀਂ ਕਰਦੇ, ਸਗੋਂ ਉਪਰੋਕਤ ਲੀਹਾਂ ਉਪਰ ਚਲ ਕੇ ਤਦਭਵਿਆਉਣ ਦੀ ਕਿਰਿਆ ਸੁਚੇਤ ਰੂਪ ਵਿਚ ਕਰਦੇ ਹਨ ।

ਨਾਂਵ ਅਤੇ ਕਈ ਵਾਰ ਖਾਸ ਨਾਂਵ (Proper Noun) ਆਪਣੇ ਅਰਥ-ਪ੍ਰੀਵਰਤਨ ਕਾਰਨ ਵਿਸ਼ੇਸ਼ਣ ਅਤੇ ਅੱਲ (Slang) ਬਣ ਜਾਂਦੇ ਹਨ । ਚੰਗੇਜ਼, ਹਲਾਕੂ ਅਤੇ ਹਿਟਲਰ ਵਿਆਕਰਣਕ ਨੇਮਾਂ ਅਨੁਸਾਰ ਖਾਸ ਨਾਂਵ ਹਨ । ਭਾਰਤਵਾਸੀਆਂ ਲਈ ਚੰਗੇਜ਼ ਅਤੇ ਹਲਾਕੂ ਜ਼ਾਲਮ ਸਿੱਧ ਹੋਏ ਅਤੇ ਹਿਟਲਰ ਯੂਰਪੀ ਜਨਤਾ ਦੀ ਅੱਤ-ਘ੍ਰਿਣਾ ਦਾ ਕੇਂਦਰ ਬਣ ਗਿਆ । ਇਸੇ ਲਈ ਚੰਗੇਜ਼ ਤੇ ਹਲਾਕੂ ਅੱਜ ਵਿਸ਼ੇਸ਼ਣ ਬਣ ਚੁਕੇ ਹਨ; ਹਿਟਲਰ ਇਕ ਅੱਲ ਵੀ ਹੈ ਅਤੇ ਗਾਲ ਵੀ ।

ਜਿੱਥੇ ਵਸਤਾਂ ਦੀ ਹੋਂਦ ਉਪਰ ਨਾਂਵ ਆਧਾਰਿਤ ਹਨ, ਉਥੇ ਉਨ੍ਹਾਂ ਦੀ **ਗਿਣਤੀ** ਉਪਰ ਵਚਨ (Number) ਅਧਾਰਿਤ ਹਨ । ਵਚਨ, ਭਾਸ਼ਾ ਉਪਰ ਗਣਿਤ ਦੀ ਮੁਢਲੀ ਸੋਝੀ ਦੇ ਪਏ ਅਸਰ ਨੂੰ ਸਿੱਧ ਕਰਦੇ ਹਨ । ਸੰਸਾਰ ਦੀਆਂ ਬਹੁਤੀਆਂ ਭਾਸ਼ਾਵਾਂ ਵਿਚ ਦੋ ਹੀ ਵਚਨ ਦਿਸਦੇ ਹਨ; ਇਕ ਵਚਨ ਅਤੇ ਬਹੁ ਵਚਨ । ਸੰਸਕ੍ਰਿਤ ਵਿਚ ਤਾਂ ਕਦੇ ਦੁ-ਵਚਨ ਵੀ ਹੁੰਦਾ ਸੀ । ਵਚਨ ਆਪ ਕੋਈ ਸ਼ਬਦ ਨਹੀਂ, ਸਗੋਂ ਇਹ ਸ਼ਬਦ ਦਾ ਇਕ ਰੂਪ ਹੈ । ਵਾਕ, ਭਾਸ਼ਾ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਤੱਵਪੂਰਣ ਇਕਾਈ ਹੈ, ਅਤੇ ਵਾਕ ਦੇ ਪ੍ਰਕਰਣ ਵਿਚ ਹੀ ਨਾਂਵ ਦੇ ਵਚਨ ਅਨੁਸਾਰ ਕਿਰਿਆਵਾਂ, ਸਹਾਇਕ ਕਿਰਿਆਵਾਂ ਅਤੇ ਹੋਰ ਸ਼ਬਦਾਂ ਦੇ ਰੂਪ ਵਿਚ ਪ੍ਰੀਵਰਤਨ ਆਉਂਦਾ ਹੈ। ਜਿਵੇਂ: 'ਮੁੰਡਾ ਜਾਂਦਾ ਹੈ' – ਇਕ ਸਰਲ ਵਾਕ ਹੈ ਪਰ ਜਿਉਂ ਹੀ 'ਮੁੰਡਾ' ਦਾ ਬਹੁ ਵਚਨ 'ਮੁੰਡੇ' ਹੋ ਜਾਏ ਤਾਂ 'ਜਾਂਦਾ' ਅਤੇ 'ਹੈ' ਦਾ ਰੂਪ ਪ੍ਰੀਵਰਤਨ ਵੀ ਨਾਲ ਹੀ ਹੋ ਜਾਂਦਾ ਹੈ, ਅਤੇ ਵਾਕ ਬਣਦਾ ਹੈ; 'ਮੁੰਡੇ ਜਾਂਦੇ ਹਨ।' ਜਾਂ, The boy plays ਦੀ ਥਾਂ Boys play।

ਫੇਰ ਜੀਵਾਂ ਦੀ ਪੈਦਾਇਸ਼, ਜਨਮ ਅਤੇ ਅੰਗਾਂ ਦੇ ਫਰਕ, ਵਿਕਾਸ ਵਿਚ ਹਿੱਸਾ ਪਾ ਰਹੇ ਦੋ ਦ੍ਵੰਦਮਈ ਰੂਪਾਂ ਜਾਂ ਲਿੰਗਾਂ, ਦੇ **ਨਵੇਕਲੇਪਣ** ਦਾ ਅਹਿਸਾਸ ਹੋਇਆ। ਜੜ੍ਹ ਪਦਾਰਥਾਂ ਦਾ ਰੂਪ ਅਤੇ ਗੁਣ ਦੇ ਪੱਖ ਤੋਂ ਵੀ ਆਪਣਾ ਨਵੇਕਲਾਪਣ ਹੁੰਦਾ ਹੈ। ਇਸ ਨਵੇਕਲੇਪਣ ਦੇ ਕਾਰਣ ਵਸਤਾਂ ਨੂੰ ਵੀ ਇਸਤ੍ਰੀ ਲਿੰਗ ਅਤੇ ਪੁਲਿੰਗ ਮਿੱਥ ਲਿਆ ਜਾਂਦਾ ਹੈ। ਜਿਵੇਂ; 'ਧਰਤੀ' ਇਸ ਲਈ ਇਸਤ੍ਰੀ ਲਿੰਗ ਹੈ, ਕਿ ਇਸ ਨੂੰ ਦੇਵੀ ਮਾਤਾ ਮੰਨਿਆ ਗਿਆ ਹੈ ਅਤੇ ਇਸ ਲਈ ਵੀ ਕਿ ਪੁਲਿੰਗ (=ਬੀਜ) ਦੇ ਟਾਕਰੇ ਤੇ ਇਸ ਦਾ ਕਰਮ (ਫਸਲ ਨੂੰ ਜਨਮ ਦੇਣਾ) ਵੀ ਇਸਤ੍ਰੀ ਦਾ ਕਰਮ ਹੈ। ਜਿਵੇਂ; ਮੋਟਾ ਬਾਂਸ, ਸਖਤੀ ਲੰਮਾਈ ਤੇ ਮੋਟਾਈ ਜਹੀਆਂ ਮਰਦਊ ਸਿਫਤਾਂ ਕਾਰਨ ਪੁਲਿੰਗ ਮੰਨਿਆ ਗਿਆ ਹੈ, ਅਤੇ ਇਸ ਨੂੰ ਸੋਟਾ ਕਿਹਾ ਗਿਆ। ਪਤਲਾ ਛੋਟਾ ਅਤੇ ਲਿਫਣ ਵਾਲਾ ਬਾਂਸ ਇਸਤ੍ਰੀ ਗੁਣਾਂ ਕਾਰਣ ਸੋਟੀ ਅਖਵਾਇਆ ਹੋਵੇਗਾ। ਵਾਕ ਵਿਚ ਨਾਂਵ ਦੇ ਲਿੰਗ ਅਨੁਸਾਰ ਕਿਰਿਆਵਾਂ ਅਤੇ ਪੜਨਾਂਵ ਆਦਿਕ ਬਦਲਦੇ ਹਨ। ਜਿਵੇਂ "ਮੁੰਡਾ ਜਾਂਦਾ ਹੈ" ਵਾਕ ਵਿਚ ਜਿਉਂ ਹੀ ਨਾਂਵ 'ਮੁੰਡਾ' ਦਾ ਲਿੰਗ ਪ੍ਰੀਵਰਤਨ 'ਕੁੜੀ' ਵਿਚ ਹੁੰਦਾ ਹੈ, ਤਾਂ 'ਜਾਂਦਾ ਹੈ' ਦੀ ਥਾਂ 'ਜਾਂਦੀ ਹੈ' ਹੋ ਕੇ ਕਿਰਿਆ ਦਾ ਰੂਪ-ਪ੍ਰੀਵਰਤਨ ਵੀ ਹੋ ਜਾਂਦਾ ਹੈ। ਇੰਜ ਹੀ ਅੰਗ੍ਰੇਜ਼ੀ ਭਾਸ਼ਾ ਵਿਚ ਮੁੰਡੇ ਦੀ ਥਾਂ ਪੜਨਾਂਵ 'He' ਅਤੇ ਕੁੜੀ ਲਈ ਪੜਨਾਂਵ 'She' ਆਉਣਗੇ। ਕਈ ਵਾਰ ਨਿਰਜੀਵ ਅਤੇ ਭਾਵ ਵਾਚਕ ਸ਼ਬਦਾਂ ਨੂੰ ਉਨ੍ਹਾਂ ਦੇ ਉਚਾਰਣ ਜਾਂ ਅੰਤਮ ਧੁਨੀ ਅਨੁਸਾਰ ਵੀ ਲਿੰਗ ਪ੍ਰਦਾਨ ਕੀਤਾ ਜਾਂਦਾ ਹੈ। ਜਿਵੇਂ 'ਖ਼ਿਆਲ' ਪੁਲਿੰਗ ਬਣ ਗਿਆ, ਉਡਾਰੀ ਇਸਤ੍ਰੀ ਲਿੰਗ ਅਤੇ 'ਵਿਚਾਰ' ਸ਼ਬਦ ਨੂੰ ਕੋਈ ਪੁਲਿੰਗ ਦੇ ਰੂਪ ਵਿਚ ਵਰਤਦਾ ਹੈ ਅਤੇ ਕੋਈ ਇਸਤ੍ਰੀ ਲਿੰਗ ਵਜੋਂ – ਹਾਲਾਂਕਿ ਇਹ ਤਿੰਨੇ ਮਾਨਸਕ ਕਿਰਿਆਵਾਂ ਜਾਂ ਭਾਵਵਾਚਕ ਸ਼ਬਦ ਹਨ।

ਇੰਜ, ਵਚਨ ਅਤੇ ਲਿੰਗ, ਮੁਖ ਰੂਪ ਵਿਚ ਨਾਂਵ ਨਾਲ ਸੰਬੰਧਤ ਹਨ। ਇਹ ਮਨੁੱਖ ਦੀ ਗਣਿਤ ਅਤੇ ਲ਼ਿੰਗ ਦੀ ਅਜਿਹੀ ਸੋਝੀ ਦਾ ਪਤੀਫਲ ਹਨ ਜਿਹੜੀ ਸ਼ਬਦਾਂ ਨੂੰ ਹੋਂਦ ਵਿਚ ਤਾਂ ਨਹੀਂ ਲਿਆਉਂਦੀ, ਪਰ ਉਨ੍ਹਾਂ ਦਾ ਰੂਪ ਪ੍ਰੀਵਰਤਨ ਜ਼ਰੂਰ ਕਰਦੀ ਹੈ।

ਇੰਜ ਹੀ ਕਰਤਾ, ਕਰਮ ਅਤੇ ਕਰਨ ਨਾਂਵ ਨਹੀਂ ਹਨ; ਸਗੋਂ ਨਾਂਵ ਦਾ ਰੂਪ ਹਨ। ਨਾਂਵ ਦੀ ਇਸ ਪ੍ਰਕਾਰ-ਵੰਡ ਦੀ ਸੋਝੀ ਜੀਵਾਂ ਦੇ ਜੀਵਾਂ ਨਾਲ; ਵਸਤਾਂ ਦੇ ਵਸਤਾਂ ਨਾਲ; ਜੀਵਾਂ ਦੇ ਵਸਤਾਂ ਨਾਲ; ਜਾਂ ਵਸਤਾਂ ਦੇ ਜੀਵਾਂ ਨਾਲ ਸੰਬੰਧਾਂ ਤੋਂ ਉਤਪੰਨ ਹੋਈ ਹੈ।

ਪਦਾਰਥਕ ਲੋੜਾਂ ਨੂੰ ਪੂਰਾ ਕਰਨ ਦੇ ਪ੍ਰਕਰਨ ਵਿਚ ਨਾਂਵ ਦੀ ਹੋਂਦ ਅਤੇ ਨਾਂਵਾਂ ਨਾਲ ਸੰਬੰਧਤ ਵਚਨ ਅਤੇ ਲਿੰਗ ਸੰਬੰਧੀ ਅਸਾਂ ਵਿਚਾਰ ਕੀਤੀ ਹੈ। ਲੋੜਾਂ ਪੂਰੀਆਂ ਕਰਨਾ ਇਕ ਕਾਰਜ ਹੈ। **ਕਾਰਜ ਨੂੰ ਭਾਸ਼ਾ ਵਿਚ ਪ੍ਰਗਟਾਉਣ ਲਈ ਜਿਹੜਾ ਸ਼ਬਦ ਹੋਂਦ ਵਿਚ ਆਇਆ, ਉਸ ਨੂੰ ਕਿਰਿਆ ਕਿਹਾ ਜਾਂਦਾ ਹੈ।**

ਭਾਸ਼ਾ ਵਿਗਿਆਨੀਆਂ ਵਿਚ ਇਸ ਵਿਸ਼ੇ ਉਪਰ ਵੀ ਚਰਚਾ ਹੁੰਦੀ ਰਹੀ ਹੈ, ਕਿ ਪਹਿਲਾਂ ਨਾਂਵ ਹੋਂਦ ਵਿਚ ਆਇਆ, ਕਿ ਕਿਰਿਆ! ਇਸ ਚਰਚਾ ਦਾ ਆਧਾਰ ਨਿੱਗਰ ਅੰਕੜੇ ਜਾਂ ਤੱਥ ਨਹੀਂ, ਸਗੋਂ ਕੁਝ ਸਿਧਾਂਤਕ ਪ੍ਰੀਕਲਪਨਾਵਾਂ ਜਾਂ ਰਾਜਨੀਤਕ ਲੱਛਣਾਂ ਵਾਲੀਆਂ ਵਿਚਾਰਧਾਰਾਵਾਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਧਾਰਨਾਵਾਂ ਅਤੇ ਪ੍ਰੀਕਲਪਨਾਵਾਂ ਨੂੰ ਸਿੱਧੇ ਕਰਨ ਲਈ ਨਾਵਾਂ ਜਾਂ ਕਿਰਿਆ ਨੂੰ ਪਹਿਲਾਂ ਹੋਂਦ ਵਿਚ ਆਏ ਸਿੱਧ ਕਰਨ ਦਾ ਪੱਖ ਲਿਆ ਜਾਂਦਾ ਹੈ। ਮੈਕਾਂਕੀ ਭੌਤਿਕਵਾਦ ਦੇ ਪ੍ਰਭਾਵ ਹੇਠ ਆਏ ਭਾਸ਼ਾ ਵਿਗਿਆਨੀਆਂ ਦੇ ਮਨ ਵਿਚ ਇਹ ਸਿਧਾਂਤ ਘਰ ਕਰ ਜਾਂਦਾ ਹੈ, ਕਿ ਭੌਤਿਕਤਾ ਦੀ ਹੋਂਦ-ਮਾਤ੍ਰ ਹੀ ਸਾਡੇ ਵਿਚਾਰਾਂ ਅਤੇ ਭਾਸ਼ਾ ਨੂੰ ਹੋਂਦ ਵਿਚ ਲਿਆ ਸਕਦੀ ਹੈ। ਇਸ ਲਈ ਉਹ ਇਸ ਸਿੱਟੇ ਤੇ ਪੁਜਦੇ ਹਨ ਕਿ ਵਸਤਾਂ, ਪਦਾਰਥਾਂ ਤੇ ਜੀਵਾਂ ਨਾਲ ਸਿੱਧੇ ਸੰਬੰਧਤ ਸ਼ਬਦ — ਨਾਂਵ, ਪਹਿਲਾਂ ਹੋਂਦ ਵਿਚ ਆਏ। ਦੂਜੇ ਪਾਸੇ ਅਜਿਹੇ ਭਾਸ਼ਾ ਵਿਗਿਆਨੀ ਹਨ ਜਿਹੜੇ ਨਿਪਟ ਕਾਰਜ ਵਿਚ ਯਕੀਨ ਰਖਦੇ ਹੋਏ ਸਮਝਦੇ ਹਨ, ਕਿ ਸਾਰੀ ਮਨੁੱਖੀ ਉਨਤੀ ਕੇਵਲ ਮੁਨੱਖੀ ਅਮਲਾਂ ਜਾਂ ਮਨੁੱਖੀ ਕਿਰਿਆਵਾਂ ਦੇ ਕਾਰਣ ਹੋਈ ਹੈ। ਉਹ ਨਾਲ ਹੀ ਇਹ ਵੀ ਕਿਆਸ ਕਰ ਲੈਂਦੇ ਹਨ, ਕਿ ਭਾਸ਼ਾ ਦੇ ਵਿਕਾਸ ਵਿਚ ਵੀ ਅਮਲ ਲਈ ਵਰਤੇ ਜਾਂਦੇ ਸ਼ਬਦ, (ਕਿਰਿਆਵਾਂ) ਪਹਿਲਾਂ ਹੋਂਦ ਵਿਚ ਆਏ ਹੋਣਗੇ। ਸਮਾਜਕ ਪ੍ਰਕਰਨ ਵਿਚ ਅਸੀਂ ਇਸ ਰੁਚੀ ਨੂੰ ਅੰਨ੍ਹੀ ਕਿਰਿਆਸ਼ੀਲਤਾ (Blind Practicalism) ਅਤੇ ਸਾਹਿਤਕ ਪਾਰਿਭਾਸ਼ਕ ਸ਼ਬਦਾਵਲੀ ਵਿਚ ਇਸ ਨੂੰ ਅਸਤਿਤਵਵਾਦੀ (Existentialistic) ਪ੍ਰਭਾਵ ਕਹਿ ਸਕਦੇ ਹਾਂ। ਜਿਨ੍ਹਾਂ ਦਾ ਮੂਲ ਮੰਤਰ ਹੈ 'ਸਾਰ, ਹੋਂਦ ਤੋਂ ਪਹਿਲਾਂ ਹੈ'। ਅਤੇ ਯੀਆਂ ਪਾਲ ਸਾਰਤਰ ਜਹੇ ਅਸਤਿਤਵਵਾਦੀਆਂ ਦੀ 'ਸਾਰ' ਸੰਬੰਧੀ ਧਾਰਨਾ ਅਮਲ ਜਾਂ ਕਿਰਿਆ ਨਾਲ ਹੀ ਜੁੜੀ ਹੋਈ ਹੈ।

ਭਾਸ਼ਾ ਅਤੇ ਸ਼ਬਦਾਵਲੀ ਦੇ ਮੁਢਲੇ ਅੰਸ਼ ਪਾਰ-ਇਤਿਹਾਸਕ ਕਾਲ ਨਾਲ ਸੰਬੰਧਤ ਹਨ। ਇਸ ਲਈ ਇਨ੍ਹਾਂ ਮੁਢਲੇ ਅੰਸ਼ਾਂ ਜਾਂ ਸ਼ਬਦਾਂ ਦੇ ਨਿਕਾਸ ਬਾਰੇ ਪ੍ਰੀਕਲਪਨਾ ਦੇ ਘੋੜੇ ਦੁੜਾਉਣਾ ਸਹਾਇਕ ਭਾਵੇਂ ਹੋ ਸਕਦਾ ਹੈ, ਪ੍ਰਮਾਣਕ ਅਤੇ ਪਰਮਾਣੀਕ ਨਹੀਂ।

ਇਹ ਗੱਲ ਠੀਕ ਹੈ ਕਿ ਮੁਢਲਾ ਸ਼ਬਦ-ਭੰਡਾਰ ਵਸਤਾਂ ਅਤੇ ਜੀਵਾਂ ਨਾਲ ਸੰਬੰਧਤ ਹੈ। ਫੇਰ ਇਹ ਵੀ ਪ੍ਰਤੱਖ ਸੱਚ ਹੈ ਕਿ ਵਸਤਾਂ ਹੋਂਦ ਵਿਚ ਹਨ। ਇਸ ਲਈ ਇਹ ਨਾਂਵ ਨੂੰ ਜਨਮ ਦੇਂਦੀਆਂ ਹਨ। ਵਸਤਾਂ ਅਤੇ ਜੀਵ, ਨਾਲ ਹੀ ਆਪਣੇ ਅੰਦਰੂ ਦ੍ਵੰਦ ਕਾਰਨ ਗਤੀਸ਼ੀਲ ਵੀ ਹਨ; ਹਰਕਤ ਵਿਚ ਹਨ, ਇਸ ਲਈ ਕਿਰਿਆ ਨੂੰ ਵੀ ਜਨਮ ਦੇਂਦੇ ਹਨ। ਜਿਵੇਂ ਅਸੀਂ ਵਸਤਾਂ ਅਤੇ ਜੀਵਾਂ ਵਿਚ, ਹੋਂਦ ਅਤੇ ਗਤੀ, ਓਤ-ਪੋਤ ਹੋਈਆਂ ਦੇਖਦੇ ਹਾਂ, ਉਸੇ ਤਰ੍ਹਾਂ ਪੁਰਾਤਨ ਭਾਸ਼ਾਵਾਂ ਦੇ ਕਈ ਸ਼ਬਦ ਇਕੋ ਸਮੇਂ ਨਾਂਵ ਵੀ ਹਨ ਤੇ ਕਿਰਿਆ ਵੀ। ਇਨ੍ਹਾਂ ਸ਼ਬਦਾਂ ਦਾ ਅਰਥ-ਭੇਦ, ਕੇਵਲ ਪ੍ਰਕਰਨ-ਭੇਦ ਅਨੁਸਾਰ ਹੀ ਉਘੜਦਾ ਹੈ। ਸੰਸਕ੍ਰਿਤ ਦੇ ਰੂਪ ਵਿਚ ਵੈਦਿਕ ਭਾਸ਼ਾ ਕਿਤੇ ਵਧ ਵਿਕਸਿਤ ਅਤੇ ਕ੍ਰਮਵਾਰ ਹੋ ਚੁਕੀ ਸੀ। ਤਦ ਵੀ ਅਸੀਂ ਦੇਖਦੇ ਹਾਂ ਕਿ ਨਾਂਵ ਅਤੇ ਕਿਰਿਆ ਵਿਚਾਲੇ ਪੂਰਨ ਅਤੇ ਹਲੰਤ ਅੱਖਰ ਦਾ ਹੀ ਫਰਕ ਪਿਆ ਸੀ। ਕ੍ਰੀੜ (ਖੇਲ), ਪੂਜ (ਪੂਜਣਾ) ਪਾਠ (ਪਾਠ ਕਰਨਾ) ਕਿਰਿਆਵਾਂ ਹਨ। ਅਤੇ ਇਹ ਸ਼ਬਦ ਆਪਣੇ ਅੰਤ ਵਿਚ ਕੇਵਲ 'ਆ' ਦੀ ਆਵਾਜ਼ ਜਾਂ ਗਲ ਜੁੜਨ ਨਾਲ ਨਾਂਵ ਬਣ ਜਾਂਦੇ ਹਨ। ਇੰਜ ਹੀ 'ਦੰਡ' ਅਤੇ 'ਨ੍ਰਿਤ' ਕਿਰਿਆਵਾਂ ਦੇ ਉਚਾਰਣ ਵਿਚ 'ਦੰਡ' ਅਤੇ 'ਨ੍ਰਿਤਯ' ਨਾਵਾਂ ਤੋਂ ਬਹੁਤ ਘਟ ਫਰਕ ਹੈ। ਸੰਸਕ੍ਰਿਤ ਵਿਚ 'ਪੀਜ' ਪੀਣ ਦੀ ਕਿਰਿਆ ਹੈ ਅਤੇ 'ਪੇਯ' ਨਾਂਵ ਹੈ। ਅਤੇ ਸ਼ਾਇਦ ਇਹੋ ਗੁਣ ਸਾਂਭੀ ਰਖਣ ਕਾਰਨ ਆਧੁਨਿਕ ਅੰਗਰੇਜ਼ੀ ਵਿਚ 'Drink' ਪੀਣ ਦੀ ਕਿਰਿਆ ਵੀ ਹੈ ਅਤੇ ਨਾਂਵ (ਪੀਣ ਵਾਲਾ ਪਦਾਰਥ) ਵੀ।

ਲੇਖਕ ਦਾ ਵਿਚਾਰ ਹੈ ਕਿ (ਵਸਤਾਂ) ਨਾਂਵ ਅਤੇ (ਵਰਤਾਰਿਆਂ-ਕਰਮਾਂ) ਕਿਰਿਆ ਦੇ ਅਰਥ-ਭੇਦ ਦੀ ਸੋਝੀ ਵਿਆਕਰਣ ਦੀ ਇਕ ਵੱਡੀ ਬੁਨਿਆਦ ਸੀ ਅਤੇ ਸਮਾਂ ਪਾ ਕੇ ਨਾਂਵ ਅਤੇ ਕਿਰਿਆ ; ਨਾਂਵ ਅਤੇ ਵਿਸ਼ੇਸ਼ਣ ਆਦਿਕ ਦਾ ਉਚਾਰਣ-ਅੰਤਰ ਮੁਢਲੇ ਵਿਆਕਰਣਕ ਨਿਯਮਾਂ ਵਿਚੋਂ ਇਕ ਬਣ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਰਿਆ, ਕਿਸੇ ਖਾਸ ਸਮੇਂ ਵਿਚ ਹੁੰਦੀ ਹੈ, ਸੋ ਕਿਰਿਆ ਕਦ ਹੋਈ, ਦੱਸਣ ਦੀ ਜਦ ਲੋੜ ਪਈ ਤਾਂ ਇਸ ਦਾ ਸੰਬੰਧ ਝੱਟ ਕਾਲ ਨਾਲ ਜੁੜ ਗਿਆ ਤੇ ਕਾਲ (Tense) ਹੋਂਦ ਵਿਚ ਆਏ।

ਕਿਰਿਆ ਕਿਸੇ ਖਾਸ ਢੰਗ ਜਾਂ ਘਟਨਾ-ਪ੍ਰਵਾਹ ਰਾਹੀਂ ਹੁੰਦੀ ਹੈ। ਕਿਰਿਆ ਦੇ ਦੋ ਪੜਾਵਾਂ; ਨਿਰੰਤਰ ਅਤੇ ਪੂਰਣ ਦੀ ਸੋਝੀ ਸ਼ਾਇਦ ਪ੍ਰਾਚੀਨ ਭਾਸ਼ਾ ਕਾਲ ਵਿਚ ਹੋਈ ਹੋਵੇਗੀ। ਪੂਰਣ ਨਿਰੰਤਰ (Perfect Continuous) ਅਤੇ ਅਨਿਸਚਿਤ ਰੂਪ, ਕਿਰਿਆ ਦੇ ਘਟਨਾ-ਪ੍ਰਵਾਹ ਸੰਬੰਧੀ ਵਿਕਸਿਤ ਮਨੁਖੀ ਸੋਝੀ ਨੂੰ ਪ੍ਰਗਟ ਕਰਦੇ ਹਨ।

ਕਾਲ ਅਤੇ ਕਿਰਿਆ-ਪ੍ਰਕਾਰ ਵੀ ਸ਼ਬਦ ਨਹੀਂ, ਸਗੋਂ ਅਜਿਹੀ ਸੋਝੀ ਜਾਂ ਨੇਮ ਹਨ ਜਿਨ੍ਹਾਂ ਦੇ ਅਧੀਨ, ਸਮੇਂ ਅਤੇ ਹੋ ਰਹੇ ਕੰਮ ਦੀ ਸਥਿਤੀ ਅਨੁਸਾਰ, ਕਿਰਿਆ ਅਤੇ ਸਹਾਇਕ ਕਿਰਿਆਵਾਂ ਵਿਚ ਰੂਪ-ਪ੍ਰੀਵਰਤਨ ਹੁੰਦਾ ਹੈ।

ਜਦੋਂ ਮਨੁਖ ਵਸਤਾਂ ਦਾ ਸਿੱਧਾ ਤੇ ਬਾਹਰਮੁਖੀ ਵਰਨਣ ਕਰਦਾ ਹੈ ਤਾਂ ਅਸੀਂ ਇਸ ਨੂੰ ਪਦਾਰਥਕ ਲੋੜਾਂ ਪੂਰੀਆਂ ਕਰਨ ਲਈ ਕੀਤੀ ਗਈ ਭਾਸ਼ਾ ਦੀ ਵਰਤੋਂ ਕਹਾਂਗੇ। ਪਰ ਜਦੋਂ ਮਨੁਖ ਇਨ੍ਹਾਂ ਹੀ ਵਸਤਾਂ, ਵਰਤਾਰਿਆਂ ਦੇ ਆਪਣੇ ਮਨ ਉਪਰ ਪਏ ਨਕਸ਼, ਵਿਚਾਰਾਂ ਜਾਂ ਭਾਵਾਂ ਦੇ ਰੂਪ ਵਿਚ ਪ੍ਰਗਟ ਕਰਦਾ ਹੈ ਤਾਂ ਅਸੀਂ ਇਸ ਨੂੰ ਭਾਸ਼ਾ ਰਾਹੀਂ ਮਾਨਸਿਕ ਲੋੜਾਂ ਪੂਰੀਆਂ ਕਰਨਾ ਕਹਾਂਗੇ। ਸੋ ਮਾਨਸਿਕ ਲੋੜਾਂ ਪੂਰੀਆਂ ਕਰਨ ਲਈ ਵੀ ਮਨੁਖ, ਸ਼ਬਦਾਵਲੀ ਦੀ ਰਚਨਾ ਕਰਦਾ ਹੈ ਅਤੇ ਭਾਸ਼ਾ ਤੇ ਬੋਲੀ ਦੇ ਰੂਪ ਨਿਖਾਰਦਾ ਹੈ। *ਮਾਨਸਿਕ ਲੋੜਾਂ ਪੂਰੀਆਂ ਕਰਨ ਲਈ ਸਿਰਜੀ ਗਈ ਭਾਸ਼ਾ ਦੀ ਵਰਤੋਂ, ਪਦਾਰਥਕ ਲੋੜਾਂ ਪੂਰੀਆਂ ਕਰਨ ਲਈ ਸਿਰਜੀ ਗਈ ਭਾਸ਼ਾ ਦੇ ਕੀਤੇ ਵਿਕਾਸ ਤੋਂ ਵਧੇਰੇ ਸੁਚੇਤ ਹੈ।* ਇਸ ਦਾ ਵਡਾ ਕਾਰਨ ਇਹ ਹੈ ਕਿ ਪਦਾਰਥਕ ਅਤੇ ਕਿਰਿਆਵਾਂ ਦੀ ਦੁਨੀਆਂ ਵਧੇਰੇ ਬਾਹਰਮੁਖੀ ਅਤੇ ਸਿੱਧ-ਪੱਧਰੀ ਹੈ ਪਰ ਮਨ ਦੇ ਵਰਤਾਰੇ ਕਿਤੇ ਵਧ ਅੰਤਰ-ਮੁਖੀ ਅਤੇ ਗੁੰਝਲਦਾਰ ਹਨ। ਇਨ੍ਹਾਂ ਵਰਤਾਰਿਆਂ ਨੂੰ ਪ੍ਰਗਟਾਉਣ ਲਈ, ਭਾਸ਼ਾ ਸੁਚੇਤ ਹੋ ਕੇ ਵਰਤੀ ਜਾਂਦੀ ਹੈ।

ਹਮਲਾ-ਆਵਰਾਂ, ਆਬਾਦਕਾਰਾਂ ਅਤੇ ਬਿਉਪਾਰੀਆਂ ਤੋਂ ਮਗਰੋਂ ਭਾਸ਼ਾ ਦੀ ਸੁਚੇਤ ਵਰਤੋਂ ਪਹਿਲੀ ਵਾਰ ਧਰਮ ਨੇ ਕੀਤੀ। ਹਮਲਾ-ਆਵਰ, ਆਬਾਦਕਾਰ ਅਤੇ ਬਿਉਪਾਰੀ ਤਾਂ ਵਿਚਾਰਾਂ ਦੇ ਵਾਹਨ ਸਨ। ਧਰਮ, ਬੁਨਿਆਦੀ ਤੌਰ ਤੇ ਪਹਿਲਾਂ ਦੀਆਂ ਰਹੁ-ਰੀਤਾਂ ਅਤੇ ਪੁਰਾਣੀਆਂ ਕਦਰਾਂ ਕੀਮਤਾਂ ਵਿਰੁਧ ਇਕ ਨਵੇਂ ਚਿੰਤਨ ਦਾ ਧਾਰਨੀ ਹੋਣ ਕਾਰਣ ਨਵੀਨ ਵਿਚਾਰਾਂ ਅਤੇ ਵਿਸ਼ਵਾਸਾਂ ਦਾ ਬਾਨੀ ਸੀ।

ਧਰਮ ਉਪਜ ਤਾਂ ਮਨ ਦੀ ਸੀ ਹੀ, ਇਸ ਦੇ ਵਿਸ਼ੇ ਵੀ ਮਾਨਸਿਕ ਸਨ : ਕੁਝ ਕਲਪਨਾ ਦੇ (ਜਿਵੇਂ ਸੂਰਜ, ਚੰਦ, ਅਗਨੀ ਅਤੇ ਧਰਤੀ ਦੇ ਦੇਵੀਆਂ-ਦੇਵਤੇ) – ਕੁਝ ਚਿੰਤਨ ਦੇ; (ਜਿਵੇਂ ਮਨ ਅਤੇ ਆਤਮਾ ਦੇ) – ਕੁਝ ਕਲਪਨਾ-ਰਲੇ-ਚਿੰਤਣ (ਪ੍ਰੀਕਲਪਨਾ) ਦੇ; ਜਿਵੇਂ ਪਰਮਾਤਮਾ, ਸੱਚਦਾਨੰਦ ਆਦਿਕ। ਧਰਮ ਦੇ ਵਿਚਾਰ; ਚਿੰਤਨ ਦੇ ਸਨ ਜਾਂ ਨਿਪਟ ਸੁਪਨ-ਸਾਜ਼ੀ ਦੇ, ਇਹ ਇਕ ਵਖਰਾ ਵਿਸ਼ਾ ਹੈ ਪਰ ਇਹ ਪ੍ਰਤੱਖ ਹੈ ਕਿ ਇਨ੍ਹਾਂ ਵਿਚਾਰਾਂ ਨੂੰ ਪ੍ਰਗਟਾਉਣ ਲਈ ਜਿਹੜੀ ਭਾਸ਼ਾ ਵਰਤੀ ਗਈ, ਉਹ ਸ਼ਬਦਾਵਲੀ ਦੇ ਪੱਖ ਤੋਂ ਨਵੀਂ ਅਤੇ ਚੋਣ-ਤਰਤੀਬ ਤੇ ਵਰਤੋਂ ਦੇ ਪੱਖ ਤੋਂ ਵਧੇਰੇ ਵਿਸ਼ਲੇਸ਼ਨਾਤਮਕ ਸੀ। ਇਸ ਲਈ ਵੀ ਭਾਸ਼ਾ ਦੀ ਇਹ ਵਰਤੋਂ ਸੁਚੇਤ ਭਾਂਤ ਦੀ ਕਹੀ ਜਾ ਸਕਦੀ ਹੈ।

ਧਰਮ ਨੇ ਆਪਣੀ ਸਿਖਿਆ-ਦੀਖਿਆ ਲਈ ਨਵੀਂ ਸ਼ਬਦਾਵਲੀ ਘੜੀ। ਸ਼ਬਦਾਂ ਦਾ ਰੂਪ ਲੋੜ ਅਨੁਸਾਰ ਬਦਲਿਆ। ਆਪਣੀ ਭਾਸ਼ਾ ਵਿਚ ਕਈ ਪ੍ਰਾਣੀ ਸਮਾਨਾਰਥਕ ਸ਼ਬਦ ਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਲੇ ਸਨ, ਇਸ ਲਈ ਕਈ ਸ਼ਬਦਾਂ ਦੇ ਅਰਥ-ਵਿਸ਼ੇਸ਼ ਨਿਯਤ ਕੀਤੇ, ਵਰਤੋਂ ਦੇ ਘਟ ਹੋਣ ਅਤੇ ਮਗਰੋਂ ਸਮਾਂ ਪਾ ਕੇ ਅਨਹੋਂਦ, ਕਾਰਣ ਕਈ ਸ਼ਬਦ ਅਰਥਹੀਨ ਹੋ ਜਾਂਦੇ ਹਨ। ਧਰਮ ਨੇ ਵਿਚਾਰਾਂ ਨੂੰ ਇੰਨ-ਬਿੰਨ ਰੂਪ ਵਿਚ ਪੇਸ਼ ਕਰਨ ਲਈ ਅਜਿਹੇ ਅਰਥਹੀਣ, ਕਲਾਸੀਕਲ ਅਤੇ ਪੁਰਾਣੇ ਚਲੰਤ ਸ਼ਬਦਾਂ ਨੂੰ ਨਵੇਂ ਅਰਥ ਦੇ ਕੇ ਪ੍ਰਚੱਲਤ ਕੀਤਾ। ਇਨ੍ਹਾਂ ਸ਼ਬਦਾਂ ਨੂੰ ਭਾਸ਼ਾ ਦੇ ਮਾਰਕਸਵਾਦੀ ਵਿਸ਼ਲੇਸ਼ਣ ਵਿਚ (Jargon) ਗਲਗੱਡ ਸ਼ਬਦ ਕਿਹਾ ਗਿਆ ਹੈ। ਧਰਮ ਦੀ ਲੋੜ ਕਿਉਂਕਿ ਸੂਖਮ ਨੂੰ ਸਥੂਲ ਰੂਪ (ਭਾਸ਼ਾ) ਵਿਚ ਪੇਸ਼ ਕਰਨਾ ਸੀ, ਇਸ ਲਈ ਆਤਮਕ ਵਰਤਾਰਿਆਂ ਸੰਬੰਧੀ ਲੱਭਤਾਂ ਨੂੰ ਦਰਸਾਉਣ ਲਈ ਉਪਮਾਵਾਂ ਅਤੇ ਰੂਪਕਾਂ ਨੂੰ ਪਹਿਲੀ ਵਾਰ ਸੁਚੇਤ ਰੂਪ ਵਿਚ ਵਰਤਣ ਦਾ ਸਿਹਰਾ ਵੀ ਧਰਮ ਦੇ ਸਿਰ ਬਝਦਾ ਹੈ; ਜਾਂ ਫੇਰ ਇਹ ਸੁਤੰਤਰ ਵਿਚਾਰਵਾਦ ਅਤੇ ਤਰਕ ਦੀ ਦੇਣ ਹੈ, ਜਿਸ ਤੋਂ ਧਰਮ ਵੀ ਪ੍ਰੇਰਨਾ ਲੈਂਦਾ ਹੈ।

ਉਪਰੋਕਤ ਘਟਨਾ-ਪ੍ਰਵਾਹ ਉਸੇ ਤਰਾਂ ਧਰਮ ਤੋਂ ਬਿਨਾਂ ਲੋਕ-ਭਾਸ਼ਾ ਜਾਂ 'ਬੋਲੀ' ਵਿਚ ਵੀ ਲਗਪਗ ਉਸੇ ਤਰਾਂ ਚਲਦਾ ਰਿਹਾ ਹੈ। ਫਰਕ ਕੇਵਲ ਇਹ ਹੈ ਕਿ ਧਰਮ ਵਲੋਂ ਹੋਇਆ ਵਿਕਾਸ ਸੁਚੇਤ ਅਤੇ ਨਿਯਮਬਧ ਸੀ ਅਤੇ ਲੋਕਾਈ ਵਲੋਂ ਹੋਇਆ ਲੋਕ-ਵੇਦੀ ਵਿਕਾਸ ਅਚੇਤ ਅਤੇ ਆਪ-ਮੁਹਾਰਾ ਸੀ।

ਕਰਮ-ਕਾਂਡ ਦੇ ਜਥੇਬੰਦਕ ਪੱਖ ਨੂੰ ਛਡ ਕੇ ਧਰਮ, ਦ੍ਰਿਸ਼ਟੀਕੋਣ ਵਿਸ਼ੇਸ਼ ਹੇਠ ਵਿਚਾਰਾਂ ਦਾ ਸੰਗ੍ਰਹਿ ਹੈ। ਕਰਮਕਾਂਡ; ਪਰੰਪਰਾਵਾਦ, ਅਤੇ ਰੂੜ੍ਹੀਵਾਦ ਦਾ ਪ੍ਰਤੀਕ ਹੈ ਅਤੇ ਵਿਚਾਰ, ਛਿਨ-ਛਿਨ ਬਦਲਦੇ ਘਟਨਾ-ਪ੍ਰਵਾਹਾਂ ਨਾਲ ਕਦਮ ਮੇਲ ਕੇ ਚਲਦੇ ਹਨ। ਇਸ ਲਈ ਜਿਉਂ ਹੀ ਧਰਮ, ਕਰਮ-ਕਾਂਡ ਵਾਲੇ ਪੱਖ ਤੋਂ ਕੱਟੜ ਅਤੇ ਆਪਣੇ ਸਮਾਜਕ ਖਾਸੇ ਵਿਚ ਭ੍ਰਸ਼ਟ ਹੁੰਦਾ ਹੈ ਤਾਂ ਵਿਚਾਰਾਂ ਦੇ ਵਿਕਾਸ ਦਾ ਕੰਮ ਕੋਈ ਨਵਾਂ ਧਰਮ ਜਾਂ ਦਰਸ਼ਨ ਸੰਭਾਲ ਲੈਂਦਾ ਹੈ। ਇੰਜ ਭਾਸ਼ਾ-ਵਿਕਾਸ ਦਾ ਕੰਮ ਵੀ ਕਾਫੀ ਹਦ ਤਕ ਧਰਮ ਤੋਂ ਮਗਰੋਂ ਵਿਸ਼ਲੇਸ਼ਣਾਤਮਿਕ ਤੇ ਦਾਰਸ਼ਨਿਕ ਝੁਕਾਅ ਵਾਲੇ ਵਿਸ਼ਿਆਂ ਅਤੇ ਵਿਦਿਆਵਾਂ ਪਾਸੋਂ ਹੋਇਆ ਹੈ।

ਵਿਚਾਰ, ਆਪਣੇ ਸਮਾਜਕ ਖਾਸੇ ਅਨੁਸਾਰ ਆਪਣੇ ਪੱਖੀ ਜਾਂ ਵਿਰੋਧੀ ਪੈਦਾ ਕਰਨ ਵਾਲੀ ਇਕ ਹਰਕਤ ਜਾਂ ਲਹਿਰ ਹੈ। ਜਦੋਂ ਸਤੁੰਤਰ ਵਿਚਾਰ ਲੋਕਾਂ ਦੇ ਜੀਵਨ ਨਾਲ ਉਨ੍ਹਾਂ ਦੇ ਹਿਤ ਵਿਚ ਸਾਂਝ ਪਾਉਂਦੇ ਹਨ, ਤਾਂ ਇਹ ਇਕ ਲਹਿਰ ਜਾਂ ਜੁਗ ਗਰਦੀ ਹੋ ਨਿਬੜਦੇ ਹਨ ਅਤੇ ਇਹ ਧਰਮ ਦੀ ਥਾਂ ਲੈਣ ਦਾ ਯਤਨ ਕਰਦੇ ਹਨ। ਲਹਿਰਾਂ, ਧਰਮ ਤੋਂ ਕਿਤੇ ਵਧ ਬਾਹਰ ਮੁਖੀ ਹੋਣ ਕਾਰਨ, ਭਾਵਾਂ ਅਤੇ ਵਿਚਾਰਾਂ ਨੂੰ ਬਾਹਰਲੀ ਦੁਨੀਆਂ ਵਿਚ ਲਿਆਉਣ ਦਾ ਯਤਨ ਕਰਦੀਆਂ ਹਨ। ਇਸੇ ਯਤਨ ਨੂੰ ਹੀ ਆਮ ਸ਼ਬਦਾਂ ਵਿਚ ਪਰਚਾਰ ਕਿਹਾ ਗਿਆ ਹੈ। ਇਸੇ ਯਤਨ ਰਾਹੀਂ ਨਵੇਂ ਸ਼ਬਦ, ਸ਼ਬਦ-ਰੂਪ, ਪ੍ਰਗਟਾਵੇ ਅਤੇ ਸਮਝਾਉਣੀਆਂ, ਭਾਸ਼ਾ ਵਿਚ ਆਉਂਦੇ ਹਨ। ਸਿੰਘ ਸਭਾ ਅਤੇ ਅਗੇ ਵਧੂ ਲਹਿਰਾਂ ਦਾ ਪ੍ਰਭਾਵ ਤਾਂ ਇਸ ਸੰਬੰਧ ਵਿਚ ਵਰਤਮਾਨ ਸਬੂਤ ਹੈ।

ਮਨੁਖ ਭਾਵੇਂ ਬਨਿਆਦੀ ਤੌਰ ਤੇ ਪਸ਼ੂ ਹੋਵੇ ਜਾਂ ਉਤਮ ਪ੍ਰਾਣੀ ਪਰ ਇਹ ਵੀਹ ਵਿਸਵੇ ਸਮਾਜਕ ਜ਼ਰੂਰ ਹੈ। ਇਸ ਦੇ ਸਮਾਜਕ ਹੋਣ ਵਿਚ ਭਾਸ਼ਾ ਦਾ ਵੱਡਾ ਹੱਥ ਹੈ।

ਭਾਸ਼ਾ; ਕਹਿਣ ਵਾਲੇ ਨੂੰ ਮੌਕਾ ਦੇਂਦੀ ਹੈ, ਕਿ ਉਹ ਆਪਣੇ ਅਨੁਭਵਾਂ ਦਾ ਹਿੱਸਾ ਪਾ ਕੇ ਇਕੱਠੇ ਹੋਏ ਸਮੂਹਕ ਤੇ ਸਮਾਜਕ ਤਜਰਬਿਆਂ ਨੂੰ ਅਮੀਰ ਬਣਾਉਣ ਦਾ ਯਤਨ ਕਰੇ। ਇਸ ਲਈ ਭਾਸ਼ਾ ਮਨੁਖੀ ਅਨੁਭਵਾਂ ਤੇ ਵਲਵਲਿਆਂ ਦੇ ਪਰਸਪਰ ਕਰਮ ਦਾ ਇਕ ਵੱਡਾ ਮਾਧਿਅਮ ਹੈ।

ਜਦ ਨਵੇਂ ਅਨੁਭਵ ਅਚਾਨਕ ਸਾਡੇ ਸਾਹਮਣੇ ਆਉਂਦੇ ਹਨ ਤਾਂ ਉਤਸੁਕਤਾ ਜਾਂ ਵਲਵਲੇ ਦੀ ਇਕ ਲਹਿਰ, ਕੁਝ [illegible]-ਸ਼ਬਦਾਂ ਨੂੰ ਹੋਂਦ ਵਿਚ ਲਿਆਉਂਦੀ ਹੈ। [illegible] ਇਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਤੁਰਤ-ਸ਼ਬਦਾਂ' ਨੂੰ ਹੀ ਵਿਸਮਿਅਕ ਦਾ ਨਾਂ ਦਿਤਾ ਗਿਆ ਹੈ। ਵਿਸਮਿਅਕ ਸ਼ਬਦ ਇਕ ਤਰ੍ਹਾਂ ਹਰਖ ਸੋਗ ਦੀ ਕੂਕ ਹਨ। ਕੂਕ ਇਕ ਹੱਦ ਤੱਕ ਪੁਕਾਰ ਵੀ ਹੈ ਜੋ ਸੰਬੋਧਕਾਂ ਨਾਲ ਜਾ ਰਲਦੀ ਹੈ। ਸੰਬੋਧਕ ਸ਼ਬਦ ਅਸਲ ਵਿਚ ਕਿਸੇ ਨਾਂਵ ਨੂੰ ਦਿਤੀ ਗਈ ਆਵਾਜ਼ ਜਾਂ ਪੁਕਾਰ ਹੀ ਹਨ।

ਉੱਨਤ ਹੁੰਦੇ ਮਨੁਖੀ ਸਮਾਜ ਵਿਚ ਜਦ ਵਿਗਿਆਨਾਂ ਅਤੇ ਗਿਆਨਾਂ ਰਾਹੀਂ ਵਸਤਾਂ ਤੇ ਵਰਤਾਰਿਆਂ ਦਾ ਨਵਾਂ ਅਹਿਸਾਸ ਹੁੰਦਾ ਹੈ ਤਾਂ ਰੂਪ ਜਾਂ ਗੁਣ ਦੇ ਪੱਖ ਤੋਂ ਇਨ੍ਹਾਂ ਦੀ ਵਿਸ਼ੇਸ਼ਤਾ ਦੱਸਣ ਲਈ ਨਵੇਂ ਵਿਸ਼ੇਸ਼ਣ ਆਉਂਦੇ ਹਨ, ਜਿਵੇਂ ਰਸਾਇਣ ਸ਼ਾਸਤ੍ਰ ਦੇ ਵਿਕਾਸ ਨਾਲ : ਕਾਰਬਨਿਕ ਅਕਾਰਬਨਿਕ ਜਹੇ ਵਿਸ਼ੇਸ਼ਣ ਆਏ। ਸ਼ਰੇਣੀਆਂ ਵਿਚ ਉੱਨਤ ਹੁੰਦੇ ਜਾਂ ਵੰਡੀਂਦੇ ਸਮਾਜ ਵਿਚ ਜਦੋਂ ਨਵੀਆਂ ਘ੍ਰਿਣਾਵਾਂ ਅਤੇ ਹਮਦਰਦੀਆਂ ਜਨਮ ਲੈਂਦੀਆਂ ਹਨ ਤਾਂ ਵੀ ਨਵੇਂ ਵਿਸ਼ੇਸ਼ਣ ਜਨਮ ਲੈਂਦੇ ਹਨ। ਵਿਸ਼ੇਸ਼ਣ ਬੁਨਿਆਦੀ ਤੌਰ ਤੇ ਅਜਿਹੇ ਸ਼ਬਦ ਹਨ ਜਿਹੜੇ ਜੀਵਾਂ, ਵਸਤਾਂ ਤੇ ਵਰਤਾਰਿਆਂ ਦੀ ਰੂਪ ਜਾਂ ਗੁਣ ਦੇ ਪੱਖ ਤੋਂ ਵਿਸ਼ੇਸ਼ਤਾ ਦੱਸਣ ਲਈ ਜੀਵਾਂ, ਵਸਤਾਂ ਅਤੇ ਵਰਤਾਰਿਆਂ ਦੇ ਨਾਵਾਂ ਤੋਂ ਪਹਿਲਾਂ ਅਤੇ ਕਦੇ-ਕਦੇ ਪਿਛੋਂ ਵੀ ਬੋਲੇ ਜਾਂ ਲਿਖੇ ਜਾਂਦੇ ਹਨ। ਕੁਝ ਵਿਸ਼ੇਸ਼ਣਾਂ ਦੇ ਸ਼ਾਬਦਿਕ ਅਰਥ ਦਸਦੇ ਹਨ ਕਿ ਇਹ ਕਿਸੇ ਨਾਂਵ ਦੀ ਉਦਾਹਰਣ ਦੇਂਦੇ ਹਨ , ਜਿਵੇਂ ਵਿਆਕਰਣ ਤੋਂ ਵਿਆਕਰਣਕ, ਕਵਿਤਾ ਤੋਂ ਕਾਵਿਕ, ਕਾਮ ਤੋਂ ਕਾਮੀ ਵਿਸ਼ੇਸ਼ਣ ਵਿਕਸਤ ਹੋਏ ਦਿਸਦੇ ਹਨ। ਖੋਜ ਤਾਂ ਇਹ ਵੀ ਦਸਦੀ ਹੈ ਕਿ ਸਮਾਂ ਪਾ ਕੇ ਕਈ ਨਾਂਵ, ਪੂਰਨ ਰੂਪ ਵਿਚ ਵਿਸ਼ੇਸ਼ਣ ਬਣ ਜਾਂਦੇ ਹਨ।

ਭਾਸ਼ਾ ਦੀ ਨਿੱਤ ਵਰਤੋਂ ਵੀ ਇਸ ਵਿਚ ਸਦਾ ਰੰਚਕ-ਮਾਤ੍ਰ ਗਣਿਤਾਤਮਿਕ ਤਬਦੀਲੀਆਂ ਕਰਦੀ ਰਹਿੰਦੀ ਹੈ। ਭਾਸ਼ਾ ਦੀ ਨਿੱਤ ਵਰਤੋਂ ਨਾਲ ਉਚਾਰਣ ਵਿਚ ਇਕ ਕਾਹਲਾਪਣ ਪੈਦਾ ਹੁੰਦਾ ਹੈ ; ਇਸ ਕਾਹਲੀ ਨਾਲ ਉਚਾਰਣ ਵਿਚ ਸੰਖੇਪਤਾ ਆਉਂਦੀ ਹੈ। ਕਦੇ-ਕਦੇ ਨਿਜੀ ਉਚਾਰਣ ਸਮੂਹਿਕ ਉਚਾਰਣ ਨਾਲ, ਕੰਠ ਤੰਤੂਆਂ ਵਿਚੋਂ ਕਿਸੇ ਨੁਕਸ ਕਾਰਣ ਮੇਲ ਨਹੀਂ ਖਾਂਦਾ ਅਤੇ ਜੇਤੂਆਂ ਜਾਂ ਅਬਾਦਕਾਰਾਂ ਦੀ ਹਾਲਤ ਵਿਚ ਬਹੁਤੀ ਵਾਰ ਕੰਠ-ਤੰਤੂਆਂ ਦੀ ਵਖਰੀ ਬਨਾਵਟ ਕਾਰਨ ਕੁਝ ਧੁਨੀਆਂ ਉਚਾਰਣ ਨਹੀਂ ਕੀਤੀਆਂ ਜਾ ਸਕਦੀਆਂ।

ਕਾਹਲੀ, ਉਚਾਰਣ-ਸੰਖੇਪਤਾ ਅਤੇ ਕੰਠ-ਤੰਤੂਆਂ ਦੇ ਇਸ ਨਿੱਜੀ ਤੇ ਸਮੂਹਿਕ ਵੱਖਰ ਕਾਰਨ ਸ਼ਬਦਾਂ ਵਿਚ ਸਮੀਕਰਣ, ਵਿਸਮੀਕਰਣ ਅਤੇ ਸੰਧੀ ਦੇ ਰੂਪ ਆਉਂਦੇ ਹਨ।

ਇਕੋ ਵਾਕ, ਪੈਰੇ ਜਾਂ ਰਚਨਾ ਵਿਚ ਜਦ ਨਾਵਾਂ ਦੀ ਵਰਤੋਂ ਦਾ ਅਕਾਊ ਹਦ ਤਕ ਅਹਿਸਾਸ ਹੁੰਦਾ ਹੈ ਤਾਂ ਲੇਖਕ ਜਾਂ ਵਕਤਾ ਵਰਤੇ ਹੋਏ ਨਾਂਵ ਦੀ ਥਾਂ ਕੋਈ ਹੋਰ ਸ਼ਬਦ ਵਧੇਰੇ ਪ੍ਰਭਾਵਿਕ ਬਣਾ ਕੇ ਵਰਤਣਾ ਚਾਹੁੰਦਾ ਹੈ। ਵਸਤਾਂ ਦੇ ਪ੍ਰਤੀਸਥਾਪਣ ਦੀ ਸੋਝੀ ਉਸ ਦੀ ਸਹਾਇਤਾ ਕਰਦੀ ਹੈ ਅਤੇ ਉਹ ਵਾਕ ਵਿਚ ਪਹਿਲੀ ਵਾਰ ਤੋਂ ਮਗਰੋਂ ਨਾਵਾਂ ਦੀ ਥਾਂ ਕੁਝ ਸ਼ਬਦ ਉਨ੍ਹਾਂ ਦੇ ਪ੍ਰਤੀਨਿਧ ਬਣਾ ਕੇ ਵਰਤਦਾ ਹੈ। ਇੰਜ ਪੜਨਾਵਾਂ ਜਾਂ ਸਰਵਨਾਵਾਂ ਦੀ ਹੋਂਦ ਦੀ ਕਲਪਨਾ ਕੀਤੀ ਜਾ ਸਕਦੀ ਹੈ।

ਦੁਨੀਆਂ ਨੂੰ ਪ੍ਰਤੱਖ ਸਮਝਣ ਅਤੇ ਇਸ ਵਿਚਲੀਆਂ ਵਸਤਾਂ ਸੰਬੰਧੀ ਜਾਨਣ, ਘੋਖਣ ਦੀ ਉਤਸੁਕਤਾ ਵੀ ਮਨੁਖ ਨੂੰ ਮੁਢ ਤੋਂ ਰਹੀ ਹੈ। ਜਦੋਂ ਵਸਤਾਂ ਸੰਬੰਧੀ ਗਿਆਨ: ਪਦਾਰਥ ਵਿਗਿਆਨ, ਰਸਾਇਣ ਸ਼ਾਸ਼ਤ੍ਰ; ਵਰਤਾਰਿਆਂ ਸੰਬੰਧੀ ਗਿਆਨ: ਭੂ-ਗਰਭ ਵਿਗਿਆਨ, ਜੋਤਸ਼ ਅਤੇ ਦਰਸ਼ਨ; ਸ਼ਰੀਰਕ ਵਿਗਿਆਨ: ਚਕਿਤਸਾ ਵਿਗਿਆਨ, ਜੀਵ-ਵਿਗਿਆਨ ਅਤੇ ਸਮਾਜ ਸੰਬੰਧੀ ਗਿਆਨ: ਧਰਮ-ਸ਼ਾਸ਼ਤ੍ਰ, ਅਰਥ-ਸ਼ਾਸਤ੍ਰ ਅਤੇ ਰਾਜਨੀਤੀ ਸ਼ਾਸ਼ਤ੍ਰ ਬਣ ਜਾਂਦੇ ਹਨ ਅਤੇ ਗਿਆਨ-ਵਿਗਿਆਨ ਦੀਆਂ ਹੋਰ ਕਈ ਸ਼ਾਖਾਂ ਫੁੱਟ ਨਿਕਲਦੀਆਂ ਹਨ ਤਾਂ ਭਾਸ਼ਾ ਵਿਚ ਸੁਚੇਤ ਤਬਦੀਲੀ ਆਉਂਦੀ ਹੈ।

CC-0. In Public Domain. Gurukul Kangri Collection, Haridwar

ਗਿਆਨ ਤੇ ਵਿਗਿਆਨ ਖੋਜ ਵਿਚ ਵਿਸ਼ਲੇਸ਼ਣਾਤਮਿਕ ਹੁੰਦੇ ਹਨ। ਨਵੀਂ ਖੋਜ ਹੁੰਦੀ

Digitized by Arya Samaj Foundation Chennai and eGangotri

ਹੈ, ਗਿਆਨ-ਵਿਗਿਆਨ ਦੀ ਹਰ ਸ਼ਾਖ ਵਿਚ ਨਵੇਂ ਭੌਤਿਕ ਅਤੇ ਭਾਵ-ਵਾਚਕ ਭੇਤ ਪ੍ਰਗਟ ਹੁੰਦੇ ਹਨ। ਇਨ੍ਹਾਂ ਭੇਤਾਂ ਨੂੰ ਭਾਸ਼ਾ-ਬਧ ਕਰਨ ਦੀ ਸਮਰੱਥਾ ਪਰਚੱਲਤ ਸ਼ਬਦਾਵਲੀ ਵਿਚ ਨਹੀਂ ਹੁੰਦੀ। ਇਸ ਤਬਦੀਲੀ ਦੇ ਨਤੀਜੇ ਵਜੋਂ ਚਲੰਤ ਸ਼ਬਦਾਵਲੀ ਵਿਚ ਤਬਦੀਲੀ ਆਉਂਦੀ ਅਤੇ ਸਮੁੱਚੇ ਸ਼ਬਦ-ਭੰਡਾਰ ਵਿਚ ਵਾਧਾ ਹੁੰਦਾ ਹੈ। ਕੁਝ ਨਵੀਆਂ ਕਿਰਿਆਵਾਂ ਅਤੇ ਕਿਰਿਆ ਵਿਸ਼ੇਸ਼ਣ ਹੋਂਦ ਵਿਚ ਆਉਂਦੇ ਹਨ ਅਤੇ ਪ੍ਰਚੱਲਤ ਭਾਸ਼ਾ ਦੇ ਕੁਝ ਸ਼ਬਦ, ਨਵੇਂ ਅਰਥ ਗ੍ਰਹਿਣ ਕਰ ਲੈਂਦੇ ਹਨ।

ਜਦੋਂ ਵਸਤਾਂ ਨੂੰ ਅੰਸ਼ਾਂ ਅਤੇ ਅੰਸ਼ਾਂ ਨੂੰ ਅਗੇ ਤੱਤਾਂ ਜਾਂ ਅਗਲੇ ਰਚਕਾਂ ਵਿਚ ਵੰਡਿਆ ਜਾਂਦਾ ਹੈ ਤੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਅੰਸ਼ਾਂ, ਤੱਤਾਂ ਅਤੇ ਰਚਕਾਂ ਨੂੰ ਪ੍ਰਗਟਾਉਣ ਲਈ ਨਵੇਂ ਨਾਂਵ ਜਨਮ ਲੈਂਦੇ ਹਨ। ਅਣੂ, ਪ੍ਰਮਾਣੂ, ਬਿਜਲਾਣੂ, ਪ੍ਰੋਟਾਣੂ ਅਤੇ ਨਾਭੀ-ਕਣ (ਕੇਂਦਰਿਕ) ਜਹੇ ਸ਼ਬਦ, ਨਵੀਨ ਨਾਂਵ-ਰਚਨਾ ਦੀ ਅਜੋਕੀ ਉਦਾਹਰਣ ਹਨ। ਨਵੇਂ ਨਾਂਵ ਬਣਨ ਤੇ ਵੀ ਨਾਂਵਾਂ ਦੀ ਰੂਪ ਵਿਧਾ ਉਹੋ ਰਹਿੰਦੀ ਹੈ।

ਜਦੋਂ ਵਸਤਾਂ ਵਰਤਾਰਿਆਂ ਵਿਚ ਨਵੇਂ ਘਟਨਾ-ਪ੍ਰਵਾਹ ਲਭਦੇ ਹਨ, ਤਾਂ ਇਨ੍ਹਾਂ ਨੂੰ ਪ੍ਰਗਟਾਉਣ ਲਈ ਨਵੀਆਂ ਕਿਰਿਆਵਾਂ ਬਣਦੀਆਂ ਹਨ। ਸਾਇੰਸ ਦੀ ਖੋਜ ਜਾਂ ਉਸ ਦੇ ਵਿਕਾਸ ਮਗਰੋਂ ਹੀ ਪ੍ਰਤੀਕਰਮ, ਪ੍ਰਸਪਰ-ਕਰਮ, ਮਿਸ਼ਰਣ, ਸੰਸਰਗੀਕਰਨ ਆਦਿਕ – ਕਿਰਿਆਵਾਂ ਆਪਣੇ ਵਿਸ਼ੇਸ਼ ਅਰਥਾਂ ਅਤੇ ਅਰਥ-ਭੇਦਾਂ ਸਮੇਤ ਹੋਂਦ ਵਿਚ ਆਈਆਂ ਹਨ। ਨਵੀਆਂ ਕਿਰਿਆਵਾਂ ਹੋਂਦ ਵਿਚ ਆਉਣ ਨਾਲ ਕਿਰਿਆ ਦਾ ਰੂਪ ਪ੍ਰੀਵਰਤਨ ਨਹੀਂ ਬਦਲਦਾ ਸਗੋਂ ਪਹਿਲੀਆਂ ਲੀਹਾਂ ਉਪਰ ਹੀ ਕਾਇਮ ਰਹਿੰਦਾ ਹੈ।

ਸਾਇੰਸ ਦੇ ਨਵੇਂ ਘਟਨਾ-ਪ੍ਰਵਾਹਾਂ ਦੇ ਲੱਛਣ ਅਤੇ ਪ੍ਰਭਾਵ ਵੀ ਨਵੇਕਲੇ ਹੁੰਦੇ ਹਨ। ਇਨ੍ਹਾਂ ਕਰਮਾਂ-ਪ੍ਰਤਿਕਰਮਾਂ ਦੇ ਨਵੇਂ ਪ੍ਰਭਾਵਾਂ ਤੇ ਲੱਛਣਾਂ ਨੂੰ ਦ੍ਰਸਾਉਣ ਲਈ ਨਵੇਂ ਕਿਰਿਆ-ਵਿਸ਼ੇਸ਼ਣ ਵੀ ਘੜੇ ਜਾਂਦੇ ਹਨ।

ਵਾਕ ਉਚਾਰਣ ਸਮੇਂ ਸਵਾਸ-ਪ੍ਰਬੰਧ ਦੀਆਂ ਤਾਲਮਈ ਲੋੜਾਂ ਪੂਰੀਆਂ ਕਰਨ ਲਈ, 'ਅਤੇ' ਰੂਪੀ ਯੋਜਕ ਹੋਂਦ ਵਿਚ ਆਉਂਦਾ ਹੈ ਅਤੇ ਇਹੋ ਸ਼ਾਇਦ ਯੋਜਕ ਦੀ ਹੋਂਦ ਦਾ ਮੁਢਲਾ ਕਾਰਨ ਹੈ। *ਇਸ ਤੋਂ ਬਿਨਾਂ 'ਜਾਂ' ਯੋਜਕ, ਵਿਕਸਿਤ ਵਿਚਾਰਾਂ ਸਮੇਂ ਦੀ ਉਪਜ ਹੋਈ ਹੋਵੇਗੀ ਜਦੋਂ ਮਨੁਖ ਨੂੰ ਵਸਤਾਂ ਅਤੇ ਅਮਲਾਂ-ਅਮਲਾਂ ਵਿਚਕਾਰ ਮੇਲ ਅਤੇ ਨਿਖੇੜ ਦਾ ਅਹਿਸਾਸ ਹੋਇਆ।* ਇਕੋ ਵਾਕ ਵਿਚ ਇਕੋ ਸ਼ਬਦ ਦੀ ਘੜੀ-ਮੁੜੀ ਦੀ ਵਰਤੋਂ ਹਟਾਉਣ ਲਈ ਵੀ ਯੋਜਕ ਦੀ ਹੋਂਦ ਅਤੇ ਵਰਤੋਂ ਦੀ ਕਲਪਨਾ ਕੀਤੀ ਜਾ ਸਕਦੀ ਹੈ। ਮਗਰੋਂ, ਇਹੋ ਵਰਤੋਂ ਵਿਆਕਰਣਕ ਨੇਮ ਬਣ ਜਾਂਦੀ ਹੈ। ਜਿਵੇਂ: ਕਿਸੇ ਵਾਕ ਵਿਚ ਬਹੁਤੇ ਨਾਂਵਾਂ ਵਿਚੋਂ ਅਖੀਰਲੇ ਨਾਲ 'ਅਤੇ' ਲਾਉਣਾ ਤਾਂ ਹੀ ਸ਼ੁੱਧ ਹੈ ਜੇ ਸਭਨਾਂ ਨਾਂਵਾਂ ਨਾਲ ਇਕੋ ਕਿਰਿਆ ਰੂਪ ਲਗਦਾ ਹੈ। ਇਕੋ ਵਾਕ ਵਿਚ ਅਰਥ ਭਰਪੂਰਤਾ, ਵਿਚਾਰਾਂ ਦੀ ਜਟਿਲਤਾ ਅਨੁਸਾਰ ਯੋਜਕਾਂ ਦੀ ਵਰਤੋਂ ਵਧਦੀ ਹੈ, ਸਬੰਧਕਾਂ ਦੀ ਗਿਣਤੀ ਵਿਚ ਕੋਈ ਫਰਕ ਨਹੀਂ ਪੈਂਦਾ ਅਤੇ ਉਹ ਭਾਸ਼ਾ ਦੇ ਸਾਹਿਤਕ ਬਣ ਜਾਣ ਤੇ ਜਾਂ ਵਿਆਕਰਣ ਦੇ ਮੁਢ ਤੋਂ ਲੈ ਕੇ ਅੰਤ ਤਕ-ਉਨੇ ਹੀ ਰਹਿੰਦੇ ਹਨ। ਵਾਕ ਵਿਚ ਸੰਬੰਧਕਾਂ ਅਤੇ ਯੋਜਕਾਂ ਦੀ ਗਿਣਤੀ ਵਧਣ ਨਾਲ ਉਪ-ਵਾਕ ਅਤੇ ਦੂਜੇ ਵਾਕ ਜਾਂ ਸ਼ਬਦ ਵਿਚ ਸਮਿਲਤ ਸ਼ਬਦ ਤੇ ਉਪਵਾਕ (Parenthesis) ਵਧ ਜਾਂਦੇ ਹਨ। ਅਜਿਹੇ ਵਾਕ ਆਪਣੇ ਰੂਪ ਵਿਚ ਵਧੇਰੇ ਸੰਕੁਚਿਤ ਅਤੇ ਸੰਖੇਪ ਹੋ ਸਕਦੇ ਹਨ ਅਤੇ ਪ੍ਰਭਾਵ ਵਿਚ ਅਰਥ ਭਰਪੂਰ ਹੋਣ ਤੋਂ ਛੁਟ ਲੱਛੇਦਾਰ ਅਤੇ ਸ਼ਾਸਤ੍ਰੀ ਜਹੇ ਬਣ ਜਾਂਦੇ ਹਨ। ਲੇਖਕ ਦੇ ਵਿਚਾਰ ਅਨੁਸਾਰ ਅਗੇਤਰ ਅਤੇ ਪਿਛੇਤਰ, ਭਾਸ਼ਾ ਅਤੇ ਖਾਸ ਕਰ ਸ਼ਬਦਾਵਲੀ ਦੇ ਰੂਪ-ਪ੍ਰੀਵਰਤਨ ਵਿਚ ਸਮੂਹਿਕ ਰਚਨੇਈ ਸ਼ਕਤੀ ਦੇ ਲਖਾਇਕ ਹਨ। ਜਦੋਂ ਪੰਜਾਬੀ ਮਨੁਖ ਨੇ ਅ,ਬੇ,ਕੁ ਜਹੇ ਕਈ ਅਗੇਤਰਾਂ ਅਤੇ 'ਵਾਣ', 'ਦਾਰ', 'ਬਾਜ਼', 'ਕਾਰ', ਆਦਿਕ ਕਈ ਪਿਛੇਤਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਸ਼ਬਦਾਂ ਨਾਲ ਗੁਣਾਂ ਕੀਤਾ (ਜ਼ਰਬ ਦਿਤੀ) ਹੋਵੇਗਾ ਤਾਂ ਕਿੰਨੇ ਨਵੇਂ ਸ਼ਬਦ ਨਵੇਂ ਅਰਥ ਲੈ ਕੇ ਮਨੁਖੀ ਵਿਚਾਰਾਂ ਨੂੰ ਫੈਲਾਉਣ ਤੇ ਵਿਕਸਾਉਣ ਵਿਚ ਸਹਾਈ ਬਣੇ ਹੋਣਗੇ।

ਭਾਸ਼ਾ ਦੇ ਵਿਕਾਸ ਵਿਚ ਕਾਫੀ ਸੁਚੇਤ ਹਿੱਸਾ ਸਾਹਿਤਕਾਰ ਦਾ ਹੈ। ਇਥੇ ਸਾਹਿਤਕਾਰ ਨੂੰ ਸਧਾਰਨ ਅਰਥਾਂ ਵਿਚ ਉਹ ਵਿਅਕਤੀ ਜਾਂ ਜਨ-ਭਾਗ (ਸ਼੍ਰੇਣੀ ਨਹੀਂ) ਸਮਝਣਾ ਚਾਹੀਦਾ, ਜਿਹੜਾ ਕਿਸੇ ਵੀ ਵਿਸ਼ੇ ਉਪਰ ਆਪਣੇ ਵਿਚਾਰ ਜਾਂ ਭਾਵ ਭਾਸ਼ਾ ਰਾਹੀਂ ਪ੍ਰਗਟ ਕਰਦਾ ਹੈ। ਸਾਹਿਤਕਾਰ ਇਸ ਲਈ ਭਾਸ਼ਾ ਦਾ ਉਸਰਈਆ ਹੈ ਕਿ ਉਸ ਦੀ ਉਪਜਕਾਰੀ ਵਿਚ ਇਕੋ ਇਕ ਕੱਚਾ ਮਾਲ; ਭਾਸ਼ਾ ਹੀ ਲਗਦਾ ਹੈ। ਭਾਸ਼ਾ ਦੀ ਵਰਤੋਂ ਤਾਂ ਹਰ ਮਨੁਖ ਕਰਦਾ ਹੈ ਪਰ ਸਾਹਿਤਕਾਰ ਭਾਸ਼ਾ ਦਾ ਸੁਚੇਤ ਉਸਰਈਆ ਇਸ ਕਰਕੇ ਵੀ ਹੈ ਕਿ ਉਸ ਦੀ ਵਰਤੀ ਹੋਈ ਸਾਹਿਤਕ ਭਾਸ਼ਾ, ਮੂੰਹ ਆਈ ਭਾਸ਼ਾ ਨਹੀਂ, ਸਗੋਂ ਪ੍ਰਬੀਨ ਭਾਸ਼ਣ ਨਾਲੋਂ ਵੀ ਵਧੇਰੀ ਨਾਪੀ-ਤੋਲੀ, ਵਧੇਰੇ ਨਿਯਮ-ਬਧ ਅਤੇ ਵਧੇਰੀ ਹਿਰਦੇ ਆਕਰਸ਼ਕ ਤੇ ਭਾਵ-ਉਕਸਾਊ ਹੁੰਦੀ ਹੈ।

ਸਾਹਿਤਕਾਰ ਵਿਚੋਂ ਰਚਨੇਈ ਸਾਹਿਤਕਾਰ ਦੇ ਵਿਸ਼ੇ ਦੀ ਸੇਧ ਭਾਵੁਕ ਜਾਂ ਸਤਈ ਤੇ ਪੇਤਲੇ ਵਿਚਾਰਾਂ ਵਲ ਹੁੰਦੀ ਹੈ, ਅਤੇ ਪ੍ਰਗਟਾਵੇ ਵੇਲੇ ਸੁਹਜ-ਸੁਆਦ ਦਾ ਧਿਆਨ ਹੁੰਦਾ ਹੈ। ਇਸੇ ਲਈ ਉਸ ਦੀ ਸ਼ਬਦਾਵਲੀ ਵਧੇਰੀ ਖੁਲ੍ਹੀ-ਡੁਲ੍ਹੀ, ਸ਼ਬਦ-ਚੋਣ ਵਧੇਰੇ ਆਪ-ਮੁਹਾਰੀ, ਅਲੰਕ੍ਰਿਤ ਅਤੇ ਭਾਵਾਂ ਵਲੋਂ ਵਧੇਰੀ ਗੰਭੀਰ ਹੁੰਦੀ ਹੈ। ਵਾਰਤਕ ਜਾਂ ਸ਼ਾਸਤ੍ਰੀ ਲੇਖਕਾਂ ਦੇ ਵਿਸ਼ੇ; ਸੰਘਣੇ ਵਿਚਾਰਾਂ ਵਾਲੇ, ਪਹੁੰਚ ਜਾਂ ਨਜਿੱਠਣ, ਵਿਸ਼ਲੇਸ਼ਨਾਤਮਿਕ ਅਤੇ ਪ੍ਰਗਟਾ-ਢੰਗ ਸਹੀ ਹੁੰਦਾ ਹੈ। ਇਸ ਲਈ ਅਜਹੇ ਲੇਖਕ ਢੁਕਵੀਂ ਸ਼ਬਦਾਵਲੀ ਤੇ ਚਿੱਥੀ ਮਿੱਥੀ ਸ਼ਬਦ-ਚੋਣ ਦੀ ਵਰਤੋਂ – ਜਿਸ ਦਾ ਪ੍ਰਭਾਵ ਸਮੁੱਚੇ ਰੂਪ ਵਿਚ ਬੌਧਿਕ ਹੁੰਦਾ ਹੈ – ਆਮ ਤੌਰ ਤੇ ਕਰਦੇ ਹਨ।

ਭਾਸ਼ਾ ਦੇ ਵਿਕਾਸ ਵਿਚ ਸਭ ਤੋਂ ਵੱਧ ਅਤੇ ਮਹਤਵ ਪੂਰਨ ਹਿੱਸਾ ਵਿਆਕਰਣ ਦਾ ਹੈ। ਭਾਸ਼ਾ, ਇਕ ਵਿਸ਼ਾਲ, ਖਿੰਡਿਆ ਪੁੰਡਿਆ ਤੇ ਵਿਕੋਲਿੱਤਰਾ ਸ਼ਬਦ-ਭੰਡਾਰ ਨਹੀਂ। ਇਹ ਪਦ-ਵੰਡ ਦੇ ਅਰਥਾਂ ਵਿਚ ਸ਼ਬਦ-ਸਮੂਹਾਂ ਦਾ ਕੁਲ ਜੋੜ ਵੀ ਨਹੀਂ, ਸਗੋਂ ਇਹ ਸ਼ਬਦਾਂ ਦੇ ਕ੍ਰਮ (ਤਰਤੀਬ) ਅਤੇ ਰੂਪ ਪ੍ਰੀਵਰਤਨ ਦੀ ਸੋਝੀ ਦਾ ਨਾਮ ਹੈ, ਜਿਹੜੀ ਸਮੁੱਚੇ ਮਨੁਖ ਸਮਾਜ ਨੇ ਹੌਲੀ-ਹੌਲੀ ਰੂਪਮਾਨ ਕੀਤੀ ਹੈ ਅਤੇ ਜਿਸ ਨੂੰ ਹਰ ਵਿਅਕਤੀ ਜਨਮ ਤੋਂ ਮਰਨ ਤਕ ਗ੍ਰਹਿਣ ਕਰਦਾ ਤੇ ਵਰਤਦਾ ਰਹਿੰਦਾ ਹੈ। ਉਹ ਵਿੱਤ ਅਨੁਸਾਰ ਇਸ ਵਿਚ ਰੰਚਕ-ਮਾਤ੍ਰ ਅਚੇਤ ਜਾਂ ਸੁਚੇਤ ਵਾਧਾ ਵੀ ਕਰ ਜਾਂਦਾ ਹੈ। ਇਸ ਲਈ ਵਿਆਕਰਣ ਨੂੰ ਇਕ ਲੰਮੇ ਮਨੁੱਖੀ ਇਤਿਹਾਸ ਦੀ ਚਾਲ ਰਾਹੀਂ ਪ੍ਰਾਪਤ ਹੋਈ, ਮਨੁਖੀ ਵਿਚਾਰਾਂ ਦੀ ਪ੍ਰਾਪਤੀ ਕਿਹਾ ਜਾ ਸਕਿਆ ਹੈ।

ਇਸੇ ਗਲ ਨੂੰ ਨਾ ਸਮਝ ਕੇ ਆਪਣੇ ਤੇ ਓਪਰੇ ਕਈ ਇਕ ਭਾਸ਼ਾ-ਵਿਗਿਆਨੀ ਗ਼ਲਤ ਸਿੱਟੇ ਕਢ ਬੈਠਦੇ ਹਨ। ਅੱਜ ਵੀ ਕਈ ਭਾਸ਼ਾ-ਵਿਗਿਆਨੀ ਕਿਸੇ ਆਧੁਨਿਕ ਭਾਸ਼ਾ ਨੂੰ ਕਿਸੇ ਪੁਰਾਤਨ ਭਾਸ਼ਾ ਦੀ ਜਾਈ, ਭਤੀਜੀ ਜਾਂ ਪੋਤਰੀ ਸਿੱਧ ਕਰਨ ਲਈ ਜਦੋਂ ਵਿਆਕਰਣ ਦੀ ਭਾਸ਼ਾ ਵਿਚਲੀ ਮੱਹਤਤਾ ਨੂੰ ਭੁੱਲ ਕੇ ਨਿਪਟ-ਸ਼ਬਦਾਵਲੀ ਦੀ ਖੋਜ ਉਪਰ ਤੁਰ ਪੈਂਦੇ ਹਨ ਤਾਂ ਉਹ ਕਈ ਗ਼ਲਤ ਸਿੱਟੇ ਕਢ ਲੈਂਦੇ ਹਨ। ਜਾਂ ਕਿਹਾ ਜਾ ਸਕਦਾ ਹੈ ਕਿ ਤੱਥ ਤੇ ਸੱਚ ਤੇ ਪੁੱਜਣ ਲਈ ਨਹੀਂ ਸਗੋਂ ਆਪਣਾ ਪੱਖ ਪੂਰਨ ਲਈ ਸ਼ਬਦਾਵਲੀ ਨੂੰ ਹੀ ਆਪਣੀ ਦਲੀਲ ਦਾ ਆਧਾਰ ਅਤੇ ਭਾਰ ਬਣਾਉਂਦੇ ਹਨ।

ਕਿਸੇ ਵੀ ਭਾਸ਼ਾ ਦੀ ਸ਼ਬਦਾਵਲੀ ਤਾਂ ਸਮਾਂ ਪਾ ਕੇ ਬਦਲ ਜਾਂਦੀ ਹੈ, ਪਰ ਉਸ ਦਾ ਸ਼ਬਦ-ਭੰਡਾਰ ਬਹੁਤ ਚਿਰ ਮਗਰੋਂ ਕੁਝ ਕੁ ਬਦਲਦਾ ਹੈ। ਅਰਥਹੀਣ ਰਹਿਤ ਸ਼ਬਦ, ਬੇਅਰਥੇ ਹੋ ਜਾਣ ਤੇ ਵਰਤੋਂ ਰਹਿਤ ਰਹਿਣ ਮਗਰੋਂ ਹੀ ਸ਼ਬਦ-ਭੰਡਾਰ ਵਿਚੋਂ ਨਿਕਲਦੇ ਹਨ ਅਤੇ ਇਸ ਤੋਂ ਵੀ ਹੋਰ ਲੰਮੇਰੇ ਸਮੇਂ ਪਿਛੋਂ ਭਾਸ਼ਾ ਦੀ ਵਿਆਕਰਣ ਵਿਚ ਫਰਕ ਆਉਂਦਾ ਹੈ। ਇਹ ਫ਼ਰਕ ਸਮਾਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਇਕ-ਔਧੇ ਆਰਥਕ ਯੁਗ ਮਗਰੋਂ ਨਹੀ, ਸਗੋਂ ਬਹੁਤੇ ਯੁਗਾਂ ਮਗਰੋਂ ਆਉਂਦਾ ਹੈ ।

ਭਾਸ਼ਾ ਦੀ ਇਸ ਮਹੱਤਤਾ ਅਤੇ ਲੱਛਣ ਨੂੰ ਭੁੱਲ ਕੇ ਜਿਹੜੇ ਵਿਦਵਾਨ ਸ਼ਬਦਾਵਲੀ ਦੇ ਰੂਪ-ਪ੍ਰੀਵਰਤਨ ਦੇ ਅਧਾਰ ਤੇ ਇਹ ਸਿੱਧ ਕਰਦੇ ਹਨ, ਕਿ ਸਭ ਆਧੁਨਿਕ ਭਾਸ਼ਾਵਾਂ, ਪੂਰਨ ਰੂਪ ਵਿਚ ਕੇਵਲ ਸੰਸਕ੍ਰਿਤ ਦਾ ਹੀ ਵਿਕਾਸ ਮਾਤ੍ਰ ਹਨ, ਉਹ ਇੰਨੇ ਹੀ ਗ਼ਲਤ ਹਨ ਜਿੰਨੇ ਕਿ ਉਹ ਵਿਦਵਾਨ, ਜਿਹੜੇ ਪੰਜਾਬੀ ਜਾਂ ਕਿਸੇ ਹੋਰ ਆਧੁਨਿਕ ਭਾਸ਼ਾ ਵਿਚ ਸੰਸਕ੍ਰਿਤ ਤਤਸਮ ਸ਼ਬਦ ਸਾਂਝੇ ਦੇਖ ਕੇ ਕਹਿ ਦੇਂਦੇ ਹਨ, ਕਿ ਪੰਜਾਬੀ ਹੀ ਸੰਸਕ੍ਰਿਤ ਦੀ ਵਾਰਸ ਹੈ ਜਾਂ, ਇਸ ਤੋਂ ਵੀ ਪੁਰਾਣੀ ਹੈ । ਵਿਆਕਰਣ ਮੁਖ ਰੂਪ ਵਿਚ ਸ਼ਬਦਾਂ ਦੀ ਵਾਕਾਂ ਵਿਚ ਤਰਤੀਬ ਅਤੇ ਸ਼ਬਦ ਪ੍ਰੀਵਰਤਨ (ਨਾਂਵ-ਰੂਪ-ਪ੍ਰਬੰਧ, ਕਿਰਿਆ-ਰੂਪ-ਪ੍ਰੀਵਰਤਨ, ਵਿਸ਼ੇਸ਼ਣਾਂ ਅਤੇ ਕਿਰਿਆ ਵਿਸ਼ੇਸ਼ਣਾਂ ਦਾ ਅਗੇ ਪਿਛੇ ਸਥਾਨ ਜਾਂ ਨਿੱਖੜਿਆ ਰੂਪ ਆਦਿਕ) ਉਪਰ ਅਧਾਰਤ ਹੈ । ਸ਼ਬਦ-ਭੰਡਾਰ ਵਿਚੋਂ ਇਕ ਜਾਂ ਦੂਜੀ ਆਰਥਕ ਸ਼੍ਰੇਣੀ ਵਲੋਂ ਸ਼ਬਦਾਵਲੀ ਦੇ ਇਕ ਵਿਸ਼ੇਸ਼ ਘੇਰੇ ਦੀ ਵਰਤੋਂ ਤੋਂ ਇਹ ਨਤੀਜਾ ਕਢਣਾ ਕਿ ਭਾਸ਼ਾ ਪ੍ਰੋਲੇਤਾਰੀ ਜਾਂ ਬੁਰਜੁਆ ਵੀ ਹੁੰਦੀ ਹੈ; ਗਲਤ ਹੈ । ਇਕੋ ਵਿਸ਼ੇਸ਼ ਸਮੇਂ ਅੰਦਰ ਭਾਸ਼ਾ ਦੇ ਵਿਆਕਰਣਕ ਘੇਰੇ ਦੇ ਵਿਚ ਰਹਿ ਕੇ ਸ਼ਬਦਾਵਲੀ ਦੇ ਕਿਸੇ ਖਾਸ ਰੂਪ ਨੂੰ ਸੁਚੇਤ ਤੌਰ ਤੇ ਅਪਨਾਣ ਜਾਂ ਛੁਟਿਆਉਣ ਨਾਲ ਭਾਸ਼ਾ ਵਿਚ ਕੋਈ ਵੱਖਰਾ ਕਾਲ ਨਹੀਂ ਸ਼ੁਰੂ ਹੋ ਜਾਂਦਾ, ਜਿਵੇਂ ਕਿ ਪੰਜਾਬੀ ਦੇ ਕੁਝ ਭਾਸ਼ਾ ਵਿਗਿਆਨੀਆਂ ਨੂੰ ਭਰਮ ਪੈ ਚੁਕਾ ਹੈ । ਅਪਭ੍ਰੰਸ਼, ਤਦਭਵ ਜਾਂ ਮੁੜ ਤਤਸਮ ਝੁਕਾਅ ਜੇ ਕੋਈ ਪ੍ਰੀਵਰਤਨ ਹੈ, ਤਾਂ ਉਹ ਕੇਵਲ ਸ਼ਬਦਾਵਲੀ ਦੇ ਘੇਰੇ ਵਿਚ ਨਾਂ-ਗਿਣਾਵਾਂ ਗਣਿਤਾਤਮਿਕ ਪ੍ਰੀਵਰਤਨ ਹੈ । ਸਮੇਂ ਦੇ ਘੇਰੇ ਵਿਚ ਯੁਗ ਪ੍ਰੀਵਰਤਨ ਨਹੀਂ ।

ਪਰ ਕੀ ਵਿਆਕਰਣ ਭਾਸ਼ਾ ਦੇ ਵਿਕਾਸ ਦਾ ਆਧਾਰ ਹੈ ?

ਨਹੀਂ ! ਵਿਆਕਰਣ, ਭਾਸ਼ਾ ਦੀ ਆਪਣੀ ਕਿਸਮ ਦੀ , ਚਿਰਾਂ ਤੋਂ ਹੋ ਰਹੀ ਅਚੇਤ ਵਰਤੋਂ ਦੀ ਸੁਚੇਤ ਅਤੇ ਸੂਤ੍ਰਬਧ ਰੂਪ ਜਾਂ ਨਿਯਮਾਵਲੀ ਹੈ ।

ਮਨੁਖੀ ਸਮਾਜ ਵਿਚ ਭਾਸ਼ਾ ਅਤੇ ਕੇਵਲ ਭਾਸ਼ਾ ਹੀ ਅਜਿਹੀ ਵਸਤ ਅਤੇ ਵਰਤਾਰਾ ਹੈ, ਜਿਸ ਵਿਚ ਇਕ ਭਾਸ਼ਾਈ ਖੇਤਰ ਦਾ ਹਰ ਸਥਾਨ ਅਤੇ ਹਰ ਵਿਅਕਤੀ ਹਿੱਸਾ ਪਾਉਂਦਾ ਹੈ । ਭਾਸ਼ਾ ਦੇ ਵਿਕਾਸ ਵਿਚ ਉਸ ਦੇ ਭਾਸ਼ਾਈ ਖੇਤਰ ਦੇ ਹਰ ਸਥਾਨ ਦਾ ਹਿੱਸਾ ਹੁੰਦਾ ਹੈ । ਇਸੇ ਲਈ ਸਥਾਨ ਬਦਲ ਜਾਣ ਨਾਲ ਭਾਸ਼ਾ ਦੇ ਰੂਪ ਅਤੇ ਵਿਆਕਰਣਕ ਨੇਮਾਂ ਵਿਚ ਥਾਂ-ਥਾਂ ਅਪਵਾਦ ਮਿਲਦੇ ਹਨ । ਭਾਸ਼ਾ ਵਿਚ ਹਰ ਖੇਤਰ ਦੇ ਵਿਅਕਤੀ ਦੇ ਹਿੱਸਾ ਪਾਣ ਕਾਰਨ ਇਸ ਦੇ ਅਰਥਾਂ ਵਿਚ ਉਚਾਰਣ ਤੋਂ ਲੈ ਕੇ ਸੁਰ-ਦਬਾਉ ਤਕ ਵਿਅਕਤੀ-ਵਿਅਕਤੀ ਅਨੁਸਾਰ ਅਪਵਾਦ ਤੇ ਵੱਖਰ ਮਿਲਦੇ ਹਨ । ਹਾਂ, ਇਹ ਗਲ ਵੀ ਚੇਤੇ ਰਖਣ ਵਾਲੀ ਹੈ ਕਿ ਭਾਸ਼ਾ ਦਾ ਵਾਹ, ਜਿਉਂਦੀ-ਜਾਗਦੀ ਅਤੇ ਜੀਵਨ ਦੀਆਂ ਲੋੜਾਂ ਕਾਰਨ ਸਾਂਝ ਪਾਈ ਲੋਕਾਈ ਨਾਲ ਹੈ, ਜਿਸ ਲਈ ਇਹ ਵੀ ਸਾਰੇ ਅਪਵਾਦਾਂ ਤੇ ਵੱਖਰਾਂ ਸਮੇਤ ਸਾਂਝੀ ਤੇ ਜਿਉਂਦੀ ਜਾਗਦੀ ਹੀ ਰਹਿੰਦੀ ਹੈ ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ-ਜਰਮਨ ਵਿਆਕਰਣ ਵਿਚ ਕੁਝ ਤੁੱਲਨਾਤਮਿਕ ਤੱਥ

ਪੂਰਬ ਨਾਲ ਸੰਬੰਧਤ-ਗਿਆਨ ਅਤੇ ਭਾਰਤ-ਵਿਗਿਆਨ ਬਾਰੇ ਜਰਮਨੀ ਦੀ ਇਕ ਲੰਮੀ ਰਵਾਇਤ ਅਤੇ ਇਨ੍ਹਾਂ ਗਿਆਨਾਂ ਵਿਚ ਇਕ ਅਮੀਰ ਦੇਣ ਰਹੀ ਹੈ। ਪੁਰਾਤਨ ਗਰੰਥਾਂ, ਲਿਖਤਾਂ ਅਤੇ ਹੱਥ-ਲਿਖਤਾਂ ਵਿਚ ਮਿਲਦੀ ਸੰਸਾਰ, ਸਮਾਜ-ਪ੍ਰਬੰਧ, ਦਰਸ਼ਨ, ਵਿਆਕਰਣ, ਸਾਹਿਤ ਅਤੇ ਰਚਨਾਤਮਿਕਤਾ ਵਿਚ ਭਾਰਤ ਦੀ ਦੇਣ ਨਾਲ, ਕਾਰਲ ਮਾਰਕਸ, ਗੋਇਟੇ, ਮੈਕਸਮਿਉਲਰ, ਅਲੈਗਜ਼ੈਂਡਰ ਫਾਨ ਹੰਮਬੋਲਟ, ਹਰਮੈਨ ਹੈੱਸ ਅਤੇ ਕਿੰਨੇ ਹੀ ਹੋਰ ਵਿਅਕਤੀਆਂ ਨੂੰ ਆਪਣੀਆਂ ਰਚਨਾਤਮਿਕ ਤੇ ਖੋਜ-ਕ੍ਰਿਤਾਂ ਰਾਹੀਂ ਮੋਹ ਪੈਂਦਾ ਰਿਹਾ ਹੈ।

ਜਰਮਨ ਭਾਰਤ-ਵਿਗਿਆਨੀਆਂ ਵਿਚੋਂ ਇਕ ਮੈਕਸਮਿਉਲਰ ਸੀ। ਉਨ੍ਹੀਵੀਂ ਸਦੀ ਦੇ ਅੰਤਮ ਮੱਧ ਵਿਚ ਮੈਕਸਮਿਉਲਰ ਨੇ ਪੁਰਾਤਨ ਸੰਸਕ੍ਰਿਤ ਗਰੰਥਾਂ ਉਪਰ ਕੰਮ ਕੀਤਾ। ਪੂਰੇ ਚਾਲੀ ਵਰ੍ਹੇ ਉਸ ਨੇ ਖੋਜ ਕੀਤੀ। ਆਪਣੀਆਂ ਲੱਭਤਾਂ ਤੇ ਖੋਜਾਂ ਦੀ ਤਸਦੀਕ ਲਈ ਉਹ ਭਾਰਤ ਵੀ ਨਾ ਆ ਸਕਿਆ ਪਰ ਉਹ ਇਨਾਂ ਸਪਸ਼ਟ-ਦਰਸ਼ੀ ਸੀ ਕਿ ਉਹ ਆਪਣੀ ਖੋਜ ਕਾਰਣ ਭਾਰਤ ਵਿਚ ਆਪਣੇ ਦੇਸ਼ ਨਾਲੋਂ ਵੱਧ ਆਦਰ ਅਤੇ ਪ੍ਰਮਾਣੀਕਤਾ ਨਾਲ ਯਾਦ ਕੀਤਾ ਜਾਂਦਾ ਹੈ। ਮੈਕਸਮਿਉਲਰ ਨੇ ਸਿੱਧ ਕੀਤਾ ਕਿ ਭਾਵੇਂ ਸੰਸਕ੍ਰਿਤ ਅਜ ਵਰਤੋਂ ਵਿਚ ਨਹੀਂ ਪਰ ਇਹ ਸਭਨਾਂ ਸੁਹਜਾਂ, ਸੁਆਦਾਂ ਅਤੇ ਗੋਹਯਾਂ ਕਾਰਣ ਇਕ ਸਰਬ ਪੱਖੀ ਅਤੇ ਅਮੀਰ ਭਾਸ਼ਾ ਸੀ। ਇਹ ਆਪਣੀ ਵਿਆਕਰਣ ਕਾਰਣ ਸਰਬ-ਪੱਖੀ ਸੀ। ਇਹ ਰਚਨਾਤਮਿਕ ਅਨੁਭਵਾਂ ਅਤੇ ਮਨੋ-ਭਾਵਕ ਵਰਤਾਰੇ ਨੂੰ ਪ੍ਰਗਟਾਉਣ ਦੇ ਆਪਣੇ ਗੁਣਾਂ ਕਾਰਣ ਅਮੀਰ ਸੀ। ਉਸ ਨੇ ਸਿੱਧ ਕੀਤਾ ਕਿ ਵਿਚਾਰ ਵਸਤੂ ਦੇ ਗੋਹਯ ਨੂੰ ਪੂਰੀ ਸਪਸ਼ਟਤਾ ਨਾਲ ਪ੍ਰਗਟਾਉਣ ਵਿਚ ਇਹ ਭਾਸ਼ਾ ਸੰਪੰਨ ਸੀ। ਸ੍ਰੀ ਮਿਉਲਰ ਦੇ ਇਸ ਕੰਮ ਦੀ ਮਹੱਤਤਾ ਵਿਆਕਰਣਕ ਭਾਂਤ ਦੀ ਹੈ, ਜਿਸ ਨੇ ਇੰਡੋ-ਜਰਮੈਨਿਕ ਘਰਾਣੇ ਦੀਆਂ ਭਾਸ਼ਾਵਾਂ ਦੀ ਸਾਂਝ ਨੂੰ ਪੱਕਾ ਕੀਤਾ।

ਇਸ ਤੋਂ ਮਗਰੋਂ ਸਨਅਤੀਕਰਣ ਦੇ ਯੁਗ ਵਿਚ, ਗਿਆਨ-ਵਿਗਿਆਨ ਉਪਰ ਭੌਤਿਕੀ ਗਿਆਨ ਦਾ ਅਜਿਹਾ ਭਾਰ ਪਿਆ ਅਤੇ ਦੋ ਸੰਸਾਰ-ਜੰਗਾਂ ਤੋਂ ਮਗਰੋਂ ਹਰਵਾਰ ਮੁੜ-ਉਸਾਰੀ ਅਤੇ ਹੋਰਨਾਂ ਸਮਾਜਕ-ਰਾਜਨੀਤਕ ਅਤੇ ਸ਼ਹਿਰੀ ਅਤੇ ਜੰਗੀ ਸਨਅਤਾਂ ਦੀਆਂ ਲੋੜਾਂ ਕਾਰਣ ਖੋਜ-ਕਾਰਜ ਵਿਚ ਇਹ ਸੰਭਵ ਹੀ ਨਾ ਰਿਹਾ ਕਿ ਮੈਕਸਮਿਉਲਰ ਜਿਹੇ ਵਿਦਵਾਨ ਦੀ ਖੋਜ-ਘਾਲਣਾ ਨੂੰ ਅਗੇ ਵਧਾ ਕੇ ਸਮਕਾਲੀ ਜਰਮਨ ਭਾਸ਼ਾ ਅਤੇ ਉਨ੍ਹਾਂ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਸਾਂਝ ਲਭੀ ਜਾਏ, ਜਿਹੜੀਆਂ ਭਾਸ਼ਾਵਾਂ ਸੰਸਕ੍ਰਿਤ ਦੀ ਪਾਲ ਵਿਚ ਖੜੀਆਂ ਹਨ।

CC-0. In Public Domain. Gurukul Kangri Collection, Haridwar

ਤੁੱਲਨਾਤਮਿਕ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਇੰਡੋ-ਜਰਮਨ ਭਾਸ਼ਾਵਾਂ ਦੇ ਘਰਾਣੇ

Digitized by Arya Samaj Foundation Chennai and eGangotri

ਵਿਚ ਕਈ ਸ਼ਬਦਾਂ ਦੀ ਸਾਂਝ ਪਹਿਲਾਂ ਹੀ ਪ੍ਰਸਿੱਧ ਹੈ। ਨਾਵਾਂ, ਵਿਸ਼ੇਸ਼ ਰੂਪ ਵਿਚ ਖ਼ੂੰਨੀ-ਰਿਸ਼ਤਿਆਂ, ਮਹੱਤਵਪੂਰਣ ਮਨੁਖੀ ਅੰਗਾਂ, ਕੁਝ ਕਿਰਿਆ-ਧਾਤੂਆਂ, ਸੰਗਿਆ-ਵਾਚਕ ਨਾਵਾਂ, ਅਤੇ ਵਿਸ਼ੇਸ਼ ਨਾਵਾਂ ਅਤੇ ਮਿਥਿਹਾਸਕ ਵਿਅਕਤੀਆਂ ਦੇ ਤਤਸਮੀ ਜਾਂ ਤਦਭਵੀ ਉਚਾਰਣਾਂ ਤੋਂ ਪ੍ਰੇਰਿਤ ਹੋ ਕੇ ਵਿਗਿਆਨੀਆਂ ਅਤੇ ਵਿਦਵਾਨਾਂ ਨੇ ਸਿੱਟੇ ਕਢੇ ਕਿ ਭਾਰਤੀ ਅਤੇ ਜਰਮਨ (ਯੂਰਪੀਨ) ਲੋਕਾਂ ਦੀ ਜੱਦੀ-ਪਿੱਠ-ਭੂਮੀ, ਭਾਸ਼ਾਵਾਂ, ਰਵਾਇਤਾਂ ਅਤੇ ਵਿਚਾਰ-ਪ੍ਰਬੰਧਾਂ ਆਦਿਕ ਵਿਚ ਬਹੁਤ ਕੁਝ ਸਾਂਝਾ ਹੈ। ਇਨ੍ਹਾਂ ਸਾਂਝੇ ਤੱਥਾਂ ਵਿਚੋਂ ਕੁਝ ਵਿਆਕਰਣਕ ਪੱਖ ਤਾਂ ਜਰਮਨੀ ਵਿਚ ਕਿਸੇ ਭਾਰਤੀ ਭਾਸ਼ਾ-ਰਸੀਏ ਦੇ ਆਉਣ ਤੋਂ ਝਟ ਹੀ ਸਪਸ਼ਟ ਹੋ ਜਾਂਦੇ ਨੇ, ਜਿਵੇਂ:

			(ਉਤਰੀ) ਭਾਰਤੀ (ਆਧੁਨਿਕ) ਭਾਸ਼ਾਵਾਂ		
ਅੰਗਰੇਜ਼ੀ	ਜਰਮਨ	ਸੰਸਕ੍ਰਿਤ	ਪੰਜਾਬੀ	ਹਿੰਦੀ	ਉਰਦੂ
ਮਦਰ	ਮੁਟਰ	ਮਾਤ੍ਰ	ਮਾਤਾ (ਮਾਂ)	ਮਾਤਾ	ਅੰ (ਮਾਂ)
ਫਾਦਰ	ਫਾਟਰ	ਪ੍ਰਿਤ	ਪਿਤਾ	ਪਿਤਾ	(ਪਿਦਰ=ਫਾਰਸੀ)
ਹੈਂਡ	ਹਾਂਟ	ਹਸਤ	ਹੱਥ	ਹਾਥ	ਹਾਥ
ਟੂ	ਸਵਾਈ (ਸ੍ਵੋ)	ਦ੍ਵੈ	ਦੋ	ਦੋ	ਦੋ
ਏਟ	ਆਖ਼ਤ	ਅਸ਼ਟ	ਅੱਠ	ਆਠ	ਆਠ

ਜਰਮਨੀ ਵਿਚ ਨਵੇਂ ਨਵੇਂ ਆਏ ਭਾਰਤੀ ਦੇ ਕੰਨ ਜਰਮਨ ਇਸਤ੍ਰੀ ਦੇ ਇਹ ਨਾਂ ਆਮ ਸੁਣਦੇ ਹਨ:

ਅਨੀਤਾ, ਰੀਤਾ (ਊਸ਼ੀ) ਊਸ਼ਾ, ਮੀਰਾ, ਮੌਨਿਕਾ, ਮੀਨਾ, ਰੀਣਾ, ਮਾਇਆ।

ਵਿਅਕਤੀ ਦੇ ਨਾਂ ਦੇ ਨਾਲ ਪੰਜਾਬ ਅਤੇ ਭਾਰਤ ਵਿਚ ਜਾਤ (ਗੋਤ) ਦਾ ਨਾਂ ਕਈ ਵਾਰ ਲਿਆ ਜਾਂਦਾ ਹੈ। ਹੋਰਨਾਂ ਯੂਰਪੀ ਨਾਵਾਂ ਵਾਂਗ ਜਰਮਨ ਨਾਵਾਂ ਦੇ ਮਗਰ ਵੀ ਜੱਦੀ-ਨਾਂ (Family Name) ਤਾਂ ਲਗਦਾ ਹੀ ਹੈ ਪਰ ਇਕ ਹੋਰ ਗਲ ਸ਼ਾਇਦ ਪੰਜਾਬੀ ਤੇ ਜਰਮਨ ਨਾਵਾਂ ਵਿਚ ਹੀ ਸਾਂਝੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਪੰਜਾਬ ਵਿਚ ਨਾਂ ਦੇ ਨਾਲ ਪਿੰਡ-ਸ਼ਹਿਰ ਦਾ ਨਾਂ ਵੀ ਆਉਂਦਾ ਹੈ : ਜਿਵੇਂ ਰਾਮ ਸਿੰਘ ਭੰਗਾਲੀ ਜਾਂ ਮੋਹਨ ਸਿੰਘ ਜਗਰਾਵਾਂ। ਕਈ ਵਾਰ ਕਿਹਾ ਜਾਂਦਾ ਹੈ : ਰਾਮ ਸਿੰਘ ਭੰਗਾਲੀ ਦਾ। ਕੁਝ ਇੰਜ ਹੀ ਜਰਮਨੀ ਵਿਚ ਹੈ, ਖਾਸ ਕਰ ਪ੍ਰਤਿਸ਼ਠਤ ਰੂਪ ਵਿਚ ਜਿਵੇਂ: ਹੈਰਨ ਅਲੈਗਜ਼ਾਂਡਰ ਫਾਨ ਹਮਬੋਲਟ (ਸ੍ਰੀ ਅਲੈਗਜ਼ੈਂਡਰ, ਹਮਬੋਲਟ ਤੋਂ)।

ਪੰਜਾਬੀ ਵਿਚ ਅਸੀਂ ਇਕ-ਵਚਨੀ ਮਧਮ ਪੁਰਖ ਲਈ ਦੋ ਸੰਬੋਧਕ ਵਰਤਦੇ ਹਾਂ : 'ਤੂੰ' ਅਤੇ 'ਤੁਸੀਂ'। ਜਰਮਨ ਭਾਸ਼ਾ ਵਿਚ ਇੰਜ ਹੀ ਅਤੇ ਇਨ੍ਹਾਂ ਹੀ ਅਰਥਾਂ ਅਤੇ ਪ੍ਰਕਰਣ ਵਿਚ Du (ਦੂ) ਅਤੇ Sie (ਜ਼ੀ) ਵਰਤਿਆ ਜਾਂਦਾ ਹੈ। 'ਤੂੰ' ਵਾਂਗ ਦੂ' ਅਪੱਣਤ, 'ਛੁਟੇਰੇ ਅਤੇ ਮਧਮ-ਪੁਰਖ ਅਤੇ ਅਨਾਦਰ ਲਈ ਹੈ। ਪਰ 'ਤੁਸੀਂ' ਅਤੇ 'ਜ਼ੀ' ਵਿਚ ਮਾਮੂਲੀ ਫਰਕ ਹੈ। 'ਤੁਸੀਂ' ਕੇਵਲ ਆਦਰ ਲਈ ਹੈ ਅਤੇ 'ਜ਼ੀ' ਆਦਰ ਅਤੇ ਓਪਰੇਪਣ ਲਈ।

ਸ਼ਬਦ-ਉਸਾਰੀ ਜਾਂ ਸ਼ਬਦ-ਰਚਨਾ ਲਈ ਪੰਜਾਬੀ ਵਿਚ ਹਾਈਫਨ ਲਾ ਕੇ ਸਮਾਸ ਬਨਾਉਣ ਦਾ ਢੰਗ ਵੀ ਪ੍ਰਚੱਲਤ ਹੈ। ਜਿਵੇਂ : ਬਹੁ + ਰੰਗ (ਬਹੁ-ਰੰਗ)। ਸੰਸਕ੍ਰਿਤ ਹਿੰਦੀ ਲੀਹਾਂ ਉਪਰ ਸੰਧੀ ਦਾ ਢੰਗ ਵੀ; ਜਿਵੇਂ ਸੁਖ + ਅੰਤ (ਸੁਖਾਂਤ)। ਅਜੋਕੀ ਜਰਮਨ ਭਾਸ਼ਾ ਵਿਚ ਸੰਧੀ ਭਾਂਤ ਦੇ ਦੁ-ਸ਼ਬਦੇ, ਤਿੰਨ-ਸ਼ਬਦੇ, ਬਹੁਤ ਸਾਰੇ ਸ਼ਬਦ ਮਿਲਦੇ ਹਨ। ਜਿਵੇਂ Haupt (ਵਡਾ) + Bahn (ਵਾਹਣ ਜਾਂ ਸਵਾਰੀ = ਰੇਲ) + Hof (ਵੇਹੜਾ) ਦੀ ਸੰਧੀ ਹੈ Hauptbahnhof (= ਮੁੱਖ ਰੇਲਵੇ ਸ਼ਟੇਸ਼ਨ)

ਉਚਾਰਣ ਅਤੇ ਅਰਥਾਂ ਦੇ ਪੱਖ ਤੋਂ ਸ਼ਬਦਾਂ ਦੀ ਸਾਂਝ ਤਾਂ ਸੰਸਾਰ ਦੇ ਇਕ ਕੋਨੇ ਤੋਂ ਦੂਜੀ ਨੁੱਕਰ ਤਕ ਦੀਆਂ ਭਾਸ਼ਾਵਾਂ ਵਿਚ ਲੱਭ ਜਾਂਦੀ ਹੈ। ਜਿੰਨਾ ਕਿਸੇ ਭਾਸ਼ਾ ਦਾ ਰਾਜਨੀਤਕ ਮਧਾਣੀ ਤੇ ਰਿੜਕਣੇ, ਸਭਿਅਕ ਮੇਲ ਜੋਲ ਅਤੇ ਟਾਕਰਿਆਂ ਨਾਲ ਵਾਹ ਪੈਂਦਾ ਹੈ ਉਨਾਂ ਹੀ ਉਸ ਭਾਸ਼ਾ ਦੀ ਸ਼ਬਦਾਵਲੀ ਵਿਚ ਉਚਾਰਣ-ਭੇਦ ਰਹਿਤ ਜਾਂ ਸਹਿਤ ਮਿਸ਼ਰਣ ਆਉਂਦਾ ਹੈ। ਇਸੇ ਵਿਚੋਂ ਤਤਸਮੀ ਤੇ ਤਦਭਵੀ ਸਾਂਝ ਹੋਂਦ ਵਿਚ ਆਉਂਦੀ ਹੈ। ਕਿਸੇ ਭਾਸ਼ਾ ਤੋਂ ਸ਼ਬਦ ਲੈ ਕੇ ਆਪਣੇ ਬਣਾ ਲੈਣ ਦਾ ਤਤਸਮੀ ਝੁਕਾ ਪੰਜਾਬੀ ਅਤੇ ਜਰਮਨ ਭਾਸ਼ਾਵਾਂ ਵਿਚ ਤਾਂ ਸਾਂਝਾ ਹੈ ਹੀ, ਪਰ ਤਦਭਵੀ ਝੁਕਾਅ ਪੰਜਾਬੀ ਵਿਚ ਢੇਰ ਪੁਰਾਣਾ ਹੈ ਜਦ ਕਿ ਜਰਮਨ ਭਾਸ਼ਾ ਵਿਚ ਇਹ ਬਿਲਕੁਲ ਆਧੁਨਿਕ ਹੈ।

ਏਨੀਆਂ ਸਾਂਝਾਂ ਦੇ ਬਾਵਜੂਦ ਇਹ ਮੰਨਣਾ ਪਵੇਗਾ ਕਿ ਜਰਮਨ ਭਾਸ਼ਾ ਦੀ ਸ਼ਬਦਾਵਲੀ ਦਾ ਆਧਾਰ ਲਾਤੀਨੀ ਭਾਸ਼ਾ ਹੈ ਅਤੇ ਪੰਜਾਬੀ ਦਾ ਸੰਸਕ੍ਰਿਤ ਹੈ।

ਪਰ ਪੰਜਾਬੀ ਅਤੇ ਜਰਮਨ ਦੇ ਵਿਆਕਰਣ ਵਿਚ ਉਤਸੁਕਤਾ ਭਰਪੂਰ ਅਤੇ ਕਈ ਵਾਰ ਅਦਭੁਤ ਸਾਂਝਾਂ ਮਿਲਦੀਆਂ ਹਨ। ਤੁੱਲਨਾਤਮਿਕ ਰੂਪ ਵਿਚ ਪੰਜਾਬੀ ਭਾਸ਼ਾ, ਵੈਦਿਕ, ਪ੍ਰਾਕਿਰਤ, ਪਾਲੀ, ਅਰਬੀ, ਤੁਰਕੀ, ਫਾਰਸੀ, ਪਸ਼ਤੋ ਅਤੇ ਅੰਤ ਵਿਚ ਅੰਗਰੇਜ਼ੀ ਆਦਿਕ ਕੋਲੋਂ ਸ਼ਬਦ ਹੁਦਾਰ ਲੈਣ, ਭੰਨ-ਘੜ ਕਰ ਕੇ ਆਪਣੀਆਂ ਲੋੜਾਂ ਅਤੇ ਸੁਆਦ ਅਨੁਸਾਰ ਡੋਲਣ ਵਿਚ ਢੇਰ ਉਦਾਰ ਹੈ, ਉਥੇ ਇਸ ਨੇ ਸੰਸਕ੍ਰਿਤ ਵਿਆਕਰਣਕ ਵਿਸ਼ੇ ਨੂੰ ਸੁਰਖਿਅਤ ਰਖਿਆ ਅਤੇ ਵਿਕਸਤ ਕੀਤਾ ਹੈ। ਇਸ ਪੱਖ ਤੋਂ ਹੀ ਇਹ ਜਰਮਨ ਭਾਸ਼ਾ ਦੇ ਨੇੜੇ ਹੈ।

ਇੰਜ ਹੀ ਇਹ ਵੀ ਦਿਸਦਾ ਹੈ ਕਿ ਲਾਤੀਨੀ ਦੇ ਕਈ ਕਿਰਿਆ-ਧਾਤੂ (Roots) ਜਰਮਨ ਵਿਚ ਸੁਰਖਿਅਤ ਹਨ। ਕਈ ਵਾਰ ਇਨ੍ਹਾਂ ਦੀ ਕਿਰਿਆ ਰੂਪ ਸਾਧਨਾ (Conjugation) ਅੰਗਰੇਜ਼ੀ ਅਤੇ ਹੋਰਨਾਂ ਯੂਰਪੀ ਭਾਸ਼ਾਵਾਂ ਦੇ ਢੰਗ ਨਾਲ ਕੀਤੀ ਜਾਂਦੀ ਹੈ ਅਤੇ ਕਈ ਵਾਰ ਵਖਰੇ ਢੰਗ ਨਾਲ ਕੀਤੀ ਜਾਂਦੀ ਹੈ। ਇਹ ਢੰਗ ਹੈ ਧਾਤੂ ਨਾਲ ਵਖਰੇ ਢੰਗ ਦਾ ਪਿਛੇਤਰ ਲਾਉਣਾ ਜਿਵੇਂ Normal (ਵਿਸ਼ੇਸ਼ਣ) ਦਾ ਅੰਗਰੇਜ਼ੀ ਵਿਚ ਕਿਰਿਆ ਰੂਪ Normalize ਅਤੇ ਨਾਂਵ Normalisation ਬਣਦੇ ਹਨ। ਜਰਮਨ ਵਿਚ tion ਲਾਉਣ ਦਾ ਢੰਗ ਤਾਂ ਵਰਤਿਆ ਜਾਂਦਾ ਹੈ ਪਰ ਇਸ ਹਾਲ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ Normalisierung ਵਿਸ਼ੇਸ਼ ਜਰਮਨ ਢੰਗ ਹੈ।

ਇਕ ਹੋਰ ਭੇਦ ਜਰਮਨ ਅਤੇ ਪੰਜਾਬੀ ਭਾਸ਼ਾ ਵਿਚ ਉਹੋ ਹੈ ਜੋ ਲਗ ਪਗ ਸਾਰੀਆਂ ਯੂਰਪੀ ਭਾਸ਼ਾਵਾਂ ਅਤੇ ਉਤਰੀ ਭਾਰਤ ਦੀਆਂ ਆਧੁਨਿਕ ਭਾਸ਼ਾਵਾਂ ਵਿਚ ਹੈ। ਇਹ ਸਪਸ਼ਟ ਭੇਦ ਹੈ : ਜਰਮਨ ਅਤੇ ਯੂਰਪੀ ਨਾਮ ਜਾਂ ਕਰਤਾ ਤੋਂ ਪਹਿਲਾਂ Article ਦੀ ਹੋਂਦ। ਅਸੀਂ ਅੰਗਰੇਜ਼ੀ ਵਿਚ ਅਤੇ A, An, The :- Articles ਤੋਂ ਚੰਗੀ ਤਰਾਂ ਜਾਣੂ ਹਾਂ। ਪਰ ਜਰਮਨ ਭਾਸ਼ਾ ਦਾ ਸ਼ਾਇਦ ਸਭ ਤੋਂ ਔਖਾ ਵਿਆਕਰਣਕ ਭਾਗ ਹੈ ਇਸ ਦੇ Articles ਦਾ ਗਿਆਨ। ਦੇਖਣ ਵਿਚ ਤਾਂ ਜਰਮਨ ਭਾਸ਼ਾ ਵਿਚ ਤਿੰਨ Definite Articles : der, (ਪੁਲਿੰਗ), Die (ਇਸਤ੍ਰੀ ਲਿੰਗ) ਅਤੇ das (ਨਿਰਜੀਵ ਲਿੰਗ) ਹਨ। ਕਿਉਂਕਿ ਜਰਮਨ ਨਾਂਵ ਅਤੇ ਪੜਨਾਵਾਂ ਦੇ ਵੀ ਤਿੰਨ ਲਿੰਗ ਹੁੰਦੇ ਹਨ ਇਸ ਲਈ ਜਦ ਨਾਂਵ ਜਾਂ ਪੜਨਾਂਵ ਨਾਲ ਜ਼ਰੂਰੀ ਤੌਰ ਤੇ ਜੁੜੇ Articles ਦੀ ਰੂਪ ਸਾਧਨਾ; ਕਾਰਕਾਂ, ਕਰਤਾ; ਕਰਮ, ਕਰਣ ਦੇ ਅਨੁਸਾਰ ਬਦਲਦੀ ਹੈ ਤਾਂ ਇਸ ਨੂੰ ਸਮਝਣਾ ਢੇਰ ਔਖਾ ਹੋ ਜਾਂਦਾ ਹੈ। ਇਸ ਤੋਂ ਬਿਨਾਂ ਆਰਟੀਕਲਸ ਦੀ ਬਾ-ਮੁਹਾਵਰਾ (Idiomatic) ਵਰਤੋਂ ਆਪਣੇ ਆਪ ਵਿਚ ਗੋਰਖ ਧੰਦਾ ਹੈ।

ਪਰ ਜਰਮਨ ਅਤੇ ਪੰਜਾਬੀ ਨਿਜ ਵਾਚਕ ਪੜ੍ਹਨਾਵਾਂ, ਤਿੰਨਾਂ ਪੁਰਖਾਂ, ਦੋਹਾਂ ਲਿੰਗਾਂ ਅਨੁਸਾਰ ਕੀਤੀ ਰੂਪ ਸਾਧਨਾ ਵਿਚ ਢੇਰ ਮੇਲ ਹੈ। ਫਰਕ ਹੈ ਤਾਂ ਇਹ ਕਿ ਜਰਮਨ ਭਾਸ਼ਾ ਵਿਚ ਇਹ ਰੂਪ ਸਾਧਨਾ ਨਿਰਜੀਵ ਲਿੰਗ ਦੇ ਅਨੁਸਾਰੀ ਹੋਣ ਕਾਰਣ ਵਧੇਰੇ ਵਿਕਸਤ ਹੈ। ਇਕ ਹੋਰ ਭੇਦ ਇਹ ਹੈ ਕਿ ਪੰਜਾਬੀ ਵਿਚ ਸਭਨਾਂ ਕਰਮਵਾਚਕ ਅਤੇ ਕਰਣਵਾਚਕ ਪੜਨਾਵਾਂ ਦੇ ਇਕ ਵਦਨ ਲਈ ਇਕੋ ਰੂਪ ਵਰਤਿਆ ਜਾਂਦਾ ਹੈ ਅਤੇ ਬਹੁਵਚਨ ਲਈ ਇਕ। ਜਰਮਨ ਭਾਸ਼ਾ ਵਿਚ ਇਹ ਰੂਪ ਸਾਧਨਾ ਕਰਮ, ਕਰਣ ਆਦਿਕ ਕਾਰਕਾਂ ਅਨੁਸਾਰ ਕੀਤੀ ਜਾਂਦੀ ਹੈ।

ਪੰਜਾਬੀ ਅਤੇ ਜਰਮਨ ਵਿਸ਼ੇਸ਼ਣ ਦਾ ਮੇਲ ਅਤੇ ਭੇਦ ਵੀ ਰੋਚਕ ਹਨ। ਭੇਦ ਥੋੜਾ ਅਤੇ ਮੇਲ ਬਹੁਤਾ। ਅੰਗਰੇਜ਼ੀ ਵਿਚ ਵਿਸ਼ੇਸ਼ਣ : ਲੰਮਾ (Long), ਲੰਮਾ ਹੀ ਰਹਿੰਦਾ ਹੈ ਪਰ ਪੰਜਾਬੀ ਵਿਚ ਵਿਸ਼ੇਸ਼ਣ ਦੀ ਰੂਪ ਸਾਧਨਾ ਦੋ ਤਰ੍ਹਾਂ ਦੀ ਹੁੰਦੀ ਹੈ – ਲਿੰਗ ਅਨੁਸਾਰ; ਜਿਵੇਂ : ਲੰਮਾ, ਲੰਮੀ ਅਤੇ ਵਚਨ ਅਨੁਸਾਰ ਜਿਵੇਂ : ਲੰਮੇ / ਲੰਮੀਆਂ ਆਦਿਕ। ਲਗ ਪਗ ਇੰਜੇ ਹੀ ਜਰਮਨ ਭਾਸ਼ਾ ਵਿਚ ਹੈ।

ਵਿਸ਼ੇਸ਼ਣਾਂ ਦੇ ਤਿੰਨਾਂ ਹੀ ਰੂਪਾਂ (Positive, Comparative, Superlative) ਜਾਂ ਦਰਜਿਆਂ ਦੀ ਪੰਜਾਬੀ ਅਤੇ ਜਰਮਨ ਵਿਚ ਇਕੋ ਜਹੀ ਰੂਪ ਸਾਧਨਾਂ (Declensions) ਹੁੰਦੀ ਹੈ।

ਅਸੀਂ ਭਾਰਤੀ ਲੋਕ ਅੰਗਰੇਜ਼ੀ ਤੋਂ ਵਧੇਰੇ ਜਾਣੂ ਹੋਣ ਕਾਰਣ ਜਾਣਦੇ ਹਾਂ ਕਿ ਅੰਗਰੇਜ਼ੀ ਕਿਰਿਆਵਾਂ ਦੀ ਰੂਪ-ਸਾਧਨਾਂ ਵਿਚ ਬਹੁਤਾ ਖਿਲਾਰ ਨਹੀਂ। ਇਸ ਲਈ ਜਰਮਨ ਭਾਸ਼ਾ ਅਤੇ ਲੋਕਾਂ ਦੇ ਵਾਹ ਵਿਚ ਆਇਆ ਪੰਜਾਬੀ ਜੇ ਆਪਣੇ ਵਿਚਾਰਾਂ ਨੂੰ ਅੰਗਰੇਜ਼ੀ ਵਿਚੋਂ ਜਰਮਨ ਵਿਚ ਉਲਥਾਏ ਤਾਂ ਔਖ ਹੁੰਦੀ ਹੈ, ਜਦ ਕਿ ਜਰਮਨ ਅਤੇ ਪੰਜਾਬੀ ਭਾਸ਼ਾਵਾਂ; ਕਿਰਿਆ ਰੂਪ ਸਾਧਨਾਂ ਵਿਚ ਬਿਲਕੁਲ ਸਮ-ਸੇਧ ਚਲਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਰਿਆ ਰੂਪ ਸਾਧਨਾ
(Conjugation of Verbs)

ਵਰਤਮਾਨ ਕਾਲ (Present Tense)

English ਅੰਗਰੇਜ਼ੀ	German ਜਰਮਨ	ਪੰਜਾਬੀ Punjabi
I go	Ich gehe	ਮੈਂ ਜਾਂਦਾ ਹਾਂ
We go	Wir gehen	ਅਸੀਂ ਜਾਂਦੇ ਹਾਂ (ਪੁਲਿੰਗ) ਅਸੀਂ ਜਾਂਦੀਆਂ ਹਾਂ (ਇ: ਲਿੰਗ)
You go	Du gehst	ਤੂੰ ਜਾਂਦਾ ਹੈਂ
You go	Sie gehen	ਤੁਸੀਂ ਜਾਂਦੇ ਹੋ (ਆਦਰ ਸੂਚਕ)
You go	Ihr gehen	ਤੁਸੀਂ ਜਾਂਦੇ ਹੋ (ਬਹੁ ਵਚਨੀ)
He goes	Er geht	ਉਹ ਜਾਂਦਾ ਹੈ
She goes	Sie geh	ਉਹ ਜਾਂਦੀ ਹੈ
It goes (ਨਿਰਜੀਵ)	Es.. geh	ਉਹ ਜਾਂਦਾ ਹੈ/ਜਾਂਦੀ ਹੈ (ਲਿੰਗ ਅਨੁਸਾਰ)
They go	Sie gehen	ਉਹ ਜਾਂਦੇ ਹਨ (ਪੁਲਿੰਗ) ਉਹ ਜਾਂਦੀਆਂ ਹਨ (ਇ.ਲਿੰਗ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਤ ਕਾਲ (Past Tense)

English ਅੰਗਰੇਜ਼ੀ		German ਜਰਮਨ		ਪੰਜਾਬੀ Punjabi
I	lived	Ich	Wohnte	ਮੈਂ ਰਿਹਾ/ਰਹੀ (ਲਿੰਗ ਅਨੁਸਾਰ)
We	lived	Wir	wohnten	ਅਸੀਂ ਰਹੇ/ਰਹੀਆਂ (ਲਿੰਗ ਅਨੁਸਾਰ)
You	lived	Du	wohntest	ਤੂੰ ਰਿਹਾ
You	lived	Sie	wohnten	ਤੁਸੀਂ ਰਹੇ (ਤੂੰ ਦਾ) ਆਦਰਵਾਚਕ
You	lived	Ihr	wohntet	ਤੁਸੀਂ ਰਹੇ (ਤੂੰ ਦਾ ਬਹੁਵਚਨ)
He	lived	Er	wohnte	ਉਹ ਰਿਹਾ
She	lived	Sie	wohnten	ਉਹ ਰਹੀ
It (ਨਿਰਜੀਵ)	lived	Es (ਲਿੰਗ ਅਨੁਸਾਰ)	wohnte	ਉਹ ਰਿਹਾ/ਰਹੀ (ਲਿੰਗ ਅਨੁਸਾਰ)
They	lived	Sie	wohnten	ਉਹ ਰਹੇ (ਵਚਨ ਅਨੁਸਾਰ)
They	lived	Sie	wohnten	ਉਹ ਰਹੀਆਂ (ਲਿੰਗ ਅਨੁਸਾਰ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪ੍ਰੋਕਤ ਸਾਰਣੀ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਜਰਮਨ ਕਿਰਿਆ-ਰੂਪ-ਸਾਧਨਾਵਾਂ ਪੰਜਾਬੀ ਕਿਰਿਆ-ਰੂਪ-ਸਾਧਨਾਵਾਂ ਦੇ ਅਤਿਅੰਤ ਨੇੜੇ ਹਨ। ਜਿਥੇ ਅਨਿਯ ਪੁਰਖ ਪੜਨਾਂਵ ਵਿਚ ਪੰਜਾਬੀ ਜਰਮਨ ਨਾਲੋਂ ਵਧੇਰੇ ਸੰਬਾਦਕ ਹੈ ਉਥੇ ਕਿਰਿਆ ਰੂਪ-ਸਾਧਨਾਂ ਵਿਚ ਲਿੰਗ ਅਤੇ ਵਚਨ ਦੇ ਪੱਖ ਤੋਂ ਜਰਮਨ ਨਾਲੋਂ ਵਧੇਰੇ ਵਿਸ਼ਲੇਸ਼ਨਾਤਮਿਕ ਹੈ। ਦੋਹਾਂ ਦੇ ਟਾਕਰੇ ਤੇ ਅੰਗਰੇਜ਼ੀ ਦੀ ਕਿਰਿਆ ਰੂਪ-ਸਾਧਨਾ ਏਨੀ ਸੰਕੁਚਿਤ ਹੈ ਕਿ ਜੇ ਪੰਜਾਬੀ ਤੋਂ ਜਰਮਨ ਵਿਚ ਵਿਚਾਰ ਪ੍ਰਗਟਾਉਣ-ਉਲਥਾਉਣ ਸਮੇਂ ਅੰਗਰੇਜ਼ੀ ਸੁਚੇਤ ਜਾਂ ਅਚੇਤ ਵਿਚ ਆ ਜਾਏ ਤਾਂ ਗ਼ਲਤੀ ਅਤੇ ਔਖ ਵਧ ਸਕਦੀਆਂ ਹਨ।

ਪੰਜਾਬੀ ਭਾਸ਼ਾ ਦੇ ਦੋ ਯੋਜਕ; ਪਰ ਅਤੇ ਸਗੋਂ ਆਉਂਦੇ ਹਨ ਜਿਸ ਲਈ ਅੰਗਰੇਜ਼ੀ ਵਿਚ ਇਕੋ ਸ਼ਬਦ But, ਅਜ ਕਲ ਮਿਲਦਾ ਹੈ। Albeit ਨੂੰ ਜਾਂ ਤਾਂ ਅਵਰਤੋਂ ਵਾਚੀ (obsolete) ਕਿਹਾ ਜਾ ਸਕਦਾ ਹੈ ਜਾਂ ਪੁਰਾਤਣ ਕਾਵਿ-ਮਈ ਸ਼ਬਦ ਐਪਰ ਵਰਤਿਆ ਜਾ ਸਕਦਾ ਹੈ। ਪੰਜਾਬੀ ਵਿਚ ਦੋਵੇਂ ਸ਼ਬਦ ਕ੍ਰਮਵਾਰ: 'ਪਰ' ਅਤੇ 'ਸਗੋਂ' (ਹਿੰਦੀ ਉਰਦੂ ਵਿਚ ਪਰੰਤੂ-ਬਲਕਿ) ਮਿਲਦੇ ਹਨ।

ਪੰਜਾਬੀ ਅਤੇ ਜਰਮਨ ਭਾਸ਼ਾਵਾਂ ਦੇ ਤੁੱਲਨਾਤਮਿਕ ਅਧਿਅਨ ਦੇ ਮੁਢਲੇ ਸਮੇਂ ਵਿਚ ਹੀ ਇਹ ਗਲ ਸਪਸ਼ਟ ਹੁੰਦੀ ਹੈ ਕਿ ਜਿਥੇ ਇੰਡੋ-ਯੂਰਪੀ ਭਾਸ਼ਾਵਾਂ ਵਿਚੋਂ ਪੰਜਾਬੀ ਤੇ ਜਰਮਨ ਢੇਰ ਨੇੜੇ ਹਨ ਉਥੇ ਜਰਮਨ ਭਾਸ਼ਾ; ਪੰਜਾਬੀ, ਹਿੰਦੀ ਅਤੇ ਉਰਦੂ ਦੇ ਕਿੰਨੀ ਨੇੜੇ ਹੈ – ਨਾ ਕੇਵਲ ਵਿਆਕਰਣਕ ਪੱਖ ਤੋਂ ਸਗੋਂ ਸ਼ਬਦ-ਵਿਗਿਆਨ, ਅਰਥ ਵਿਗਿਆਨ (Syntax and Semasiology) ਦੇ ਪੱਖ ਤੋਂ ਵੀ।

ਵਿਚਾਰ, ਅਨੁਭੂਤੀ ਅਤੇ ਰਚਨਾਤਮਿਕਤਾ ਦੇ ਖੇਤਰਾਂ ਅਤੇ ਇਨ੍ਹਾਂ ਦੇ ਪੱਖਾਂ ਵਿਚ ਤਬਦੀਲੀਆਂ ਗੁਣਾਤਮਿਕ ਰੂਪ ਵਿਚ ਹੁੰਦੀਆਂ ਹਨ। ਇਨ੍ਹਾਂ ਸਭਨਾਂ ਖੇਤਰਾਂ ਲਈ ਭਾਸ਼ਾ ਨਾ ਕੇਵਲ ਪ੍ਰਸਾਰ ਅਤੇ ਵਟਾਂਦਰੇ ਦਾ ਸਾਧਨ ਹੈ ਸਗੋਂ ਤਬਦੀਲੀਆਂ ਲਈ ਆਪਣੇ ਆਪ ਵਿਚ ਇਕ ਪ੍ਰੇਰਨਾ ਅਤੇ ਪ੍ਰਤੀਕਰਮ ਵੀ ਹੈ।

ਏਨੇ ਗੁਣਾਤਮਿਕ ਵਰਤਾਰੇ ਨਾਲ ਸੰਬੰਧਤ ਹੋਣ ਦੇ ਬਾਵਜੂਦ ਭਾਸ਼ਾ ਆਪਣੇ ਆਪ ਵਿਚ ਤਬਦੀਲੀ ਤੋਂ ਇਕ ਹੱਦ ਤਕ ਕੋਰੀ ਜਾਂ ਸਥਿਰ ਹੈ।

ਭਾਸ਼ਾ ਸਦੀਆਂ ਤਕ ਮਨੁੱਖਤਾ ਦੀ ਸੇਵਾ, ਆਪ ਬਦਲੇ ਬਿਨਾਂ ਕਰਦੀ ਹੈ, ਜਦ ਕਿ ਇਸੇ ਸਮੇਂ ਵਿਚ ਰਾਜਨੀਤਕ, ਸਮਾਜਕ, ਸਭਿਅਕ, ਵਿਗਿਆਨਕ, ਸੌਂਦਰਯ, ਕਦਰਾਂ-ਕੀਮਤਾਂ (ਭਾਵੇਂ ਇਕ ਦੂਜੀ ਨਾਲੋਂ ਘੱਟ ਵੱਧ) ਗੁਣਾਤਮਿਕ ਰੂਪ ਵਿਚ ਬਦਲ ਜਾਂਦੀਆਂ ਹਨ।

ਅਨੁਮਾਨ ਲਾਈਏ। ਭਾਪ-ਇੰਜਣ ਦੀ ਕਾਢ ਤੋਂ ਅਜੋਕੇ ਰਾਕਟ-ਸੈਟੇਲਾਈਟ ਯੁਗ ਤਕ, ਮੱਧ-ਕਾਲੀ ਚਿਤ੍ਰਕਾਰੀ, ਕਵਿਤਾ, ਬੈਤਾਂ ਅਤੇ ਸੰਗੀਤ ਤੋਂ ਭਾਵ-ਵਾਚਕ ਚਿਤ੍ਰਕਾਰੀ, ਖੁਲ੍ਹੀ ਕਵਿਤਾ, ਨਵੇਂ ਸਾਹਿਤ ਰੂਪਾਂ ਅਤੇ ਪਾਪ-ਸੰਗੀਤ ਤਕ ਕਿੰਨਾ ਕੁਝ ਬਦਲ ਚੁਕਾ ਹੈ। ਪਰ ਇਸੇ ਸਮੇਂ ਵਿਚ ਕਿਸੇ ਭਾਸ਼ਾ ਵਿਚ ਕਿੰਨੀ ਕੁ ਤਬਦੀਲੀ ਆਈ ਹੈ ?

ਇਸ ਦਾ ਕਾਰਣ ਸ਼ਾਇਦ ਇਹ ਹੈ ਕਿ ਇਹ ਸਾਰੇ ਖੇਤਰ ਸਮਾਜ ਦੇ ਅੰਡਬਰ (Super-Structure) ਨਾਲ ਸੰਬੰਧਤ ਹਨ ਜਦ ਕਿ ਭਾਸ਼ਾ ਦਾ ਸੰਬੰਧ ਸਮਾਜ ਦੇ ਆਧਾਰ ਨਾਲ ਹੈ।

ਉਂਜ ਤਾਂ ਸ਼ੂਨਯ ਜਾਂ ਅੰਤਮ ਅਰਥਾਂ ਵਿਚ ਭਾਸ਼ਾ ਵੀ ਸਥਿਰ ਨਹੀਂ। ਪਰ ਭਾਸ਼ਾ ਵਿਚ ਕੀ ਬਦਲਦਾ ਹੈ ਤੇ ਕਿੰਨੇ ਚਿਰ ਵਿਚ ! ਉਚਾਰਣ – ਜੋ ਸਮੇਂ ਤੇ ਸਥਾਨ ਦੀ ਦੇਣ ਹੈ; ਹੀ ਸਪਸ਼ਟ ਦਿਸਦਾ ਭਾਸ਼ਾਈ ਘੇਰਾ ਹੈ। ਫੇਰ ਸ਼ਬਦ ਆਉਂਦਾ ਹੈ ਜੋ ਜੀਵਨ ਦੇ ਸਭਨਾਂ ਪੜਾਵਾਂ-ਜਨਮ, ਬਚਪਣ, ਜੁਆਨੀ, ਬੁਢੱਪੇ ਅਤੇ ਅਖੀਰ ਮੌਤ ਦਾ ਪ੍ਰਤੀਕ ਹੈ। ਸ਼ਬਦ ਉਪਰ ਤਬਦੀਲੀ ਵਿਅਕਤੀ ਵਾਂਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਢੁਕਦੀ ਹੈ ਅਤੇ ਸ਼ਬਦਾਵਲੀ ਉਪਰ ਸਮਾਜ ਵਾਂਗ।

ਪਰ ਸ਼ਬਦਾਵਲੀ ਦਾ ਅੰਦਰਲਾ ਘੇਰਾ ਜਾਂ ਸ਼ਬਦ-ਭੰਡਾਰ, ਸ਼ਬਦਾਵਲੀ ਤੋਂ ਘੱਟ ਬਦਲਦਾ ਹੈ।

ਇਸ ਲਗ ਪਗ ਸਥਿਰ ਸ਼ਬਦ-ਭੰਡਾਰ ਦਾ ਕੇਂਦਰਿਕ (Nucleus) ਇਕ ਸਥਿਰ-ਅਸਥਿਰ; ਅੰਤਰਮੁੱਖੀ-ਬਾਹਰਮੁਖੀ ਵਰਤਾਰਾ – ਵਿਆਕਰਣ ਹੈ। ਅਤੇ ਜਦ ਵਿਆਕਰਣ ਬਦਲਦੀ ਹੈ ਤਾਂ ਇਹ ਮੂਲੋਂ ਹੀ ਕੋਈ ਵਖਰੀ ਜਾਂ ਨਵੀਂ ਭਾਸ਼ਾ ਹੁੰਦੀ ਹੈ।

ਮਨੁੱਖ ਮਾਤ੍ਰ ਦੇ ਭਾਸ਼ਾਈ ਤੋਂ ਲੈ ਕੇ ਨਸਲੀ, ਖੇਤਰੀ ਤੋਂ ਲੈ ਕੇ ਇਤਿਹਾਸਕ ਅਤੇ ਸਭਿਅਕ ਤੋਂ ਲੈ ਕੇ ਮਾਨਸਿਕ ਅਤੇ ਮਨੋਵੇਗਿਕ ਤੋਂ ਲੈਕੇ ਮਨੋਵਿਗਿਆਨਕ ਖੇਤਰਾਂ ਤਕ ਵਿਚ ਹੋਈਆਂ ਸਰਬ ਵਿਆਪੀ ਤਬਦੀਲੀਆਂ ਦੇ ਬਾਵਜੂਦ ਜੇ ਸਾਨੂੰ, ਸੰਸਕ੍ਰਿਤ ਅਤੇ ਪੁਰਾਤਨ ਜਰਮਨ ਭਾਸ਼ਾ ਵਿਚਕਾਰ ਸਾਂਝਾਂ ਦੀ ਸੇਧ ਵਿਚ ਅਜ ਵੀ ਪੰਜਾਬੀ (ਸਗੋਂ ਉਤਰੀ ਭਾਰਤ ਦੀਆਂ ਆਧੁਨਿਕ ਭਾਸ਼ਾਵਾਂ) ਅਤੇ ਅਜੋਕੀ ਜਰਮਨ ਭਾਸ਼ਾ ਵਿਚ ਏਨੀਆਂ ਵਿਆਕਰਣਕ ਸਾਂਝਾਂ ਮਿਲਦੀਆਂ ਹਨ ਤਾਂ ਸੰਭਵ ਹੈ ਕਿ ਮਨੁੱਖ ਜੀਵਨ ਦੇ ਕਈ ਹੋਰਨਾਂ ਪੱਖਾਂ ਵਿਚ ਹੋਰ ਕਿੰਨਾਂ ਕੁਝ ਸਾਂਝਾ, ਲੱਭਣ ਯੋਗ ਪਿਆ ਹੋਵੇ।

ਅਜਿਹਾ ਲੱਭਣ ਯੋਗ ਮਸਲਾ ਅਜੋਕੇ ਭਾਰਤੀ ਬੁਧ-ਜੀਵਾਂ ਅਤੇ ਜਰਮਨ ਭਾਰਤ-ਵਿਗਿਆਨੀਆਂ ਲਈ ਇਕ ਵੰਗਾਰ ਹੈ ਜਿਨ੍ਹਾਂ ਦੀ ਭਾਰਤ ਵਿਗਿਆਨ ਵਿਚ ਦੇਣ ਦਾ ਅਮੀਰ ਤੇ ਲੰਮਾ ਪਿਛੋਕੜ ਹੈ।

ਜਦ ਸਮਕਾਲੀ ਭਾਰਤ ਅਤੇ ਜਰਮਨੀ ਦੀ ਅਜਿਹੇ ਖੇਤਰਾਂ ਵਿਚ ਸੁੱਚੀ-ਸੱਚੀ ਖੋਜ ਹੋਵੇਗੀ ਤਾਂ ਇਹ ਦੋਹਾਂ ਸਭਿਆਚਾਰਾਂ ਅਤੇ ਪੂਰਬ ਅਤੇ ਪੱਛਮ ਵਿਚਾਲੇ ਸਮਝ ਨੂੰ; ਅਤੇ ਅੰਤਮ ਰੂਪ ਵਿਚ ਸੰਸਾਰ-ਅਮਨ ਅਤੇ ਸਹਿ-ਹੋਂਦ ਨੂੰ ਅਗੇ ਵਧਾਏਗੀ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਸ਼ਨ ਅਤੇ ਤਰਕ

"ਦਾਰਸ਼ਨਿਕ ਰੁਚੀ ਭੌਤਿਕ ਵਰਤਾਰਿਆਂ ਦੀ
ਅੰਤਰਮੁਖਤਾ ਤੋਂ ਪੈਦਾ ਹੁੰਦੀ ਹੈ ।
ਪਰ ਦਾਰਸ਼ਨਿਕ ਦ੍ਰਿਸ਼ਟੀਕੋਣ
ਪ੍ਰਯੋਗ ਦੀ ਵਛਾ ਵਿਚੋਂ ਜਨਮ ਲੈਂਦਾ ਹੈ ।
ਇਸ ਦ੍ਰਿਸ਼ਟੀਕੋਣ ਨੂੰ,
ਦਰਸ਼ਨ ਦੀ ਰਚਨਾਤਮਿਕਤਾ ਜਾਂ ਵਿਉਂਤ ਕਿਹਾ ਜਾ ਸਕਦਾ ਹੈ ।"

ਦਰਸ਼ਨ ਦਾ ਨਿਕਾਸ ਅਤੇ ਪ੍ਰਭਾਵ

ਮਨੁੱਖ, ਜਿਉਂਦਾ-ਜਾਗਦਾ ਤੇ ਧਰਤੀ ਉਪਰ ਇਕ ਮਹਤਤਾ ਵਾਲਾ ਜੀਵ ਹੈ, ਜਿਸ ਨੇ ਇਸ ਦੁਨੀਆਂ ਨੂੰ ਬਹੁਤ ਕੁਝ ਆਪਣੇ ਮਤਲਬ ਲਈ ਬਦਲਿਆ ਹੈ । ਮਨੁਖ-ਸ਼ਰੀਰ ਦਾ ਇਕ ਸ੍ਰੇਸ਼ਟ ਹਿੱਸਾ; ਦਿਮਾਗ਼, ਇਸ ਬਦਲਾਉਣ-ਕਾਰਜ ਵਿਚ ਬਹੁਤ ਸਹਾਈ ਹੈ । ਦਿਮਾਗ਼ ਵੀ ਇਕ ਵਖਰੀ ਜਿਉਂਦੀ ਦੁਨੀਆ ਜਾਂ ਨਿਜ਼ਾਮ ਹੈ ਤੇ ਇਸ ਦੀ ਵਿਆਖਿਆ ਇਕ ਵਖਰਾ ਸਾਇੰਟੀਫਿਕ ਵਿਸ਼ਾ ਹੈ । ਇਸ ਦਾ ਕਦੇ ਇਹ ਭਾਵ ਨਹੀਂ ਕਿ ਬਦਲਾਉਣ-ਕਰਮ ਦੀ ਹੋਂਦ ਪਹਿਲਾਂ ਦਿਮਾਗ਼ ਵਿਚ ਹੁੰਦੀ ਹੈ । ਤੇ ਨਾ ਹੀ ਦਿਮਾਗ਼ ਨੂੰ "ਇਕ ਵਖਰੀ ਦੁਨੀਆਂ" ਦੱਸਣ ਤੋਂ ਭਾਵ ਫਰਾਇਡ ਤੋਂ ਦੂਰ ਦਾ ਕੋਈ ਸਿਧਾਂਤ ਹੈ ।

ਦੁਨੀਆਂ-ਪਰੱਤਖ ਦੇ ਪ੍ਰਤੀਕ੍ਰਮ ਤੋਂ ਦਿਮਾਗ਼ ਵਿਚ ਚੇਤਨਾ ਉਠਦੀ ਹੈ । ਦਿਮਾਗ਼ 'ਚ ਉਠਦੀ ਚੇਤਨਾ (ਦਾਹ ਰੂਪ) ਇਕ ਐਸਾ "ਛਿਨ ਛਿਨ ਜਨਮਦਾ-ਮਰਦਾ ਘਟਨਾ-ਪ੍ਰਵਾਹ" ਹੈ, ਜਿਸ ਨੇ ਮਨੁਖ ਦੇ ਹੱਥਾਂ-ਪੈਰਾਂ, ਅੰਗਾਂ ਨੂੰ ਹਿਲਾ ਡੁਲਾ ਕੇ ਦੁਨੀਆਂ ਬਦਲਾਉਣ ਵਿਚ ਵਡਾ ਪਾਰਟ ਅਦਾ ਕੀਤਾ ਹੈ । ਇਸ ਲਈ ਚਿੰਤਕਾਂ ਨੇ ਕਿਹਾ ਹੈ : ਚੇਤਨਾ ਹੀ ਜੀਵਨ ਹੈ ।

ਅਜ ਦੀ ਸਾਇੰਟੀਫਿਕ ਦੁਨੀਆਂ ਵਿਚ ਕੀਤੇ ਗਏ ਸਾਇੰਟੀਫਿਕ ਤਜਰਬੇ ਦਸਦੇ ਹਨ ਕਿ ਕਦੇ, ਚੇਤਨਾ ਨੇ ਜੀਵਨ ਦੀ ਖਾਸੀਅਤ ਹੀ ਬਦਲ ਦਿਤੀ ਹੋਵੇਗੀ ।

ਮੈਕਸੀਕੋ ਦੀ ਧਰਤੀ ਤੇ ਇਕ ਕਿਰਲੇ ਜਹੀ ਸ਼ਕਲ ਦਾ ਜਾਨਵਰ ਮਿਲਦਾ ਹੈ । ਚੌਹਾਂ ਟੰਗਾਂ ਤੋਂ ਬਿਨਾਂ, ਉਸੇ ਸ਼ਕਲ ਦਾ ਜਾਨਵਰ ਸਮੁੰਦਰ ਵਿਚ ਵੀ ਰਹਿੰਦਾ ਹੈ, ਜਿਸ ਦਾ ਨਾਂ ਪਣ-ਖਿਲਾੜੀ ਹੈ । ਸਾਇੰਸਦਾਨਾਂ ਨੇ, ਸਿਲਮੰਦਰ (ਕਿਰਲੇ) ਦਾ Thyrogin (ਦਿਮਾਗ਼ ਵਿਚ ਚੇਤਨਾ-ਕਰਮ ਦੀਆਂ ਗ੍ਰੰਥੀਆਂ ਦਾ ਰਸ) ਜਦ ਪਣ-ਖਿਲਾੜੀ ਨੂੰ ਦਿਤਾ ਤਾਂ ਕੁਝ ਹੀ ਦਿਨਾਂ ਵਿਚ ਉਸ ਦੇ ਚਾਰੇ ਪੈਰ ਸ਼ਰੀਰ ਵਿਚੋਂ ਫੁੱਟਣੇ ਸ਼ੁਰੂ ਹੋ ਗਏ । ਇਸ ਪ੍ਰਯੋਗ ਦੇ ਆਧਾਰ ਤੇ ਨਿਰਨਾ ਕੀਤਾ ਗਿਆ ਕਿ ਦੋਹਾਂ ਦਾ ਜਾਤੀ-ਪਣ (ਉਪ-ਜਾਤੀ = Species) ਕਦੇ ਇਕ ਹੀ ਸੀ, ਪਾਣੀ ਜਾਂ ਖੁਸ਼ਕੀ ਤੇ ਰਹਿਣ ਦੀ ਜ਼ਰੂਰਤ ਤੋਂ ਪੈਦਾ ਹੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੇਤਨਾ (ਲੋੜ + ਚਾਹ ਦਾ ਰੂਪ) ਨੇ ਵਤਾਵਰਣ ਵਿਚ ਰਹਿਣ ਲਈ, ਇਸ ਨੂੰ ਲੋੜ ਅਨੁਸਾਰ ਅੰਗ ਪ੍ਰਦਾਨ ਕੀਤੇ ।

ਭਾਰਤ ਵਿਚ ਜਦ ਦਰਸ਼ਨ ਦਾ ਵਿਕਾਸ ਸ਼ੁਰੂ ਹੋ ਗਿਆ (ਜੋ ਵਧੇਰਾ ਕਾਲਪਨਿਕ ਸੀ) ਤਾਂ ਵੀ ਉਪਨਿਸ਼ਦ ਦੇ ਰਿਸ਼ੀ ਮਨੁਖ ਹੀ ਨਹੀਂ, ਬ੍ਰਹਮ ਤਕ ਦੀ ਹੋਂਦ ਦਾ ਕਾਰਣ ਇਸ "ਚੇਤਨਾ" ਤੋਂ ਬਿਨਾਂ ਹੋਰ ਕੁਝ ਨਾ ਦੱਸ ਸਕੇ । ★

ਚੇਤਨਾ (ਕਾਮਨਾ ਰੂਪ) ਨੇ ਆਦਿ-ਮਨੁੱਖ ਦੇ ਹੱਥਾਂ ਪੈਰਾਂ ਨੂੰ ਲੋੜਾਂ ਮੁਤਾਬਿਕ ਵਖ ਵਖ ਤਰਾਂ ਵਰਤਣ ਲਈ ਪ੍ਰੇਰਿਤ ਕੀਤਾ । ਤੇ ਇਸ ਵਰਤਣ ਢੰਗ ਨਾਲ ਕਿਵੇਂ ਸ਼ਰੀਰ ਦੇ ਅੰਗਾਂ ਦੀ ਬਣਤਰ ਤਕ ਵਿਚ ਫਰਕ ਆਇਆ ; ਮਗਰੋਂ ਡਾਰਵਿਨ-ਸਿਧਾਂਤ ਨੇ ਸਿੱਧ ਕੀਤਾ । ਗਰਭਵਤੀ ਤੀਵੀਂ ਦੇ ਕਮਰੇ ਵਿਚ ਲਗੀਆਂ ਤਸਵੀਰਾਂ ਦੀ ਸ਼ਕਲ ਦੇ (ਅਚੇਤ ਕਾਮਨਾ ਨਾਲ) ਬੱਚੇ ਪੈਦਾ ਹੋਣ ਦੀਆਂ ਖਬਰਾਂ ਤਾਂ ਅਖਬਾਰਾਂ ਵਿਚ ਰੁਜ਼ਾਨਾ ਜੀਵਨ ਦੀਆਂ ਘਟਨਾਵਾਂ ਬਣ ਚੁਕੀਆਂ ਹਨ ।

ਚੇਤਨ ਤੇ ਸ਼ਰੀਰ ਦੀ ਜ਼ਰੂਰਤਾਂ ਮੁਤਾਬਿਕ ਇਸ ਤਬਦੀਲੀ ਨੇ ਮਨੁੱਖ ਦੀ ਰੁਜ਼ਾਨਾ ਰਹਿਣੀ ਬਹਿਣੀ ਤੇ ਅਸਰ ਪਾਇਆ, ਸੁਖ ਦਿਤਾ, ਵਕਤ ਦਿਤਾ । ਇਸ ਅਵਸਥਾ ਨੇ ਇਕ ਦੌੜ ਜਾਰੀ ਕਰ ਦਿਤੀ, ਮਨੁਖੀ ਜੀਵਨ ਦੀ ਇਕ ਅਨੰਤ ਦੌੜ :

ਦਿਮਾਗ਼ ਦੀ ਵਰਤੋਂ—ਵਰਤੋਂ ਨਾਲ ਸਰੀਰਕ ਮਿਹਨਤ ਘੱਟ—ਘੱਟ ਮਿਹਨਤ ਕਾਰਣ, ਦਿਮਾਗ਼ੀ ਵਰਤੋਂ ਹੋਰ ਸੰਪੰਨ—ਸੰਪੰਨ ਵਰਤੋਂ ਨਾਲ ਭੌਤਿਕ ਤੋਂ ਨਿਰੋਲ ਮਾਨਸਕ ਪ੍ਰਕਿਰਿਆ ਦਾ ਆਰੰਭ ...

ਇਸ ਦੌੜ ਨੇ ਹੀ ਦਰਸ਼ਨ ਨੂੰ ਜਨਮ ਦਿਤਾ; ਇਹ ਗਲ ਮੰਨਣ ਤੋਂ ਉਹੋ ਇਨਕਾਰੀ ਹੈ ਜੋ ਸਾਮਰਤੱਖ ਤੇ ਸਰਬ ਵਿਆਪੀ ਸਚਾਈ—ਭੌਤਿਕਤਾ ਦੀ ਹੋਂਦ ਤੇ ਇਨਕਾਰੀ ਹੈ ।

ਦਰਸ਼ਨ, ਭੌਤਿਕ ਹਾਲਾਤ (ਅੰਨ ਕਪੜੇ ਤੇ ਹੋਰ ਜੀਵਨ ਲੋੜਾਂ ਤੋਂ ਇਕ ਹਦ ਤਕ ਬੇ-ਫਿਕਰੀ, ਨਵੇਂ ਜੀਵਨ-ਵਸੀਲਿਆਂ ਕਾਰਣ ਮਿਲੀ ਵਿਹਲ ਅਤੇ ਰੋਜ਼ਾਨਾ ਭੌਤਿਕ ਜੀਵਨ ਦੇ ਆਧਾਰ ਤੇ ਬਣੇ ਦ੍ਰਿਸ਼ਟੀਕੋਣ) ਵਿਚੋਂ ਹੀ ਪੈਦਾ ਹੋਈ ਸੋਚ-ਸ਼ਕਤੀ ਦੀ ਉਪਜ ਹੈ । ਇਸ ਦੀ ਹੋਂਦ ਦਾ ਕਾਰਣ ਹੀ ਭੌਤਿਕ ਹੈ । ਜੇ ਇਹ ਗਲ ਸਾਨੂੰ ਜਚਦੀ ਹੈ ਤਾਂ ਇਹ ਮੰਨਣ ਵਿਚ ਵੀ ਇਨਕਾਰ ਨਹੀਂ ਹੋਣਾ ਚਾਹੀਦਾ ਕਿ ਕਿਸੇ ਵੀ ਦਰਸ਼ਨ ਦੀ; ਭੌਤਿਕਤਾ ਤੋਂ ਬਾਹਰ ਕੋਈ ਹੋਂਦ ਨਹੀਂ ।

....

★ ਦੇਖੋ (੧) ੭੦੦ ਈਸਵੀ-ਪੂਰਵ ਦੀਆਂ ਸੱਭ ਤੋਂ ਪੁਰਾਣੀਆਂ ਤਿੰਨ ਉਪਨਿਸ਼ਦਾਂ; ਈਸ਼, ਛਾਂਦੋਗਯ ਤੇ ਬ੍ਰਹਦਾਰਨਿਯਕ ਵਿਚੋਂ, ਛਾਂਦੋਗਯ ੬/੨/੧-੪ :

"ਹੇ ਪਿਆਰੇ, ਇਹ ਪਹਿਲਾਂ ਇਕ ਭਾਵ-ਰੂਪ ਹੀ ਸੀ । ਇਸੇ ਨੂੰ ਕਈ ਕਹਿੰਦੇ ਨੇ ਅਭਾਵ ਰੂਪ ਹੀ ਸੀ । ਇਸ ਲਈ ਅਭਾਵ (=ਅਸਤ) ਤੋਂ, ਭਾਵ (ਸਤ) ਉਤਪੰਨ ਹੋਇਆ, ਪਰ ਪਿਆਰੇ ਇਹ ਕਿਵੇਂ ਹੋ ਸਕਦਾ ਹੈ । ਇਹ ਪਹਿਲਾਂ ਇਕੱਲਾ (=ਆਦਿ ਵਤੀਯ) ਭਾਵ ਰੂਪ ਹੀ ਸੀ, ਉਸ ਨੇ ਇੱਛਾ (= ਈਕਸ਼ਨ) ਕੀਤੀ " ਮੈਂ ਬਹੁਤ ਹੋ, ਪ੍ਰਗਟ ਹੋਵਾਂ"

(੨) ਤੇ ਮਗਰੋਂ; ਤ੍ਰੈਤੀਯ ਉਪਨਿਸ਼ਦ ਵੇਲੇ, ਜਦੋਂ : "ਭਾਵ-ਰੂਪ ਤੋਂ ਬ੍ਰਹਮ ਉਪਜਿਆ ਤੇ ਬ੍ਰਹਮਾ ਨੇ ਸ੍ਰਿਸ਼ਟੀ ਪੈਦਾ ਕੀਤੀ " ਦਾ ਵਿਸ਼ਵਾਸ ਬਣਿਆ ਤਾਂ ਬ੍ਰਹਮਾ ਨੇ ਸ੍ਰਿਸ਼ਟੀ ਕਿਵੇਂ ਬਣਾਈ, ਹੋਰ ਵੀ ਸਪਸ਼ਟ ਸ਼ਬਦਾਂ ਵਿਚ ਹੈ :

CC-0. In Public Domain. Gurukul Kangri Collection, Haridwar

"ਉਸ ਨੇ ਕਾਮਨਾ (= ਚੇਤਨਾ) ਕੀਤੀ, ਬਹੁਤ ਹੋਵਾਂ, ਜਨਮਾਵਾਂ । ਉਸ ਨੇ ਤਪ ਕੀਤਾ । ਉਸ ਨੇ ਤਪ ਕਰ ਕੇ ਜੋ ਕੁਝ ਹੈ, ਸਿਰਜਿਆ ।" ਦੇਖੋ ਤ੍ਰੈਤੀਯ ਉਪਨਿਸ਼ਦ ੨/੮

Digitized by Arya Samaj Foundation Chennai and eGangotri

ਅੰਨ ਕੋਈ ਰੂਹਾਨੀ ਵਸਤੂ ਨਹੀਂ ਸਗੋਂ ਭੌਤਿਕ ਉਪਜ ਹੈ। ਭਰੇ ਢਿੱਡ ਵਾਲਾ ਹੀ ਕੁਝ ਸੋਚ ਸਕਦਾ ਹੈ। ਸ਼ਾਇਦ ਉਪਨਿਸ਼ਦ ਵਿਚ ਇਸੇ ਲਈ ਇਹ ਰਵਾਇਤ ਆਈ ਹੈ ਕਿ ਜਦੋਂ ਵਰੁਨ-ਪੁੜ੍ਰ ਨੇ ਆਪਣੇ ਪਿਤਾ ਨੂੰ ਬ੍ਰਹਮ ਸਿਖਾਉਣ ਲਈ ਕਿਹਾ ਤਾਂ ਸਭ ਤੋਂ ਪਹਿਲਾਂ, "ਅੰਨ ਬ੍ਰਹਮ ਹੈ" ਦੇ ਹੀ ਸਿਧਾਂਤ ਤੇ ਪਹੁੰਚ ਸਕਿਆ।★

ਭੌਤਿਕ ਪਦਾਰਥ ; ਅੰਨ, ਤੋਂ ਹੀ ਮਨ ਬਣਿਆ; ਵੀ, ਉਪਨਿਸ਼ਦਾਂ ਨੇ ਲਿਖਿਆ ਹੈ।★★ ਦਰਸ਼ਨ ਮਨ ਤੇ ਆਤਮਾ ਦੱਸਣ ਲਈ ਇਹ ਵਿਆਖਿਆ ਕੀਤੀ ਗਈ ਹੈ ਪਰ ਮਨ ਦਾ ਆਤਮਾ ਨਾਲ ਸੰਘਣਾ ਸੰਬੰਧ, ਅਗਲੇ ਵਾਕਾਂ ਵਿਚ ਉਥੇ ਹੀ ਮੰਨਣਾ ਪਿਆ ਹੈ।

ਭੌਤਿਕ ਪਦਾਰਥਾਂ ਦਾ ਹੀ ਦਰਸ਼ਨ ਦੇ ਨਿਰਮਾਣ ਤੇ ਵਿਕਾਸ ਵਿਚ ਹਿੱਸਾ ਹੋਵੇ - ਇਹ ਗਲ ਨਹੀਂ, ਸਗੋਂ ਭੌਤਿਕ ਪ੍ਰਸਥਿਤੀਆਂ ਦਾ ਵੀ ਦਰਸ਼ਨ ਉਤੇ ਜੋ ਅਸਰ ਪਿਆ ਹੈ, ਉਹ ਘਟ ਮਹਤੱਵ ਪੂਰਣ ਨਹੀਂ।

ਸ਼੍ਰੇਣੀ-ਵੰਡ ਦਾ; ਦੂਜੇ ਸ਼ਬਦਾਂ ਵਿਚ ਸਮਾਜਕ ਰਿਸ਼ਤਿਆਂ ਦਾ, ਸਮੇਂ ਦੇ ਦਾਰਸ਼ਨਿਕਾਂ ਅਤੇ ਦਰਸ਼ਨ-ਨਿਰਮਾਣ ਤੇ ਅਸਰ ਪੈਣਾ ਜ਼ਰੂਰੀ ਸੀ।

ਜਦੋਂ ਪਹਿਲਾਂ-ਪਹਿਲ ਆਰੀਏ (ਲਗਪਗ ੧੮੦੦ ਈ: ਪੂਰਵ) ਹਿੰਦ ਵਿਚ ਆਏ ਤਾਂ ਸਿੰਧੂ ਉਤਪਤਯਕਾ (=ਵਰਤਮਾਨ; ਅਫ਼ਗਾਨਿਸਤਾਨ) ਵਿਚ ਬੜੀ ਸਭਯ ਜਾਤੀ ਵਸਦੀ ਸੀ। ਆਰੀਏ ਉਸ ਸਮੇਂ ਪਿੱਤਰ-ਸੱਤਾ (ਜਦੋਂ ਮਨੁਖ-ਜਾਤੀ ਨੇ ਸਭਿਅਤਾ ਦਾ ਨਿਰਮਾਣ ਸ਼ੁਰੂ ਕੀਤਾ ਸੀ; ਜਦੋਂ ਰੁਜ਼ਾਨਾ-ਜੀਵਨ ਵਿਚ ਇਸਤ੍ਰੀ ਦੀ ਪ੍ਰਧਾਨਗੀ ਟੁੱਟ ਕੇ ਪੁਲਿੰਗ-ਪ੍ਰਧਾਨਗੀ ਸਥਾਪਿਤ ਹੋਈ ਸੀ) ਵਿਚ ਜੀ ਰਹੇ ਸਨ। ਪਰ ਹਾਰ ਚੁਕੀ ਜਾਤੀ ਸਾਮੰਤਵਾਦੀ ਸੀ। (ਆਦਿ-ਜਾਗੀਰਦਾਰੀ ਜਹੀ ਕਿਸਮ ਦਾ ਰਾਜ ਪ੍ਰਬੰਧ, ਜਿਸ ਦਾ ਪਤਾ ਕਿ ਮੋਹਨਜੋਦੜੋ ਤੇ ਲੋਥਲ (ਜ਼ਿਲਾ ਅਹਿਮਦਾਬਾਦ) ਤੇ ਚਲੇਡੀਅਨ-ਖੁਦਾਈਆਂ ਤੋਂ ਪਤਾ ਲਗਦਾ ਹੈ)

ਸ਼ੁਰੂ-ਸ਼ੁਰੂ ਵਿਚ ਆਰੀਆਂ ਦੇ ਉਪਨਿਸ਼ਦਾਂ ਦੇ, ਜਿਹੜੇ ਵਾਕ ਦੇਵਤਿਆਂ ਨੂੰ ਸੰਬੋਧਨ ਕਰ ਕੇ ਰਚੇ ਗਏ ਹਨ, ਉਨ੍ਹਾਂ ਵਿਚ ਮਿਤ੍ਰਤਾ ਤੇ ਸਮਾਨਤਾ ਦਾ ਭਾਵ, ਸਤਿਕਾਰ ਨਾਲੋਂ ਕਿਤੇ ਵੱਧ ਹੈ, ਜਿਵੇਂ ਕਿ ਰਿਗ ਵੇਦ ਵਿਚ:-

"ਆਓ : ਅਸਾਂ ਨਾਲ ਸੋਮ ਦਾ ਅਨੰਦ ਲੁੱਟੋ, ਆਓ ਸੂਪ (ਗੋਸ਼ਤ ਦੀ ਤਰੀ) ਵੰਡਾਓ!"

ਤੇ ਜਦੋਂ ਹਾਰਿਆਂ ਦੀ ਉੱਨਤ ਸਭਿਅਤਾ ਦੇ ਅਸਰ ਹੇਠ ਅਤੇ ਸਮਾਜ ਦੇ ਵਿਕਾਸ ਅਨੁਸਾਰ, ਆਰੀਆਂ ਵਿਚ ਵੀ ਸਾਮੰਤਵਾਦ ਆਇਆ ਤਾਂ ਦੇਵਤਿਆਂ ਦੇ ਪ੍ਰਸਪਰ ਸੰਬੰਧ ਵੀ; ਦੇਵਤਿਆਂ ਦੇ ਕੰਮਾਂ (=ਦਾਤਾਂ) ਦੇ ਰੁਜ਼ਾਨਾ ਜੀਵਨ ਨਾਲ ਘਟ ਜਾਂ ਵੱਧ ਸੰਬੰਧਾਂ ਦੇ ਆਧਾਰ ਤੇ, ਘਟ ਜਾਂ ਵੱਧ ਮਹਤਤਾ ਦੇ ਕੇ - ਆਪਣੀ ਰਾਜ-ਸਮਾਜ ਬਣਤਰ ਮੁਤਾਬਿਕ ਸਥਾਪਿਤ ਕੀਤੇ। ਇਸੇ ਤਰਾਂ ਦੇਵਤਿਆਂ ਦੇ ਅਗੇ ਉਪ-ਦੇਵਤੇ ਵੀ ਸਾਹਮਣੇ ਆਏ, ਜਿਵੇਂ ਵਾਸਤਵਿਕ ਜੀਵਨ ਵਿਚ ਗਣਪਤੀ/ਪ੍ਰਧਾਨ-ਮੰਤਰੀ ਤੇ ਉਪ ਪ੍ਰਧਾਨ-ਮੰਤਰੀ ਸਨ। ਰੋਜ਼ਾਨਾ ਜੀਵਨ ਵਿਚ

....

★ ਤ੍ਰੈਤੀਯ ਉਪਨਿਸ਼ਦ ੩/੧-੬

★★ "ਖਾਧਾ ਹੋਇਆ ਅੰਨ ਤਿੰਨ ਤਰ੍ਹਾਂ ਦਾ ਬਣਦਾ ਹੈ। ਜੋ ਸਥੂਲ ਧਾਤੂ (ਹੈ) ਉਹ ਪੁਰਸ਼ੀਯ (ਪਖ਼ਾਨਾ) ਬਣਦਾ ਹੈ, ਜੋ ਵਿਚਲਾ, ਉਹ ਮਾਸ ਤੇ ਜੋ ਅਤੀ ਸੂਕਸ਼ਮ, ਉਹ ਮਨ। ਸੌਭਯ (ਪਿਆਰੇ)! ਮਨ ਅੰਨ-ਮਈ ਹੈ।"

ਛਾਂਦੋਗਯ੬/੫-੯

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਟ ਜਾਂ ਵੱਧ ਮਹਤਤਾ ਹੋਣ ਨਾਲ ਦੇਵਤਿਆਂ ਉਤੇ ਕੀ ਅਸਰ ਪਿਆ ; ਇਥੋਂ ਵੀ ਦਿਸਦਾ ਹੈ । ਹਰ ਸਮੇਂ ਸਾਹਮਣੇ ਦਿਸਦੀ ਮੌਤ, ਜਦੋਂ ਜੀਵਨ ਦਾ ਵਡਾ ਮਸਲਾ ਸੀ ਤਾਂ ਬ੍ਰਹਮਾ ਦੀ ਪਦਵੀ ਉਸ ਸਮੇਂ ਦੀਆਂ ਰਚਨਾਵਾਂ ਵਿਚ ਪ੍ਰਧਾਨ ਦਿਸਦੀ ਹੈ, ਆਬਾਦੀ ਤੇ ਖੇਤੀ-ਵਾਹੀ ਵਧਣ ਨਾਲ ਇੰਦਰ ਸੱਭ ਤੋਂ ਵਡਾ (=ਸ੍ਰਵੋਤਮ) ਬਣ ਕੇ ਸਾਹਮਣੇ ਆਉਂਦਾ ਹੈ । ਦੇਵਤਿਆਂ ਦੇ ਇਹ ਹਵਾਲੇ ਸ਼ਾਇਦ ਦਰਸ਼ਨ ਨਾਲ ਸਿੱਧੇ ਸੰਬੰਧਤ ਨਾ ਜਾਪਣ । ਪਰ ਭੁੱਲਣਾ ਨਹੀਂ ਚਾਹੀਦਾ ਕਿ ਦੇਵਤੇ ਅਤੇ ਉਸ ਤੋਂ ਮਗਰੋਂ ਮਨੁੱਖ, ਕੁਦਰਤ ਅਤੇ ਰੱਬ ਹੀ ਦਰਸ਼ਨ ਦੇ ਮੁਖ ਵਿਸ਼ੇ ਰਹੇ ਹਨ । ਮੁਢ ਵਿਚ ਮਿਥਿਹਾਸ ਅਤੇ ਦੇਵਤੇ ਕੁਦਰਤ ਦੀਆਂ ਸ਼ਕਤੀਆਂ ਦੇ ਚਾਲਕ ਤੇ ਮਾਲਕ ਸਨ, ਮਗਰੋਂ ਪ੍ਰਤੀਨਿਧ ਬਣੇ ਅਤੇ ਅੰਤ ਵਿਚ ਵਿਚਾਰਾਂ ਤੇ ਦਰਸ਼ਨ ਦੇ ਚਿੰਨ੍ਹ/ਪ੍ਰਤੀਕ ਅਤੇ ਪ੍ਰਗਟਾਵਾ ਵੀ ਬਣੇ ।

ਸ਼੍ਰੇਣੀ-ਵੰਡ ਦਾ ਇਹ ਅਸਰ ਤਾਂ ਦਰਸ਼ਨ ਉਪਰ ਸੁਤੇ-ਸਿੱਧ ਹੀ ਹੋਇਆ ਹੋਵੇਗਾ । ਮਗਰੋਂ ਸ਼੍ਰੇਣੀ-ਹਿਤਾਂ ਲਈ, ਬਣੇ ਸਿਧਾਂਤਾਂ ਨੂੰ ਵੀ ਤੋੜਿਆ-ਮਰੋੜਿਆ ਗਿਆ । ਇਥੇ ਸ਼੍ਰੇਣੀ-ਵੰਡ ਨੂੰ ਸਾਹਮਣੇ ਲਿਆਉਣ ਦਾ ਮਤਲਬ ਭੌਤਿਕਤਾ ਦਾ ਅਸਰ ਦਰਸ਼ਨ ਤੇ ਦੱਸਣਾ ਹੈ ।

ਭੌਤਿਕਤਾ ਦਾ ਅਸਰ ਦਰਸ਼ਨ ਦੇ ਉਪਰ ਜ਼ਰੂਰ ਹੋਇਆ । ਦਰਸ਼ਨ ਨੇ ਵੀ ਭੌਤਿਕਤਾ ਉਤੇ ਅਸਰ ਪਾਇਆ । ਇਹ ਦਾਰਸ਼ਨਿਕ ਅਸਰ ਸੀ ਜਿਸ ਨੇ ਧਰਮ ਦਾ ਜਥੇਬੰਦ ਰੂਪ ਧਾਰ, ਸਲੀਬੀ ਜੰਗਾਂ (Crusade Wars), ਕਰਵਾ ਕੇ ਮਨੁੱਖਾਂ ਦੀਆਂ ਕਈ ਖ਼ੂਹਣੀਆਂ ਖਪਾ ਦਿਤੀਆਂ । ਇਹ ਵੀ ਦਾਰਸ਼ਨਿਕ ਅਸਰ ਹੀ ਸੀ ਕਿ ਹਿੰਦ ਵਾਸੀ, ਸਮੁੰਦਰ ਟੱਪਣਾ ਪਾਪ ਸਮਝ ਕੇ ਸਮੁੰਦਰੀ ਬਿਉਪਾਰ ਵਿਚ ਪੱਛੜ ਗਏ, ਜਿਸ ਬਿਉਪਾਰ ਨੇ ਮਗਰੋਂ ਸਾਰੀ ਦੁਨੀਆਂ ਦੀ ਭੌਤਿਕ ਤੇ ਸਮਾਜਿਕ ਕੀਮਤ ਬਦਲ ਦਿਤੀ । ਬੁੱਧ ਨੇ ਕਾਫੀ ਉੱਨਤ, ਸਮਾਜਕ ਸਿਧਾਂਤ ਭਾਰਤੀ ਸਮਾਜ ਨੂੰ ਦਿਤਾ ਤੇ ਇਸ ਵਾਦ (=ਮਤ; ਦਰਸ਼ਨ) ਨੂੰ ਦਾਰਸ਼ਨਿਕ ਰੁਚੀਆਂ ਦੇ ਗ਼ਲਤ ਮੋੜ ਨੇ ਹੀ ਨਾਲੰਦਾ ਯੂਨੀਵਰਸਟੀ ਦੇ ਕਈ ਹਜ਼ਾਰ ਬੇ-ਮਿਸਾਲ ਨੌਜੁਆਨਾਂ ਨੂੰ ਜੇਤੂਆਂ ਦੀਆਂ ਤੇਗ਼ਾਂ ਅਗੇ, ਨਿਮਾਣੀਆਂ ਬੱਕਰੀਆਂ ਵਾਂਗ ਝੁਕਾ ਦਿਤਾ ; ਇਹ ਵੀ ਦਾਰਸ਼ਨਿਕ ਅਸਰ ਹੀ ਸੀ । ਅਰਬ ਵਿਚੋਂ ਉਠੇ ਨਵ-ਮੁਸਲਮਾਨਾਂ ਉਪਰ ਇਹ ਕਿਸੇ ਦਰਸ਼ਨ ਦਾ ਹੀ ਪਿਆ ਅਸਰ ਸੀ ਕਿ ਉਹ ਕੁਝ ਸਾਲਾਂ ਵਿਚ ਏਸ਼ੀਆ ਦੇ ਵਡੇ ਹਿੱਸੇ ਤੇ ਛਾ ਕੇ ਸਮਾਜ ਦੀ ਵਿਕਾਸ-ਧਾਰਾ ਨੂੰ ਹੋਰ ਮੋੜਾ ਲਾ ਸਕੇ । ਓਦੋਂ ਹੀ ਸ਼ਾਂਤ ਰਕਸ਼ਿਤ; ਬੁਧ-ਭਿਖਸ਼ੂ ਦੇ ਫਿਲਸਫੇ ਤੋਂ ਤਿੱਬਤ ਐਸੀ ਮਿੱਠੀ ਨੀਂਦੇ ਸੁੱਤਾ ਕਿ ਠਿ-ਸ੍ਰੋਙ-ਦੇ-ਚੰਨ ਦੇ ਸਮੇਂ ਤੋਂ ਲੈ ਕੇ ਤੈਮੂਰ ਲੰਗ ਤਕ ਜਾਗ ਨਾ ਆਈ ।

ਦਰਸ਼ਨ ਭੌਤਿਕਤਾ ਦੀ ਉਪਜ ਹੈ; ਭੌਤਿਕਤਾ ਉਪਰ ਵੀ ਦਰਸ਼ਨ ਦਾ ਅਸਰ ਪੈਂਦਾ ਹੈ ।

ਦਰਸ਼ਨ ਰਿਹਾ ਕੀ ? ਮਨੁੱਖ ਦੇ ਮਸਤਕ (=ਦਿਮਾਗ਼) ਨੇ ਆਪਾ ਦੇਖਣ ਤੇ ਜਾਨਣ ਲਈ, ਕੁਦਰਤ, ਇਸ ਨਾਲ ਸੰਬੰਧਤ ਮਸਲਿਆਂ ਜਾਂ ਵਰਤਾਰਿਆਂ ਸੰਬੰਧੀ ਜਿਹੜੇ ਖ਼ਿਆਲ ਚਿਤਵੇ, ਉਹ ਵੀ ਦਰਸ਼ਨ ਦੀ ਰੂਪ-ਰੇਖਾ ਕਹੇ ਜਾ ਸਕਦੇ ਹਨ । ਮਨੁੱਖ ਜਿਥੇ-ਜਿਥੇ ਵੀ ਸੀ, ਉਸ ਆਪਣੀ ਆਪਣੀ ਹੋਂਦ ਦੀ ਰੂਪ-ਰੇਖਾ ਚਿਤਰੀ ਤੇ ਉਸ ਉਪਰ ਦਰਸ਼ਨ ਦੀ ਉਸਾਰੀ ਕੀਤੀ । ਆਪਣੇ ਤੋਂ ਪਹਿਲਾਂ ਬੀਤ ਚੁਕੇ ਤੇ ਹਮਸਾਏ ਦਰਸ਼ਨਾਂ ਦਾ ਵੀ ਹਰ ਨਵੇਂ ਦਾਰਸ਼ਨਿਕ ਜਾਂ ਦਰਸ਼ਨ 'ਤੇ ਅਸਰ ਪਿਆ ਜ਼ਰੂਰ । ਦਰਸ਼ਨ ਕਿਉਂਕਿ ਆਮ ਤੌਰ ਤੇ ਆਪਣੀ ਹੋਂਦ ਤੋਂ ਮਗਰੋਂ ਪ੍ਰਯੋਗ (ਅਜ਼ਮਾਇਸ਼; ਤਜਰਬੇ ਦੀ ਕਸੱਵਟੀ) ਛੱਡ ਬਹਿੰਦਾ ਸੀ ; ਇਸ ਲਈ ਇਸ ਦਾ ਖ਼ਾਸਾ ਵਧੇਰੇ ਕਾਲਪਨਿਕ ਹੋ ਜਾਂਦਾ । ਇਸ ਦੇ ਕਿਸੇ ਸ਼ਬਦਾਰਥਕ ਮੋੜ, ਹੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਖਿਆ ਜਾਂ ਪਿਛੋਂ ਹੋਏ; ਦਾਰਸ਼ਨਿਕ ਦੇ ਆਪਣੇ ਮਨ ਦੇ ਢੂੰਡ ਕਾਰਣ, ਨਵਾਂ ਵਾਦ (Thesis); ਉਨ੍ਹਾਂ ਹੀ ਲੀਹਾਂ ਅੰਦਰ, ਕੁਝ ਬਾਹਰ ਜਾਂ ਬਿਲਕੁਲ ਪਰਬਾਹਰਾ ਹੋ ਕੇ ਜਨਮ ਲੈਂਦਾ ਸੀ। ਕਈ ਵਾਰ ਇਸ ਨਵੇਂ ਵਾਦ ਦੀ ਖਾਸੀਅਤ ਉੱਕੀ ਹੀ ਬਦਲੀ ਹੁੰਦੀ ਸੀ। ਇਸੇ ਲਈ ਹਰ ਵਾਦ ਦੇ ਉਪਵਾਦ ਤੇ ਵਿਵਾਦ ਦੀ ਬੜੀ ਗੁੰਝਲਦਾਰ ਸਾਮਗ੍ਰੀ ਹੈ। ਦੇਵਤਿਆਂ ਤੋਂ ਰੱਬ ਤਕ ਅਦਿੱਸਦੀ ਭਾਵਵਾਚਕ ਸ਼ਕਤੀ ਦਾ ਅਹਿਸਾਸ ਤੇ ਵਿਚਾਰ-ਸੰਘਤਾ; ਦਰਸ਼ਨ ਦਾ ਉਹ ਵਿਭਾਗ ਹੈ ਜੋ ਆਪੇ ਅਤੇ ਕੁਦਰਤ ਬਾਰੇ ਗਿਆਨ-ਜਗਿਆਸਾ-ਵਿਚਾਰ ਵਾਲੀ ਉਪ੍ਰੋਕਤ ਢੂੰਡ-ਲੜੀ ਦਾ ਸੂਖਮ ਰੂਪ ਵੀ ਹੈ ਤੇ ਗੁੰਝਲਦਾਰ ਵੀ।

ਤਦ ਵੀ ਸਮਝਣ ਲਈ ਸਾਡੇ ਸਾਹਮਣੇ ਦੋ ਵਡੇ ਦਾਰਸ਼ਨਿਕ-ਵਿਚਾਰ ; ਭੌਤਿਕਵਾਦ ਅਤੇ ਆਦਰਸ਼ਵਾਦ ਸਮ-ਸੇਧ, ਸਦੀਆਂ ਚਲਦੇ, ਤੇ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਰਹੇ।

ਦਰਸ਼ਨ ਜਦੋਂ ਜਨਤਾ ਦੀ ਜੀਵਨੀ ਵਿਚ ਇਕ-ਮਿਕ ਹੁੰਦਾ ਸੀ ਤਾਂ ਹੌਲੀ-ਹੌਲੀ ਖਾਸ ਹਾਲਾਤ ਹੇਠ ਉਹ, ਉਸ ਵਾਦ ਨੂੰ ਮੰਨਣ ਵਾਲਿਆਂ ਦੇ ਏਕੀ-ਕਰਣ ਦਾ ਕੰਮ ਕਰਦਾ ਸੀ ਅਤੇ ਆਪਣੇ ਨਵੇਕਲੇਪਣ ਕਾਰਣ ਉਹ ਮਜ਼੍ਹਬ ਜਾਂ ਮਜ਼੍ਹਬ ਵਿਚੋਂ ਸੰਪ੍ਰਦਾਇ ਦੇ ਰੂਪ ਵਿਚ ਪਲਟ ਜਾਂਦਾ ਸੀ। ਦਰਸ਼ਨ ਦੇ ਇਸ ਤਰ੍ਹਾਂ ਬਦਲਣ ਨਾਲ ਹੀ, ਅਸੀ ਦੇਖਦੇ ਹਾਂ, ਉਸ ਦੀ ਖਾਸੀਅਤ ਬਦਲ ਜਾਂਦੀ ਸੀ ਤੇ ਕਈ ਵਾਰ ਦਾਰਸ਼ਨਿਕ ਕਾਰਣ ਵਿਚੋਂ ਉਪਜੀ, ਇਕ ਠੋਸ ਪਰ ਇਕ-ਪਾਸੜ ਮੁਹਿੰਮ, ਮਨੁੱਖ ਦੀਆਂ ਦਾਰਸ਼ਨਿਕ-ਰੁਚੀਆਂ ਵਿਰੁਧ ਚਲ ਪੈਂਦੀ ਸੀ, ਜਿਸ ਦੀ ਦੌੜ, ਅੰਧ-ਵਿਸ਼ਵਾਸੀ ਕਰਮ ਕਾਂਡ ਤਕ ਹੁੰਦੀ ਸੀ। ਵਿਚਾਰ ਤੋਂ ਅਮਲ ਤਕ ਦੀ ਇਹ ਪ੍ਰਕਿਰਿਆ ਕਈ ਵਾਰ ਭਟਕੀ ਹੈ।

ਇੰਜ ਇਹ ਧਰਮ ਰੂਪ ਦਰਸ਼ਨ, ਜਨਤਾ ਨੂੰ ਏਨਾ ਕੁ ਹੀ ਬੁਧੀਵਾਦ ਤਕ ਲਿਜਾਂਦਾ ਸੀ, ਜਿਸ ਨਾਲ ਦਾਰਸ਼ਨਿਕ ਦੀ ਹਰ ਯੋਗ-ਅਯੋਗ ਗਲ ਨੂੰ ਜਨਤਾ ਕੇਵਲ ਸਮਝ ਹੀ ਸਕੇ ਤੇ ਸਮਝ ਕੇ ਆਪਾ ਭੁੱਲ; ਉਸ ਲਈ ਮਰ ਸੱਕੇ।

ਸਮਾਂ ਤੇ ਇਸ ਦੀਆਂ ਲੋੜਾਂ ਫੇਰ ਕਿਸੇ ਹੋਰ ਦਰਸ਼ਨ ਜਾਂ ਦਾਰਸ਼ਨਿਕ ਨੂੰ ਜਨਮ ਦੇ ਦੇਂਦੀਆਂ ਸਨ ਤੇ ਪਿਛਲਾ ਦਰਸ਼ਨ (ਧਰਮ ਜਾਂ ਗ੍ਰੰਥ ਰੂਪ ਵਿਚ) ਮਨੋਂ ਲਹਿ ਜਾਂਦਾ।

ਦਾਰਸ਼ਨਿਕ ਰੁਚੀ ਭੌਤਿਕ ਵਰਤਾਰਿਆਂ ਦੀ ਅੰਤਰਮੁਖਤਾ ਤੋਂ ਪੈਦਾ ਹੁੰਦੀ ਹੈ ਪਰ ਦਾਰਸ਼ਨਿਕ ਦ੍ਰਿਸ਼ਟੀਕੋਣ ਪ੍ਰਯੋਗ ਦੀ ਵਫ਼ਾ ਵਿਚੋਂ ਜਨਮ ਲੈਂਦਾ ਹੈ। ਇਸ ਦ੍ਰਿਸ਼ਟੀਕੋਣ ਨੂੰ ਦਰਸ਼ਨ ਦੀ ਰਚਨਾਤਮਿਕਤਾ ਜਾਂ ਵਿਉਂਤ ਵੀ ਕਿਹਾ ਜਾ ਸਕਦਾ ਹੈ। ਜਿਵੇਂ; ਛਿਨ-ਵਾਦ (=ਕਸ਼ਨਕ ਵਾਦ) ਜੋ ਮਹਾਤਮਾ ਬੁੱਧ ਨੇ ਤਜਰਬੇ ਤੋਂ ਤਿਆਰ ਕੀਤਾ ਸੀ। ਆਪਣੀ ਮਨੋ-ਵ੍ਰਿਤੀ ਅਨੁਸਾਰ ਮਨੁੱਖ ਨੂੰ ਕ੍ਰਮਵਾਰ ਤੰਦਰੁਸਤ, ਬਿਮਾਰ, ਬਦ-ਹਾਲ ਤੇ ਮੌਤ ਦੀਆਂ ਬਦਲਦੀਆਂ ਪ੍ਰਸਥਿਤੀਆਂ ਵਿਚੋਂ ਲੰਘਦਾ ਤੱਕ ਕੇ ਇਹ ਛਿਨਵਾਦ, ਗੌਤਮ ਬੁੱਧ ਦੇ ਦਰਸ਼ਨ ਦੀ, ਕੇਵਲ ਇਕ ਪਹੁੰਚ ਜਾਂ ਵਿਉਂਤ ਸੀ। ਇਸ ਪਹੁੰਚ ਨੂੰ ਮਗਰੋਂ ਦੇ ਬੋਧ-ਦਾਰਸ਼ਨਿਕਾਂ ਨੇ ਇਕ ਐਨਕ ਅਤੇ ਕੱਸਵਟੀ ਹੀ ਬਣਾ ਲਿਆ। ਪ੍ਰਯੋਗ ; ਜੋ ਅਸਲੋਂ ਹੀ ਦਰਸ਼ਨ ਦੀ ਜਿੰਦ ਜਾਣ ਸੀ,. ਛੱਡ ਦਿਤਾ। ਸੋ, ਇਸ "ਹਰ ਮਿੰਟ ਬਦਲਦੇ ਸਭ ਕੁਝ" ਦੇ ਫਿਲਸਫੇ ਉੱਤੇ ਵਿਸ਼ਵਾਸ ਕਰ ਕੇ ਵੀ ਅਸਲੋਂ ਪਰਿਵਰਤਨਸ਼ੀਲ ਆਪਣੀ ਬੁੱਧੀ ਨੂੰ ਨਾ-ਬਦਲਦੀ ਬਣਾ ਲਿਆ। ਪ੍ਰਯੋਗ ਦਾ ਲੜ ਹਥੋਂ ਨਿਕਲਦਿਆਂ ... (... ਦਰਸ਼ਨ) ਛਿਨ-ਛਿਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਰਦੇ-ਜੰਮਦੇ ਨੂੰ ਅਸਲ ਵਿਚ, ਸੁੰਨ ਸਮਝ ਕੇ ਸ਼ੂਨਯਵਾਦ ਵਲ ਮੁੜ ਗਿਆ ਅਤੇ ਹਰ ਦਿਸਦੀ ਚੀਜ਼ ਨੂੰ ਸੁੰਨ ਸਿੱਧ ਕਰ ਦਿਖਾਇਆ । ਮਗਰੋਂ, ਸ਼ੰਕਰਾਚਾਰਯ ਨੇ ਬ੍ਰਹਮਵਾਦ ਦੇ ਛਿਨਵਾਦ ਤੋਂ ਪੈਦਾ ਹੋਏ ਸੁੰਨਵਾਦ ਨੂੰ ਮਿਲਾ ਕੇ ਐਸਾ (ਕਾਲਪਨਿਕ) ਮਿਲਗੋਭਾ ਬਣਇਆ ਕਿ ਸਭ ਕੁਝ ਮਾਇਆ ਹੀ ਮਾਇਆ ਦਿੱਸਣ ਲਗਾ ਅਤੇ (ਇਸ ਮਤ ਦੇ ਅਨੁਸਾਰ) ਅੱਜ ਜਿਉਂਦਾ ਵੀ ਮਾਇਆ ਹੈ ਮੋਇਆ ਵੀ, ਚੰਡਾਲ ਅਤੇ ਉਸ ਦਾ ਕਰਮ ਵੀ ਮਾਇਆ ਹੈ; ਗਊ ਦੀ ਦੀਨਤਾ ਵੀ, ਧੰਨਵਾਨ ਦਾ ਗ਼ਲਬਾ ਤੇ ਕਿਰਤੀ ਦੀ ਲੁਟ-ਘਸੁਟ ਵੀ । ਰਸਮੀ ਤਰਕ (Logic Formal) ਨੂੰ ਰੱਸਾ ਬਣਾ ਕੇ ਸੱਭ ਮਸਲੇ ਇਸੇ ਨਾਲ ਫਾਹੇ ਲਾ ਦੇਣ ਦੇ ਇਹ ਨਤੀਜੇ ਨਿਕਲੇ :

(ੳ) ਪ੍ਰਯੋਗ ਦਾ ਤਿਆਗ ਕਰਦਿਆਂ ਹੀ ਦਰਸ਼ਨ, ਦਿਮਾਗ਼ੀ ਉਡਾਰੀ 'ਤੇ ਨਿਰਭਰ ਹੋ ਗਿਆ । ਕਾਲਪਨਿਕ-ਦਰਸ਼ਨ ਨੂੰ, ਪ੍ਰਯੋਗ ਜਿੰਨਾ ਪ੍ਰਭਾਵਕ ਅਤੇ ਸਹਿਮਤ ਕਰਨ ਵਾਲਾ ਬਨਣ ਲਈ, ਚੰਗੇ, ਸੁਨਿਹਰੀ, ਗੋਲ ਮੋਲ, ਚਲਾਕ ਤੇ ਸਮਝੋਂ ਪਰੇਡੇ ਸ਼ਬਦਾਂ ਦੀ ਲੋੜ ਪੈਣੀ ਕੁਦਰਤੀ ਸੀ । ਇਸੇ ਲਈ ਹਰ-ਦਰਸ਼ਨ ; ਸ਼ਬਦਾਰਥ-ਵਿਗਿਆਨੀ (Semantic) ਢੰਗ ਦੀ ਨਵੀਂ ਵਿਆਖਿਆ ਤੋਂ ਸ਼ੁਰੂ ਹੁੰਦਾ ਅਤੇ ਰਵਾਇਤੀ ਦਰਸ਼ਨ ; ਲੱਫਾਜ਼ੀਅਤ, ਵਿਦਿਆਰਥੀਆਂ ਲਈ ਸਿਰ-ਖਪਾਈ ਤੇ ਸਿਆਣਿਆਂ ਲਈ ਦਿਮਾਗ਼ੀ ਅੱਯਾਸ਼ੀ ਜਾਂ ਅਕਲ ਦੇ ਰੁਹਬ ਪਾਉਣ ਵਾਲੇ ਪੰਡਤਾਊ ਹਥਿਆਰ ਤਕ ਪਹੁੰਚਦਾ ।

(ਅ) ਇਹ ਦਰਸ਼ਨ ਕਾਲਪਨਿਕ ਤੇ ਸ਼ਾਬਦਿਕ ਹੀ ਸੀ । ਇਸ ਨਾਲ ਲੋਕਾਈ ਨੂੰ ਸਮਝਉਣਾ ਤਾਂ ਸ਼ਬਦਾਂ ਦੀ ਬਣਤਰ ਤੇ ਨਿਰਭਰ ਸੀ ਪਰ ਆਪਣੇ ਮਨ ਵਿਚ ਉਠੇ ਦ੍ਵੰਦ ਤੋਂ ਤਾਂ ਦਾਰਸ਼ਨਿਕ ਆਪ ਤੰਗ ਪੈ ਜਾਂਦਾ ਸੀ । ਫਲ ਸਰੂਪ ਉਹ ਆਪਣੇ ਦ੍ਵੰਦ (ਸੰਸੇ) ਦਾ ਉਤਰ ਆਪ ਹੀ, ਮੁੜ ਕਾਲਪਨਿਕ ਦਰਸ਼ਨ ਨਾਲ ਦੇਣਾ ਸ਼ੁਰੂ ਕਰ ਦੇਂਦਾ ਸੀ । ਹਾਲ ਉਸ ਦਾ "ਤਾਲੋਂ ਘੁੱਥੀ ਡੂਮਣੀ" ਜਿਹਾ ਹੋ ਜਾਂਦਾ ਤੇ ਉਹ ਆਪਣੀ ਬੇਤਾਲ ਅਵਸਥਾ ਨੂੰ ਲੁਕਾਉਣ ਲਈ ਹੋਰ ਜ਼ੋਰ ਸ਼ੋਰ ਨਾਲ ਟੱਪਣਾ-ਮੇਲ੍ਹਣਾ ਸ਼ੁਰੂ ਕਰ ਦੇਂਦਾ । ਇਹ ਹਕੀਕਤ ਦਰਸ਼ਨ ਦੀ ਇਤਹਾਸਕ ਵਿਆਖਿਆ ਦੇ ਜਾਣੂ ਚੰਗੀ ਤਰਾਂ ਜਾਣਦੇ ਹਨ ।

(ੲ) ਇਸ ਥਿੜਕਣ ਦੇ ਨਤੀਜੇ ਵਜੋਂ, ਦਰਸ਼ਨ ਜਨਤਾ ਤੋਂ ਦੂਰ ਚਲਾ ਜਾਂਦਾ ਸੀ ਕਿਉਂਕਿ (ਪ੍ਰਯੋਗ ਛੱਡ ਕੇ) ਰੋਜ਼ਾਨਾ ਜਨਤਕ ਜੀਵਨ ਵਲ ਧਿਆਨ ਦੇਣ ਦਾ ਪ੍ਰਯੋਗ, ਦਾਰਸ਼ਨਿਕਾਂ ਅਤੇ ਪ੍ਰਸ਼ਾਸਕਾਂ ਲਈ ਕੋਈ ਖਿੱਚ ਪੈਦਾ ਨਹੀਂ ਕਰ ਸਕਦਾ ਸੀ । ਸ਼ਬਦਵਾਦ ਤੇ ਪੰਡਤਾਊਪਣ ਦਰਸ਼ਨ ਨੂੰ ਜਨਤਾ ਦੀ ਸਮਝ ਤੋਂ ਉੱਚਾ ਲੈ ਜਾਂਦੇ ਸਨ, ਤੇ ਇਹ ਉਚੇਰੇਪਣ ਦਾ ਅਹਿਸਾਸ, ਜਨਤਾ ਤੋਂ ਹੋਰ ਵੀ ਪਰੇਡੇ ਲਿਜਾਊ ਸੀ । ਜਨਤਕ ਨਾ ਰਹਿਣ ਦਾ ਨਤੀਜਾ ਦਰਸ਼ਨ ਅਤੇ ਦਾਰਸ਼ਨਿਕ ਦੋਹਾਂ ਨੂੰ ਹੀ ਭੁਗਤਣਾ ਪੈਂਦਾ ਸੀ ਤੇ ਭੁਗਤਣਾ ਪਿਆ ਵੀ । ਜਿਵੇਂ :

੧. ਬੋਲੀ, ਤੇ ਮਗਰੋਂ ਲਿਪੀ ਦੀ ਵਰਤੋਂ, ਜਨਤਕ ਨਾ ਹੋਣ ਕਾਰਣ ਸਿਰਫ ਉਪਰਲੇ ਵਰਗ ਦੇ ਲੋਕ ਹੀ ਦਾਰਸ਼ਨਿਕ ਮੈਦਾਨ ਵਿਚ ਉਤਰਨ ਤੇ ਕਾਇਮ ਰਹਿਣ ਦੀ ਸੰਭਾਵਨਾ ਰਹਿੰਦੀ ਸੀ । ਇਸ ਵਰਗ ਹੱਥੋਂ ਦਰਸ਼ਨ ਦੀ ਉਸਾਰੀ ਆਪਣੇ ਦ੍ਰਿਸ਼ਟੀਕੋਣ ਤੋਂ ਬਣੇ ਆਪਣੇ ਹਿਤਾਂ ਲਈ ਹੋਣੀ ਕੁਦਰਤੀ ਸੀ । ਸੁਤੇ ਸਿੱਧ-ਦਾਰਸ਼ਨਿਕ ਵਿਕਾਸ ਤਾਂ ਅਸੰਭਵ ਗਲ ਬਣ ਗਈ ਸੀ ।

੨. ਮਨ ਦੇ ਇਨ੍ਹਾਂ ਆਪ-ਸਹੇੜੇ ਸੰਸਕਾਰਾਂ ਕਾਰਣ, ਦਰਸ਼ਨ ਜ਼ਮੀਨੀ ਤਾਂ ਰਹਿ ਨਹੀਂ ਸਕਦਾ ਸੀ; ਇਸ ਲਈ ਸਮਾਜਕ ਸਮਾਨਤਾ ਲਈ ਕਲਮ ਚੁਕਣ ਦਾ ਤਾਂ ਸੁਆਲ ਹੀ ਨਹੀਂ ਸੀ । "ਧੁਰ ਦੀ ਸਮਾਨਤਾ" ਦੀ ਰੂਹਾਨੀ ਸ਼ਬਦਾਂ ਵਿਚ ਗਲੇਫਿਆ ਨਾਹਰਾ, ਦਾਰਸ਼ਨਿਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਈ ਬਾਕੀ ਰਹਿ ਜਾਂਦਾ ਸੀ । ਇਸ ਦਾ ਅੰਤ ਵੀ ਮਗਰੋਂ ਚੰਗਾ ਨਹੀਂ ਸੀ ਰਹਿੰਦਾ । ਕਈ ਵਾਰ ਤਾਂ ਇਸ "ਧੁਰ ਦੀ ਸਮਾਨਤਾ" ਦਾ ਨਾਹਰਾ ਲਾਉਣ ਵਾਲਿਆਂ ਉਪਰ ਵੀ ਅਕਹਿ ਜ਼ੁਲਮ ਹੋ ਜਾਂਦੇ ਸਨ । ਇਸੇ ਡਰ ਤੋਂ ਦਾਰਸ਼ਨਿਕ, ਅੰਤਸਤਮੁ ਵਾਦ ★ ਦੇ ਨਾਂ ਹੇਠ ਦੂਹਰੇ ਦਰਸ਼ਨ ਦੀ ਨੀਂਹ ਰਖ ਬੈਠੇ ਜਿਸ ਦਾ ਸ਼ਬਾਦਰਥ ਕੁਝ ਹੋਰ ਸੀ ਅਤੇ ਭਾਵਾਰਥ ਕੁਝ ਹੋਰ ਹੁੰਦਾ ਸੀ । ਇਸ ਦਾਰਸ਼ਨਿਕ ਧਾਰਨਾ ਅਨੁਸਾਰ ਵਖ-ਵਖ ਕਿਸੇ ਵਾਦ ਜਾਂ ਮਤ ਦੀ ਵਿਆਖਿਆ ਰੂਹਾਨੀ ਤੇ ਦੁਨਿਆਵੀ ਢੰਗ ਨਾਲ ਕੀਤੀ ਜਾ ਸਕਦੀ ਸੀ । ਇਸ ਭੌਤਿਕਤਾ ਤੋਂ ਟੁੱਟ ਕੇ ਦਰਸ਼ਨ ਅੱਤ-ਅੰਤਰਮੁਖੀ ਹੋ ਨਿਬੜਦਾ ਸੀ ਜਾਂ ਭੌਤਿਕਤਾ ਦੀ ਦ੍ਵੰਦਾਤਮਕ ਵਿਧਾ ਤੋਂ ਟੁੱਟ ਕੇ ਮਸ਼ੀਨੀ ਭੌਤਿਕਤਾਵਾਦੀ ਹੋ ਨਿਬੜਦਾ । ਅਤੇ ਇੰਜ ਹੀ ਜਨਤਾ ਤੋਂ ਪਰੇਡੇ ਹੋ ਚੁਕੇ ਦਾਰਸ਼ਨਿਕ, ਆਪਣੀ ਜਾਣ ਬਚਾਉਂਦੇ ਰਹੇ । ਪਰ ਸ਼ੋਸ਼ਕ-ਸ਼੍ਰੇਣੀ ਦੀ ਤਨਖਾਹ (ਬਖ਼ਸ਼ਸ਼ਾਂ, ਤੇ ਦਰਬਾਰੀ ਕੁਰਸੀਆਂ) ਵਾਲੇ ਦਾਰਸ਼ਨਿਕ ਨੇ ਤਾਂ ਇਸ ਦੁਧਾਰੇ ਦਰਸ਼ਨ ਨੂੰ ਆਪਣੇ ਮਾਲਕਾਂ ਲਈ ਆਦਰਸ਼ਵਾਦ : ਬ੍ਰਹਮਵਾਦ, ਮਾਇਆਵਾਦ ਤੇ ਹੋਰ ਕਈ-ਕੁਝ ਵਾਦ ਜਹੇ ਨਾਵਾਂ ਹੇਠ ਇੰਜ ਚਲਾਇਆ ਕਿ ਉਹ ਨਾ ਕੇਵਲ ਉਚ-ਪਦ ਅਤੇ ਹਰ ਕਿਸਮ ਦੀਆਂ "ਨਿਆਮਤਾਂ" ਮਾਣਦੇ ਰਹੇ, ਸਗੋਂ ਮਰਨ ਮਗਰੋਂ ਵੀ ਬ੍ਰਹਮ ਗਿਆਨੀ ਦੇ ਨਾਂ ਨਾਲ ਪ੍ਰਸਿੱਧ ਹੋਏ ।

(ਸ) ਦਰਸ਼ਨ ਜਿਨ੍ਹਾਂ ਲੀਹਾਂ ਉਪਰ ਹੁਣ ਚਲ ਪਿਆ ਸੀ, ਉਸ ਤੋਂ ਛੁਟਕਾਰੇ ਦਾ ਕੋਈ ਰਾਹ ਨਹੀਂ ਸੀ । ਸੋ ਦਾਰਸ਼ਨਿਕ ਦਾ ਰੁਜ਼ਾਨਾ ਜੀਵਨ ਦੋ ਹੀ ਤਰਾਂ ਦਾ ਹੋ ਸਕਦਾ ਸੀ । ਜਾਂ ਤਾਂ ਬੁੱਧੀ ਮਗਰ ਚਲ ਕੇ ਸਚ ਕਹੇ, ਸੱਚ ਦੀ ਟੱਕਰ ਜਦ ਸ਼ੋਸ਼ਕ-ਸ਼੍ਰੇਣੀ ਨਾਲ ਹੋਵੇ (ਜੋ ਅਵੱਸ਼ ਸੀ) ਤਾਂ ਹਰ ਤਕਲੀਫ ਲਈ ਤਿਆਰ ਰਹੇ - ਕਈ ਦਾਰਸ਼ਨਿਕਾਂ ਨੇ ਦੁਨੀਆਂ ਵਿਚ ਬੇ-ਮਿਸਾਲ ਕੁਰਬਾਨੀਆਂ ਵੀ ਕੀਤੀਆਂ-ਤੇ ਜਾਂ ਫੇਰ, ਨਿੱਜੀ ਹਿਤਾਂ ਮਗਰ ਲਗ ਕੇ "ਪਰਮ-ਪਦ" ਪਾਏ, ਜੀਵਣ ਵਿਚ ਵੀ ਤੇ ਮਗਰੋਂ ਵੀ । ਇਹ ਕੰਮ ਸੀ ਵੀ ਸੌਖਾ ਹੀ । ਬ੍ਰਹਮ ਤੇ ਬ੍ਰਹਮਲੋਕ ਤਕ ਦਾ ਗਿਆਨ ਇਨ੍ਹਾਂ ਰਿਸ਼ੀਆਂ 'ਦਾਰਸ਼ਨਿਕਾਂ' ਦੇ ਖੱਬੇ ਹੱਥ ਦਾ ਖੇਲ ਸੀ । ★★ ਪਰ ਵਾਸਤਵਿਕ ਵਿਸ਼ਵ ਦੇ ਗਿਆਨ ਵਿਚ ਵਿਚਾਰਿਆਂ ਦੀ ਸ੍ਵਵੱਗਯਤਾ ਪੱਛੜ ਜਾਂਦੀ ਸੀ ।"

....

★ ਸ਼ਬਦਾਰਥ, ਬਾਤਿਨੀ :- ਇਸ ਕਿਸਮ ਦੀ ਇਕ ਸੰਪ੍ਰਦਾਇ ਇਸਲਾਮ ਵਿਚ ਪੈਦਾ ਹੋਈ । ਜਦੋਂ ਅਰਬਾਂ ਤੇ ਬਰਬਰਾਂ (ਮਰਾਕੋਵਾਸੀਆਂ) ਨੇ ਈਰਾਨ ਵਿਚ ਇਸਲਾਮ ਫੈਲਾ ਦਿਤਾ ਤਾਂ ਈਰਾਨੀ ਦਾਰਸ਼ਨਿਕਾਂ ਨੇ ਕੁਰਾਨ ਦੇ ਅਰਥ ਆਪਣੀਆਂ ਦਾਰਸ਼ਨਿਕ ਰੁਚੀਆਂ ਹੇਠ ਕਢਣੇ ਚਾਹੇ ਅਤੇ ਸ਼ਬਦਾਰਥ "ਅੰਦਰੂਨੀ ਅਰਥਾਂ ਵਿਚ" ਕੱਢਣ ਦੇ ਨਾਂ ਹੇਠ ਆਪਣੀਆਂ ਦਾਰਸ਼ਨਿਕ-ਰੁਚੀਆਂ ਨੂੰ ਜਿਉਂਦਾ ਰਖਿਆ । ਕੁਝ ਇੰਜ ਹੀ ਯੂਰਪੀ ਦਰਸ਼ਨ ਵਿਚ Dualism ਦਾ ਵਿਕਾਸ ਹੋਇਆ ਜਿਸ ਅਨੁਸਾਰ ਵਸਤਾਂ ਤੇ ਵਰਤਾਰਿਆਂ ਅੰਦਰ ਭੌਤਿਕ ਅਤੇ ਆਤਮਕ ਵਸਤੂ ਦੀ ਕਲਪਨਾ ਕੀਤੀ ਗਈ ।

★★ (੧) ਰਿਸ਼ੀ ਵਾਦਾਰਾਇਨ ਨੇ, ਜਿਸ ; ਸੱਚੇ ਸ਼ਬਦਾਂ ਵਿਚ ਬ੍ਰਾਹਮਣ-ਵਰਗ ਨੂੰ ਨਿੱਗਰ ਤੇ 'ਵਿਸ਼ੇਸ਼' ਰੂਪ ਵਿਚ ਜੱਥੇਬੰਦ ਕਰਨ ਵਾਲੇ ਫ਼ਿਲਸਫੇ ਦੀ ਨੀਂਹ ਰਖੀ ਸੀ । ਉਪਨਿਸ਼ਦ ਦੇ ਸੂਤਰਾਂ ਨੂੰ ਇੱਕਠੇ ਕਰ ਕੇ ਆਪਣੀ ਰਚਨਾ "ਵੇਦਾਂਤ ਸੂਤਰ" ਵਿਚ, ਮੌਤ ਮਗਰੋਂ ਜੀਵ ਦੀ ਮੁਕਤੀ-ਯਾਤ੍ਰਾ ਦਾ ਹਾਲ ਇੰਜ ਲਿਖਿਆ ਹੈ :- (ਦੇਖੋ ਦਰਸ਼ਨ ਦਿਗ ਦਰਸ਼ਨ ਪੰਨਾ ੬੯੩)

(੨) "... ਬਾਣੀ ਮਨ ਵਿਚ ਲੀਨ ਹੁੰਦੀ ਹੈ, ਮਨ ਪ੍ਰਾਣ ਵਿਚ, ਪ੍ਰਾਣ ਜੀਵ ਅਤੇ ਜੀਵ, ਮਹਾਂ ਭੂਤਾਂ ਵਿਚ (ਪ੍ਰਿਥਵੀ ਜਲਵਾਯੂ ਆਦਿ) ਵਿਚ

...ਦਿਨ ਸ਼ੁਕਲ ਪੱਖ, ਉਤ੍ਰਾਇਨ, ਸੰਤਸਰ, ਸੂਰਜ—ਫੇਰ ਚੰਦਰਮਾ ਤੇ ਵਿਦਿਉਤ (=ਬਿਜਲੀ) ਤਕ ਮੁਕਤ ਪੁਰਸ਼ ਜਾਂਦਾ ਹੈ"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਅੱਜ ਪ੍ਰਯੋਗ (ਜੋ ਭੌਤਿਕ ਹੈ) ਦੀ ਦੁਨੀਆ ਨੇ ਸਾਬਤ ਕੀਤਾ ਹੈ ਕਿ ਹਵਾ (ਵਾਯੂ ਮੰਡਲ) ਦੀ, ਧਰਤੀ ਤੋਂ ਕੁਝ ਹੀ ਮੀਲ ਅਨਹੋਂਦ ਹੋ ਜਾਂਦੀ ਹੈ ਤੇ ਚੰਦਰਮਾ ਸੂਰਜ ਤੋਂ ਪਹਿਲਾਂ ਆਵੇਗਾ, ਮਗਰੋਂ ਨਹੀਂ। ਪਰ ਸਾਡੇ ਕਾਲਪਨਿਕ, ਰਿਸ਼ੀ-ਦਾਰਸ਼ਨਿਕ (ਜਿਨ੍ਹਾਂ ਨੂੰ ਅਜੇ ਵੀ "ਪਹਿਲਾਂ ਹੀ ਪਰਮ-ਗਿਆਨ ਤੇ ਪਹੁੰਚੇ" ਕਿਹਾ ਜਾਂਦਾ ਹੈ) ਜੇ ਅਜ ਜਿਉਂਦੇ ਹੁੰਦੇ ਤਾਂ ਨੌਵੀਂ-ਦਸਵੀਂ ਸ਼੍ਰੇਣੀ ਦੇ ਨਾਬਾਲਗ਼ ਵਿਦਿਆਰਥੀ ਇਨ੍ਹਾਂ ਧੌਲਿਓ ਬੱਗੇ ਹੋਏ ਜਟਾ-ਜੂਟ ਮਹਾਂ ਪੁਰਖਾਂ ਨੂੰ ਲਾਲ ਬੁਝੱਕੜਾਂ ਤੋਂ ਘਟ ਨਾ ਸਮਝਦੇ। ਪਰ ਓਦੋਂ ਮਨ-ਉਡਾਰੀਆਂ ਦੀ ਚਲਦੀ ਸੀ, ਇਹ ਤਾਰਿਆਂ ਦੀ ਗਿਣਤੀ ਤਕ ਦੱਸ ਸਕਦੇ ਸਨ ਤੇ ਸਬੂਤ ਦੇਣ ਲਈ ਕਿਹਾ ਜਾਂਦਾ ਤਾਂ ਉਤਰ ਸਿੱਧਾ ਸੀ: "ਜੋ ਕਿਹਾ ਹੈ ਉਹ ਠੀਕ ਹੈ। ਸ਼ੰਕਾਵਾਦੀ ! ਨਹੀਂ ਯਕੀਨ ਤਾਂ ਗਿਣ ਲੈ।"

ਜੇ ਕੋਈ ਆਲੋਚਕ ਬ੍ਰਹਮ-ਗਿਆਨ ਅਤੇ ਬ੍ਰਹਮ ਦੀਆਂ ਸੂਖਮ ਗਲਾਂ ਅਤੇ ਹਰ ਵਸਤ-ਵਰਤਾਰੇ ਦੇ ਨਿਕਾਸ ਅਤੇ ਕਰਮਾਂਡ ਦੀ ਪਰੰਪਰਾ ਪੁੱਛਣ ਲਗ ਜਾਏ ਤਾਂ ਭਰੇ ਦਰਬਾਰ ਵਿਚ ਸਿਰ ਲਾਹ ਦੇਣ ਦੀ ਧਮਕੀ ਦੇ ਕੇ ਚੁੱਪ ਕਰਾ ਦਿੱਤਾ ਜਾਂਦਾ ਸੀ।★ ਅਤੇ ਸਿਰ ਲਾਹ ਵੀ ਦਿੱਤੇ ਜਾਂਦੇ ਸਨ।★★

ਪ੍ਰਯੋਗਸ਼ੀਲ ਦਰਸ਼ਨ ਹੀ ਸਹੀ ਦਰਸ਼ਨ:- ਸੋਚ ਨਾਲ ਸੰਬੰਧਤ ਛੋਟੀ ਤੋਂ ਛੋਟੀ ਪ੍ਰਕਿਰਿਆ ਮਨੁਖੀ ਦਿਮਾਗ਼ ਦੀਆਂ ਅਣਗਿਣਤ, ਅੱਤ ਸੂਖਮ ਕੋਸ਼ਿਕਾਵਾਂ ਦੇ ਕਰਮ ਤੇ ਕਿਰਤ ਦਾ ਸਿੱਟਾ ਹੈ। ਦਰਸ਼ਨ ਭੌਤਿਕ ਪ੍ਰਯੋਗ ਦੀ ਸ੍ਵੈ-ਉਪਜ ਹੈ ਅਤੇ ਇਸ ਨੂੰ ਛੱਡ ਕੇ ਦਰਸ਼ਨ, ਦਰਸ਼ਨ ਨਹੀਂ ਰਹਿ ਜਾਂਦਾ, (ਕੱਟੜ ਪ੍ਰਯੋਗਵਾਦ; Rigid Impiricism ਦਾ ਇਥੇ ਕੋਈ ਸੰਬੰਧ ਨਹੀਂ, ਦਰਸ਼ਨ ਆਪਣੀ ਸੁਤੰਤਰਤਾ ਨੂੰ ਜੇ ਕਿਸੇ ਬੰਧੇਜ (ਸੰਪ੍ਰਦਾਇ ਜਾਂ ਮਜ਼੍ਹਬ) ਦੇ ਅਰਪਨ ਕਰ ਦੇਵੇ, ਤਾਂ ਵੀ, ਦਰਸ਼ਨ ਨਹੀਂ ਰਹਿ ਜਾਂਦਾ। "ਹਿੰਦ ਵਿਚ ਇਕ ਤੋਂ ਮਗਰੋਂ ਇਕ, ਸਕੋਲਾਸਤਕ ਦਾਰਸ਼ਨਿਕ (ਯੂਰਪ ਵਿਚ ਸਕਾਲਰ, ਤੇ ਭਾਰਤ ਵਿਚ ਮੱਠਾਂ ਵਿਹਾਰਾਂ ਜਾਂ ਆਸ਼ਰਮਾਂ ਦੇ ਨਾਂ ਹੇਠ) ਪੈਦਾ ਹੁੰਦੇ ਰਹੇ ਹਨ। ਉਹ ਦਰਸ਼ਨ ਦੀ ਇਸ ਦਾਸਤਾ ਉਪਰ ਮਾਣ ਕਰਦੇ ਰਹੇ ਸਨ। ਇਹ ਉਨ੍ਹਾਂ ਦੀ ਸਮਝ ਵਿਚ ਨਹੀਂ ਸੀ ਆਉਂਦਾ ਕਿ ਸਾਇੰਸ ਤੇ ਕਲਾ ਦਾ ਸਹਿਯੋਗੀ ਬਨਣ ਨਾ ਮਤਲਬ ਹੈ, ਜੀਵੰਤ—ਪ੍ਰਕ੍ਰਿਤੀ ਪ੍ਰਯੋਗ ਦਾ ਜ਼ਬਰਦਸਤ ਆਸਰਾ ਗ੍ਰਹਿਣ ਕਰ ਕੇ ਆਪਣੀ ਸਿਰਜਨ-ਸ਼ਕਤੀ ਨੂੰ ਵਧਾਉਣਾ ! ਜਿਹੜਾ ਦਰਸ਼ਨ ਇਸ ਆਸਰੇ ਤੋਂ ਆਜ਼ਾਦੀ ਚਾਹੁੰਦਾ ਹੈ, ਉਹ ਬੁੱਧੀ, ਜੀਵਣ ਤੇ ਖੁਦ ਆਪਣੀ

....

★ ਪ੍ਰਸਿੱਧ ਰਾਜਾ ਜਨਕ ਦੀ ਰਾਜ ਸਭਾ ਵਿਚ ਯਾਗਯਵਕਲਿਯ; ਬਹੁਤ ਪ੍ਰਸਿੱਧ ਰਿਸ਼ੀ ਦਾ, ਗਾਰਗੀ ਵਾਚਕਨਵੀ ਨਾਲ ਸ਼ਾਸਤਾਰਥ (ਵਿਚਾਰ-ਚਰਚਾ) ਹੋਇਆ। ਜਦ ਉਸ ਨੇ ਹਵਾ ਦਾ ਓਤ-ਪ੍ਰੋਤ ਪੁਛਿਆ ਅਤੇ ਤਾਂ ਹਰ ਵਸਤ-ਵਰਤਾਰੇ ਦਾ ਓਤ ਪੋਤ ਪੁਛਦੀ ਚਲੀ ਗਈ ਤਾਂ ਯਾਗਯਵਕਲਿਯ ਨੇ ਹਰ ਪ੍ਰਸ਼ਨ ਮਗਰੋਂ ਵਾਰੀ-ਵਾਰੀ, ਅੰਤਰਿਕਸ਼, ਦਿਤਯ, ਨਛੱਤਰ, ਦੇਵ, ਇੰਦਰ, ਪ੍ਰਜਾਪਤੀ ਦੇ ਬ੍ਰਹਮ ਲੋਕ ਵਿਚ ਹਰ ਪਹਿਲੇ ਦਾ ਪਿਛਲੇ ਵਿਚ ਓਤ-ਪੋਤ ਹੋਣਾ ਦਸਿਆ। ਪਰ ਬ੍ਰਹਮ ਲੋਕ ਦੇ ਓਤਪੋਤ ਪੁੱਛਣ ਤੇ ਯਾਗਯਵਕਲਿਯ ਨੇ ਸਿਰ ਲਾਹ ਦੇਣ ਦੀ ਧਮਕੀ ਦਿੱਤੀ। (ਦੇਖੋ ਹਵਾਲਾ ਉਪਨਿਸ਼ਦ ਬ੍ਰਹਿਦਾਰਨਿਯਕ, ੩/੬/੧

★★ ਇਸੇ ਤਰਾਂ ਦਾ "ਓਤ-ਪ੍ਰੋਤ" ਪੁੱਛਣ ਅਤੇ ਧਮਕੀ ਤੋਂ ਨਾ ਡਰਨ ਉਪਰ ਵਿਦਗ਼ਧ ਸ਼ਾਕਲਯ ਦਾ ਸਿਰ ਸਚਮੁਚ ਲਹਿ ਗਿਆ। (ਬ੍ਰਹਿਦਾਰਨਿਯਕ ਉਪਨਿਸ਼ਦ ੩/੬/੧) ਮੁਤਾਬਿਕ : "ਦਰਸ਼ਨ ਦਿਗ ਦਰਸ਼ਨ" ਕ੍ਰਿਤ : ਰਾਹੁਲ ਸੰਕ੍ਰਤਾਇਨ ਸਫ਼ਾ ੪੬੩

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਜ਼ਾਦੀ ਤੋਂ ਵੀ ਆਜ਼ਾਦੀ ਚਾਹੁੰਦਾ ਹੈ ।'' (ਰਾਹੁਲ ਸੰਕ੍ਰਿਤਾਇਣ)

ਦਰਸ਼ਨ ਭੌਤਿਕ ਘਟਨਾ-ਪ੍ਰਵਾਹ ਦੀ ਉਪਜ ਹੁੰਦਾ ਹੋਇਆ ਵੀ-ਇਕ ਵਿਚਾਰ ਹੈ । ਇਹੋ ਇਸ ਦਾ ਅਨੂਪਮ ਦ੍ਵੰਦ ਹੈ ।

ਇਕ ਵਿਚਾਰ—ਭਾਵ ਵਾਚਕ ਵਰਤਾਰਾ ਹੋ ਕੇ ਵੀ ਦਰਸ਼ਨ ਪੰਜ-ਭੂਤਕ ਮਨ-ਸ਼ਰੀਰ ਵਿਚ ਜਦ ਆ ਬਿਰਾਜਦਾ ਹੈ ਤਾਂ ਇਕ ਸ਼ਕਤੀ ਦਾ ਰੂਪ ਧਾਰਨ ਕਰ ਕੇ ਮੁੜ ਭੌਤਿਕ ਵਰਤਾਰਿਆਂ—ਮਨੁੱਖੀ ਸਮਾਜ ਅਤੇ ਮਾਨਸਿਕਤਾ ਨੂੰ ਬਦਲ ਕੇ ਰਖ ਦੇਂਦਾ ਹੈ । ਇਹੋ ਦਰਸ਼ਨ ਦੀ ਵਿਰੋਧ-ਵਿਕਾਸੀ ਸੁੰਦਰਤਾ ਹੈ ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦ੍ਵੰਦਵਾਦ

ਮਨੁੱਖ, ਕੁਦਰਤ ਅਤੇ ਇਨ੍ਹਾਂ ਦੀ ਚਾਲਕ-ਸ਼ਕਤੀ-ਜਿਸ ਨੂੰ ਰੱਬ ਵੀ ਕਿਹਾ ਗਿਆ ਹੈ—ਦਰਸ਼ਨ ਅਤੇ ਸਾਹਿਤ ਜਾਂ ਕਲਾ ਦੇ, ਪ੍ਰਮੁਖ ਵਿਸ਼ਯ ਰਹੇ ਹਨ। ਮਨੁਖੀ ਗਿਆਨ-ਇੰਦ੍ਰੀਆਂ ਦੇ ਵਾਹ ਹੇਠ ਜੋ ਵੀ ਵਸਤ, ਜੀਵ ਜਾਂ ਵਰਤਾਰਾ ਆਇਆ ਹੈ, ਮਨੁਖ ਨੇ ਦਾਰਸ਼ਨਿਕ ਅਤੇ ਸਾਹਿਤਕ ਪੱਖ ਜਾਂ ਦ੍ਰਿਸ਼ਟੀਕੋਣ ਤੋਂ ਇਸ ਵਸਤ ਜਾਂ ਵਰਤਾਰੇ ਬਾਰੇ ਅਸਲ ਗਲ ਜਾਨਣ ਦਾ ਸਦਾ ਹੀ ਯਤਨ ਕੀਤਾ ਹੈ। ਇਸ ਅਸਲ ਗਲ ਜਾਂ ਅੰਦਰਲੇ ਤੱਤ ਨੂੰ ਹੀ ਸੱਚ ਕਿਹਾ ਗਿਆ ਹੈ।

ਇਕ ਘਟਨਾ ਦੋ ਲੇਖਕਾਂ ਸਾਹਮਣੇ ਇਕੋ ਵੇਲੇ ਘਟਦੀ ਹੈ। ਕੀ ਕਾਰਣ ਹੈ ਕਿ ਦੋਵੇਂ ਇਸ ਤੋਂ ਵੱਖ ਵੱਖ ਸਿੱਟੇ ਕਢਦੇ ਹਨ। ਇਕ ਲੇਖਕ ਇਸ ਘਟਨਾ ਉਪਰ ਇਕਾਂਗੀ ਲਿਖਦਾ ਹੈ ਦੂਜਾ ਕਹਾਣੀ ਜਾਂ ਸਕੈੱਚ ਆਦਿਕ। ਦੋ ਆਸਤਕ, ਵਿਚਾਰਕ ਜਾਂ ਭਗਤ ਹਨ। ਦੋਵੇਂ ਰੱਬ ਦੀ ਹੋਂਦ ਉਪਰ ਅਟੁੱਟ ਵਿਸ਼ਵਾਸ ਰਖਦੇ ਹਨ। ਰੱਬ ਉਨ੍ਹਾਂ ਲਈ ਪਰਮ ਸੱਚ ਹੈ ਪਰ ਉਨ੍ਹਾਂ ਵਿਚੋਂ ਇਕ ਰੱਬ ਨੂੰ, ਦਿਸਦੀ ਹਰ ਵਸਤ ਅਤੇ ਪ੍ਰਾਣੀ ਵਿਚ ਹਾਜ਼ਿਰ ਨਾਜ਼ਿਰ ਤੇ ਸਰਗੁਣ ਸਰੂਪ ਸਮਝਦਾ ਹੈ ਜਿਸ ਦੇ ਹੁਕਮ ਬਿਨਾਂ ਪੱਤਾ ਨਹੀਂ ਹਿੱਲਦਾ। ਦੂਜਾ ਵਿਚਾਰਕ ਜਾਂ ਭਗਤ ਉਸ ਨੂੰ ਇਨ੍ਹਾਂ ਸਭ ਵਸਤਾਂ ਤੇ ਪ੍ਰਾਣੀਆਂ ਤੋਂ ਇਕ ਵਖਰੀ ਤੇ ਅਰੂਪ ਹਸਤੀ ਸਮਝਦਾ ਹੈ- ਜਿਸ ਦੇ ਹੁਕਮ ਅੰਦਰ ਜਨਮ ਅਤੇ ਮੌਤ ਹੈ। ਮੌਤ ਪਿਛੋਂ ਜਜ਼ਾ-ਸਜ਼ਾ ਵੀ ਹੈ ਪਰ ਜੀਵਨ ਸਮੇਂ ਚੰਗੇ ਮੰਦੇ ਕੰਮ ਰੱਬ ਦੇ ਹੁਕਮ ਤੋਂ ਪਰਬਾਹਰੇ, ਮਨੁੱਖ ਤੋਂ ਹੁੰਦੇ ਤੇ ਵਾਪਰਦੇ ਹਨ। ਇੰਜ, ਦੂਜਾ ਦ੍ਰਿਸ਼ਟੀਕੋਣ ਰੱਬ ਨੂੰ ਨਿਰਗੁਣ ਰੂਪ ਵਿਚ ਵੇਖਦਾ ਹੈ।

ਦੋਹਾਂ ਸਾਹਿਤਕਾਰਾਂ ਦੀਆਂ ਕਿਰਤਾਂ ਵਿਚ ਫ਼ਰਕ ਇਸ ਲਈ ਹੈ ਕਿ ਦੋਹਾਂ ਨੇ ਵਖ-ਵਖ ਸਾਹਿਤ-ਅੰਗਾਂ ਨੂੰ ਮਾਧਿਅਮ ਬਣਾਇਆ ਹੈ। ਰੱਬ ਦੇ ਦੋ ਅਨਿੰਨ ਭਗਤਾਂ ਦੇ ਮਤ ਵਿਚ ਵਿਰੋਧ ਇਸ ਲਈ ਹੈ ਕਿ ਦੋਹਾਂ ਦੇ ਰੱਬ ਦੇ ਸਰੂਪ ਸੰਬੰਧੀ ਵਿਆਖਿਆ (Interpretation) ਵਿਚ ਫ਼ਰਕ ਹੈ। ਦੋਹਾਂ ਦੇ ਮਤ ਵਿਚ ਦਰਸ਼ਨ ਦੀ ਪਹੁੰਚ (Approach) ਜਾਂ ਢੰਗ ਵਿਚ ਫ਼ਰਕ ਹੈ।

ਦਰਸ਼ਨ ਵਿਚ ਸੱਚ 'ਤੇ ਪਹੁੰਚਣਾ ਮੰਤਵ ਹੈ। ਸੱਚ ਨੂੰ ਜਾਨਣ ਲਈ ਜਿਸ ਵਸਤ ਜਾਂ ਸਿਧਾਂਤ ਨੂੰ ਦਰਸ਼ਨ ਦੀ ਗੁਲੀ-ਗਿਰੀ ਬਣਾਇਆ ਜਾਂਦਾ ਹੈ ਉਸ ਨੂੰ ਦਰਸ਼ਨ ਦੀ ਧਾਰਣਾ ਜਾਂ ਸੰਕਲਪ ਕਿਹਾ ਜਾਂਦਾ ਹੈ। ਪਰ ਸੱਚ ਨੂੰ ਜਾਨਣ ਲਈ ਜਿਹੜਾ ਢੰਗ ਵਰਤਿਆ ਜਾਂਦਾ ਹੈ ਉਸ ਢੰਗ ਜਾਂ ਤਰਕ (Logic) ਨੂੰ ਪਹੁੰਚ ਕਿਹਾ ਜਾਂਦਾ ਹੈ। ਦ੍ਵੰਦਵਾਦ ; ਦਰਸ਼ਨ ਵਿਚ ਕੇਵਲ ਪਹੁੰਚ ਦਾ ਲਖਾਇਕ ਹੈ।

ਤਾਰਕਿਕ ਅਰਥਾਂ ਵਿਚ, ਵਿਚਾਰ ਅਤੇ ਵਿਚਾਰ ਦੇ ਸਪਸ਼ਟੀਕਰਨ ਲਈ ਦਿਤੀ ਗਈ ਮਿਸਾਲ ਵਿਚਕਾਰ ਕੋਈ ਮੇਲ ਨਹੀਂ ਹੁੰਦਾ, ਉਹ ਕੇਵਲ ਵਿਚਾਰ ਨੂੰ ਸਮਝਣ ਲਈ ਇਕ ਸੌਖਾ ਪ੍ਰਗਟਾਉ ਹੈ। ਇਸ ਲਈ ਦਰਸ਼ਨ ਵਿਚ ਧਾਰਣਾ ਜਾਂ ਸੰਕਲਪ ਅਤੇ ਪਹੁੰਚ ਦੀ ਮਹੱਤਤਾ ਅਤੇ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ; ਅਸੀਂ ਸਾਹਿਤ ਵਿਚ ਸਾਮਗ੍ਰੀ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੇ ਅਤੇ ਰੂਪ-ਵਿਧਾਨ ਦਾ ਉਦਾਹਰਣ ਦੇ ਸਕਦੇ ਹਾਂ। ਸਾਹਿਤ ਵਿਚ ਸਾਮਗ੍ਰੀ ਜਾਂ ਵਿਸ਼ੇ ਇਕ ਧਾਰਣਾ ਜਾਂ ਵਿਚਾਰ ਹੈ, ਜਿਸ ਨੂੰ ਪ੍ਰਗਟਾਇਆ ਜਾਂਦਾ ਹੈ। ਸਾਹਿਤ ਅਤੇ ਕਲਾ ਵਿਚ ਰੂਪ ਇਕ ਢੰਗ, ਕਲਾ ਜਾਂ ਪ੍ਰਵੀਣਤਾ (ਜੱਦੀ ਜਾਂ ਕਮਾਈ ਹੋਈ) ਹੈ, ਜਿਸ ਰਾਹੀਂ ਪ੍ਰਗਟਾਉ ਕੀਤਾ ਜਾਂਦਾ ਹੈ। ਇੰਜ ਅਸੀਂ ਧਾਰਨਾ ਨੂੰ ਦਰਸ਼ਨ ਦੀ ਸਾਮਗ੍ਰੀ ਅਤੇ ਪਹੁੰਚ ਨੂੰ ਦਰਸ਼ਨ ਦਾ ਵਿਧੀ-ਵਿਧਾਨ ਵੀ ਸਮਝ ਸਕਦੇ ਹਾਂ। ਵਸਤਾਂ, ਜੀਵਾਂ ਅਤੇ ਵਰਤਾਰਿਆਂ ਦੀ ਅਸਲੀਅਤ ਨੂੰ ਸਮਝਣ ਲਈ ਦ੍ਵੰਦਵਾਦ ਇਕ ਤਾਰਕਿਕ ਅਤੇ ਵਿਗਿਆਨਕ ਪਹੁੰਚ ਹੈ।

ਅਜ ਜਦ ਕਿ ਸਾਹਿਤ ਦੀਆਂ ਦਰਸ਼ਨ, ਸਮਾਜ, ਰਾਜਨੀਤੀ, ਰਸਾਇਣ ਅਤੇ ਅਰਥ-ਸ਼ਾਸ਼ਤ੍ਰ ਅਤੇ ਮਨੋ-ਵਿਗਿਆਨ ਨਾਲ ਸਾਂਝਾਂ ਪੈ ਰਹੀਆਂ ਹਨ ਤਾਂ ਦ੍ਵੰਦਵਾਦ ਦਾ ਨਾਂ ਇਕ ਹੱਦ ਤਕ ਸਾਹਿਤ-ਸਿਰਜਨਾ ਅਤੇ ਬਹੁਤ ਹਦ ਤਕ ਆਲੋਚਨਾ ਦੇ ਖੇਤਰ ਵਿਚ ਲੀਤਾ ਜਾ ਰਿਹਾ ਹੈ।

ਦ੍ਵੰਦਵਾਦ ਅੰਗ੍ਰੇਜ਼ੀ ਦੇ ਸ਼ਬਦ (Dialectics) ਦਾ ਸਮਾਨਾਰਥਕ ਸ਼ਬਦ ਹੈ। ਉਰਦੂ ਵਿਚ ਇਸ ਦੇ ਲਈ 'ਜੱਦਲੀਆਤ' ਵਰਤਿਆ ਜਾ ਰਿਹਾ ਹੈ। ਪੰਜਾਬੀ ਵਿਚ ਪਾਰਿਭਾਸ਼ਿਕ ਸ਼ਬਦਾਵਲੀ ਨਿਸਚਿਤ ਕਰਨ ਸਮੇਂ ਦੂਜੀ ਭਾਸ਼ਾ ਦੇ ਲੋੜੀਂਦੇ ਸ਼ਬਦ ਦਾ ਸ਼ਾਬਦਿਕ ਅਨੁਵਾਦ ਕਰ ਲਿਆ ਜਾਂਦਾ ਹੈ। ਕਈ ਵਾਰ ਵਧੇਰੇ ਸਾਰਥਕ ਰੂਪ ਵਿਚ ਸ਼ਬਦ ਦੀ ਥਾਂ ਵਸਤੂ ਜਾਂ ਉਸ ਦੇ ਵਰਤਾਰੇ ਨੂੰ ਸਾਹਮਣੇ ਰਖ ਕੇ ਪਾਰਿਭਾਸ਼ਿਕ ਸ਼ਬਦ ਨਿਸਚਿਤ ਹੁੰਦਾ ਹੈ। 'ਸੰਬਾਦਵਾਦ' ਇਸੇ ਸ਼ਬਦ-ਸਿਰਜਨ-ਧਾਰਣਾ ਦੀ ਦੇਣ ਹੈ ਅਤੇ 'ਸੰਬਾਦਕ' ਇਸ ਦਾ ਵਿਸ਼ੇਸ਼ਣ ਹੈ। ਜਿਹੜਾ ਕੁਝ ਪੰਜਾਬੀ ਆਲੋਚਕਾਂ ਨੇ ਵਰਤਿਆ ਹੈ। ਪੰਜਾਹਵਿਆਂ ਵਿਚ ਦਰਸ਼ਨ ਅਤੇ ਰਾਜਨੀਤੀ-ਸ਼ਾਸ਼ਤ੍ਰ ਦੇ ਸਨਮਾਨਿਤ ਵਿਚਾਰਕ ਕਾ: ਤੇਜਾ ਸਿੰਘ ਸੁਤੰਤਰ ਨੇ ਸ਼ਬਦ 'ਵਿਰੋਧ ਵਿਕਾਸ' (dialectics) ਲਈ ਵਰਤਿਆ ਜੋ ਪ੍ਰਚੱਲਤ ਹੋਇਆ। ਜਿਵੇਂ ਕਿ ਅਸੀਂ ਅਗੇ ਵੇਖਾਂ ਗੇ ਇਹ ਸ਼ਬਾਦ ਦ੍ਵੰਦਵਾਦ ਦੇ ਘਟਨਾ-ਪ੍ਰਵਾਹ ਦੇ ਸਮੁੱਚੇ ਖਾਸੇ ਜਾਂ ਲੱਛਣ, ਸੰਬਾਦ ਜਾਂ ਸੰਸ਼ਲੇਸ਼ਣ ਨੂੰ ਸਾਹਮਣੇ ਰਖ ਕੇ ਘੜਿਆ ਗਿਆ ਸੀ। ਪਰ (dialectics) ਦਾ ਸਮਾਨਾਰਥਕ ਸ਼ਬਦ, ਦ੍ਵੰਦਵਾਦ ਇਸ ਲਈ ਠੀਕ ਹੈ ਕਿ ਇਹ ਮੂਲ ਸ਼ਬਦ, (dialectics) ਦਾ ਸਮਾਨਾਰਥਕ ਵੀ ਹੈ ਅਤੇ dialectics ਦੀ ਬੁਨਿਆਦ—ਵਿਰੋਧਤਾਈ (contradiction) ਦਾ ਲਖਾਇਕ ਵੀ। ਇਸ ਤੋਂ ਬਿਨਾਂ ਇਹ ਕਿਰਿਆ ਅਤੇ ਕਾਰਕ-ਰੂਪ-ਸਾਧਨਾ ਅਤੇ ਨਾਂਵ-ਰੂਪ ਪਰਿਵਰਤਨ ਦੀਆਂ ਵਿਆਕਰਨਕ ਲੋੜਾਂ ਵੀ ਪੂਰੀਆਂ ਕਰਦਾ ਹੈ।

Dialectics ਯੂਨਾਨੀ ਸ਼ਬਦ dialego ਵਿਚੋਂ ਵਿਕਸਿਤ ਹੋਇਆ ਹੈ। ਪੁਰਾਣੇ ਯੂਨਾਨੀ ਦਾਰਸ਼ਨਿਕ, ਵਿਚਾਰਾਂ ਵਿਚ ਵਿਰੋਧ ਅਤੇ ਵਿਚਾਰਾਂ ਦੀ ਕਸ਼ਮਕਸ਼ ਨੂੰ ਸਿਹਤਮੰਦ ਸਮਝਦੇ ਸਨ। ਉਨ੍ਹਾਂ ਦਾ ਖਿਆਲ ਸੀ ਵਿਰੋਧੀ ਵਿਚਾਰਾਂ ਦੇ ਸੁਮੇਲ ਜਾਂ ਸੰਬਾਦ ਰਾਹੀਂ ਸੱਚ ਦੀ ਪ੍ਰਾਪਤੀ ਹੁੰਦੀ ਹੈ। ਵਿਚਾਰਾਂ ਦੀ ਖਹਿ ਦਾ ਸਭ ਤੋਂ ਚੰਗਾ ਢੰਗ ਪ੍ਰਸ਼ਨ ਕਰਨਾ ਅਤੇ ਉਸ ਦਾ ਉਤਰ ਦੇਣਾ ਸੀ। ਉਤਰ ਵਿਚੋਂ ਪ੍ਰਤੀ-ਪ੍ਰਸ਼ਨ (ਵਿਰੋਧ ਦੇ ਰੂਪ ਵਿਚ) ਪੈਦਾ ਹੁੰਦੇ ਸਨ ਅਤੇ ਉਨ੍ਹਾਂ ਦਾ ਪ੍ਰਤੀ ਉਤਰ ਦਿਤਾ ਜਾਂਦਾ ਸੀ। ਇਸੇ ਲਈ ਅਫਲਾਤੂਨ ਦੇ ਵਿਚਾਰ,ਗੋਸ਼ਟੀ ਰੂਪ ਵਿਚ ਮਿਲਦੇ ਹਨ। ਵਿਚਾਰ-ਵਿਰੋਧ ਨੂੰ ਸਿਹਤ-ਮੰਦ ਸਮਝਣ ਦਾ ਕਾਰਣ ਸ਼ਾਇਦ ਯੂਨਾਨ ਦੀਆਂ ਸ਼ਹਿਰੀ ਰਿਆਸਤਾਂ ਦਾ ਪਰਜਾ-ਤੰਤਰੀ ਜੀਵਨ ਸੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਵਿਚ ਇਹ ਦਾਰਸ਼ਨਿਕ ਜਿਉਂ ਰਹੇ ਸਨ। ਸਾਡੇ ਭਾਰਤ ਵਿਚ ਵੀ ਇਹੀ ਵਿਚਾਰ ਵਿਦਮਾਨ ਸੀ ਕਿ ਵਾਦ-ਵਿਵਾਦ ਹੋਣ ਨਾਲ ਤੱਤ੍ਵ-ਗਿਆਨ (ਪ੍ਰਾਪਤ) ਹੁੰਦਾ ਹੈ। (वादे वादे जायते तत्वबोध) ਇਸੇ ਲਈ ਬੋਧ ਜਾਤਕਾਂ ਅਤੇ ਯੋਗ ਵਸ਼ਿਸ਼ਟ ਜਿਹੇ ਦਾਰਸ਼ਨਿਕ ਜਾਂ ਤੱਤ੍ਵ-ਗਿਆਨ ਸਬੰਧੀ ਗ੍ਰੰਥ, ਪ੍ਰਸ਼ਨੋਤਰ ਜਾਂ ਗੋਸ਼ਟੀ ਦੇ ਰੂਪ ਵਿਚ ਮਿਲਦੇ ਹਨ ; ਜਿਥੇ ਇਕ ਗਲ ਵਿਚੋਂ ਵਾਦ, ਪ੍ਰਸ਼ਨ ਦੇ ਰੂਪ ਵਿਚ ਪੈਦਾ ਹੁੰਦਾ ਹੈ। ਪ੍ਰਸ਼ਨ ਦੇ ਉਤਰ ਵਿਚੋਂ ਫੇਰ ਕੋਈ ਪ੍ਰਸ਼ਨ ਪੈਦਾ ਹੁੰਦਾ ਹੈ ਜਾਂ ਹੁੰਦੇ ਹਨ, ਜਿਨ੍ਹਾਂ ਦੇ ਉਤਰ ਦਿਤੇ ਜਾਂਦੇ ਹਨ। ਇੰਜ ਇਸ ਪ੍ਰਸ਼ਨ-ਉਤਰ ਲੜੀ ਰਾਹੀਂ ਕਿਸੇ ਗਿਆਨ ਜਾਂ ਦਰਸ਼ਨ ਵਿਸ਼ੇਸ਼ ਦੀ ਤੰਦ ਅਗੇ ਤੁਰਦੀ ਜਾਂਦੀ ਹੈ।

ਇਕ ਯੂਨਾਨੀ ਦਾਰਸ਼ਨਿਕ ਨੇ ਕਿਹਾ ਸੀ- "ਵਿਰੋਧ ਸਭ ਸੁੱਖਾਂ ਦੀ ਮਾਂ ਹੈ।" ਹੀਗਲ ਨੂੰ ਵਿਰੋਧ ਵਿਚ ਉਸ ਸ਼ਕਤੀ ਦੀ ਹੋਂਦ ਜਾਪੀ ਜਿਹੜੀ ਵਸਤਾਂ ਨੂੰ ਗਤੀਸ਼ੀਲ ਕਰਦੀ ਹੈ; ਹਰਕਤ ਵਿਚ ਲਿਆਉਂਦੀ ਹੈ। ਭਾਰਤੀ ਦਾਰਸ਼ਨਿਕ, ਕਣਾਦ ਦਾ ਅਣੂਵਾਦ ਅਤੇ ਭਗਵਾਨ ਬੁੱਧ ਤੇ ਨਾਲੰਦਾ ਦੇ ਆਚਾਰੀਆ, ਧਰਮ ਕੀਰਤੀ ਤਕ ਅੰਸ਼ਕ ਰੂਪ ਵਿਚ ਛਿਣਵਾਦ ਦੇ ਜਿਸ ਸਿਧਾਂਤ ਦੀ ਵਿਆਖਿਆ ਹੁੰਦੀ ਰਹੀ ਹੈ, ਉਹ ਅਸਲ ਵਿਚ ਦ੍ਵੰਦਵਾਦ ਦਾ ਹੀ ਇਕ ਮੁਢਲਾ ਰੂਪ ਸੀ। ਗੁਰਬਾਣੀ ਵਿਚ ਵੀ "ਵਾਦ ਵਿਵਾਦ-ਸੰਬਾਦ" ਜਿਹੀਆਂ ਤੁਕਾਂ ਜਾਂ ਤੁਕਾਂਸ਼ਾਂ ਦੀ ਹੋਂਦ ਦਸਦੀ ਹੈ ਕਿ ਵਿਚਾਰੀ ਹੋਈ ਗੱਲ ਦੀ ਸਿੱਧਤਾ ਅਤੇ ਤੱਤ੍ਵ-ਗਿਆਨ ਦੀ ਪ੍ਰਾਪਤੀ ਲਈ ਵਾਦ-ਵਿਵਾਦ ਅਤੇ ਸੰਬਾਦ ਦੀ ਪ੍ਰਣਾਲੀ ਗੁਰੂ ਕਾਲ ਵਿਚ ਅਜੇ ਪ੍ਰਚਲੱਤ ਸੀ ; ਭਾਵੇਂ ਇਹ ਅਜੇ ਕਿਸੇ ਪੂਰਨ ਵਾਦ ਦੇ ਰੂਪ ਵਿਚ ਵਿਕਸਿਤ ਨਹੀਂ ਸੀ ਹੋ ਸਕੀ।

ਦ੍ਵੰਦਵਾਦ, ਸਮੁੱਚੇ ਤੌਰ ਤੇ ਇਕ ਵਾਦ ਦਾ ਰੂਪ ਓਨਾਂ ਚਿਰ ਨਹੀਂ ਸੀ ਲੈ ਸਕਦਾ ਜਦ ਤਕ ਕਿ ਕੁਦਰਤ ਦੇ ਵਰਤਾਰਿਆਂ, ਘਟਨਾਂ-ਪ੍ਰਵਾਹਾਂ ਦਾ ਪੂਰਣ ਗਿਆਨ ਮਨੁੱਖ ਪ੍ਰਾਪਤ ਨਾ ਕਰ ਲੈਂਦਾ। ਅਜੇ ਤਕ ਮਨੁੱਖ ਅਤੇ ਕੁਦਰਤ ਸੰਬੰਧੀ ਜਿਹੜਾ ਗਿਆਨ ਪ੍ਰਾਪਤ ਹੋਇਆ ਸੀ ਉਸ ਦੀ ਪਰਖ, ਕਲਪਨਾ ਜਾਂ ਤੁੱਲਨਾਤਮਕ ਅਨੁਭਵ ਰਾਹੀਂ ਹੁੰਦੀ ਸੀ ; ਪ੍ਰਯੋਗਸ਼ਾਲਾ ਵਿਚ ਨਹੀਂ। ਅਤੇ ਜਿਉਂ ਹੀ ਕੁਦਰਤ ਤੇ ਵਸਤਾਂ ਦਾ ਗਿਆਨ ਲੈਬਾਰਟਰੀਆਂ ਰਾਹੀਂ ਦਿਸਦੇ ਤੇ ਭੌਤਿਕ ਰੂਪ ਵਿਚ ਅਜ਼ਮਾਇਆ-ਪ੍ਰਤਾਇਆ ਜਾਣ ਲਗਾ; ਦ੍ਵੰਦਵਾਦ ਪੂਰਣ ਤੇ ਭੌਤਿਕ ਰੂਪ ਵਿਚ ਗਿਆਨ ਦੀ ਪਕੜ ਵਿਚ ਆਉਣ ਲੱਗਾ। ਸ਼ਾਇਦ ਇਸੇ ਲਈ ਏਂਜਲਜ਼ ਨੇ ਕਿਹਾ ਸੀ " ਕੁਦਰਤ ਦ੍ਵੰਦਵਾਦ ਦੀ ਪ੍ਰੀਖਿਆ ਹੈ।"

੧. ਦ੍ਵੰਦਵਾਦ ਬੁਨਿਆਦੀ ਤੌਰ ਤੇ ਵਸਤਾਂ ਜਾਂ ਵਰਤਾਰਿਆਂ ਵਿਚ ਸੰਬੰਧ ਵਿਰੋਧ, ਖਹਿ, ਕਰਮ, ਪ੍ਰਤੀਕਰਮ ਅਤੇ ਤਬਦੀਲੀਆਂ ਨੂੰ ਦੇਖਣ ਜਾਂ ਸਮਝਣ ਦਾ ਇਕ ਪ੍ਰਮਾਣੀਕ ਢੰਗ ਹੈ। ਇਸ ਲਈ ਇਸ ਨੂੰ ਵਸਤਾਂ ਜਾਂ ਵਸਤਾਂ ਨਾਲ ਸੰਬੰਧਤ ਵਰਤਾਰਿਆਂ ਦੇ ਪ੍ਰਕਰਣ ਵਿਚ ਰਖ ਕੇ ਹੀ ਸਮਝਿਆ ਜਾ ਸਕਦਾ ਹੈ।

੨. ਵਸਤ ਜਾਂ ਵਰਤਾਰਾ ਇਕ ਕਾਰਣ ਦਾ ਨਾਂ ਨਹੀਂ, ਬਹੁਤੇ ਕਾਰਣਾਂ ਦਾ ਕਾਰਜ ਹੈ।

ਯੂਨਾਨ ਅਤੇ ਹੋਰ ਪੁਰਾਤਨ ਸੰਸਕ੍ਰਿਤੀਆਂ ਵਾਲੇ ਦੇਸ਼ਾਂ ਵਾਂਗ ਭਾਰਤ ਦੇ ਚਿੰਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜ ਤੋਂ ਹਜ਼ਾਰਾਂ ਸਾਲ ਪਹਿਲਾਂ ਪ੍ਰਾਕਿਰਤਕ ਵਰਤਾਰਿਆਂ ਨੂੰ ਅਨੁਭਵ ਕਰ ਕੇ ਇਸ ਸਿੱਟੇ ਤੇ ਪੁੱਜ ਚੁਕੇ ਸਨ ਕਿ ਹਰ ਕਾਰਜ ਦਾ ਕੋਈ ਕਾਰਨ ਹੈ। ਜਿਵੇਂ ਦਰਖਤ ਕਾਰਜ ਹੈ, ਮਿੱਟੀ ਵਿਚ ਮਿਲੇ ਬੀਜ ਰੂਪੀ ਕਾਰਣ ਦਾ । ਅਤੇ ਜੇ ਹਰ ਕਾਰਜ ਦਾ ਕੋਈ ਕਾਰਣ ਹੈ ਤਾਂ ਰੱਬ ਦੀ ਹੋਂਦ (ਕਾਰਜ) ਦਾ ਵੀ ਕੋਈ ਕਾਰਣ ਹੋਣਾ ਚਾਹੀਦਾ ਹੈ। (ਭਾਰਤੀ ਦਰਸ਼ਨ ਵਿਚ ਇਸ ਨੂੰ ਹੇਤੁਵਾਦ ਵੀ ਕਿਹਾ ਗਿਆ ਹੈ)। ਇੰਜ, ਇਕ ਵਾਰ ਤਾਂ ਇਸ ਉਪ-ਪ੍ਰਮੇਯ (Corrollary) ਜਹੇ ਵਾਦ ਨੇ ਰੱਬ ਦੀ ਹੋਂਦ ਨੂੰ ਵੀ ਸ਼ੰਕੇ ਵਿਚ ਪਾ ਦਿਤਾ ਸੀ। ਪਰ ਇਹ ਸ਼ੰਕਾ ਇੰਜ ਨਵ੍ਰਿਤ ਕੀਤਾ ਗਿਆ ਕਿ ਰੱਬ ਸਭ ਕਾਰਜਾਂ ਦਾ ਮੂਲ ਕਾਰਣ ਹੈ। ਸਾਇੰਸ ਦੀਆਂ ਮੁਢਲੀਆਂ ਖੋਜਾਂ ਨੇ ਇਹ ਗੱਲ ਸਿੱਧ ਕਰ ਦਿਤੀ ਕਿ ਕੋਈ ਕਾਰਜ ਇਕੋ ਕਾਰਣ ਦਾ ਨਹੀਂ, ਕਈ ਕਾਰਣਾਂ ਦੀ ਦੇਣ ਹੈ। ਜਿਵੇਂ, ਦਰਖ਼ਤ ਕਾਰਜ, ਲਈ ਕਾਰਣ ਹਨ : ਮਿੱਟੀ, ਬੀਜ, ਪੌਣ ਤੇ ਪਾਣੀ। ਜਿਵੇਂ ਕਿਸੇ ਸਾਹਿਤਕ ਰਚਨਾ ਦਾ ਕਾਰਣ ; ਅੰਨੁਭਵ ਉਮਾਹ, ਪ੍ਰੇਰਣਾ, ਲਿਖਣ ਲਈ ਵਿਹਲ, ਪ੍ਰਵੀਣਤਾ, ਰੂਪਕ ਪੱਖਾਂ ਅਤੇ ਵਿਧੀ-ਵਿਧਾਨ ਦਾ ਗਿਆਨ ਆਦਿਕ ਵਿਚੋਂ ਇਕ ਨਹੀਂ ; ਸਗੋਂ ਇਨ੍ਹਾਂ ਸਾਰੇ ਅਤੇ ਹੋਰ ਵੀ ਕਈ ਕਾਰਣਾਂ ਦਾ ਘਟ ਜਾਂ ਵਧ ਮੇਲ ਹੈ। ਇਹ ਸਾਰੇ ਕਾਰਣ ਰਚਨਾ ਜਾਂ ਰਚਨਹਾਰ ਦੀਆਂ ਬਾਹਰਮੁਖੀ ਹਾਲਤਾਂ ਹਨ।

੩. ਕੋਈ ਵਸਤ ਜਾਂ ਵਰਤਾਰਾ, ਦੂਜੇ ਵਸਤਾਂ-ਵਰਤਾਰਿਆਂ ਤੋਂ ਅਸੰਬੰਧਿਤ ਨਹੀਂ।

ਮਿੱਟੀ, ਬੀਜ, ਪੌਣ-ਪਾਣੀ ਆਦਿਕ, ਦਰਖਤ—ਕਾਰਜ ਲਈ, ਕਾਰਣ ਹਨ। ਪਰ ਉਹ ਵਸਤਾਂ ਵੀ ਹਨ । ਇੰਜ ਦਰਖ਼ਤ ਵਸਤ ਦਾ ਹੋਰਨਾਂ ਕਈ ਵਸਤਾਂ ਨਾਲ ਸਬੰਧ ਹੈ। ਪ੍ਰਕਿਰਤੀ ਵਿਚ ਕੋਈ ਵਸਤ ਜਾਂ ਵਰਤਾਰਾ ਇਕੱਲਾ ਤੇ ਨਵੇਕਲਾ ਨਹੀਂ। ਇਸ ਲਈ ਅਸੀਂ ਕਿਸੇ ਵਸਤ ਤੇ ਵਰਤਾਰੇ ਨੂੰ ਜਾਨਣ ਲਈ ਵੀ ਉਸ ਦੇ ਸਮੁੱਚੇ ਪ੍ਰਕਰਣ ਵਿਚ ਰਖ ਕੇ ਹੀ ਜਾਣ ਸਕਦੇ ਹਾਂ। ਜਿਵੇਂ, ਅਸੀਂ ਆਪਣੀ ਧਰਤੀ ਦੀ ਸਥਿਤੀ ਨੂੰ ਸੂਰਜ ਅਤੇ ਹੋਰਨਾਂ ਤਾਰਿਆਂ ਚਲ-ਤਾਰਿਆਂ ਦੀ ਖਿੱਚ ਤੋਂ ਵੱਖ ਕਰ ਕੇ ਨਹੀਂ ਦੇਖਦੇ। ਅਸੀਂ ਭਾਰਤ ਵਿਚ ਇਸਲਾਮੀ ਜਿੱਤਾਂ ਨੂੰ ਇਥੋਂ ਦੇ ਸਮਾਜਕ ਰਸਾਤਲ ਜਾਂ ਵੰਡੀਆਂ, ਬੋਦੇ ਹੋ ਚੁਕੇ ਕਰਮ-ਕਾਂਡ, ਇਸਲਾਮ ਦੀਆਂ ਭ੍ਰਾਤਰੀ ਭਾਵਨਾ-ਸਮਾਨਤਾ ਜਿਹੀਆਂ ਸਾਮਾਜਿਕ ਕਦਰਾਂ ਅਤੇ ਟਾਕਰੇ 'ਤੇ ਗਾਜ਼ੀ ਜਾਂ ਜੇਤੂ ਬਨਣ ਦੀਆਂ ਇਖਲਾਕੀ ਕੀਮਤਾਂ ਅਤੇ 'ਮਾਲਿ-ਗ਼ਨੀਮ' ਦੀ ਆਰਥਿਕ ਮਹੱਤਤਾ ਤੋਂ ਵੱਖ ਕਰ ਕੇ ਨਹੀਂ ਵੇਖ ਸਕਦੇ। ਅਸੀਂ ਵਿਅਕਤੀ ਤੇ ਉਸ ਦੇ ਵਿਅਕਤੀਤਵ ਨੂੰ ਸਮਾਜ ਤੇ ਉਸ ਦੀਆਂ ਹਾਲਤਾਂ ਤੋਂ ਵੱਖ ਕਰ ਕੇ ਨਹੀਂ ਪੜਤਾਲ ਸਕਦੇ। ਅਤੇ ਜਿਵੇਂ, ਅਸੀਂ ਕਿਸੇ ਰਚਨਾ ਦੇ ਵਿਸ਼ੈ ਦਾ ਵਿਸ਼ਲੇਸ਼ਣ ; ਚਲੰਤ ਸਮਾਜਕ ਤੇ ਰਾਜਨੀਤਕ ਹਾਲਤਾਂ, ਲੇਖਕ ਦੇ ਸਮਾਜ ਵਿਚ ਸਥਾਨ, ਉਸ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਨੂੰ ਸਮਝੇ ਬਿਨਾਂ ਨਹੀਂ ਕਰ ਸਕਦੇ। ਸਪਸ਼ਟ ਹੈ ਕਿ ਵਸਤ ਜਾਂ ਵਰਤਾਰੇ ਦੇ ਦੂਜੀਆਂ ਵਸਤਾਂ-ਵਰਤਾਰਿਆਂ ਨਾਲ ਇਹ ਸੰਬੰਧ ਪ੍ਰਤੀਕਰਮ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਭਾਵ, ਦੂਜੀਆਂ ਵਸਤਾਂ ਤੇ ਵਰਤਾਰੇ ਇਕ ਵਸਤੂ ਉਪਰ, ਇਕ ਜਾਂ ਦੂਜੀ ਤਰ੍ਹਾਂ ਪ੍ਰਤੀਕਰਮ ਕਰਦੇ ਹਨ।

CC-0. In Public Domain. Gurukul Kangri Collection, Haridwar

੪. ਵਸਤ ਤੇ ਵਰਤਾਰੇ ਉਪਰ ਪ੍ਰਤੀਕਰਮ ਤਾਂ ਹੁੰਦਾ ਹੀ ਹੈ, ਪਰ ਉਹ ਦੂਜੀਆਂ

Digitized by Arya Samaj Foundation Chennai and eGangotri

ਵਸਤਾਂ ਤੇ ਵਰਤਾਰਿਆਂ ਉਪਰ ਆਪ ਵੀ ਪ੍ਰਤੀਕਰਮ ਕਰਦੀ ਹੈ ਜਾਂ ਕਰਦਾ ਹੈ ।

ਅਸੀਂ ਦੇਖਦੇ ਹਾਂ ਕਿ ਲੱਕੜ ਉਪਰ ਜਦ ਅੱਗ ਦੀ ਲਾਟ ਪ੍ਰਤੀਕਰਮ ਕਰਦੀ ਹੈ ਤਾਂ ਲੱਕੜ ਕੇਵਲ ਬਲ ਹੀ ਨਹੀਂ ਜਾਂਦੀ, ਸਗੋਂ ਉਹ ਦਿਸਦੇ ਰੂਪ ਵਿਚ ਧੂੰਏਂ ਨਾਲ ਹਵਾ ਨੂੰ ਦੂਸ਼ਿਤ ਕਰਦੀ ਹੈ ਅਤੇ ਜੇ ਸਾਇੰਸ ਦੀ ਅੱਖ ਨਾਲ ਦੇਖੀਏ ਤਾਂ ਕਾਰਬਨ ਡਾਇਆਕਸਾਈਡ ਦੇ ਕੇ ਆਪ ਹੀ ਹਵਾ ਉਪਰ ਪ੍ਰਤੀਕਰਮ ਕਰਦੀ ਹੈ । ਆਰੀਏ ਅਤੇ ਇਸਲਾਮੀ ਹਮਲਾ-ਆਵਰ ਜਦੋਂ ਭਾਰਤ ਵਿਚ ਆਏ ਤਾਂ ਸਮਕਾਲੀ ਭਾਰਤ ਦਾ ਸਭਿਆਚਾਰ ਆਪ ਵੀ ਬਦਲਿਆ ਅਤੇ ਉਸ ਨੇ ਆਰੀਆਂ ਦੇ ਕਬੀਲਾ-ਸ਼ਾਹੀ ਸਮਾਜ ਅਤੇ ਇਸਲਾਮੀ ਸਮਾਨਤਾ ਨੂੰ ਤੋੜ ਕੇ ਕ੍ਰਮਵਾਰ, ਰਾਜਿਆਂ-ਰਾਣਿਆਂ ਅਤੇ ਮੁਸਲਿਮ ਜਗੀਰਦਾਰ ਸ਼੍ਰੇਣੀ ਦੀ ਹੋਂਦ ਵਿਚ ਬੜਾ ਵਡਾ ਹਿੱਸਾ ਪਾਇਆ ।

ਇਸੇ ਲਈ ਇਹ ਨਤੀਜਾ ਕਢਿਆ ਗਿਆ ਹੈ ਕਿ ਮਨੁੱਖ ਪਰਿਸਥਿਤੀਆਂ ਦਾ ਦਾਸ ਜਾਂ ਪੁੱਤਰ ਵੀ ਹੈ ਅਤੇ ਇਸ ਦਾ ਮਾਲਕ ਤੇ ਚਾਲਕ ਵੀ । ਇਨ੍ਹਾਂ ਹੀ ਵਿਚਾਰਾਂ ਨੂੰ ਗੀਤਾ ਵਿਚ ਬੜੇ ਪਿਆਰੇ ਢੰਗ ਨਾਲ ਕੁਝ ਇੰਜ ਕਿਹਾ ਗਿਆ ਹੈ, "ਹੇ ਅਰਜਨ ਮੈਂ ਇਸ ਬੇੜੀ ਵਿਚ ਬੈਠਾ ਹਾਂ । ਇਹ ਬੇੜੀ ਮੈਨੂੰ ਲਈ ਜਾ ਰਹੀ ਹੈ ਤੇ ਮੈਂ ਇਸ ਬੇੜੀ ਨੂੰ ਲਈ ਜਾ ਰਹਿਆ ਹਾਂ ।" ਇਥੇ 'ਮੈਂ' ਸਮੁੱਚੇ ਮਨੁੱਖ ਦਾ ਪ੍ਰਤੀਕ ਹੈ, ਬੇੜੀ ਸਮਾਜ ਦੀ ਲਖਾਇਕ ਹੈ, ਜਿਹੜੀ ਕਿ ਮਨੁੱਖ ਨੂੰ ਸਮੇਂ ਦੇ ਵਗਦੇ ਪਾਣੀਆਂ ਉਪਰ ਵਿਕਾਸ ਦੀ ਤੋਰੇ ਲਿਜਾ ਰਹੀ ਹੈ ਅਤੇ ਮਨੁੱਖ ਦੇ ਹੱਥ ਕਰਮ ਦੇ—ਪਹਿਲ ਦੇ ; ਚੱਪੂ ਹਨ, ਜਿਸ ਨਾਲ ਉਹ ਸਮਾਜ ਨੂੰ ਤੋਰੀ ਜਾ ਰਿਹਾ ਹੈ । ਇੰਜੇ ਹੀ ਸਾਹਿਤਕਾਰ ਦੇ ਮਨ ਉਪਰ ਰਾਜਨੀਤਕ, ਸਾਮਾਜਿਕ ਜਾਂ ਨਿੱਜੀ ਮਨੋ-ਵੇਗ ਜਾਂ ਮਾਨਸਿਕ ਪ੍ਰਸਥਿਤੀਆਂ ਪ੍ਰਤੀਕਰਮ ਕਰਦੀਆਂ ਹਨ ਅਤੇ ਪ੍ਰਤੀਕਰਮ ਵਜੋਂ ਸਾਹਿਤਕ ਮਨ, ਸਾਹਿਤ-ਰਚਨਾ ਰਾਹੀਂ ਮੁੜ ਉਨ੍ਹਾਂ ਪ੍ਰਸਥਿਤੀਆਂ ਉਪਰ ਪ੍ਰਤੀਕਰਮ ਕਰਦਾ ਹੈ ।

੫. ਵਸਤਾਂ ਵਰਤਾਰਿਆਂ ਦੇ ਇਸ ਕਰਮ-ਪ੍ਰਤੀਕਰਮ, ਪਰਸਪਰ ਵਿਰੋਧਤਾਈ ਜਾਂ ਖਹਿ ਨੂੰ ਹੀ ਮੋਟੇ ਰੂਪ ਵਿਚ ਦ੍ਵੰਦ ਕਿਹਾ ਜਾ ਸਕਦਾ ਹੈ । ਇਹ ਦ੍ਵੰਦ ਸਾਡੇ ਬਹੁਤ ਨੇੜਲੇ ਅਨੁਭਵ ਦੀ ਗਲ ਹੈ । ਇਹ ਦ੍ਵੰਦ ਇੰਨਾ ਸਰਬ-ਵਿਆਪੀ ਹੈ ਕਿ ਸਵਾਲ ਪੈਦਾ ਹੁੰਦਾ ਹੈ, ਕਿਹੜੀ ਵਸਤੂ ਤੇ ਵਰਤਾਰਾ ਹੈ, ਜਿਥੇ ਦ੍ਵੰਦ ਨਹੀਂ । ਦ੍ਵੰਦ ਬਿਨਾਂ ਤਾਂ ਜੀਵਣ ਹੀ ਨਹੀਂ ! ਮੌਤ ਮਗਰੋਂ, ਮਰ ਗਏ ਦੀ ਭਸਮ ਜਾਂ ਮਿੱਟੀ ਵਿਚ ਵੀ ਸਥਾਨਕ, ਸਾਮਿਅਕ, ਰੂਪਕ, ਰਸਾਇਣ ਇਕ ਜਾਂ ਦੂਜਾ ਦ੍ਵੰਦ ਰਹਿੰਦਾ ਹੈ । ਕੁਦਰਤ ਵਿਚ ਇਕ ਰੁੱਤ ਦਾ ਦੂਜੀ ਰੁੱਤ ਵਿਰੁਧ, ਇਕ ਸ਼ਕਤੀ ਦਾ ਦੂਜੀ ਸ਼ਕਤੀ ਵਿਰੁਧ ਦ੍ਵੰਦ ਚਲਦਾ ਹੈ । ਸਮਾਜ ਵਿਚ ਸੱਚ ਤੇ ਝੂਠ ਵਿਚਕਾਰ, ਵਿਅਕਤੀ ਤੇ ਸਮਾਜ ਵਿਚਕਾਰ, ਲੇਖਕ ਅੰਦਰ ਇਕ ਖਾਸ ਘਟਨਾ ਤੇ ਨੁਕਤੇ ਸੰਬੰਧੀ ਆਪਣੀ ਪਸੰਦ ਅਤੇ ਪਾਠਕਾਂ ਦੀ ਨਾ-ਪਸੰਦ ਵਿਚਕਾਰ, ਵਿਸਤਾਰ ਅਤੇ ਰਚਨਾ ਦੀ ਗਠਨ ਜਾਂ ਪ੍ਰਭਾਵ ਦੇ ਨਿੱਗਰ ਜਾਂ ਪੱਸਰੇ ਰੂਪ ਵਿਚਕਾਰ, ਤੱਥ ਅਤੇ ਕਲਾ ਵਿਚਕਾਰ, ਕਲਾ ਅਤੇ ਮੰਤਵ ਵਿਚਕਾਰ, ਮੰਤਵ ਦੇ ਸੰਦੇਸ਼ ਅਤੇ ਪ੍ਰਾਪੇਗੰਡੇ ਵਿਚਕਾਰ, ਪਰਿਪਾਟੀਆਂ-ਪਰੰਪਰਾਵਾਂ ਅਤੇ ਨਵੀਨਤਾ-ਰਚਨਾਤਮਿਕਤਾ ਵਿਚਕਾਰ ਇਕ ਨਿਰੰਤਰ ਦ੍ਵੰਦ ਸਦਾ ਹੀ ਹੋ ਰਿਹਾ ਹੈ ਅਤੇ ਰਹੇਗਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦ੍ਵੰਦ ਬਿਨਾਂ ਕੋਈ ਵਸਤ ਨਹੀਂ, ਵਰਤਾਰਾ ਨਹੀਂ । ਵਸਤ ਜਾਂ ਵਰਤਾਰੇ ਦਾ ਗਿਆਨ ਵੀ ਕਿਸੇ ਮਾਨਸਿਕ ਦ੍ਵੰਦ ਦੀ ਉਪਜ ਹੈ ।

੬. ਵਸਤਾਂ ਅੰਦਰ ਦ੍ਵੰਦ ਬੇਮੁਹਾਰ, ਵਿਕੋਲਿੱਤਰਾ ਅਤੇ ਸਥਿਰ ਨਹੀਂ, ਸਗੋਂ ਨਿਯਮਿਤ, ਸੰਗਠਤ, ਨਿਰੰਤਰ ਅਤੇ ਅਨਾਦੀ ਹੈ ।

ਉਂਜ ਤਾਂ ਕਿਸੇ ਵੀ ਵਸਤ ਦਾ ਦੂਜੀ ਨਾਲ ਸੰਬੰਧ ਜੋੜਿਆ ਜਾ ਸਕਦਾ ਹੈ । ਪਰ ਇਹ ਸੰਬੰਧ ਵਧੇਰੇ ਕਲਪਨਾ ਉਪਰ ਆਧਾਰਿਤ ਹੈ । ਭੌਤਿਕ ਅਤੇ ਵਾਸਤਵਿਕ ਜਗਤ ਵਿਚ ਇਕ ਵਸਤ ਦਾ ਅਨੇਕ ਵਸਤਾਂ ਨਾਲ ਸਬੰਧ ਹੁੰਦਾ ਹੈ, ਪਰ ਇਕ ਵਸਤ ਦਾ ਸਰਬੱਤ ਵਸਤਾਂ ਨਾਲ ਸੰਬੰਧ ਨਹੀਂ ਹੁੰਦਾ । ਅਤੇ ਇਸ ਲਈ ਇਹ ਸੰਬੰਧ ਨਿਯਮਤ ਅਤੇ ਸੰਗਠਤ ਹੈ । ਵਸਤ ਦਾ ਸੰਬੰਧ ਨਿਰੰਤਰ ਹੁੰਦਾ ਹੈ । ਜਿਵੇਂ ਲੱਕੜ ਨੂੰ ਲੱਗੀ ਅੱਗ ਕਿਸੇ ਸਮੇਂ ਧੁਖਦੀ ਹੈ । ਧੁਖਣਾ ਕਿਸੇ ਸਮੇਂ ਬੜਾ ਨਿੰਮ੍ਹਾ ਵੀ ਹੁੰਦਾ ਹੈ ਤੇ ਕਿਸੇ ਸਮੇਂ ਲਟ-ਲਟ ਬਲ ਉਠਨਾ ਵੀ ਪਰ ਇਸ ਸਾਰੇ ਸਮੇਂ ਵਿਚ ਅੱਗ ਦਾ ਲੱਕੜ ਨਾਲ ਇਕ ਲਗਾਤਾਰ ਸੰਬੰਧ ਰਹਿੰਦਾ ਹੈ । ਜਿਵੇਂ ਕੋਈ ਲੋਕ-ਲਹਿਰ ਕਿਸੇ ਦੇਸ਼ ਵਿਚ ਕਿਸੇ ਸਾਮਾਜਕ ਪ੍ਰਬੰਧ ਹੇਠ ਕਿਸੇ ਸਮੇਂ ਸਿੱਧੀ ਟੱਕਰ ਦਾ ਰੂਪ ਧਾਰਣ ਕਰਦੀ ਹੈ, ਕਦੇ ਪਾਰਲੀਮੈਂਟਰੀ ਜਾਂ ਦਸਤੂਰੀ ਸ਼ਕਲ ਦਾ ਅਤੇ ਕਿਸੇ ਸਮੇਂ ਕੁਝ ਦੇਸ਼ਾਂ ਜਾਂ ਇਲਾਕਿਆਂ ਵਿਚ ਇਸ ਲਹਿਰ ਦੀ ਹੋਂਦ ਵੀ ਨਹੀਂ ਦਿਸਦੀ (ਇਹ ਅਣਹੋਂਦ ਉਸੇ ਤਰ੍ਹਾਂ ਦੀ ਹੈ, ਜਿਵੇਂ ਪ੍ਰਮਾਣੂ, ਬਿਜਲਾਣੂ ਨੂੰ ਅਸੀਂ ਅੱਖ ਨਾਲ ਨਹੀਂ, ਖੁਰਦਬੀਨ ਨਾਲ ਹੀ ਦੇਖ ਸਕਦੇ ਹਾਂ ।) ਪਰ ਲੋਕਾਂ ਅਤੇ ਹਾਕਮਾਂ ਦਾ ਦ੍ਵੰਦ ਕਿਸੇ ਲਹਿਰ ਅਤੇ ਸਰਕਾਰ ਰਾਹੀਂ ਨਿਰੰਤਰ ਬਣਿਆ ਰਹਿੰਦਾ ਹੈ । ਕਿਉਂਕਿ ਇਹ ਦ੍ਵੰਦ ਨਿਰੰਤਰ ਹੈ, ਕੁਦਰਤ ਵਿਚ ਹੈ, ਇਸ ਲਈ ਇਹ ਸਰਬ-ਵਿਆਪੀ ਹੈ । ਧਰਤੀ ਤੋਂ ੨੩ ਲੱਖ ਗੁਣਾ ਵਡੇ ਖੇਤਰਫਲ ਵਾਲਾ ਸੂਰਜ ਅਸਲ ਵਿਚ ਹਾਈਡਰੋਜਨ ਤੇ ਹੇਲੀਅਮ ਗੈਸਾਂ ਦਾ ੪੫੦੦ ਤੋਂ ੬੦੦੦੦ ਡਿਗਰੀ ਸੈਂਟੀਗ੍ਰੇਡ ਤਕ ਦੇ ਤਾਪਮਾਨ ਹੇਠ ਬਲਦਾ ਇਕ ਗੋਲਾ ਹੈ । ਇੰਨੇ ਸਖਤ ਤਾਪਮਾਨ ਹੇਠ ਇਕ ਮਿੰਟ ਵਿਚ ਸਾਡੀ ਧਰਤੀ ਦੇ ਕਿਸੇ ਮਹਾਂਦੀਪ ਜਿੱਡਾ ਹਿੱਸਾ, ਸੜ ਕੇ ਮੁੜ, ਹਰ ਮਿੰਟ ਕਾਰਬਨ (ਜਾਂ ਸਾੜ) ਵਿਚ ਅਤੇ ਫਿਰ ਹਾਈਡਰੋਜਨ ਤੇ ਹੈਲੀਅਮ ਗੈਸਾਂ ਵਿਚ ਬਦਲ ਰਿਹਾ ਹੁੰਦਾ ਹੈ । ਇੰਜ ਸੜ ਰਹੇ ਸੂਰਜ ਨੂੰ ਦੇਖ ਕੇ ਸੂਰਜੀ ਪਰਿਵਾਰ ਦੀਆਂ ਧਰਤੀਆਂ ਉਪਰ ਲੱਖਾਂ ਸਾਲਾਂ ਤਕ ਸੰਭਵ ਪਰਲੋ ਤੋਂ ਘਬਰਾ ਰਹੇ ਲੋਕਾਂ ਨੂੰ ਕਹਿਣਾ ਪਵੇਗਾ ਕਿ ਇਕੋ ਸਮੇਂ ਸੜਦਾ ਤੇ ਉਗਮਦਾ, ਜਨਮਦਾ ਤੇ ਮਰਦਾ ਸੂਰਜ, ਬਾਕੀ ਪ੍ਰਕ੍ਰਿਤਕ ਵਰਤਾਰਿਆਂ ਵਾਂਗ ਅਨਾਦੀ ਹੈ-ਕਿਉਂਕਿ ਚੱਕਰ-ਵੱਤ ਦ੍ਵੰਦ, ਅਨਾਦੀ ਹੈ ।

ਪਰ ਇਹ ਦ੍ਵੰਦ ਇਕ ਕੁਦਰਤੀ ਖਹਿ ਹੈ । ਮਨੁੱਖ ਇਸ ਖਹਿ ਨੂੰ ਸਮਾਜਿਕ ਲੋੜਾਂ ਅਨੁਸਾਰ ਵਧਾਉਂਦਾ ਘਟਾਉਂਦਾ ਤੇ ਆਪਣਾ ਅਨੁਸਾਰੀ ਰੂਪ ਦੇਂਦਾ ਹੈ ।

ਕਿਉਂਕਿ ਮਨੁੱਖ ਇਸ ਦ੍ਵੰਦ ਨੂੰ ਉਸਾਰੂ ਰੂਪ ਦੇਂਦਾ ਤੇ ਦੇ ਸਕਦਾ ਹੈ, ਇਸ ਲਈ ਪਸ਼ੂ-ਜਗਤ ਵਿਚਕਾਰ ਦ੍ਵੰਦ ਦੇ ਵਢੂ-ਖਾਊ ਕਰਨ ਵਾਲੇ ਰੂਪ ਦਾ ਨਾਂ ਲੈ ਕੇ ਅਜੋਕੇ ਸਾਮਾਜ ਦੀ ਖੋਹਾ-ਮੋਹੀ, ਜੰਗਬਾਜ਼ੀ ਤੇ ਮਾਰ-ਧਾੜ ਨੂੰ ਕੁਦਰਤੀ ਜਾਂ ਸੁਭਾਵਕ ਕਹਿਣਾ ਗ਼ਲਤ ਹੈ, ਚਲਾਕੀ ਹੈ, ਆਪਣੇ ਆਪ ਤੇ ਦੂਜਿਆਂ ਨੂੰ ਧੋਖਾ ਦੇਣਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੭. ਦ੍ਵੰਦ ਦੋ ਪ੍ਰਕਾਰ ਦਾ ਹੈ। ਇਹ ਇਕੋ ਸਮੇਂ ਵਸਤਾਂ-ਵਸਤਾਂ ਵਿਚਕਾਰ ਹੈ ਅਤੇ ਵਸਤਾਂ ਦੇ ਆਪਣੇ ਅੰਦਰ ਵੀ ਘਟ-ਘਟ ਵਿਚ ਵਿਆਪਦਾ ਹੈ।

ਜਿਸ ਸਮੇਂ ਕਿਸੇ ਵਸਤ ਦਾ ਦੂਜੀ ਵਸਤ ਨਾਲ ਦ੍ਵੰਦ ਚਲਦਾ ਹੈ ਉਸੇ ਸਮੇਂ ਉਹ ਵਸਤ ਆਪ ਦ੍ਵੰਦ ਵਿਚ ਹੁੰਦੀ ਹੈ। ਸੂਰਜ ਤੇ ਖਾਸ ਕਰ ਚੰਦ ਦਾ, ਧਰਤੀ ਨਾਲ ਖਿੱਚ ਰੂਪੀ ਦ੍ਵੰਦ ਦੇ ਨਾਲ-ਨਾਲ ਧਰਤੀ ਦਾ ਸਮੁੰਦਰ ਨਾਲ ਦ੍ਵੰਦ ਚਲਦਾ ਹੈ। ਜਿਸ ਸਮੇਂ ਸੂਰਜ ਇਨ੍ਹਾਂ ਗ੍ਰੈਹਾਂ ਨਾਲ ਦ੍ਵੰਦ ਵਿਚ ਹੁੰਦਾ ਹੈ, ਉਸ ਸਮੇਂ ਸਮੁੰਦਰ ਦੇ ਆਪਣੇ ਅੰਦਰ ਗਰਮ ਤੇ ਠੰਡੀਆਂ ਰੌਆਂ, ਲਹਿਰਾਂ ਤੇ ਜਵਾਰਭਾਟਾ ਜਹੇ ; ਪਾਣੀ ਦੇ ਕਈ ਦ੍ਵੰਦ ਚਲ ਰਹੇ ਹੁੰਦੇ ਹਨ। ਜਦੋਂ ਪਾਣੀ ਦੀਆਂ ਰੌਆਂ ਤੇ ਲਹਿਰਾਂ ਦੂਜੀ ਪ੍ਰਕਾਰ ਦੀਆਂ ਰੌਆਂ ਤੇ ਲਹਿਰਾਂ ਨਾਲ ਦ੍ਵੰਦ ਵਿਚ ਹੁੰਦੀਆਂ ਹਨ ਉਸ ਸਮੇਂ ਪਾਣੀ ਦੇ ਇਕ-ਇਕ ਟੇਪੇ ਵਿਚ ਕਈ ਕਣਾਂ ਦਾ ਦ੍ਵੰਦ ਵਿਦਮਾਨ ਹੁੰਦਾ ਹੈ। ਪਾਣੀ ਦੇ ਹਰ ਇਕ ਕਣ ਵਿਚ ਹਾਈਡਰੋਜਨ ਦੇ ਦੋ ਅਤੇ ਆਕਸੀਜਨ ਦੇ ਇਕ ਪ੍ਰਮਾਣੂ ਦਾ ਦ੍ਵੰਦ ਚਲਦਾ ਹੈ। ਅਗੇ ਹਰ ਪ੍ਰਮਾਣੂ ਆਪਣੇ ਅੰਦਰਲੇ ਕੇਂਦਰਕ ਦੁਆਲੇ ਬਿਜਲਾਣੂਆਂ ਤੇ ਪ੍ਰੋਟਾਣੂਆਂ ਦੇ ਦ੍ਵੰਦ ਵਿਚ ਗ੍ਰਸਿਆ ਹੁੰਦਾ ਹੈ।

ਪ੍ਰਕਿਰਤੀ ਤੇ ਮਨੁੱਖ ਦਾ ਦ੍ਵੰਦ ਬਹੁਤ ਪੁਰਾਣੀ ਗੱਲ ਹੈ। ਜਿਸ ਸਮੇਂ ਮਨੁੱਖ ਨੇ ਪ੍ਰਕਿਰਤੀ ਨੂੰ ਸਿਧਾਉਣ ਤੇ ਸੋਧਣ ਲਈ (ਖਤਮ ਕਰਨ ਲਈ ਨਹੀਂ) ਲੱਕ ਬੰਨ੍ਹਿਆ ਹੁੰਦਾ ਹੈ ਉਸ ਸਮੇਂ ਉਸ ਦੇ ਆਪਣੇ ਅੰਦਰ ਸਮੁੱਚੇ ਜਾਂ ਸਮਾਜਕ ਰੂਪ ਵਿਚ ਦ੍ਵੰਦ ਹੁੰਦਾ ਹੈ ਜਿਸ ਨੂੰ ਅਸੀਂ ਆਰਥਕ, ਸਮਾਜਿਕ ਜਾਂ ਰਾਜਨੀਤਕ ਖਹਿ ਕਹਿ ਲੈਂਦੇ ਹਾਂ। ਅਤੇ ਜਦੋਂ ਇਕ ਵਿਅਕਤੀ ਵਿਸ਼ੇਸ਼ ; ਸਾਹਿਤਕਾਰ, ਸੁਧਾਰਕ ਜਾਂ ਇਨਕਲਾਬੀ, ਸਮਾਜ ਦੀਆਂ ਕੁਝ ਕੀਮਤਾਂ ਵਿਰੁਧ ਦ੍ਵੰਦ ਚਲਾ ਜਾਂ ਘੋਲ ਕਰ ਰਿਹਾ ਹੁੰਦਾ ਹੈ ਤ੍ਰਾਂ ਉਹ ਆਪ ਆਪਣੀਆਂ ਆਰਥਕ ਹਾਲਤਾਂ, ਸਮਾਜਿਕ ਸਥਾਨ ਅਤੇ ਮਾਨਸਿਕ ਅਵਸਥਾ ਅਨੁਸਾਰ, ਸਾਹਿਤ ਰਚਨਾ ਦੀਆਂ ਵਿਸ਼ਯ, ਤਕਨੀਕ, ਰਚਨਾਤਮਕਤਾ ਤੇ ਭਾਸ਼ਾ ਸਬੰਧੀ ਸਮੱਸਿਆਵਾਂ ਦੇ ਦ੍ਵੰਦ ਨਾਲ ਮੂੰਹੋਂ-ਮੂੰਹ ਭਰਿਆ ਹੁੰਦਾ ਹੈ।

ਵਸਤ ਦੇ ਇਸ ਬਾਹਰਲੇ ਦ੍ਵੰਦ ਨੂੰ ਅਸੀਂ ਆਮ ਭਾਸ਼ਾ ਵਿਚ ਬਾਹਰਮੁਖੀ ਦ੍ਵੰਦ ਜਾਂ ਹਾਲਤਾਂ ਦਾ ਨਾਂ ਦੇਂਦੇ ਹਾਂ ਅਤੇ ਵਸਤ ਦੇ ਅੰਦਰਲੇ ਦ੍ਵੰਦ ਨੂੰ ਅੰਤਰਮੁਖੀ ਜਾਂ ਅੰਤਰੀਵ (subjective) ਹਾਲਤਾਂ ਕਿਹਾ ਜਾਂਦਾ ਹੈ।

ਵਸਤ ਦੇ ਆਪਣੇ ਦ੍ਵੰਦ ਨੂੰ ਕਈ ਤਰ੍ਹਾਂ ਪ੍ਰਗਟ ਹੋਇਆ ਅਸੀਂ ਵੇਖਦੇ ਹਾਂ। ਅਰਧ-ਤਕਨੀਕੀ ਸ਼ਬਦਾਂ ਵਿਚ ਇਸ ਨੂੰ ਅਸੀਂ (negative) ਅਤੇ (positive) ਪੱਖ ਦੇ ਅਰਥਾਂ ਵਿਚ ਸਮਝਦੇ ਹਾਂ। ਮਨੁੱਖ ਜਾਂ ਮਨੁੱਖ ਨਾਲ ਸਬੰਧੰਤ ਗੁਣਾਂ ਦੇ ਵਰਨਣ ਸਮੇਂ ਇਨ੍ਹਾਂ ਪੱਖਾਂ ਨੂੰ ਹਨੇਰੇ ਤੇ ਚਾਨਣੇ ਪੱਖ ਦਾ ਨਾਂ ਦਿਤਾ ਜਾਂਦਾ ਹੈ। ਇਸੇ ਦ੍ਵੰਦ ਕਾਰਣ ਅਸੀਂ ਮਨੁੱਖੀ ਸੁਭਾਅ ਤੇ ਸ਼ਖ਼ਸੀਅਤ ਵਿਚ ਕਈ ਪਰਸਪਰ ਵਿਰੋਧੀ ਗੱਲਾਂ ਦੇਖਦੇ ਹਾਂ। ਕਈ ਵਾਰ ਮਨੁੱਖ ਕਿਸੇ ਉਦੇਸ਼ ਲਈ ਵਡੀ ਕੁਰਬਾਨੀ ਅਤੇ ਈਮਾਨਦਾਰੀ ਤੋਂ ਕੰਮ ਲੈਂਦਾ ਹੈ ਪਰ ਛੋਟੀਆਂ ਗੱਲਾਂ ਤੇ ਲਾਲਚ ਲਈ ਈਮਾਨ ਡੁਲਾ ਬੈਠਦਾ ਹੈ। ਇਸੇ ਦ੍ਵੰਦ ਕਾਰਣ ਸੰਭਵ ਹੈ ; ਕੋਈ ਵਡਾ ਪਰਜਾ-ਤੰਤਰਵਾਦੀ ਘਰ ਵਿਚ ਇਸਤ੍ਰੀ ਤੇ ਬੱਚਿਆਂ ਲਈ ਪੂਰਾ ਸਾਮੰਤ (feudal) ਵੀ ਹੋਵੇ ! ਇਹ ਵੀ ਸੰਭਵ ਹੈ ਕਿ ਕੋਈ ਮਨੁੱਖ ਸੁਪਨਿਆਂ ਤੇ ਰੀਝਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲੋਂ ਬੜਾ ਲੰਪਟ ਹੈ ਪਰ ਰੁਜ਼ਾਨਾ ਜੀਵਨ ਵਿਚ ਸ੍ਵੈ-ਸੋਧ ਕਾਰਣ ਅਮਲੀ ਤੌਰ ਤੇ ਉਹ ਮਹਾਂ ਪੁਰਖ ਹੈ। ਇਸ ਦ੍ਵੰਦ ਕਾਰਣ ਅਸੀਂ ਕਈ ਵਾਰ ਪਾਠਕਾਂ ਨੂੰ ਯਥਾਰਥਵਾਦੀ ਬਨਾਉਣ ਅਤੇ ਗਤੀਸ਼ੀਲ ਕਰਨ ਵਾਲੇ ਸਾਹਿਤਕਾਰ ਨੂੰ ਰੋਜ਼ਾਨਾ ਜੀਵਨ ਦੇ ਵਰਤੋਂ-ਵਿਹਾਰ ਵਿਚ ਜਨ-ਸਾਧਾਰਣ ਤੋਂ ਵੀ ਵਧੇਰੇ ਸੁਪਨ-ਵਿਲਾਸੀ, ਸੁਖ-ਰਹਿਣਾ ਅਤੇ ਲਾਓਬਾਲੀ ਬਣਿਆ ਦੇਖਦੇ ਹਾਂ।

੮. ਵਸਤ ਦਾ ਵਸਤ-ਸਮੂਹ ਨਾਲ ਦ੍ਵੰਦ ਹੀ ਨਹੀਂ ਹੁੰਦਾ, ਸਾਂਝ ਵੀ ਹੁੰਦੀ ਹੈ।

ਅਪਵਾਦ, ਅਸਲ ਵਿਚ ਕਿਸੇ ਵਸਤ ਜਾਂ ਵਰਤਾਰੇ ਦਾ ਦ੍ਵੰਦ ਹੀ ਹੁੰਦਾ ਹੈ ਅਤੇ ਦ੍ਵੰਦ ਦਾ ਆਪਣਾ ਅਪਵਾਦ ਜਾਂ ਦ੍ਵੰਦ ਇਹ ਹੈ ਕਿ ਹਰ ਵਸਤੂ ਤੇ ਵਰਤਾਰਾ ਕੇਵਲ ਦ੍ਵੰਦ ਹੀ ਨਹੀਂ ਹੁੰਦਾ ਸਗੋਂ ਆਪਣੇ ਦ੍ਵੰਦਾਂ ਦਾ ਯੋਗਫਲ ਜਾਂ ਸਾਂਝ ਹੁੰਦਾ ਹੈ। ਦ੍ਵੰਦ ; ਵਸਤਾਂ ਨੂੰ ਜਾਨਣ ਦਾ ਵਿਸ਼ਲੇਸ਼ਣਾਤਮਿਕ ਪੱਖ (Analytical aspect) ਹੈ ਅਤੇ ਸਾਂਝ, ਵਸਤ ਦਾ ਸੰਸ਼ਲੇਸ਼ਣ ਜਾਂ ਸੰਬਾਦ (Synthesis) ਹੈ। ਦ੍ਵੰਦ ਦੀ ਇਹ ਸਾਂਝ ਹੀ ਵਸਤ ਦਾ ਆਕਾਰ ਅਤੇ ਉਸ ਦਾ ਲਛੱਣ ਨਿਸ਼ਚਿਤ ਕਰਦੀ ਹੈ।

ਹਾਈਡਰੋਜਨ ਦੇ ਦੋ ਅਤੇ ਆਕਸੀਜਨ ਦੇ ਇਕ ਪ੍ਰਮਾਣੂ ਦਾ ਮੇਲ ਜਾਂ ਸਾਂਝ ਹੀ ਪਾਣੀ ਨੂੰ ਹੋਂਦ ਜਾਂ ਆਕਾਰ ਪ੍ਰਦਾਨ ਕਰਦੇ ਹਨ। ਪਾਣੀਆਂ, ਲਹਿਰਾਂ ਤੇ ਰੌਆਂ ਦੇ ਦ੍ਵੰਦ ਦਾ ਮੇਲ ਹੀ ਸਮੁੰਦਰ ਨੂੰ ਠਾਠਾਂ ਮਾਰਦਾ ਸਮੁੰਦਰ ਬਣਾਈ ਰਖਦਾ ਹੈ ਅਤੇ ਉਹ ਇਕ ਮਹਾਂ-ਛੱਪੜ ਤੋਂ ਲੈ ਕੇ ਅਖੀਰ ਵਿਚ ਇਕ ਨਿੱਗਰ ਰੂਪ ਦੀ ਧਰਤੀ ਬਣਨ ਤੋਂ ਬਚਿਆ ਰਹਿੰਦਾ ਹੈ।

ਵਿਅਕਤੀ ਆਪਣੀਆਂ ਸਾਮਾਜਿਕ, ਆਰਥਕ ਤੇ ਰਾਜਨੀਤਕ ਹਾਲਤਾਂ ਵਿਚ ਘਿਰਿਆ ਇਕ ਨਵੇਕਲਾ ਵਿਅਕਤੀ ਹੀ ਨਹੀਂ, ਉਸ ਦੀਆਂ ਸਾਮਾਜਿਕ ਲੋੜਾਂ ਉਸ ਦੇ ਵਿਅਕਤਿਤਵ ਨੂੰ ਦੂਜਿਆਂ ਨਾਲ ਜੋੜ ਕੇ ਸਮਾਜ ਬਣਾਉਂਦੀਆਂ ਹਨ ਅਤੇ ਉਸ ਦੇ ਹਿਤਾਂ ਨੂੰ ਦੂਜਿਆਂ ਦੇ ਹਿਤਾਂ ਨਾਲ ਜੋੜ ਕੇ ਸਰਕਾਰਾਂ, ਬਿਉਪਾਰ-ਮੰਡਲਾਂ ਤੇ ਹੋਰ ਜੱਥੇਬੰਦੀਆਂ ਨੂੰ ਜਨਮ ਦੇਂਦੀਆਂ ਹਨ। ਕਵਿਤਾ ਜਾਂ ਸਾਹਿਤ; ਵਸਤ ਤੇ ਵਰਤਾਰੇ ਦੇ ਪ੍ਰਤੀਕਰਮ ਵਜੋਂ ਪੈਦਾ ਹੋਇਆ ਇਕ ਮਾਨਸਿਕ ਦ੍ਵੰਦ, ਅਵਸਥਾ ਜਾਂ ਕੈਫ਼ੀਅਤ ਜਿਹੀ ਕੋਈ ਅੰਤਰੀਵਕ ਵਸਤ ਹੀ ਨਹੀਂ, ਸਗੋਂ ਸੰਦੇਸ਼ ਤੇ ਸੁਹਜ-ਸੁਆਦ ਦਾ ਪ੍ਰਬੀਣਤਾ ਅਤੇ ਠੁੱਕ ਭਰਿਆ ਇਕ ਮੇਲ, ਸਾਂਝ ਜਾਂ ਜੋੜ ਫਲ ਹੈ ਜਿਹੜਾ ਲੇਖਕ ਦੀ ਅੰਦਰਲੀ 'ਕੈਫ਼ੀਅਤ' ਤੋਂ ਚਲ਼ ਕੇ ਲਿਖਤ ਦੀ ਪਕੜ ਵਿਚ ਆਉਣ ਦੇ ਸਮੇਂ ਤਕ ਕੁਝ-ਕੁਝ ਅਜਾਂਈਂ ਵੀ ਜਾ ਕੇ ਲੇਖਕ ਦੀ ਦੁਬਾਰਾ ਪੜਤਾਲ, ਲੇਖਕ ਦੀ ਸਾਮ੍ਥਾ, ਕੰਪਾਜ਼ੀਟਰ, ਪਰੂਫ਼ ਰੀਡਰ ਤੇ Punctuation ਦੀਆਂ ਉਕਾਈਆਂ-ਊਣਤਾਈਆਂ ਨਾਲ ਖਹਿਸਰਦਾ, ਨੁੱਕਰਾਂ ਘਸਵਾ ਕੇ, ਗੋਲ ਹੋ ਕੇ—ਰਚਨਾ ਬਣ ਕੇ; ਇਕ ਆਮ ਸਰੋਤੇ ਤੋਂ ਲੈ ਕੇ ਇਕ ਪਾਠਕ ਅਤੇ ਬੁਧੀ-ਜੀਵੀ ਆਲੋਚਕ ਦੇ ਮਨ ਤਕ ਪੁਜਦਾ ਹੈ। ਇਹੋ ਸਾਹਿਤ-ਰਚਨਾ ਦੀ ਲਘੁਤਮ ਸਾਂਝ ਜਾਂ ਸਾਪੇਖਿਅਕਤਾ (Relativ ity) ਹੈ

੯. ਵਸਤ, ਸਮੂਹ ਦਾ ਕੇਵਲ ਭਾਗ ਹੀ ਨਹੀਂ ਹੁੰਦੀ; ਇਸ ਦੀ ਆਪਣੀ ਕਿਸਮ ਜਾਂ ਲੱਛਣ ਵੀ ਹੁੰਦਾ ਹੈ।

ਰੁੱਤ, ਮਿੱਟੀ ਤੇ ਪੌਣ-ਪਾਣੀ ਦੀਆਂ ਸਮਾਨ ਬਾਹਰਮੁਖੀ ਹਾਲਤਾਂ ਵਿਚ ਦੋ ਬੀਜ ਬੀਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦੇ ਹਨ; ਦੋਹਾਂ ਵਿਚੋਂ ਪੌਦੇ ਵੀ ਫੁੱਟਦੇ ਹਨ। ਇਕ ਪੌਦਾ ਫਲ-ਫਸਲ ਦੇ ਭਾਰ ਨਾਲ ਦੂਹਰਾ ਹੋ-ਹੋ ਪੈਂਦਾ ਹੈ, ਦੂਜਾ ਤਿਲਾਂ ਵਿਚ, ਬੇ-ਫਲ, ਬੇ-ਫਸਲ 'ਬੁਆੜ' ਵਾਂਗ ਸੁੱਥਾ ਤੇ ਛੁੱਟੜ ਹੋ, ਵਾਢੀ ਮਗਰੋਂ ਵੀ ਕੱਲਾ ਹੀ ਹਵਾ ਦੇ ਹਿਚਕੋਲੇ ਖਾਂਦਾ ਰਹਿੰਦਾ ਹੈ।

ਇਹ ਇਸ ਲਈ ਹੈ ਕਿ ਬੀਜ-ਬੀਜ ਵਿਚ ਫ਼ਰਕ ਹੈ: ਮੇਰਾ ਇਕ ਸਹਿ-ਕਾਮਾ ਹੈ। ਅਸੀਂ ਦੋਵੇਂ ਇਕੱਠੇ ਪੜ੍ਹੇ ਹਾਂ, ਦੋਹਾਂ ਕੱਠੀ ਟ੍ਰੇਨਿੰਗ ਲਈ ਹੈ। ਦੋਵੇਂ ਇਕ ਮਹਿਕਮੇ ਵਿਚ ਡਿਊਟੀ ਉਪਰ ਲਗੇ ਹੋਏ ਹਾਂ। ਦੋਹਾਂ ਦੇ ਇਕੋ ਜਿਹੇ ਟੱਬਰ ਹਨ। ਦੋਹਾਂ ਦਾ ਤਨਖ਼ਾਹ ਵਿਚ ਨਿਰਬਾਹ ਨਹੀਂ ਹੁੰਦਾ। ਦੋਵੇਂ ਇਸ ਹਾਲਤ ਵਿਚੋਂ ਰਾਹ ਲੱਭਦੇ ਹਾਂ। ਦੋਵੇਂ ਮੰਨਦੇ ਹਾਂ ਕਿ ਜੇ ਸਾਰੇ ਕਾਮੇ ਰਲ ਕੇ ਸੰਘਰਸ਼ ਕਰਨ ਤਾਂ ਸਭ ਦੀ ਰੋਟੀ ਦੀ ਚਿੰਤਾ ਹੱਲ ਹੋ ਸਕਦੀ ਹੈ। ਮੇਰਾ ਸਾਥੀ ਇਸ ਲਈ ਯੂਨੀਅਨ ਦੇ ਨਾਂ ਤੋਂ ਨੱਸਦਾ ਹੈ ਕਿ ਉਸ ਦੇ ਬੱਚੇ ਹਨ, ਜਿਨ੍ਹਾਂ ਦਾ ਉਸ ਉਪਰ ਫ਼ਰਜ਼ ਹੈ। ਸੰਘਰਸ਼ ਉਪਰ ਸਖ਼ਤੀ ਸਮੇਂ ਉਨ੍ਹਾਂ ਦੀ ਬਿਪਤਾ ਦਾ ਉਸ ਨੂੰ ਫ਼ਿਕਰ ਹੈ ਅਤੇ ਉਹ ਅਫ਼ਸਰਾਂ ਨਾਲ ਮਿਲ ਕੇ ਰਿਸ਼ਵਤ ਲੈਣ ਲਗ ਪੈਂਦਾ ਅਤੇ ਘਰ ਦਾ ਨਿਰਬਾਹ ਚੰਗਾ ਤੋਰ ਲੈਂਦਾ ਹੈ। ਮੈਂ ਰੋਟੀ ਦੀ ਇਸੇ ਚਿੰਤਾ ਤੋਂ ਆਜ਼ਾਦ ਹੋਣ ਲਈ ਅਤੇ ਬੱਚਿਆਂ ਦਾ ਭਵਿਸ਼ ਰਾਂਗਲਾ ਬਣਾਉਣ ਲਈ ਹੀ ਕਿਸੇ ਘੋਲ ਵਿਚ ਕੁੱਦ ਪੈਂਦਾ ਹਾਂ। ਨੌਕਰੀ ਤੋਂ ਕਢ ਦਿਤਾ ਜਾਂਦਾ ਹਾਂ ਅਤੇ ਹੱਥਲੀ ਰੋਟੀ ਵੀ ਖੁਹਾ ਬੈਠਦਾ ਹਾਂ। ਦੋਹਾਂ ਦੀਆਂ ਆਰਥਕ ਤੇ ਮਾਨਸਕ ਹਾਲਤਾਂ ਵਿਚ ਕੋਈ ਫ਼ਰਕ ਨਹੀਂ ਪਰ ਅਮਲ ਤੇ ਜੀਵਨ-ਜਾਚ ਵਿਚਕਾਰ ਫ਼ਰਕ, ਦੋਹਾਂ ਦੇ ਆਪਣੇ ਆਪਣੇ ਖਾਸੇ ਕਾਰਣ ਆਇਆ ਹੈ। ਹਰ ਇਕ ਦਾ ਸੁਭਾ ਜਾਂ ਲੱਛਣ ਆਪਣਾ ਹੈ, ਇਸੇ ਲਈ ਇਕ ਲਈ ਮਾਂਹ· ਖਾਣੇ ਬਾਦੀ ਹਨ ਦੂਜੇ ਲਈ ਸੁਆਦੀ। ਇਸੇ ਲਈ ਤੀਜੇ ਸਿੱਖ-ਗੁਰੂ; ਅਮਰਦਾਸ ਦੇ ਕਥਨ ਅਨੁਸਾਰ ਤਾਂ "ਇਹਦੇ (ਗੁਰੂ ਰਾਮਦਾਸ) ਜਿਹਿਆ ਇਹੀ ਹੈ ।"

ਦੋ ਲੇਖਕਾਂ ਸਾਹਮਣੇ ਇਕੋ ਘਟਨਾ ਵਾਪਰਦੀ ਹੈ, ਪ੍ਰੇਰਿਤ ਹੋ ਕੇ ਦੋਵੇਂ ਉਸ ਉਪਰ ਕਹਾਣੀ ਜਾਂ ਰਿਪੋਰਤਾਜ਼ ਦੀ ਰਚਨਾ ਕਰਦੇ ਹਨ; ਕਲਾਸ ਵਿਚ ਇਕੋ ਲੈਕਚਰਾਰ ਕਿਸੇ ਵਿਸ਼ੈ ਨਾਲ ਨਜਿੱਠਦਾ ਹੈ। ਲੈਕਚਰ, ਸ਼੍ਰੇਣੀ, ਸਵਾਲਾਂ ਦੀ ਸ਼ੈਲੀ ਇਕੋ ਹੋਣ ਦੇ ਬਾਵਜੂਦ ਸਭ ਵਿਦਿਆਰਥੀਆਂ ਦੇ ਲੀਤੇ ਨੋਟਾਂ ਵਿਚ ਫ਼ਰਕ ਹੈ। ਇਹ ਇਸ ਲਈ ਹੈ ਕਿ ਦੋਵੇਂ ਲੇਖਕ ਆਪਣੀ ਕਿਸਮ ਦੇ ਹਨ। ਅਤੇ ਸ਼੍ਰੇਣੀ ਵਿਚ ਬੈਠੇ ਹਰ ਵਿਦਿਆਰਥੀ ਦਾ ਆਪਣਾ-ਆਪਣਾ ਬੌਧਿਕ ਪੱਧਰ ਹੈ। ਇਥੇ ਹੀ ਸਮਾਜ ਵਿਚ ਵਿਅਕਤੀ ਦਾ ਸਥਾਨ ਨਿਸ਼ਚਿਤ ਹੁੰਦਾ ਹੈ। ਵਿਅਕਤੀ ਸਮਾਜ ਦਾ ਇਕ ਅੰਗ ਹੈ ਪਰ ਇਕ ਅਨਿਖੜ ਅਤੇ ਆਪਣੇ ਆਪ ਵਿਚ ਜਿਉਂਦਾ ਜਾਗਦਾ ਅੰਗ ਹੈ। ਵਿਅਕਤੀ ਆਪਣੇ ਨਿੱਜੀ ਗੁਣਾਂ ਜਾਂ ਔਗੁਣਾਂ ਕਾਰਣ ਸਮਾਜ ਦੇ ਹਿਤਾਂ ਤੋਂ ਜਿੰਨਾਂ ਪਰੋਖਾ-ਪਰੇਡਾ ਹੈ ਉਨਾਂ ਹੀ ਉਹ ਅਸਮਾਜਿਕ ਹੈ; ਉਹ ਸਮਾਜ ਦੇ ਹਿਤਾਂ ਲਈ ਜਿੰਨਾ ਵਧ ਰਚਨੇਈ ਹੈ ਉਨਾਂ ਹੀ ਸਮਾਜਿਕ ਹੈ। ਸਮਾਜਿਕ-ਪ੍ਰਾਣੀ ਲਈ ਵਿਅਕਤੀਤਵ ਰਹਿਤ ਹੋਣਾ ਸਮਾਜ ਦੀ ਬੇ-ਅਮਲ, ਕਰਨੀ-ਰਹਿਤ ਹਾਨੀ ਹੈ ਅਤੇ ਵਿਅਕਤੀਵਾਦੀ (individualist) ਹੋਣਾ ਸਮਾਜ ਦੀ ਬਾ-ਅਮਲ ਅਤੇ ਸਰਗਰਮ ਹਾਨੀ ਹੈ। ਇੰਜ ਹੀ ਸਾਹਿਤਕਾਰ ਦਾ ਵਿਅਕਤੀਤਵ ਰਹਿਤ ਹੋਣਾ ਉਸ ਦੇ ਆਪਣੇ ਅਤੇ ਆਪਣੀ ਰਚਨਾ ਲਈ ਹਾਨੀਕਾਰਕ ਹੈ ਅਤੇ ਵਿਅਕਤੀਵਾਦੀ ਜਾਂ (ਫੱਕੜ) Bohemian ਹੋਣਾ ਸਮੁੱਚੇ ਸਾਹਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਸਮਾਜ ਲਈ ਹਾਨੀਕਾਰਕ ਹੈ । ਇੰਜ ਹੀ ਇਹ ਗੱਲ ਸਿਧ ਹੋ ਜਾਂਦੀ ਹੈ : "ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਂਹਿ ॥"

ਕਿਉਂਕਿ ਹਰ ਵਸਤ, ਜੀਵ ਜਾਂ ਵਰਤਾਰਾ ਆਪਣੇ ਜਿਹਾ ਆਪ ਹੈ, ਇਸ ਲਈ ਇਸ ਦਾ ਅੰਤਰ-ਵਰਤੀ ਅਤੇ ਬਾਹਰਵਰਤੀ ਦ੍ਵੰਦ ਵੀ ਆਪਣੀ ਭਾਂਤ ਦਾ ਹੀ ਹੋਵੇਗਾ । ਦੂਜੇ ਸ਼ਬਦਾਂ ਵਿਚ ਹਰ ਵਸਤ, ਜੀਵ ਅਤੇ ਵਰਤਾਰਾ ਦੂਜੀਆਂ ਵਸਤਾਂ ਅਤੇ ਵਰਤਾਰਿਆਂ ਤੋਂ ਅੰਤਰਮੁਖੀ ਰੂਪ ਵਿਚ ਵਖਰੀ ਭਾਂਤ ਪ੍ਰਤੀਕਰਮਿਤ ਹੋਵੇਗਾ ਅਤੇ ਉਨ੍ਹਾਂ ਉਪਰ ਬਾਹਰਮੁਖੀ ਰੂਪ ਵਿਚ ਵਖਰੀ ਤਰ੍ਹਾਂ ਹੀ ਪ੍ਰਤੀਕਰਮ ਕਰੇਗਾ । ਜਿਵੇਂ ਕਿ ਇਕੋ ਘਟਨਾ ਤੋਂ ਦੋ ਜਾਂ ਕਈ ਸਾਹਿਤਕਾਰ ਵਖਰੀ ਪ੍ਰੇਰਣਾ ਲੈਂਦੇ ਹਨ ਅਤੇ ਮੁੜ ਰੂਪ ਤੇ ਵਸਤ ਵਿਚ ਵਖ-ਵਖ ਪ੍ਰਕਾਰ ਦੀਆਂ ਰਚਨਾਵਾਂ ਰਾਹੀਂ ਸਮਾਜ ਉਪਰ ਵਖ-ਵਖ ਅਸਰ ਪਾਉਂਦੇ ਹਨ ।

ਜਿਵੇਂ ਪਹਿਲਾਂ ਵਿਚਾਰ ਹੋ ਚੁਕਾ ਹੈ, ਵਸਤਾਂ, ਜੀਵਾਂ ਅਤੇ ਵਰਤਾਰਿਆਂ ਦੇ ਇਸ ਦ੍ਵੰਦ ਜਾਂ ਸਾਂਝ-ਵੱਖਰ ਦਾ ਸਮਾਗਮ ਹੀ ਵਿਕਾਸ ਹੈ । ਵਿਕਾਸ, ਦ੍ਵੰਦ ਦਾ ਅਜਿਹਾ ਪੜਾਉ ਹੈ ਜਿਥੇ ਜੀਵ, ਵਸਤ ਜਾਂ ਵਰਤਾਰੇ ਦੇ ਨਵੇਂ ਪੱਖ ਜਾਂ ਅੰਗ ਇੰਜ ਫੁੱਟਦੇ ਹਨ ਜਿਵੇਂ ਕਿਸੇ ਬੂਟੇ ਦੀਆਂ ਅੱਖਾਂ ਵਿਚੋਂ ਕਰੂੰਬਲਾਂ ਫੁੱਟਦੀਆਂ ਹਨ ।

੧੦. ਵਿਕਾਸ ਦੇ ਤਿੰਨ ਪੱਖ ਜਾਂ ਪੜਾ ਹਨ । ਵਿਕਾਸ ਦਾ ਅਰੰਭ ਕਿਸੇ ਵਸਤ, ਜੀਵ ਜਾਂ ਵਰਤਾਰੇ ਦੇ ਪੱਖ ਤੋਂ, ਵਾਦ ਰੂਪ ਵਿਚ ਸ਼ੁਰੂ ਹੁੰਦਾ ਹੈ । ਇਸ ਵਾਦ ਦਾ ਪ੍ਰਤੀਵਾਦ ਹੁੰਦਾ ਹੈ ਅਤੇ ਫਿਰ ਵਾਦ ਅਤੇ ਪ੍ਰਤੀਵਾਦ ਦਾ ਮੇਲ ਹੋ ਜਾਂਦਾ ਹੈ ।

ਇੰਜ, ਇਕ ਨਵੇਂ ਵਾਦ ਦੀ ਨੀਂਹ ਬੱਝਦੀ ਹੈ ਅਤੇ ਵਾਦ-ਪ੍ਰਤੀਵਾਦ-ਸੰਬਾਦ ਦਾ ਘਟਨਾ-ਪ੍ਰਵਾਹ ਨਿਰੰਤਰ ਚਲਦਾ ਰਹਿੰਦਾ ਹੈ । ਵਿਕਾਸ ਵਾਦ, ਪ੍ਰਤੀਵਾਦ ਅਤੇ ਸੰਬਾਦ ਦਾ ਜੋੜ ਫਲ ਨਹੀਂ— ਸਗੋਂ ਗੁਣਨ ਫਲ ਹੈ । ਐਟਮ; ਬਿਜਲਾਣੂ, + ਪ੍ਰੋਟਾਣੂ + ਕੇਂਦਰਿਕ (Neucleus) ਨਹੀਂ ਸਗੋਂ ਬਿਜਲਾਣੂ X ਪ੍ਰੋਟਾਣੂ X ਕੇਂਦਰਿਕ ਹੈ । ਲਿਖਤ ਤੇ ਸ਼ਬਦਾਵਲੀ ਅੱਖਰਾਂ ਅਤੇ ਸੁਰਾਂ ਦੇ ਸੰਗ੍ਰਹ ਨਹੀਂ ਹਨ ਸਗੋਂ ਇਨ੍ਹਾਂ ਦਾ ਗੁਣਾ ਹੋਣਾ ਹੈ । ਇੰਜ ਹੀ, ਭਾਸ਼ਾ ਸ਼ਬਦਾਂ ਦੀ ਜਮਾ-ਰਾਸ਼ੀ ਨਹੀਂ, ਇਨ੍ਹਾਂ ਦਾ ਜ਼ਰਬ-ਫਲ ਹੈ । ਦਰਸ਼ਨ ਤੇ ਸਾਇੰਸ ਕ੍ਰਮਵਾਰ ਵਾਦਾਂ ਤੇ ਖੋਜਾਂ ਦਾ ਇਕੱਠ ਨਹੀਂ ਸਗੋਂ ਵਾਦਾਂ ਤੇ ਖੋਜਾਂ ਦਾ ਇਕ ਸੂਖਮ ਤੇ ਦਿਲਚਸਪ ਪ੍ਰਤੀਵਾਦ ਅਤੇ ਸੰਬਾਦ ਹੈ । ਵਾਦ-ਪ੍ਰਤੀਵਾਦ ਦੀਆਂ ਕੁਝ ਇਕ ਉਦਾਹਰਣਾਂ ਪੇਸ਼ ਹਨ :

ਰਾਜਨੀਤੀ-ਸ਼ਾਸ਼ਤ੍ਰ

ਵਾਦ— ਸਮੁੱਚੇ ਸਮਾਜ ਦੀ ਉਨਤੀ ਲਈ ਜਿਸ ਵਿਅਕਤੀ ਕੋਲੋਂ ਕੁਝ ਹੋ ਸਕਦਾ ਹੈ, ਕਰੇ (ਪੂੰਜੀਵਾਦ) ।

ਪ੍ਰਤੀਵਾਦ-ਸਮਾਜ ਦਾ ਕਲਿਆਣ ਕੁਝ ਵਿਅਕਤੀ ਵਿਸ਼ੇਸ਼ ਹੀ ਕਰ ਸਕਦੇ ਹਨ । ਜਨਤਾ ਭੇਡਾਂ ਦਾ ਇੱਜੜ ਹੈ, ਜਿਸ ਦੀ ਵੱਧ ਤੋਂ ਵੱਧ ਕੁਰਬਾਨੀ, ਸਮਾਜਕ ਭਲੇ ਲਈ ਦਿਤੀ ਜਾ ਸਕਦੀ ਹੈ । (ਏਕਾ ਅਧਿਕਾਰਵਾਦ—ਫ਼ਾਸਿਜ਼ਮ)

CC-0. In Public Domain. Gurukul Kangri Collection, Haridwar

ਸੰਬਾਦ-ਸਮੁੱਚੇ ਸਮਾਜ ਦਾ ਕਲਿਆਣ ਇਕੋ ਹਿੱਤ ਵਾਲੀ ਭਾਰੀ ਬਹੁਗਿਣਤੀ ਦੇ ਹਿਤਾਂ

Digitized by Arya Samaj Foundation Chennai and eGangotri

ਲਈ ਹੀ ਹੋ ਸਕਦਾ ਹੈ । (ਸਮਾਜਵਾਦ)

ਆਚਰਣਵਾਦ

ਵਾਦ–ਈਮਾਨਦਾਰੀ, ਖੁਦਾਈ ਹੈ । ਭਾਵੇਂ ਮਨੁਖ ਭੁੱਖਾ ਮਰ ਜਾਏ, ਈਮਾਨਦਾਰੀ ਨੂੰ ਹਥੋਂ ਨਾ ਛੱਡੋ । (ਆਦਰਸ਼ਵਾਦ)

ਪ੍ਰਤੀਵਾਦ-ਇਹ ਐਵੇਂ ਇਕ ਉਪਦੇਸ਼ ਹੈ । ਉਪਰ ਤੋਂ ਹੇਠਾਂ ਤਕ ਸਭ ਬੇਈਮਾਨ ਹਨ । (ਆਤੁਰਵਾਦ)

ਸੰਬਾਦ-ਬੇਈਮਾਨੀ ਜ਼ਰੂਰ ਸਭ ਥਾਂ ਹੈ । ਇਹ ਖਤਮ ਵੀ ਹੋਣੀ ਚਾਹੀਦੀ ਹੈ, ਪਰ ਉਪਰਲਿਆਂ ਵਿਚ ਇਹ ਅੱਯਾਸ਼ੀ ਲਈ ਹੈ ਅਤੇ ਹੇਠਲਿਆਂ ਲਈ ਜਿਉਣ ਦਾ ਇਕ ਤਰਲਾ । (ਮਾਨਵਤਾਵਾਦ)

ਆਸਤਕਵਾਦ

ਵਾਦ–ਰੱਬ ਹੀ ਸਭ ਕੁਝ ਕਰਦਾ ਤੇ ਕਰਾਂਦਾ ਹੈ । (ਅਦ੍ਵੈਤਵਾਦ)

ਪ੍ਰਤੀਵਾਦ-ਰੱਬ ਸਭ ਨੂੰ ਪੈਦਾ ਕਰਦਾ ਹੈ, ਪਰ ਜੀਵਨ ਵਿਚ ਚੰਗੇ-ਮੰਦੇ ਕਰਮ ਕਰਨ ਦੀ ਛੋਟ ਦੇ ਦੇਂਦਾ ਹੈ । (ਦ੍ਵੈਤਵਾਦ)

ਸੰਬਾਦ-ਰੱਬ, ਚੰਗੇ ਮੰਦੇ ਕੰਮਾਂ ਦੀ ਛੋਟ ਤਾਂ ਦੇਂਦਾ ਹੈ, ਪਰ ਇਹ ਵੀ ਉਸ ਦੀ ਇੱਛਾ ਹੈ । (ਸਿਖ ਮਤ)

ਜੀਵ ਵਿਗਿਆਨ

ਵਾਦ–ਭੌਤਿਕ ਤੱਤਾਂ ਦਾ ਜੁੜਵਾਂ ਰੂਪ ਚੇਤੰਨ ਅਤੇ ਜੀਵਨ ਹੈ । (ਮੈਕਾਂਨਕੀ ਭੌਤਿਕਵਾਦ)

ਪ੍ਰਤੀਵਾਦ-ਚੇਤੰਨ ਹੀ ਜੀਵ ਹੈ, ਜਿਹੜਾ ਇਕ ਅੰਤ੍ਰੀਵ ਵਰਤਾਰਾ ਹੈ ।(ਅੰਤਰੀਵਵਾਦ)

ਸੰਬਾਦ-ਭੌਤਿਕ ਤੱਤ ਆਪ ਚੇਤੰਨ ਨਹੀਂ, ਪਰ ਇਸ ਦਾ ਇਕ ਵਿਸ਼ੇਸ਼ ਗੁਣਾਤਮਿਕ ਪ੍ਰੀਵਰਤਨ, ਚੇਤੰਨ ਨੂੰ ਜਨਮ ਦੇਂਦਾ ਹੈ । ਇਸ ਲਈ ਇਹ ਜੜ੍ਹ ਵੀ ਹੈ ਤੇ ਚੇਤੰਨ ਵੀ ।(ਦ੍ਵੰਦਾਤਮਿਕ ਭੌਤਿਕਵਾਦ)

ਸਾਹਿਤ ਜਾਂ ਆਲੋਚਨਾ-ਸਿਧਾਂਤ

ਵਾਦ–ਸਾਹਿਤ, ਸਤਿਅਮ ਅਤੇ ਸੁੰਦਰਮ ਹੈ, ਇਸ ਵਿਚ ਸੱਚ ਜਿਹਾ ਦੈਵੀ ਗੁਣ, ਰੂਪ, ਤਕਨੀਕ ਅਤੇ ਸੁਹਜ-ਸੁਆਦ ਹੁੰਦਾ ਹੈ । (ਆਦਰਸ਼ਵਾਦ, ਤੱਥਵਾਦ=Factualism; ਅਸ਼ਲੀਲਵਾਦ, ਰੂਪਵਾਦ ਆਦਿਕ ਵਿਚਾਰਾਂ ਦੀ ਬੁਨਿਆਦੀ ਦਲੀਲ)

ਪ੍ਰਤੀਵਾਦ-ਸਾਹਿਤ ਸਮਾਜ ਲਈ ਹੈ । ਇਸ ਲਈ ਇਸ ਪਾਸੋਂ ਇਨਕਲਾਬ ਦੇ ਨਾਹਰੇ ਤੋਂ ਲੈ ਕੇ ਗੋਲੀ ਤਕ ਦਾ ਕੰਮ ਹੀ ਲੈਣਾ ਚਾਹੀਦਾ ਹੈ । (ਬਦਰਾਹ ਇਨਕਲਾਬੀ ਦ੍ਰਿਸ਼ਟੀਕੋਣ)

ਸੰਬਾਦ-ਸਾਹਿਤ ਇਨਕਲਾਬ ਦਾ ਨਾਹਰਾ ਜਾਂ ਗੋਲੀ ਨਹੀਂ । ਇਹ ਇਕ ਸੰਦੇਸ਼ ਹੁੰਦਾ ਹੋਇਆ ਵੀ ਸੁਹਜ-ਸੁਆਦ ਅਤੇ ਯਥਾਰਥਕਤਾ ਵਿਚ ਇੰਨਾ ਭਿੱਜ-ਸਮਿੱਜ ਕੇ ਸਾਕਾਰ ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਸੰਦੇਸ਼ ਨਹੀਂ ਜਾਪਦਾ । (ਸਾਹਿਤ ਅਤੇ ਆਲੋਚਨਾ ਦਾ ਇਕ ਲੋਕ-ਵਾਦੀ ਸਿਧਾਂਤ)

੧੧. ਵਾਦ-ਪ੍ਰਤੀਵਾਦ ਅਤੇ ਸੰਬਾਦ, ਜਦੋਂ ਅਜਿਹੇ ਪੜਾਉ ਤੇ ਪੁਜ ਜਾਣ ਕਿ ਉਹ ਆਪਣੇ ਰੂਪ ਅਤੇ ਪ੍ਰਭਾਵ ਨਾਲ ਸਾਡੀਆਂ ਗਿਆਨ-ਇੰਦ੍ਰੀਆਂ ਰਾਹੀਂ ਮਨੁੱਖੀ ਅਨੁਭਵ ਵਿਚ ਆ ਜਾਣ ਤਾਂ ਤਬਦੀਲੀ ਵਾਪਰੀ ਮੰਨਣੀ ਚਾਹੀਦੀ ਹੈ ।

ਦ੍ਵੰਦ, ਤਬਦੀਲੀ ਦਾ ਮੂਲ ਕਾਰਣ ਵੀ ਹੈ ਅਤੇ ਰੂਪ ਵੀ ਹੈ । ਸਗੋਂ ਦ੍ਵੰਦ ਆਪ ਇਕ ਪਰਿਵਰਤਨ ਹੈ । ਅਜ ਸਾਇੰਸੀ ਯੰਤਰਾਂ, ਤਜਰਬਿਆਂ ਅਤੇ ਸਮੀਕਰਣਾਂ (Equations) ਦੀ ਸਹਾਇਤਾ ਨਾਲ ਦ੍ਵੰਦ ਨੂੰ ਬਹੁਤਿਆਂ ਵਸਤਾਂ-ਵਰਤਾਰਿਆਂ ਵਿਚ ਮੌਜੂਦ ਵੇਖ ਸਕਦੇ ਹਾਂ, ਪਰ ਤਬਦੀਲੀ, ਦ੍ਵੰਦ ਦਾ ਇਕ ਅਜਿਹਾ ਵਿਆਪਕ ਅਤੇ ਬਾਹਰ-ਮੁਖੀ (Objective) ਰੂਪ ਹੈ, ਜਿਹੜਾ ਮਨੁੱਖ ਨੂੰ ਝੱਟ ਹੀ ਪ੍ਰਤੀਤ ਹੋਣ ਲਗ ਪੈਂਦਾ ਹੈ । ਇਸ ਲਈ ਮੁਢਲੇ ਚਿੰਤਕਾਂ ਨੇ ਪ੍ਰੀਵਰਤਨ ਨੂੰ ਝੱਟ ਹੀ ਬਹੁਤ ਸਾਰੀਆਂ ਵਸਤਾਂ ਤੇ ਵਰਤਾਰਿਆਂ ਵਿਚ ਮਹਿਸੂਸ ਕਰ ਲਿਆ ਸੀ । ਪਰਿਵਰਤਨ ਦੇ ਦ੍ਵੰਦ-ਮਈ ਲੱਛਣ ਨੂੰ ਨਾ ਸਮਝਣ ਕਾਰਣ, ਹੀ ਅਫਲਾਤੂਨ ਨੇ ਦਰਿਆ ਨੂੰ ਵੇਖ ਕੇ ਕਿਹਾ ਸੀ : "ਇਹ ਹੈ ਹੀ ਨਹੀਂ ।" ਇਸੇ ਦ੍ਵੰਦ ਦਾ ਵਿਸ਼ਲੇਸ਼ਣ ਨਾ ਕਰ ਸਕਣ ਕਾਰਣ ਕਦੇ ਭਾਰਤ ਦੀ ਸਾਮਾਜਿਕ ਸਥਿਰਤਾ ਸਮੇਂ ਹੱਥਲੇ ਜਗਤ ਨੂੰ ਮਾਇਆ ਅਤੇ ਭਰਮ-ਭੁਲੇਖੇ ਦਾ ਨਾਂ ਦਿਤਾ ਗਿਆ । ਪਰ ਇਸ ਦ੍ਵੰਦ-ਮਈ ਜਗਤ ਵਿਚ ਮਾਇਆ-ਵਾਦ, ਸੁੰਨਵਾਦ ਦਾ ਪ੍ਰਤੀਵਾਦ ਜਾਂ ਖੰਡਣ ਹੋਣਾ ਕੁਦਰਤੀ ਸੀ । ਪ੍ਰਸਿੱਧ ਯੂਨਾਨੀ ਦਾਰਸ਼ਨਿਕ ਹੇਰਾਕਲਾਈਟਸ ਨੂੰ ਇਹ ਸੰਸਾਰ, ਇਕ ਜਿਉਂਦੀ ਜਾਗਦੀ ਅੱਗ ਦੀ ਲਾਟ ਜਾਪੀ ਸੀ, ਜਿਹੜੀ "ਨਿਯਮਤ ਰੂਪ ਵਿਚ ਪ੍ਰਜ੍ਵਲਿਤ ਹੋ ਉਠਦੀ ਹੈ ਅਤੇ ਨਿਯਮਤ ਰੂਪ ਵਿਚ ਬੁਝਦੀ ਹੈ ।" ਇੰਜ ਹੀ ਮੁਢਲੇ ਸਮੇਂ ਦੇ ਬੁੱਧ ਮਤ ਵਲੋਂ ਸੰਸਾਰ ਨੂੰ ਇਨ੍ਹਾਂ ਸ਼ਬਦਾਂ ਵਿਚ ਪਰਿਵਰਤਨ-ਸ਼ੀਲ ਕਿਹਾ ਗਿਆ ਹੈ : "ਇਹ ਇਕ ਛਿਨ-ਛਿਨ ਜੰਮਦਾ ਮਰਦਾ ਘਟਨਾ-ਚੱਕਰ ਹੈ ।"

੧੨. ਵਸਤ ਦੇ ਆਕਾਰ ਅਤੇ ਰੂਪ ਨਾਲ ਇਸ ਦੇ ਅੰਤ੍ਰੀਵਕ ਭਾਗ ਦਾ ਦ੍ਵੰਦ ਚਲਦਾ ਹੈ । ਸਾਰ, ਆਕਾਰ ਉਪਰ ਪ੍ਰਤੀਕਰਮ ਕਰਦਾ ਹੈ ਅਤੇ ਅਕਾਰ ਸਾਰ ਉਪਰ ।

ਪਰ ਸਾਰ ਦੀ ਹੋਂਦ ਲਈ ਆਕਾਰ ; ਜਾਂ ਰੂਪ ਦੀ ਹੋਂਦ, ਪਹਿਲੀ ਸ਼ਰਤ ਹੈ । ਇਸ ਭੇਦ ਨੂੰ ਸੰਸਾਰ ਦੇ ਚਿੰਤਕਾਂ ਨੇ ਕਈ ਸਦੀਆਂ ਪਹਿਲਾਂ ਲੱਭ ਲਿਆ ਸੀ । ਗੁਰਬਾਣੀ ਵਿਚ ਆਕਾਰ ਦੀ ਸਾਰ ਜਾਂ ਸਮਾਜ ਦੇ ਇਕ ਅੰਤ੍ਰੀਵਕ ਤੱਤ; ਪਾਪ-ਪੁੰਨ ਸੰਬੰਧੀ ਸਮਾਜਿਕ ਕੀਮਤਾਂ ਦੀ ਮਹੱਤਤਾ ਇਸ ਤਰ੍ਹਾਂ ਦੱਸੀ ਗਈ ਹੈ :

'ਜਬ ਆਕਾਰੁ ਇਹ ਕਛੁ ਨ ਦ੍ਰਿਸ਼ਟੇਤਾ । ਪਾਪ ਪੁੰਨ ਤਬ ਕਹ ਤੇ ਹੋਤਾ' ।

(ਸੁਖਮਣੀ ੧-੧੧)

ਆਕਾਰ ਦੀ ਹੋਂਦ ਨਾਲ ਸਾਰ ਹੋਂਦ ਵਿਚ ਆਉਂਦਾ ਹੈ ਅਤੇ ਸਾਰ ਦੇ ਪ੍ਰਤੀਕਰਮ ਨਾਲ ਆਕਾਰ ਤੇ ਰੂਪ ਵਿਚ ਪਰਿਵਰਤਨ ਹੁੰਦਾ ਹੈ । ਜਦੋਂ ਇਕ-ਕੋਸ਼ਿਕਾ (Uni-cellular) ਜੀਵ, ਬੈਕਟੇਰੀਆ ਅਤੇ ਕੀਟਾਣੂ ਆਪਣੇ ਅੰਦਰੋਂ ਗਤੀਸ਼ੀਲ ਜਾਂ ਉਨਤ ਹੁੰਦੇ ਹਨ ਤਾਂ ਉਨ੍ਹਾਂ ਦੇ ਰੂਪ ਤੇ ... ਮਨੁੱਖ ਦੀ ਵਿਚਾਰ-ਸ਼ੀਲਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਚਿੰਤਨ (ਅੰਤ੍ਰੀਵਕ ਸਾਰ) ਦੇ ਢੇਰ ਵਾਧੇ ਮਗਰੋਂ ਦਿਮਾਗ਼ ਦੇ ਸਪੁਰਮ (Superm) ਜਾਂ ਮਾਸ-ਝਿੱਲੀ ਉਪਰ ਕੇਵਲ ਕੁਝ ਵੱਟ ਹੀ ਪੈਂਦੇ ਹਨ। ਵਿਅਕਤੀ ਦੀਆਂ ਮਜਬੂਰੀਆਂ ਤੇ ਲੋੜਾਂ-ਥੋੜਾਂ, ਕਿਸੇ ਆਰਥਿਕ ਪ੍ਰਬੰਧ ਜਾਂ ਧਰਮ ਦੇ ਅਕਾਰ ਜਾਂ ਰੂਪ ਨੂੰ ਜਨਮ ਦੇਂਦੀਆਂ ਹਨ। ਪਰ ਜਦੋਂ ਇਹ ਆਰਥਿਕ ਜਾਂ ਧਾਰਮਿਕ ਪ੍ਰਬੰਧ ਲੁਟ-ਘਸੁੱਟ ਦੀ ਜਕੜਬੰਦ ਜਾਂ ਰਹੁ-ਰੀਤਾਂ ਤੇ ਕਰਮ-ਕਾਂਡਾਂ ਦੀ ਇਕ ਵਲਗਣ ਬਣ ਜਾਂਦਾ ਹੈ ਤਾਂ ਸਾਮਾਜਿਕ ਸਾਰ (ਚੇਤੰਨਤਾ ਜਾਂ ਸ਼ਕਤੀ) ਸਮਾਜਕ ਢਾਂਚੇ ਅਤੇ ਧਾਰਮਿਕ ਰੀਤਾਂ ਨੂੰ ਤੋੜ ਜਾਂ ਬਦਲ ਦੇਂਦੀ ਹੈ। ਕਵਿਤਾ ਦਾ ਸਾਰ ਹੈ : ਵਿਚਾਰ, ਸ਼ੁੱਧ ਜਜ਼ਬੇ, ਬਿੰਬ, ਕਲਪਨਾ ਆਦਿਕ। ਇਸ ਦਾ ਆਕਾਰ ਹੈ, ਲੈਅ, ਤੋਲ, ਤੁਕਾਂਤ ਅਤੇ ਪਿੰਗਲ। ਜਦੋਂ ਜਜ਼ਬਿਆਂ ਵਿਚ ਸ਼ਿੱਦਤ ਆਉਂਦੀ ਹੈ, ਬਿੰਬ ਵਧੇਰੇ ਸਾਕਾਰ ਹੋਣ ਲਈ ਕਾਹਲੇ ਪੈਂਦੇ ਹਨ ਤੇ ਕਲਪਨਾ ਉਚੇ ਗਗਨਾਂ ਵਿਚ ਪੂਰੀ ਤਰ੍ਹਾਂ ਪਰ ਖੋਲ੍ਹ ਦੇਂਦੀ ਹੈ ਤਾਂ ਕਵਿਤਾ ਦੇ ਇਸ ਸਾਰ ਦੀ ਉਗਰ ਤਬਦੀਲੀ ਨਾਲ ਆਕਾਰ ਜਾਂ ਰੂਪ ਵਿਚ ਵੀ ਤਬਦੀਲੀ ਆ ਜਾਂਦੀ ਹੈ ਅਤੇ ਛੰਦ-ਬੰਦ ਕਵਿਤਾ, ਖੁਲ੍ਹੀ ਕਵਿਤਾ ਦਾ ਇਕ ਜਾਂ ਦੂਜਾ ਰੂਪ ਵੀ ਧਾਰਨ ਕਰ ਸਕਦੀ ਹੈ।

੧੩. ਗਣਿਤਾਤਮਕ ਪਰਿਵਰਤਨ ਅਜਿਹੀ ਤਬਦੀਲੀ ਹੈ ਜਿਸ ਨੂੰ ਅਸੀਂ ਸੰਖਿਆ ਦੇ ਰੂਪ ਵਿਚ ਮਾਪ ਜਾਂ ਜਾਣ ਸਕਦੇ ਹਾਂ।

ਵਸਤਾਂ ਦੀ ਹੋਂਦ ਨੂੰ ਸਾਕਾਰ ਰੂਪ ਵਿਚ ਦੱਸਣ ਲਈ ਗਣਿਤ ਇਸ ਲਈ ਸਹਾਈ ਹੈ ਕਿ ਇਹ ਵਸਤਾਂ ਦੀ ਸੰਖਿਆ ਦਸਦਾ ਹੈ। ਅਤੇ ਇਸੇ ਲਈ ਅਸੀਂ ਇਸ ਤਬਦੀਲੀ ਨੂੰ ਗਣਿਤਾਤਮਕ ਪਰਿਵਰਤਨ ਕਹਿੰਦੇ ਹਾਂ। ਪਰ ਗਣਿਤਾਤਮਕ ਪਰਿਵਰਤਨ ਦਾ ਬਾਹਰਮੁਖੀ ਰੂਪ ਵਿਚ ਵਡਾ ਲੱਛਣ ਇਹ ਹੈ ਕਿ ਇਹ ਆਕਾਰ ਜਾਂ ਰੂਪ ਵਿਚ ਹੁੰਦਾ ਹੈ, ਲੱਛਣ ਜਾਂ ਖਾਸੇ ਵਿਚ ਨਹੀਂ। ਪਾਣੀ ਨੂੰ ਅਸੀ ਗਰਮ ਕਰਦੇ ਹਾਂ। ੧੦੦ ਡਿਗਰੀ ਸੈਂਟੀਗ੍ਰੇਡ ਤਾਪਮਾਨ ਤਕ ਇਹ ਗਰਮ ਹੀ ਹੁੰਦਾ ਰਹਿੰਦਾ ਹੈ। ਇਸ ਤੋਂ ਇਕ ਡਿਗਰੀ ਤਾਪਮਾਣ ਵਧਦਿਆਂ ਹੀ ਪਾਣੀ ਦਾ ਵਾਸ਼ਪੀਕਰਨ ਆਰੰਭ ਹੋ ਜਾਂਦਾ ਹੈ। ਅਸੀਂ ਇਕ ਤੋਂ ਨੌਂ ਤਕ ਗਿਣਦੇ ਜਾਂ ਲਿਖਦੇ ਹਾਂ। ਇਕ ਤੋਂ ਨੌਂ ਤਕ ਅੰਕਾਂ ਦੇ ਰੂਪ ਵਿਚ ਤਬਦੀਲੀ ਹੁੰਦੀ ਹੈ ਪਰ ਇਹ ਰਹਿੰਦਾ ਇਕੋ ਅੰਕ ਹੈ। ਇਕ ਛਟਾਂਕਾਂ ਤੋਂ ੧੫ ਛਟਾਂਕ ਤਕ ਤੋਲਣ ਨਾਲ ਛਟਾਕਾਂ ਵਧਦੀਆਂ ਜਾਂਦੀਆਂ ਹਨ ਪਰ ਅਜੇ ਇਹ ਸੇਰ ਨਹੀਂ। ਬਾਰਾਂ ਤੋਂ ਮਗਰੋਂ ਘੜੀ ਦੀ ਵਡੀ ਸੂਈ ਮਿੰਟ-ਮਿੰਟ (ਸਗੋਂ ਸਕਿੰਟ-ਸਕਿੰਟ) ਅਗੇ ਵਧ ਰਹੀ ਹੈ, ਬਾਰਾਂ ਵਜ ਕੇ ੫੯ ਸਕਿੰਟ ਹੁੰਦੇ ਹਨ। ਪਰ ਅਸੀਂ ਇਸ ਸਮੇਂ ਨੂੰ ਇਕ ਵਜਿਆ ਨਹੀਂ ਕਹਿ ਸਕਦੇ। ਲੇਖਕ ਇਕ ਕਹਾਣੀ, ਪਾਤਰ-ਪ੍ਰਧਾਨ ਦੱਸ ਕੇ ਪੇਸ਼ ਕਰ ਰਿਹਾ ਹੈ ਪਰ ਅਸੀਂ ਸ਼ੁਰੂ ਤੋਂ ਲੈ ਕੇ ਅੰਤ ਦੇ ਨੇੜੇ ਤਕ ਮਹਿਸੂਸ ਕਰਦੇ ਹਾਂ ਕਿ ਇਸ ਵਿਚ ਕਹਾਣੀ ਵਾਲੀ ਕੋਈ ਗਲ ਨਹੀਂ, ਵਧ ਤੋਂ ਵਧ, ਇਹ ਇਕ ਵਫ਼ਾਦਾਰ ਪਾਤ੍ਰ-ਚਿਤ੍ਰ ਹੈ। ਇਹ ਸਭ ਵਰਤਾਰੇ ਗਣਿਤਾਤਮਿਕ ਪ੍ਰੀਵਰਤਨ ਦੇ ਹਨ।

੧੪. ਗੁਣਾਤਮਕ ਪਰਿਵਰਤਨ ਇਕ ਅਜਿਹਾ ਗਣਿਤਾਤਮਕ ਪਰਿਵਰਤਨ ਹੈ ਜਿਸ ਦੇ ਵਾਪਰਨ ਨਾਲ ਵਸਤੂ, ਜੀਵ ਜਾਂ ਵਰਤਾਰੇ ਦਾ ਗੁਣ, ਲੱਛਣ ਜਾਂ ਸਾਰ ਬਦਲ ਜਾਂਦਾ ਹੈ ਅਤੇ ਉਹ ਪਹਿਲੀ ਵਸਤ, ਜੀਵ ਜਾਂ ਵਰਤਾਰਾ ਨਾ ਰਹਿ ਕੇ ਕੁਝ ਹੋਰ ਹੋ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਜਿਉਂ ਹੀ ਪਾਣੀ ਦਾ ਤਾਪਮਾਣ ੧੦੦ ਡਿਗਰੀ ਤੇ ਪੁਜਦਾ ਹੈ ਇਹ ਭਾਪ ਦਾ ਰੂਪ ਧਾਰਨ ਕਰ ਲੈਂਦਾ ਹੈ। ਜਿਉਂ ਹੀ ਨੌਂ ਵਿਚ ਇਕ ਹੋਰ ਜਮਾਂ ਹੁੰਦਾ ਹੈ, (ਜਿਹੜਾ ਕਿ ਅਗੇ ਵੀ ਇਕ-ਇਕ ਕਰਕੇ ਨੌਂ ਵਾਰ ਜਮਾਂ ਹੋ ਕੇ ਕੇਵਲ ਗਣਿਤਾਤਮਕ ਤਬਦੀਲੀ ਹੀ ਕਰ ਸਕਿਆ ਹੈ) ਤਾਂ ਇਸ ਵਿਚ ਗੁਣਾਤਮਕ ਤਬਦੀਲੀ ਹੋ ਜਾਂਦੀ ਹੈ। ਜਿਸ ਨੂੰ ਅਸੀਂ ਇਕ ਨਹੀਂ, ਦੋ ਅੰਕਾਂ ਰਾਹੀਂ ੧੦ ਦੇ ਰੂਪ ਵਿਚ ਪ੍ਰਗਟ ਕਰਦੇ ਹਾਂ। ਜਿਵੇਂ ਹੀ ਆਮ ਛਟਾਂਕ ਪੈਂਦੀ ਹੈ ਕਿ ੧੫ ਛਟਾਂਕਾਂ ਦੀ ਗਿਣਤੀ ਨਵੇਂ ਗੁਣ ਜਾਂ ਭਾਰ; ਸੇਰ ਵਿਚ ਬਦਲ ਜਾਂਦੀ ਹੈ। ਜਿਉਂ ਹੀ ਘੜੀ ਦੇ ਡਾਇਲ ਉਪਰ ਵਡੀ ਸੂਈ ਇਕ ਸਕਿੰਟ ਹੋਰ ਵਧਦੀ ਹੈ; ਬਾਰਾਂ ਦੀ ਇਕ ਵਿਸ਼ੇਸ਼ ਗਿਣਤੀ (ਜਿਹੜੀ ਕਿ ੧੨ ਵਜ ਕੇ ੫੯ ਮਿੰਟ ੫੯ ਸਕਿੰਟ ਹੈ), ਇਕ ਵਜੇ ਦੇ ਇਕ ਵਖਰੇ ਸਮੇਂ ਨੂੰ ਦੱਸਣ ਲਗ ਪੈਂਦੀ ਹੈ। ਪੂਰਣ ਰੂਪ ਵਿਕਸਿਤ ਹੋਇਆ ਇਕ ਪਾਤਰ-ਚਿਤ੍ਰ; ਆਪਣੇ ਅੰਤ ਵਿਚ ਆਈ ਇਕ ਘਟਨਾ ਕਾਰਣ ਪਲਾਟ ਜਾਂ ਵਿਚਾਰ-ਪ੍ਰਧਾਨ ਕਹਾਣੀ ਵਿਚ ਬਦਲ ਸਕਦਾ ਹੈ, ਜਿਸ ਵਿਚ ਪਾਤਰ ਦੇ ਸੁਭਾ ਦਾ ਬਹੁ-ਵਿਸਤਾਰ ਇਸ ਕ੍ਰਿਤ ਦੇ ਅੰਤ ਵਿਚ ਆਈ ਇਕੋ ਜ਼ੋਰਦਾਰ ਘਟਨਾ ਜਾਂ ਵਿਚਾਰ ਨੂੰ ਕੇਵਲ ਲੁਕਾਣ ਲਈ ਵਰਤਿਆ ਗਿਆ ਹੈ।

੧੫. ਗਣਿਤਾਤਮਕ ਅਤੇ ਗੁਣਾਤਮਿਕ ਪਰਿਵਰਤਨ ਦੇ ਵਿਚਕਾਰ ਇਕ ਰੋਮਾਂਚਕਾਰੀ ਪੜਾ ਹੈ। ਇਹ ਏਨਾ ਸੂਖਮ, ਬਿੰਦੂ ਜਿਹਾ ਤਿੱਖਾ ਤੇ ਝਟਪਟਾ ਹੈ ਕਿ ਇਸ ਨੂੰ ਪੜਾ ਕਹਿਣਾ ਵੀ ਗ਼ਲਤ ਜਾਪਦਾ ਹੈ। ਇਹ ਇਕ ਅਜਿਹੀ ਮਹੀਨ ਲਕੀਰ ਹੈ ਜਿਸ ਨੂੰ ਇਕੋ ਉਲਾਂਘ ਪੁੱਟ ਕੇ ਗਣਿਤਾਤਮਿਕ ਪਰਿਵਰਤਨ, ਪਾਰ ਕਰਦਾ ਅਤੇ ਗੁਣਾਤਮਕ ਤਬਦੀਲੀ ਜਾਂ ਨਵੇਂ ਦੌਰ ਵਿਚ ਦਾਖਲ ਹੋ ਜਾਂਦਾ ਹੈ। ਰਾਜਨੀਤਕ ਸ਼ਬਦਾਂ ਵਿਚ ਇਸ ਨੂੰ ਇਨਕਲਾਬੀ ਦੌਰ ਕਹਿੰਦੇ ਹਨ। ਵਖ-ਵਖ ਪ੍ਰਕਰਣਾਂ ਵਿਚ Noddle point, ਚਰਮ ਸੀਮਾ, ਫੈਸਲਾ-ਕਰੂ, ਆਖਰੀ ਤੀਲਾ, ਆਦਿਕ ਸ਼ਬਦ ਤੇ ਰੂਪਕ ਇਸੇ ਦੇ ਵਾਚਕ ਹਨ।

ਪ੍ਰਕਿਰਤਕ ਨਹੀਂ; ਸਮਾਜਕ ਵਰਤਾਰਿਆਂ ਵਿਚ ਜੇ ਇਸ ਬਿੰਦੂ ਨੂੰ ਵਾਚਿਆ ਜਾਂ ਸਮਝਿਆ ਨਾ ਜਾਏ ਤਾਂ ਲੁੜੀਂਦੇ ਸਿੱਟੇ ਪ੍ਰਾਪਤ ਨਹੀਂ ਹੁੰਦੇ। ਆਉਂਦੇ ਫੁੱਟ-ਬਾਲ ਤੋਂ ਇਕ ਅੱਖ-ਪਲਕਾਰਾ ਪਹਿਲਾਂ ਜਾਂ ਮਗਰੋਂ ਪੈਰ ਚਲਾ ਦੇਣ ਨਾਲ ਕਿੱਕ ਨਹੀਂ ਲਗਦੀ। ਰੱਸੀ ਨੂੰ ਇਕ ਖਾਸ ਹੱਦ ਤੋਂ ਵਧ ਵੱਟ ਚੜ੍ਹਾਉਣ ਨਾਲ ਰੱਸੀ ਦੇ ਟੁੱਟ ਜਾਣ ਦਾ ਡਰ ਰਹਿੰਦਾ ਹੈ। "ਲੋਹਾ ਜਦੋਂ ਲਾਲ (ਸਗੋਂ ਚਿੱਟਾ) ਹੋਵੇ ਤਾਂ ਸੱਟ ਮਾਰੋ" ; ਇਹ ਗਲ ਭਾਵੇਂ ਰੁਜ਼ਾਨਾ ਜੀਵਣ ਦਾ ਮੁਹਾਵਰਾ ਬਣ ਚੁਕੀ ਹੈ ਪਰ ਇਹ ਖਾਲਸ ਰਸਾਇਣਕ ਗੁਰਬੰਦੀ (Chemical formulation) ਹੈ। ਇਨਕਲਾਬ ਵੀ ਇਕ ਸੱਟ ਹੈ ਜਿਸ ਨੂੰ ਮਾਰਣ ਲਈ ਫਰਕਦੇ ਡੌਲਿਆਂ ਦੀ ਹੀ ਨਹੀਂ ; ਲੋਹੇ ਦੀ ਗਰਮੀ ਨੂੰ, ਲਾਲੀ ਤਾੜ ਲੈਣ ਵਾਲੀ ਅੱਖ ਦੀ ਵੀ ਲੋੜ ਹੈ।

੧੬. ਗਣਿਤਾਤਮਕ ਪਰਿਵਰਤਨ ਇਕੋ ਸਮੇਂ ਗੁਣਾਤਮਿਕ ਵੀ ਹੈ। ਗੁਣਾਤਮਿਕ ਪਰਿਵਰਤਨ ਉਸੇ ਵੇਲੇ ਗਣਿਤਾਤਮਿਕ ਹੈ । ੧ ਦੀ ਗਿਣਤੀ, ੧੦ ਦੇ ਟਾਕਰੇ ਤੇ ਗਣਿਤਾਤਮਿਕ ਹੈ ਪਰ ੧ ਜਾਂ .੦੧ ਦੇ ਟਾਕਰੇ ਤੇ ਇਹ ਗੁਣਾਤਮਕ ਹੈ। ਛਟਾਂਕ ਆਪ ੪ ਤੋਲਿਆਂ ਵਿਚ ਇਕ ਹੋਰ ਤੋਲੇ ਦੇ ਹੋਏ ਵਧੇ ਮਗਰੋਂ ਵਾਪਰੇ ਇਕ ਗੁਣਾਤਮਕ ਪਰਿਵਰਤਨ ਦਾ ਸਿੱਟਾ ਹੈ। ਬਿਜਲੀ, ਰਿਣਾਤਮਕ ਤੇ ਧਨਾਤਮਕ ਬਿਜਲ-ਤਰੰਗਾਂ (Negative and Positive

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Currents) ਦਾ ਮੇਲ ਸਮਝਿਆ ਜਾਂਦਾ ਹੈ ਪਰ ਜਦੋਂ ਅਸੀਂ ਪ੍ਰਯੋਗਸ਼ਾਲਾ ਵਿਚ ਕੀਤੇ ਤਜਰਬਿਆਂ ਦੇ ਆਧਾਰ ਤੇ ਰਿਣਾਤਮਕ ਬਿਜਲ-ਤਰੰਗ ਦੀ ਪਰਿਭਾਸ਼ਾ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਵਧ ਰਿਣਾਤਮਕ ਤਰੰਗ ਹੀ ਘਟ ਰਿਣਾਤਮਿਕ ਤਰੰਗ ਦੇ ਟਾਕਰੇ ਤੇ ਧਨਾਤਮਿਕ ਤਰੰਗ ਹੈ। ਸਾਡੇ ਪਾਸ ਤਿੰਨ ਤਾਰਾਂ ਹਨ ; ਲਾਲ ਤਾਰ ਸਭ ਤੋਂ ਵਧ ਧਣਾਤਮਕ ਕਰੰਟ ਵਾਲੀ ਹੈ, ਗੁਲਾਬੀ, ਉਸ ਤੋਂ ਘਟ ਅਤੇ ਚਿੱਟੀ ਸਭ ਤੋਂ ਘਟ ਧਣਾਤਮਕ। ਹੁਣ ਗੁਲਾਬੀ ਤਾਰ, ਲਾਲ ਦੇ ਟਾਕਰੇ ਤੇ ਰਿਨਾਤਮਿਕ ਹੈ ਅਤੇ ਚਿੱਟੀ ਤਾਰ ਦੀ ਤੁੱਲਨਾ ਵਿਚ ਧਣਾਤਮਕ ਹੈ। ਪੁਲਾੜ ਵਿਚ ਸੂਰਜ ਜਹੇ ਕਈ ਤਾਰੇ, ਗ੍ਰਹਿ ਹਨ ਪਰ ਉਹ ਆਪ ਕਿਸੇ ਹੋਰ ਤਾਰੇ ਜਾਂ ਚਲ-ਤਾਰੇ ਦੇ ਉਪ-ਗ੍ਰਹਿ ਹਨ।

ਇਸੇ ਤੋਂ ਸਪਸ਼ਟ ਹੁੰਦਾ ਹੈ ਕਿ ਵਸਤਾਂ ਤੇ ਵਰਤਾਰਿਆਂ ਦਾ ਲੱਛਣ ਆਪਣੇ ਪ੍ਰਕਰਣ, ਪ੍ਰਸੰਗ, ਆਲੇ ਦੁਆਲੇ, ਵਿਰੋਧੀ ਦਿਸ਼ਾਵਾਂ ਵਿਚ ਸਥਿਤੀ ਅਨੁਸਾਰ ਨਿਸ਼ਚਿਤ ਹੁੰਦਾ ਹੈ। ਇਥੋਂ ਹੀ ਸਾਪੇਖਿਆਵਾਦ ਦਾ ਆਈਨਸਟਾਈਨੀ ਸਿਧਾਂਤ ਵਿਕਸਤ ਹੋਇਆ ਹੈ।

ਪਰਿਵਰਤਨ, ਚੱਕੀ ਦੇ ਗੇੜ ਵਾਂਗ ਨਹੀਂ, ਪੇਚ ਦੇ ਫੇਰ ਵਾਂਗ ਹੈ। ਵਿਸ਼ਵ ਦੀ ਹਰ ਵਸਤ ਦ੍ਵੰਦਮਈ ਹੈ। ਦ੍ਵੰਦ ਦੇ ਦੋ ਪੱਖ ਹਨ ਜਿਨ੍ਹਾਂ ਨੂੰ ਅਸੀਂ ਜੀਵਨ ਜਾਂ ਗਿਆਨ ਦੇ ਵਖ-ਵਖ ਪਿੜਾਂ ਵਿਚ ਧਨਾਤਮਿਕ-ਰਿਣਾਤਮਿਕ, ਵਾਦ-ਪ੍ਰਤੀਵਾਦ, ਕਰਮ-ਪ੍ਰਤੀਕਰਮ, ਪਰੰਪਰਾ-ਰਚਨਾਤਮਿਕਤਾ, ਸਮਾਜ-ਵਿਅਕਤੀ, ਸੱਚ ਤੇ ਝੂਠ ਦੇ ਰੂਪਾਂ ਜਾਂ ਨਾਵਾਂ ਹੇਠ ਆਪਸ ਵਿਚ ਖਹਿੰਦੇ- ਮਿਲਦੇ ਦੇਖਦੇ ਹਾਂ। ਕਿਉਂਕਿ ਅਸੀਂ ਇਸ ਦ੍ਵੰਦ ਦੇ ਦੋਹਾਂ ਭਾਗਾਂ ਨੂੰ ਮੁੜ ਮੁੜ ਖਹਿੰਦੇ ਤੇ ਆਉਂਦੇ ਜਾਂਦੇ ਵੇਖਦੇ ਹਾਂ ਇਸ ਲਈ ਸਾਨੂੰ ਜਾਪਦਾ ਹੈ ਕਿ ਪ੍ਰਕਿਰਤੀ ਤੇ ਸਮਾਜ ਜਾਂ ਮਨ ਵਿਚ ਇਕ ਦੁਹਰਾਉ ਜਾਰੀ ਹੈ। ਅਤੇ ਇਸੇ ਲਈ ਅਸੀਂ ਕਹਿੰਦੇ ਹਾਂ ਕਿ ਦਰਸ਼ਨ ਵਿਚ ਵਾਦ-ਪ੍ਰਤੀਵਾਦ ਮੁਢ ਤੋਂ ਹੈ, ਸਾਹਿਤ ਵਿਚ ਕਲਾਸੀਕੀਅਤ (Classicism); ਜਾਂ ਪਰੰਪਰਾਵਾਦ ਦੀ ਨਵ-ਪ੍ਰਤਿਭਾ ਨਾਲ ਸਦਾ ਖਹਿ ਰਹੀ ਹੈ ; ਜਾਂ ਸਮਾਜ ਵਿਚ ਸੱਚ ਤੇ ਝੂਠ ਦੀਆਂ ਸ਼ਕਤੀਆਂ ਦੀ ਸਦਾ ਟੱਕਰ ਰਹੀ ਹੈ। ਇਸੇ ਮੁੜ-ਮੁੜ ਹੁੰਦੀ ਖਹਿ ਨੂੰ ਅਸੀਂ ਇੰਜ ਵੀ ਕਹਿੰਦੇ ਹਾਂ : ਸਮਾਜ ਵਿਚ ਤਾਂ ਦੋ ਹੀ ਸ਼੍ਰੇਣੀਆਂ ਹਨ ਲੁੱਟ-ਘਸੁੱਟ ਕਰਨ ਵਾਲੀ ਅਤੇ ਖੋਹੀ-ਮੋਹੀ ਤੋਂ ਪੀੜਤ ਜਨਤਾ। ਕਹਿੰਦੇ ਹਨ ਕਿ ਇਤਿਹਾਸ ਆਪਣੇ ਆਪ ਨੂੰ ਦਹੁਰਾਉਂਦਾ ਹੈ।

ਪਰ ਕੀ ਦ੍ਵੰਦ ਕਿਸੇ ਦਹੁਰਾਉ ਉਪਰ ਖੜਾ ਹੈ ?

ਦਹੁਰਾਉ ਕੇਵਲ ਦ੍ਵੰਦ ਦੇ ਵਾਪਰਨ ਵਿਚ ਹੈ ਇਸ ਦੇ ਅੰਗਾਂ ਵਿਚ ਨਹੀਂ ; ਜਾਂ ਕਿਹਾ ਜਾ ਸਕਦਾ ਹੈ ਕਿ ਦ੍ਵੰਦ ਸਦਾ ਉਹੋ ਰਹਿੰਦਾ ਹੈ ਪਰ ਵਿਰੋਧੀ ਸ਼ਕਤੀਆਂ ਦਾ ਰੂਪ, ਲੱਛਣ, ਆਕਾਰ ਤੇ ਖਾਸਾ ਉਹੋ ਨਹੀਂ ਹੁੰਦਾ।

ਦਰਸ਼ਨ ਵਿਚ ਹਰ ਵਾਦ ਪਹਿਲੇ ਵਾਦ ਦਾ ਵਿਕਸਿਤ ਰੂਪ ਹੋ ਸਕਦਾ ਹੈ ਪਰ ਇਹ ਵੱਖਰਾ ਹੈ, ਨਵਾਂ ਹੈ, ਇਸ ਲਈ ਇਸ ਦੇ ਪ੍ਰਤੀਵਾਦ ਅਤੇ ਸੰਬਾਦ ਵੀ ਪਹਿਲੇ ਪ੍ਰਤੀਵਾਦਾਂ ਅਤੇ ਸੰਬਾਦਾਂ ਜਿਹੇ ਨਹੀਂ ਹਨ। ਸਾਹਿਤ ਵਿਚ ਪਰੰਪਰਾ ਤੇ ਪ੍ਰਤਿਭਾ ਤਾਂ ਵਾਰੋ ਵਾਰ ਉਭਰ ਕੇ ਆਉਂਦੇ ਹਨ ਪਰ ਹਰ ਅਤੇ ਪ੍ਰਯੋਗਵਾਦੀ ਸਾਹਿਤ ਵੱਖਰੀਆਂ ਰਚਨਾਵਾਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੱਖਰੇ ਵਿਸ਼ੇ, ਵੱਖਰੇ ਰੂਪ ਆਪਣੇ ਨਾਲ ਲੈ ਕੇ ਆਉਂਦਾ ਹੈ। ਹਰ ਪ੍ਰਾਚੀਨਤਾ ਪਹਿਲਾਂ ਦੀ ਪ੍ਰਾਚੀਨਤਾ ਤੋਂ ਵੱਖਰੀ ਹੈ। ਇਸ ਲਈ ਹਰ ਨਵੀਨਤਾ ਪਹਿਲਾਂ ਦੀ ਕਦੇ ਆਈ ਨਵੀਨਤਾ ਤੋਂ ਵੱਖਰੀ ਹੈ। ਅਤੇ ਇਸ ਲਈ, ਹਰ ਨਵਾਂ ਵਿਕਸਿਤ ਹੋਇਆ ਵਿਚਾਰ ਅਤੇ ਉਭਰਿਆ ਲੇਖਕ ਜ਼ਰੂਰੀ ਨਹੀਂ ਕਿ ਨਰੋਆ ਤੇ ਕਲਿਆਣਕਾਰੀ ਵੀ ਹੋਵੇ। ਹਰ ਆਰਥਕ ਪ੍ਰਬੰਧ ਵਿਚ ਲੁੱਟਣ ਤੇ ਲੁਟੀਣ ਵਾਲੀ ਸ਼ਰੇਣੀ ਦੀ ਵੱਖਰੀ ਸਾਮਾਜਿਕ ਮਹਾਨਤਾ, ਵੱਖਰੀ ਰਹਿਣੀ ਬਹਿਣੀ, ਵਖ ਸੁਹਜ-ਸੁਆਦ, ਆਦਤਾਂ, ਮਾਨਸਿਕ ਝੁਕਾਅ ਤੇ ਉਲਾਰ ਰਹੇ ਹਨ। ਇਤਿਹਾਸ ਵਿਚ ਜੇ ਭਾਰਤੀ ਸਮਾਜ ਵਿਚ ਫੁੱਟ ਜਾਂ ਰਸਾਤਲ ਨੂੰ ਇਕ ਕਰਮ ਮੰਨ ਲਈਏ (ਜਿਹੜਾ ਕਈ ਵਾਰ ਵਾਪਰਿਆ) ਤਾਂ ਇਸ ਦਾ ਪ੍ਰਤੀਕਰਮ ਬਾਹਰਲੇ ਹਮਲੇ ਹੋ ਸਕਦੇ ਹਨ। ਪਰ ਅਸੀਂ ਦੇਖਦੇ ਹਾਂ ਕਿ ਆਰੀਆਂ ਦੀ ਆਵੰਦ ਤੋਂ ਪਹਿਲਾਂ ਦਰਾਵੜਾਂ ਦੀ ਸਾਮਾਜਿਕ ਹਾਲਤ, ਰਾਜਾ ਦਾਹਰ ਦੇ ਵੇਲੇ ਦੀ ਸਾਮਾਜਿਕ ਹਾਲਤ ਤੋਂ ਵੱਖਰੀ ਸੀ। ਨਾ ਹੀ ਆਰੀਆਂ ਦੀ ਆਵੰਦ ਦੀ, ਮੁਹੰਮਦ ਬਿਨ ਕਾਸਿਮ ਦੇ ਹਮਲੇ ਵਿਚਕਾਰ ਕੋਈ ਸਾਂਝ ਸੀ। ਇੰਜ ਹੀ ਅੰਬੀ ਤੇ ਪੁਰੂ-ਰਾਜ ਦੀ ਫੁੱਟ ਦਾ ਖਾਸਾ ਵਧੇਰੇ ਰਾਜਨੀਤਕ ਸੀ ; ਰਾਜਪੂਤੀ ਫੁੱਟ ਨੂੰ ਵਧੇਰੇ ਖਾਨਦਾਨੀ ਜਾਂ ਨਿੱਜੀ ਅਤੇ ਦਿੱਲੀ-ਸੁਲਤਾਨੀ ਤੇ ਰਾਜਪੂਤਾਂ ਵਿਚਕਾਰ ਫੁੱਟ ਨੂੰ ਕੌਮੀ ਫੁੱਟ ਕਿਹਾ ਜਾ ਸਕਦਾ ਹੈ ਅਤੇ ਇਨ੍ਹਾਂ ਨਾ-ਇਤਫ਼ਾਕੀਆਂ ਸਮੇਂ ਕਰਮਵਾਰ ਜਿਹੜੇ ਹਮਲੇ ਹੋਏ ਉਨ੍ਹਾਂ ਦਾ ਲੱਛਣ ਵੀ ਵੱਖਰਾ ਸੀ। ਸਿਕੰਦਰ ਦਾ ਹਮਲਾ, ਯੂਨਾਨੀ ਸ਼ਹਿਰੀ ਰਿਆਸਤਾਂ ਨੂੰ ਹਜ਼ਮ ਕਰ ਕੇ ਬਣੀ ਮਾਣ-ਮੱਤੀ ਕੌਮ-ਪ੍ਰਸਤੀ ਦੀ ਮਾਹਰਕੇਬਾਜ਼ੀ ਨੀ। ਮਹਿਮੂਦ ਦੇ ਹਮਲੇ ਇਸਲਾਮੀ ਪ੍ਰਚਾਰ ਅਤੇ ਮਾਲਿ ਗ਼ਨੀਮ (ਦੁਸ਼ਮਣ ਦਾ ਲੁਟਿਆ ਮਾਲ) ਦੇ ਲਾਲਚ ਦਾ ਮੇਲ ਮਨ। ਅਤੇ ਬਾਬਰ ਦਾ ਹਮਲਾ ਧਰਮ-ਨਿਰਪਖ, ਉਦਾਰ ਇਸਲਾਮੀ ਰਾਜ ਦਾ ਪ੍ਰਤੀਨਿਧ ਸੀ।

ਇਸੇ ਆਧਾਰ ਤੇ ਮਾਰਕਸਵਾਦ ਦਾ ਮੱਤ ਹੈ ਕਿ ਭਵਿਸ਼ ਵਿਚ ਸ਼੍ਰੇਣੀ-ਰਹਿਤ ਸਮਾਜ ਦੀ ਸਥਾਪਨਾ ਮਗਰੋਂ ਮਨੁੱਖ, ਮਨੁੱਖ ਦੇ ਦ੍ਵੰਦ ਦਾ ਸਥਾਨ ਮਨੁੱਖ ਅਤੇ ਪ੍ਰਕ੍ਰਿਤੀ ਦਾ ਦ੍ਵੰਦ ਲਵੇਗਾ। ਇੰਜ ਜਿਹੜੀਆਂ ਰਾਜਨੀਤਕ, ਭੌਤਿਕ ; ਰਸਾਇਣਕ, ਸਮਾਜਕ, ਤਬਦੀਲੀਆਂ ਅਸੀਂ ਦੇਖਦੇ ਹਾਂ ਉਨ੍ਹਾਂ ਤਬਦੀਲੀਆਂ ਨੂੰ ਦੇ ਅਸੀਂ ਦ੍ਵੰਦਾਤਮਕ ਢੰਗ ਨਾਲ ਦੇਖੀਏ ਤਾਂ ਸਾਨੂੰ ਦਿਸਦਾ ਹੈ ਕਿ ਇਹ ਤਬਦੀਲੀਆਂ ਚੱਕੀ ਦੇ ਗੇੜ ਜਿਹੀਆਂ ਨਹੀਂ, ਜਿਹੜੀਆਂ ਖੂਹ ਦੀਆਂ ਟਿੰਡਾਂ ਵਾਂਗ ਗਿਣੇ-ਮਿਥੇ ਵਕਫ਼ੇ ਮਗਰੋਂ ਇਕੋ ਥਾਂ ਆ ਕੇ ਮੁੜ-ਮੁੜ ਲੰਘ ਜਾਂਦੀਆਂ ਹਨ, ਸਗੋਂ ਇਨ੍ਹਾਂ ਤਬਦੀਲੀਆਂ ਦਾ ਚੱਕਰ ਲੱਕੜ ਜਾਂ ਲੋਹੇ ਵਿਚ ਲਗਣ ਵਾਲੇ ਪੇਚ (Screw) ਦੇ ਚੱਕਰ ਜਿਹਾ ਹੁੰਦਾ ਹੈ, ਜਿਹੜਾ ਹਰ ਵਾਰ ਪਹਿਲੇ ਚੱਕਰ ਤੋਂ ਉਚੀ ਥਾਂ ਤੇ ਆਉਂਦਾ ਹੈ—ਜਿਹੜਾ ਪੂਰਣ ਰੂਪ ਵਿਚ ਇਕ ਵੱਖਰਾ ਉਭਾਰ ਹੁੰਦਾ ਹੈ।

ਦ੍ਵੰਦਵਾਦ, ਦਾਰਸ਼ਨਿਕਤਾ ਜਾਂ ਵਿਸ਼ਲੇਸ਼ਣ ਦਾ ਤਰਕ (Logic) ਹੈ। ਦਰਸ਼ਨ ਦਾ ਇਤਿਹਾਸ ਗਵਾਹ ਹੈ ਕਿ ਦ੍ਵੰਦਵਾਦ ਆਪ ਮਨੁੱਖੀ ਚਿੰਤਨ ਵਿਚ ਆਏ ਕਈ ਵਾਦਾਂ-ਪ੍ਰਤੀਵਾਦਾਂ ਦਾ ਸੰਬਾਦ ਹੈ ਜਿਸ ਦੀ ਰੂਪ ਰੇਖਾ ਅਫ਼ਲਾਤੂਨ ਅਤੇ ਮਹਾਤਮਾ ਬੁੱਧ ਤੋਂ ਵੀ ਢੇਰ ਚਿਰ ਪਹਿਲਾਂ ਮਾਨਵ-ਬੁੱਧ ਵਿਚ ਪੈ ਚੁਕੀ ਸੀ। ਪਰ ਦ੍ਵੰਦਵਾਦ ਪੂਰਣ ਸਿਧਾਂਤ ਦੇ ਰੂਪ ਵਿਚ ਉਦੋਂ ਹੀ ਵਿਕਸਤ ਹੋਇਆ ਜਦੋਂ ਇਸ ਦਾ ਮੇਲ ਭੌਤਿਕਵਾਦ ਨਾਲ ਹੋਇਆ ਜਿਸ ਨੂੰ ਮਾਰਕਸ ਤੇ ਏਂਜਲਸ ਨੇ ਅਨੁਭਵ ਤੇ ਪ੍ਰਤਿਪਾਦਿਤ ਕੀਤਾ।

CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਦ੍ਵੰਦਵਾਦ ਬੁਨਿਆਦੀ ਤੌਰ ਤੇ ਪਰਮਾਰਥਕ ਜਾਂ ਆਦਰਸ਼ਵਾਦੀ ਸੱਚ ਦੀ ਥਾਂ ਸਾਪੇਖਅਕ ਸੱਚ (Relative truth) ਦੀ ਪ੍ਰਾਪਤੀ ਕਰਾਉਂਦਾ ਹੈ । ਇਹ ਵਿਸ਼ਵ, ਪ੍ਰਕਿਰਤੀ, ਮਨੁੱਖ, ਸਮਾਜ, ਰਸਾਇਣਾਂ ਅਤੇ ਮਨ ਸਬੰਧੀ ਸਭ ਗਿਆਨਾਂ-ਵਿਗਿਆਨਾਂ ਤੇ ਸ਼ਾਸਤਰਾਂ ਦੀ ਕਸਵੱਟੀ ਹੈ । ਇਸ ਨਾਲ ਮਨੁੱਖ ਸਾਇੰਸੀ ਸਿੱਟਿਆਂ ਦੇ ਠੀਕ ਜਾਂ ਗ਼ਲਤ ਹੋਣ ਬਾਰੇ ਨਿਰਣਾ ਕਰ ਸਕਦਾ ਹੈ । ਇਕ ਸਮਾਜ-ਸ਼ਾਸਤਰੀ ਜਾਂ ਸਿਆਸਤਦਾਨ ਸਮਾਜ ਦੀ ਤੋਰ ਦਾ ਵਿਸ਼ਲੇਸ਼ਣ ਕਰ ਅਤੇ ਨੀਤੀ ਬਣਾ ਸਕਦਾ ਹੈ । ਸਾਹਿਤਕਾਰ ਆਪਣੀਆਂ ਪ੍ਰੇਰਨਾਵਾਂ ਦਾ ਸਾਧਾਰਣੀਕਰਣ (Generalisation) ਕਰਨ ਜਾਂ ਇਨ੍ਹਾਂ ਦੇ ਸਾਹਿਤਿਆਉਣ-ਢੰਗ ਦੀ ਸੋਧ-ਸੁਧਾਈ ਕਰ ਸਕਦਾ ਹੈ । ਸਾਹਿਤ-ਆਲੋਚਕ, ਲੇਖਕ ਦੇ ਆਸ਼ੇ, ਨਿਰੂਪਣ ਅਤੇ ਅਪੀਲ ਦਾ ਨਿੱਜੀ ਤੇ ਸਮੁੱਚੇ ਰੂਪ ਵਿਚ ਵਿਸ਼ਲੇਸ਼ਣ ਕਰ ਸਕਦਾ ਹੈ ।

ਪਰ ਦ੍ਵੰਦ ਦੀ ਵਰਤੋਂ (Application) ਵਿਚ ਵੀ ਇਕ ਦ੍ਵੰਦ ਹੈ । ਦ੍ਵੰਦਵਾਦ ਗਿਆਨ ਦੀ ਅੱਖ ਹੈ ਪਰ ਜਦੋਂ ਨੀਤ ਜਾਂ ਸਿਧਾਂਤ ਰੂਪੀ ਖੋਪਰੀ ਉਲਟੀ ਹੋ ਜਾਵੇ ਤਾਂ ਇਸ ਨਾਲ ਸਭ ਕੁਝ ਪੁੱਠਾ ਵੀ ਦਿਸ ਸਕਦਾ ਹੈ ਜਿਸ ਨੂੰ ਅਸੀਂ ਮੈਕਾਂਕੀ ਜਾਂ ਜੰਤਰ-ਬੱਧ ਅਤੇ ਗ੍ਰੰਥਵਾਦੀ (Dogmatic) ਸੋਧਣੀ ਕਹਿ ਸਕਦੇ ਹਾਂ । ਦ੍ਵੰਦਵਾਦੀ ਅੱਖਾਂ ਜੇ ਹਉਮੈ (Ego), ਸੰਕੀਰਣਤਾਵਾਦ, ਪਰਿਨਿਸ਼ਚਿਤਵਾਦ, (Predeterminism) ਰੂਪੀ ਆਪਣੇ ਨੱਕ ਵਲ ਹੀ ਵੇਖਣ ਲਗ ਜਾਣ ਤਾਂ ਇਕ-ਇਕ ਦੇ ਦੋ-ਦੋ ਵੀ ਦਿੱਸ ਸਕਦੇ ਹਨ । ਅਤੇ ਆਪੋ ਵਿਚ ਖ਼ਲਤ-ਮਲਤ ਵੀ । ਅਸਲ ਵਿਚ ਮੈਕਾਂਨਕੀ ਸੋਚ, ਗ੍ਰੰਥਵਾਦ, ਸੰਕੀਰਣਤਾਵਾਦ ਅਤੇ ਪਰਿਨਿਸ਼ਚਿਤਵਾਦ ; ਉਹ ਦੋਸ਼ ਹਨ ਜਿਹੜੇ ਦ੍ਵੰਦਵਾਦ ਨੂੰ ਪੂਰਨ ਰੂਪ ਵਿਚ ਨਾ ਸਮਝਣ ਕਾਰਨ ; ਇਸ ਦੇ ਇਕ ਜਾਂ ਕੁਝ ਪੱਖਾਂ ਅਨੁਸਾਰ ਸੋਚਣ ਅਤੇ ਵਰਤੋਂ ਵਿਚ ਰਚਨਾਤਮਕਤਾ ਦੀ ਅਨਹੋਂਦ ਕਾਰਣ ਪੈਦਾ ਹੋ ਜਾਂਦੇ ਹਨ ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆਨ-ਵਿਗਿਆਨ

"ਪਰ ਮਨੁੱਖੀ ਗਿਆਨ-ਵਿਗਿਆਨ ਦੇ ਇਤਿਹਾਸ ਦਸਦੇ ਹਨ ਕਿ
ਜਦੋਂ ਵੀ ਕੁਦਰਤ ਦੇ ਕਿਸੇ ਭੌਤਿਕ ਵਰਤਾਰੇ ਦੀ ਸਮੱਸਿਆ
ਮਨੁੱਖੀ ਮਨ ਦੇ ਏਜੰਡੇ ਉਪਰ ਆਈ ਹੈ,
ਉਸ ਵਰਤਾਰੇ ਦੀ ਅਣਹੋਂਦ ਕਦੇ ਸਾਬਤ ਨਹੀਂ ਕੀਤੀ ਜਾ ਸਕੀ ।
ਉਸ ਵਰਤਾਰੇ ਹੇਠ ਆਸੋਂ ਉਲਟ,
ਕੁਦਰਤ ਦੇ ਹੋਰ ਭੇਤ ਅਤੇ ਦੂਜੇ ਵਰਤਾਰੇ ਭਾਵੇਂ ਕਈ ਲੱਭ ਪਏ ਹੋਣ ।"

ਯੂਟੋਪੀਆ

ਭਰਮ ਵੀ ਮਨੁੱਖ ਦਾ ਇੱਕ ਤਰ੍ਹਾਂ, ਆਸਰਾ ਹੁੰਦੇ ਹਨ ਕਿਉਂਕਿ ਸਾਧਾਰਣ ਮਨੁੱਖ ਕਈ ਵਾਰ ਭਰਮਾਂ ਦੇ ਆਸਰੇ ਹੀ ਜਿਉਂ ਛਡਦੇ ਹਨ । ਅਜਿਹੇ ਭਰਮਾਂ, ਕਲਪਨਾਵਾਂ ਜਾਂ ਖ਼ੁਸ਼-ਫਹਿਮੀਆਂ ਦੀ ਦੇਣ ਹੀ 'ਯੂਟੋਪੀਆ' ਹੈ । ਯੂਟੋਪੀਆ ਇੱਕ ਪੁਸਤਕ ਦਾ ਨਾਂ ਹੈ ਜਿਹੜੀ ਸਰ ਟਾਮਸ ਮੋਰ ਨੇ ਲਿਖੀ । ਸਰ ਟਾਮਨ ਮੋਰ ਨੇ ਯੂਟੋਪੀਆ ਸ਼ਬਦ ਕਿਸੇ ਅਜਿਹੇ ਦੇਸ਼ ਦੇ ਨਾਂ ਲਈ ਵਰਤਿਆ, ਜਿਹੜਾ ਕਿਤੇ ਨਹੀਂ । ਅਜ ਕਿਸੇ ਭਾਸ਼ਾ ਦੇ ਕੋਸ਼ ਜਾਂ ਵਿਸ਼ਵਕੋਸ਼ ਵਿਚ ਇਸ ਸ਼ਬਦ ਦੇ ਅਰਥ ਜੇ ਲੱਭੇ ਜਾਣ ਤਾਂ ਇਹ ਅਰਥ ਵੀ ਨਿਕਲਦੇ ਹਨ : 'ਅਜਿਹਾ ਦੇਸ ਜਿਥੋਂ ਦਾ ਰਾਜ-ਪ੍ਰਬੰਧ ਸਰਬ-ਗੁਣ ਸੰਪੰਨ ਹੋਵੇ ਅਤੇ ਨਾਲ ਹੀ ਲਿਖਿਆ ਹੁੰਦਾ ਹੈ-ਕਲਪਤ, ਹਵਾਈ, ਅਨਯਥਾਰਥਕ, ਆਦਿਕ ।

'ਯੂਟੋਪੀਆ' ਦੀ ਇਹੋ ਵਿਆਖਿਆ ਆਪਣੇ ਆਪ ਵਿਚ ਯੂਟੋਪੀਆ ਦਾ ਇਤਿਹਾਸ ਹੈ ।

ਜਿਥੋਂ ਤਕ 'ਯੂਟੋਪੀਆ' ਨਾਂ ਦੀ ਪੁਸਤਕ ਲਿਖਣ ਦਾ ਸੰਬੰਧ ਹੈ, ਉਹ ਕੇਵਲ ਸਰ ਟਾਮਸ ਮੋਰ ਨੇ ਹੀ ਲਿਖੀ ਪਰ ਜੋ ਕੁਝ ਇਸ ਪੁਸਤਕ ਦੀ ਸਾਹਿਤਕ, ਦਾਰਸ਼ਨਿਕ, ਸਮਾਜਕ ਤੇ ਰਾਜਨੀਤਕ ਮਹੱਤਤਾ ਅਤੇ ਵਿਸ਼ੇਸ਼ਤਾ ਸੀ ਉਹ ਸਰ ਟਾਮਸ ਮੋਰ ਤੋਂ ਪਹਿਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਮਗਰੋਂ ਦੀਆਂ ਲਿਖੀਆਂ ਗਈਆਂ ਪੁਸਤਕਾਂ ਲਈ ਵੀ ਕਸਵੱਟੀ ਬਣੀ । ਇਸ ਪੱਧਰ ਦੀਆਂ ਲਿਖੀਆਂ ਗਈਆਂ ਸਭ ਪੁਸਤਕਾਂ ਨੂੰ ਯੂਟੋਪੀਆ ਹੀ ਕਿਹਾ ਜਾਂਦਾ ਹੈ । ਇਸ ਲਈ ਯੂਟੋਪੀਆ ; ਇੱਕ ਪੁਸਤਕ ਵਿਸ਼ੇਸ਼ ਦੇ ਨਾਂ ਦੀ ਥਾਂ ਪੁਸਤਕਾਂ ਦੀ ਇੱਕ ਵੱਖਰੀ ਸ਼੍ਰੇਣੀ ਦਾ ਨਾਂ ਬਣ ਗਿਆ । ਇਸ ਪੱਖ ਤੋਂ ਪਹਿਲੀ ਯੂਟੋਪੀਆ 'ਗਨਤੰਤਰ' (Repblic) ਸੰਸਾਰ-ਪ੍ਰਸਿੱਧ ਦਾਰਸ਼ਨਿਕ ਅਫਲਾਤੂਨ ਨੇ ਲਿਖੀ । ਉਂਜ ਅਫਲਾਤੂਨ ਦਾ 'ਗਨਤੰਤਰ' ਸਾਡੀ ਦੁਨੀਆ ਜੇਹਾ ਹੀ ਹੈ, ਜਿਸ ਵਿਚ ਸ਼੍ਰੇਣੀ-ਵਿਤਕਰਾ, ਰਾਜ-ਪ੍ਰਬੰਧ ਅਤੇ ਕੰਮ ਦੀ ਵੰਡ ਵੀ ਦਿਸਦੀ ਹੈ, ਸਾਰਾ ਕੁਝ ਸੁਤੇ-ਸਿੱਧ ਹੈ । ਪਰ ਇਹ ਸਾਰਾ ਕੁਝ ਏਨਾ ਨਿਯਮ-ਬੱਧ, ਏਨਾ ਬੁੱਧੀਵਾਦੀ, ਸਥਿਰ ਅਤੇ ਅਸਲੀ ਹੈ ਕਿ ਅਮਲ-ਯੋਗ ਨਹੀਂ ਜਾਪਦਾ । ਉਂਜ ਵੀ ਉਸਦੇ ਆਪਣੇ ਵਿਚਾਰਾਂ ਅਨੁਸਾਰ 'ਪ੍ਰਜਾ-ਤੰਤਰ' ਇਸ ਸੰਸਾਰ ਦੀ ਹਕੀਕਤ ਨਹੀਂ, ਕਿਸੇ ਹੋਰ ਦੁਨੀਆਂ ਦੀ ਹੈ । ਕਿਉਂਕਿ ਅਫਲਾਤੂਨ ਦੇ ਵਿਚਾਰ ਵਿੱਚ ਦੋ ਦੁਨੀਆਂ ਸਨ; ਇੱਕ ਇਹ ਛਿਨ-ਛਿਨ ਬਦਲਦੀ ਬਾਹਰਮੁਖੀ ਦੁਨੀਆਂ ਤੇ ਦੂਜੀ ਸਥਿਰ, ਪੱਕੀ ਪਰ ਖ਼ਿਆਲੀ ਦੁਨੀਆ ਜਿਸ ਵਿੱਚ ਅਫਲਾਤੂਨ ਰਹਿੰਦਾ ਸੀ । ਇਸੇ ਲਈ ਅਫਲਾਤੂਨ ਨੇ ਆਪਣੇ ਦਰਸ਼ਨ ਤੇ ਕਲਪਨਾ ਦੇ ਆਧਾਰ ਤੇ ਸਮਾਜ ਦੀ ਸਿਰਜਨਾ ਕੀਤੀ ਜਿਸ ਵਿਚ ਬੁੱਧੀਵਾਦੀ ਸ਼੍ਰੇਣੀ ਸਭ ਤੋਂ ਉੱਚੀ ਥਾਂ ਸੀ । ਇਸ ਨੂੰ ਉਹ ਵਿਗਿਆਨਮਈ ਦੁਨੀਆ ਵੀ ਕਹਿੰਦਾ ਸੀ । ਜੇ ਕਿਤੇ ਉਸ ਨੂੰ ਪਤਾ ਹੁੰਦਾ ਕਿ ਵਿਗਿਆਨ ਜਾਂ ਸਾਇੰਸ ਦੀ ਕਸਵੱਟੀ ਹੀ ਅਮਲ ਜਾਂ ਤਜਰਬਾ ਹੈ ਤਾਂ ਸ਼ਾਇਦ ਉਹ ਇਸ ਨਾਲ ਇਹ ਵਿਸ਼ੇਸ਼ਣ ਲਾਉਣੋਂ ਝਿਜਕਦਾ । ਇਸ ਸ਼੍ਰੇਣੀ ਨੂੰ ਜਨਮ ਤੋਂ ਹੀ ਯੋਗ ਬਣਾਉਣ ਦੀਆਂ ਸਿਫ਼ਾਰਸ਼ਾਂ ਅਫ਼ਲਾਤੂਨ ਨੇ ਆਪਣੇ ਯੂਟੋਪੀਆ 'ਗਨਤੰਤਰ' ਵਿਚ ਕੀਤੀਆਂ । ਇਸ ਸ਼੍ਰੇਣੀ ਨੇ ੨੦ ਸਾਲ ਦੀ ਉਮਰ ਤਕ ਸਾਧਾਰਨ ਵਿਦਿਆ ਦੀ ਪ੍ਰੀਖਿਆ ਪਾਸ ਕਰਨੀ ਸੀ । ੨੦ ਤੋਂ ੩੦ ਸਾਲ ਤਕ ਇੱਕ ਖਾਸ ਵਿਦਿਆ-ਪੱਧਤੀ ; ਜਿਸ ਵਿਚ ਰੇਖਾ-ਗਣਿਤ, ਅੰਕ-ਗਣਿਤ ਤੇ ਜੋਤਸ਼ ਵੀ ਸੀ, ਪਾਸ ਕਰਨੀ ਜ਼ਰੂਰੀ ਸੀ । ਇਸ ਤੋਂ ਮਗਰੋਂ ਸ਼੍ਰੇਣੀ ਲਈ ਪੰਜ ਸਾਲ ਹੋਰ, ਦਰਸ਼ਨ ਦਾ ਅਧਿਐਨ ਕਰਨਾ ਅਤੀ-ਜ਼ਰੂਰੀ ਸੀ । ੩੦ ਸਾਲ ਤੋਂ ਜੀਵਨ ਦੇ ਅੰਤ ਤਕ ਇਸ ਸ਼੍ਰੇਣੀ ਨੇ ਸਮਾਜਕ-ਪ੍ਰੀਖਿਆਵਾਂ ਵਿਚੋਂ ਲਗਾਤਾਰ ਪੂਰਾ ਉਤਰਦਿਆਂ ਹੋਇਆਂ ਸਮਾਜਕ-ਅਗਵਾਈ ਕਰ ਕੇ ਸਮਾਜ ਦੇ ਪ੍ਰਬੰਧ ਤੇ ਉਸਾਰੀ ਵਿਚ ਫੈਸਲਾ-ਕਰੂ ਹਿੱਸਾ ਪਾਉਣਾ ਸੀ । ਇਸ ਉੱਚ ਸ਼੍ਰੇਣੀ ਲਈ ਜ਼ਰੂਰੀ ਸੀ ਕਿ ਉਹ ਸੰਸਾਰਕ ਪ੍ਰਲੋਭਨਾਂ ਤੋਂ ਲਗਾਤਾਰ ਬਚਦੀ ਰਹੇ, ਆਪਣੀ ਨਿੱਜੀ ਮਲਕੀਅਤ ਅਤੇ ਜਾਇਦਾਦ ਨਾ ਬਣਾਏ, ਸੋਨੇ ਚਾਂਦੀ ਨੂੰ ਹੱਥ ਨਾ ਲਾਵੇ— ਕਿਉਂਕਿ ਅਫਲਾਤੂਨ ਦੇ ਕਥਨ ਅਨੁਸਾਰ ਇਹ ਸ਼੍ਰੇਣੀ ਆਪ ਇੱਕ ਦਿੱਭ-ਸੋਨੇ ਦੀ ਘਾੜਤ ਸੀ । ਇੰਜ ਅਫਲਾਤੂਨ ਦੀ ਹਾਕਮ-ਸ਼੍ਰੇਣੀ ਇੱਕ ਤਰ੍ਹਾਂ ਆਪਣੀਆਂ ਸਿਫਤਾਂ ਕਾਰਣ ਬੋਧੀ-ਭਿਖਸ਼ੂ-ਸੰਘ ਦੇ ਨੇੜੇ ਵੀ ਪੁੱਜ ਜਾਂਦੀ ਸੀ ਅਤੇ ਇਸ ਦਾ ਪੂਰਾ ਸਮਾਜ, ਆਪਣੀ ਵੰਡ ਵਿਚ ਮੰਨੂੰ ਦੇ ਸਿਧਾਂਤ ਦੇ ਲਾਗੇ ਚਾਗੇ ਵੀ ਸੀ । ਉਸ ਨੇ ਵੀ ਆਪਣੇ ਪਰਜਾਤੰਤਰ ਦੇ ਤਿੰਨਾਂ ਵਰਗਾਂ ਨੂੰ ਸਰੀਰ ਦੇ ਉਤਮ ਤੇ ਘਟ ਮਹੱਤਤਾ ਵਾਲੇ ਅੰਗਾਂ ਨਾਲ ਉਪਮਾ ਦਿੱਤੀ ਸੀ । ਅਫਲਾਤੂਨ ਦੇ 'ਗਨ-ਤੰਤਰ' ਵਿਚ ਇਕ ਹੋਰ ਸ਼੍ਰੇਣੀ ਸੀ । ਜਿਸ ਦਾ ਕੰਮ ਮੁਢ ਤੋਂ ਹੀ ਸ਼ਸ਼ਤ੍ਰ ਤੇ ਯੁੱਧ-ਵਿਦਿਆ ਵਿਚ ਪ੍ਰਬੀਨ ਹੋਣਾ ਸੀ । ਛੱਤਰੀਆਂ ਤੇ ਇਸ ਸ਼੍ਰੇਣੀ ਵਿਚ ਫਰਕ ਇਹ ਸੀ ਕਿ ਮਨੂੰ ਤੇ ਹਿੰਦੂ-ਧਰਮ, ਛੱਤ੍ਰੀਆਂ ਨੂੰ ਸ਼ਸਤਰ ਤੇ ਰਾਜ-ਪ੍ਰਬੰਧ ਦੋਵੇਂ ਸੌਂਪਦੇ ਸਨ ਪਰ ਇਹ ਯੂਨਾਨੀ ਦਾਰਸ਼ਨਿਕ, ਰਾਜ-ਪ੍ਰਬੰਧ ਦਾ ਕੰਮ, ਦਾਰਸ਼ਨਿਕ ਪ੍ਰਬੰਧਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਪ੍ਰਦਾਨ ਕਰਦਾ ਸੀ ।

ਅਫਲਾਤੂਨੀ ਸਮਾਜ, ਨਾਂ ਪਰਜਾ-ਤੰਤਰ ਹੋਣ ਦੇ ਬਾਵਜੂਦ ਪਰਜਾ-ਤੰਤਰ ਨਹੀਂ ਸੀ ਕਿਉਂਕਿ ਇਸ ਵਿਚ ਆਮ ਲੋਕਾਂ ਦਾ ਰਾਜ-ਪ੍ਰਬੰਧ ਵਿਚ ਕੋਈ ਦਖ਼ਲ ਨਹੀਂ ਸੀ । ਅਫਲਾਤੂਨ ਨੇ ਦੇਖਿਆ ਸੀ ਕਿ ਉਸ ਦੇ ਉਸਤਾਦ ਨੇ ਇਸ ਦੱਲਿਤ ਵਰਗ ਦੇ ਹਿਤਾਂ ਨੂੰ ਸਾਹਮਣੇ ਰਖ ਕੇ ਹੀ ਪਰਚਾਰ ਕੀਤਾ ਸੀ ਜਿਸ ਨਾਲ ਪੁਰਾਣੇ ਵਿਚਾਰਾਂ ਤੇ ਵਿਸ਼ਵਾਸਾਂ ਨੂੰ ਚੋਟ ਵੀ ਲਗਦੀ ਸੀ । ਉਸ ਨੇ ਇਹ ਵੀ ਦੇਖਿਆ ਸੀ ਕਿ ਉਸਤਾਦ ਸੁਕਰਾਤ ਦੀ ਮੌਤ ਉਤੇ ਇਸੇ ਸ਼੍ਰੇਣੀ ਨੇ ਉਂਗਲ ਤੱਕ ਨਾ ਚੁੱਕੀ ਤੇ ਜੀਭ ਤਕ ਨਾ ਹਿਲਾਈ ਸਗੋਂ ਇਸ ਸ਼੍ਰੇਣੀ ਨੂੰ ਬਲ-ਬੁੱਧ-ਹੀਣ ਦੇਖ ਕੇ ਹੀ ਉਹ ਪ੍ਰਤੀਨਿਧ ਰਾਜ-ਪ੍ਰਬੰਧ ਦੇ ਵਿਰੁਧ ਹੋ ਗਿਆ ਸੀ ।

ਅਫਲਾਤੂਨ ਨੂੰ ਸਮਾਜ ਵਿਚ ਫਿੱਟ ਹੋਈ ਅੱਤ ਦੀ ਅਮੀਰੀ ਤੇ ਧੌਣ-ਸੁੱਟੀ ਮਜਬੂਰ ਗ਼ਰੀਬੀ ; ਦੋਵੇਂ ਬੁਰੀਆਂ ਲਗਦੀਆਂ ਸਨ । ਇਸ ਲਈ ਉਸ ਨੇ ਆਪਣੀ ਕਲਪਤ ਦੁਨੀਆਂ ਵਿਚ ਤਿੰਨਾਂ ਹੀ ਸ਼੍ਰੇਣੀਆਂ ਦੀ ਵਧ ਤੋਂ ਵਧ ਮਲਕੀਅਤ ਦੀ ਹੱਦ ਨੀਅਤ ਕੀਤੀ ਜਿਸ ਤੋਂ ਉਪਰ ਦਾ ਧਨ ਸੌ-ਫੀਸਦੀ ਟੈਕਸ ਨਾਲ ਸਰਕਾਰੀ ਖ਼ਜ਼ਾਨੇ ਵਿਚ ਜਾਣਾ ਸੀ । ਅਫਲਾਤੂਨ ਦੇ ਕਲਪਤ ਸਮਾਜਵਾਦ ਉਪਰ ਕਬਜ਼ਾ ਅਫਲਾਤੂਨ ਤੇ ਉਸ ਜੇਹੇ ਬੁੱਧੀ ਜੀਵਾਂ ਦਾ ਸੀ । ਇੰਜ ਉਸ ਦਾ 'ਗਨ-ਤੰਤਰ' ਲੋਕ-ਹਿਤੂ ਹੋਣ ਦੇ ਬਾਵਜੂਦ ਲੋਕਾਂ ਦਾ ਤਾਂ ਸੀ, ਲੋਕਾਂ ਲਈ ਵੀ ਸੀ ਪਰ ਲੋਕਾਂ ਰਾਹੀਂ ਨਹੀਂ ਸੀ ।

ਸਮਕਾਲੀ ਪਰਜਾ-ਤੰਤਰ ਵਿਚ ਆਮ ਲੋਕਾਂ ਦੀ ਮੂੜ੍ਹ-ਮੱਤ ਨੂੰ ਸਵਾਰਥ ਦੇ ਢਹੇ ਚੜ੍ਹਿਆ ਦੇਖ ਕੇ ਅਫਲਾਤੂਨ ਨੇ ਬੁੱਧੀਵਾਦੀਆਂ ਦੇ ਸੱਤਾ-ਰੂੜ੍ਹ ਸਮਾਜ ਦੀ ਕਲਪਨਾ ਕੀਤੀ ਜੋ ਆਮ ਲੋਕਾਂ ਤੋਂ ਦੁਪਰਿਆਰਾ ਹੋਣ ਕਾਰਣ ਕਿਸੇ ਸਮੇਂ ਵੀ ਬਦਰਾਹ ਹੋ ਕੇ ਆਪ-ਹੁਦਰੇਸ਼ਾਹੀ ਵਿਚ ਬਦਲ ਸਕਦਾ ਸੀ ।

ਅਫਲਾਤੂਨ ਆਪਣੇ ਸਮੇਂ ਦਾ ਮਹਾਨ ਦਾਰਸ਼ਨਿਕ ਸੀ । ਮਹਾਨ ਦਾਰਸ਼ਨਿਕਾਂ ਵਾਂਙੂ ਉਸ ਨੇ ਆਪਣ ਗੰਭੀਰ ਸਿਧਾਂਤਾਂ ਨੂੰ ਸਰਲ ਉਪਮਾਵਾਂ ਤੇ ਕਥਾ-ਪ੍ਰਸੰਗਾਂ ਰਾਹੀਂ ਵੀ ਸਮਝਾਇਆ ਜ਼ਰੂਰ; ਪਰ ਉਸ ਦੀਆਂ ਕ੍ਰਿਤਾਂ ਸਮੁੱਚੇ ਤੌਰ ਤੇ ਆਪਣੇ ਰੂਪ ਵੱਲੋਂ ਦਾਰਸ਼ਨਿਕ ਸਿਧਾਂਤ ਹੀ ਹਨ; ਕਥਾ ਜਾਂ ਗਲਪ-ਸਾਹਿਤ ਨਹੀਂ ।

ਅਫਲਾਤੂਨ ਤੋਂ ਮਗਰੋਂ ਢੇਰ ਸਾਰਾ ਕੁਝ ਰਚਿਆ ਲਿਖਿਆ ਗਿਆ ਜੋ ਪਹਿਲਾਂ ਤੋਂ ਵੱਧ ਗੰਭੀਰ, ਡੂੰਘੇਰਾ ਦਰਸ਼ਨ ਤੇ ਰਸ-ਭਿੰਨਾ ਸਾਹਿਤ ਸੀ ਅਤੇ ਕਈ ਵਾਰ ਯੂਟੋਪੀਆ ਵਾਂਙੂ ਕਿਸੇ ਕਲਪਤ ਦੁਨੀਆਂ ਵਿਚ ਝਾਤੀਆਂ ਵੀ ਪੁਆ ਦਿੰਦਾ ਸੀ । ਇਸੇ ਸਮੇਂ ਵਿਚ ਸੰਸਾਰ ਭਰ ਵਿਚ ਵੱਖ-ਵੱਖ ਧਰਮਾਂ ਦਾ ਵਿਕਾਸ ਹੋਇਆ ਜਦੋਂ ਪੁਰਾਣੀਆਂ ਸਮਾਜਕ ਸਮਾਨਤਾਵਾਂ ਤੇ ਸੁਖ ਹੁਣ ਇਕ ਯਾਦ ਬਣ ਕੇ ਰਹਿ ਗਏ ਸਨ । ਬੀਤੇ ਦੀਆਂ ਇਹ ਮਿੱਠੀਆਂ ਯਾਦਾਂ ਧਾਰਮਕ ਰਵਾਇਤਾਂ ਤੇ ਵਿਸ਼ਵਾਸਾਂ ਵਿਚ ਵੀ ਆਈਆਂ । ਭਗਵਾਨ ਬੁਧ ਨੇ ਉਤਰੀ ਕੁਰੂ ਦਾ ਵਰਣਨ ਕੀਤਾ ਹੈ ਜਿਥੇ ਉਨ੍ਹਾਂ ਦੇ ਵਿਚਾਰ ਅਨੁਸਾਰ ਧਰਮ ਦਾ ਰਾਜ ਸੀ । ਸ਼ਾਇਦ ਇਹ 'ਮਗਧ' ਦੇ ਸਾਮਰਾਜੀ ਰਾਜ-ਪ੍ਰਬੰਧ ਦੇ ਟਾਕਰੇ ਤੇ ਇਕ ਗਣਰਾਜ ਸਬੰਧੀ ਦੇਖੇ ਸੁਣੇ ਸਾਮਜਕ ਹਾਲਤ ਕਾਰਣ ਸੀ । ਉਤਰੀ ਕੁਰੂ ਵਿਚ [illegible] ਵਗੀ, ਇਸ ਉਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਸਾਮੰਤਵਾਦ ਪੂਰੀ ਤਰ੍ਹਾਂ ਛਾ ਗਿਆ ਅਤੇ ਬੁੱਧ ਦਾ ਇਹ ਵਿਚਾਰ ਹੌਲੀ-ਹੌਲੀ ਰਵਾਇਤ ਵਿਚ ਬਦਲ ਗਿਆ। ਹਰ ਵਿਚਾਰ ਨੂੰ ਪਰਤੱਖ ਦੇਖਣ ਦਾ ਚਾਹਵਾਨ ਮਨੁੱਖੀ ਮਨ, ਰਵਾਇਤੀ ਥਾਂ ਦਾ ਵੀ ਕੋਈ ਨਾਂ ਰੱਖ ਲੈਂਦਾ ਹੈ। ਇਸੇ ਲਈ ਪਿੱਛੋਂ ਦੀਆਂ ਬੋਧੀ ਰਵਾਇਤਾਂ ਵਿਚ ਇਸ ਥਾਂ ਦਾ ਨਾਂ 'ਸੰਭਲ' ਆਉਂਦਾ ਹੈ ਜੋ ਨਾਂ ਰਖਣ ਸਮੇਂ ਜਾਂ ਇਸ ਤੋਂ ਪਹਿਲਾਂ ਕਿਤੇ ਸੀ।

ਯੂਰਪ ਵਿਚ ਇਸ ਸਮੇਂ ਈਸਾਈਅਤ ਆਮ ਫੈਲ ਗਈ ਸੀ। ਨਰਕ ਦਾ ਡਰ ਤੇ ਸਵਰਗ ਦੇ ਲਾਰਿਆਂ ਦਾ ਇਕ ਵੱਡਾ ਨੁਕਸਾਨ ਇਹ ਹੁੰਦਾ ਸੀ ਕਿ ਜਨ ਸਾਧਾਰਣ ਹੱਥਲੀ ਦੁਨੀਆਂ ਦੇ ਦੁਖਾਂ-ਸੁੱਖਾਂ ਤੋਂ ਬੇ-ਪ੍ਰਵਾਹ ਹੋ ਜਾਂਦਾ ਸੀ ਤੇ ਲੋਟੂਆਂ ਦੀ ਲੁੱਟ-ਘਸੁੱਟ ਤੇ ਪੁਜਾਰੀ ਸ਼੍ਰੇਣੀ ਦੀ 'ਤਸਮਈ ਤੇ ਕੁਣਕਾ, ਕਾਇਮ ਰਹਿੰਦਾ ਸੀ। ਨਾਲ ਹੀ, ਮਨੁੱਖ ਨਰਕੋਂ ਡਰਦਾ ਤੇ ਸਵਰਗ ਲਈ ਤਾਂਘਦਾ ਇਨ੍ਹਾਂ ਮਨ ਦੀਆਂ ਘਾੜਤਾਂ ਵਿਚ ਭਲਾਮਾਣਸ ਬਣਿਆ ਰਹਿੰਦਾ ਸੀ। ਮਨੁੱਖ ਨੂੰ ਨਵੇਂ ਦੁੱਖਾਂ ਸਮੇਂ ਭਲੇਮਾਣਸ ਬਣਾਈ ਰੱਖਣ ਲਈ, ਇਨ੍ਹਾਂ ਇਕਰਾਰਾਂ ਨੂੰ ਦੁਹਰਾਉਣ ਤੇ ਯਥਾਰਥਕ ਦੱਸਣ ਦੀ ਲੋੜ ਸੀ। ਰੋਮ ਨੂੰ ਜਰਮਨ ਕਬੀਲੇ ਨੇ ਉਜਾੜ ਦਿੱਤਾ ਸੀ। ਲੋਕ ਵਧੇਰੇ ਦੁਖੀ ਤੇ ਨਿਰਾਸ਼ ਹੋ ਗਏ ਸਨ, ਉਦੋਂ ਸੰਤ ਆਗਸਤਿਨ ਨੇ ਆਪਣੀ ਪੁਸਤਕ 'ਭਗਵਾਨ ਦੀ ਨਗਰੀ' ਲਿਖੀ ਜਿਸ ਵਿਚ ਆਸ਼ਾ ਪਗਟ ਹੁੰਦੀ ਸੀ ਕਿ ਕਦੇ ਇਸ ਦੁਨੀਆਂ ਵਿਚ ਭਗਵਾਨ ਦਾ ਰਾਜ ਉਤਰ ਆਏਗਾ। ਧਾਰਮਿਕ ਸਾਹਿਤ ਵਿਚ ਇਹੋ-ਜਹੀਆਂ ਰਚਨਾਵਾਂ ਯੂਟੋਪੀਆ ਦੇ ਨੇੜੇ ਹਨ।

ਦਰਸ਼ਨ ਦਾ ਕੰਮ ਦਲੀਲਾਂ ਦੇ ਆਧਾਰ ਤੇ ਦਿਮਾਗ਼ ਵਿਚ ਬਿਠਾਉਣਾ ਹੈ ਕਿ ਹੋਣਾ ਕੀ ਚਾਹੀਦਾ ਹੈ? ਮਨ-ਭਾਉਂਦੀ ਮਿੱਠੀ ਪਿਆਰੀ ਦੁਨੀਆਂ—ਯੂਟੋਪੀਆ, ਇਸੇ ਲਈ ਪਹਿਲਾਂ ਅਫਲਾਤੂਨ ਦੇ ਦਰਸ਼ਨ ਵਿਚ ਆਪ ਪਰਗਟ ਹੋਈ। ਧਰਮ, ਦਿਲ ਤੇ ਦਿਮਾਗ਼ ਦੋਹਾਂ ਨੂੰ ਅਪੀਲ ਤਾਂ ਕਰਦਾ ਹੈ, ਇਸੇ ਲਈ ਇਸ ਵਿਚ ਠੀਕ ਜਾਂ ਗ਼ਲਤ ਬਾਰੇ ਤਰਕ, ਇਕ ਦਲੀਲ ਵੀ ਹੁੰਦਾ ਹੈ। ਧਾਰਮਿਕ ਰਚਨਾਵਾਂ, ਇਸੇ ਸ਼੍ਰੇਣੀ ਵਿਚ ਗਿਣੀਆਂ ਜਾ ਸਕਦੀਆਂ ਹਨ।

ਪਰ ਸਾਹਿਤ ਦੀ ਕਲਪਤ ਦੁਨੀਆਂ ਤਿੰਨ ਲੋਕ ਤੋਂ ਨਿਆਰੀ ਹੁੰਦੀ ਹੈ, ਜਿਸ ਵਿਚ ਸਰ ਟਾਮਸ ਮੋਰ ਖੁਲ੍ਹ ਕੇ ਖੇਡਿਆ। ਉਸ ਨੇ ਰਫਾਇਲ ਹੇਥਲੇਡੋ ਨਾਂ ਦਾ ਇਕ ਪਾਤਰ ਸਿਰਜਿਆ। ਇਹ ਪਾਤਰ ਕਬੀਲਾਸ਼ਾਹੀ ਸਮੇਂ ਦੀਆਂ ਲੋਕ-ਕਹਾਣੀਆਂ ਦਾ ਸਿੱਧਾ-ਸਾਦਾ ਬਹਾਦਰ ਜਾਂ ਹਿੰਮਤੀ ਮਨੁੱਖ ਨਹੀਂ, ਨਾ ਹੀ ਸਾਮਤੰਵਾਦੀ ਤੇ ਮੱਧਕਾਲੀ ਕੋਈ ਲੜਾਕਾ-ਸਰਦਾਰ ਜਾਂ ਬਾਂਕਾ ਨਾਈਟ (Knight) ਹੈ, ਸਗੋਂ ਇੱਕ ਮਾਹਰਕੇਬਾਜ਼ ਵਿਦਵਾਨ ਮਲਾਹ ਹੈ ਜਿਸ ਸਮੁੰਦਰ ਨੂੰ ਹੰਗਾਲ ਤੇ ਧਰਤੀ ਨੂੰ ਕੱਛ ਹੀ ਨਹੀਂ ਛਡਿਆ, ਸਗੋਂ ਧਿਆਨ ਨਾਲ ਦੇਖਿਆ ਤੇ ਦਿਲ ਨਾਲ ਮਾਣਿਆ ਵੀ ਹੈ। ਹੇਥਲੋਡੇ, ਯੂਟੋਪੀਆ ਦੇਸ਼ ਵਿਚ ਹੋ ਆਇਆ ਹੈ ਅਤੇ ਉਹ ਉਥੋਂ ਦਾ ਵਰਣਨ ਕਰਦਾ ਹੈ। ਉਹ ਦਸਦਾ ਹੈ ਕਿ ਉਥੋਂ ਦੇ ਲੋਕ 'ਪ੍ਰਾਕਿਰਤਕ ਅਵਸਥਾ' ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਸੰਜਮਵਾਦੀ ਨਹੀਂ, ਭੋਗਵਾਦੀ ਕਿਹਾ ਜਾ ਸਕਦਾ ਹੈ। ਉਨ੍ਹਾਂ ਦੀ ਕੋਈ ਨਿਜੀ ਮਲਕੀਅਤ ਨਹੀਂ, ਉਥੇ ਸਭ ਚੀਨਾਂ ਸਾਂਝੀਆਂ ਹਨ, ਕੋਈ ਰਾਜ ਨਹੀਂ, ਕੋਈ ਮਾਲਕ ਨਹੀਂ, ਆਪਣਾ ਮਾਲਕ ਹਰ ਕੋਈ ਆਪ ਹੈ। ਯੂਰਪ ਵਿਚ ਸੋਨੇ ਚਾਂਦੀ ਹੀਰਿਆਂ ਆਦਿਕ ਨੂੰ ਬੜਾ ਕੀਮਤੀ ਸਮਝਿਆ ਜਾਂਦਾ ਹੈ। ਪਰ ਯੂਟੋਪੀਆ ਦੇ ਲੋਕਾਂ ਲਈ ਇਨ੍ਹਾਂ ਦੀ ਕੋਈ ਕੀਮਤ ਨਹੀਂ, ਸਗੋਂ ਉਹ ਇਨ੍ਹਾਂ ਵਸਤਾਂ ਨੂੰ ਘ੍ਰਿਣਾ ਕਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਉਥੇ ਖੇਤੀ-ਵਾਹੀ ਤੇ ਦਸਤਕਾਰੀ ਦੋਵੇਂ ਹਨ ਪਰ ਖੇਤੀ-ਵਾਹੀ ਦੀ ਪਰਧਾਨਤਾ ਹੈ। ਸਭਨਾਂ ਨੂੰ ਕੋਈ ਨਾ ਕੋਈ ਕੰਮ ਕਰਨ ਮਗਰੋਂ ਅੱਠ ਘੰਟੇ ਆਰਾ ਦੇ ਮਿਲਦੇ ਹਨ। "ਭਾਵੇਂ ਕਿਸੇ ਦੀ ਕੋਈ ਨਿੱਜੀ ਚੀਜ਼ ਨਹੀਂ; ਤਾਂ ਵੀ ਹਰ ਇਕ ਮਨੁੱਖ ਅਮੀਰ ਹੈ। ਕੋਈ ਇਸ ਤੋਂ ਵੱਧ ਕੇ ਅਮੀਰ ਕੀ ਹੋ ਸਕਦਾ ਹੈ ਕਿ ਮਨੁੱਖ ਸੁਖ ਤੇ ਖ਼ੁਸ਼ੀ ਦਾ ਜੀਵਨ ਬਤੀਤ ਕਰੇ। ਨਾ ਸ਼ੋਕ ਹੈ ਨਾ ਡਰ, ਨਾ ਆਪਣੇ ਰੁਜ਼ਗਾਰ ਦਾ ਫਿਕਰ ਹੈ; ਨਾ ਇਸਤਰੀ ਦੇ ਨਾਜਾਇਜ਼ ਗਿਲੇ-ਨਿਹੋਰੇ ਦੀ ਚਿੰਤਾ। ਪੁੱਤਰ ਦੇ ਗ਼ਰੀਬ ਰਹਿ ਜਾਣ ਅਤੇ ਧੀਆਂ ਦੇ ਦਾਜ ਦਾ ਵੀ ਕੋਈ ਫਿਕਰ ਨਹੀਂ, ਲੋਕ ਰੱਜੇ-ਪੁੱਜੇ ਹਨ। ਬੱਚਿਆਂ ਲਈ ਸਮੂਹਿਕ ਖਿਡਾਵੀਆਂ ਹਨ। ਚੋਰੀ-ਚਕਾਰੀ ਦਾ ਡਰ ਨਾ ਹੋਣ ਕਾਰਣ ਲੋਕ, ਘਰਾਂ ਨੂੰ ਜੰਦਰੇ ਨਹੀਂ ਮਾਰਦੇ। ਉੱਥੇ ਮਨੁੱਖ ਦੀ ਕੀਮਤ ਉਸ ਦੇ ਸਭਿਆਚਾਰ ਤੇ ਆਚਰਣ ਤੇ ਪੈਂਦੀ ਹੈ, ਮੁਟਾਪੇ ਤੇ ਧਨ-ਦੌਲਤ ਦੇ ਅਧਾਰ 'ਤੇ ਨਹੀਂ। ਅਜੇਹੇ ਸਤਿਯੁਗੀ ਸਮਾਜ ਦੀ ਕਲਪਨਾ ਸਰ ਟਾਮਸ ਮੋਰ ਨੇ ਸਾਹਿਤ ਦੀ ਦੁਨੀਆਂ ਵਿਚ ਉਡਾਰੀਆਂ ਲਾਉਂਦਿਆਂ ਕੀਤੀ।

ਸਾਹਿਤ ਦੀ ਦੁਨੀਆਂ ਤਿੰਨਾਂ ਲੋਕਾਂ ਤੋਂ ਪਈ ਨਿਆਰੀ ਹੋਵੇ ਪਰ ਇਸ ਦੇ ਪੈਰ ਧਰਤੀ ਤੇ ਆ ਹੀ ਲਗਦੇ ਹਨ; ਕਿਉਂਕਿ ਇਸ ਦੇ ਖ਼ਮੀਰ ਵਿਚ ਸਦਾ ਸਮਾਜ ਦਾ ਅੰਸ਼ ਹੁੰਦਾ ਹੈ। ਇਹੋ ਕੁਝ ਸਾਨੂੰ ਯੂਟੋਪੀਆ ਵਿਚ ਦਿਸਦਾ ਹੈ।

ਪੰਦ੍ਰਵੀਂ ਸਦੀ ਦੇ ਅੰਤਲੇ ਤੇ ਸੋਲ੍ਹਵੀਂ ਦੇ ਮੁਢਲੇ ਸਮੇਂ ਵਿਚ ਇੰਗਲੈਂਡ ਦੀ ਕਿਸਾਣ ਸ਼੍ਰੇਣੀ ਤਬਾਹ ਹੁੰਦੀ ਜਾ ਰਹੀ ਸੀ। ਦਸਤਕਾਰੀ ਆਪਣੇ ਸਿਖਰ ਤੇ ਪੁਜ ਕੇ ਮਸ਼ੀਨੀਕਰਨ ਦਾ ਰਾਹ ਫੜ ਚੁੱਕੀ ਸੀ। ਬਿਉਪਾਰੀ ਸ਼੍ਰੇਣੀ, ਉਪਰ ਆ ਰਹੀ ਸੀ। ਕਿਸਾਨ-ਬਗ਼ਾਵਤਾਂ ਬੜੀ ਸਖ਼ਤੀ ਨਾਲ ਦਬਾਈਆਂ ਜਾ ਚੁਕੀਆਂ ਸਨ। ਇਨ੍ਹਾਂ ਉਪਰ ਅਸਰ, ਜਾਨ ਵਿਕਲਿਫ ਜੇਹੇ ਨੈਤਿਕ-ਇਨਕਲਾਬੀਆਂ ਦਾ ਸੀ ਅਤੇ ਸਰਦਾਰੀ ਜਾਨ ਬੁੱਲ ਜੇਹੇ ਪਰਪੱਕ ਸਮਾਜਵਾਦੀਆਂ ਦੀ ਰਹੀ ਸੀ। ਅਤੇ ਹੁਣ ਲੋਕ ਇਸ ਸੰਸਾਰ ਵਿਚ ਭਲੇ ਦਿਨਾਂ ਦੀ ਆਸ ਲਾਹ ਬੈਠੇ ਸਨ। ਦਸਤਕਾਰ ਬੁਰੀ ਤਰ੍ਹਾਂ ਨਪੀੜੇ ਜਾ ਰਹੇ ਸਨ। ਮਜ਼ਦੂਰ ਤਬਕਾ ਵਜੂਦ ਵਿਚ ਆ ਚੁੱਕਾ ਸੀ ਤੇ ਉਸ ਨੇ ਲੁੱਟ ਘਸੁੱਟ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ। ਦੇਸ਼ ਵਿਚ ਇੱਕ ਸਮਾਜਕ ਮਧਾਣੀ ਫਿਰ ਰਹੀ ਸੀ। ਸਰ ਟਾਮਸ ਮੋਰ ਇਸ ਸਮੇਂ ਦੇ ਬਾਦਸ਼ਾਹ; ਹੈਨਰੀ ਸਤਵੇਂ ਦਾ ਲਾਰਡ-ਚਾਂਸਲਰ (ਉਪ-ਪ੍ਰਧਾਨ ਮੰਤਰੀ) ਹੋਣ ਕਾਰਣ ਇਸ ਸਮਾਜਕ ਰਿੜਕਣੇ ਨੂੰ ਚੰਗੀ ਤਰ੍ਹਾਂ ਦੇਖ ਰਿਹਾ ਸੀ।

ਦੇਖ ਤਾਂ ਇਸ ਰਿੜਕਣੇ ਨੂੰ ਬਾਦਸ਼ਾਹ, ਪ੍ਰਧਾਨ ਮੰਤਰੀ ਤੇ ਹੋਰ ਛੋਟੇ-ਮੋਟੇ ਦਰਬਾਰੀ ਤੇ ਆਮ ਲੋਕ ਵੀ ਰਹੇ ਸਨ ਪਰ ਟਾਮਸ ਮੋਰ ਸਮੇਂ ਦਾ ਵਿਦਵਾਨ ਤੇ ਸਾਹਿਤਕਾਰ ਵੀ ਸੀ। ਇਸ ਸਮੇਂ ਸਾਹਿਤ ਵਿਚ ਵੀ ਢੇਰ ਵਾਧਾ ਹੋ ਰਿਹਾ ਸੀ। ਸਾਹਿਤ ਜਿਹੜਾ ਇਕ ਪਾਸੇ ਪੁਰ-ਪੁਰ ਦੁਖੀ ਲੋਕਾਂ ਦੀ ਵੇਦਨਾਂ ਤੋਂ ਪ੍ਰਭਾਵਿਤ ਸੀ ਤੇ ਦੂਜੇ ਪਾਸੇ ਨਵੀਆਂ ਧਰਤੀਆਂ ਤੇ ਸਾਇੰਸੀ ਖੋਜਾਂ ਨੂੰ ਆਪਣਾ ਆਧਾਰ ਬਣਾ ਰਿਹਾ ਸੀ। ਅਮਰੀਕਾ, ਇਕ ਨਵੀਂ ਦੁਨੀਆਂ ਦੇ ਰੂਪ ਵਿਚ ਲੱਭੀ ਸੀ, ਉਥੋਂ ਦੀ ਧਰਤੀ ਦਾ ਵਰਣਨ ਤੇ ਪ੍ਰਕਿਰਤਕ ਰਹਿਣੀ-ਬਹਿਣੀ ਦੀਆਂ ਗੱਲਾਂ, ਯੂਰਪ ਤੇ ਇੰਗਲੈਂਡ ਵਿਚ ਚੱਲ ਤੁਰੀਆਂ ਸਨ ਅਤੇ ਇਸ ਸਭ ਕੁਝ 'ਤੇ ਆਧਾਰਿਤ ਕੁਝ ਕਹਾਣੀਆਂ ਤੇ ਕਥਾ-ਸਾਹਿਤ ਵੀ ਪ੍ਰਗਟਿਆ ਜਾ ਚੁਕਾ ਸੀ। ਗਿਆਨ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਰਮ-ਜਾਗ੍ਰਤੀ ਲਹਿਰ ਦਾ ਅਸਰ ਸੀ । ਮੋਰ ਨੇ ਇਸੇ ਸਮੇਂ ਵਿਚ ਅਫਲਾਤੂਨ ਤੇ ਸੈਨਕਾ ਦੀਆਂ ਕ੍ਰਿਤਾਂ ਵੀ ਪੜ੍ਹੀਆਂ ਸਨ, ਜਿਨ੍ਹਾਂ ਵਿਚ ਪੁਰਾਣੇ ਸਮੇਂ ਦੀਆਂ ਸੁਨਹਿਰੀ ਯਾਦਾਂ ਵੀ ਅੰਕਤ ਸਨ । ਇਸੇ ਸੰਦਰਭ ਵਿਚ 'ਯੂਟੋਪੀਆ' ਲਿਖਿਆ ਗਿਆ ਸੀ ।

ਸਰ ਟਾਮਸ ਮੋਰ ਦੇ ਹੱਥੀਂ ਯੂਟੋਪੀਆ ਨੇ ਸਾਹਿਤਕ ਜਾਮਾ ਪਹਿਣ ਕੇ ਗਲਪ-ਸਾਹਿਤ ਵਿਚ ਵਾਧਾ ਕੀਤਾ । ਯੂਟੋਪੀਆ ਦੀ ਇਹ ਜੂਣ ਬਦਲ ਲੈਣ ਵਿਚ ਇਕ ਸਿਫਤ ਇਹ ਸੀ ਕਿ ਇਹ ਮਨੁੱਖ ਨੂੰ ਘੋਰ ਨਿਰਾਸ਼ਾ ਤੋਂ ਬਚਾ ਕੇ ਆਸ਼ਾਵਾਦੀ ਬਣਾਉਂਦਾ ਸੀ ਅਤੇ ਇਹ ਮੌਜ ਵੀ ਸੀ ਕਿ ਗਲਪ ਜਾਂ ਗੱਪ (Fiction)ਅਖਵਾ ਕੇ ਸਰਕਾਰ ਦੀ ਦਾਹੜ ਹੇਠ ਆਉਣੋਂ ਬਚ ਜਾਂਦਾ ਸੀ ।

ਇਸੇ ਹੀ ਸਮੇਂ ਭਾਰਤ ਵਿਚ ਮੁਗ਼ਲ-ਰਾਜ ਆਪਣੇ ਜੋਬਨ ਤੇ ਸੀ, ਜਿਸ ਹੇਠ ਆਪਣੀ ਪੁਰਾਤਨ ਸੰਸਕ੍ਰਿਤੀ ਨੂੰ ਪਿਆਰ ਕਰਨ ਵਾਲੇ ਸਨਾਤਨੀ ਹਿੰਦੂ ਜਿਉਂ ਰਹੇ ਸਨ । ਜਿਨ੍ਹਾਂ ਦੇ ਦੁਖ ਨੂੰ ਹੌਲਾ ਕਰਨ ਅਤੇ ਆਸ਼ਾਵਾਦੀ ਬਨਾਉਣ ਲਈ ਜਾਇਸੀ ਨੇ 'ਪਦਮਾਂਵਤ' ਅਤੇ ਧਰਨੀਦਾਸ ਨੇ 'ਪ੍ਰੇਮ-ਪ੍ਰਕਾਸ਼' ਦੀ ਰਚਨਾ ਕੀਤੀ । ਇਹ ਰਚਨਾਵਾਂ ਵੀ ਯੂਟੋਪੀਆ ਦੀ ਪਾਲ ਵਿਚ ਲਗੀਆਂ ਦਿਸਦੀਆਂ ਹਨ । ਇਨ੍ਹਾਂ ਰਚਨਾਵਾਂ ਵਿਚ ਸੂਫੀਆਨਾ ਰੂਪ ਵਿਚ ਮੁਗ਼ਲਾਂ ਦੇ ਅਤਿਆਚਾਰ ਦਾ ਪ੍ਰਤੀਕਰਮ ਦਿਸਦਾ ਹੈ, ਜਿਨ੍ਹਾਂ ਤੋਂ ਉਸ ਵੇਲੇ ਦਾ ਹਿੰਦੂ-ਸਮਾਜ ਅੰਦਰੋ-ਅੰਦਰ ਮਜ਼ਬੂਰ ਹੋ ਕੇ ਧੁਖ ਰਿਹਾ ਸੀ ।

ਹੁਣ ਰਾਣੀ ਐਲਿਜ਼ਬੈਥ ਦਾ ਸਮਾਂ ਆਇਆ । ਇਹ ਸਮਾਂ ਸਾਇੰਸ ਦੀਆਂ ਸਮਾਜਕ ਅਤੇ ਯੂਰਪ ; ਖਾਸਕਰ ਇੰਗਲੈਂਡ ਦੀਆਂ ਇਤਿਹਾਸਕ ਜਿੱਤਾਂ ਦਾ ਸਮਾਂ ਹੈ । ਇਸ ਸਮੇਂ ਵਿਚ ਸਮਾਜਕ ਉਥਲ-ਪੁਥਲ ਇੱਕ ਨਵੇਂ ਆਰਥਕ ਢਾਂਚੇ ਵਿਚ ਬਦਲ ਜਾਂਦੀ ਹੈ । ਇਸੇ ਕਾਰਣ ਜਿੱਥੇ ਸਮਾਜਕ ਸਾਹਿਤ ਦਾ ਵਿਕਾਸ ਹੋਣ ਕਾਰਣ ਯੂਟੋਪੀਆ ਲਿਖੇ ਜਾਂਦੇ ਹਨ, ਉੱਥੇ ਨਵੀਂ ਸਾਇੰਸ ਅਤੇ ਨਵੇਂ ਆਰਥਕ ਪ੍ਰਬੰਧ, ਆਰਥਕ ਰਿਸ਼ਤਿਆਂ ਅਤੇ ਰਿਸ਼ਤਿਆਂ ਦੇ ਪ੍ਰਤੀਕਰਮ ਵਜੋਂ ਪੈਦਾ ਹੋਈ ਦਾਰਸ਼ਨਿਕ ਸੂਝ ਗਲਪ-ਸਾਹਿਤ ਵਿਚ ਵੀ ਵਧੇਰੇ ਨਿੱਗਰ ਤੇ ਵਧੇਰੇ ਪੱਕੀ ਗੱਲ ਦੀ ਮੰਗ ਕਰਦੀ ਹੈ । ਇਸ ਸਮੇਂ ਵਿਚ ਯੂਟੋਪੀਆ ਆਪਣੇ ਸਾਹਿਤਕ ਰੂਪ ਦੇ ਘੇਰੇ ਵਿਚ ਰਹਿੰਦੀ ਹੋਈ ਯਥਾਰਥਕ ਅਤੇ ਨਵੇਂ ਸਿਧਾਂਤਾਂ ਤੇ ਆਧਾਰਿਤ ਹੁੰਦੀ ਜਾਂਦੀ ਹੈ । ਅਫਲਾਤੂਨ ਦੇ ਗਨ-ਤੰਤਰ ਵਿਚ ਇਨਸਾਫ ਤੇ ਸਮਾਨਤਾ ਦਾ ਘਾਟਾ ਨਹੀਂ ਪਰ ਇਸ ਪਰਜਾਤੰਤਰ ਨੂੰ ਉਪਰੋਂ ਚਲਾਉਣ ਵਾਲੇ ਥੋੜੇ-ਜੇਹੇ ਲੋਕ ਸਨ । ਇਸ ਦਾ ਅਸਲ ਕਾਰਣ ਇਹ ਸੀ ਕਿ ਅਫਲਾਤੂਨ ਦੇ ਦਿਲ ਦੀ ਤਹਿ ਵਿਚ ਕਿਤੇ ਇਹ ਭਰਮ ਘਰ ਕਰ ਚੁਕਾ ਸੀ ਕਿ ਭੂਤ ਕਾਲ ਦਾ ਕੁਝ ਲੋਕਾਂ ਦਾ ਰਾਜ ਹੀ ਠੀਕ ਸੀ । ਇਹ ਗਲ ਵੱਖਰੀ ਸੀ ਕਿ ਅਫਲਾਤੂਨ ਇਨ੍ਹਾਂ ਕੁਝ ਲੋਕਾਂ ਨੂੰ ਆਪਣੇ ਜੇਹੇ ਦਾਰਸ਼ਨਿਕ ਤੇ ਬੁੱਧੀਵਾਦੀ ਦੇਖਣਾ ਚਾਹੁੰਦਾ ਸੀ । ਇੰਜ ਹੀ, ਇਹੋ ਭਰਮ ਟਾਮਸ ਮੋਰ ਦੇ ਸੁਚੇਤ ਮਨ ਵਿਚ ਕਿਧਰੇ ਸੀ । ਇਹੀ ਕਾਰਣ ਹੈ ਕਿ ਉਸ ਦੇ ਯੂਟੋਪੀਆ ਵਿਚ ਕਿਸਾਨੀ ਤੇ ਦਸਤਕਾਰੀ ਦੋਵੇਂ ਪੇਸ਼ੇ ਦਿੱਤੇ ਹਨ ਪਰ ਪ੍ਰਧਾਨਤਾ ਕਿਸਾਨੀ ਦੀ ਹੈ, ਹਾਲਾਂਕਿ ਜਿਸ ਸਮੇਂ ਟਾਮਸ ਮੋਰ ਨੇ ਆਪਣੀ ਪੁਸਤਕ ਲਿਖੀ, ਇੰਗਲੈਂਡ ਵਿਚ ਉਸ ਸਮੇਂ ਕਿਸਾਨੀ ਦਾ ਘੋਰੜੂ ਵੱਜ ਰਿਹਾ ਸੀ ।

CC-0. In Public Domain. Gurukul Kangri Collection, Haridwar

ਬੇਕਨ ਦੀ 'ਨਿਉ ਐਟਲਾਂਟਿਸ' ਵਿਚ ਸਾਇੰਸਦਾਨਾਂ ਦਾ ਬੋਲ ਬਾਲਾ ਸੀ । ਉਸ

Digitized by Arya Samaj Foundation Chennai and eGangotri

ਦੀ ਇਕ ਹੋਰ ਪੁਸਤਕ 'ਸੁਲੇਮਾਨ ਘਰ' ਵਿਚ ਸਾਇੰਸਦਾਨ ਹਰ ਸਮੇਂ ਨਵੀਆਂ ਕਾਢਾਂ ਕਢਦੇ ਸਮਾਜ ਵਿਚ ਸੁਖ ਵਧਾ ਰਹੇ ਹਨ ਅਤੇ ਇਸੇ ਉਨਤੀ ਦੇ ਆਸਰੇ ਉਹ ਸਮਾਜ ਦੀ ਸੂਝ-ਬੂਝ ਦੀ ਵੀ ਉਨਤੀ ਕਰ ਰਹੇ ਹਨ। ਕੋਈ ਸ਼ੱਕ ਨਹੀਂ ਕਿ ਬੇਕਨ ਦੇ ਸੁਪਨ-ਸੰਸਾਰ ਵਿਚ ਸਾਇੰਸਦਾਨ ਤੇ ਭੌਤਿਕ. ਗਿਆਨ ਹੀ 'ਕਰਨ ਕਰਾਵਨ ਆਪੇ ਆਪ' ਹੈ। ਅਤੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਾਇੰਸ ਤੇ ਸਾਇੰਸਦਾਨ ਦਾ, ਉਸ ਦੇ ਕਲਪਤ ਸੰਸਾਰ ਵਿਚ ਗ਼ਲਬਾ ਇਕ ਹੱਦ ਤਕ ਸਮਾਜ ਤੋਂ ਮੂੰਹ ਮੋੜਦਾ ਹੋਇਆ ਮਸ਼ੀਨੀ ਭੌਤਿਕਵਾਦ ਦੇ ਨੇੜੇ ਪੁਜਦਾ ਹੈ। ਬੇਕਨ ਦਾ ਯੂਟੋਪੀਆ ਇਸੇ ਸਿਧਾਂਤ ਦਾ ਜਮਾਲੀ ਜਾਂ ਸੌਂਦਰਯਮਈ ਰੂਪ ਹੈ। ਸਮਾਜਕ ਤੌਰ ਤੇ ਬੇਕਨ ਅੱਜ ਦੇ ਅਤੇ ਆਪਣੇ ਸਮੇਂ ਤੋਂ ਵੀ ਪਿੱਛੇ ਜਾ ਖਲੌਂਦਾ ਹੈ ; ਜਦੋਂ ਉਹ ਆਪਣੇ ਯੂਟੋਪੀਅਨ ਰਾਜ-ਪ੍ਰਬੰਧ ਦਾ ਸਰਬ-ਪ੍ਰਮੁੱਖ, ਇਕੋ ਇਕ ਵਿਅਕਤੀ ਰਾਜੇ ਨੂੰ ਬਣਾਉਂਦਾ ਹੈ ਜੋ ਬੜਾ ਯੋਗ ਹੈ। ਬੇਕਨ ਜੇ ਸਾਇੰਸਦਾਨਾਂ ਨੂੰ ਹੀ ਸਮਾਜ ਦੀ ਇਹ ਅਗਵਾਈ ਦੇ ਦਿੰਦਾ ਤਾਂ ਵੀ ਕੋਈ ਗੱਲ ਨਹੀਂ ਸੀ, ਸਮਾਜ ਉਪਰ ਵਿਅਕਤੀ ਦੀ ਥਾਂ ਕਿਸੇ ਸ਼੍ਰੇਣੀ ਦਾ ਰਾਜ ਤਾਂ ਕਿਹਾ ਜਾਂਦਾ! ਤਾਂ ਵੀ ਸਮੁੱਚੇ ਰੂਪ ਵਿਚ ਬੇਕਨ ਦੀ ਕਿਰਤ ਸਾਇੰਸ ਦੀ ਮਹੱਤਤਾ ਦਰਸਾਉਣ ਦੇ ਪੱਖ ਤੋਂ ਆਪਣਾ ਨਵੇਕਲਾ ਸਥਾਨ ਰਖਦੀ ਹੈ। ਇਸ ਵਿਚ ਭੌਤਿਕਵਾਦ ਸੰਬੰਧੀ ਅਨੈਕਸਾਗੋਰਸ (Anaxagoras) ਤੇ ਡੈਮੋਕ੍ਰਾਈਟਿਸ (Democritis) ਜਹੇ ਮੁਢਲੇ ਯੂਨਾਨੀ ਦਾਰਸ਼ਨਿਕਾਂ ਦੀਆਂ ਟੂਕਾਂ ਦਿੱਤੀਆਂ ਗਈਆਂ ਹਨ।

ਸਮਾਜਕ ਤਬਦੀਲੀ-ਭਾਵੇਂ ਉਹ ਸਾਇੰਸ ਵਿਚ ਹੋਵੇ, ਰਾਜਨੀਤੀ ਜਾਂ ਆਰਥਕਤਾ ਵਿਚ ਤਾਂ ਜਲਦੀ ਵਾਪਰਦੀ ਹੈ ਪਰ ਸਾਹਿਤ ਉਪਰ ਇਸ ਦਾ ਅਸਰ ਸਮਾਂ ਪਾ ਕੇ ਹੀਂ ਪੈਂਦਾ ਹੈ। ਕਿਉਂਕਿ ਸਾਹਿਤ ਵਿਚ ਤਬਦੀਲੀ ਉਦੋਂ ਹੀ ਆ ਸਕਦੀ ਹੈ ਜਦੋਂ ਇਹ ਸਮਾਜ ਦੇ ਹੱਡੀਂ ਤੇ ਸਾਹਿਤਕਾਰ ਦੇ ਜਜ਼ਬਾਤ ਵਿਚ ਰਚ ਜਾਏ। ਇਹੀ ਕਾਰਣ ਹੈ ਕਿ ਇਸ ਸਮੇਂ ਬੇਕਨ, ਸਾਇੰਸ ਨੂੰ ਯੂਟੋਪੀਆ ਵਿਚ ਪ੍ਰਧਾਨਤਾ ਦੇ ਰਿਹਾ ਸੀ, ਉਸ ਸਮੇਂ ਜਰਮਨੀ ਦਾ ਅੰਦਰਾਇ 'ਈਸਾਈ ਦੁਨੀਆਂ', ਅਤੇ ਇਟਲੀ ਦਾ ਚੰਪਨੇਲਾ 'ਸੂਰਜ ਨਗਰੀ' ਵਿਚ ਸਾਮਜਕ ਸੰਕਟਾਂ ਨੂੰ ਸਮਝਾਉਣ ਲਈ ਸਮਕਾਲੀ ਤੇ ਆਧੁਨਿਕ ਰਾਹ ਫੜ ਰਹੇ ਸਨ, ਪਰ ਉਹ ਈਸਾਈਅਤ ਅਤੇ ਯੂਨਾਨੀ ਰੋਮਨ ਮਿਥਿਹਾਸ ਦਾ ਨਾਂ ਜ਼ਰੂਰ ਦੇਣਾ ਚਾਹੁੰਦੇ ਸਨ। 'ਈਸਾਈ ਦੁਨੀਆਂ' ਵਿਚ ਹਰ ਦਸਤਕਾਰ ਆਪਣੀ ਪੈਦਾਵਾਰ ਇਕ ਪਬਲਿਕ ਅੱਡੇ ਤੇ ਲੈ ਜਾਂਦਾ ਹੈ ਜਿਥੋਂ ਉਸ ਨੂੰ ਆਪਣੀਆਂ ਲੋੜਾਂ ਦੀਆਂ ਸਭ ਵਸਤਾਂ ਮਿਲ ਸਕਦੀਆਂ ਹਨ। ਇੰਜ, ਇੱਥੇ ਮਧ-ਕਾਲੀਨ ਦਸਤਕਾਰ, ਵਣਜਾਰੇ, ਸਿੰਡੀਕੇਟਾਂ ਅਤੇ ਭਗਵਾਨ ਮਸੀਹ ਦੇ ਸਮੇਂ ਦੇ ਵਟਾਂਦਰੇ ਦੇ; ਬਾਰਟਰ-ਪ੍ਰਬੰਧ (Barter system of exchange) ਨੂੰ ਮੇਲ ਕੇ ਪੇਸ਼ ਕੀਤਾ ਗਿਆ ਹੈ। ਇਸੇ ਲਈ, 'ਈਸਾਈ ਦੁਨੀਆਂ' ਵਿਚ ਕਿਸੇ ਪਾਸ ਪੈਸਾ ਨਹੀਂ।

'ਸੂਰਜ ਪੁਰੀ' ਨਾਂ ਨੂੰ ਛੱਡ ਕੇ ਇਸ ਯੂਟੋਪੀਆ ਵਿਚ ਸਮਾਨਤਾ ਪੱਕੀ ਤੇ ਨਿਯਮਬੱਧ ਹੈ। ਹਰ ਮਨੁੱਖ ਨੂੰ ਜਿਸ ਵਸਤੂ ਦੀ ਲੋੜ ਹੋਵੇ, ਉਹ ਉਸ ਨੂੰ ਯੂਨੀਅਨ ਵਲੋਂ ਮਿਲਦੀ ਹੈ। ਮੈਜਿਸਟਰੇਟ ਇਸ ਗਲ ਦਾ ਧਿਆਨ ਰਖਦੇ ਹਨ ਕਿ ਹੱਕ ਤੋਂ ਵੱਧ ਕੋਈ ਵਸਤੂ ਕਿਸੇ ਨੂੰ ਨਾ ਮਿਲੇ। ਤਾਂ ਵੀ ਲੋੜ ਦੀ ਕਿਸੇ ਵਸਤ ਤੋਂ ਕੋਈ ਵੀ ਵਾਂਞਾ ਨਹੀਂ ਰਹਿੰਦਾ। ਉਥੇ ਚੂਰ-ਚੂਰ ਕਰਨ ਵਾਲੀ ਗ਼ਰੀਬੀ ਆਦਮੀ ਨੂੰ ਤੁਛ, ਮੀਸਣਾ, ਚੋਰ, ਲੂਤੀ-ਲਾਊ, ਆਵਾਰਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਝੂਠਾ, ਗੰਵਾਰ ਬਣਾਉਂਦੀ ਹੈ ਅਤੇ ਅਮੀਰੀ ; ਅਭਿਮਾਨੀ, ਵਿਸ਼ਵਾਸਘਾਤੀ, ਧੋਖੇਬਾਜ਼ । 'ਸੂਰਜ ਪੁਰੀ' ਦੇ ਲੋਕ ਅਤਿਅੰਤ ਦੇਸ਼ ਭਗਤ ਹਨ ।

ਇਸੇ ਸਮੇਂ ਵਿਚ ਸਮੁੱਚੇ ਸਮਾਜਕ ਵਿਕਾਸ ਦੇ ਨਾਲ ਕਦਮ਼ ਮੇਲਦਾ ਸਾਹਿਤ ਵੀ ਵਿਕਸਿਤ ਹੋ ਰਿਹਾ ਸੀ । ਜਿਵੇਂ ਮਧਕਾਲੀਨ ਜੁਲਾਹੇ ਦਾ ਕੰਮ ਕਪੜਾ-ਮਿੱਲਾਂ ਦੇ ਕਈ ਪੇਸ਼ਿਆਂ ਤੇ ਖਾਤਿਆਂ (ਵਿਭਾਗਾਂ) ਵਿਚ ਵੰਡਿਆ ਗਿਆ ਸੀ, ਉਸੇ ਤਰ੍ਹਾਂ ਗਲਪ-ਸਾਹਿਤ ਦੀ ਨਵੇਕਲੀ ਸਮਰਥਾ ਤੇ ਟੈਕਨੀਕ ਦਾ ਨੁੱਕ ਬੱਝ ਚੁੱਕਾ ਸੀ ।

ਸਾਇੰਸ ਦਾ ਅਸਰ ਇਹ ਵੀ ਹੋਇਆ ਕਿ ਵੱਖੋ ਵੱਖਰੇ ਸਮਾਜਕ ਗਿਆਨ ਹੁਣ ਖੋਜਾਂ ਕਾਰਣ ਸੰਪੂਰਣ ਸਾਇੰਸਾਂ ਦੇ ਰੂਪ ਵਿਚ ਵਿਕਸਿਤ ਹੋਣ ਲੱਗੇ । ਗੁੰਮਨਾਮੀ ਤੇ ਰਵਾਇਤਾਂ-ਵਹਿਮਾਂ ਦੀ ਧੁੰਦ ਹੇਠ ਲੁਕਿਆ ਪਾਰ-ਇਤਿਹਾਸਕ ਸਮਾਂ, ਹੁਣ ਖੋਜ ਦੇ ਆਧਾਰ 'ਤੇ ਇਤਿਹਾਸ ਦੀ ਬੁਨਿਆਦ ਬਣਨ ਲੱਗਾ । ਮਨੁੱਖ-ਮਾਤਰ ਦੇ ਇਸ ਅਚੇਤ ਜੀਵਨ ਨੂੰ ਸੁਚੇਤ ਯਤਨਾਂ ਨਾਲ ਜੀਉਂਦੇ-ਜਾਗਦੇ ਇਤਿਹਾਸ ਦਾ ਰੂਪ ਦਿੱਤਾ ਜਾਣ ਲੱਗਾ, ਰਵਾਇਤਾਂ ਵਿਚ ਸਾਂਭੇ ਇਤਿਹਾਸਕ ਅੰਸ਼ਾਂ ਦਾ ਸੰਗ੍ਰਹਿ ਅਤੇ ਟਾਕਰਾ ਕਰ ਕੇ ਨਤੀਜੇ ਕੱਢੇ ਜਾਣ ਲਗੇ ।

ਸਾਇੰਸੀ, ਇਤਿਹਾਸਕ ਤੇ ਸਾਹਿਤਕ ਵਿਕਾਸ ਦੇ ਸਮੇਂ ਜਿਹੜੇ ਯੂਟੋਪੀਆ ਲਿਖੇ ਗਏ, ਉਹ ਗਲਪ ਸਾਹਿਤ ਤੇ ਇਤਿਹਾਸ ਦੇ ਨੇੜੇ ਅਤੇ ਸਾਇੰਸ ਉਪਰ ਆਧਾਰਤ ਹੁੰਦੇ ਹੋਏ ਵੀ ਵੱਖਰੀਆਂ ਸਿਫਤਾਂ ਰਖਦੇ ਸਨ । ਸਗੋਂ ਪੂਰਵ ਇਤਿਹਾਸਕ ਸਮੇਂ ਦੀਆਂ ਕਈ ਖੋਜਾਂ, ਯੂਟੋਪੀਆ ਵਿਚ ਦੱਸੇ ਜਾਂਦੇ ਕਲਪਤ ਸੰਸਾਰ ਦੇ ਨੇੜੇ ਜਾ ਪਹੁੰਚਦੀਆਂ ਸਨ । ਕੁਝ ਇਸ ਪ੍ਰਕਾਰ ਦੇ ਯੂਟੋਪੀਆ-ਵੱਤ-ਇਤਿਹਾਸ ਜਾਂ ਇਤਿਹਾਸ-ਆਧਾਰ-ਯੂਟੋਪੀਆ ; ਹਾਬਸ, ਲਾੱਕ, ਤੇ ਰੂਸੋ ਨੇ ਲਿਖੇ, ਜਿਨ੍ਹਾਂ ਅੱਗੇ ਚਲ ਕੇ, ਚਲੇ ਆ ਰਹੇ ਸਮਾਜਕ ਵਿਚਾਰਾਂ ਉਪਰ ਗੰਭੀਰ ਅਸਰ ਪਾਇਆ ਅਤੇ ਫਰਾਂਸੀਸੀ ਇਨਕਲਾਬ ਨੂੰ ਰੋਕਣ ਜਾਂ ਲਿਆਉਣ ਦਾ ਯਤਨ ਕੀਤਾ ।

ਇੰਗਲੈਂਡ ਦੇ ਦਾਰਸ਼ਨਿਕ ਹਾਬਸ ਨੇ ੧੬੫੧ ਵਿਚ ਇਕ ਪੁਸਤਕ 'ਵਿਰਾਟ ਰੂਪ' (Leviathan) ਲਿਖੀ ਜਿਸ ਵਿਚ ਮੁਢਲੇ ਮਾਨਵ ਸਮਾਜ ਦਾ ਜੀਵਨ ਉਲੀਕਿਆ ਗਿਆ ਸੀ । ਉਸ ਦੇ ਵਿਚਾਰ ਅਨੁਸਾਰ ਮਨੁੱਖ-ਮਾਤਰ ਸਵਾਰਥੀ ਝਗੜਾਲੂ ਤੇ ਵਧੀਕੀ ਕਰਨ ਵਾਲਾ ਹੈ । ਉਸ ਉਪਰ ਦਲੀਲ ਦਾ ਅਸਰ ਨਹੀਂ ਹੁੰਦਾ ਸਗੋਂ ਉਹ ਕਾਮਨਾਵਾਂ ਪਿੱਛੇ ਨੱਠਾ ਫਿਰਦਾ ਹੈ । ਨਿੱਜੀ ਹਿਤ ਉਸ ਨੂੰ ਦੂਜਿਆਂ ਦੇ ਦੁਖ ਸੁਖ ਤੋਂ ਬੇ-ਪ੍ਰਵਾਹ ਕਰ ਦਿੰਦੇ ਹਨ । ਅਜਿਹੀ ਹੀ ਹਾਲਤ ਕੁਦਰਤ ਦੇ ਰਾਜ ਵਿਚ ਸੀ, ਜਦੋਂ ਮਨੁੱਖ ਸਭਿਅ ਨਹੀਂ ਸੀ ਹੋਇਆ । ਉਸ ਸਮੇਂ ਮਨੁੱਖ ਉਪਰ ਹਰ ਸਮੇਂ ਮੌਤ ਦਾ ਡਰ ਛਾਇਆ ਰਹਿੰਦਾ ਸੀ । ਮਨੁਖੀ ਜੀਵਨ ਛੋਟਾ ਤੇ ਪਸ਼ੂ ਬਿਰਤੀ ਵਾਲਾ ਸੀ । 'ਜਿਸ ਨੂੰ ਚਾਹੋ ਮਾਰ ਦਿਓ, ਜੋ ਕੁਝ ਕਿਸੇ ਤੋਂ ਖੋਹ ਸਕਦੇ ਹੋ, ਖੋਹ ਲਵੋ' ਦਾ ਅਸੂਲ ਅਮਲ ਵਿਚ ਸੀ । ਅਖੀਰ ਮਨੁੱਖਾਂ ਨੂੰ ਸੁਮੱਤ ਆਈ ਤੇ ਉਨ੍ਹਾਂ ਨੇ ਇਕ ਰਾਜਨੀਤਕ ਸੱਤਾ ਕਾਇਮ ਕੀਤੀ । ਹਰ ਇੱਕ ਮਨੁੱਖ ਨੇ ਐਲਾਨ ਕੀਤਾ : ਆਪਣੇ ਆਪ ਉਪਰ ਹਕੂਮਤ ਕਰਨ ਦਾ ਅਧਿਕਾਰ ਮੈਂ ਇਸ ਮਨੁੱਖ, ਜਾਂ ਮਨੁੱਖਾਂ ਨੂੰ ਇਸ ਸ਼ਰਤ ਉਪਰ ਦਿੰਦਾ ਹਾਂ ਕਿ ਬਾਕੀ ਤੁਸੀਂ ਸਾਰੇ ਵੀ ਇਹ ਅਧਿਕਾਰ ਇਸ ਨੂੰ ਦਿਓ ਅਤੇ ਇਸ ਦੇ ਅਮਲਾਂ ਨੂੰ ਠੀਕ ਮੰਨੋ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜਨੀਤੀ-ਸ਼ਾਸਤ੍ਰ ਵਿਚ ਪਾਰ-ਇਤਿਹਾਸਕ ਸਮੇਂ ਦੇ ਇਸ ਕਥਨ ਨੂੰ ਸਮਾਜਕ ਸਮਝੌਤੇ ਦਾ ਸਿਧਾਂਤ (Theory of Social Contract)ਦਾ ਨਾਂ ਦਿੱਤਾ ਗਿਆ ਹੈ। ਰਾਜਨੀਤੀ ਦੀਆਂ ਮੁਢਲੀਆਂ ਵਿਦਿਅਕ ਪੁਸਤਕਾਂ ਵਿਚ ਵੀ ਇਹ ਗਲ ਮੰਨੀ ਗਈ ਹੈ। ਹਾਬਸ, ਇੰਗਲੈਂਡ ਦੇ ਸਟੂਅਰਟ ਘਰਾਣੇ ਦੇ ਬਾਦਸ਼ਾਹਾਂ ਦਾ ਨਿਮਕ-ਖ਼ਾਰ ਸੀ ਤੇ ਉਸ ਨੇ ਲੂਣ ਜੇਹੀ ਸਸਤੀ ਵਸਤ ਖਾ ਕੇ ਹਰਾਮ ਨਹੀਂ ਕੀਤੀ ਸਗੋਂ ਇਹ ਸਿਧਾਂਤ ਦਿੱਤਾ ਕਿ ਰੱਬ ਦਾ ਭੇਜਿਆ ਬਾਦਸ਼ਾਹ, ਧਰਮ ਅਨੁਸਾਰ ਸਾਮਜਿਕ ਤੌਰ ਤੇ ਵੀ ਜਾਇਜ਼ ਹੈ। ਵੱਡੇ ਵੱਡੇ ਇਤਹਾਸਕਾਰਾਂ ਨੇ ਇਹ ਕਿਹਾ ਕਿ ਅਜਿਹੀ ਕਿਸੇ ਇਕਤ੍ਰਤਾ ਦਾ ਸਬੂਤ ਕਿਤੇ ਨਹੀਂ ਮਿਲਦਾ ਜਿਸ ਵਿਚ ਮਨੁੱਖਾਂ ਨੇ ਇਕੱਠੇ ਹੋ ਕੇ ਅਜਿਹਾ ਅਧਿਕਾਰ ਕਿਸੇ ਨੂੰ ਸੌਂਪਿਆਂ ਹੋਵੇ ਪਰ ਇਸ ਸਿਧਾਂਤ ਨੇ ਬੀਤੇ ਨੂੰ ਯੂਟੋਪੀਅਨ ਰੰਗਤ ਵਿਚ ਪੇਸ਼ ਕਰ ਕੇ ਇਹ ਮੰਨ ਲਿਆ ਕਿ ਬਾਦਸ਼ਾਹਾਂ ਨੂੰ ਦਿੱਤਾ ਗਿਆ ਅਧਿਕਾਰ ਰੱਬੀ ਨਹੀਂ, ਸਗੋਂ ਸਮਾਜਕ ਹੀ ਸੀ।

ਇੰਗਲੈਂਡ ਦੇ ਲੋਕਾਂ ਨੇ ਇਸੇ ਸਟੂਅਰਟ ਘਰਾਣੇ ਦੇ ਇਕ ਬਾਦਸ਼ਾਹ ਦਾ ਸਿਰ ਲਾਹ ਕੇ ੧੬੪੯ ਵਿਚ ਆਪਣੀ ਤਾਂਘ ਪੂਰੀ ਕਰ ਲਈ ਤੇ ਅਗਲੇ ਬਾਦਸ਼ਾਹ 'ਰੱਬ ਦੇ ਪਰਛਾਵੇਂ' ਨੂੰ ਕੇਵਲ ਵਿਧਾਨਕ ਪ੍ਰਮੁੱਖ ਜਾਂ ਰਬੜ ਦੀ ਮੋਹਰ ਬਣਾ ਦਿੱਤਾ। ਹਾਬਸ ਦੇ ਇਸ ਕਥਨ ਨੂੰ ਤਜਰਬੇ ਨੇ ਝੂਠਾ ਕਰ ਦਿੱਤਾ ਕਿ ਇਕ ਵਾਰ ਕੀਤਾ ਹੋਇਆ ਸਮਾਜਕ ਸਮਝੌਤਾ ਮੁੜ ਵਾਪਸ ਨਹੀਂ ਲੀਤਾ ਜਾ ਸਕਦਾ, ਜਿਸ ਦਾ ਅਰਥ ਸੀ ਕਿ ਬਾਦਸ਼ਾਹ ਦੀ ਇੱਕ ਵਾਰ-ਕਾਇਮ ਕੋਈ ਪ੍ਰਥਾ ਹਟਾਈ ਨਹੀਂ ਜਾ ਸਕਦੀ ; ਕਿਉਂਕਿ ਬਾਦਸ਼ਾਹ ਮਨੁੱਖਾਂ ਨੂੰ ਇਕ ਬੰਧੇਜ ਹੇਠ ਰਖ ਸਕਦਾ ਹੈ। ਮਨੁੱਖ, ਜਿਹੜੇ ਕਿ ਸੁਆਰਥ ਤੇ ਈਰਖਾ ਦੇ ਭਰੇ ਹੋਏ ਹਨ।

ਜਦ ਤਜਰਬੇ ਨੇ ਹਾਬਸ ਦੇ ਸਿਧਾਂਤਕ ਨਤੀਜੇ ਗ਼ਲਤ ਕਰ ਦਿੱਤੇ ਤਾਂ ਉਨ੍ਹਾਂ ਦੀ ਬੁਨਿਆਦ ਮੁਢਲੇ-ਸਮਾਜ ਸੰਬੰਧੀ ਵੀ ਗ਼ਲਤ ਸਿੱਧ ਹੋ ਗਈ। ਇਹ ਕੰਮ ਉਸ ਸਮੇਂ ਦੇ ਵਿਚਾਰਕ ਲੱਾਕ ਨੇ ਕੀਤਾ। ਇਸ ਲਈ ਉਸ ਨੇ ਮੁਢਲੇ ਮਾਨਵ-ਸਮਾਜ ਸੰਬੰਧੀ ਕਿਹਾ ਕਿ ਇਹ ਸ਼ਾਂਤੀ, ਦਲੀਲ ਤੇ ਸ਼ੁਭ-ਇੱਛਾ ਦਾ ਰਾਜ ਸੀ। ਇਹ ਲੜਾਈ ਦੀ ਨਹੀਂ, ਸ਼ਾਂਤੀ ਦੀ ਅਵਸਥਾ ਸੀ। ਕਿਉਂਕਿ ਸਮਾਜ ਵਿਚ ਸ਼ਾਂਤੀ ਤੇ ਦਲੀਲ ਦਾ ਰਾਜ ਸੀ ਇਸ ਲਈ ਮਨੁੱਖ ਹਰ ਸਮੇਂ ਲੜਦੇ ਨਹੀਂ ਸਨ ਰਹਿੰਦੇ। ਪੂਰਾ ਸਮਾਜ ਤਿੰਨ ਅਧਿਕਾਰਾਂ ਨੂੰ ਮਾਣਦਾ ਸੀ। ਇਹ ਬੁਨਿਆਦੀ ਅਧਿਕਾਰ ; ਜੀਵਨ ਆਜ਼ਾਦੀ ਅਤੇ ਮਲਕੀਅਤ ਦੇ ਸਨ। ਹਰ ਮਨੁੱਖ ਦੂਜੇ ਦੇ ਅਧਿਕਾਰਾਂ ਦਾ ਆਦਰ ਕਰਦਾ ਸੀ। ਜੇ ਔਖ ਸੀ ਤਾਂ ਇਹ ਕਿ ਅਧਿਕਾਰਾਂ ਦੀ ਵਿਆਖਿਆ ਤੇ ਸਮੇਂ-ਸਮੇਂ ਪੈਦਾ ਹੋਏ ਝਗੜਿਆਂ ਦਾ ਫੈਸਲਾ ਕੌਣ ਕਰੇ। ਇਸ ਲਈ ਲੋਕਾਂ ਨੇ, ਹਾਬਸ ਦੇ ਕਥਨ ਅਨੁਸਾਰ, ਇਕ ਨਹੀਂ, ਦੋ ਸਮਝੌਤੇ ਕੀਤੇ। ਪਹਿਲਾ ਸਮਝੌਤਾ ਪ੍ਰਾਕਿਰਤਕ ਰਾਜ ਨੂੰ ਸਭਿਅ ਰਾਜ ਵਿੱਚ ਬਦਲਣ ਦਾ ਸੀ ਤੇ ਦੂਜਾ ਇਕ ਵਿਅਕਤੀ ਨੂੰ ਇਸ ਸ਼ਰਤ ਉਪਰ ਚੁਣਨ ਦਾ, ਕਿ ਉਹ ਉਦੋਂ ਤਕ ਲੋਕਾਂ ਨੂੰ ਆਪਣੀ ਈਣ ਮਨਵਾਏ ਜਦ ਤਕਕਿ ਉਹ ਉਨ੍ਹਾਂ ਦੇ ਜੀਵਨ, ਆਜ਼ਾਦੀ ਤੇ ਮਲਕੀਅਤ ਦੀ ਰਾਖੀ ਕਰਦਾ ਹੈ। ਇਹ ਯੂਟੋਪੀਅਨ ਜੇਹਾ ਇਤਿਹਾਸਕ ਜੀਵਨ, ਬਾਦਸ਼ਾਹ ਨੂੰ ਹਟਾ ਕੇ ਹੋਰ ਪ੍ਰਥਾ (ਪਰਜਾਤੰਤਰ) ਕਾਇਮ ਕਰਨ ਦੇ ਮੁਤਾਬਿਕ ਸੀ, ਜਦੋਂ ਕਿ ਬਾਦਸ਼ਾਹ ਆਪਣੀ ਸ਼ਰਤ ਪੂਰੀ ਨਾ ਕਰੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਰਾਂਸੀਸੀ ਇਨਕਲਾਬ ਦੇ ਪਿਤਾ, ਰੂਸੋ ਨੇ ਵੀ ਇਸ ਯੂਟੋਪੀਆ-ਰੂਪੀ ਸਮਾਜ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਉਸ ਨੇ ਸਿੱਧ ਕੀਤਾ ਕਿ ਮੁਢਲਾ ਮਾਨਵ-ਸਮਾਜ, ਇਤਿਹਾਸ ਤੇ ਪਾਰ-ਇਤਿਹਾਸਕ ਕਾਲ ਦਾ ਸਭ ਤੋਂ ਵਧ ਪ੍ਰਸੰਨਤਾ ਤੇ ਆਨੰਦ ਦਾ ਯੁਗ ਸੀ, ਉਸ ਵਿਚ ਮਨੁੱਖ ਬੇ-ਫਿਕਰ ਜੀਵਨ ਬਤੀਤ ਕਰਦਾ ਸੀ। ਇਸ ਜੀਵਨ ਵਿਚ ਨਿੱਜੀ-ਮਲਕੀਅਤ ਦੀ ਪ੍ਰਥਾ ਕਾਇਮ ਹੋਣ ਕਾਰਣ ਵਿਰੋਧਤਾਈਆਂ ਆ ਗਈਆਂ ਤੇ ਖੇਰੂੰ-ਖੇਰੂੰ ਹੋ ਕੇ ਰਸਾਤਲ ਵਲ ਤੁਰ ਪਿਆ। ਇਸ ਸਮੇਂ ਬਹਿਸ ਇਹ ਨਹੀਂ ਕਿ ਰੂਸੋ ਦਾ ਇਹ ਧਿਸਾਂਤ ਵਧੇਰੇ ਡੂੰਘੀ ਖੋਜ-ਪੜਚੋਲ ਦਾ ਸਿੱਟਾ ਸੀ ਜਾਂ ਹਾਬਸ ਤੇ ਰੂਸੋ ਦੋਹਾਂ ਦੇ ਸਿਧਾਂਤ ਦਾ ਤਾਲਮੇਲ ਕਲਪਤ ਸੀ, ਪਰ ਇਹ ਕਾਫੀ ਹਦ ਤਕ ਸਚਾਈ ਅਤੇ ਸਮੇਂ ਦੇ ਸਮਾਜਕ ਵਿਸ਼ਲੇਸ਼ਣ ਦੇ ਨੇੜੇ ਜ਼ਰੂਰ ਸੀ।

ਕਲਪਨਾ, ਜੇ ਸਚਾਈ ਦੇ ਨੇੜੇ ਅਤੇ ਸਮੇਂ ਦੀਆਂ ਹਾਲਤਾਂ ਵਿਚ ਅਮਲ ਯੋਗ ਹੋਵੇ ਤਾਂ ਇਹ ਆਪ ਕਿਸੇ ਸਮਾਜਕ ਅਮਲ ਵਿਚ ਬਦਲ ਜਾਂਦੀ ਹੈ। ਇਸੇ ਲਈ ਰੂਸੋ ਤੋਂ ਮਗਰੋਂ ਯੂਟੋਪੀਆ, ਫਰਾਂਸੀਸੀ ਇਨਕਲਾਬ ਦੇ ਰੂਪ ਵਿਚ ਸਾਕਾਰ ਹੋਇਆ। ਇਹੀ ਸਮਾਂ ਸੀ ਜਦ ਯੂਰਪ ਤੇ ਖਾਸਕਰ ਫ਼ਰਾਂਸ ਵਿਚ ਧਰਮ, ਟੱਬਰ, ਮਾਲਕੀ ਤੇ ਕਬਜ਼ੇ ਸੰਬੰਧੀ ਬਣੀਆਂ ਸਭ ਕਦਰਾਂ-ਕੀਮਤਾਂ ਦਲੀਲ ਦੇ ਆਧਾਰ ਤੇ ਸਵੀਕਾਰ ਜਾਂ ਰੱਦ ਕੀਤੀਆਂ ਜਾਣ ਲਗੀਆਂ। ਉਸ ਸਮੇਂ ਹਰ ਉਹ ਸਮਾਜ, ਕੀਮਤ ਅਤੇ ਵਸਤੂ ਖਤਮ ਕੀਤੀ ਜਾ ਰਹੀ ਸੀ ਜੋ ਦਲੀਲ ਤੇ ਤਰਕ ਦੀ ਕਸਵੱਟੀ ਉਪਰ ਪੂਰੀ ਨਾ ਉਤਰੇ।

ਇਸ ਸਮੇਂ ਇੰਗਲੈਂਡ ਵਿਚ ਪੀਟਰ ਚੇਂਬਰਲੇਨ ਨੇ ਇਕ ਯੂਟਪੀਆ 'ਗ਼ਰੀਬਾਂ ਦਾ ਵਕੀਲ' ਲਿਖਿਆ। ਜੋ ਆਰਥਕ ਰਸਾਤਲ, ਸੁਧਾਰਵਾਦ ਤੇ ਕਾਨੂੰਦਾਨੀ ਦਾ ਤਾਲ-ਮੇਲ ਸ਼ੀ।

ਇਸ ਤੋਂ ਕੁਝ ਸਮਾਂ ਮਗਰੋਂ ਕੈਬਟ ਨੇ ਆਪਣੀ ਯੂਟੋਪੀਆ Icaria ਲਿਖੀ।

ਇੰਗਲੈਂਡ ਦੇ ਇਕ ਕੱਟੜ ਇਨਕਲਾਬੀ 'ਬਾਬੂਫ਼' ਦੇ ਦਿਮਾਗ਼ ਵਿਚ ਸਮਾਜਕ ਹਾਲਤਾਂ ਸੰਬੰਧੀ ਵਤੀਰੇ ਤੇ ਇਨਕਲਾਬੀ ਸਮਰਥਾ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਉਹ ਵੀ ਯੂਟੋਪੀਅਨ ਸੀ। ਬਾਬੂਫ਼ ਇਕ ਅਜਿਹਾ ਯੂਟੋਪੀਅਨ ਸੀ ਜਿਸ ਨੇ ਆਪਣੇ ਸੁਪਨ-ਸੰਸਾਰ ਵਿਚ ਅੱਖਾਂ ਮੀਟ ਕੇ ਉਡਾਰੀਆਂ ਨਹੀਂ ਲਾਈਆਂ ਸਗੋਂ ਇਸ ਨੂੰ ਸਿਰਜਨ ਦੇ ਜਤਨਾਂ ਵਿਚ ਉਹ ਬਾਗ਼ੀ ਬਣ ਕੇ ਜੂਝਿਆ ਤੇ ਫਾਂਸੀ ਤੇ ਤਖ਼ਤੇ ਤੇ ਜਾ ਝੂਟੇ ਲਏ।

ਫਰਾਂਸੀਸੀ ਇਨਕਲਾਬ ਅਤੇ ਇਸ ਤੋਂ ਪਿੱਛੋਂ ਯੂਰਪ, ਇਕ ਦਾਰਸ਼ਨਿਕ ਘੋਲ ਦਾ ਅਖਾੜਾ ਬਣ ਗਿਆ। ਹੁਣ ਦਾ ਇਹ ਦਾਰਸ਼ਨਿਕ ਘੋਲ ਕਲਪਨਾ ਦੀਆਂ ਉਡਾਰੀਆਂ ਜਾਂ ਆਤਮਕ ਗਹਿਰਾਈਆਂ ਵਿਚ ਵਧ-ਵਧ ਕੇ ਲਾਈਆਂ ਟੁੱਭੀਆਂ ਨਹੀਂ ਸੀ ਸਗੋਂ ਇਸ ਪ੍ਰਸ਼ਨ ਤੇ ਕੇਂਦਰਿਤ ਸੀ ਕਿ ਸਮਾਜ ਨੂੰ ਮਨੁੱਖ ਕਿਹੜੀਆਂ ਲੀਹਾਂ 'ਤੇ ਉਸਾਰੇ ਤੇ ਚਲਾਏ। ਇਸ ਲਈ ਦਰਸ਼ਨ ਵਿਚ ਯੂਟੋਪੀਅਨ ਹੋਣਾ ਇਕ ਖਾਸ ਝੁਕਾ ਦਾ ਲਖਾਇਕ ਬਣ ਗਿਆ। ਹਰ ਇਕ ਸਿਧਾਂਤ ਤੇ ਦਰਸ਼ਨ ਲਈ ਇਹ ਜ਼ਰੂਰੀ ਹੋ ਗਿਆ ਕਿ ਉਹ ਆਪਣੇ ਸਮਾਜ ਦਾ ਉਹ ਚਿਤਰ ਲੋਕਾਂ ਸਾਹਮਣੇ ਰਖੇ, ਜੋ ਕਿ ਉਹ, ਰਾਜ-ਸੱਤਾ ਆਪਣੇ ਹੱਥ ਵਿਚ ਲੈ ਕੇ ਬਣਾਏਗਾ। ਇਸ ਸਮੇਂ ਹੀ ਅਰਾਜਿਕਤਾਵਾਦ, ਗਿਲਡ-ਸਮਾਜਵਾਦ ਅਤੇ ਸਿੰਡੀਕਲਿਜ਼ਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਸਮਰਥਕਾਂ ਨੇ ਆਪਣੇ ਵਿਚਾਰਾਂ ਤੇ ਸਿਧਾਂਤਾਂ ਅਨੁਸਾਰ ਭਵਿਖ ਦੇ ਸਮਾਜ ਦੀਆਂ ਯੋਜਨਾਵਾਂ ਤੇ ਚਿਤਰ ਲੋਕਾਂ ਸਾਹਮਣੇ ਪੇਸ਼ ਕੀਤੇ ।

ਅਜਿਹਾ ਹੀ ਇਕ ਚਿਤਰ ਮਾਰਕਸ ਤੇ ਏਂਜਲਸ ਨੇ ਪੇਸ਼ ਕੀਤਾ, ਜਿਸ ਦਾ ਕਲਾਸੀਕਲ ਦਾਰਸ਼ਨਿਕਾਂ ਤੇ ਨਿਪਟ-ਇਨਕਲਾਬਵਾਦੀਆਂ ਨੇ 'ਯੂਟੋਪੀਅਨ' ਕਹਿ ਕੇ ਮਖ਼ੌਲ ਉਡਾਇਆ ।

ਅੱਜ ਰਵਾਇਤੀ ਯੂਟੋਪੀਆ ਨਹੀਂ ਲਿਖੇ ਜਾ ਰਹੇ ਤੇ ਇਹ ਵੀ ਠੀਕ ਹੈ ਕਿ ਯੂਟੋਪੀਆ ਵਿਚ ਸਿਧਾਂਤ ਤੇ ਅਮਲ ਦੇ ਪੱਖਾਂ ਤੋਂ ਕਈ ਤ੍ਰੁਟੀਆਂ ਰਹੀਆਂ ਹੋਣ ਗੀਆਂ ਪਰ ਇਸ ਨੇ ਆਪਣੇ ਸਮੇਂ ਦੇ ਸਮਾਜ ਉਪਰ ਆਲੋਚਨਾ ਕਰ ਕੇ ਲੋਕਾਂ ਦੀਆਂ ਮੰਗਾਂ-ਉਮੰਗਾਂ ਨੂੰ ਨਿਖਾਰਨ ਤੇ ਉਭਾਰਨ ਦਾ ਕੰਮ ਵੀ ਕੀਤਾ ਹੈ ।

ਯੂਟੋਪੀਆ ਦੀ ਰਚਨਾ ਹੇਠ ਕੰਮ ਕਰਦਾ ਭਰਮ ਜਾਂ ਸ਼ੁਭ ਕਲਪਨਾ (Wishful Thinking) ਮਨੁੱਖ ਦਾ ਚੰਗਾ ਜੀਵਨ ਜੀਉਣ ਦੀ ਲਾਲਸਾ ਦਾ ਹੀ ਦੂਜਾ ਰੂਪ ਹੈ । ਲਾਲਸਾ, ਜਿਹੜੀ ਮਨੁੱਖ ਦੇ ਵਿਚਾਰਾਂ ਵਿਚ ਪੁੰਗਰਦੀ ਤੇ ਧਰਤੀ ਦੀ ਸਤਹ ਉਪਰਲੇ ਸਮਾਜ ਵਿਚ ਪਲ੍ਹਰਦੀ ਤੇ ਫੈਲਦੀ ਹੈ ।

ਜਦੋਂ ਕਦੇ ਵੀ ਸਥਾਪਤ ਸਮਾਜ ਤੇ ਕਦਰਾਂ-ਕੀਮਤਾਂ ਤੋਂ ਤੰਗ ਆ ਕੇ ਮਨੁੱਖੀ ਮਨ ਉਭਾਸਰੇ ਗਾ ; ਜੋ ਹੈ-ਨੂੰ ਭੁੱਲਕੇ ; ਜੋ ਹੋਣਾ ਚਾਹੀਦਾ ਹੈ-ਨੂੰ ਚਿਤਵੇ ਗਾ ਤਾਂ ਯੂਟੋਪੀਆ ਦੀ ਸਿਰਜਨਾ ਹੋਵੇ ਗੀ ! ਇਹ ਸਿਰਜਨਾ ਸਮਾਜਕ, ਆਰਥਕ ਕਿਸੇ ਲਿਖਤ ਦੇ ਰੂਪ ਵਿਚ ਹੋਵੇ ਭਾਵੇਂ ਗਲਪ ਦੇ ਸਾਂਹਿਤਕ ਰੂਪ ਵਿਚ ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਲਾੜ ਤੇ ਸਮਾਂ

ਸੂਰਜ, ਚੰਦ ਤੇ ਤਾਰੇ ਕੁਦਰਤ ਦਾ ਅਜਿਹਾ ਆਕਾਸ਼ੀ ਵਰਤਾਰਾ ਹਨ, ਜੋ ਮਨੁੱਖ ਨੂੰ ਸਦਾ ਤੋਂ ਹੈਰਾਨੀ, ਕੌਤੂਹਲ : ਉਡਾਰੀ ਅਤੇ ਸੋਚ ਪ੍ਰਦਾਨ ਕਰਦੇ ਰਹੇ ਹਨ ਤੇ ਕਰਦੇ ਰਹਿਣ ਗੇ। ਮਨੁੱਖ ਜਦੋਂ ਸ਼ਰੀਰਕ ਤੌਰ ਤੇ ਬਾਲ ਹੁੰਦਾ ਹੈ, ਤਾਂ ਵੀ ਇਹ ਆਕਾਸ਼ੀ-ਆਕਾਰ ਉਸ ਦੇ ਦਿਲ ਤੇ ਦਿਮਾਗ਼ ਉਪਰ ਇਕ ਖ਼ਾਸ ਅਸਰ ਪਾਉਂਦੇ ਰਹਿੰਦੇ ਹਨ। ਬੱਚੇ ਦੀ ਆਪਣੀ ਮਨ-ਉਡਾਰੀ ਤੇ ਕਲਪਨਾ ਸੂਰਜ ਨੂੰ ਅੱਗ ਦਾ ਗੋਲਾ ਸਮਝਦੀ, ਬੱਦਲਾਂ ਵਾਲੀ ਰਾਤ ਵਿਚ ਚੰਦ ਨੂੰ ਰੂੰ ਦੇ ਫੰਭਿਆਂ ਵਿਚ ਫਿਰਦੀ ਦਾੜ੍ਹੀ ਦਿਸਦੀ ਹੈ। ਤਾਰੇ, ਝਮਕਦੀਆਂ ਅੱਖਾਂ ਜਾਪਦੇ ਹਨ।

ਜਿਉਂ-ਜਿਉਂ ਉਸ ਉਪਰ ਸਾਮਾਜਿਕ ਅਸਰ ਹੁੰਦਾ ਹੈ, ਉਹ ਕਿਸੇ ਰਵਾਇਤ, ਵਹਿਮ ਜਾਂ ਗਿਆਨ-ਵਿਗਿਆਨ ਅਨੁਸਾਰ ਇਨ੍ਹਾਂ ਨੂੰ ਭਲੇ ਲੋਕਾਂ ਅਤੇ ਭਗਤਾਂ ਦੀਆਂ ਰੂਹਾਂ, ਨਰਕ ਜਾਂ ਸਵਰਗ ਦੇ ਰਾਹ, ਜਾਂ ਇਨ੍ਹਾਂ ਦੇ ਰਾਹ ਵਿਚ ਆਉਂਦੀਆਂ ਪੁਰੀਆਂ ਜਾਂ ਧਰਤੀਆਂ ਸਮਝ ਕੇ ਇਸ ਉਪਰ ਆਪਣੀ ਕਲਪਨਾ ਤੇ ਸੋਚ ਨੂੰ ਉਡਾਰੀਆਂ ਲੁਆਉਂਦਾ ਹੈ।

ਸਮੁੱਚੀ ਮਨੁੱਖ-ਜਾਤੀ ਦਾ ਮਾਨਸਿਕ ਵਿਕਾਸ ਵੀ ਲਗ ਪਗ ਇਹੋ ਕੁਝ ਦਸਦਾ ਹੈ। ਸੂਰਜ ਤੇ ਚੰਦ ਦੇ ਨਜ਼ਾਰਿਆਂ ਨੇ ਕਵੀ-ਹਿਰਦਿਆਂ ਉਤੇ ਉਤਰ ਕੇ ਸਾਨੂੰ ਕਈ ਮਹਾਨ ਰਚਨਾਵਾਂ ਦਿਤੀਆਂ ਹਨ। ਪਰਮਾਰਥਵਾਦੀਆਂ ਨੂੰ ਅਨੰਤਤਾ ਦੀ ਸੋਝੀ ਕਰਾਈ ਹੈ, ਮਲਾਹਾਂ ਤੇ ਪਾਂਧੀਆਂ ਨੂੰ ਰਾਹੇ ਪਾਇਆ ਹੈ, ਜੋਤਸ਼ੀਆਂ ਨੂੰ ਭਵਿਸ਼-ਬਾਣੀ ਸਿਖਾਈ ਹੈ; ਹਿਸਾਬਦਾਨਾਂ ਨੂੰ ਦਿਨ, ਰਾਤ, ਵਰ੍ਹੇ ਤੇ ਸਦੀਆਂ ਦੀ ਗਿਣਤੀ ਕਰਾ ਕੇ ਸਮੇਂ ਦੀ ਮਿਣਤੀ ਕਰਨੀ ਦੱਸੀ ਹੈ ਅਤੇ ਆਮ ਆਦਮੀ ਨੂੰ; ਇਸ ਦੁਨੀਆਂ ਤੋਂ ਇਨ੍ਹਾਂ ਆਕਾਸ਼ੀ-ਆਕਾਰਾਂ ਦੀ ਅਥਾਹ ਦੂਰੀ ਜਾਂ ਪੁਲਾੜ ਸੁਝਾਇਆ ਹੈ।

ਚੰਦ ਤੇ ਤਾਰਿਆਂ ਸੰਬੰਧੀ ਨੀਝ, ਸੋਚ ਤੇ ਕਲਪਨਾ ਦੀਆਂ ਇਨ੍ਹਾਂ ਉਡਾਰੀਆਂ ਵਿਚ ਰਾਤ ਦਾ ਖਾਸ ਹੱਥ ਹੈ। ਰਾਤ, ਜਿਹੜੀ ਕਿ ਪੁਲਾੜ ਜਾਂ ਖਗੋਲ ਵਿਚ ਧਰਤੀ ਦੀ ਇਕ ਨਿਯਮ-ਬੱਧ ਹਰਕਤ ਕਾਰਣ ਵਾਪਰਦੀ ਹੈ। ਰਾਤ ਦਾ ਇਨ੍ਹਾਂ ਉਡਾਰੀਆਂ ਵਿਚ ਇਸ ਲਈ ਹੱਥ ਹੈ ਕਿ ਰਾਤ ਨੂੰ ਸੂਰਜ ਆਪ ਲੁਕ ਜਾਂਦਾ ਹੈ ਜਿਸ ਨੇ ਦਿਨ ਵੇਲੇ ਦੁਨੀਆਂ ਦੀ ਨਿੱਕੀ ਤੋਂ ਨਿੱਕੀ ਚੀਜ਼ ਨਿਖਾਰੀ ਪਰ ਤਾਰਿਆਂ ਜਹੀਆਂ ਅਥਾਹ ਤੇ ਮਹਾਨ ਵਸਤਾਂ ਨੂੰ ਲੁਕਾਇਆ ਹੁੰਦਾ ਹੈ। ਅਸੀ ਦਿਨ ਦੀ ਭੱਜ ਨੱਠ ਤੋਂ ਮਗਰੋਂ ਕਲਪਨਾ ਤੇ ਸੋਚ ਨੂੰ ਦੁੜੰਗੇ ਲੁਆਉਣ ਦੀ ਟਿਕਵੀਂ ਹਾਲਤ ਵਿਚ ਹੁੰਦੇ ਹਾਂ। ਰਾਤ ਸਮੇਂ ਸਾਡਾ ਮੂੰਹ ਉਤਾਂਹ ਹੁੰਦਾ ਹੈ ਤੇ ਅੱਖਾਂ ਤਾਰਿਆਂ ਉਪਰ ਜਾ ਹੀ ਫਿਰਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਲਾੜ ਦਾ ਵਰਣਨ ਮਨੁਖ ਦੇ ਧਰਮਾਂ ਤੇ ਦਰਸ਼ਨਾਂ ਵਿਚ ਢੇਰ ਆਇਆ ਹੈ। ਫਰਕ ਕੇਵਲ ਇਹ ਹੈ ਕਿ ਸਾਇੰਸੀ ਯੁਗ ਤੋਂ ਪਹਿਲਾਂ ਮਨੁਖ ਦੀ ਨੰਗੀ ਅੱਖ ਸਾਹਵੇਂ ਪੁਲਾੜ ਦੀ ਅਨੰਤਤਾ, ਨਿਲੱਤਣਾਂ ਦਾ ਜਾਮਾ ਪਹਿਣ ਕੇ ਇਕ ਪੜਦੇ ਦੇ ਰੂਪ ਵਿਚ ਆ ਖਲੋਤੀ ਸੀ। ਇਸ ਵਰਤਾਰੇ ਨੂੰ ਮਨੁਖ, ਉਦੋਂ ਆਕਾਸ਼ ਕਹਿੰਦਾ ਸੀ। ਵੇਦਾਂ ਦੇ ਮੁਢਲੇ ਸਮੇਂ ਵਿਚ ਹੀ ਸਯੁਗਵਾ ਰੈਂਕਵ ਅਤੇ ਯਾਗਯਵਲਕਯ ਜਹੇ ਰਿਸ਼ੀਆਂ ਤੇ ਵਿਦਵਾਨਾਂ ਨੇ ਇਹ ਸਮਝਣਾ ਸ਼ੁਰੂ ਕਰ ਦਿਤਾ ਸੀ ਕਿ ਆਕਾਸ਼ ਸਾਡੀ ਤੇ ਕਿਸੇ ਹੋਰ ਦੁਨੀਆਂ (ਨਰਕ ਜਾਂ ਸਵਰਗ) ਵਿਚਲਾ ਪੰਧ ਜਾਂ ਰਾਹ ਹੈ ਜਿਹੜਾ ਕੱਟ ਜਾਂ ਝਾਗ ਕੇ, ਆਤਮਾ ਕਿਸੇ ਹੋਰਸ ਦੁਨੀਆਂ ਵਿਚ ਪੁਜਦੀ ਹੈ। ਅਜ ਦੀ ਸਾਇੰਸ ਵਾਂਗ ਉਸ ਸਮੇਂ ਦੇ ਪਰਮਾਰਥਵਾਦ ਨੇ ਵੀ ਆਕਾਸ਼ ਨੂੰ ਕਈ ਰੂਪਾਂ ਜਾਂ ਅੰਸ਼ਾਂ ਵਿਚ ਪ੍ਰਗਟ ਕੀਤਾ। ਇਸ ਲਈ ਕਿਹਾ ਜਾ ਸਕਦਾ ਹੈ ਕਿ ਅਜ ਦੀ ਸਾਇੰਸ ਨੇ ਬੀਤੇ ਦੇ ਪਰਮਾਰਥ ਤੋਂ ਕੋਈ ਵਖਰੀ ਗਲ ਨਹੀਂ ਕਹੀ। ਪਰ, ਦੋਹਾਂ ਵਿਚ ਬੁਨਿਆਦੀ ਫਰਕ, ਏਕਾਂਤ-ਵਾਸੀ ਨਿਪਟ ਕਿਆਸ ਅਤੇ ਪ੍ਰਯੋਗਸ਼ਾਲਾ ਵਿਚ ਕੀਤੇ ਅਮਲੀ ਤਜਰਬੇ ਦਾ ਹੈ। ਆਕਾਸ਼ ਦੀ ਦਾਰਸ਼ਨਿਕ ਮਹੱਤਤਾ ਇਕ ਸਮੇਂ ਇੰਨੀ ਵਧੀ ਕਿ ਇਸ ਨੂੰ ਦਿਸਦੇ ਵਰਤਾਰੇ ਦੀ ਥਾਂ ਜੀਵਨ ਦਾ ਇਕ ਹਿੱਸਾ ਸਮਝ ਕੇ ਪੰਜਵਾਂ ਤੱਤ ਮੰਨ ਲਿਆ ਗਿਆ। ਅਦਿੱਖ ਹੋਣ ਕਾਰਣ, ਇਸੇ ਵਿਚੋਂ ਰੱਬ ਜਾਂ ਸਭ ਕੁਝ ਦੀ ਸੰਚਾਲਕ ਸ਼ਕਤੀ ਦੇਖੀ ਜਾਣ ਲਗੀ। ਜਿਸ ਦੁਨੀਆਂ ਵਿਚ ਅਸੀਂ ਰਹਿੰਦੇ ਹਾਂ, ਦੇ ਵਰਤਾਰਿਆਂ ਨੂੰ ਅਜ ਪੂਰੀ ਤਰ੍ਹਾਂ ਜਾਣਿਆਂ ਵੀ ਨਹੀਂ ਗਿਆ ਕਿ ਪੂਰੇ ਬ੍ਰਹਮੰਡ ਦੀ ਖੋਜ ਸ਼ੁਰੂ ਹੋ ਗਈ ਹੈ ਜਿਸ ਵਿਚੋਂ ਪੁਲਾੜ ਇਕ ਅਜਿਹਾ ਅਥਾਹ ਪਟਾਰਾ ਲੱਭਾ ਹੈ ਜਿਸ ਵਿਚ ਅਨਗਿਣਤ ਭੇਦ ਅਜੇ ਲੁਕੇ ਪਏ ਹਨ।

ਢੇਰ ਸਾਰਾ ਸਮਾਂ ਤਾਂ ਪੁਲਾੜ ਦੀ ਹੋਂਦ ਤੋਂ ਇਨਕਾਰ ਵਿਚ ਬੀਤ ਚੁਕਾ ਹੈ। ਸੁਆਦਲੀ ਗਲ ਇਹ ਹੈ ਕਿ ਕਈ ਨਾਸਤਕ ਕਹੇ ਜਾਂਦੇ ਸਾਇੰਸਦਾਨ ਤੇ ਕਈ ਆਸਤਕ ਅਖਵਾਉਂਦੇ ਵਿਚਾਰਵਾਨ; ਦੋਵੇਂ ਇਸ ਗਲ ਤੇ ਸਹਿਮਤ ਰਹੇ ਹਨ ਕਿ ਪੁਲਾੜ ਅਸਲ ਵਿਚ ਕੋਈ ਚੀਜ਼ ਨਹੀਂ। ਹੋਰ ਸੁਆਦਲੀ ਗਲ ਇਹ ਹੈ ਕਿ ਇਸ ਨਤੀਜੇ ਉਪਰ ਉਹ ਵਖੋ ਵਖ ਦਲੀਲਾਂ ਜਾਂ ਸਿਧਾਂਤਾਂ ਦੇ ਆਧਾਰ 'ਤੇ ਕੱਠੇ ਹੋ ਜਾਂਦੇ ਹਨ। ਬੀਤੇ ਦੇ ਮੈਕਾਂਕੀ ਅਤੇ ਅ-ਵਿਗਿਆਨਕ ਭੌਤਿਕਵਾਦੀਆਂ ਦੀ ਇਕ ਖਾਸ ਧਾਰਾ ਦਾ ਇਹ ਖਿਆਲ ਰਿਹਾ ਹੈ ਕਿ ਜੋ ਕੁਝ ਸਾਡੇ ਦੇਖਣ, ਸੁਣਨ, ਚੱਖਣ, ਸੁੰਘਣ ਅਤੇ ਸਪਰਸ਼ ਵਿਚ ਨਹੀਂ ਆਉਂਦਾ, ਉਹ ਹੈ ਹੀ ਨਹੀਂ। ਅੱਜ ਵੀ, ਜਦੋਂ ਇਸ ਸੰਬੰਧ ਵਿਚ ਢੇਰ ਸਾਰਾ ਵਿਸ਼ਲੇਸ਼ਣ ਹੋ ਚੁਕਾ ਹੈ, ਕਈ ਸਾਇੰਸਦਾਨ ਅਫਲਾਤੂਨ ਵਾਂਗ ਇਸ ਨਤੀਜੇ ਤੇ ਪਹੁੰਚਦੇ ਹਨ ਕਿ ਜੇ, ਐਟਮ ਜੋ ਪੁਲਾੜ ਨੂੰ ਵੀ ਬਣਾਉਂਦੇ ਹਨ, ਦੇ ਅੰਸ਼, ਬਿਜਲਾਣੂ (electrons) ਇਕੋ ਵੇਲੇ ਲਹਿਰ ਜਾਂ ਸ਼ਕਤੀ ਵੀ ਹਨ ਅਤੇ ਮਾਦਾ ਜਾਂ ਹਕੀਕਤ ਵੀ—ਤਾਂ ਇਹ ਹੈ ਹੀ ਨਹੀਂ। ਪਰਮਾਰਥਵਾਦੀ ਵਿਚਾਰਕਾਂ ਦੀਆਂ ਬ੍ਰਹਮ ਅਤੇ ਮਾਇਆਵਾਦੀ ਧਾਰਨਾਵਾਂ ਇਸ ਲਈ ਪੁਲਾੜ ਦੀ ਹੋਂਦ ਤੋਂ ਇਨਕਾਰ ਕਰਦੀਆਂ ਹਨ ਕਿ ਹਰ ਵਸਤੂ ਦੇ ਪਿੱਛੇ ਇਕ ਹੋਰ ਸ਼ਕਤੀ ਹੈ। ਇਸ ਲਈ ਅਸਲੀਅਤ, ਉਹ ਵਸਤੂ ਨਹੀਂ ਸਗੋਂ ਉਸ ਦੇ ਪਿੱਛੇ ਲੁਕੀ ਹੋਈ ਸ਼ਕਤੀ ਹੈ—ਬ੍ਰਹਮ ਹੈ। ਜੋ ਸਭ ਕੁਝ ਸਾਨੂੰ ਦਿਸਦਾ ਹੈ, ਇਹ ਸਭ [illegible] ਨਿਰਾਕਾਰ ਸ਼ਕਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮਾਇਆ ਹੈ; ਕੋਈ ਅਸਲੀਅਤ ਨਹੀਂ ।

ਪਰ ਮਨੁੱਖੀ ਗਿਆਨ-ਵਿਗਿਆਨ ਦੇ ਇਤਿਹਾਸ ਇਹ ਦਸਦੇ ਹਨ ਕਿ ਜਦੋਂ ਵੀ ਕੁਦਰਤ ਦੇ ਕਿਸੇ ਭੌਤਿਕ ਵਰਤਾਰੇ ਦੀ ਸਮੱਸਿਆ ਮਨੁਖੀ ਮਨ ਦੇ ਏਜੰਡੇ ਉਪਰ ਆਈ ਹੈ, ਉਸ ਵਰਤਾਰੇ ਦੀ ਅਣਹੋਂਦ ਕਦੇ ਸਾਬਤ ਨਹੀਂ ਕੀਤੀ ਜਾ ਸਕੀ । ਉਸ ਵਰਤਾਰੇ ਹੇਠੋਂ, ਆਸੋਂ ਉਲਟ, ਭੇਦ ਅਤੇ ਦੂਜੇ ਹੋਰ ਵਰਤਾਰੇ ਭਾਵੇਂ ਕਈ ਲੱਭ ਪਏ ਹੋਣ । ਇਸ ਲਈ ਪੁਲਾੜ ਅਜ ਭੌਤਿਕ ਸਾਇੰਸਾਂ ਦਾ ਪ੍ਰਸ਼ਨ ਬਣ ਗਿਆ ਹੈ ਜਿਹੜੀਆਂ ਜਾਨਣਾ ਚਾਹੁੰਦੀਆਂ ਹਨ ਕਿ ਆਕਾਸ਼ੀ ਪਿੰਡਾਂ—ਆਕਾਰਾਂ ਵਿਚੋਂ ਸਾਡੀ ਦੁਨੀਆਂ ਵਿਚ ਰੌਸ਼ਨੀ ਕਿਵੇਂ ਪੁਜਦੀ ਹੈ । ਅਜ ਪੁਲਾੜ, ਦਰਸ਼ਨ ਤੇ ਧਰਮ-ਸ਼ਾਸਤ੍ਰ (Theology) ਦਾ ਪ੍ਰਸ਼ਨ ਬਣ ਗਿਆ ਹੈ ਕਿ : ਕੀ ਪੁਲਾੜ, ਮਨੁੱਖ ਤੋਂ ਪਹਿਲਾਂ ਸੀ ਜਿਸ ਦਾ ਅਸਰ ਮਨੁੱਖੀ ਮਨ 'ਤੇ ਪਿਆ ਜਾਂ ਮਨੁੱਖੀ ਮਨ ਫੈਸਲਾ-ਕਰੂ-ਸ਼ਕਤੀ ਹੈ ਜਿਸ ਨੇ ਪੁਲਾੜ ਅਤੇ ਇਸ ਦੇ ਵਰਤਾਰਿਆਂ ਨੂੰ ਮਹਿਸੂਸ ਕੀਤਾ ਤੇ ਪੁਣਿਆ-ਛਾਣਿਆ ਹੈ । ਪੁਲਾੜ ਨੂੰ ਜਾਨਣਾ ਅਜ; ਰਾਤ ਸਮੇਂ ਤਾਰਿਆਂ ਵਲ ਇਕ ਟੱਕ ਤੱਕਦੇ ਮਨੁੱਖ ਤੋਂ ਲੈ ਕੇ ਤਾਰਕਾ-ਮੰਡਲ ਦੀਆਂ ਸੈਰਾਂ ਕਰਨ ਵਾਲੇ ਮਾਹਰਕੇ-ਬਾਜ਼ ਹਵਾਬਾਜ਼ਾਂ ਤੇ ਸਾਇੰਸਦਾਨਾਂ ਦੀ ਦਿਲਚਸਪੀ ਅਤੇ ਖੋਜ ਦਾ ਵਿਸ਼ਾ ਬਣ ਗਿਆ ਹੈ ।

ਅਜ ਤੋਂ ਲਗ ਪਗ ੨੩ ਸਦੀਆਂ ਪਹਿਲਾਂ, ਯੂਨਾਨ ਦੇ ਦਾਰਸ਼ਨਿਕ, ਡੈਮੋਕ੍ਰਾਈਟਸ ਨੇ ਸ਼ਾਇਦ ਪਹਿਲੀ ਵਾਰ ਠੋਸ ਰੂਪ ਵਿਚ ਪੁਲਾੜ ਦਾ ਵਰਣਨ ਕਰ ਕੇ ਸਾਡੀ ਦੁਨੀਆਂ ਦੇ ਕਈ ਵਰਤਾਰਿਆਂ ਦਾ ਇਸ ਨਾਲ ਸੰਬੰਧ ਦਿਖਾਇਆ ਸੀ । ਉਸ ਨੇ ਕਿਹਾ, ''ਮਿੱਠੇ ਤੇ ਕੌੜੇ, ਠੰਡੇ ਤੇ ਗਰਮ ਦੀ, ਸਗੋਂ ਰੰਗਾਂ ਦੀ ਹੋਂਦ ਵੀ ਕੇਵਲ, ਸਾਡੇ ਵਿਚਾਰਾਂ ਵਿਚ ਹੈ, ਅਸਲੀਅਤ ਵਿਚ ਨਹੀਂ । ਅਸਲ ਵਿਚ ਜੋ ਕੁਝ ਹੋਂਦ ਵਿਚ ਹੈ, ਉਹ ਨਾ ਬਦਲਣ ਵਾਲੇ ਅਣੂ-ਪ੍ਰਮਾਣੂ ਅਤੇ ਪੁਲਾੜ ਵਿਚ ਉਨ੍ਹਾਂ ਦੀ ਹਰਕਤ ਹੈ ।''

ਇਸ ਯੂਨਾਨੀ ਦਾਰਸ਼ਨਿਕ ਦੇ ਅਸਲੀਅਤ ਸੰਬੰਧੀ ਵਿਚਾਰਾਂ ਨਾਲ ਕੋਈ ਸਾਇੰਸਦਾਨ ਸਹਿਮਤ ਹੋਵੇ ਜਾਂ ਨਾ, ਪਰ ਪੁਲਾੜ ਸੰਬੰਧੀ ਇਕ ਅਰਥ-ਭਰਪੂਰ ਵਿਚਾਰ ਉਸ ਨੇ ਜ਼ਰੂਰ ਦਿਤਾ— ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ।

ਸਮੁੱਚਾ ਮਨੁਖੀ-ਗਿਆਨ ਅਸਲ ਵਿਚ, ਮਨੁਖ-ਆਪ, ਕੁਦਰਤ ਅਤੇ ਕੁਦਰਤ ਦੀ ਚਾਲਕ-ਸ਼ਕਤੀ ਸੰਬੰਧੀ ਕੀ, ਕਿਉਂ, ਕਿਵੇਂ ਤੇ ਕਿੱਥੇ ਦੇ ਹੀ ਉੱਤਰਾਂ ਦਾ ਸੰਗ੍ਰਿਹ ਹੈ । ਯੂਨਾਨੀ ਤੇ ਭਾਰਤੀ ਦਰਸ਼ਨ ਦੇ ਨਿਕਾਸ ਤੇ ਵਿਕਾਸ ਦੀ ਕਾਰਣ-ਸਾਮਗਰੀ, ਦ੍ਰਿਸ਼ਟੀਕੋਣ ਤੇ ਨਤੀਜਿਆਂ ਵਿਚ ਫਰਕ ਹੁੰਦਿਆਂ ਹੋਇਆਂ ਵੀ ਇਕ ਸਾਂਝ ਜ਼ਰੂਰ ਰਹੀ ਹੈ ਅਤੇ ਉਹ ਸਾਂਝ ਸੀ ਪੈਦਾਵਾਰੀ ਹਾਲਤ । ਸਭਿਅਤਾ ਦੀ ਨੀਂਹ ਬੱਝਣ ਦੇ ਦੌਰ ਵਿਚ ਸਮੁੱਚੇ ਸਮਾਜ ਦੇ ਸੰਸਾਰ ਦੇ ਇਕੋ ਪ੍ਰਕਾਰ ਦੇ ਪੈਦਾਵਾਰੀ ਤੇ ਆਰਥਕ ਯੁਗ ਵਿਚੋਂ ਲੰਘ ਰਹੇ ਸਨ ਜਿਸ ਵਿਚ ਮਨੁੱਖੀ ਗਿਆਨ ਦੀ ਬੁਨਿਆਦ ਤੇ ਕਸਵੱਟੀ ; ਐਸੇ ਯੰਤਰ ਜਾਂ ਪ੍ਰਯੋਗਸ਼ਾਲਾਵਾਂ ਅਜੇ ਨਹੀਂ ਸਨ ਬਣੀਆਂ ਸਗੋਂ ਸੋਚ, ਅਨੁਮਾਣ ਤੇ ਤੁੱਲਨਾਤਮਕ ਅਧਿਐਨ ਹੀ ਮਨੁੱਖੀ ਗਿਆਨ ਦੀ ਟੋਹਣੀ ਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਲਈ ਇਸ ਯੁਗ ਦਾ ਯੂਨਾਨੀ, ਭਾਰਤੀ ਤੇ ਚੀਨੀ ਗਿਆਨ, ਵਸਤੂਆਂ ਉਪਰ 'ਕੀਹ' ਅਤੇ 'ਕਿਉਂ' ਦੇ ਉਤਰਾਂ ਉਪਰ ਆਧਾਰਿਤ ਹੈ । ਇਹੀ ਗਿਆਨ ਅਗੋਂ ਆਉਣ ਵਾਲੀ ਸਾਇੰਸ ਵਿਚ ਵਿਕਸਤ ਹੋਇਆ ।

ਪਰ ਜਿਉਂ ਹੀ ਪੈਦਾਵਾਰੀ ਤਬਦੀਲੀ ਇਕ ਖਾਸ ਗੁਣਾਤਮਕ ਤਬਦੀਲੀ ਤੇ ਪੁਜੀ, ਯੰਤਰ ਤੇ ਪ੍ਰਯੋਗ-ਸ਼ਾਲਾਵਾਂ ਹੀ ਸਾਇੰਸ ਦਾ ਆਧਾਰ ਬਣੇ ਅਤੇ ਯੰਤਰਾਂ ਤੇ ਪ੍ਰਯੋਗਸ਼ਾਲਾਵਾਂ ਵਿਚ ਬਾਹਰਮੁਖੀ ਸਬੂਤਾਂ ਰਾਹੀਂ ਵਸਤਾਂ-ਵਰਤਾਰੇ ਪਰਖੇ ਜਾਣ ਲਗੇ ਅਤੇ ਇਸ ਦੌਰ ਦੀ ਸਾਇੰਸ ਵਸਤੂਆਂ ਤੇ ਵਰਤਾਰਿਆਂ ਸੰਬੰਧੀ 'ਕਿਵੇਂ' ਦੇ ਪ੍ਰਸ਼ਨ ਤੇ ਆਧਾਰਿਤ ਹੋ ਗਈ । ਇਸੇ ਸਮੇਂ ਵਿਚ ਗਲੇਲੀਓ ਤੇ ਨਿਊਟਨ ਹੋਏ, ਜਿਨ੍ਹਾਂ ਨੇ ਪੁਲਾੜ ਸੰਬੰਧੀ ਅਜੋਕੇ ਮਨੁਖੀ-ਗਿਆਨ ਦੀ ਨੀਂਹ ਰੱਖੀ ਤੇ ਇਸ ਨੂੰ ਵਿਕਸਿਤ ਕੀਤਾ । ਉਂਜ ਇਸ ਤੋਂ ਬਹੁਤ ਪਹਿਲਾਂ, ਚੀਨੀ ਵਿਚਾਰਕਾਂ ਵਾਂਗ ਆਰੀਆ ਭੱਟ ਜਹੇ ਚਿੰਤਕਾਂ ਨੇ ਪੁਲਾੜ ਬਾਰੇ ਬੁਨਿਆਦੀ ਪਰ ਨਿਗਰ ਸੰਕਲਪ ਦਿਤੇ ਸਨ ।

ਪੁਲਾੜ ਦੇ ਗਿਆਨ ਵਿਚ ਨਿਊਟਨ ਦਾ ਹਿੱਸਾ ਹੈ । ਨਿਊਟਨ ਨੇ ਧਰਤ-ਆਕਰਸ਼ਣ (Gravitation) ਦਾ ਸਿਧਾਂਤ ਕਢਿਆ । ਜਿਸ ਤਰ੍ਹਾਂ ਉਸ ਨੇ ਦਰਖਤ ਤੋਂ ਡਿਗਦੇ ਸਿਉ ਨੂੰ ਦੇਖ ਕੇ ਇਹ ਸਿਧਾਂਤ ਕਢਿਆ, ਉਹ ਬਾਲ-ਸਾਹਿਤ ਦੀ ਇਕ ਕਹਾਣੀ ਬਣ ਚੁਕਾ ਹੈ । ਨਿਊਟਨ ਨੇ ਸੂਰਜ, ਚੰਦ ਤੇ ਤਾਰਿਆਂ ਨੂੰ ਕੇਵਲ ਆਕਾਸ਼ੀ-ਪਿੰਡ ਹੀ ਨਹੀਂ ਮੰਨਿਆ, ਸਗੋਂ ਇਨ੍ਹਾਂ ਵਿਚ ਚਲ-ਤਾਰਿਆਂ, ਬੋਦੀ ਵਾਲੇ ਤਾਰਿਆਂ ਅਤੇ ਤਾਰਾ-ਸੰਗ੍ਰਹ ਆਦਿਕ ਦੀ ਵੰਡ ਨੂੰ ਵੀ ਹੋਰ ਸਪਸ਼ਟ ਕੀਤਾ । ਉਸ ਨੇ ਧਰਤ-ਆਕਰਸ਼ਣ ਦੇ ਸਿਧਾਂਤ ਨੂੰ ਪੁਲਾੜ ਵਿਚ ਖਿਲਰੇ ਆਕਾਸ਼ੀ-ਪਿੰਡਾਂ ਉਪਰ ਲਾਗੂ ਕਰ ਕੇ ਕਿਹਾ ਸੀ ਕਿ ਅਜਿਹਾ ਕੇਂਦਰ ਕੋਈ ਹੈ ਜ਼ਰੂਰ- ਜੋ ਸਥਿਰ ਹੈ ; ਗਤੀ-ਸ਼ੀਲ ਨਹੀਂ । ਨਿਊਟਨ ਮੰਨਦਾ ਸੀ ਕਿ ਇਸ ਕੇਂਦਰ ਨੂੰ ਜਾਨਣ ਲਈ ਭਾਵੇਂ ਮਨੁਖ ਪਾਸ ਕੋਈ ਯੰਤਰ ਨਹੀਂ । ਤਾਂ ਵੀ ਇਹ ਕੇਂਦਰ ਪੁਲਾੜ ਵਿਚ ਜ਼ਰੂਰ ਕਿਤੇ, ਸਥਿਤ ਹੈ । ਇਹ ਕੇਂਦਰ ਧ੍ਰੂ-ਤਾਰੇ ਤੇ ਕਈ ਹੋਰ ਤਾਰਿਆਂ ਨੂੰ ਮੰਨਿਆ ਗਿਆ । ਸਮਾਂ ਬੀਤਣ ਦੇ ਨਾਲ ਸਿੱਧ ਹੁੰਦਾ ਰਿਹਾ ਕਿ ਕਿਸੇ ਤਾਰਾ-ਸੰਗ੍ਰਹ ਦਾ ਕੇਂਦਰ ਹੋਣ ਦੇ ਬਾਵਜੂਦ ਇਹ ਤਾਰੇ ਆਪ ਕਿਸੇ ਕੇਂਦਰ ਦੇ ਆਲੇ ਦੁਆਲੇ ਘੁੰਮਦੇ ਹਨ ।

ਪੁਲਾੜ ਬਾਰੇ ਨਿਊਟਨ ਦੀ ਧਾਰਨਾ ਦੋ ਸਦੀਆਂ ਤਕ ਅੰਤਰ-ਤਾਰਾ (Inter-planet) ਵਿਗਿਆਨ ਵਿਚ ਪ੍ਰਮੁੱਖ ਰਹੀ ਤੇ ਇਹ ਮਗਰੋਂ ਤਰੰਗ-ਸਿਧਾਂਤ (Wave Theory) ਨਾਲ ਹੋਰ ਪੱਕੀ ਹੋ ਗਈ । ਲਹਿਰ-ਸਿਧਾਂਤ ਦਾ ਅਰਥ ਸੀ ਕਿ ਰੌਸ਼ਨੀ ਇਕ ਤਰੰਗ ਹੈ ਜੋ ਪੁਲਾੜ ਵਿਚ ਇਕ ਆਕਾਰ (ਤਾਰੇ ਆਦਿਕ) ਤੋਂ ਦੂਜੇ ਆਕਾਰ ਵਲ ਚਲਦੀ ਹੈ । ਸਾਇੰਸ ਇਸ ਸਮੇਂ 'ਕਿਵੇਂ' ਦੇ ਯੁਗ ਵਿਚ ਸੀ । ਸੋ ਪ੍ਰਸ਼ਨ ਹੁੰਦਾ ਸੀ ਕਿ ਲਹਿਰ ਇਹ, ਸਫਰ ਕਿਵੇਂ ਕਰਦੀ ਹੈ । 'ਕਿਵੇਂ' ਦੇ ਪ੍ਰਸ਼ਨ ਉਪਰ ਖੋਜ ਕਰਦਿਆਂ ਈਥਰ ਦਾ ਸਿਧਾਂਤ ਸਾਹਮਣੇ ਆਇਆ । ਈਥਰ ਦਾ ਸਿਧਾਂਤ ਇਹ ਸੀ ਕਿ ਜਿਥੇ ਕੁਝ ਨਹੀਂ, ਉਥੇ ਈਥਰ ਹੈ । ਇਸ ਸਿਧਾਂਤ ਦੀ ਅਗਲੀ ਵਿਆਖਿਆ ਇਹ ਸੀ :

ਜਿਵੇਂ ਤਰੰਗ ਪਾਣੀ ਨਹੀਂ, ਕੇਵਲ ਪਾਣੀ [illegible] ਦੀ ਇਕ ਖਾਸ ਹਾਲਤ ਹੈ, ਤਾਂ ਵੀ ਲਹਿਰ ਲਈ ਪਾਣੀ ਦੀ ਹੋਂਦ ਜ਼ਰੂਰੀ ਹੈ । ਜਾਂ; ਜਿਵੇਂ ਥਰਕਨਾਂ (Viberations) ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਵਾਜ਼ ਦੀ ਗਤੀ ਲਈ ਹਵਾ ਇਕ ਜ਼ਰੂਰੀ ਵਸੀਲਾ ਹੈ, ਉਸੇ ਤਰ੍ਹਾਂ ਈਥਰ ਰੌਸ਼ਨੀ ਦੀ ਗਤੀ ਦਾ ਮਾਧਿਅਮ ਹੈ। ਨਤੀਜੇ ਵਜੋਂ ਇਹ ਮੰਨ ਲਿਆ ਗਿਆ ਕਿ ਆਕਾਸ਼ੀ-ਆਕਾਰਾਂ ਤੋਂ ਬਿਨਾਂ ਜੋ ਕੁਝ ਵਿਸ਼ਵ ਦੀ ਵਿਸ਼ਾਲਤਾ ਵਿਚ ਹੈ, ਉਹ ਪੁਲਾੜ ਹੈ; ਜੋ ਈਥਰ ਨਾਲ ਭਰਪੂਰ ਹੈ।

ਲਗ ਪਗ ਨਿਊਟਨ ਦੇ ਸਮੇਂ ਤੋਂ ਹੀ ਅਸੀਂ ਦੇਖਦੇ ਹਾਂ ਕਿ ਸਾਇੰਸ, ਹੁਣ ਨਿਪਟ-ਪ੍ਰਯੋਗ ਦੀ ਥਾਂ ਕੁਝ ਕੁ ਕਲਪਨਾ ਵਲ ਝੁਕਣ ਲਗ ਪਈ ਸੀ। ਇਹੀ ਕਾਰਨ ਹੈ ਕਿ ਨਿਊਟਨ ਨੂੰ ਕਹਿਣਾ ਪਿਆ ਕਿ ਤਾਰਿਆਂ ਦੇ ਜਿਸ ਕੇਂਦਰ ਦੇ ਸਥਿਰ ਹੋਣ ਸਬੰਧੀ ਉਸ ਨੂੰ ਯਕੀਨ ਹੈ ਉਸ ਦੇ ਸਬੂਤ ਲਈ ਉਸ ਪਾਸ ਕੋਈ ਦਿਸਦਾ ਯੰਤਰ ਨਹੀਂ। ਬੁਨਿਆਦੀ ਤੌਰ ਤੇ ਤਾਂ ਇਹ ਸੋਚਣ-ਢੰਗ ਸਾਇੰਸ ਦੇ ਅਸੂਲ ਤੋਂ ਉਲਟ ਅਤੇ ਯੂਨਾਨੀ ਦਾਰਸ਼ਨਿਕਾਂ ਤੇ ਭਾਰਤੀ ਪਰਮਾਰਥਵਾਦੀਆਂ ਦੇ ਨੇੜੇ ਸੀ ਕਿਉਂਕਿ ਸਾਇੰਸ ਉਸ ਸਿਧਾਂਤ ਨੂੰ ਠੀਕ ਨਹੀਂ ਸਮਝਦੀ ਜਿਹੜਾ ਕਿਸੇ ਦਿਸਦੇ ਜਾਂ ਭੌਤਿਕ ਤਜਰਬੇ ਰਾਹੀਂ ਸਿੱਧ ਨਾ ਕੀਤਾ ਜਾ ਸਕੇ। ਪਰ ਸਾਇੰਸ ਹੁਣ 'ਕਿਵੇਂ' ਦੇ ਪ੍ਰਸ਼ਨੋਤਰੀ ਯੁਗ ਵਿਚੋਂ ਲੰਘ ਕੇ ਸਮੀਕਰਣਾਂ (Equations) ਦੇ ਯੁਗ ਵਿਚ ਦਾਖਲ ਹੋ ਗਈ ਸੀ। ਭਾਵ, ਪਿਛਲੇ ਸਮੇਂ ਵਿਚ ਸਾਇੰਸ ਨੇ ਖੋਜਾਂ ਦੇ ਆਧਾਰ ਤੇ ਕੁਝ ਗੁਰ (Formulations) ਪ੍ਰਚਲਿਤ ਕੀਤੇ ਸਨ। ਵਰਤਮਾਨ ਯੁਗ ਦੀ ਸਾਇੰਸ ਇਨ੍ਹਾਂ ਗੁਰਾਂ ਦੇ ਵਿਸ਼ਲੇਸ਼ਣ ਅਤੇ ਸੰਬਾਦ ਨੂੰ ਗਣਿਤ ਦੇ ਸਮੀਕਰਣਾਂ ਵਾਂਗ ਜੋੜ ਕੇ ਕਈ ਨਤੀਦੇ ਕਢ ਰਹੀ ਸੀ। ਇੰਜ, ਸਾਇੰਸ ਹੁਣ ਖੰਡਨ-ਮੰਡਨ ਦੇ ਘਟਨਾ-ਪ੍ਰਵਾਹ ਵਿਚੋਂ ਨਿਕਲ ਕੇ ਇਕ ਤਰ੍ਹਾਂ ਧਨਾਤਮਕ (Positive) ਰੂਪ ਧਾਰਣ ਕਰ ਰਹੀ ਸੀ। ਇਸ ਸਮੇਂ ਦੇ ਸਾਇੰਸਦਾਨ, ਸਾਇੰਸਦਾਨ ਦੇ ਨਾਲ-ਨਾਲ ਮਹਾਨ ਗਣਿਤ- ਵੇਤਾ ਹੀ ਮੰਨੇ ਜਾਂਦੇ ਹਨ। ਅਜੋਕੇ ਮਹਾਨ ਸਾਇੰਸੀ ਸਿਧਾਂਤਾਂ ਵਿਚੋਂ ਦੋ ਸਿਧਾਂਤ ਕੁਅੰਤਮ (Quantum) ਅਤੇ ਸਾਪੇਖਿਅਤਾਵਾਦ (Theory of Relativity) ਦੇ ਸਿਧਾਂਤ ਹਨ, ਜਿਨ੍ਹਾਂ ਨੇ ਪੁਲਾੜ ਅਤੇ ਸਮੇਂ ਦੇ ਗਿਆਨ ਵਿਚ ਹੀ ਵਾਧਾ ਨਹੀਂ ਕੀਤਾ, ਸਗੋਂ ਐਟਮ, ਰੌਸ਼ਨੀ, ਆਵਾਜ਼, ਅੰਤਰ-ਤਾਰਾ-ਵਰਤਾਰਿਆਂ ਸੰਬੰਧੀ ਵੀ ਬਹੁਤ ਸਾਰਾ ਨਵਾਂ ਗਿਆਨ ਸਾਹਮਣੇ ਲਿਆਂਦਾ, ਅਤੇ ਪਿਛਲੇ ਸਿਧਾਂਤਾਂ ਦੀ ਸਫਾਈ ਤੇ ਸੰਸ਼ਲੇਸ਼ਣ ਕੀਤੇ ਹਨ। ਅਜੋਕੀ ਸਾਇੰਸ ਦੇ ਸਿਧਾਂਤ ਧਨਾਤਮਕ ਤੇ ਹਿਸਾਬੀ ਹੋਣ ਦੇ ਬਾਵਜੂਦ ਨਿਰੀਆਂ ਮਾਨਸਿਕ ਉਡਾਰੀਆਂ ਨਹੀਂ ਹਨ। ਕਿਉਂਕਿ ਇਹ ਭੌਤਿਕ ਤਜਰਬਿਆਂ ਰਾਹੀਂ ਮੁੜ ਠੀਕ ਸਿੱਧ ਹੁੰਦੇ ਹਨ। ਇਸੇ ਲਈ ਅਜ ਦੇ ਸਾਇੰਸਦਾਨ ਨੂੰ ਤਾਰਕਿਕ ਪ੍ਰਯੋਗਵਾਦੀ (Logical Impericist) ਕਿਹਾ ਜਾਂਦਾ ਹੈ।

ਅਜੋਕੀ ਧਨਾਤਮਕ ਤੇ ਹਿਸਾਬ-ਨੁਮਾ ਸਾਇੰਸ ਦੇ ਕਈ ਪੂਰਵ-ਵਿਚਾਰ (Hypotheses) ਅਜ ਬਾਹਰਮੁਖੀ ਨਤੀਜੇ ਰਾਹੀਂ ਸਿੱਧ ਨਹੀਂ ਵੀ ਕੀਤੇ ਜਾ ਸਕਦੇ । ਪਰ ਐਟਮੀ -ਬੰਬ ਤੇ ਪਲਾਂਟ, ਐਟਮ ਵਿਚ ਬਿਜਲਾਣੂਆਂ ਤੇ ਪ੍ਰੋਤਾਣੂਆਂ (Protons) ਦੀ ਹੋਂਦ ਨੂੰ ਜ਼ਰੂਰ ਸਿੱਧ ਕਰਦੇ ਹਨ। ਅਜੋਕੀ ਸਾਇੰਸ ਦਾ ਸਿਧਾਂਤ ਹੈ ਕਿ ਇਕ ਪ੍ਰਮਾਣੂ ਵਿਚ, ਅਨਗਿਣਤ ਬਿਜਲਾਣੂ (Electrons) ਤੇ ਪ੍ਰੋਤਾਣੂ (Protons) ਇਕ ਨਾਭੀ-ਕਣ (Neuclius) ਦੁਆਲੇ ਇਕ, ਤੀਬਰ ਗਤੀ ਵਿਚ ਹਰਕਤ ਕਰਦੇ ਰਹਿੰਦੇ ਹਨ। ਅਜ ਦੇ ਸਾਇੰਸੀ ਤਜਰਬੇ ਰਾਹੀਂ ਪੁਲਾੜ ਵਿਚ ਕਿਸੇ ਵਿਸ਼ਾਲਤਾ ਵਿਸ਼ੇਸ਼ ਨੂੰ ਨਹੀਂ ਕਢਿਆ ਜਾ ਸਕਦਾ, ਕਿਉਂਕਿ ਅਜੋਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਇੰਸ ਦਾ ਸੰਬੰਧ ਪ੍ਰਮਾਣੂਆਂ ਦੇ ਸਮੂਹ ਨਾਲ ਹੈ, ਵਿਅਕਤੀ ਨਾਲ ਨਹੀਂ। ਅਤੇ ਇਹ ਅਸੂਲ ਸਾਇੰਸ ਦਾ ਹੀ ਨਹੀਂ ਸਗੋਂ ਸਭ ਸਾਮਾਜਿਕ ਸਾਇੰਸਾਂ ਦਾ ਹੈ ਕਿ ਸਾਇੰਟੀਫਿਕ ਅਸੂਲ ਸਮੂਹ ਤੋਂ ਬਣਦੇ ਹਨ ਜਾਂ ਵਧ ਤੋਂ ਵਧ ਸਮੂਹ ਦੇ ਪ੍ਰਕਰਣ ਵਿਚ ਰਖ ਕੇ, ਕਿਸੇ ਵਿਅਕਤੀ ਤੋਂ—ਨਿਪਟ ਵਿਅਕਤੀ ਤੋਂ ਕਦੇ ਅਸੂਲ ਨਹੀਂ ਬਣਦੇ ਅਪਵਾਦ ਭਾਵੇਂ ਬਣਨ।

ਪ੍ਰਮਾਣੂ-ਵਿਸ਼ਲੇਸ਼ਣ ਜਦ ਬਿਜਲਾਣੂਆਂ, ਪ੍ਰੋਤਾਣੂਆਂ ਤੇ ਨਾਭੀਕਣ ਤਕ ਪੁਜਦਾ ਹੈ ਤਾਂ ਇਕ ਹੋਰ ਨਤੀਜਾ ਨਿਕਲਦਾ ਹੈ ਕਿ ਇਹ ਸਭ ਆਪਣੇ ਆਪ ਵਿਚ ਜ਼ੱਰੇ ਵੀ ਹਨ ਤੇ ਇਕ ਤਰੰਗ ਕਿਰਨ ਵੀ, ਮਾਦਾ ਵੀ ਹੈ ਤੇ ਸ਼ਕਤੀ ਵੀ। ਐਟਮ-ਵਿਸ਼ਲੇਸ਼ਣ ਵਿਚੋਂ ਦੂਜਾ ਨਤੀਜਾ ਇਹ ਨਿਕਲਦਾ ਸੀ ਕਿ ਕੁਝ ਤਬਦੀਲੀਆਂ ਸਹਿਜ-ਸਹਿਜ ਹੁੰਦੀਆਂ ਰਹਿੰਦੀਆਂ ਹਨ ਜਿਨ੍ਹਾਂ ਨੂੰ ਗਣਿਤਾਤਮਕ ਜਾਂ ਮਿਕਦਾਰੀ ਤਬਦੀਲੀ ਦਾ ਨਾਂ ਦਿਤਾ ਗਿਆ। ਇਹ ਤਬਦੀਲੀਆਂ ਦਾ ਸਮੂਹ, ਇਕ ਖਾਸ ਸਿਖਰ ਤੇ ਜਦ ਪੁਜ ਜਾਂਦਾ ਹੈ ਤਾਂ ਇਕੋ ਮਿਕਦਾਰੀ ਤਬਦੀਲੀ ਦੇ ਹੋਣ ਨਾਲ ਇਕ ਖਾਸ ਤਬਦੀਲੀ ਹੁੰਦੀ ਹੈ ਜੋ ਛਾਲ ਮਾਰ ਕੇ ਇਕ ਨਵਾਂ ਗੁਣ ਤੇ ਰੁਖ ਵੀ ਧਾਰਣ ਕਰ ਲੈਂਦੀ ਹੈ। ਇਹ ਗੁਣਾਤਮਕ ਪਰਿਵਰਤਨ ਜਾਂ ਸਿਫਤੀ ਤਬਦੀਲੀ ਹੈ ਜੋ ਪਹਿਲੀ ਨਾਲੋਂ ਬਿਲਕੁਲ ਵੱਖ ਹੈ। ਇਨ੍ਹਾਂ ਸਿਧਾਂਤਾਂ ਨੇ ਕੁਦਰਤ ਤੇ ਸਮਾਜ ਦੇ ਕਈ ਵਰਤਾਰਿਆਂ ਨੂੰ ਸਪਸ਼ਟ ਕੀਤਾ। ਇਸੇ ਸਿਧਾਂਤ ਨੂੰ ਕੁਦਰਤ ਦਾ ਅਸੂਲ ਜਾਣ ਕੇ ਮਾਰਕਸਵਾਦ ਨੇ ਅਪਨਾ ਲਿਆ ਸੀ ਤੇ ਇਸ ਸੋਚ-ਢੰਗ ਦਾ ਨਾਂ ਦ੍ਵੰਦਵਾਦੀ (Dialectical) ਢੰਗ ਪ੍ਰਚਲਿਤ ਹੋਇਆ।

ਸੰਨ ੧੯੦੦ ਵਿਚ ਸਾਇੰਸਦਾਨ ਪਲੈਂਕ ਨੇ ਇਸ ਐਟਮੀ ਜਾਂ ਦ੍ਵੰਦਵਾਦੀ ਢੰਗ ਨੂੰ ਪੁਲਾੜ ਦੇ ਇਕ ਵਰਤਾਰੇ—ਰੌਸ਼ਨੀ—ਉਪਰ ਲਾਇਆ। ਰੋਸ਼ਨੀ ਪੁਲਾੜ ਦੀ ਇਕ ਭੇਤਾਂ ਭਰੀ ਸਮੱਸਿਆ ਸੀ। ਉਸ ਨੇ ਕਿਹਾ,★ "ਰੇਡੀਆਈ ਸ਼ਕਤੀ ਕਿਸੇ ਅਤੁੱਟ ਵੇਗ ਵਿਚ ਨਹੀਂ ਸਗੋਂ ਨਾ-ਲਗਾਤਾਰ ਟੋਟਿਆਂ ਤੇ ਹਿੱਸਿਆਂ ਵਿਚ ਨਿਕਲਦੀ ਹੈ।" ਇਨ੍ਹਾਂ ਖੰਡਾਂ ਜਾਂ ਹਿੱਸਿਆਂ ਦਾ ਨਾਂ ਉਸ ਨੇ (quanta) ਰਖਿਆ। ਇਸੇ ਸ਼ਬਦ ਤੋਂ ਸਿਧਾਂਤ ਦਾ ਨਾਂ ਕੁਅੰਤਮ (Quantum theory) ਪਿਆ। ਇਸ ਸਿਧਾਂਤ ਉਪਰ ਕਿਸੇ ਨੇ ਖਾਸ ਧਿਆਨ ਨਾ ਦਿਤਾ ਤੇ ਹੌਲੀ-ਹੌਲੀ ਇਹ ਅਣਡਿੱਠ ਹੋਣ ਲਗਾ। ਇਕ ਪੇਟੰਟ ਕੰਪਨੀ ਦੇ ਇਕ ਕਾਰਿੰਦੇ ਆਈਨਸਟਾਈਨ ਨੇ ੧੯੦੫ ਵਿਚ ਕੁਅੰਤਮ ਸਿਧਾਂਤ ਨੂੰ ਹੋਰ ਵਿਕਸਿਤ ਕਰ ਕੇ ਆਪਣਾ ਸਿਧਾਂਤ ਦਿਤਾ ਕਿ ਰੇਡੀਆਈ ਸ਼ਕਤੀ ਦੇ ਸਭ ਰੂਪ- ਰੋਸ਼ਨੀ, ਗਰਮੀ ਅਤੇ ਐਕਸ-ਰੇ ਆਦਿਕ ਪੁਲਾੜ ਵਿਚ ਵਖ ਵਖ ਤੇ ਗ਼ੈਰ-ਲਗਾਤਾਰ ਖੰਡਾਂ (Quanta) ਵਿਚ ਸਫਰ ਕਰਦੇ ਹਨ।

ਮੁਢ ਤੋਂ ਹੁਣ ਤਕ ਪੁਲਾੜ ਇਕ ਅਜਿਹਾ ਹਾਥੀ ਸੀ ਜਿਨ ਦਾ ਰੂਪ ਦਰਸਾਉਣ ਲਈ ਕਈ ਸਾਇੰਸਦਾਨ ਅੰਨ੍ਹਿਆਂ ਵਾਂਗ ਯਤਨ ਕਰ ਚੁਕੇ ਸਨ ਤੇ ਹਰ ਇਕ ਦੇ ਵਿਚਾਰ ਵੀ ਵਖੋ ਵਖ ਰੂਪ ਵਿਚ ਲੋਕਾਂ ਸਾਹਮਣੇ ਆ ਚੁਕੇ ਸਨ। ਲੋੜ ਸੀ ਕਿ ਇਨ੍ਹਾਂ ਸਭ ਦਾ ਤਾਲ ਮੇਲ ਕਰਕੇ ਮਨੁੱਖੀ ਗਿਆਨ ਵਿਚ ਪੁਲਾੜ ਦੀ ਇਕ ਰੂਪ-ਰਖਾ ਖਿੱਚ ਦਿਤੀ

....

* "Radiant energy is emitted not in an unbroken stream but in discontinuous bits or portions."

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਏ । ਆਈਨਸਟਾਈਨ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ । ਇਹ ਮਹਾਨ ਵਿਅਕਤੀ ਅਜ ਇਸ ਲਈ ਸਭ ਤੋਂ ਵਡਾ ਸਾਇੰਸਦਾਨ ਪ੍ਰਸਿਧੱ ਹੈ ਕਿ ਨਵੀਨਤਮ ਸਾਇੰਸ ਦਾ ਜਾਣੂ ਹੋਣਤੋਂ ਬਿਨਾਂ ਇਹ ਬਹੁਤ ਵਡਾ ਹਿਸਾਬਦਾਨ ਵੀ ਸੀ । ਇਸੇ ਲਈ ਇਹ ਪ੍ਰਯੋਗਸ਼ਾਲਾ ਦੇ ਨੇੜੇ ਨਹੀਂ ਸੀ ਜਾਂਦਾ ਸਗੋਂ ਆਧੁਨਿਕਤਮ ਸਾਇੰਸੀ ਗਿਆਨ ਦੇ ਆਧਾਰ 'ਤੇ ਅਜਿਹੇ ਹਿਸਾਬੀ ਸਮੀਕਰਣ (Mathematical equations) ਪੇਸ਼ ਕਰਦਾ ਕਿ ਬਾਕੀ ਸਾਇੰਸਦਾਨ ਇਸ ਨੂੰ ਪੂਰਨੇ ਸਮਝ ਕੇ ਅਗੇ ਤੁਰਦੇ । ਅਜਿਹਾ ਹੀ ਇਕ ਸਮੀਕਰਣ ਉਸ ਨੇ ੧੯੦੫ ਵਿਚ ਦਿਤਾ, ਜਿਸ ਨੂੰ ਸਾਪੇਖਿਅਤਾਵਾਦ (The theory of relativity) ਕਹਿੰਦੇ ਹਨ । ਇਸ ਸਿਧਾਂਤ ਨਾਲ ਨਾ ਕੇਵਲ ਪੁਲਾੜ ਦਾ ਮੂੰਹ-ਮੱਥਾ ਹੀ ਨਿਕਲਿਆ ਸਗੋਂ ਸਮੇਂ ਅਤੇ ਕਾਲ ਸਬੰਧੀ ਬੁਨਿਆਦੀ ਗਿਆਨ ਦਾ ਰਸਤਾ ਵੀ ਸਾਫ ਹੋ ਗਿਆ ।

ਸਾਪੇਖਿਅਤਾਵਾਦ ਦਾ ਫੁਰਨਾ, ਆਈਨਸਟਾਈਨ ਨੂੰ ਨਿਊਟਨ ਦੇ ਤਜਰਬੇ ਪੜ੍ਹ ਕੇ ਫੁਰਿਆ । ਨਿਊਟਨ ਨੂੰ ਇਕ ਦਿਸ਼ਾ ਨੂੰ ਚਲਦੀਆਂ ਦੋ ਗਡੀਆਂ ਵਿਚੋਂ ਇਕ ਵਿਚ ਬੈਠ ਕੇ ਇਹ ਜਾਣਨਾ ਔਖਾ ਹੋ ਗਿਆ ਕਿ ਉਸ ਦੀ ਗੱਡੀ ਚਲ ਵੀ ਰਹੀ ਸੀ ਕਿ ਨਹੀਂ, ਅਤੇ ਜੇ ਚਲ ਰਹੀ ਸੀ ਤਾਂ ਕਿੰਨੀ ਕੁ ਚਾਲ ਉਪਰ । ਇਹ ਵੇਖ ਕੇ ਹੀ ਨਿਊਟਨ ਨੇ ਕਹਿਆ ਸੀ, "ਕਿਸੇ ਪੁਲਾੜ ਵਿਚਲੇ ਦੋ ਆਕਾਰਾਂ ਦੀ ਹਰਕਤ ਆਪਣੇ ਵਿਚਕਾਰ ਉਹੋ ਹੀ ਰਹਿੰਦੀ ਹੈ, ਭਾਵੇਂ ਉਹ ਪੁਲਾੜ ਸਥਿਤ ਹੋਵੇ ਜਾਂ ਸਮੁੱਚੇ ਰੂਪ ਵਿਚ ਇਕੋ ਦਿਸ਼ਾ ਵਲ ਚਲ ਰਹਿਆ ਹੋਵੇ ।" ਆਈਨਸਟਾਈਨ ਤੋਂ ਦੋ ਸਦੀਆਂ ਪਹਿਲਾਂ ਜਰਮਨ ਹਿਸਾਬਦਾਨ, ਲਿਬਨਿਜ਼ (Leibnitz) ਨੇ ਕਿਹਾ ਸੀ, "ਵਸਤਾਂ ਦੀ ਆਪਸੀ ਤਰਤੀਬ ਅਤੇ ਸੰਬੰਧ ਤੋਂ ਹੀ ਪੁਲਾੜ ਦਿਸਦਾ ਹੈ ।" ਭਾਵ ਸਾਫ ਹੈ ਕਿ ਆਕਾਸ਼ੀ ਆਕਾਰਾਂ ਦੀ ਹੋਂਦ ਤੇ ਉਨ੍ਹਾਂ ਵਿਚਲਾ ਫਰਕ ਹੀ ਪੁਲਾੜ ਦੀ ਸੋਝੀ ਕਰਾਉਂਦੇ ਹਨ । ਆਈਨਸਟਾਈਨ ਨੇ ਇਨ੍ਹਾਂ ਸਿਧਾਂਤਾਂ ਨੂੰ ਮੰਨ ਲਿਆ । ਉਸਦੇ ਸਾਪੇਖਿਅਤਾਵਾਦ ਦੇ ਸਿਧਾਂਤ ਨੂੰ ਇਨ੍ਹਾਂ ਸੰਖਿਪਤ ਸ਼ਬਦਾਂ ਵਿਚ ਪ੍ਰਗਟ ਕੀਤਾ ਜਾ ਸਕਦਾ ਹੈ ਜਿਸ ਤੋਂ ਪੁਲਾੜ ਦੇ ਨਾਲ-ਨਾਲ ਸਮੇਂ ਦਾ ਵੀ ਪਤਾ ਲਗ ਜਾਂਦਾ ਹੈ : "ਪੁਲਾੜ ਦੀ ਓਨਾ ਚਿਰ ਤਕ ਕੋਈ ਬਾਹਰਮੁਖੀ ਅਸਲੀਅਤ ਨਹੀਂ ਜਦ ਤਕ ਸਾਨੂੰ ਇਸ ਵਿਚ ਆਕਾਰਾਂ ਦੀ ਹੋਂਦ ਅਤੇ ਤਰਤੀਬ ਨਹੀਂ ਦਿੱਸ ਪੈਂਦੀ ਅਤੇ ਸਮੇਂ ਦੀ ਆਪਣੀ ਕੋਈ ਹੋਂਦ ਨਹੀਂ ਜਦ ਤਕ ਘਟਨਾਵਾਂ ਨਹੀਂ, ਜਿਨ੍ਹਾਂ ਨਾਲ ਅਸੀਂ ਸਮੇਂ ਨੂੰ ਮਾਪਦੇ ਹਾਂ ।"

ਸਾਇੰਸੀ ਸੂਤਰਾਂ ਤੇ ਗੁਰਬੰਦੀਆਂ ਦੇ ਲੱਛੇਦਾਰ ਸ਼ਬਦਾਂ ਨੂੰ ਜਦੋਂ ਅਸੀਂ ਖੋਹਲਦੇ ਹਾਂ ਤਾਂ ਸਾਨੂੰ ਆਪਣੀ ਧਰਤੀ ਦੇ ਚਾਰੇ ਪਾਸੇ ('ਚਾਰੇ ਪਾਸੇ' ਤਾਂ ਸਾਡੀ ਧਰਤੀ ਦੇ ਸ਼ਬਦ ਹਨ, ਪੁਲਾੜ ਵਿਚ ਕੋਈ ਦਿਸ਼ਾ ਜਾਂ ਪਾਸਾ ਨਹੀਂ) ਪੁਲਾੜ ਹੀ ਪੁਲਾੜ ਹੈ । ਇਸ ਪੁਲਾੜ ਦੇ ਸਮੁੱਚੇ ਘੇਰੇ ਦੀ ਕੋਈ ਪੈਮਾਇਸ਼ ਨਹੀਂ ; ਕੇਵਲ ਵੱਖੋ ਵੱਖ ਆਕਾਸ਼ੀ ਆਕਾਰਾਂ ਜਾਂ ਤਾਰਿਆਂ ਵਿਚਲੀ ਵਿੱਥ ਨਾਪੀ ਜਾ ਸਕਦੀ ਹੈ । ਇਨ੍ਹਾਂ ਆਕਾਰਾਂ ਦੇ ਕਾਰਣ ਹੀ ਪੁਲਾੜ ਕੋਈ ਸ਼ਬਦ ਹੈ ਤੇ ਇਸ ਪੁਲਾੜ ਦੇ ਕਾਰਣ ਹੀ ਇਹ ਤਾਰੇ ਜਾਂ ਧਰਤੀਆਂ ਹਨ । ਪੁਲਾੜ ਨੂੰ ਨਾਪਣ ਦਾ ਪੈਮਾਨਾ ਸਾਡੀ ਦੁਨੀਆਂ ਦੇ [illegible] ਨਹੀਂ, ਸਗੋਂ ਸਮਾਂ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਦਾ ਪੁਲਾੜ ਨਾਲ ਢੇਰ ਸੰਬੰਧ ਹੈ । ਮਿਕਲਸਨ ਤੇ ਮਾਰਲੇ ਨਾਂ ਦੇ ਦੋ ਸਾਇੰਸਦਾਨਾਂ ਨੇ ਇਹ ਢੰਗ ੧੮੮੧ ਵਿਚ ਲੱਭਿਆ । ਉਨ੍ਹਾਂ ਬਹੁਤ ਸੂਖਮ ਯੰਤਰਾਂ ਨਾਲ ਧਰਤੀ ਦੀ ਗਰਦਸ਼ ਵਾਲੇ ਅਤੇ ਇਸ ਤੋਂ ਉਲਟ ਰੁਖ ਵਲ ਨੂੰ ਰੋਸ਼ਨੀ ਦੀ ਚਾਲ ਨੂੰ ਜਾਚ ਕੇ ਇਹ ਨਤੀਜਾ ਕਢਿਆ ਕਿ ਰੋਸ਼ਨੀ ਇਕ ਸੈਕੰਡ ਵਿਚ ੧੮੬੨੮੪ ਮੀਲ ਹਰਕਤ ਕਰਦੀ ਹੈ, ਜੇ ਇਹ ਧਰਤੀ ਦੀ ਗਰਦਸ਼ ਦੇ ਰੁਖ ਵਲ ਚਲੇ । ਰੋਸ਼ਨੀ ਦੀ ਚਾਲ ੧੮੬੨੮੪ ਮੀਲ ਪ੍ਰਤੀ ਸੈਕਿੰਡ ਦਾ ਅਰਥ ਹੈ ੧,੮੬,੦੦੦ ਮੀਲ । ਇੰਜ ਇਕ ਆਕਾਸ਼ੀ ਆਕਾਰ ਤੋਂ ਦੂਜੇ ਇਹ ਧਰਤੀ ਦੀ ਗਰਦਸ਼ ਦੇ ਉਲਟ ਰੁਖ ਵਲ ਚਲੇ । ਇੰਜ ਇਕ ਆਕਾਸ਼ੀ ਆਕਾਰ ਤੋਂ ਦੂਜੇ ਆਕਾਸ਼ੀ ਆਕਾਰ ਵਿਚਲੀ ਵਿੱਥ, ਸਾਲਾਂ ਤਕ ਜਾ ਬਣਦੀ ਹੈ । ਪਰ ਇਹ ੨੦ ਮੀਲ ਦਾ ਫਰਕ ਉਸ ਤਰ੍ਹਾਂ ਆਇਆ ਹੈ ਜਿਵੇਂ ਕੰਢੇ ਵਲ ਆ ਰਹੇ ਜਹਾਜ਼ ਦੇ ਡੈੱਕ ਦੇ ਪਿਛਲੇ ਸਿਰੇ ਤੇ ਖਲੋਤਾ ਮੁਸਾਫਿਰ ਕੁਝ ਪਹਿਲਾਂ ਕੰਢੇ ਤੇ ਪੁਜ ਜਾਵੇਗਾ ਕਿਉਂਕਿ ਜਹਾਜ਼ ਦੀ ਚਾਲ ਦੇ ਵਿਚ ਮੁਸਾਫਿਰ ਦੀ ਆਪਣੀ ਹਰਕਤ ਵੀ ਮਿਲ ਗਈ ਹੈ ਜਿਹੜੀ ਉਸ ਨੇ ਜਹਾਜ਼ ਦੇ ਪਿਛਲੇ ਸਿਰੇ ਤੋਂ ਅਗਲੇ ਤਕ ਕੀਤੀ ਹੈ ।

ਅਜ ਦੀ ਸਾਇੰਸ ਇਹ ਵੀ ਮੰਨਦੀ ਹੈ ਕਿ ਪੁਲਾੜ, ਕੋਈ ਸਥਿਰ ਪੁਲਾੜ ਨਹੀਂ, ਸਗੋਂ ਛਿਨ-ਛਿਨ ਬਦਲਦਾ ਤੇ ਗਤੀਸ਼ੀਲ ਪੁਲਾੜ ਹੈ । ਹਰਕਤਾਂ ਦੇ ਭਰੇ ਇਸ ਪੁਲਾੜ ਵਿਚ ਸਾਡੀ ਧਰਤੀ ਆਪਣੇ ਧੁਰੇ ਉਪਰ ੧,੦੦੦ ਮੀਲ ਪ੍ਰਤੀ ਘੰਟਾ ਘੁੰਮਦੀ ਹੈ । ਧਰਤੀ ਆਪਣੇ ਗ੍ਰਹਿ-ਪਥ (Orbit) ਉਪਰ ਜਿਹੜੀ ਗਰਦਸ਼ ਕਰਦੀ ਹੈ, ਉਹ ੨੦ ਮੀਲ ਪ੍ਰਤੀ ਸੈਕਿੰਡ ਹੈ । ਇਹ ਖਿਆਲ ਹੁਣ ਪੁਰਾਣਾ ਹੋ ਚੁਕਾ ਹੈ ਕਿ ਚੰਦ ਹੀ ਸੂਰਜ ਦੁਆਲੇ ਚੱਕਰ ਲਾਉਂਦਾ ਹੈ । ਆਧੁਨਿਕ ਸਿਧਾਂਤ ਇਹ ਹੈ ਕਿ ਸੂਰਜ ਦੁਆਲੇ ਚੱਕਰ ਲਾਉਣ ਸਮੇਂ ਧਰਤੀ ਤੇ ਚੰਦ ਇਕ ਦੂਜੇ ਦੇ ਆਲੇ ਦੁਆਲੇ ਭੌਂਦੇ ਰਹਿੰਦੇ ਹਨ । ਸਾਡੀ ਧਰਤੀ ਤੇ ਚੰਦ ਸਮੇਤ ਲੱਖਾਂ ਤਾਰਿਆਂ ਤੇ ਦਲ-ਤਾਰਿਆਂ ਦਾ ਸੰਗ੍ਰਹਿ, ਜਿਸ ਨੂੰ ਸੂਰਜੀ-ਪ੍ਰਵਾਰ (Solar-System) ਵੀ ਕਹਿਆ ਜਾਂਦਾ ਹੈ, ਸਮੁੱਚੇ ਦਾ ਸਮੁੱਚਾ ੧੩ ਮੀਲ ਪ੍ਰਤੀ ਸੈਕੰਡ ਆਪਣੇ ਧੁਰੇ ਦੇ ਸਥਾਨਕ ਤਾਰੇ (ਸੂਰਜ) ਸਾਹਮਣੇ ਚੱਕਰ ਕੱਢਦਾ ਹੈ । ਅਗੋਂ ਇਹ ਸਥਾਨਕ ਤਾਰਾ ਕਿਸੇ ਹੋਰ ਤਾਰਾ-ਪ੍ਰਵਾਰ (Milky Way) ਜੋ ਤਾਰਿਆਂ ਦਾ ਇਕ ਮਹਾਨ ਸਮੂਹ ਹੈ, ਦੇ ਵਿਚ ਰਲਿਆ ੨੦੦ ਮੀਲ ਪ੍ਰਤੀ ਸੈਕਿੰਡ ਚਾਲ ਨਾਲ ਚੱਰਕ ਖਾ ਰਹਿਆ ਹੈ । ਏਸੇ ਹੀ ਬੱਸ ਨਹੀਂ, ਪੂਰਾ Milky Way "ਦੂਰ ਬਾਹਰਲੇ ਝੁੰਡਾਂ" (Remote External Glaxies) ਵਿਚ ਰਲਿਆ ੧੦੦ ਮੀਲ ਪ੍ਰਤੀ ਸੈਕਿੰਡ ਦੀ ਚਾਲ ਨਾਲ ਕਿਸੇ ਹੋਰ ਕੇਂਦਰੀ ਆਕਾਰ ਦੇ ਆਲੇ-ਦੁਆਲੇ ਭੌਂ ਰਿਹਾ ਹੈ । ਇੰਜ, ਆਸਾ ਦੀ ਵਾਰ ਵਿਚ ਦਿਤੀ ਉਪਮਾ ਵਾਂਗ ਸਾਰਾ "ਆਡਾਣਿਆਕਾਸੁ" ਕਿਸੇ ਨਿਯਮ ਵਿਚ ਬੱਧਾ, ਚੱਕਰ ਖਾਈ ਜਾ ਰਹਿਆ ਹੈ । ਨਿਯਮ ਜਾਂ ਡਿਸਿਪਲਨ ਲਈ ਗੁਰਬਾਣੀ ਵਿਚ "ਭੈ" ਸ਼ਬਦ ਦਾ ਵਰਤਣਾ ਉੱਚੀ ਕਵਿਤਾ ਵਿਚ ਸੁੱਚੀ ਉਪਮਾ ਦੀ ਵਰਤੋਂ ਦਾ ਸੂਚਕ ਹੈ, ਨਹੀਂ ਤਾਂ ਸਾਇੰਸੀ ਖੇਤਰ ਦਾ ਨਾ ਇਹ ਸ਼ਬਦ ਹੈ ਤੇ ਨਾ ਸਿਧਾਂਤ ! ਧਰਤੀ ਉਪਰ ਅਸੀਂ ਕਿਸੇ ਵਸਤੂ ਦੀ ਥਾਂ ਦੋ ਦਿਸ਼ਾਵਾਂ ਅਕਸ਼ਾਂਸ ਤੇ ਰੇਖਾਂਸ਼ (Longitiude and Latitude) ਦੀ ਸਹਾਇਤਾ ਨਾਲ ਲੱਭ ਸਕਦੇ ਹਾਂ । ਧਰਤੀ [illegible] (Atmosphere) ਵਿਚ ਤਿੰਨ ਦਿਸ਼ਾਵਾਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਥਾਂ ਲੱਭੀ ਜਾ ਸਕਦੀ ਹੈ, ਪਰ ਪੁਲਾੜ ਵਿਚ ਚਾਰ ਦਿਸ਼ਾਵਾਂ (Four Dimensions) ਕੰਮ ਦੇਂਦੀਆਂ ਹਨ। ਤੇ ਜਦੋਂ ਚਾਰ ਦਿਸ਼ਵਾਂ ਨਾਲ ਪੁਲਾੜ ਵਿਚ ਕੋਈ ਵੀ ਥਾਂ ਲੱਭੀ ਜਾ ਸਕੇ ਤਾਂ ਪਰਸਿੱਧ ਆਦਰਸ਼ਵਾਦੀ ਦਾਰਸ਼ਨਿਕ ਮਾਚ (Mach) ਕਹਿੰਦਾ ਹੈ ਕਿ ਪਰਮਾਰਥਵਾਦੀ ਤੇ ਧਰਮ-ਸ਼ਾਸਤਰਾਂ ਨੂੰ ਸਾਇੰਸ ਵਲੋਂ ਚੁਨੌਤੀ ਮਿਲਦੀ ਹੈ ਕਿ ਉਹ ਨਰਕ ਤੇ ਸਵਰਗ ਦੀ ਠੀਕ ਥਾਂ ਦੱਸਣ।

ਅਗੇ ਦੱਸਿਆ ਜਾ ਚੁਕਾ ਹੈ ਕਿ ਘਟਨਾਵਾਂ ਹੀ ਸਮੇਂ ਦੀ ਹੋਂਦ ਦੀਆਂ ਸੂਚਕ ਵੀ ਹਨ ਤੇ ਮਾਪ ਵੀ। ਕਿਉਂਕਿ ਘਟਨਾਵਾਂ ਆਪ ਤਬਦੀਲੀ ਦੀਆਂ ਸੂਚਕ ਹਨ, ਇਸ ਲਈ ਸਮਾਂ ਵਿਸ਼ਵ ਭਰ ਵਿਚ ਇਕ ਅਤੇ ਸਥਿਰ ਨਹੀਂ। ਸਮਾਂ ਕੀ ਹੈ ; ਆਈਨਸਟਾਈਨ ਦੇ ਮੂੰਹੋਂ ਸੁਣੋ : ਕਿਸੇ ਵਿਅਕਤੀ ਦੇ ਅਨੁਭਵ (ਸਮੇਂ ਸੰਬੰਧੀ) ਸਾਨੂੰ ਘਟਨਾਵਾਂ ਦੀ ਲੜੀ ਵਿਚ ਪਰੁੱਚੇ ਹੋਏ ਜਾਪਦੇ ਹਨ । ਇਸ ਲੜੀ ਵਿਚ ਇਕ ਘਟਨਾ ਸਾਨੂੰ 'ਦੇਰ' ਜਾਂ 'ਸਵੇਰ' ਦੀ ਧਾਰਨਾ ਮੁਤਾਬਿਕ ਜੁੜੀ ਹੋਈ ਜਾਪਦੀ ਹੈ। ਇਸ ਲਈ ਹਰ ਵਿਅਕਤੀ ਦਾ ਇਕ ਆਪਣਾ ਅਤੇ ਅੰਤਰ-ਮੁਖੀ ਸਮਾਂ ਹੈ। ਇਹ ਸਮਾਂ ਆਪਣੇ ਆਪ ਵਿਚ ਮਾਪਣ ਯੋਗ ਨਹੀਂ। ਸਮੇਂ ਦੇ ਅਨੁਭਵ ਨੂੰ ਨਿੱਜੀ ਅਤੇ ਅਹਿਸਾਸ ਉਪਰ ਆਧਾਰਿਤ ਦੇਖ ਕੇ ਹੀ ਮਾਚ ਕਹਿ ਬੈਠਾ ਸੀ, "ਪੁਲਾੜ ਤੇ ਸਮਾਂ ਨਿਜੀ ਅਹਿਸਾਸਾਂ ਦੀਆਂ ਲੜੀਆਂ ਦੀ ਵਾਹਵਾਹ ਗੁੰਦੀ ਹੋਈ ਲੜੀ ਹੈ।" ਅਹਿਸਾਸ ਮਨੁੱਖ ਕਰਦਾ ਹੈ। ਇਸ ਦੇ ਅਰਥ ਹੋਏ ਕਿ ਪੁਲਾੜ ਤੇ ਸਮਾਂ ਕੋਈ ਵਸਤੂ ਨਹੀਂ, ਇਹ ਉਦੋਂ ਹੋਂਦ ਵਿਚ ਆਏ ਜਦੋਂ ਮਨੁੱਖ ਨੇ ਆਤਮਾ ਤੇ ਗਿਆਨ-ਇੰਦਰੀਆਂ ਰਾਹੀਂ ਇਨ੍ਹਾਂ ਦਾ ਅਹਿਸਾਸ ਕੀਤਾ। ਇੰਜ, ਮਾਚ ਭੌਤਿਕਵਾਦੀ ਹੁੰਦਾ ਹੋਇਆ ਆਤਮ-ਵਾਦੀਆਂ ਵਿਚ ਜਾ ਖਲੋਤਾ। ਇਸੇ ਅੰਤ੍ਰੀਵਤਾਵਾਦ ਦੀ ਜਿੱਲ੍ਹਣ ਵਿਚ ਆਈਨਸਟਾਈਨ ਵੀ ਗ੍ਰਸਿਆ ਹੋਇਆ ਦਿਸਦਾ ਹੈ। ਇਹ ਕੋਈ ਅਸਚਰਜ ਨਹੀਂ। ਜੇ ਮਨੁੱਖ ਨੂੰ ਪਹਿਲ ਦੇਣਾ ਨਾਸਤਿਕਤਾ ਹੈ ਤਾਂ ਪਰਮਾਰਥਵਾਦੀ, ਰੱਬ ਨੂੰ ਆਤਮਾ ਰਾਹੀਂ ਪਾਉਣ ਦਾ ਰਾਹ ਦੱਸ ਕੇ ਮਨੁੱਖ ਨੂੰ ਪਹਿਲ ਦੇ ਬਹਿੰਦੇ ਹਨ ਜੋ ਆਤਮਾ-ਯੁਕਤ ਹੈ ! ਇੰਜ ਉਹ ਨਾਸਤਿਕ ਹਨ ਅਤੇ ਇੰਜ ਹੀ ਭੌਤਿਕਵਾਦੀ ਅਨਿੰਨ ਆਸਤਕ ਹੋ ਨਿਬੜਦੇ ਹਨ ਜਦੋਂ ਉਹ ਵਿਸ਼ਵਾਸ ਪ੍ਰਗਟ ਕਰਦੇ ਹਨ ਕਿ ਕੁਦਰਤ, ਮਨੁੱਖ ਤੋਂ ਪਹਿਲਾਂ ਵੀ ਸੀ। ਕੁਦਰਤ, ਜਿਹੜੀ ਕਿ ਰੱਬ ਦੀ ਰਚਨਾ ਦੱਸੀ ਜਾਂਦੀ ਹੈ। ਕਾਰਨ ਇਹ ਸੀ ਕਿ ਮਾਚ, ਪੁਲਾੜ ਅਤੇ ਸਮੇਂ ਵਿਚਕਾਰ ਆਈਨਸਟਾਈਨ ਵਾਂਗ ਕੋਈ ਸਾਪੇਖਿਅਤਾ (Relativity) ਨਹੀਂ ਸੀ ਲੱਭ ਸਕਿਆ। ੧੭੯੨ ਵਿਚ ਇਕ ਜਰਮਨ ਦਾਰਸ਼ਨਿਕ ਨੇ ਵੀ ਇਹੋ ਕੁਝ ਕਿਹਾ ਸੀ : "ਪੁਲਾੜ ਵਾਂਗ ਸਮਾਂ ਵੀ ਵੱਖੋ ਵੱਖ ਲੋਕਾਂ ਦੇ ਤਜਰਬਿਆਂ ਦਾ ਸਾਮਾਜਿਕ ਤਾਲ-ਮੇਲ ਹੈ। ਉਨ੍ਹਾਂ ਦਾ ਦਿਸਦਾ ਰੂਪ ਉਨ੍ਹਾਂ ਦੀ ਸਮਾਜ ਵਿਚ ਬਣ ਗਈ ਆਮ ਮਹਤਤਾ ਕਾਰਣ ਹੈ।" ਤੇ ਕੁਝ ਇਸੇ ਤਰ੍ਹਾਂ ਹੀ ਕਾਰਲ ਪੀਅਰਸਨ ਨੇ ਤਾਈਦ ਕੀਤੀ।

ਇਕ ਤਰ੍ਹਾਂ ਇਹ ਗਲ ਅਮਲੀ ਤਜਰਬਿਆਂ ਤੋਂ ਵੀ ਠੀਕ ਜਾਪਦੀ ਹੈ ਕਿ ਪੁਲਾੜ ਅਤੇ ਸਮਾਂ ਅਹਿਸਾਸ ਮਾਤਰ ਹੀ ਹਨ। ਸਕਾਤਰਸ ਤਾਰਾ ਸਾਡੀ ਦੁਨੀਆਂ ਦੇ ੮੮ ਦਿਨਾਂ ਵਿਚ ਆਪਣੇ ਧੁਰੇ 'ਤੇ ਚੱਕਰ ਲਾਉਂਦਾ ਹੈ ਅਤੇ ਏਨੇ ਹੀ ਸਮੇਂ ਵਿਚ ਉਹ ਸੂਰਜ ਦੁਆਲੇ ਵੀ ਚੱਕਰ ਕਢ ਲੈਂਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਉਥੋਂ ਦਾ ਦਿਨ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਲ ਹੈ। ਜ਼ਰੂਰੀ ਹੈ ਕਿ ਸਕਾਤਰਸ ਤਾਰੇ ਵਿਚ ਸਮੇਂ ਦਾ ਅਰਥ ਤੇ ਮਾਪ ਹੀ ਵੱਖ ਹੋਵੇਗਾ ; ਜਿਵੇਂ ਉਤਰੀ ਧਰੂ ਦੇ ਨੇੜੇ ਰਹਿੰਦੇ ਐਸਕੀਮੋ ਲਈ ਰਾਤ ਅਤੇ, ਦਿਨ ਦੇ ਵੱਖਰੇ ਹੀ ਅਰਥ ਹਨ। ਸਾਡੀ ਆਪਣੀ ਧਰਤੀ ਉਪਰ ਸਮਾਂ ਕੋਈ ਚੀਜ਼ ਨਹੀਂ (ਅਸਲ ਵਿਚ ਕਹਿਣਾ ਚਾਹੀਦਾ ਹੈ ਕਿ ਸਮਾਂ ਇਕੋ ਨਹੀਂ) ਕਿਉਂਕਿ ਹਰ ਥਾਂ ਦਾ ਸਮਾਂ ਵੱਖ-ਵੱਖ ਹੈ ਜਿਸ ਨੂੰ ਅਸੀਂ ਸਥਾਨਕ ਸਮਾਂ (Local time) ਕਹਿੰਦੇ ਹਾਂ। ਏਥੇ ਹੀ ਬੱਸ ਨਹੀਂ, ਪੁਲਾੜ ਵਿਚਲੇ ਹਰ ਆਕਾਰ ਜਾਂ ਹਰ ਦੁਨੀਆ ਦੀ ਆਪਣੀ ਹਰਕਤ ਹੈ। ਇਸ ਲਈ ਹਰ ਤਾਰੇ ਜਾਂ ਦੁਨੀਆ ਦਾ ਆਪਣਾ ਸਮਾਂ ਹੈ। ਹਰ ਦੁਨੀਆਂ ਦਾ ਆਪਣਾ ਧਰਤ-ਆਕਰਸ਼ਣ ਜਾਂ ਹਵਾ ਦਾ ਦਬਾਅ ਹੈ, ਇਸ ਲਈ ਵਸਤਾਂ ਦਾ ਵੱਖਰਾ ਹੀ ਭਾਰ ਹੈ। ਉਥੋਂ ਦੇ ਵੱਖਰੇ ਹੀ ਜੀਵਨ-ਤੱਤ ਹਨ, ਇਸ ਲਈ ਉਥੇ ਜੀਵਨ ਹੋ ਜਾਂ ਨਾ ਹੋ ਸਕਣ ਦੀ ਵੱਖਰੀ ਸੰਭਾਵਨਾ ਹੈ, ਜੀਵਾਂ ਦੇ ਕੱਦ-ਕਾਠ, ਜਾਤੀਆਂ, ਉਪ-ਜਾਤੀਆਂ ਆਪਣੀ ਹੀ ਕਿਸਮ ਦੇ ਹੋ ਸਕਦੇ ਹਨ।

ਪਰ ਅਸੀਂ ਧਰਤੀ ਦੇ ਲੋਕ, ਨਿੱਜੀ ਤੋਂ ਕਿਤੇ ਵਧ ਸਾਮਾਜਿਕ ਜੀਵਨ ਜੀਉਂਦੇ ਹਾਂ, ਜਿਸ ਵਿਚ ਘਟਨਾਵਾਂ ਤੇ ਉਨ੍ਹਾਂ ਦੀ ਵਿਚਕਾਰਲੀ ਵਿੱਥ ਸੰਬੰਧੀ ਸਾਡਾ ਅਨੁਭਵ ਸਾਂਝਾ ਤੇ ਸਾਮਾਜਿਕ ਹੈ। ਇਸੇ ਲਈ, ਸਾਡੇ ਲਈ ਸਮਾਂ ਇਕ ਕਲਪਨਾ ਜਾਂ ਅਹਿਸਾਸ ਨਹੀਂ, ਹਕੀਕਤ ਹੈ।

ਸਾਪੇਖਿਅਤਾਵਾਦ ਵਿਚੋਂ ਵਿਕਸਿਤ ਹੋਏ 'ਚੌਥੀ ਦਿਸ਼ਾ' ਦੇ ਸਿਧਾਂਤ ਅਨੁਸਾਰ ਪੁਲਾੜ ਤੇ ਸਮਾਂ ਵੀ ਇਕ ਦੂਜੇ ਵਿਚ ਓਤ-ਪੋਤ ਹੋਏ ਮਿਲਦੇ ਹਨ।

ਪੁਲਾੜ ਕੀ ਹੈ ? ਵਸਤਾਂ ਜਾਂ ਆਕਾਰਾਂ ਵਿਚਲੀ ਦੂਰੀ ; ਜਿਸ ਨੂੰ (ਰੌਸ਼ਨੀ ਦੇ) ਸਮੇਂ ਦੇ ਮੀਲਾਂ—ਰਾਹੀਂ ਨਾਪਿਆ ਜਾਂਦਾ ਹੈ।

ਸਮਾਂ (ਸਕਿੰਟ, ਮਿੰਟ, ਘੰਟੇ, ਸਾਲ ਅਤੇ ਸਦੀਆਂ) ਕੀ ਹੈ ? ਧਰਤੀ ਦੇ ਪੁਲਾੜ ਵਿਚ ਚੰਦ, ਸੂਰਜ, ਅਤੇ ਤਾਰਿਆਂ ਸਾਹਮਣੇ ਹੋਏ ਰੁਖ ਦਾ ਅੰਦਾਜ਼ਾ ਜਾਂ ਮਾਪ।

ਪੁਲਾੜ ਸੰਬੰਧੀ ਸਾਇੰਸਦਾਨਾਂ ਨੇ ਅਰਬੇ ਤਾਂ ਲਾਏ। ਪੁਲਾੜ ਤੇ ਸਮੇਂ ਵਿਚਲੇ ਸੰਬੰਧਾਂ ਉਪਰ ਅਧਾਰਿਤ ਕਈ ਨਵੀਆਂ ਲੱਭਤਾਂ ਸਾਹਮਣੇ ਆਈਆਂ; ਪੁਲਾੜ ਤੇ ਸਮੇਂ ਸੰਬੰਧੀ ਕਈ ਨਵੇਂ ਵਰਤਾਰਿਆਂ ਦੀ ਹੋਂਦ ਵੀ ਦਿੱਸੀ। ਅਤੇ ਵਰਤਾਰਿਆਂ ਵਿਚੋਂ ਕੁਝ ਇਕ ਦੀ ਹੋਂਦ ਵੀ ਸਿੱਧ ਕੀਤੀ ਗਈ।

ਪਰ ਸਾਇੰਸਦਾਨਾਂ ਅੰਦਰ ਕੰਮ ਕਰਦਾ ਮਨੁੱਖੀ ਮਨ ਸਮੀਕਰਣਾਂ ਵਿਚੋਂ ਸਿੱਟੇ ਕਢ ਕੇ, ਇਨ੍ਹਾਂ ਨਤੀਜਿਆਂ ਵਿਚੋਂ ਕਾਫੀ ਸਚਾਈ ਲੱਭਦੀ ਦੇਖ ਕੇ ਪਤੀਜਣ ਵਾਲਾ ਨਹੀਂ। ਉਹ ਤਾਂ ਜਾਨ ਹੂਲ ਕੇ ਅਜਿਹੇ ਭੌਤਿਕ ਵਰਤਾਰਿਆਂ ਦੇ ਵਿਚ ਜਾ ਖਲੋਣਾ ਚਾਹੁੰਦਾ ਸੀ। ਅਤੇ ਇਸ ਸੰਬੰਧ ਵਿਚ ਸੰਸਾਰ ਦੀਆਂ ਵੱਡੀਆਂ ਹਕੂਮਤਾਂ ਦੀ ਸਰਪਰਸਤੀ ਤੇ ਸਹਾਇਤਾ ਹੇਠ ਸਾਇੰਸਦਾਨਾਂ ਨੇ ਧਰਤੀ ਦੇ ਖਗੋਲ ਤੋਂ ਪਾਰ, ਪੁਲਾੜ ਵਿਚ ਜਾ ਕੇ ਹੁਣ ਤਕ ਅਦਿੱਖ ਅਪਹੁੰਚ, ਅਣਛੋਹੇ ਤੇ ਅਣਚੱਖੇ ਵਰਤਾਰਿਆਂ ਨੂੰ ਦੇਖਣ, ਛੋਹਣ ਤੇ ਮਹਿਸੂਸਣ ਲਈ ਦੌੜਾਂ ਸ਼ੁਰੂ ਕਰ ਦਿਤੀਆਂ। ਪੁਲਾੜ ਵਿੱਚ ਪਹੁੰਚਣ ਦੇ ਕਈ ਸਾਇੰਸੀ ਯੰਤਰਾਂ, ਰਾਕਟਾਂ, ਜਹਾਜ਼ਾਂ, ਨਕਲੀ ਗ੍ਰਹਿਆਂ ਸੰਬੰਧੀ ਲੇਖ ਅਖਬਾਰਾਂ ਵਿਚ ਛਪਣ ਲਗੇ। ਇਸੇ ਸੁਣੇ ਸੁਣਾਏ ਗਿਆਨ ਵਿਚ ਹੁਦਰੋਂ ਮਿਲਾ ਕੇ ਪਿਛਲੇ ਸਾਲਾਂ ਵਿਚ ਕਈ ਨਾਵਲ ਤੇ ਕਹਾਣੀਆਂ ਛਪੀਆਂ, ਜਿਨ੍ਹਾਂ ਸੰਸਾਰ ਸਾਹਿਤ ਵਿਚ ਐਸ ਹੀ ... ਨੂੰ ਇਕ ਨਵਾਂ ਹੀ ਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਦਿਤਾ । ਫਿਲਮ ਪ੍ਰੋਡਿਊਸਰਾਂ ਨੂੰ ਚਾਂਦੀ ਬਨਾਉਣ ਲਈ ਇਕ ਨਵਾਂ ਵਿਸ਼ਾ ਮਿਲ ਗਿਆ ਅਤੇ ਕੈਮਰਾ-ਟਰਿੱਕ (Camera trick) ਜਾਂ ਕਾਰਟੂਨਾਂ ਰਾਹੀਂ ਪੁਲਾੜ ਦੀ ਸੈਰ ਉਪਰ ਅਧਾਰਿਤ ਕਈ ਫਿਲਮਾਂ ਬਣਾਈਆਂ ਗਈਆਂ । (ਵਿਗਿਆਨਕ ਪੁਲਾੜੀ ਕੈਨਵੈਸ ਉਪਰ ਅਮਰੀਕੀ ਟੈਲੀਵਿਯਨ-ਸੀਰੀਜ਼ "Star Trek" ਵਧੀਆ ਫਿਲਮੀ ਲੜੀ ਹੈ)

ਅਤੇ ਇਕ ਦਿਨ ਲੋਕਾਂ ਰੇਡੀਓ ਤੋਂ ਸੁਣਿਆ, ਅਖ਼ਬਾਰਾਂ ਵਿਚ ਪੜ੍ਹਿਆ ਤੇ ਦਾਣੀਆਂ ਵਿਚ ਖਲੋ ਕੇ ਚਰਚਾ ਕੀਤੀ ਕਿ ਸੋਵੀਅਤ ਯੂਨੀਅਨ ਨੇ ਇਕ ਉਪ-ਗ੍ਰਹ ਛਡ ਦਿਤਾ ਹੈ, ਜਿਸ ਦੀ ਵਾਇਰਲੈੱਸ ਤੋਂ ਸਾਡੀ ਦੁਨੀਆਂ ਵਿਚ ਸੁਨੇਹੇ ਆ ਰਹੇ ਹਨ ਤੇ ਦੇਸ਼ ਵਿਚ ਰੇਡੀਓ ਪਰੋਗਰਾਮ ਦੇ ਸੁਨਾਉਣ ਤੋਂ ਪਹਿਲਾਂ ਸਵੇਰੇ ਦੀ ਬੰਦਨਾਂ, ਪਰਾਰਥਨਾ ਜਾਂ ਰਾਮ-ਧੁਨ ਦੀ ਥਾਂ ਬੀਪ-ਬੀਪ ਤੇ ਪੀਪ-ਪੀਪ ਦੀ ਸੁਰ ਅਲਾਪਦੇ ਇਨ੍ਹਾਂ ਸੰਦੇਸ਼ਾਂ ਨੇ ਮੱਲ ਲਈ ।

ਸਾਫ਼ ਸੀ ਕਿ ਸੋਵੀਅਤ ਸਾਇੰਸਦਾਨਾਂ ਦੇ ਪੁਲਾੜ ਸੰਬੰਧੀ ਪੂਰਵ-ਸਿਧਾਂਤ (Hypothesis) ਸਫਲ ਸਨ । ਪਰ ਇਹ ਪੂਰਵ-ਸਿਧਾਂਤ ਤਾਂ ਦੂਜੇ ਦੇਸ਼ਾਂ ਦੇ ਸਾਇੰਸਦਾਨ ਵੀ ਜਾਣਦੇ ਸਨ ।

ਇਸ ਲਈ ਪੁਲਾੜ ਦੀ ਸਫਲ ਉਡਾਰੀ ਵਿਚੋਂ ਸਮੇਂ ਸੰਬੰਧੀ ਵੀ ਕਾਫੀ ਕੁਝ ਸਾਫ਼ ਹੋਣਾ ਸੀ ।

ਮਨੁੱਖੀ ਅਹਿਸਾਸਾਂ ਵਾਂਗ ਵਿਗਿਆਨਕ ਪ੍ਰਤਿਭਾ, ਵੀ ਦੇਸਾਂ ਕੋਸਾਂ ਦੀਆਂ ਸਰਹੱਦਾਂ ਨੂੰ ਉਲੰਘਦੀ ਸਮਾਨਾਂਤਰ ਵਿਕਸਤ ਹੁੰਦੀ ਰਹਿੰਦੀ ਹੈ । ਇਸੇ ਲਈ ਸੋਵੀਅਤ ਯੂਨੀਅਨ ਦੇ ਟਾਕਰੇ ਤੇ ਅਮਰੀਕਾ ਨੇ ਵੀ ਚੰਨ ਉਪਰ ਆਪਣੀ ਪੁਲਾੜੀ ਬੱਘੀ ਚਲਾਈ ਅਤੇ ਅਤਿਅੰਤ ਦੁਰਾਡੇ ਪੁਲਾੜੀ ਉਪ-ਗ੍ਰਹਿ ਭੇਜ ਕੇ ਅਨੰਤ ਪੁਲਾੜ ਨੂੰ ਦੇਖਣ ਸਮਝਣ ਦੇ ਕਈ ਉਪਰਾਲੇ ਕੀਤੇ ਹਨ ।

ਆਈਨਸਟਾਈਨ ਨੇ ਕਿਹਾ ਸੀ ਕਿ ਕਈ ਗ੍ਰਹਿ ਤੇ ਤਾਰੇ ਸਾਥੋਂ ਏਨੀ ਦੂਰ ਹਨ ਕਿ ਜੇ ਮਨੁੱਖ, ਰੌਸ਼ਨੀ ਦੀ ਰਫ਼ਤਾਰ ਨਾਲ ਵੀ ਸਫ਼ਰ ਕਰੇ ਤਾਂ ਉਨ੍ਹਾਂ ਤਕ ਪੁੱਜਣ ਲਈ ਲਖਾਂ ਸਾਲ ਚਾਹੀਦੇ ਹਨ । ਅਤੇ ਇਸ ਨਤੀਜੇ ਤੇ ਪਹੁੰਚ ਕੇ ਹੀ ਉਹ Subjectivism ਵਲ ਝੁਕ ਗ੍ਯਿਾ ਸੀ ਅਤੇ ਉਸ ਦਾ ਇਹ ਝੁਕਾਅ ਸੰਸਾਰ ਭਰ ਦੇ ਰੂਹ-ਪ੍ਰਸਤਾਂ ਦਾ ਸਾਇੰਸ ਦੇ ਆਸ਼ਕਾਂ ਨੂੰ ਮਿਹਣਾ ਬਣ ਗਿਆ ਸੀ । ਜਿਨ੍ਹਾਂ ਸਪੁਤਨਿਕ ਚੜ੍ਹਾਏ ਹਨ ਉਹ ਪੁਲਾੜ ਵਿਚ ਆਪ ਪੁਜ ਕੇ ਕਤਈ ਅੰਦਾਜ਼ੇ ਨਹੀਂ ਲਾ ਸਕੇ ਪਰ ਸਪੁਤਨਿਕ ਦੇ ਰੇਡੀਆਈ ਸੁਨਿਹਾਂ ਦੇ ਵਿਸ਼ਲੇਸ਼ਣ ਤੋਂ ਉਹ ਸਮਝਦੇ ਹਨ ਕਿ ਰੌਸ਼ਨੀ ਨਾਲੋਂ ਵੀ ਕਾਹਲਾ ਸਫ਼ਰ ਪੁਲਾੜ ਵਿਚ ਕੀਤਾ ਜਾ ਸਕਦਾ ਹੈ ਅਤੇ ਇਹ ਕਹਿੰਦਿਆਂ ਤੇ ਪੁਲਾੜ ਵਿਚ ਸਫ਼ਰ ਦੀ ਕਲਪਨਾ ਕਰਦਿਆਂ ਹੋਇਆਂ, ਉਨ੍ਹਾਂ ਦੀਆਂ ਅੱਖਾਂ ਵਿਚ ਹੋਣੀ ਦਾ ਝਲਕਾਰਾ ਉਸੇ ਤਰ੍ਹਾਂ ਪਿਆ ਹੈ ਜਿਵੇਂ ਆਮ ਲੁਕਾਈ ਉਪਰ । ਇੰਜ ਪੁਲਾੜ ਦੀ ਖੋਜ ਨੇ ਸਿੱਧ ਕਰ ਦਿਤਾ ਹੈ ਕਿ ਕੁਦਰਤ ਦੇ ਵਿਸ਼ਲੇਸ਼ਣ ਤੇ ਲੱਭਤਾਂ ਵੀ ਉਨੀਆਂ ਹੀ ਮਨ-ਮੁਗਧਕਾਰੀ ਹਨ ਜਿੰਨੇ ਕਿ ਇਸ ਦੇ ਝਲਕਾਰੇ ਤੇ ਵਰਤਾਰੇ ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁੱਝ ਅਨੁਵਾਦ ਬਾਰੇ

ਮਨੁੱਖ ਆਪਣੇ ਨਿੱਜ ਅਤੇ ਆਲੇ-ਦੁਆਲੇ ਨਾਲ ਸੰਬੰਧਤ ਵਸਤਾਂ ਅਤੇ ਵਰਤਾਰਿਆਂ ਤੋਂ ਪ੍ਰੇਰਤ ਹੋ ਕੇ ਮਹਿਸੂਸ ਕੀਤੇ ਨੂੰ ਜਦ ਪ੍ਰਗਟਾਉਣ ਬਿਨਾਂ ਨਾ ਰਹਿ ਸਕੇ ਤਾਂ 'ਸਾਹਿਤ' ਜਨਮ ਲੈਂਦਾ ਹੈ ।

ਪ੍ਰਗਟਾਉਣ ਵਾਲਾ ਇਹ ਮਨੁਖ ; ਸਾਹਿਤਕਾਰ, ਚਿਤਵ ਭਾਵੇਂ ਆਪਣੀ ਜਾਂ ਕਿਸੇ ਹੋਰ ਦੁਨੀਆਂ, ਕਿਸੇ ਗਗਨ-ਮੰਡਲ ਜਾਂ ਗਿਆਨ-ਖੇਤਰ ਬਾਰੇ ਲਵੇ ਪਰ ਪ੍ਰਗਟਾਉਂਦਾ ਉਹ ਆਪਣੇ ਆਲੇ-ਦੁਆਲੇ, ਆਪਣੇ ਲੋਕਾਂ ਦੀ ਬੋਲੀ ਵਿਚ ਹੀ ਹੈ । ਸਗੋਂ ਸੱਚੀ ਗੱਲ ਤਾਂ ਇਹ ਹੈ ਕਿ ਲੇਖਕ ਤਾਂ ਸੋਚਦਾ, ਮਹਿਸੂਸਦਾ ਵੀ ਆਪਣੀ ਮਾਤ-ਭਾਸ਼ਾ ਵਿਚ ਹੈ ।

ਕ੍ਰਿਤ ਨੂੰ ਜਦ ਕਿਸੇ ਹੋਰ ਭਾਸ਼ਾ ਦਾ ਸਾਹਿਤਕਾਰ, ਵਿਦਵਾਨ ਜਾਂ ਸਾਹਿਤ-ਰਸੀਆ ਪੜ੍ਹਦਾ ਜਾਂ ਮਾਣਦਾ ਹੈ ਤਾਂ ਆਪਣੀ ਭਾਸ਼ਾ ਦੇ ਲੋਕਾਂ ਨੂੰ ਇਸ ਕ੍ਰਿਤ ਦੀ ਦੁਨੀਆਂ ਵਿਚ ਲਿਜਾਣਾ ਲੋਚਦਾ ਹੈ, ਇਸ ਦੇ ਸੋਚ-ਮੰਡਲਾਂ ਦੀ ਸੈਰ ਕਰਾਉਣੀ ਅਤੇ ਇਸੇ ਰੰਗ ਵਿਚ ਰੰਗਣਾ ਚਾਹੁੰਦਾ ਹੈ । ਇਸੇ ਸਮੇਂ ਅਨੁਵਾਦ ਦੀ ਲੋੜ ਪੈਂਦੀ ਹੈ । ਇੰਜ ਹੀ ਜਦ ਇਕ ਦੇਸ਼ ਵਿਚ ਕਮਾਏ ਅਤੇ ਵਧਾਏ ਗਏ ਵਿਦਿਅਕ ਤੇ ਸਾਇੰਸੀ ਗਿਆਨ ਤੋਂ ਸਿੱਖਣ ਤੇ ਵਿਗਸਾਉਣ ਦੀ ਲੋੜ ਹੋਰਨਾਂ ਭਾਸ਼ਾਵਾਂ ਦੇ ਲੋਕਾਂ ਨੂੰ ਪੈਂਦੀ ਹੈ ਤਾਂ ਅਨੁਵਾਦ ਹੀ ਇਸ ਗਿਆਨ ਦਾ ਮਾਧਿਅਮ ਬਣਦਾ ਹੈ । ਅਨੁਵਾਦ ਦੀ ਲੋੜ ਅਸਲ ਵਿਚ ਇਕ ਯੁਗ ਦੇ ਲੋਕਾਂ-ਪਾਠਕਾਂ ਨੂੰ ਅਨੁਭਵ ਹੁੰਦੀ ਹੈ । ਅਨੁਵਾਦਿਕ ਤਾਂ ਇਸ ਲੋੜ ਦੀ ਪੂਰਤੀ ਕਰਦਾ ਹੈ ।

ਇੰਜ, ਸਹਿਤਕਾਰ ਤੇ ਲੇਖਕ ਜਿਥੇ ਆਪਣੇ ਅਨੁਭਵਾਂ, ਸੰਕਲਪਾਂ ਅਤੇ ਧਾਰਨਾਵਾਂ ਨੂੰ ਆਪਣੀ ਭਾਸ਼ਾ ਬੋਲਦੇ ਲੋਕਾਂ ਨਾਲ ਸਾਂਝਾ ਕਰਦਾ ਹੈ, ਉਥੇ ਅਨੁਵਾਦਕ ਉਨ੍ਹਾਂ ਹੀ ਅਨੁਭਵਾਂ ਅਤੇ ਧਾਰਨਾਵਾਂ ਨੂੰ ਲੇਖਕ ਦੇ ਭਾਸ਼ਾਈ ਘੇਰੇ ਵਿਚੋਂ ਕੱਢ ਕੇ ਕਿਸੇ ਦੂਜੀ ਭਾਸ਼ਾ ਵਿਚ ਲੈ ਜਾਂਦਾ ਹੈ ।

ਹਮਲਾਂ-ਆਵਰ ਜਦ ਦਬੇਲਾਂ ਨੂੰ, ਵਿਉਪਾਰੀ-ਵਿਉਪਾਰੀਆਂ ਨੂੰ ਬਦੇਸ਼ਾਂ ਦੀਆਂ ਸਰਹੱਦਾਂ ਜਾਂ ਮੰਡੀਆਂ ਵਿਚ ਮਿਲਦੇ ਸਨ ਤਾਂ ਵੀ ਸੰਧੀਆਂ ਸੌਦਿਆਂ ਵੇਲੇ ਅਨੁਵਾਦ ਦੀ ਲੋੜ ਪੈਂਦੀ ਰਹੀ ਅਤੇ ਇਸ ਕੰਮ ਨੂੰ ਦੁਭਾਸ਼ੀਏ ਨਿਭਾਉਂਦੇ ਆਏ ਹਨ ।

ਕਿਉਂਕਿ, ਪ੍ਰਗਟਾਏ ਅਨੁਭਵਾਂ ਗਿਆਨ ਅਤੇ ਧਾਰਨਾਵਾਂ ਨੂੰ ਦੂਜੀ ਭਾਸ਼ਾਵਾਂ, ਮਾਨਵ-ਇਕਾਈ ਵਿਚ ਸੰਚਾਰੰਨ ਪ੍ਰਸਾਰਨ ਦੀ ਲੋੜ, ਪ੍ਰੇਰਨਾ ਤੇ ਉਤਸ਼ਾਹ, ਵਿਚਾਰਕਾਂ, ਲੇਖਕਾਂ ਅਤੇ ਸਾਹਿਤ-ਸਰਪਰਸਤਾਂ ਨੂੰ ਵਿਆਪਦੇ ਰਹੇ ਹਨ ਇਸ ਲਈ ਅਨੁਵਾਦ ਕਰਨ ਜਾਂ ਕਰਾਉਣ ਦਾ ਸਿਹਰਾ ਵਿਚਾਰਕਾਂ, ਅਨੁਵਾਦਕਾਂ ਦੁਭਾਸ਼ੀਆਂ ਅਤੇ ਇਕ ਹਦ ਤਕ ਰਾਜਿਆਂ ਰਾਣਿਆਂ ਦੇ ਸਿਰ ਰਿਹਾ ਹੈ ।

ਕਿਉਂਕਿ ਮੌਲਿਕ ਕ੍ਰਿਤਾਂ ਦੇ ਵਿਸ਼ੇ, ਭਾਸ਼ਾ ਅਤੇ ਅਪੀਲ ਦੀ ਆਪਣੀ ਸਮਰਥਾ ਹੁੰਦੀ ਹੈ ਇਸ ਲਈ ਅਨੁਵਾਦ [illegible] ਨਹੀਂ । ਇੰਜ, ਮੌਲਿਕ ਕ੍ਰਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਅਰਥ, ਧਾਰਨਾਂ, ਸ਼ੈਲੀ, ਭਾਸ਼ਾ, ਸ਼ੈਲੀ ਅਤੇ ਅਪੀਲ ਇਕ ਤੋਂ ਵਧ ਅਨੁਵਾਦਕਾਂ ਰਾਹੀਂ ਵੱਖਰੇ ਹੁੰਦੇ ਰਹੇ ਹਨ। ਇਸ ਲਈ ਇੱਕੋ ਕ੍ਰਿਤ ਦੇ ਦੋ ਜਾਂ ਵਧ ਅਨੁਵਾਦ ਇੰਨ-ਬਿੰਨ ਇਕੋ ਜਹੇ ਨਹੀਂ ਹੋ ਸਕਦੇ।

ਅਨੁਵਾਦ ਉਪਰ ਕੰਮ ਸਾਹਿਤ ਰਚਨਾ ਜਿੰਨਾ ਵਿਸਤ੍ਰਿਤ ਅਤੇ ਵਿਕਸਤ ਨਹੀਂ ਹੋਇਆ। ਇਸ ਲਈ ਅਨੁਵਾਦ ਦੀ ਪ੍ਰੀਭਾਸ਼ਾ ਸਾਹਿਤ ਦੀ ਪ੍ਰੀਭਾਸ਼ਾ ਵਾਂਗ ਸਥਾਪਿਤ ਨਹੀਂ ਹੋ ਸਕੀ। ਨਾ ਹੀ ਸਾਹਿਤ ਦੇ ਵਖ-ਵਖ ਅੰਗਾਂ ਦੇ ਸਮੀਖਿਆ-ਸਿਧਾਂਤ ਜਿੰਨਾਂ ਅਨੁਵਾਦ ਦਾ ਵਿਧੀ-ਵਿਗਿਆਨ (Methodology) ਵਿਕਸਤ ਹੋਇਆ ਹੈ। ਆਕਾਰ ਅਤੇ ਪ੍ਰਕਾਰ ਵਿਚ ਅੱਜ ਤਕ ਜਿੰਨਾ ਕੁ ਅਨੁਵਾਦ ਹੋਇਆ ਹੈ ਉਸ ਹਦ ਤਕ ਇਸ ਦੀ ਇਕ ਸ੍ਰੇਣੀ-ਵੰਡ ਅਤੇ ਸਮਝ ਵੀ ਬਣੀ ਹੈ।

ਅਨੁਵਾਦ ਕੀ ਹੈ ? ਕਿਸੇ ਭਾਸ਼ਾ ਵਿਸ਼ੇਸ਼ ਵਿਚ ਪ੍ਰਗਟਾਏ ਤੱਥ ਤੇ ਭਾਵ ਨੂੰ ਕਿਸੇ ਹੋਰ ਭਾਸ਼ਾ ਦਾ ਜਾਮਾ ਪਹਿਨਾ ਦੇਣਾ।

ਇਹ ਪ੍ਰੀਭਾਸ਼ਾ ਠੀਕ ਹੈ ਅਤੇ ਇਸ ਲਈ ਸਾਧਾਰਣੀਕ੍ਰਿਤ (simplified) ਹੈ ਕਿ ਪ੍ਰਗਟਾਵੇ ਵਿਚ ਅਨੁਭਵ, ਵਿਚਾਰ ਅਤੇ ਮਾਨਸਿਕ ਤੇ ਪਦਾਰਥਕ ਲੱਭਤਾਂ ਵੀ ਸ਼ਾਮਲ ਹਨ ਅਤੇ ਅਨੁਭਵਾਂ, ਵਿਚਾਰਾਂ ਅਤੇ ਲੱਭਤਾਂ ਦੇ ਕੁੱਝ ਵਿਸ਼ੇ ਹਨ। ਇਸੇ ਲਈ, ਅਨੁਵਾਦਾਂ ਦੇ ਕੁਝ ਰੂਪ ਜਾਂ ਪ੍ਰਕਾਰ ਹਨ; ਜਿਵੇਂ : ਵਫਾਦਾਰ ਜਾਂ ਸ਼ਾਬਦਿਕ ਅਨੁਵਾਦ, ਖੁਲ੍ਹਾ ਅਨੁਵਾਦ, ਰੂਪਾਂਤਰਨ ਜਾਂ ਆਧਾਰਿਤ ਰਚਨਾ।

ਅਨੁਵਾਦ ਦੀ ਉਪ੍ਰੋਕਤ ਪ੍ਰੀਭਾਸ਼ਾ, ਇਸ ਦੇ ਕਰਮ-ਪ੍ਰਵਾਹ ਦੇ ਟਾਕਰੇ ਤੇ ਵੀ ਸਾਧਾਰਣੀਕ੍ਰਿਤ ਹੈ ਕਿਉਂਕਿ ਅਨੁਵਾਦ-ਹੇਠ-ਕ੍ਰਿਤ ਦੀ ਭਾਸ਼ਾ ਦਾ ਆਪਣਾ ਸ਼ਬਦ-ਭੰਡਾਰ, ਆਪਣੀ ਸ਼ਬਦਾਵਲੀ ਆਪਣੇ ਅਖਾਣ-ਮੁਹਾਵਰੇ, ਅਲੰਕਾਰ, ਆਪਣੇ ਪ੍ਰਗਟਾਉ-ਢੰਗ ਤੇ ਰਵਾਇਤਾਂ ਹੁੰਦੀਆਂ ਹਨ। ਅਤੇ ਜਿਸ ਭਾਸ਼ਾ ਵਿਚ ਕ੍ਰਿਤ ਅਨੁਦਿਤ ਹੁੰਦੀ ਹੈ ਉਸ ਦੇ ਲਛੱਣ ਅਤੇ ਪ੍ਰਤਿਭਾ ਆਪਣੇ-ਆਪਣੇ ਹੁੰਦੇ ਹਨ।

ਤਾਂ ਵੀ, ਵਖ ਵਖ ਲੋੜਾਂ ਅਨੁਸਾਰ ਸਮੁੱਚੇ ਤੌਰ 'ਤੇ ਅਨੁਵਾਦ ਦਾ ਕੰਮ ਏਨਾ ਕੁ ਹੋ ਚੁੱਕਾ ਹੈ ਕਿ ਅਨੁਵਾਦਾਂ ਵਿਚ ਪ੍ਰਕਾਰ-ਵੰਡ ਜਾਂ ਸ੍ਰੇਣੀ-ਵੰਡ ਕੀਤੀ ਜਾ ਸਕਦੀ ਹੈ।

ਅਤੇ, ਅੱਜ ਪ੍ਰਕਾਸ਼ਨ ਅਤੇ ਅਨੁਵਾਦ ਦੇ ਪਿੜ ਵਿਚ ਵਫਾਦਾਰ ਅਨੁਵਾਦ, ਸ਼ਾਬਾਦਿਕ ਅਨੁਵਾਦ, ਖੁਲ੍ਹਾ ਅਨੁਵਾਦ, ਆਧਾਰਿਤ ਰਚਨਾ ਅਤੇ ਆਦਰਸ਼ ਜਾਂ ਮੌਲਿਕ-ਵੱਤ-ਅਨੁਵਾਦ ਦੇ ਨਾਂ ਸੁਨਣ ਵਿਚ ਆ ਰਹੇ ਹਨ।

ਸ਼ੈਕਸਪੀਅਰ ਜਾਂ ਕਾਲੀਦਾਸ ਦੇ ਕਿਸੇ ਨਾਟਕ ਨੂੰ ਸਟੇਜ ਕਰਨਾ ਹੋਵੇ ਤਾਂ ਇਸ ਦੇ ਪਾਠ ਨੂੰ ਅਨੁਵਾਦ ਕਰਨ ਦੀ ਲੋੜ ਪੈਂਦੀ ਹੈ। ਪਰ ਪਾਠ ਦੀ ਪ੍ਰਮਾਣੀਕਤਾ (Authenticity) ਨੂੰ ਸਾਮ੍ਹਣੇ ਰਖ ਕੇ ਜੇ ਇਸੇ ਪਾਠ ਦਾ ਅਨੁਵਾਦ ਕੀਤਾ ਜਾਏ ਤਾਂ ਇਸ ਅਨੁਵਾਦ ਅਤੇ ਸਟੇਜ ਲਈ ਕੀਤੇ ਅਨੁਵਾਦ ਵਿਚ ਥੋੜਾ ਜਾਂ ਬਹੁਤ ਫਰਕ ਪੈ ਜਾਏਗਾ।

ਸਟੇਜ ਲਈ ਨਾਟਕ ਦਾ ਅਨੁਵਾਦ ਕਰਨ ਲਈ ਸਾਡੇ ਸਾਹਮਣੇ ਦੋ ਆਸ਼ਿਆਂ ਦਾ ਸੁਮੇਲ ਰਹੇਗਾ। ਲੇਖਕ ਦੇ ਭਾਵ ਸਮੁੱਚੇ ਰੂਪ ਵਿਚ ਗ੍ਰਹਿਣ ਕਰਨੇ ਅਤੇ ਸ੍ਰੋਤਿਆਂ-ਦਰਸ਼ਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰ ਵਧ ਤੋਂ ਵਧ ਪਕੜ। ਪਰ ਪਾਠ ਦੀ ਪ੍ਰਮਾਣੀਕਤਾ ਸਿੱਧ ਜਾਂ ਸਪਸ਼ਟ ਕਰਨ ਲਈ ਪਾਠ ਅੰਦਰ ਤਾਤਪਰਜ ਦੇ ਸਮੁੱਚੇ ਨੂੰ ਹੀ ਨਹੀਂ ਸਗੋਂ ਵੇਰਵੇ ਤੋਂ ਸ਼ੈਲੀ ਤਕ ਨੂੰ ਮੁਖ ਰਖ ਕੇ ਅਨੁਵਾਦ ਕੀਤਾ ਜਾਏਗਾ। ਪ੍ਰਮਾਣੀਕ ਪੁਸਤਕਾਂ ਤੋਂ ਬਿਨਾਂ ਬੌਧਿਕ ਅਤੇ ਤਕਨੀਕੀ ਗਿਆਨ (ਹਿਕਮਤ, ਸਾਇੰਸਾਂ, ਕਾਨੂੰਨ ਅਤੇ ਮਕੈਨਿਕਸ ਆਦਿਕ) ਦਾ ਅਨੁਵਾਦ ਵੀ ਇੰਨ-ਬਿੰਨ ਪ੍ਰਗਟਾਵੇ ਦੇ ਨੇੜੇ ਪੁਜਣ ਦਾ ਯਤਨ ਕਰੇਗਾ।

ਇਸ ਪ੍ਰਕਾਰ ਦੇ ਅਨੁਵਾਦ ਨੂੰ ਵਫਾਦਾਰ ਅਨੁਵਾਦ ਕਿਹਾ ਜਾਂਦਾ ਹੈ।

ਵਫਾਦਾਰ ਅਨੁਵਾਦ ਇਸ ਆਸ਼ੇ ਨੂੰ ਮੁਖ ਰਖ ਕੇ ਕੀਤਾ ਜਾਂਦਾ ਹੈ ਕਿ ਵਿਚਾਰਾਂ, ਭਾਵਾਂ ਅਤੇ ਸੋਚ ਪ੍ਰਬੰਧਾਂ ਦਾ ਵਧ ਤੋਂ ਵਧ ਉਸ ਰੂਪ ਵਿਚ ਦਰਸ਼ਨ ਕਰਾਇਆ ਜਾਏ ਜਿਸ ਰੂਪ ਵਿਚ ਉਹ ਮੂਲ ਲੇਖਕ ਨੇ ਸੋਚੇ, ਚਾਹੇ ਅਤੇ ਚਿਤਵੇ ਸਨ। ਸਪਸ਼ਟ ਹੈ ਕਿ ਵਫਾਦਾਰ ਅਨੁਵਾਦ ਦੇ ਅਰਥਾਂ ਵਿਚ ਲਚਕ ਘਟ ਹੁੰਦੀ ਹੈ, ਇਸ ਲਈ ਇਸ ਭਾਂਤ ਦੇ ਅਨੁਵਾਦ ਦੇ ਅਰਥ ਵਿਚ ਘਟ ਫਰਕ ਪੈਂਦਾ ਹੈ।

ਵਫਾਦਾਰ ਅਨੁਵਾਦ ; ਮੂਲ-ਪਾਠ ਵਿਚਲੇ ਵਿਚਾਰ, ਜਜ਼ਬੇ, ਅਤੇ ਭਾਸ਼ਾ ਦੀਆਂ ਬਾਰੀਕੀਆਂ ਤੇ ਵੇਰਵੇ ਵਲ ਵੀ ਆਗਿਆਕਾਰ ਰਹਿਣ ਦਾ ਯਤਨ ਹੈ।

ਕਈ ਵਾਰ ਅਨੁਵਾਦਿਕ ਜਾਂ ਅਨੁਦਿਤ ਭਾਸ਼ਾ (Target language) ਦੇ ਪਾਠਕ, ਲੇਖਕ ਦੇ ਸੋਚ ਜਾਂ ਭਾਵ- ਪ੍ਰਬੰਧ ਅਤੇ ਭਾਸ਼ਾ ਦੀਆਂ ਜਟਿਲਤਾਈਆਂ ਤਕ ਨਹੀਂ ਪੁਜ ਸਕਦੇ। ਇਸ ਲਈ ਲੋੜ ; ਮੂਲ ਪਾਠ ਦੇ ਵਿਚਾਰ, ਭਾਵ ਅਤੇ ਭਾਸ਼ਾ ਦੀ ਪ੍ਰਬੀਨਤਾ ਅਤੇ ਚਤੁਰਾਈ ਦੇ ਸਮੁੱਚ ਨੂੰ ਅਨੁਵਾਦ ਕਰਨ ਦੀ ਹੁੰਦੀ ਹੈ। ਇਸ ਲੋੜ, ਦੀ ਪੂਰਤੀ ਖੁਲ੍ਹੇ ਜਾਂ ਸੁਤੰਤਰ ਅਨੁਵਾਦ ਨਾਲ ਕੀਤੀ ਜਾਂਦੀ ਹੈ। ਮੂਲ ਕ੍ਰਿਤ ਦੇ ਇਸ ਸਮੁੱਚਵ ਨੂੰ ਅਨੁਵਾਦ ਕਰਨ ਦੇ ਕਾਰਣ ਲੇਖਕ ਅਤੇ ਅਨੁਵਾਦਿਕ ਜਾਂ ਪਾਠਕਾਂ ਦੇ ਮਾਨਸਿਕ ਪੱਧਰ ਵਿਚ ਅਸਮਾਨਤਾ ਆਉਂਦੀ ਹੈ। ਇਹ ਅਸਮਾਨਤਾ, ਮੂਲ ਕਿਰਤ ਅਤੇ ਅਨੁਵਾਦ ਦੇ ਸਮੇਂ ਗਿਆਨ ਪੱਧਰ ਤੋਂ ਬਿਨਾਂ ਇਲਾਕੇ, ਭਾਸ਼ਾ, ਸ਼ਬਦ-ਭੰਡਾਰ, ਸ਼ਬਦ-ਅਰਥਾਂ, ਸ਼ੈਲੀ ਆਦਿਕ ਵਿਚ ਪਏ ਫਰਕ ਕਾਰਣ ਪੈਂਦਾ ਹੋ ਜਾਂਦੀ ਹੈ। ਪਰ ਕ੍ਰਿਤ ਦੇ ਸਮੁੱਚ ਨੂੰ ਅਨੁਵਾਦ ਕਰਨ ਦਾ ਮੁਖ ਕਾਰਣ ਸਾਹਿਤਕ, ਦਾਰਸ਼ਨਿਕ ਅਤੇ ਤਕਨੀਕੀ ਆਦਾਨ-ਪ੍ਰਦਾਨ ਹੁੰਦਾ ਹੈ। ਇਸ ਦਾ ਮੁਖ ਕਾਰਨ ਹੈ ਕਿ ਅਨੁਵਾਦਿਕ ਸਾਹਮਣੇ ਉਦੇਸ਼ ਹੁੰਦਾ ਹੈ ਕਿ ਉਹ ਅਨੁਦਿਤ ਭਾਸ਼ਾ (ਜਿਹੜੀ ਕਿ ਬਹੁਤ ਕਰਕੇ ਉਸਦੀ ਮਾਤ੍ਰੀ ਭਾਸ਼ਾ ਹੁੰਦੀ ਹੈ) ਦੇ ਪਾਠਕਾਂ ਨੂੰ ਕੋਈ ਪ੍ਰੇਰਨਾ ਜਾਂ ਗਿਆਨ ਦੇ ਸਕੇ।

ਭਾਵਕ ਅਤੇ ਸਿਧਾਤਕ ਪ੍ਰੇਰਨਾ ਦਾ ਜਥੇਬੰਦ ਮਾਧਿਅਮ ਪਹਿਲਾਂ ਧਰਮ ਰਿਹਾ ਅਤੇ ਅੱਜ ਕੱਲ ਲਹਿਰਾਂ ਜਾਂ ਵਾਦ ਹਨ। ਇਸੇ ਲਈ ਜਦ ਕਦੇ ਵੀ ਧਰਮ ਜਾਂ ਵਾਦ ਅਤੇ ਲਹਿਰਾਂ ਆਦਿ ਪੁੰਗਰੇ ਜਾਂ ਉਭਰੇ, ਤਾਂ ਗੁਆਂਢੀ ਭਾਸ਼ਾਵਾਂ ਦੇ ਲੋਕਾਂ ਨੇ ਇਨ੍ਹਾਂ ਤੋਂ ਪ੍ਰੇਰਣਾ ਲਈ।

ਪ੍ਰੇਰਣਾ ਸਦਾ ਤੋਂ ਕਿਸੇ ਪੱਖ ਵਿਚ ਆਪਣੇ ਤੋਂ ਵਿਸ਼ੇਸ਼ ਵਿਅਕਤੀ ਜਾਂ ਵਿਚਾਰ ਤੋਂ ਲੀਤੀ ਜਾਂਦੀ ਹੈ। ਇਸ ਲਈ ਅਜੇ ਜਦੋਂ ਕੋਈ ਵਿਸ਼ੇਸ਼ ਜਾਂ ਨਵੇਕਲੇ ਧਰਮ, ਗਿਆਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਸਿਧਾਂਤ ਦੇ ਹੀ ਅਨੁਵਾਦ ਹੋਏ ਹਨ । ਘਟੋ ਘਟ ਅਨੁਵਾਦਿਕ ਨੂੰ ਅਨੁਵਾਦ-ਹੇਠ-ਕ੍ਰਿਤ ਦਾ ਕੋਈ ਪੱਖ ਜ਼ਰੂਰ ਵਿਸ਼ੇਸ਼ ਦਿਸਿਆ ਹੋਵੇਗਾ ।

ਜਦੋਂ ਸਿਧਾਂਤ ਵਿਸ਼ੇਸ਼, ਪ੍ਰੇਰਨਾ-ਪ੍ਰਾਪਤੀ ਅਨੁਵਾਦ ਦਾ ਆਸ਼ਾ ਹੋਵੇ ਤਾਂ ਮੂਲ ਪਾਠ ਦੀਆਂ ਭਾਸ਼ਾਈ ਵਿਸ਼ੇਸ਼ਤਾਈਆਂ ਪਿਛੇ ਰਹਿ ਜਾਂਦੀਆਂ ਹਨ । ਇਸ ਲਈ ਖੁਲ੍ਹਾ ਅਨੁਵਾਦ ਕਰਨ ਸਮੇਂ ਇਕ ਪਾਸੇ ਮੂਲ ਪਾਠ ਦੇ ਵਿਚਾਰ, ਭਾਵ ਅਤੇ ਖਾਸਕਰ ਭਾਸ਼ਾ ਦੀਆਂ ਬਾਰੀਕੀਆਂ ਨੂੰ ਅਨਡਿਠ ਕੀਤਾ ਜਾਂਦਾ ਹੈ ਦੂਜੇ ਪਾਸੇ ਅਨੁਵਾਦਿਤ ਭਾਸ਼ਾ ਦੀ ਪ੍ਰਤਿਭਾ ਦਾ ਅਸਰ ਕਬੂਲ ਕੇ ਅਨੁਵਾਦ ਪੜ੍ਹਦੇ ਲੋਕਾਂ ਦੇ ਵਿਚਾਰ ਤੇ ਭਾਵਾਂ ਦਾ ਰਲਾ ਵੀ ਪਾਇਆ ਜਾਂਦਾ ਹੈ ।

ਇੰਜ, ਖੁਲ੍ਹਾ ਅਨੁਵਾਦ ਮੂਲ-ਪਾਠ ਦੇ ਵੇਰਵੇ ਨਹੀਂ, ਸਮੁੱਚ ਨੂੰ ਉਲਥਾਉਂਦਾ ਹੈ ।

ਕਈ ਵਾਰ ਅਨੁਵਾਦਿਕ ਕਿਸੇ ਕ੍ਰਿਤ ਦੇ ਸਮੁੱਚ ਤੋਂ ਨਹੀਂ ਸਗੋਂ ਉਸ ਦੇ ਇਕੋ ਪੱਖ ਤੋਂ ਪ੍ਰੇਰਤ ਹੁੰਦਾ ਹੈ । ਸਾਹਿਤ ਵਿਚ ਕੁੱਝ ਮਹਾਨ ਰਚਨਾਵਾਂ ਦਾ ਇਕ ਵਾਕ, ਇਕ ਤੁਕ ਏਨੀ ਵਿਆਖਿਆ ਮਗੰਦੇ ਹਨ ਕਿ ਉਸ ਉਪਰ ਕਹਾਣੀ, ਨਾਵਲ, ਕਵਿਤਾ ਜਾਂ ਗੱਦ ਜਾਂ ਪੱਦ ਦੀ ਕੋਈ ਸੰਪੂਰਣ ਕ੍ਰਿਤ ਰਚੀ ਜਾ ਸਕਦੀ ਹੈ । ਕਥਾ ਸਾਹਿਤ ਦੀਆਂ ਮੂਲ ਘਟਨਾਵਾਂ ਆਧੁਨਿਕ ਯੁਗ ਵਿਚ ਕੌਤੂਹਲ ਅਤੇ ਉਤਕੰਠਾ ਪੈਦਾ ਕਰਨ ਦੇ ਯੋਗ ਹੁੰਦੀਆਂ ਹਨ—ਪੂਰੇ ਕੈਨਵੈਸ ਦਾ ਕੰਮ ਦੇਂਦੀਆਂ ਹਨ । ਕਿਸੇ ਹੋਰ ਕ੍ਰਿਤ ਵਿਚਲਾ ਕੋਈ ਸੂਖਮ ਭਾਵ ਕੋਈ ਗੋਹਯ ਬਿੰਦੂ, ਕੋਈ ਸਰਬ ਸਾਂਝਾ-ਮਰਮ, ਕੋਈ ਪੂਰੀ ਘਟਨਾਵਲੀ, ਵਖਰੀ ਵਿਆਖਿਆ, ਵਖਰੇ ਨਜਿੱਠਣ ਢੰਗ ਨਾਲ ਮੁੜ ਪੇਸ਼ ਕਰਨ ਨਾਲ ਅਨੂਪਮ ਪ੍ਰਭਾਵ ਦੇ ਸਕਦੀ ਹੈ । ਇਕ ਵਖਰੀ ਮੌਲਿਕ ਕ੍ਰਿਤ ਦਾ ਰੂਪ ਲੈ ਸਕਦੀ ਹਨ ।

ਦੁਰਾਡੀ ਅਪਹੁੰਚ ਵਸਤ, ਵਰਤਾਰੇ, ਸਥਾਨ, ਵਿਅਕਤੀ ਨੂੰ ਸਮਸ਼ਟ ਰੂਪਮਾਨ ਕਰਨ ਲਈ ਵਫਾਦਾਰ ਅਨੁਵਾਦ ਮੇਚੇ ਨਹੀਂ ਆਉਂਦਾ । ਖੁਲ੍ਹ ਲੈਣੀ ਪਵੇਗੀ । ਕਿੰਨੀ ਕੁ ਖਲ੍ਹ ਲੀਤੀ ਜਾਏ ? ਬੜਾ ਵਡਾ ਪ੍ਰਸ਼ਨ !

ਦਰਸ਼ਨਿਕ, ਤਕਨੀਕ ਅਤੇ ਸਾਇੰਸੀ ਕ੍ਰਿਤਾਂ ਵਿਚਲੇ ਪ੍ਰਤੀਵਾਦ, ਤੱਥ, ਜਾਂ ਖੋਜਾਂ ਸਮਕਾਲੀ ਗਿਆਨ ਦੇ ਪ੍ਰਕਰਨ ਵਿਚ ਕੋਈ ਨਵਾਂ ਵਾਧਾ ਜਾਂ ਵਿਆਖਿਆ ਮੰਗਦੇ ਹਨ ।

ਇੰਜ, ਕਿਸੇ ਕ੍ਰਿਤ ਵਿਚੋਂ ਥੋੜੇ ਜਾਂ ਬਹੁਤੇ ਕੁਝ ਨੂੰ ਆਧਾਰ ਬਣਾ ਕੇ ਲਿਖਿਆ ਜਾਂਦਾ ਹੈ । ਇਸੇ ਲਈ ਮੂਲ ਕ੍ਰਿਤ ਤੋਂ ਮਗਰੋਂ ਇਸ ਦੂਜੀ ਪੁਨਰ-ਰਚਨਾ ਨੂੰ ਅਨੁਵਾਦ ਨਹੀਂ ਕਿਹਾ ਜਾਂਦਾ । ਆਧਾਰਿਤ ਕ੍ਰਿਤ (adaptation) ਜਾਂ ਰੂਪਕ ਕਿਹਾ ਜਾਣ ਲਗਾ ਹੈ ।

ਪੁਨਰ-ਰਚਨਾ ਓਨਾ ਕੁ ਅਨੁਵਾਦ ਹੈ ਜਿੰਨਾ ਵਧ ਮੂਲ ਪਾਠ ਦਾ ਗਲਬਾ ਰਹੇ ਅਤੇ ਓਨੀ ਕੁ ਕ੍ਰਿਤ ਹੈ, ਜਿਸ ਹਦ ਤਕ ਮੁੜ ਪੇਸ਼ ਕਰਨ ਵਾਲਾ ਉਸ ਵਿਚ ਵਿਸ਼ੇ ਵਸਤੂ, ਰੂਪ ਅਤੇ ਨਿਜੱਤਵ ਵਿਚ ਆਪਾ ਪਾਉਂਦਾ ਹੈ । ਇਨ੍ਹਾਂ ਦੋਹਾਂ ਅੰਸ਼ਾਂ ਦਾ ਮੇਲ ਆਧਾਰਿਤ ਕ੍ਰਿਤ ਹੈ ।

ਕਈ ਵਾਰ ਤਾਂ ਅਨੁਵਾਦ ਅਤੇ ਅਧਾਰਿਤ ਕ੍ਰਿਤ ਵਿਚ ਕੋਈ ਬੁਨਿਆਦੀ ਫਰਕ ਲੱਭਣਾ ਔਖਾ ਹੋ ਜਾਂਦਾ ਹੈ, ਜਿਵੇਂ ਕੋਈ ਚੰਗੀ ਸਾਹਿਤ ਰਸੀਏ, ਲੇਖਕ ਜਾਂ ਆਲੋਚਕ ਵਿਚ ਬੁਨਿਆਦੀ ਫਰਕ ਨਹੀਂ ਦਿਸਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਸ਼ ਅਤੇ ਬਦੇਸ਼ ਕੇ ਕੁੱਝ ਅੱਤ-ਅਕਾਦਮਿਕ ਸਾਹਿਤ-ਪ੍ਰੀਭਾਸ਼ਾਕਾਰਾਂ ਨੇ ਆਦਰਸ਼ ਅਨੁਵਾਦ ਨੂੰ ਸ਼ਾਬਦਿਕ ਅਨੁਵਾਦ ਅਤੇ ਆਧਾਰਿਤ ਕ੍ਰਿਤ ਦਾ ਵਿਚਲਾ ਰੂਪ ਮੰਨਿਆ ਹੈ। ਇਸ ਤਰ੍ਹਾਂ ਦੀ ਅਸਥਾਪਨਾ ਤਰਕਸ਼ੀਲ ਨਹੀਂ। ਇਹ ਪੰਡਤਾਊ ਰੁਚੀ ਕੇਵਲ ਸਾਹਿਤਕ੍ਰਿਤਾਂ ਦੇ ਅਨੁਵਾਦਾਂ ਨੂੰ ਹਵਾ-ਬੰਦ ਡਬਿਆਂ ਵਿਚ ਰਖ ਕੇ ਵੇਖਣ ਦਾ ਸਿੱਟਾ ਹੈ; ਜਾਂ ਫੇਰ, ਸਾਹਿਤਕ ਗੁਰਬੰਦੀ (formulation) ਪੇਸ਼ ਕਰਨ ਦਾ ਚਾਅ ਹੈ।

ਆਦਰਸ਼ ਅਨੁਵਾਦ ਸਾਪੇਖਿਅਕ ਸ਼ਬਦ (relative term) ਹੈ। ਇਸ ਦੇ ਲੱਛਣ ਮੂਲ-ਪਾਠ ਅਤੇ ਅਨੁਦਿਤ ਭਾਸ਼ਾ ਵਿਚ ਕੀਤੇ ਪ੍ਰਗਟਾਉ ਦੇ ਪ੍ਰਕਰਨ ਵਿਚ ਨਿਸਚਿਤ ਹੁੰਦੇ ਹਨ, ਜਿਸ ਦੀ ਕਸਵੱਟੀ ਅਨੁਵਾਦ ਦੇ ਪ੍ਰਭਾਵ ਅਤੇ ਕਲਾ ਦੀ ਹੱਦ ਤਕ ਪੁਜੀ ਪ੍ਰਬੀਨਤਾ ਹੈ। ਬੁਨਿਆਦੀ ਤੌਰ ਤੇ ਇਹ ਵਫਾਦਾਰ ਅਨੁਵਾਦ ਹੈ ਕਿਉਂਕਿ ਇਸ ਵਿਚ ਅਨੁਵਾਦਿਕ ਅਨੁਵਾਦ-ਹੇਠ-ਕ੍ਰਿਤ ਵਿਚਲੇ ਵਿਚਾਰਾਂ, ਤੱਥਾਂ, ਭਾਵਾਂ, ਨਜਿੱਠਣ ਢੰਗ ਭਾਸ਼ਾਈ ਵਿਸ਼ੇਸ਼ਤਾ ਦੀਆਂ-ਸਗੋਂ ਇਕ ਹਦ ਤਕ ਅਲੰਕਾਰਾਂ ਅਤੇ ਸ਼ੈਲੀ ਦੇ ਘੇਰੇ ਦੇ ਅੰਦਰ ਰਹਿ ਕੇ ਕੰਮ ਕਰਦਾ ਹੈ। ਇਹ ਕੰਮ ਏਨੀ ਜਗਿਆਸਾ ਅਤੇ ਪ੍ਰਤਿਭਾ ਦੀ ਮੰਗ ਕਰਦਾ ਹੈ ਕਿ ਅਨੁਵਾਦ ; ਮੌਲਿਕ ਕ੍ਰਿਤ ਤਕ ਜਾ ਪੁਜਦਾ ਹੈ ਅਤੇ ਪ੍ਰਬੀਨਤਾ ਤੋਂ ਅਗੇ ਵਧ ਕੇ ਕਲਾ ਹੋ ਨਿਬੜਦਾ ਹੈ।

ਅਨੁਵਾਦ ਕਾਰਜ ਸਾਹਿਤ ਰਚਨਾ ਤੋਂ ਘਟ ਪੁਰਾਣਾ ਨਹੀਂ। ਲਿਪੀਬਧ ਹੋਣ ਤੋਂ ਪਹਿਲਾਂ ਦਾ ਸਾਹਿਤ ਕੰਠ ਹੋ ਕੇ ਇਕ ਤੋਂ ਦੂਜੀ ਥਾਂ ਪੁਜਦਾ ਜਾਂ ਸੁਰਖਿਅਤ ਹੁੰਦਾ ਸੀ। ਉਸ ਸਮੇਂ ਵੀ ਅਜਿਹੇ ਆਂਸ਼ਿਕ ਅਤੇ ਅਚੇਤ ਅਨੁਵਾਦ ਹੁੰਦੇ ਸਨ। ਕੁਝ ਗੁਆਂਢੀ ਦੇਸ਼ਾਂ ਜਾਂ ਸੰਸਕ੍ਰਿਤੀਆਂ ਦੇ ਮਹਾਂ ਕਾਵਿ ਇਸ ਗਲ ਦਾ ਸਬੂਤ ਹਨ। Odessay, Illiad ਦੇ ਪਾੜਾਂ, ਉਨ੍ਹਾਂ ਦੇ ਕਿਰਦਾਰ ਅਤੇ ਘਟਨਾਵਾਂ ਵਿਚ ਬਹੁਤ ਸਾਂਝ ਮਿਲਦੀ ਹੈ। ਪ੍ਰਸਿਧ ਫਾਰਸੀ ਪਹਿਲਵਾਨ ਰੁਸਤਮ ਅਤੇ ਸਹੁਰਾਬ ਦੀ ਕਥਾ ਦੀ ਪੂਰੀ ਕੈਨਵੈਸ, ਕੇਂਦਰੀ ਸਮੱਸਿਆ ਅਤੇ ਹੋਰ ਕਿੰਨਾ ਕੁੱਝ ਸੋਵੀਅਤ ਦੇਸ਼ਾਂ ਵਿਚ ਪ੍ਰਚਲਤ ਈਲੀਆ ਦੇ ਕਥਾਨਕ ਨਾਲ ਬਹੁਤ ਕੁਝ ਮਿਲਦਾ ਹੈ। ਇੰਜੇ ਹੀ ਰਾਮਾਇਨ ਵਿਚਲੇ ਕਿਸਕੰਧਾ ਅਧਿਆਇ ਤੋਂ ਅੰਤ ਤਕ ਦੇ ਭਾਗ ਵਿਚੋਂ ਹਨੂਮਾਨ ਨੂੰ ਕੇਂਦਰਕ ਜਾਂ ਨਾਇਕ ਮੰਨ ਕੇ ਉਨਿਆ ਇਕ ਮਹਾਂ ਕਾਵਿਕ ਅੰਗ ਜਾਂ ਆਪਣੇ ਆਪ ਵਿਚ ਸੰਪੂਰਣ ਮਹਾਂ ਕਾਵਿ ਸਾਨੂੰ ਚੀਨ ਦੇ ਪੁਰਾਤਨ ਸਾਹਿਤ ਵਿਚ ਮਿਲਦਾ ਹੈ। ਇਸ ਤੋਂ ਬਿਨਾਂ ਰਾਮਾਇਣ ਅਤੇ ਮਹਾਂਭਾਰਤ ਦੇ ਕੁੱਝ ਪਰਵ ਸਿਆਮ, ਇੰਡੋਨੇਸ਼ੀਆ ਅਤੇ ਬਾਲੀ ਦੀ ਲੋਕ ਪ੍ਰਤਿਭਾ ਦੇ ਰਲੇ ਸਮੇਤ ਅਜਿਹਾ ਸਥਾਨ ਬਣਾ ਚੁਕੇ ਹਨ ਕਿ ਉਹ ਉਥੇ ਹੀ ਵਾਪਰੇ ਅਤੇ ਰਚੇ ਗਏ ਜਾਪਦੇ ਹਨ।

ਇਹ ਉਲੱਥੇ,ਲਿਪੀ ਦੇ ਸਮੇਂ ਤੋਂ ਪਹਿਲਾਂ ਦੇ ਹੋਣ ਕਾਰਣ ਅਨੁਵਾਦ ਵੀ ਹਨ ਅਤੇ ਆਧਾਰਿਤ ਵੀ ਅਤੇ ਕਈ ਵਾਰ ਦੋਵੇਂ ਵੀ।

ਪਾਰ-ਇਤਿਹਾਸਕ ਸਮੇਂ ਦੇ ਹੋਣ ਕਾਰਣ ਅਤੇ ਫੇਰ ਇਸ ਮਨੋਵਿਗਿਆਨਕ ਸਚਾਈ ਦੀ ਹੋਂਦ ਵਿਚ ਕਿ ਇਕ ਯੁਗ ਦੀਆਂ ਸੰਵੇਦਨਾਵਾਂ, ਜੀਵਨ, ਸਮਸਿਆਵਾਂ ਦੀ ਸਾਂਝ ਕਾਰਣ ਮਹਾਂ-ਕਾਵਾਂ ਵਿਚ ਵੀ ਸਾਂਝ ਹੋ ਸਕਦੀ ਹੈ-ਇਸ ਗਲ ਦੇ ਸਬੂਤ ਪੇਸ਼ ਨਹੀਂ ਕੀਤੇ ਜਾ ਸਕਦੇ ਕਿ ਕਿਹੜਾ ਮਹਾਂਕਾਵਿ ਮੌਲਿਕ, ਅਨੁਵਾਦ, ਆਧਾਰਿਤ ਅਤੇ ਪ੍ਰੇਰਿਤ ਕ੍ਰਿਤ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਤਿਹਾਸਕ ਸਮੇਂ ਧਰਮ ਨੇ ਸਾਹਿਤ ਰਚਨਾ ਵਾਂਗ ਅਨੁਵਾਦ ਕਾਰਜ ਵਿਚ ਵੀ ਹਿੱਸਾ ਪਾਇਆ। ਅਨੁਵਾਦ ਕਾਰਜ, ਧਰਮ ਨੇ ਉਸ ਸਮੇਂ ਕੀਤਾ ਜਦ ਉਸਨੇ ਆਪਣੀ ਜੰਮ-ਭੋਂ ਨਿਕਲ ਦੂਜੀਆਂ ਭਾਸ਼ਾਵਾਂ ਦੇ ਇਲਾਕੇ ਵਿਚ ਪ੍ਰਵੇਸ਼ ਕੀਤਾ।

ਪਰ ਸਾਹਿਤ ਅਤੇ ਅਨੁਵਾਦ ਸੰਬੰਧੀ ਧਰਮ ਦੇ ਦੋ ਵੱਖ-ਵੱਖ ਵਤੀਰੇ ਹਨ। ਧਰਮ ਆਪਣੇ ਉਭਾਰ ਦੇ ਸਮੇਂ ਜਿਥੇ ਪ੍ਰੇਰਨਾ ਦਾ ਸ੍ਰੋਤ ਹੋਣ ਕਾਰਣ ਸਾਹਿਤ ਦਾ ਸ੍ਰੋਤ ਵੀ ਬਣਦਾ ਸੀ, ਉਥੇ ਆਪਣੇ ਮੁਢਲੇ ਸਿਧਾਂਤਾਂ ਦੇ ਨਾਲ-ਨਾਲ ਉਸ ਭਾਸ਼ਾ ਦਾ ਪੱਲੜਾ ਵੀ ਢੇਰ ਚਿਰ ਫੜੀ ਰਖਦਾ ਰਿਹਾ ਜਿਸ ਵਿਚ ਉਸਦੇ ਸਿਧਾਂਤ ਅੰਕਤ ਸਨ। ਦੂਜੀ ਭਾਸ਼ਾ ਦੇ ਇਲਾਕੇ ਵਿਚ ਜਦ ਧਰਮ ਦਾ ਫੈਲਾਉ ਰੁਕ ਜਾਂਦਾ ਕੇਵਲ ਤਦ ਹੀ ਉਥੋਂ ਦੀ ਭਾਸ਼ਾ ਵਿਚ ਧਰਮ ਗ੍ਰੰਥਾਂ ਦਾ ਅਨੁਵਾਦ ਕੀਤਾ ਜਾਂਦਾ। ਇਸ ਅਨੁਵਾਦ ਦਾ ਨੂੰ ਵੀ ਕੱਟੜ ਪੰਥੀ ਜਾਂ ਰੂੜ੍ਹੀਵਾਦੀ ਧੜਾ ਵਿਰੋਧਤਾ ਕਰਦਾ ਰਹਿੰਦਾ। ਬਾਈਬਲ ਦਾ ਅਨੁਵਾਦ ਸਾਹਿਤ-ਖੇਤਰ ਦੀ ਪ੍ਰਾਪਤੀ ਹੀ ਨਹੀਂ ਇਸੇ ਪੱਖ ਤੋਂ ਇਤਹਾਸਕ ਮਿਸਾਲ ਵੀ ਹੈ। ਈਸਾਈਆਂ ਦੇ ਯੂਰੋਸ਼ਲਮ ਵਿਚੋਂ ਨਿਕਲ ਕੇ ਸਾਰੇ ਯੂਰਪ ਵਿਚ ਫੈਲ ਜਾਣ ਤੋਂ ਸਦੀਆਂ ਮਗਰੋਂ ; ਜਦ ਅੰਗਰੇਜ਼ੀ ਅਤੇ ਹੋਰ ਯੂਰਪੀ ਭਾਸ਼ਾਵਾਂ ਵਿਚ ਬਾਈਬਲ ਦਾ ਅਨੁਵਾਦ ਹੋਇਆ ਤਾਂ ਵੀ ਕਈ ਚਿਰ ਕੈਥੋਲਿਕ ਚਰਚ ਇਸ ਨੂੰ ਅਪ੍ਰਮਾਣੀਕ ਅਤੇ ਰਹੁ-ਰੀਤ ਵਿਰੋਧੀ ਅਤੇ ਨਾਸਤਕਤਾ ਦੱਸ ਕੇ ਵਿਰੋਧਤਾ ਕਰਦਾ ਰਿਹਾ। ਧਰਮ-ਮਰਯਾਦਾ ਬਣ ਜਾਂਦੀ ਸੀ ਕਿ ਧਰਮ-ਅਨੁਯਾਈ ਗ੍ਰੰਥਾਂ ਅਤੇ ਕ੍ਰਿਤਾਂ ਦੇ ਅਨੁਵਾਦ ਸੰਭਵ ਨਹੀਂ ਸਨ ਕਰ ਸਕਦੇ ਜਦ ਕਿ ਉਹ ਆਪਣੇ ਹੀ ਗ੍ਰੰਥਾਂ ਦੇ ਅਨੁਵਾਦ-ਕਾਰਜ ਦੇ ਰਾਹ ਵਿਚ ਰੁਕਾਵਟ ਬਣ ਖਲੋਂਦਾ ਸੀ।

ਧਰਮ ਪਰਚਾਰ ਹੈ—ਆਪਣੇ ਸਿਧਾਂਤ ਅਤੇ ਕਰਮ-ਕਾਂਡ ਦਾ ਪਰਚਾਰ। ਸਾਹਿਤ ਤੇ ਦਰਸ਼ਨ ; ਜਗਿਆਸਾ ਹੈ, ਆਦਾਨ ਪ੍ਰਦਾਨ ਹੈ। ਧਰਮ ਆਪਣੀ ਕਹਿੰਦਾ ਹੈ, ਦਰਸ਼ਨ ਦੂਜੇ ਦੀ ਸੁਣਦਾ ਤੇ ਪਰਖਦਾ ਹੋਇਆ ਇਸ ਵਿਚੋਂ ਕੁਝ ਕਢ ਕੇ, ਕੁੱਝ ਪਾ ਕੇ ਕੋਈ ਨਵੀਂ ਗੱਲ ਵਿਕਸਤ ਕਰਦਾ ਹੈ, ਅਗੇ ਤੋਰਦਾ ਹੈ। ਇਸੇ ਲਈ, ਆਪਣੀ ਗੱਲ ਦੇ ਨਾਲ-ਨਾਲ ਦੂਜੇ ਦੀਆਂ ਵੀ ਲੋਕਾਂ ਨੂੰ ਸੁਣਾਉਣ ਦਾ ਲੱਛਣ, ਸਾਹਿਤ ਅਤੇ ਦਰਸ਼ਨ ਦਾ ਸੀ। ਇਸੇ ਲਈ ਅਨੁਵਾਦ ਦਾ ਕੰਮ ਬਹੁਤ ਕਰ ਕੇ ਉਨ੍ਹਾਂ ਵਿਆਕਤੀਆਂ ਦੇ ਜ਼ਿੰਮੇ ਲੱਗਾ, ਜਿਹੜੇ ਦਾਰਸ਼ਨਿਕ ਸਨ, ਜਾਂ ਫੇਰ ਉਨ੍ਹਾਂ ਦੇ ਸ਼ਿਸ਼ ਵਿਦਿਅਕ ਸਨ ਜਾਂ, ਵਿਦਵਾਨ ਤੇ ਸਾਹਿਤਕਾਰ ਸਨ, ਪਰ ਸਨ ਬੱਧਜੀਵੀ ਸ਼੍ਰੇਣੀ ਵਿਚੋਂ ਹੀ।

ਦਾਰਸ਼ਨਿਕ ਖੇਤਰ ਵਿਚ ਅਨੁਵਾਦਾਂ ਜਾਂ ਇਸ ਦੇ ਨਾਲ ਮਿਲਦੇ ਰੂਪਾਂ— ਭਾਸ਼ਾ, ਵਿਆਖਿਆਵਾਂ ਅਤੇ ਟੀਕਿਆਂ-ਟਿਪਣੀਆਂ ਦੀ ਇਕ ਅਮੁੱਕ ਲੜੀ ਸੰਸਾਰ-ਸਾਹਿਤ ਦੇ ਇਤਿਹਾਸ ਵਿਚ ਵਿੱਦਮਾਨ ਦਿਸਦੀ ਹੈ। ਇਹ ਲੜੀ ਇਕ ਪਾਸੇ ਯੂਨਾਨੀ ਦਾਰਸ਼ਨਿਕ ਕ੍ਰਿਤਾਂ ਨੂੰ ਯੂਨਾਨੀ ਤੋਂ ਰੋਮਨ ਅਤੇ ਹੋਰ ਯੂਰਪੀ ਭਾਸ਼ਾਵਾਂ 'ਚੋਂ ਹੁੰਦੀ ਗਿਆਨ-ਮੁੜ-ਸੁਰਜੀਤ ਲਹਿਰ (Renaissance) ਦੀ ਨੀਂਹ ਰਖਦੀ ਦਿਸਦੀ ਹੈ। ਦੂਜੇ ਪਾਸੇ ਸੈਮਿਟਿਕ ਭਾਸ਼ਾਵਾਂ— ਇਬਰਾਨੀ, ਅਰਬੀ ਤੋਂ ਹੁੰਦੀ ਤੁਰਕੀ ਫਾਰਸੀ ਭਾਸ਼ਾਵਾਂ ਤੱਕ ਪੁਜਦੀ ਹੈ, ਜਿਥੇ ਭਾਰਤੀ ਦਾਰਸ਼ਨਿਕ ਕ੍ਰਿਤਾਂ ਦਾ ਇਸ ਨਾਲ ਮੇਲ ਹੁੰਦਾ ਹੈ। ਯੂਨਾਨੀ ਲਿਪੀ ਦੇ ਨਾਲ-ਨਾਲ ਦਾਰਸ਼ਨਿਕ ਅਤੇ ਧਾਰਮਿਕ ਸਾਹਿਤ
CC-0. In Public Domain. Gurukul Kangri Collection, Haridwar
ਦਾ ਅਸਰ ਜਦ ਰੂਸੀ ਅਤੇ ਟੀਟੈਨਿਕ ਦੇਸ਼ਾਂ ਵਿਚ ਵੀ ਪੁਜਾ ਤਾਂ ਯੂਕਰੇਨੀ ਅਤੇ ਸਲਾਵ

Digitized by Arya Samaj Foundation Chennai and eGangotri

ਭਾਸ਼ਾਵਾਂ ਵਿਚ ਵੀ ਅਨੁਵਾਦ ਦਾ ਕੰਮ ਹੋਇਆ । ਇੰਜ ਹੀ ਅਨੁਵਾਦਾਂ ਦੀ ਲੜੀ ਮਧ-ਚੀਨ ਦੇ ਕਨਫਿਊਸ਼ੀਸ਼ੀਅਨ ਅਤੇ ਮੋ-ਤੀ ਸਮੇਂ ਦੇ ਸਿਧਾਂਤ ਅਤੇ ਸਾਹਿਤ ਤੋਂ ਤੁਰ ਕੇ ਜਪਾਨੀ, ਮੰਗੋਲੀਅਨ, ਮੰਚੋਰੀਆ, ਚੀਨ ਦੀਆਂ ਬਾਹਰ-ਵਰਤੀ ਭਾਸ਼ਾਵਾਂ ਨੂੰ ਆਪਣੇ ਘੇਰੇ ਵਿਚ ਲੈ ਕੇ ਤਿੱਬਤ, ਸਿਆਮ ਅਤੇ ਦੂਰ ਪੂਰਬ ਦੇ ਟਾਪੂਆਂ ਦੀਆਂ ਭਾਸ਼ਾਵਾਂ ਨਾਲ ਜਾ ਜੁੜਦੀ ਹੈ ਜਿਥੇ ਵੱਖ-ਵੱਖ ਭਾਰਤੀ-ਵਾਦਾਂ ਅਤੇ ਸਿਧਾਂਤਾਂ ਦੇ ਸਾਹਿਤ ਨਾਲ ਇਸ ਦਾ ਸੰਗਮ ਹੁੰਦਾ ਹੈ ।

ਨਿਰੀ ਇਹੀ ਗਲ ਨਹੀਂ ਕਿ ਕਿਸੇ ਧਾਰਮਿਕ ਉਭਾਰ ਸਭਿਆਚਾਰਕ ਜਾਂ ਰਾਜਨੀਤਕ ਲਹਿਰ ਜਾਂ ਦਾਰਸ਼ਨਿਕ ਆਦਾਨ-ਪ੍ਰਦਾਨ ਨਾਲ ਹੀ ਅਨੁਵਾਦਾਂ ਦੀ ਕੋਈ ਲਹਿਰ ਜਾਂ ਕਾਂਗ ਆ ਜਾਂਦੀ ਹੈ । ਅਨੁਵਾਦ ਕਾਰਜ ਦਾ ਕਾਰਣ ਦੋ ਸਭਿਆਤਾਵਾਂ ਦੇ ਮੇਲ ਦਾ ਵੀ ਸਿੱਟਾ ਹੈ ।

ਸਗੋਂ ਅਨੁਵਾਦ ਕਾਰਜ ਤਾਂ ਸਭਿਅਤਾਵਾਂ ਦੇ ਮੇਲ ਤੋਂ ਵੀ ਢੇਰ ਚਿਰ ਮਗਰੋਂ ਹੁੰਦਾ ਹੈ ।

ਸਭਿਅਤਾਵਾਂ ਦੇ ਮੇਲ ਨਾਲ ਤਾਂ ਨਵੇਂ ਅਨੁਵਭ, ਉਡਾਰੀ, ਵਿਚਾਰ ਅਤੇ ਧਾਰਨਾਵਾਂ ਮਿਲਦੇ ਹਨ ਅਤੇ ਇਹ ਸਾਰਾ ਕੁਝ ਸਾਹਿਤ ਰਚਨਾ ਦੀ ਕਾਰਜ-ਸਾਮਗ੍ਰੀ ਹੈ ; ਅਨੁਵਾਦ ਦੀ ਨਹੀਂ । ਸਭਿਅਤਾਵਾਂ ਦੇ ਮੇਲ ਤੋਂ ਹੋਰ ਮਗਰੋਂ ਦੁਵੱਲੀ ਇਕ ਦੂਜੇ ਦੀ ਭਾਸ਼ਾ ; ਉਸ ਤੋਂ ਵੀ ਮਗਰੋਂ ਭਾਸ਼ਾ ਦੀ ਵਿਆਕਰਣਕ-ਸ਼ੁੱਧਤਾ ਅਤੇ ਅਖੀਰ ਵਿਚ ਜਾ ਕੇ ਉਸ ਮੁਹਾਵਰੇ ਅਤੇ ਜਟਿਲਤਾਵਾਂ ਦਾ ਗਿਆਨ ਹੁੰਦਾ ਹੈ । ਅਨੁਵਾਦ-ਕਾਰਜ ਇਸ ਪੱਧਰ ਦੀ ਸੂਝ ਅਤੇ ਗਿਆਨ ਤੋਂ ਪਹਿਲਾਂ ਨਹੀਂ ਹੋ ਸਕਦਾ ।

ਇਹ ਇਤਿਹਾਸਕ ਸਚਾਈ ਹੈ, ਕਿ ਭਾਰਤ ਉਪਰ ਮੱਧ ਏਸ਼ੀਆਈ, ਇਸਲਾਮੀ ਹਮਲੇ ਮਹਿਮੂਦ ਤੋਂ ਸ਼ੁਰੂ ਹੋਏ ਸਨ । ਪਰ ਭਾਰਤੀ ਕਿਰਤਾਂ ਦਾ ਤੁਰਕੀ ਵਿਚ ਅਤੇ ਇਸਲਾਮੀ ਕਿਰਤਾਂ ਦਾ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ, ਤੁਰਕੀ ਸੁਲਤਾਨੀ ਦੇ ਜੋਬਨ ਸਮੇਂ ਦਿੱਲੀ ਵਿਚ ਅਤੇ ਰਸਾਤਲ ਸਮੇਂ ਕਸ਼ਮੀਰ ਅਤੇ ਬੰਗਾਲ ਵਿਚ ਹੋਏ ।

ਬਾਬਰ ਦੇ ਨਾਲ ਫਾਰਸੀ ਭਾਸ਼ਾ ਦਾ ਪ੍ਰਭਾਵ ਭਾਰਤ ਵਿਚ ਆਇਆ ਪਰ ਅਨੁਵਾਦ ਦੋ ਪੁਸ਼ਤਾ ਮਗਰੋਂ, ਅਕਬਰ ਦੇ ਸਮੇਂ ਸ਼ੁਰੂ ਹੋਏ ਅਤੇ ਔਰੰਗਜ਼ੇਬ ਦੇ ਸਮੇਂ ਤਕ ਆਧਾਰਿਤ ਕ੍ਰਿਤਾਂ ਤਕ ਜਾ ਪੁਜੇ । ਦਾਰਾ ਸ਼ਕੋਹ ਚੰਗਾ ਅਨੁਵਾਦਿਕ ਸੀ ।

ਇੰਜ ਹੀ ਪੰਜਾਬੀ ਵਿਚ ਸਾਹਿਤ ਰਚਨਾ ਦਾ ਆਰੰਭ ਸਿੱਧਾਂ ਦੇ ਨਹੀਂ, ਫਰੀਦ ਦੇ ਸਮੇਂ ਬੱਝਾ ਵੀ ਮੰਨ ਲਈਏ ਤਾਂ ਅਨੁਵਾਦ ; ਬਚਿਤ੍ਰ ਨਾਟਕ, ਗੁਰੂ ਗੋਬਿੰਦ ਸਿੰਘ ਦੇ ਸਮੇਂ ਹੋਇਆ । ਅਹਯਾ-ਉਲ-ਉਲੂਮ (ਕੀਮੀਆਏ ਸਆਦਤ ਨਹੀਂ,) ਦੇ ਇਕ ਭਾਗ ਦਾ ਟੀਕੇ ਸੰਗ-ਅਨੁਵਾਦ : "ਪਾਰਸ ਭਾਗ" ਇਸ ਤੋਂ ਮਗਰੋਂ ਹੋਂਦ ਵਿਚ ਆਇਆ ।

ਜਿੰਨਾ ਇਲਾਕਾਈ ਫਰਕ, ਦੋ ਸੰਪਰਕ ਵਿਚ ਆਉਣ ਵਾਲੀਆਂ ਭਾਸ਼ਾਵਾਂ ਵਿਚ ਹੋਵੇਗਾ ਓਨੀ ਹੀ ਦੇਰ ਨਾਲ ਅਨੁਵਾਦ ਦਾ ਆਰੰਭ ਹੁੰਦਾ ਹੈ ।

ਫੇਰ, ਦਿੱਲੀ ਸੁਲਤਾਨੀ ਅਤੇ ਮੁਗਲ ਰਾਜ ਦੀ ਤੁੱਲਨਾ ਵਿਚ ਬ੍ਰਤਾਨਵੀ ਰਾਜ ਸਮੇਂ ਅਨੁਵਾਦ-ਕਾਰਜ ਕਿਉਂ ਜਲਦੀ ਸ਼ੁਰੂ ਹੋ ਗਿਆ ਜਦ ਕਿ ਭਾਰਤੀ ਭਾਸ਼ਾਵਾਂ ਅਤੇ ਅੰਗਰੇਜ਼ੀ ਦਾ ਇਲਕਾਈ ਫਰਕ ਇਨ੍ਹਾਂ ਇਸਲਾਮੀ ਦੇਸ਼ਾਂ ਦੀ ਦਰੀ ਤੋਂ ਕਿਤੇ ਵੱਧ ਸੀ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂਕਿ ਇਤਿਹਾਸਕ ਗਤੀ-ਅਨੁਸਾਰ ਇਸ ਸਮੇਂ ਦੇ ਗਿਆਨ ਵਿਚ ਵਿਦਿਆ ਅਤੇ ਅਕਾਦਮਿਕਤਾ (Academics) ਏਨੀ ਵਧ ਗਈ ਸੀ, ਨਾਲ ਹੀ ਆਵਾਜਾਈ ਸਾਇੰਸ ਦੇ ਵਾਧੇ ਕਾਰਣ ਏਨੀ ਤਿੱਖੀ ਚਾਲ ਫੜ ਚੁਕੀ ਸੀ ਕਿ ਭੂਗੋਲਿਕ ਦੂਰੀ ਮਹੱਤਤਾ-ਰਹਿਤ ਹੁੰਦੀ ਜਾ ਰਹੀ ਸੀ ।

ਲੇਖਕ ਵੀ ਇਕ ਤਰ੍ਹਾਂ ਅਨੁਵਾਦਿਕ ਹੀ ਹੈ । ਲੇਖਕ ਮਨ ਵਿਚ ਆਏ ਭਾਸ਼ਾ ਅਤੇ ਵਿਚਾਰਾਂ ਦਾ ਭਾਸ਼ਾ ਵਿਚ ਅਨੁਭਵ ਕਰਦਾ ਹੈ । ਸਾਹਿਤ ਰਚਨਾ ਵਿਚ ਅਨੁਭਵ ਅਤੇ ਵਿਚਾਰ, ਮੂਲ ਹਨ ਅਤੇ ਭਾਸ਼ਾ (ਬੋਲੀ ਜਾਂ ਲਿਖੀ ਹੋਈ) ਅਨੁਵਾਦ ਮਾਧਿਅਮ ਹੈ ਅਤੇ ਦੋਹਾਂ ਵਿਚ ਮੂਲ ਅਤੇ ਅਨੁਵਾਦ ਵਾਂਗ ਫਰਕ ਵੀ ਹੈ ।

ਜਦੋਂ ਲੇਖਕ ਦੇ ਆਪਣੇ ਹੀ ਮੂਲ ਅਤੇ ਭਾਸ਼ਾ ਵਿਚ ਫਰਕ ਸੰਭਵ ਹੋਵੇ ਉਸ ਹਾਲਤ ਵਿਚ ਆਦਰਸ਼ ਤਾਂ ਇਹ ਹੈ ਕਿ ਲੇਖਕ ਹੀ ਆਪਣੀ ਰਚਨਾ ਦਾ ਆਪ ਅਨੁਵਾਦਿਕ ਹੋਵੇ । ਪਰ ਇਹ ਸਦਾ ਹੀ ਸੰਭਵ ਨਹੀਂ ਹੁੰਦਾ ਕਿਉਂਕਿ ਵਿਰਲਾ ਹੀ ਕੋਈ ਲੇਖਕ, ਦੋ ਭਾਸ਼ਾਵਾਂ ਦਾ ਇਕੋ ਜਿੰਨਾ ਗਿਆਤਾ ਹੁੰਦਾ ਹੈ । ਇਸ ਲਈ ਅਨੁਵਾਦਿਕ ਦੀ ਲੋੜ ਬਣੀ ਰਹਿੰਦੀ ਹੈ ਅਤੇ ਜਦ ਲੇਖਕ ਆਪਣੀ ਮੂਲ ਕ੍ਰਿਤ ਦਾ ਆਪ ਹੀ ਅਨੁਵਾਦ ਕਰੇ ਤਾਂ ਉਹ ਕਈ ਤਬਦੀਲੀਆਂ ਆਪਣੇ ਅਨੁਵਾਦ ਵਿਚ ਕੀਤੇ ਬਿਨਾਂ ਨਹੀਂ ਰਹਿ ਸਕਦਾ । ਇਸ ਲਈ ਅਨੁਵਾਦਿਕ ਨੂੰ ਇਹ ਕੰਮ ਸੌਂਪਣਾ, ਲੇਖਕ ਨੂੰ ਬਹੁਤਾ ਉਪਰਾਮ ਨਹੀਂ ਕਰਦਾ ।

ਅਨੁਵਾਦਿਕ ਦੀਆਂ ਕੁਝ ਜ਼ਰੂਰੀ ਲੋੜਾਂ ਹਨ । ਅਨੁਵਾਦਿਕ ਲਈ ਚੰਗਾ ਤਾਂ ਇਹ ਹੈ ਕਿ ਉਹ ਲੇਖਕ ਦੇ ਵਿਚਾਰ, ਅਨੁਭਵ ਅਤੇ ਗਿਆਨ-ਖੇਤਰ ਦਾ ਵਿਅਕਤੀ ਹੋਵੇ ਪਰ ਇਹ ਵੀ ਕਈ ਵਾਰ ਸੰਭਵ ਨਹੀਂ ਹੁੰਦਾ । ਇਸ ਲਈ ਅਗਲਾ ਸਮਾਧਾਨ ਇਹ ਹੈ ਕਿ ਉਹ ਲੇਖਕ ਦੇ ਖੇਤਰ ਦਾ ਗਿਆਤਾ ਜ਼ਰੂਰ ਹੋਵੇ । ਅਨੁਵਾਦਿਕ ਲਈ ਜ਼ਰੂਰੀ ਹੈ ਕਿ ਉਹ ਲੇਖਕ ਦੇ ਵਿਚਾਰ-ਪ੍ਰਬੰਧ ਅਤੇ ਅਨੁਭਵ-ਸ਼ੈਲੀ ਦਾ ਵੀ ਵਾਕਿਫ ਹੋਵੇ । ਵਿਚਾਰ-ਪ੍ਰਬੰਧ ਦੇ ਗਿਆਨ ਦੀ ਬਹੁਤੀ ਲੋੜ ਬੌਧਿਕ, ਅਰਧ-ਬੌਧਿਕ ਅਤੇ ਤਕਨੀਕੀ ਵਿਸ਼ਿਆਂ ਦੀਆਂ ਕ੍ਰਿਤਾਂ ਦੇ ਅਨੁਵਾਦ ਵਿਚ ਪੈਂਦੀ ਹੈ ਅਤੇ ਅਨੁਭਵ-ਸ਼ੈਲੀ ਦੀ, ਸਾਹਿਤਕ ਕ੍ਰਿਤਾਂ ਦੇ ਅਨੁਵਾਦ ਵਿਚ ।

ਹਰ ਲੇਖਕ ਦਾ ਆਪਣਾ ਦ੍ਰਿਸ਼ਟੀਕੋਣ, ਸੁਭਾਅ ਅਤੇ ਰੌਂ ਹੁੰਦੇ ਹਨ ਅਤੇ ਅਨੁਵਾਦਿਕ ਦੇ ਵੀ । ਅਨੁਵਾਦਿਕ ਕੋਲੋਂ ਇਹ ਮੰਗ ਕਰਨੀ ਵਧੀਕੀ ਹੈ ਕਿ ਉਹ ਦ੍ਰਿਸ਼ਟੀਕੋਣ, ਸੁਭਾਅ ਅਤੇ ਰੌਂ ਨੂੰ ਇਸ ਲਈ ਬਦਲ ਲਵੇ ਕਿ ਉਸ ਨੇ ਮੂਲ ਕ੍ਰਿਤ ਵਿਚ ਆਏ ਦ੍ਰਿਸ਼ਟੀਕੋਣ, ਸੁਭਾਅ ਅਤੇ ਰੌਂ ਨੂੰ ਵੀ ਉਲਥਾਉਣਾ ਹੈ । ਪਰ ਉਸ ਤੋਂ ਇਹ ਆਸ ਜ਼ਰੂਰੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਸੁਭਾ ਅਤੇ ਰੌਂ ਵਿਚ ਏਨਾ ਲਚਕਦਾਰ ਹੋਵੇ ਕਿ ਕ੍ਰਿਤ-ਅੰਦਰਲੇ ਮਨੋਵੇਗਾਂ ਨੂੰ ਜਾਣ ਕੇ ਇਨ੍ਹਾਂ ਦਾ ਸਫਲਤਾ ਨਾਲ ਅਨੁਵਾਦ ਕਰ ਸਕੇ ।

ਅਨੁਵਾਂਦ ਦਾ ਕੰਮ ਇਕ ਭਾਸ਼ਾ ਨੂੰ ਦੂਜੀ ਭਾਸ਼ਾ ਵਿਚ ਬਦਲਣ ਦਾ ਹੁੰਦਾ ਹੈ । ਉਸ ਲਈ ਜ਼ਰੂਰੀ ਹੈ ਕਿ ਉਹ ਮੂਲ ਕ੍ਰਿਤਾਂ ਸ੍ਰੋਤ ਅਤੇ ਟੀਚੇ (=ਅਨੁਵਾਦ) ਦੋਂਹਾਂ ਦੀਆਂ ਸ਼ਾਵਾਂ ਨੂੰ ਸਮਝਦਾ ਹੋਵੇ । ਏਨਾ ਹੀ ਕਾਫੀ ਨਹੀਂ, ਉਹ ਮੂਲ ਕ੍ਰਿਤ ਦੀਆਂ ਭਾਸ਼ਾਈ ਰੀਕੀਆਂ, ਜਟਿਲਤਾਵਾਂ ਅਤੇ ਅਨਖਿੜ ਭਾਸ਼ਾ ਦੀ ਪੂਰੀ ਪ੍ਰਕਿਰਿਆ ਤੋਂ ਭਲੀ ਭਾਂਤ ਜਾਣੂ ਹੋਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਲੋੜਾਂ ਵਿਚੋਂ ਸੰਭਾਵਨਾ ਇਹ ਨਿਕਲਦੀ ਹੈ ਕਿ (ਟੀਚੇ) ਅਨੁਵਾਦ ਦੀ ਭਾਸ਼ਾ ਅਨੁਵਾਦਿਕ ਦੀ ਆਪਣੀ, ਅਤੇ ਮੂਲ ਦੀ ਭਾਸ਼ਾ, ਅਪਨਾਈ ਹੋਈ ਹੁੰਦੀ ਹੈ ।

ਜੇ ਅਨੁਵਾਦ-ਹੇਠ-ਕ੍ਰਿਤ ਬੌਧਿਕ ਜਾਂ ਤਕਨੀਕੀ ਵਿਸ਼ੇ ਦੀ ਹੈ ਤਾਂ ਅਨੁਵਾਦਿਕ ਦੀ ਵਡੀ ਲੋੜ ; ਆਪਣੀ ਭਾਸ਼ਾ ਦੇ ਮੂਲ ਸ਼ਬਦ-ਭੰਡਾਰ, ਧਾਤੂਆਂ ਅਤੇ ਸ਼ਬਦਾਂ ਦੇ ਰੂਪ ਪਰਿਵਰਤਨ ਦੇ ਗਿਆਨ ਦੀ ਹੈ ।

ਜੇ ਮੂਲ ਕ੍ਰਿਤ ਸਾਹਿਤਕ ਹੈ ਤਾਂ ਵਡੀ ਲੋੜ, ਸ਼ਬਦਾਵਲੀ ਦੀ ਵੰਨ-ਸੁਵੰਨਤਾ ਉਪਰ ਵਸੀਕਾਰ ਅਤੇ ਮੌਲਿਕਤਾ ਦੀ ਹੱਦ ਤਕ ਪੁੱਜੀ ਸ਼ਬਦ ਚੋਣ ਦੀ ਹੈ ।

ਅਨੁਵਾਦਿਕ ਦੀਆਂ ਲੋੜਾਂ ਨੂੰ ਦੇਖ ਕੇ ਪ੍ਰਸ਼ਨ ਹੁੰਦਾ ਹੈ ਕੀ ਅਨੁਵਾਦ ਕਲਾ ਹੈ ?

ਅਨੁਵਾਦ, ਕਲਾ ਨਹੀਂ ਕਿਉਂਕਿ ਇਸ ਵਿਚਲੇ ਵਿਚਾਰ ਗਿਆਨ ਅਤੇ ਅਨੁਭਵ, ਅਨੁਵਾਦਿਕ ਦੇ ਸੋਚੇ-ਚਿਤਵੇ ਅਤੇ ਪ੍ਰਗਟਾਏ ਹੋਏ ਨਹੀਂ, ਸਗੋਂ ਕਿਸੇ ਹੋਰ ਵਿਅਕਤੀ—ਲੇਖਕ—ਦੇ ਹਨ ।

ਸਾਹਿਤ ਵਿਚ ਜੇ ਕਿਸੇ ਰਚਨਾ ਵਿਚ ਕੇਂਦਰੀ ਭਾਵ, ਉਡਾਰੀ, ਮੂਲ ਘਟਨਾ, ਬਿੰਬ ਜਾਂ ਸ਼ੈਲੀ ਵੀ ਕਿਸੇ ਹੋਰ ਰਚਨਾ ਜਹੀ ਜਾਪੇ ਤਾਂ ਇਸ ਨੂੰ ਮੌਲਿਕ ਨਹੀਂ ਕਿਹਾ ਜਾਂਦਾ ਅਤੇ ਮੌਲਿਕ ਹੋਣਾ ਕਲਾ ਦਾ ਲੱਛਣ ਹੈ । ਪਰ ਚੰਗੇ ਅਨੁਵਾਦ ਦੀ ਤਾਂ ਸ਼ਰਤ ਹੀ ਇਹ ਹੈ ਕਿ ਇਹ ਵਿਸ਼ੇ ਵਸਤੂ ਦੇ ਸਭਨਾਂ ਅੰਗਾਂ ਦੀ ਹੀ ਨਹੀਂ, ਪ੍ਰਗਟਾਵੇ ਦੇ ਸਭਨਾਂ ਅੰਗਾਂ ਦੀ ਵੀ ਅਸਲ-ਵੱਤ-ਨਕਲ ਹੋਵੇ ।

ਸਾਹਿਤਕ ਰਚਨਾ ਦੇ ਪ੍ਰਗਟਾਉ ਢੰਗ ਅਤੇ ਸ਼ੈਲੀ ਦੀ ਨਕਲ ਤਾਂ ਅਨੁਵਾਦ ਦਾ ਬਹੁਤ ਵਡਾ ਗੁਣ ਹੈ ।

ਕਲਾ ਸੰਬੰਧੀ ਇਹ ਧਾਰਨਾ ਹੈ ਕਿ ਇਹ ਪਹਿਲੋਂ ਰਚਯਤਾ ਅਤੇ ਫੇਰ ਪਾਠਕ, ਦਰਸ਼ਕ ਜਾਂ ਸ੍ਰੋਤੇ ਨੂੰ ਪ੍ਰੇਰਨਾ ਉਤਕੰਠਾ ਅਤੇ ਆਨੰਦ ਦੇਂਦੀ ਹੈ । ਅਨੁਵਾਦ ਦੀ ਪ੍ਰਕਿਰਿਆ ਵਿਚ ਇਹ ਸਭ ਹਾਲਤਾਂ ਮਿਲਦੀਆਂ ਹਨ । ਪਹਿਲਾਂ ਅਨੁਵਾਦਿਕ (ਜੇ ਉਹ ਕੇਵਲ ਪੇਸ਼ੇ ਦੀ ਮਜਬੂਰੀ ਕਾਰਣ ਹੀ ਅਨੁਵਾਦ ਨਹੀਂ ਕਰ ਰਿਹਾ) ਆਪ ਇਕ ਹੱਦ ਤਕ ਅਨੁਵਾਦ ਕਰਦਾ, ਉਤਸ਼ਾਹ, ਉਤਕੰਠਾ ਅਤੇ ਆਨੰਦ ਦੀਆਂ ਅਵਸਥਾਵਾਂ ਵਿਚੋਂ ਲੰਘਦਾ ਹੈ ਅਤੇ ਇਸ ਤੋਂ ਮਗਰੋਂ ਪਾਠਕ ਵੀ ।

ਅਨੁਵਾਦ ਜੇ ਬਹੁਤ ਵਫਾਦਾਰ ਵੀ ਹੋਵੇ, ਤਾਂ ਵੀ, ਭਾਸ਼ਾ ਦੇ ਪੱਖ ਤੋਂ ਵਰਤੀ ਹੋਈ ਪ੍ਰਬੀਨਤਾ ਦੇ ਆਸਰੇ ਭਾਵ, ਬੁੱਧੀ ਅਤੇ ਗਿਆਨ ਦਾ, ਮੌਲਿਕ ਰਚਨਾ ਜਿੰਨਾ ਸੰਚਾਰ ਕਰ ਸਕਦਾ ਹੈ ਪਰ ਜੇ ਇਹ ਖੁਲ੍ਹਾ ਅਨੁਵਾਦ ਅਤੇ ਆਧਾਰਿਤ ਕ੍ਰਿਤ ਹੋਵੇ ਤਾਂ ਕਈ ਵਾਰ ਮੂਲ ਕ੍ਰਿਤ ਦੀ ਮੌਲਿਕਤਾ ਨੂੰ ਵੀ ਪਿੱਛੇ ਛਡ ਜਾਂਦਾ ਹੈ । ਇਸ ਦਾ ਵਡਾ ਕਾਰਣ ਇਹ ਹੈ ਕਿ ਖੁਲ੍ਹੇ ਅਨੁਵਾਦ ਅਤੇ ਆਧਾਰਿਤ ਕ੍ਰਿਤ ਵਿਚ ਤਾਂ ਪ੍ਰਗਟਾਵੇ ਵਿਆਖਿਆ ਅਤੇ ਵਿਸ਼ੇ ਵਸਤੂ ਸੰਬੰਧੀ ਏਨੀਆ ਕੁ ਅੰਸ਼ਕ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ ਕਿ ਅਨੁਵਾਦ, ਮੂਲ ਤੋਂ ਵੀ ਵਧ ਪ੍ਰਭਾਵਿਕ ਅਤੇ ਮੌਲਿਕ ਸਿੱਧ ਹੋ ਸਕਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਪ੍ਰਸ਼ਨ ਕਿ, ਅਨੁਵਾਦ, ਕਲਾ ਹੈ ਜਾਂ ਨਹੀਂ-ਵਸਤਾਂ ਵਰਤਾਰਿਆਂ ਨੂੰ ਦੋ-ਟੁਕ ਦੇਖਣ ਦੀ ਰੁਚੀ ਦਾ ਪ੍ਰਤੀਫਲ ਹੈ।

ਸਹੀ ਪ੍ਰਸ਼ਨ ਇਹ ਹੈ ਕਿ ਅਨੁਵਾਦ ਕਿੰਨਾ ਕੁ ਰਚਨਾਤਮਿਕ ਹੈ ਅਤੇ ਕਿੰਨਾ ਕੁ ਅਕਾਦਮਿਕ ਜਾਂ ਵਿਧੀ-ਵਿਧਾਨ ਦਾ ਕਾਰਜ ਹੈ ।

ਅਨੁਵਾਦ ਇਸ ਲਈ ਅਕਾਦਮਿਕ ਕਾਰਜ ਹੈ ਕਿ ਇਸ ਵਿਚ ਵਿਉਂਤ, ਨਿਯਮ, ਵਿਧੀ-ਵਿਧਾਨ ਤੇ ਅਭਿਆਸ ਇਕ ਜਾਂ ਦੂਜੀ ਹੱਦ ਤਕ ਸੰਭਵ ਹਨ, ਅਤੇ ਇਹ ਕੁੱਝ ਹੁੰਦਾ ਹੋਇਆ ਵੀ ਅਨੁਵਾਦ ; ਰਚਨਾਤਮਿਕ ਵੀ ਹੈ । ਕਿਉਂਕਿ ਇਸ ਵਿਚ ਮੂਲ ਤੋਂ ਵੱਧ ਅਪੀਲ ਨਵੇਕਲੇਪਨ ਅਤੇ ਭਾਸ਼ਾਈ ਪ੍ਰਤਿਭਾ ਦੀ ਸੰਭਾਵਨਾ ਹੈ ।

ਇਤਿਹਾਸ ਦੇ ਵਿਸ਼ਲੇਸ਼ਣ ਤੋਂ ਸਾਨੂੰ ਪਤਾ ਲਗਦਾ ਹੈ ਕਿ ਕੁੱਝ ਇਤਿਹਾਸਕ ਸਥਿਤੀਆਂ ਅਨੁਵਾਦ ਕਾਰਜ ਨੂੰ ਲਹਿਰ ਦਾ ਰੂਪ ਦੇਂਦੀਆਂ ਰਹੀਆਂ ਹਨ । ਦੋ ਸਭਿਆਚਾਰਾਂ ਦੇ ਮੇਲ ਮਗਰੋਂ ਦੋ ਭਾਸ਼ਾਵਾਂ ਦਾ ਸੰਪਰਕ (ਮੇਲ ਨਹੀਂ, ਭਾਸ਼ਾਵਾਂ ਸੰਪਰਕ ਵਿਚ ਆਉਂਦੀਆਂ ਹਨ-ਇਨ੍ਹਾਂ ਵਿਚੋਂ ਸਥਾਪਤ ਭਾਸ਼ਾ, ਛੋਟੀਆਂ ਜਾਂ ਵਡੀਆਂ ਤਬਦੀਲਿਆਂ ਗ੍ਰਹਿਣ ਕਰ ਕੇ ਕਾਇਮ ਰਹਿੰਦੀ ਹੈ ; ਕੋਈ ਤੀਜੀ ਨਵੀਂ ਭਾਸ਼ਾ ਵੀ ਪੈਦਾ ਨਹੀਂ ਹੁੰਦੀ) ਅਨੁਵਾਦ ਦਾ ਮੁਢ ਬੰਨ੍ਹਦਾ ਹੈ । ਹਮਲਿਆਂ, ਕਬਜ਼ਿਆਂ ਮਗਰੋਂ ਹਰ ਦੇਸ਼ ਵਿਚ ਅਨੁਵਾਦ ਹੋਏ ਹਨ । ਵਿਚਾਰਾਂ ਦਾ ਪਰਚਾਰ-ਪ੍ਰਸਾਰ ਵੀ ਅਨੁਵਾਦ ਕਾਰਜ ਦਾ ਕਾਰਣ ਹੈ । ਯੂਰਪ ਵਿਚ ਬਾਈਬਲ, ਸੈਮਿਟਿਕ ਅਤੇ ਮੱਧ ਦੇਸ਼ੀਆਈ ਦੇਸ਼ਾਂ ਵਿਚ ਇਸਲਾਮੀ ਸਾਹਿਤ ਦੇ ਤਰਜਮੇ ਹਦੀਸਾਂ ਅਤੇ ਵਜ਼ਾਹਤਾਂ ਨੇ ਤਾਂ ਅਨੁਵਾਦ ਦੀ ਲਹਿਰ ਹੀ ਨਹੀਂ ਚਲਾਈ ਸਗੋਂ ਜ਼ਾਹਿਰਾ-ਬਾਤਨੀਆਂ ਦੇ ਸੰਪ੍ਰਦਾਇਕ ਫ਼ਿਤਨੇ, ਇਸਲਾਮ ਦੇ ਸਿਧਾਂਤ-ਖੇਤਰ ਅੰਦਰ ਪੈਦਾ ਕਰ ਦਿਤੇ । ਮੱਧ ਕਾਲ ਵਿਚ ਸਿਆਸੀ, ਸਭਿਆਚਾਰਕ ਜਾਂ ਸਿਧਾਂਤਕ ਦਾਬੇ ਹੇਠੋਂ ਨਿਕਲ ਕੇ ਤਾਂ ਨਵੀਆਂ ਵਿਕਸਤ ਹੋਈਆਂ ਭਾਸ਼ਾਵਾਂ ਵਿਚ ਹਰ ਪ੍ਰਕਾਰ ਦੇ ਸਾਹਿਤ ਦਾ ਇਕ ਹੜ੍ਹ ਹੀ ਆ ਜਾਂਦਾ ਰਿਹਾ ਹੈ । ਯੂਰਪ ਵਿਚ ਗਿਆਨ-ਮੁੜ-ਸੁਰਜੀਤ ਲਹਿਰ ਆਪਣੇ ਮੁਢਲੇ ਰੂਪ ਵਿਚ ਅਨੁਵਾਦਾਂ ਦੀ ਲਹਿਰ ਸੀ । ਬ੍ਰਾਹਮਣਵਾਦ ਦੀ ਜਕੜਬੰਦ ਵਿਚੋਂ ਨਿਕਲ ਕੇ ਭਾਰਤੀ ਸਮਾਜ ਨੇ ਬੋਧ ਤੇ ਜੈਨ ਸਿਧਾਂਤਾਂ ਦੇ ਅਨੁਵਾਦ ਮੱਧ, ਦੱਖਣੀ ਅਤੇ ਪੱਛਮੀ ਭਾਰਤ ਦੀਆਂ ਲਗ-ਭਗ ਸਭਨਾਂ ਮੱਧ ਅਤੇ ਦੱਖਣੀ ਭਾਰਤ ਦੀਆਂ ਪ੍ਰਾਕ੍ਰਿਤਾਂ ਦੇ ਅਨੁਵਾਦ, ਖੁਲ੍ਹੇ ਅਨੁਵਾਦ ਅਤੇ ਆਧਾਰਤ ਰਚਨਾਵਾਂ ਕੀਤੀਆਂ । ਇੰਜ ਹੀ ਬੋਧੀ-ਜੈਨੀ ਜੰਗਾਲ-ਖਾਧੀ ਮਾਨਸਿਕ ਸਥਿਤੀ ਵਿਚੋਂ ਨਿਕਲਣ ਮਗਰੋਂ ਇਕ ਵਾਰ ਫੇਰ ਪ੍ਰਾਕਿਰਤ ਵਿਚ ਲਿਖੇ ਬੋਧਿਕ ਗ੍ਰੰਥਾਂ ਦੇ ਹੀ ਨਹੀਂ ; ਪੰਜ ਤੰਤਰ ਜਹੀਆਂ ਸਾਹਿਤਕ ਰਚਨਾਵਾਂ ਦੇ ਅਨੁਵਾਦ ਹੋਏ ।

ਭਾਰਤ ਅਜ ਵੀ ਰਾਜਨੀਤਕ ਅਤੇ ਭਾਸ਼ਾਈ ਦਾਬੇ ਹੇਠੋਂ ਨਿਕਲ ਕੇ ਗਿਆਨ-ਮੁੜ-ਸੁਰਜੀਤ ਲਹਿਰ ਦੀ ਸਥਿਤੀ ਵਿਚ ਹੈ । ਇਸ ਲਈ ਅਨੁਵਾਦ-ਕਾਰਜ ਦੀ ਲੋੜ ਅਨੁਭਵ ਕੀਤੀ ਜਾ ਰਹੀ ਹੈ । ਪਰ ਸੂਬਾ ਜਾਂ ਇਲਾਕਾ-ਪ੍ਰਸਤੀ ਦੀਆਂ ਹੱਦਾਂ ਨੂੰ ਟੱਪ ਕੇ ਪੜ੍ਹਨ-ਭੁਖ ਅੱਜ-ਸਾਹਿਤਕ ਆਦਾਨ-ਪ੍ਰਦਾਨ ਦੇ ਪਿੜ ਵਿਚ ਆ ਖਲੋਤੀ ਹੈ । ਭਾਰਤੀ ਭਾਸ਼ਾਵਾਂ ਦੇ ਪ੍ਰਸਪਰ ਅਨੁਵਾਦ ਦੀਆਂ ਵਿਸ਼ਾਲ ਸੰਭਾਵਨਾਵਾਂ ਨਿੱਖਰ ਆਈਆਂ ਹਨ ।

ਭਾਰਤ ਹੀ ਨਹੀਂ, ਸੰਸਾਰ ਭਰ ਵਿਚ ਅੰਤਰ-ਰਾਸ਼ਟਰੀ ਵਾਦ ਮਾਨਵ ਦੀ ਧਰਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਸਾਹਿਤ-ਰਚਨਾ ਵਿਚ ਹੀ ਤਬਦੀਲੀ ਨਹੀਂ ਆ ਰਹੀ ਸਗੋਂ ਇਸ ਨਾਲ ਅਨੁਵਾਦ ਕਾਰਜ ਦਾ ਖਾਸਾ ਹੀ ਬਦਲ ਰਿਹਾ ਹੈ ।

ਅੰਤਰ ਰਾਸ਼ਟਰੀਵਾਦ, ਸਮਾਜਵਾਦ ਅਤੇ ਸਾਮਿਵਾਦ ਦਾ ਸਿਧਾਂਤ ਹੈ ਜਿਸ ਨੇ ਸੰਸਾਰ ਭਰ ਦੇ ਲੋਕਾਂ ਨੂੰ ਸਿਧਾਂਤਕ ਹੀ ਨਹੀਂ ਜਥੇਬੰਦਕ ਰੂਪ ਵਿਚ ਇਕ ਦੇਖਣ ਦਾ ਯਤਨ ਕੀਤਾ । ਨਤੀਜੇ ਵਜੋਂ, ਸਮਾਜਵਾਦੀ ਵਿਚਾਰਾਂ ਦੀ ਇਕ ਬੌਧਕ ਅਤੇ ਸਾਹਿਤਕ ਕ੍ਰਿਤਾਂ ਦੇ ਅਨੁਵਾਦ ਤਾਂ ਏਨੀਆਂ ਭਾਸ਼ਾਵਾਂ ਵਿਚ ਹੋਏ ਹਨ ਜਿੰਨੀਆਂ ਭਾਸ਼ਾਵਾਂ ਦਾ ਜਾਮਾ ਪਹਿਨਣਾ, ਕਿਸੇ ਵਡੇ ਗ੍ਰੰਥਾਂ ਨੂੰ ਅਜੇ ਨਸੀਬ ਨਹੀਂ ਹੋਇਆ ।

ਸਾਮਰਾਜਵਾਦ ਵੀ ਸਰਬ ਸੰਸਾਰ ਨੂੰ ਆਪਣੇ ਢੰਗ ਨਾਲ ਇਕ ਕਰਨਾ ਚਾਹੁੰਦਾ ਹੈ ਪਰ, ਇਸ ਦੇ ਆਪਣੇ ਅੰਦਰ ਹੋੜ ਕਾਇਮ ਰਹਿੰਦੀ ਹੈ । ਕਈ ਵਾਰ ਸਮਾਜਵਾਦੀ ਹੋੜ ਨਾਲੋਂ ਵੀ ਤਿਖੇਰੀ ਤੇ ਵਿਕਾਸਸ਼ੀਲ । ਹੋੜ ਦਾ ਰੂਪ, ਦੇਖਣ ਵਿਚ ਕੌਮੀ ਹੁੰਦਾ ਹੈ ।

ਉਪਰੋਕਤ ਦੋਹਾਂ ਅੰਤਰ-ਰਾਸ਼ਟਰੀਵਾਦਾਂ ਦਾ ਇਕ ਆਦਰਸ਼ਵਾਦੀ ਮਿਲਗੋਭਾ ਯੂਟੋਪੀਅਨਵਾਦ ਹੈ । ਇਸ ਦਾ ਰਾਜਨੀਤਕ ਉਦੇਸ਼ ਕਦੇ ਯੂਟੋਪੀਅਨ ਸਮਾਜਵਾਦ ਸੀ, ਜਿਸ ਨੂੰ ਸਾਕਾਰ ਕਰਨ ਦਾ ਮਾਧਿਅਮ ਕੇਵਲ ਵਿਦਿਆ ਦਾ ਫੈਲਾਉ ਸੀ । ਪਿਛੇ ਜਹੇ ਇਸੇ ਨੂੰ ਇਕ-ਸੰਸਾਰ (One world) ਦੇ ਸਿਧਾਂਤ ਦੇ ਰੂਪ ਵਿਚ ਦੇਖਿਆ ਗਿਆ ਅਤੇ ਕਈ ''ਮਹਾਂਰਥੀ ਬੁਧ-ਜੀਵਾਂ'' ਨੇ ਇਸ ਦ੍ਰਿਸ਼ਟੀਕੋਣ ਤੋਂ ਕੁੱਝ ਸ਼ਾਹਿਤ ਰਚਿਆ ਅਤੇ ਉਲਥਾਇਆ ਵੀ ।

ਰਾਜਨੀਤੀ, ਸਾਇੰਟੀਫਿਕ ਕਾਢਾਂ, ਟੈਕਨਾਲੋਜੀ ਅਤੇ ਜਨ-ਮਨੋਵਿਗਿਆਨ ਵਿਚ ਹੋਏ ਵਿਕਾਸ ਕਾਰਨ ਰਾਜਨੀਤਕ ਪੱਧਰ 'ਤੇ ਸਹਿ-ਹੋਂਦ ਦੀ ਲੋੜ ਕਾਰਣ ਸੰਯੁਕਤ ਰਾਸ਼ਟਰਸੰਘ ਦੀ ਗੌਂ ਨੂੰ ਵਧਦੀ ਜਾ ਰਹੀ ਹੈ । (ਮੁਢ ਵਿਚ ਇਹ ਲੋੜ ਦੂਜੀ ਜੰਗ ਮਗਰੋਂ ਇਤਹਾਦੀ ਅਤੇ ਜਮਹੂਰੀ ਸ਼ਕਤੀਆਂ ਦੀ ਬਹਾਲੀ ਅਤੇ ਫਾਸ਼ਿਜ਼ਮ ਨੂੰ ਹਰ ਸਮਾਜਕ ਪਿੜ ਵਿਚ ਹਾਰ ਦੇਣ ਲਈ ਪਈ ਸੀ ।)

ਸੰਯੁਕਤ ਰਾਸ਼ਟਰ ਸੰਘ ਨੂੰ ਵੱਖ-ਵੱਖ ਦੇਸ਼ਾਂ ਦੇ ਝਗੜਿਆਂ ਨੂੰ ਜ਼ਰੂਰੀ ਤੌਰ ਤੇ ਸੁਲਝਾਉਣ ਲਈ ਪ੍ਰਤੀਨਿਧਾਂ ਦੇ ਭਾਸ਼ਨਾਂ ਅਤੇ ਸਰਕਾਰਾਂ ਦੇ ਬਿਆਨਾਂ ਅਤੇ ਸੰਧੀਆਂ ਦੇ ਪ੍ਰਮਾਣੀਕ ਅਨੁਵਾਦ ਦੀ ਜਿਹੜੀ ਲੋੜ ਇਸ ਸਮੇਂ ਪਈ ਉਹ ਤਾਂ ਅਗੇ ਕਦੇ ਪਈ ਨਹੀਂ ਸੀ । ਸਿਧਾਂਤਕ ਸਾਂਝ ਲਈ ਅਨੁਵਾਦਾਂ ਦੇ ਕੰਮ ਵਿਚ ਸਮਾਜਵਾਦੀ ਕੈਂਪ ਨੇ ਪਹਿਲ ਕੀਤੀ ਅਤੇ ਸਾਮਰਾਜੀ ਕੈਂਪ ਨੇ ਵੀ ਆਪਣੀ ਲੋੜ ਅਨੁਸਾਰ ਹਿੱਸਾ ਪਾਇਆ ।

ਅਨੁਵਾਦ ਦਾ ਕੰਮ ਦੋ ਪ੍ਰਕਾਰ ਦਾ ਹੋ ਰਿਹਾ ਹੈ । ਸਾਹਿਤ, ਸਭਿਆਚਾਰ ਅਤੇ ਸਿਧਾਂਤ ਦੇ ਪਰਚਾਰ ਲਈ ਪੁਰਾਣੇ ਗ੍ਰੰਥਾਂ ਦਾ ਅਨੁਵਾਦ ਸੰਸਾਰ ਦੀਆਂ ਆਧੁਨਿਕ ਭਾਸ਼ਾਵਾਂ ਵਿਚ ਕਰਨਾ ਅਤੇ ਨਵੀਆਂ ਕ੍ਰਿਤਾਂ ਦਾ ਆਧੁਨਿਕ ਭਾਸ਼ਾਵਾਂ ਵਿਚ ਪ੍ਰਸਪਰ ਅਨੁਵਾਦ ਕਰਾਉਣਾ ।

ਇਹ ਕੰਮ ਸੰਯੁਕਤ ਰਾਸ਼ਟਰ ਸੰਘ ਅਤੇ ਹੋਰਨਾਂ ਖੇਤਰਾਂ ਵਿਚ ਏਨਾਂ ਲੋੜੀਂਦਾ ਅਤੇ ਬਹੁੱਪਟਾ ਹੁੰਦਾ ਜਾ ਰਿਹਾ ਹੈ ਕਿ ਹੁਣ ਤੋਂ ਹੀ ਅਨੁਵਾਦ ਕਰਨ ਵਾਲੀਆਂ ਮਸ਼ੀਨਾਂ ਕੰਪਿਊਟਰ ਜਾਂ ਸੰਸਾਰ-ਵਿਆਪੀ ਇਕੋ ਭਾਸ਼ਾ ਦੇ ਚਰਚੇ ਅਖਬਾਰਾਂ ਵਿਚ ਹੋਣ ਲੱਗ ਪਏ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੈਕਨਾਲੋਜੀ ਏਨੀ ਉੱਨਤ ਹੋ ਰਹੀ ਹੈ ਕਿ ਪਿਕਾਸੋ ਜਿਹੇ ਸੰਸਾਰ ਪ੍ਰਸਿੱਧ ਚਿਤ੍ਰਕਾਰ ਬੁਰਸ਼ ਨਾਲ 'ਸਟ੍ਰੋਕ' ਲਾਉਣ ਅਤੇ 'ਟੱਚ' ਦੇਣ ਦੀ ਥਾਂ ਪੇਂਟਿੰਗ ਮਸ਼ੀਨ ਵਰਤਣ ਦੇ ਤਜਰਬੇ ਕਰਨ ਲਗ ਪਏ ਸਨ। ਇਸ ਲਈ ਮਸ਼ੀਨੀ ਜਾਂ ਕੰਪਿਊਟਰੀਕ੍ਰਿਤ ਅਨੁਵਾਦ ਸੰਭਵ ਹੈ, ਪਰ ਇਸ ਨੂੰ ਦੇਖ ਕੇ ਹੀ ਸਿੱਟਾ ਕਢਿਆ ਜਾ ਸਕੇਗਾ ਕਿ ਇਹ ਕਿੰਨਾ ਕੁ ਸੁਯੋਗ ਹੈ। ਦੂਜੇ ਪਾਸੇ, ਭਾਸ਼ਾ ਜਿਉਂਦੇ ਜਾਗਦੇ ਪ੍ਰਾਣੀਆਂ ਦੀ ਜਿਉਂਦੀ ਜਾਗਦੀ ਜਾਂ ਛਿਣ-ਛਿਣ ਮਰਦਾ ਜਰਮਦਾ ਘਟਨਾ-ਪ੍ਰਵਾਹ ਹੈ। ਜਿਸ ਨੂੰ ਰਚਨਾਤਮਕ ਲਿਖਤਾਂ ਦੇ ਅਨੁਵਾਦ ਲਈ ਵਿਦਵਤਾ ਅਤੇ ਖੋਜ ਉਪਰ ਆਧਾਰਿਤ ਕਿਸੇ ਸੰਸਾਰ ਵਿਆਪੀ ਸਾਂਝੀ ਭਾਸ਼ਾ ਦੀ ਵਲਗਣ ਵਿਚ ਵਲਿਆ ਨਹੀਂ ਜਾ ਸਕਦਾ।

ਅੰਤਰਰਾਸ਼ਟਰੀ ਪੱਧਰ ਤੇ ਅਨੁਵਾਦ ਦੀਆਂ ਵਧਦੀਆਂ ਸੰਭਾਵਨਾਵਾਂ ਮੌਲਿਕ ਸਾਹਿਤ ਅਤੇ ਸਾਹਿਤ ਆਲੋਚਨਾ ਸਾਹਮਣੇ ਕੁਝ ਬੁਨਿਆਦੀ ਪ੍ਰਸ਼ਨ ਪੇਸ਼ ਕਰ ਰਹੀਆਂ ਹਨ।

ਜਦ ਸਾਹਿਤ ਦਾ ਅਨੁਵਾਦ ਸੰਸਾਰ ਭਰ ਦੀਆਂ ਭਾਸ਼ਾਵਾਂ ਵਿਚ ਹੋਣ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਹਨ ਤਾਂ ਕੀ ਕੇਵਲ ਉਹੀ ਸਾਹਿਤ ਅਨੁਵਾਦ ਦੇ ਵਧੇਰੇ ਯੋਗ ਹੋਵੇਗਾ ਜਿਸ ਦੇ ਅਰਥ ਅਤੇ ਅਪੀਲ ਅਨੁਦਿਤ ਰੂਪ ਵਿਚ ਵੀ ਵੱਧ ਤੋਂ ਵੱਧ ਪਾਠਕ ਤਕ ਜਾ ਪੁਜੇ ?

ਸਪਸ਼ਟ ਹੈ ਕਿ ਅਨੁਵਾਦ ਅਤੇ ਅਨੁਵਾਦ-ਦਰ-ਅਨੁਵਾਦ ਦੀ ਛਾਨਣੀ-ਪੋਣੀ ਵਿਚੋਂ ਸਾਹਿਤਕ ਕ੍ਰਿਤ ਦਾ ਮੁਹਾਵਰਾ ਛਣ ਜਾਏਗਾ, ਇਤਿਹਾਸ-ਮਿਥਹਾਸ-ਅਧਾਰਿਤ-ਸ਼ਬਦਾਵਲੀ ਪੁਣੀ ਜਾਏਗੀ ਅਤੇ ਨਵੇਕਲੀ ਜਾਂ ਨਿੱਜੀ ਬਿੰਬਾਵਲੀ ਅਤੇ ਨਿੱਜੀ ਮਨੋਵੇਗ ਸਿਥਲ ਹੋ ਕੇ ਅਨੁਵਾਦ-ਪਾਠਕ ਪਾਸ ਪੁਜਣਗੇ। ਸਰਬੱਤ ਸਾਂਝੀਆਂ ਵੇਦਨਾਵਾਂ, ਘਟਨਾਵਾਂ ਅਤੇ ਵਸਤਾਂ-ਵਰਤਾਰਿਆਂ ਦਾ ਬਾਹਰ ਮੁਖੀ ਵਰਨਣ ਅਨੁਵਾਦ ਦੇ ਕਰਮ-ਚੱਕਰ ਵਿਚੋਂ ਲੰਘ ਕੇ ਵਧੇਰੀ ਮਾਤਰਾ ਵਿਚ ਪਾਠਕ ਦੇ ਮਨ ਅਤੇ ਬੁੱਧੀ ਵਿਚ ਘਰ ਕਰਨ ਗੇ।

ਉਤਮ ਸਾਹਿਤ ਦੀ ਅਜੇ ਤਕ ਇਹ ਵੀ ਪ੍ਰੀਭਾਸ਼ਾ ਰਹੀ ਹੈ ਕਿ ਇਹ ਵੱਧ ਤੋਂ ਵੱਧ ਲੁਕਾਈ ਨੂੰ ਅਪੀਲ ਕਰੇ।

ਤਾਂ ਕੀ ਭਲਕ ਦੇ ਉਤਮ ਸਾਹਿਤ ਦੀ ਕਸਵੱਟੀ, ਵਧ ਤੋਂ ਵਧ ਅਨੁਵਾਦ-ਯੋਗਤਾ ਹੋਵੇਗੀ ?

ਉੱਤਰ, ਹਾਂ ਵਿਚ ਦਿਤਾ ਜਾ ਸਕਦਾ ਹੈ। ਕਿਉਂਕਿ ਉਤਮ ਸਾਹਿਤਕ ਕ੍ਰਿਤਾਂ ਦੇ ਅਨੁਵਾਦ ਵੀ ਆਪਣੀ ਅਪੀਲ ਵਿਚ ਸਫਲ ਹੁੰਦੇ ਹਨ। ਸਪਸ਼ਟ ਹੈ ਕਿ ਚੰਗਾ ਅਨੁਵਾਦ-ਯੋਗ ਸਾਹਿਤ ਉਹੋ ਹੋਵੇਗਾ ਜਿਸ ਵਿਚ ਸਥਾਨ, ਭਾਸ਼ਾ ਅਤੇ ਨਿੱਜ ਦੀ ਅੰਤਰਮੁਖਤਾ ਘੱਟ ਤੋਂ ਘੱਟ ਹੋਵੇ।

ਅਤੇ ਉਤਮ ਸਾਹਿਤ ਦੀ ਅਜੇ ਤਕ ਇਹ ਪ੍ਰੀਭਿਸ਼ਾ ਰਹੀ ਹੈ ਕਿ ਇਹ ਵੱਧ ਤੋਂ ਵੱਧ ਲੁਕਾਈ ਨੂੰ ਅਪੀਲ ਕਰੇ।

ਤਾਂ ਕੀ ਭਲਕ ਦਾ ਸਾਹਿਤ (ਜਿਹੜਾ ਕਿ ਨਿਸ਼ਚੇ ਹੀ ਅੰਤਰ-ਰਾਸ਼ਟਰੀ ਅਪੀਲ ਦਾ ਹੋਵੇਗਾ) ਅੰਤਰਮੁਖਤਾ ਅਤੇ ਸਥਾਨਕ ਰੰਗ ਦਾ ਵਿਰੋਧੀ ਹੋਵੇਗਾ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ, ਸੋਚਣੀ, ਗਿਆਨ, ਸਾਇੰਸੀ ਕਾਢਾਂ ਅਤੇ ਰਾਜਨੀਤਕ ਸਹਿ-ਹੋਂਦ ਦਾ ਏਨਾ ਵਿਕਾਸ ਹੋ ਰਿਹਾ ਹੈ ਕਿ ਸਥਾਨਕਤਾ ਦਾ ਫਰਕ ਸਮਝੋਂ ਬਾਹਰ ਨਹੀਂ ਜਾਪੇਗਾ ਸਗੋਂ ਸਾਹਿਤ ਵਿਚ ਰੋਚਕਤਾ ਅਤੇ ਰਾਂਗਲੇਖਣ ਦਾ ਵਾਧਾ ਹੀ ਕਰੇਗਾ। ਮਨੁੱਖ ਦਾ ਅਹਿਸਾਸ ਨਿਰਜੀਵ ਨਹੀਂ, ਗਿਆਨ ਸਥਿਰ ਨਹੀਂ। ਆਪਣੀਆਂ ਵਸਤਾਂ ਅਤੇ ਸਮਾਜ ਦੇ ਅੰਦਰ ਝਾਤੀ ਮਾਰ ਕੇ ਨਵੇਂ ਅਨੁਭਵ ਅਤੇ ਗਿਆਨ ਦਾ; ਦੂਜਿਆਂ ਤੋਂ ਪਹਿਲਾਂ ਦਰਸ਼ਨ ਕਰਨਾ ਮਹਾਨਤਾ ਹੈ, ਦਰਸ਼ਨ ਕਰਾਉਣਾ ਮੌਲਿਕਤਾ ਹੈ। ਸੋ ਇਹ ਨਵਾਂ ਗਿਆਨ, ਨਵਾਂ ਅਨੁਭਵ, ਰਚਨਾ ਤੋਂ ਅਨੁਵਾਦ ਤਕ ਪਾਠਕਾਂ ਨਾਲ ਸਾਂਝਾ ਰਹੇਗਾ।

ਇੰਜ ਹੀ ਸਥਾਨਕਤਾ, ਸਮੂਹਕਿਤਾ ਦਾ ਅੰਗ ਅਤੇ ਪ੍ਰਤੀਦਵੰਦੀ ਹੈ। ਇਸ ਲਈ ਇਹ ਵੀ ਕਾਇਮ ਰਹੇਗੀ। ਪਰ ਮਨੁੱਖੀ ਸਮਝ ਅਤੇ ਅਨੁਭਵ ਦਾ ਪ੍ਰਸਾਰ-ਮਾਧਿਅਮ—ਸਾਹਿਤ ਅਤੇ ਸਾਹਿਤ ਦਾ ਪ੍ਰਸਾਰ ਮਾਧਿਅਮ ਅਨੁਵਾਦ, ਸਥਾਨਕਤਾ ਨੂੰ ਸਮੂਹਿਕਤਾ ਨਾਲ ਓਤ-ਪੋਤ ਕਰਨ ਦੇ ਯਤਨ ਵਿਚ ਲਗੇ ਰਹਿਣ ਗੇ। ਇੰਜ ਸਾਹਿਤ ਅਤੇ ਇਸ ਦੇ ਅਨੁਵਾਦ ਨੂੰ ਅਮੁੱਕ ਕੰਮ ਮਿਲਿਆ ਰਹੇਗਾ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਲ-ਗਲਪ — ਵਿਰਸਾ ਤੇ ਸਮਰਥਾ

ਨਵੇਂ ਯੁਗ ਦੇ ਬੱਚੇ ਦੀਆਂ ਮਾਨਸਿਕ ਲੋੜਾਂ ਨੂੰ ਪੂਰਾ ਕਰਨ ਲਈ ਸਾਹਿਤ ਰਚਨਾ ਅਕਾਦਮਿਕ ਹੋ ਰਹੀ ਹੈ ਜਾਂ ਰਚਨਾਤਮਿਕ; ਜਿਥੋਂ ਤਕ ਕਹਾਣੀਆਂ ਦਾ ਸੰਬੰਧ ਹੈ, ਹਾਲਤ ਬੜੀ ਨਿਰਾਸ਼ਾਜਨਕ ਜਾਪਦੀ ਹੈ। ਵਿਸਥਾਰ, ਵੇਰਵੇ ਅਤੇ ਭਾਸ਼ਾ ਦੇ ਅੰਸ਼ਕ ਫਰਕਾਂ ਨਾਲ ਇਹ ਪ੍ਰਾਪਤ ਕਹਾਣੀਆਂ ਬੁਨਿਆਦੀ ਤੌਰ ਤੇ ਕਿਹੜੀਆਂ ਹਨ ? ਪੁਰਾਣਿਕ ਕਥਾਵਾਂ ਜਾਂ ਇਨ੍ਹਾਂ ਦਾ ਕੋਈ ਪ੍ਰਸੰਗ; ਦੇਵ ਕਹਾਣੀਆਂ, ਮਹਾਂ ਕਾਵਿ ਦਾ ਸੰਖੇਪ ਜਾਂ ਕੋਈ ਪੰਡ-ਉਪ-ਪੰਡ; ਲੋਕ ਰਵਾਇਤਾਂ ਜਾਂ ਦੰਦ ਕਥਾਵਾਂ; ਸ਼ਾਹ-ਬਾਦਸ਼ਾਹਾਂ ਜਾਂ ਉਨ੍ਹਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਹਿਤ ਰਚੀਆਂ ਕਹਾਣੀਆਂ ਅਤੇ ਕਿਸੇ ਭਾਸ਼ਾ ਦੇ ਸਾਹਿਤਕ ਉਭਾਰ ਸਮੇਂ ਦੀਆਂ ਮੁਢਲੀਆਂ ਕਥਾ-ਕਿਰਤਾਂ ਜਾਂ ਇਨ੍ਹਾਂ ਦਾ ਚਰਬਾ।

ਇਹ ਦੁਖ ਵਾਲੀ ਗੱਲ ਹੈ ਕਿ ਬੱਚਿਆਂ ਲਈ ਲਿਖੀਆਂ ਕਹਾਣੀਆਂ ਸਾਹਿਤਕ ਉਗਾਲੀ ਜਾਂ ਜੂਠ ਤੋਂ ਅਗੇ ਨਹੀਂ ਜਾਂਦੀਆਂ ਪਰ ਇਸ ਦੇ ਪਿਛੇ ਸਮਾਜਿਕ ਕਾਰਣ ਤੇ ਸਾਹਿਤਕ ਇਤਹਾਸ ਦੇ ਤੱਤ ਲੁਕੇ ਹੋਏ ਹਨ।

ਇਤਿਹਾਸ ਦੇ ਪੱਖ ਤੋਂ ਪੁਰਾਣਿਕ ਕਥਾਵਾਂ ਤੇ ਦੇਵ-ਕਹਾਣੀਆਂ ਇਕ ਤਰ੍ਹਾਂ ਸਮੁੱਚੇ ਮਨੁੱਖ ਦੀ ਬਾਲ-ਬੁੱਧ ਦੀ ਕ੍ਰਿਤ ਹਨ। ਇਕ ਹੋਰ ਮੱਤ ਅਨੁਸਾਰ ਇਹ ਪ੍ਰਾਕਿਰਤਕ ਤੇ ਮਨੁੱਖੀ ਵਰਤਾਰਿਆਂ ਨੂੰ ਸੁਝਾਉਣ-ਸਮਝਾਉਣ ਦਾ, ਚਿੰਨ੍ਹਾਂ ਦੀ ਸਹਾਇਤਾ ਨਾਲ ਪ੍ਰਗਟਾਇਆ ਇਕ ਯਤਨ ਹੈ। ਜੇ ਇਹ ਗਲ ਵੀ ਮੰਨ ਲਈ ਜਾਏ ਤਾਂ ਚਿੰਨ੍ਹ ਦੇ ਦੋ ਪਾਸੇ ਸਾਡੇ ਸਾਹਮਣੇ ਆਉਂਦੇ ਹਨ। ਇਕ ਇਹ ਕਿ ਚਿੰਨ੍ਹ ਦੇ ਹੇਠ ਕੋਈ ਗੌਹਜ ਗਿਆਨ ਲੁਕਾਇਆ ਹੁੰਦਾ ਹੈ ਤੇ ਦੂਜਾ ਇਹ ਕਿ ਚਿੰਨ੍ਹ ਆਪਣੇ ਆਪ ਵਿਚ ਇਕ ਜਲਦੀ ਸਮਝ ਆ ਜਾਣ ਵਾਲਾ ਸਮਾਨਾਂਤਰ ਪ੍ਰਗਟਾਵਾ ਹੈ। ਇਸ ਲਈ ਚਿੰਨ੍ਹ-ਹੇਠਲਾ ਮਰਮ ਚਾਹੇ ਔਖਾ ਹੋਵੇ ; ਚਿੰਨ੍ਹ ਦੇ ਸੌਖੇ ਹੋਣ ਕਾਰਣ ਇਹ ਸਮਝ ਦੇ ਨੇੜੇ ਰਿਹਾ ਹੈ।

ਸੰਸਾਰ ਦੇ ਮਹਾਂ-ਕਾਵਿ, ਰੋਚਕ ਕ੍ਰਿਤਾਂ ਤਾਂ ਸਨ ਹੀ, ਇਹ ਮੁਢਲੀਆਂ ਸਾਹਿਤਕ ਕਿਰਤਾਂ ਹੋਣ ਕਾਰਣ ਤਕਨੀਕ, ਸ਼ੈਲੀ ਅਤੇ ਭਾਸ਼ਾ ਦੀਆਂ ਜਟਿਲਤਾਵਾਂ ਤੋਂ ਵੀ ਅਨਭਿੱਜ ਸਨ। ਇਸ ਤੋਂ ਬਿਨਾਂ ਇਨ੍ਹਾਂ ਅੰਦਰ ਉਪਦੇਸ਼ਾਤਮਕਤਾ ਵਧੇਰੇ ਉਗਰ ਰੂਪ ਵਿਚ ਉਪਲਬਧ ਸੀ। ਮਗਰਲੇ ਸਮਾਜਿਕ ਤੇ ਸਾਹਿਤਕ ਵਿਕਾਸ ਵਿਚ ਇਹ ਕਿਰਤਾਂ ਪੂਜਾ ਤੇ ਭਗਤੀ-ਭਾਵ ਦੇ ਕੰਮ ਆਈਆਂ। ਨਾਲ ਹੀ, ਸਰਲ ਤੇ ਸਿੱਧੇ ਤੌਰ ਤੇ ਸਿਖਿਆਦਾਇਕ ਹੋਣ ਕਾਰਣ ਬਾਲ-ਸਾਹਿਤ ਦੇ ਕੰਮ ਆਈਆਂ ਜਾਂ ਬਾਲ-ਸਾਹਿਤ ਵਿਚ ਸ਼ਾਮਲ ਹੁੰਦੀਆਂ ਗਈਆਂ। ਅਜ ਵੀ ਮਹਾਂ-ਕਾਵਿ ਜਾਂ ਏਨਾ ਹੀ ਪੁਰਾਣਾ ਕੋਈ ਹੋਰ ਕਥਾ-ਸਾਹਿਤ ਸਾਨੂੰ ਬਚਿਆਂ ਦੀਆਂ ਪਾਠ ਜਾਂ ਲਾਇਬ੍ਰੇਰੀ ਪੁਸਤਕਾਂ ਵਿਚ ਮਿਲਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਮੰਤਵਾਦੀ ਯੁਗ ਵਿਚ ਹਰ ਲਲਿਤ ਉਪਜ ਉਪਰ ਸਮੂਹਿਕ ਕਬਜ਼ੇ ਦੀ ਘਾਟ ਸੀ। ਵਿਦਿਆ ਉਸ ਸਮੇਂ ਗਿਣੇ ਚੁਣੇ ਲੋਕਾਂ ਲਈ ਸੁਰਖਿਤ ਸੀ। ਸਿੱਖਿਆ ਤੇ ਵਿਦਿਆ ਤਾਂ ਉਸ ਸਮੇਂ ਸਸਤੀਆਂ ਸਨ ਪਰ ਪੁਸਤਕਾਂ ਮਹਿੰਗੀਆਂ ਸਨ। ਇਸ ਲਈ ਸ਼ਾਹਾਂ-ਬਾਦਸ਼ਾਹਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਦਿੱਤੀ ਸਿਖਿਆ-ਦੀਖਿਆ ਵਿਚੋਂ ਬਹੁਤ ਥੋੜਾ ਹਿੱਸਾ ਹੀ ਲਿਪੀ-ਬੱਧ ਹੋ ਸਕਿਆ। ਇਸ ਵਿਚ ਸੰਦੇਹ ਨਹੀਂ ਕਿ ਇਹ ਬਾਲ-ਬੁੱਧ ਲਈ ਕੀਤੀਆਂ ਪਹਿਲੀਆਂ ਸਾਹਿਤਕ ਰਚਨਾਵਾਂ ਵਿਚੋਂ ਹਨ। ਪੰਜ-ਤੰਤਰ, ਸਿੰਘਾਸਨ-ਬਤੀਸੀ, ਬੈਤਾਲ-ਪਚੀਸੀ, ਅਤੇ ਗੁਲਿਸਤਾਂ ਬੋਸਤਾਂ (ਸ਼ੇਖ ਸਾਅਦੀ ਕ੍ਰਿਤ) ਇਸ ਪੜਾ ਦੀਆਂ ਰਚਨਾਵਾਂ ਹਨ।

ਪੂੰਜੀਵਾਦੀ ਯੁਗ ਦੇ ਮੁਢ ਵਿਚ ਕਈ ਬੋਲੀਆਂ ਦੇ ਵਿਕਾਸ ਦੇ ਨਾਲ-ਨਾਲ ਸਾਹਿਤ ਦਾ ਵਿਕਾਸ ਵੀ ਹੋਇਆ। ਇਹ ਉਹ ਯੁਗ ਸੀ ਜਦੋਂ ਕਹਾਣੀ ਵਰਗਾ ਨਵਾਂ ਸਾਹਿਤ-ਅੰਗ; ਨਾਵਲ ਪੁੰਗਰ ਰਿਹਾ ਸੀ। ਸ਼ੈਲੀ ਦਾ ਨੁੱਕ ਬੱਝਣਾ ਸ਼ੁਰੂ ਹੋਇਆ, ਤਕਨੀਕ ਹੁਣ, ਸੁਚੇਤ ਕਰਮ ਬਣ ਰਿਹਾ ਸੀ। ਵਿਚਾਰਾਂ ਦੀਆਂ ਜਟਿਲਤਾਵਾਂ ਜਨਮ ਲੈ ਰਹੀਆਂ ਸਨ ਤੇ ਪ੍ਰਗਟਾਵਿਆਂ ਦੀ ਪਰਿਪਾਟੀ ਪੈ ਰਹੀ ਸੀ। ਇਸ ਸਮੇਂ ਦੀਆਂ ਸਾਹਿਤਕ ਕ੍ਰਿਤਾਂ, ਜਿਵੇਂ ਡੈਫੋ (Defoe) ਦਾ ਨਾਵਲ 'ਰਾਬਿਨਸਨ ਕਰੂਸੋ' ਅਤੇ ਨਾਇਕ-ਪੂਜਾ ਦੇ ਪ੍ਰਭਾਵ ਹੇਠ ਲਿਖੀਆਂ ਜੀਵਨੀਆਂ; ਸਾਹਿਤਕ ਪਰਪਾਟੀਆਂ ਸਥਾਪਤ ਹੋ ਜਾਣ ਅਤੇ ਪ੍ਰਗਟਾਵੇ ਦੇ ਪੱਕ ਜਾਣ ਨਾਲ, ਸਮਾਂ ਪਾ ਕੇ ਕਚੇਰੀਆਂ ਜਾਂ ਕਚਘਰੜ ਕ੍ਰਿਤਾਂ ਜਾਪਣ ਲੱਗ ਪਈਆਂ ਤੇ ਪਾਠ-ਪੁਸਤਕਾਂ ਜਾਂ ਕਥਾ ਸਾਹਿਤ ਵਿਚ ਸ਼ਾਮਲ ਹੋ ਗਈਆਂ।

ਲੋਕ-ਰਵਾਇਤਾਂ ਤੇ ਚੁਟਕਲੇ ਇਕ ਇਹੋ ਜਿਹਾ ਸਾਹਿਤ-ਅੰਗ ਹੈ ਜਿਹੜਾ ਲੋਕਾਂ ਦੇ ਮੂੰਹ ਚੜ੍ਹਿਆ ਹੋਣ ਕਾਰਣ, ਨੁੱਕਰਾਂ ਘਸਦਾ ਕੇ ਗੋਲ ਹੋਇਆ, ਆਪਣੀ ਪੂਰੀ ਅਮੀਰੀ ਤੇ ਸਿਹਤ ਲੈ ਕੇ ਬਾਲ-ਕਥਾ-ਵਿਦਿਆ-ਸਾਹਿਤ ਵਿਚ ਆਇਆ ਹੈ।

ਬਾਲ-ਕਥਾ ਸਾਹਿਤ ਅਤੇ ਬਾਲ ਵਿਦਿਆ ਮੁਢ ਤੋਂ ਦੋ ਅਨਿੱਖੜ ਅੰਗ ਰਹੇ ਹਨ। ਇਹ ਲੋੜ ਤਾਂ ਆਧੁਨਿਕ ਵਿਦਿਆ ਪਰਣਾਲੀਆਂ ਤੇ ਮਨੋਵਿਗਿਆਨ ਦੇ ਵਿਦਿਆ-ਵਿਧੀ-ਸਿਧਾਂਤਾਂ ਉਪਰ ਪ੍ਰਭਾਵਾਂ ਕਾਰਣ ਅਜੋਕੇ ਯੁਗ ਵਿੱਚ ਅਨੁਭਵ ਕੀਤੀ ਗਈ ਹੈ ਕਿ ਪਾਠ-ਪੁਸਤਕਾਂ ਤੋਂ ਬਿਨਾਂ ਬੱਚੇ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕਰਨ ਲਈ 'ਜਨਰਲ', ਰਚਨਾਤਮਿਕ ਜਾਂ ਮਨੋਰੰਜਕ ਸਾਹਿਤ ਦੀ ਲੋੜ ਹੈ।

ਇਕ ਵਿਦਿਆ-ਵਿਧੀ-ਸਿਧਾਂਤ ਹੈ ਕਿ ਰਚਨਾਤਮਿਕ ਸਾਹਿਤ, ਬੱਚੇ ਦੇ ਅਕਾਦਮਿਕ ਸਾਹਿਤ ਦਾ ਪੂਰਕ ਹੈ; ਸਗੋਂ ਗਤੀਵਿਧੀ-ਆਧਾਰਿਤ ਵਿਦਿਆ-ਪ੍ਰਣਾਲੀਆਂ ਦੇ ਅਨੁਯਾਈ ਤਾਂ ਮਨੋਰੰਜਕ ਅਤੇ ਮੌਲਿਕ ਸਾਹਿਤ ਨੂੰ ਹੀ ਵਿਦਿਆ ਦਾ ਮਾਧਿਅਮ ਮੰਨਦੇ ਹਨ। ਮੱਤ ਭਾਵੇਂ ਕੁਝ ਵੀ ਹੋਣ, ਇਹ ਗੱਲ ਸਪਸ਼ਟ ਹੈ ਕਿ ਬਾਲ-ਵਿਦਿਆ ਵਿੱਚ ਮੌਲਿਕ ਸਾਹਿਤ ਦੀ ਮਹਤਤਾ, ਅਕਾਦਮਿਕ ਸਾਹਿਤ ਤੋਂ ਘਟ ਨਹੀਂ।

ਵਿਦਿਆ ਵਿਚ ਅਕਾਦਮਿਕ ਪੱਖ ਦੀ ਹੋਂਦ ਦੇ ਕਾਰਣ ਜਿਥੇ ਵਰਨਮਾਲਾ ਜਾਂ ਵਾਕ-ਆਧਾਰ ਕ੍ਰਮ, ਸ਼ਬਦ-ਦੁਹਰਾਉ ਅਤੇ ਉੱਚ-ਪਧਰ ਕ੍ਰਮ ਆਦਿਕ ਹਨ ਉਥੇ ਇਸ ਦਾ ਇਕ ਮਹਤਵਪੂਰਨ ਸਮਾਜਿਕ ਕਾਰਣ ਇਹ ਹੈ ਕਿ ਵਿਦਿਆ ਦੇ ਪ੍ਰਸਾਰ-ਪਰਚਾਰ ਦਾ ਮੰਚ, ਇਤਹਾਸ ਦੇ ਮੁਢ ਤੋਂ ਲੈ ਕੇ ਸਰਮਾਇਦਾਰੀ ਯੁਗ ਦੇ ਮੁਢ ਤਕ ਵਧੇਰੇ ਕਰ ਕੇ ਧਰਮ ਰਿਹਾ ਹੈ। ਧਰਮ, ਵਿਦਿਆ ਦੇ ਪਰਚਾਰ ਸਬੰਧੀ ਰਾਜਿਆਂ ਤੋਂ ਘਟ ਉਦਾਰ ਨਹੀਂ ਰਿਹਾ। ਤਾਂ ਵੀ ਇਹ ਗੱਲ ਨਹੀਂ ਭੁਲ ਜਾਣੀ ਚਾਹੀਦੀ ਕਿ ਇਹ ਪ੍ਰਸਾਰ ਵੀ ਬਹੁਤ ਸੀਮਤ ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ ।

ਵਿਦਿਆ ਦੇ ਵਿਸ਼ਾਲ ਪ੍ਰਸਾਰ ਦਾ ਸਿਹਰਾ ਬਹੁਤ ਹਦ ਤੱਕ ਪੂੰਜੀਵਾਦ ਦੇ ਸਿਰ ਬੱਝਦਾ ਹੈ ਜਿਹੜਾ ਆਪਣੇ ਨਾਲ "ਸੁਤੰਤਰਤਾ, ਅਮਨ ਅਤੇ ਉੱਨਤੀ" ਦੇ ਨਾਹਰੇ ਤੋਂ ਬਿਨਾਂ ਸਮਾਨਤਾ ਦੀ ਚੇਤੰਨਤਾ ਵੀ ਲੈ ਕੇ ਆਇਆ ਸੀ । ਇਹ ਸਮਾਨਤਾ ਵਿਦਿਆ ਦੀ ਕਾਣੀ-ਵੰਡ ਦੇ ਵਿਰੁਧ ਸੀ । ਯੂਰਪ ਵਿੱਚ ਵਿਦਿਆ ਦਾ ਇਹ ਪ੍ਰਸਾਰ ਤਾਂ ਸਗੋਂ ਪੁਨਰ-ਜਾਗ੍ਰਤੀ ਲਹਿਰ ਦੀ ਉਪਜ ਨਹੀਂ ਸਗੋਂ ਇਸ ਦਾ ਇਕ ਕਾਰਣ ਸੀ । ਇਹੋ ਯੁਗ ਸੀ ਜਿਸ ਵਿੱਚ ਸਾਹਿਤਕਾਰਾਂ ਨੇ ਪਹਿਲੀ ਵਾਰ, ਭਾਵੇਂ ਨਾਂ ਮਾਤ੍ਰ ਹੀ ; ਬੱਚਿਆਂ ਅਤੇ ਕੇਵਲ ਬੱਚਿਆਂ ਲਈ ਲਿਖਿਆ ਅਤੇ ਜੋ ਕੁਝ ਲਿਖਿਆ ਉਸ ਵਿਚ ਵਧੇਰੀ ਮਾਤ੍ਰਾ ਗੱਦ ਜਾਂ ਪੱਦ ਕਥਾ ਦੀ ਸੀ । ਰਾਬਰਟ ਬ੍ਰਾਉਨਿੰਗ ਦੀ 'ਪਾਈਪਰ ਆਫ ਹੈਮਿਲਨ' ਤੋਂ ਲੈ ਕੇ ਟਾਲਸਟਾਏ ਦੀ ਕਹਾਣੀ 'ਤਿੰਨ ਰਿੱਛ' ਤਕ, ਕੁਝ ਕਹਾਣੀਆਂ ਵਰਣਨ ਯੋਗ ਹਨ । ਅਸਲ ਵਿੱਚ ਸਾਹਿਤਕਾਰਾਂ ਦਾ ਬਾਲ-ਕਥਾਵਾਂ ਦੀ ਰਚਨਾ ਵਲ ਕਿਸੇ ਲੋੜ-ਵੱਸ ਜਾਂ ਸੁਚੇਤ ਧਿਆਨ ਦੇਣਾ ਹੀ ਅਜਿਹਾ ਜਤਨ ਸੀ ਜਿਹੜਾ ਵਿਦਿਆ ਵਿੱਚ ਅਕਾਦਮਿਕ ਸਾਹਿਤ ਦੇ ਟਾਕਰੇ ਤੇ ਮੌਲਿਕ ਬਾਲ-ਕਹਾਣੀਆਂ ਨੂੰ ਥਾਂ ਦੇਂਦਾ ਸੀ । ਇਹ ਵੀ ਇਕ ਸੁਆਦਲੀ ਗੱਲ ਹੈ ਕਿ ਰਾਜ ਘਰਾਣਿਆਂ ਤੋਂ ਮਗਰੋਂ ਜੇ ਸਭ ਤੋਂ ਵੱਧ ਮਹਤੱਤਾ ਇਸ ਯੁਗ ਵਿੱਚ ਕਿਸੇ ਸ਼੍ਰੇਣੀ ਨੇ ਵਿਦਿਆ ਦੀ ਸਮਝੀ, ਇਸ ਦੀ ਮੰਗ ਕੀਤੀ ਤਾਂ ਉਹ ਬਿਉਪਾਰੀ ਸ਼੍ਰੇਣੀ ਸੀ । ਇੰਜ, ਪੂੰਜੀਵਾਦੀ ਯੁਗ ਨੇ ਪੁਰਾਣਿਕ ਕਥਾਵਾਂ ਤੋਂ ਲੈ ਕੇ ਲੋਕ ਰਵਾਇਤਾਂ ਤਕ ਅਣਗੌਲੇ ਤੇ ਹੌਲੀ-ਹੌਲੀ ਭੁਲਦੇ ਜਾ ਰਹੇ ਵਿਰਸੇ ਨੂੰ ਭੰਨ-ਘੜ ਤੇ ਮਾਂਜ-ਲਿਸ਼ਕਾ ਕੇ ਅਕਾਦਮਿਕ ਸਾਹਿਤ ਦਾ ਹਿੱਸਾ ਬਣਾਉਣ ਦਾ ਰਾਹ ਖੋਹਲ ਦਿੱਤਾ ।

ਪਰ ਕੀ ਸਾਰਾ ਵਿਰਸਾ-ਸਮੁੱਚੇ ਰੂਪ ਵਿੱਚ ਅੱਜ ਦੇ ਬੱਚੇ ਦੀਆਂ ਮਾਨਸਿਕ ਅਤੇ ਵਿਦਿਅਕ ਲੋੜਾਂ ਪੂਰੀਆਂ ਕਰਦਾ ਹੈ ?

ਅੱਜ ਇਕੱਲੇ-ਇਕੱਲੇ ਦੇਸ਼ ਦੀਆਂ ਸਰਕਾਰਾਂ ਅਤੇ ਯੂਨੈਸਕੋ ਜਹੀਆਂ ਕੌਮਾਂਤ੍ਰੀ ਸੰਸਥਾਵਾਂ ਪੜ੍ਹੇ-ਲਿਖਿਆਂ ਦੀ ਪ੍ਰਤੀ-ਸੈਂਕੜੇ ਸੰਖਿਆ ਵਧਾਉਣ ਦੀ ਹੋੜ ਲਾ ਰਹੀਆਂ ਹਨ । ਬੱਚਿਆਂ ਦੀ ਲਾਜ਼ਮੀ ਵਿਦਿਆ, ਇਸਤ੍ਰੀ-ਵਿਦਿਆ ਅਤੇ ਬਾਲਗ਼-ਵਿਦਿਆ ਇਸੇ ਹੋੜ ਦੇ ਦੂਜੇ ਰੂਪ ਹਨ ।

ਵਿਦਿਆ ਦੇ ਪ੍ਰਸਾਰ ਦੇ ਨਾਲ ਇਸ ਦੀ ਸਰਲਤਾ, ਸੁਹਜ-ਸੁਆਦ ਤੇ ਮਨੋਰੰਜਕ ਪਾਸੇ ਵਲ ਬਹੁਤ ਧਿਆਨ ਦਿੱਤਾ ਜਾ ਰਿਹਾ ਹੈ । ਸਕ੍ਰਯਤਾ (Activity) ਉਪਰ ਆਧਾਰਿਤ ਇਸ ਵਿਦਿਆ ਦੀਆਂ ਕਈ ਪੱਧਤੀਆਂ-ਪ੍ਰਣਾਲੀਆਂ ਅੱਜ ਵਿਦਿਅਕ ਦੁਨੀਆਂ ਵਿੱਚ ਚਲ ਰਹੀਆਂ ਹਨ । ਇਨ੍ਹਾਂ ਵਿਚੋਂ ਕਿਹੜਾ ਢੰਗ ਕਿਹੜੇ ਦੇਸ਼ ਤੇ ਕਿਹੜੇ ਹਾਲਾਂਤ ਵਿੱਚ ਮੁਆਫਿਕ ਹੋਵੇਗਾ ਇਹ ਸਮਾਂ ਦਸੇਗਾ, ਪਰ ਹਾਲ ਦੀ ਘੜੀ ਪ੍ਰਾਇਮਰੀ ਵਿਦਿਆ ਲਈ ਨਵੇਂ ਆਯਾਮਾਂ ਦਾ ਇਕ ਰਾਹ ਜ਼ਰੂਰ ਖੁਲ੍ਹ ਗਿਆ ਹੈ ।

ਵਿਦਿਆ ਦੇ ਪਾਠ-ਕ੍ਰਮ ਵਿੱਚ ਇਕ ਵੱਡਾ ਸੰਕਟ ਅਜ ਆਮ ਤੌਰ ਤੇ ਸੰਸਾਰ ਅਤੇ ਖਾਸ ਤੌਰ ਤੇ ਭਾਰਤ ਜਹੇ ਨਵੇਂ ਆਜ਼ਾਦ ਹੋਏ ਜਾਂ ਹੋ ਰਹੇ ਦੇਸ਼ ਦੇ ਵਿਦਿਆ ਵਿਸ਼ੇਸ਼ੱਗਾਂ ਦੇ ਸਾਹਮਣੇ ਹੈ । ਉਹ ਸੰਕਟ ਹੈ ਪ੍ਰਾਇਮਰੀ, ਇਸ ਤੋਂ ਉਪਰਲੀ ਵਿਦਿਆ ਅਤੇ ਰਚਨਾਤਮਿਕ ਸਾਹਿਤ ਵਿਚਕਾਰ ਇਕ ਖੱਪੇ; ਇਕ ਪਾੜ, ਦੀ ਹੋਂਦ ।

ਪ੍ਰਾਇਮਰੀ ਵਿਦਿਆ ਨੂੰ ਮਨੋਵਿਗਿਆਨਕ, ਦ੍ਰਿਸ਼ਟਮਾਨ-ਸਹਾਇਤਾ (Visual aid) ਅਤੇ ਸਕ੍ਰਿਯਤਾਵਾਂ (Activities) ਦੇ ਪੱਖ ਤੋਂ ਅਜਿਹੇ ਬਣਾਉਣ ਦੇ ਯਤਨ ਤਾਂ ਹੋ ਰਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਕਹਾਣੀਆਂ ਰਾਹੀਂ ਵਿਦਿਆ ਤੇ ਵਾਕਫ਼ੀ ਦੇਣ ਦੇ ਤਜਰਬੇ ਵੀ ਹੋਏ ਹਨ ਅਤੇ ਉਹ ਬੜੇ ਆਸ ਉਪਜਾਊ ਹਨ। ਇਸ ਸੇਧ ਵਿਚ ਕੁਝ ਪ੍ਰਾਪਤੀਆਂ ਵੀ ਹੋਈਆਂ ਹਨ। (ਅਤੇ 'ਪਬਲਿਕ ਸਕੂਲਾਂ' ਦੇ ਨਾਂ ਹੇਠ ਬਾਲ-ਵਿਦਿਆ ਦਾ ਵਣਜੀਕਰਨ ਵੀ ਹੋ ਰਿਹਾ ਹੈ) ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦ ਪਹਿਲੀਆਂ ਚਾਰ ਜਾਂ ਛੇ ਸ਼੍ਰੇਣੀਆਂ ਪਾਸ ਕਰਦਿਆਂ ਹੀ ਸਿੱਧੇ ਗੰਭੀਰ ਤੇ ਟੈਕਨੀਕਲ ਵਿਸ਼ੇ, ਔਖੀ ਸ਼ਬਦਾਵਲੀ, ਗੁੰਝਲਦਾਰ ਵਾਕ ਤੇ ਰਮਜ਼ਾਂ ਅਤੇ ਸਿਧਾਂਤਾਂ ਵਾਲੇ ਪਾਠ ਆ ਜਾਂਦੇ ਹਨ। ਇਹ ਨਾ ਰਚਨਾਤਮਿਕ ਸਾਹਿਤ ਹੈ ਨਾ ਅਸਲ ਅਰਥਾਂ ਵਿਚ ਅਕਾਦਮਿਕ। ਨਾ ਇਸ ਵਿਚ ਰੋਚਕਤਾ ਹੈ ਨਾ ਸੁਹਜ - ਸੁਆਦ ਅਤੇ ਜੋ ਕੁਝ ਮਿਲਦਾ ਵੀ ਹੈ, ਉਹ ਅੱਜ ਦੇ ਬੱਚੇ ਦੀ ਬੁੱਧੀ ਨੂੰ ਨਹੀਂ ਵਧਾਉਂਦਾ-ਵਰੋਸਾਉਂਦਾ।

ਹਰ ਦੇਸ਼ ਵਿਚ, ਹਰ ਇਕ ਵਸਨੀਕ ਨੂੰ ਪੜ੍ਹਿਆ-ਲਿਖਿਆ ਬਨਾਉਣ ਦੇ ਜਤਨ ਹੋ ਰਹੇ ਹਨ। ਇਸ ਸੰਬੰਧ ਵਿਚ ਬਾਲਗ਼-ਵਿਦਿਆ ਇਕ ਵੱਖਰਾ ਖੇਤਰ ਬਣ ਰਿਹਾ ਹੈ, ਜਿਹੜਾ ਵਿਦਿਆ ਵੀ ਹੈ ਤੇ ਸਮਾਜ-ਕਲਿਆਨ ਹਿਤ ਕੀਤੀ ਗਈ ਇਕ ਸਰਗਰਮੀ ਵੀ। ਇਹ ਸਰਗਰਮੀ ਤੇਜ਼ ਵੀ ਕੀਤੀ ਜਾ ਰਹੀ ਹੈ। ਇਸ ਲਈ ਸਾਹਿਤ ਵੀ ਛਾਪਿਆ ਜਾ ਰਿਹਾ ਹੈ। ਪਰ ਕੀ ਇਹ ਅਸਲ ਅਰਥਾਂ ਵਿਚ ਲੋੜਾਂ ਪੂਰਨ ਵਾਲਾ ਸਾਹਿਤ ਹੈ ? ਅੱਖਰ-ਬੋਧ ਸਮੇਂ ਬਾਲਗ਼-ਵਿਦਿਆਰਥੀ ਦੀ ਮਾਨਸਿਕ ਹਾਲਤ ਇਹ ਹੈ ਕਿ ਉਹ ਅੱਖਰਾਂ ਵਿਚ ਅੰਞਾਣਾ ਹੈ, ਸਾਧਾਰਨ ਗਿਆਨ ਵਿਚ ਨਹੀਂ। ਇਸ ਲਈ, ਕਥਾ-ਸਾਹਿਤ ਦੇ ਰੂਪ ਵਿਚ ਉਸ ਨੂੰ ਜੋ ਕੁਝ ਮਿਲਦਾ ਹੈ ਜੇ ਉਹ ਧਾਰਮਿਕ ਹੈ ਤਾਂ ਸ਼ਰਧਾ ਹੇਠ ਭਾਵੇਂ ਪੜ੍ਹਿਆ ਜਾਏ; ਉਤਸਕਤਾ ਉਪਜਾ ਤੇ ਪੂਰ ਨਹੀਂ ਸਕਦਾ। ਸੋ ਬਾਲਗ਼-ਵਿਦਿਆ ਦੀ ਇਹ ਸਮੱਸਿਆ ਬਹੁਤ ਹੱਦ ਤਕ ਬਾਲ-ਵਿਦਿਆ ਨਾਲ ਰਲਦੀ ਹੈ।

ਪ੍ਰਾਇਮਰੀ ਜਾਂ ਮਿਡਲ ਤੋਂ ਮਗਰੋਂ ਸਭ ਵਿਸ਼ੇ ਆਪਣਾ ਟੈਕਨੀਕਲ ਜਾਂ ਵਿਕਾਸਮਈ ਰਾਹ ਫੜ ਕੇ ਵੱਖ ਹੋ ਜਾਂਦੇ ਹਨ। ਪਰ ਭਾਸ਼ਾ ਦੇ ਪੱਖ ਵਿਚ ਕੋਈ ਤਾਰਕਿਕ ਵਿਕਾਸ ਨਹੀਂ ਹੁੰਦਾ। ਪ੍ਰਾਇਮਰੀ ਵਿਦਿਆ ਦੀਆਂ ਸਭ ਪੁਸਤਕਾਂ ਦੀਆਂ ਭੂਮਿਕਾਵਾਂ ਵਿਚ ਵਿਗਿਆਨਕ ਸ਼ਬਦ-ਦੁਹਰਾਉ ਅਤੇ ਕ੍ਰਮਬੱਧਤਾ ਦੇ ਦਮਗਜੇ ਮਾਰੇ ਹੁੰਦੇ ਹਨ। ਪਰ ਇਸ ਸ਼ਬਦ-ਦੁਹਰਾਉ ਦੇ ਅਭਿਆਸ ਦੀ ਥਾਂ, ਅਗਲੀਆਂ ਸ਼੍ਰੇਣੀਆਂ ਦੇ ਭਾਸ਼ਾ ਦੇ ਵਿਸ਼ੇ 'ਤੇ ਪਾਠ-ਪੁਸਤਕਾਂ ਵਿਚ ਸਚੇਤ ਤੌਰ ਤੇ ਪੈਦਾ ਕੀਤੀ ਸ਼ਬਦ ਦੀ ਕਿਰਿਆ-ਰੂਪ ਸਾਧਨਾ ਜਾਂ ਸ਼ਬਦ-ਬਹੁ-ਪ੍ਰਕਾਸ਼ਤਾ ਲੈ ਸਕਦੀ ਹੈ : ਇਸ ਦਾ ਖ਼ਿਆਲ ਸਾਡੇ ਪਾਠ-ਪੁਸਤਕ ਲੇਖਕ ਘਟ ਹੀ ਕਰਦੇ ਹਨ, ਅਤੇ ਨਾ ਹੀ ਰਾਇਲਟੀਆਂ ਲਈ ਕਾਹਲੇ ਲੇਖਕ ਇਹ ਸੋਚਣ ਦੀ ਖੇਚਲ ਕਰਦੇ ਹਨ ਕਿ ; ਕੀ ਪ੍ਰਾਇਮਰੀ ਵਿਦਿਆ ਵਾਲੀ ਕ੍ਰਮਬਧਤਾ, ਵਿਸ਼ਿਆਂ ਦੇ ਸਮੁੱਚੇ ਅਤੇ ਬੁਨਿਆਦੀ ਸਿਧਾਂਤਾਂ ਨੂੰ ਸਮਝਾਉਣ ਲਈ ਵੀ ਵਰਤੀ ਜਾ ਸਕਦੀ ਹੈ ? ਤੇ ਕੀ ਅਜਿਹੇ ਖੁਸ਼ਕ ਸਿਧਾਂਤਾਂ ਨੂੰ ਸਮਝਾਉਣ ਅਤੇ ਸੌਖੇ ਵਿਸ਼ਿਆਂ ਦੇ ਅਧਿਅਨ ਲਈ ਉਤਸ਼ਾਹ ਬਨਾਉਣ ਦਾ ਕੰਮ, ਕਹਾਣੀ ਤੋਂ ਲੀਤਾ ਜਾ ਸਕਦਾ ਹੈ ?

ਬਾਲ-ਮਨ ਦੀ ਇਕ ਵਡੀ ਖ਼ਾਸੀਅਤ ਇਹ ਹੈ ਕਿ ਉਹ ਸੰਪਰਕ ਵਿਚ ਆਉਂਦੀ ਹਰ ਸ਼ੈ ਜਾਂ ਵਰਤਾਰੇ ਅਤੇ ਮਨ ਵਿਚ ਆਉਂਦੇ ਹਰ ਖ਼ਿਆਲ ਦੀ ਘੁੰਡੀ ਖੋਹਲਣਾ ਚਾਹੁੰਦਾ ਹੈ। ਬਾਲਗ਼ ਮਨ ਲਈ, ਕਈ ਤੱਥ ਤੇ ਵਿਚਾਰ ਜਿਹੜੇ ਪੂਰਵ-ਨਿਸ਼ਚਿਤ ਤੇ ਸੁਤੇ-ਸਿੱਧ ਹਨ ਉਹ ਬਾਲ-ਬੁੱਧ ਲਈ ਕਿੰਤੂ ਹਨ ; ਪ੍ਰਸ਼ਨ ਹਨ। ਅਤੇ ਬੱਚੇ ਦਾ ਮਨ ਉਨ੍ਹਾਂ ਪ੍ਰਸ਼ਨਾਂ ਦੀ ਨਿਸ਼ਾ ਚਾਹੁੰਦਾ ਹੈ। ਬਾਲ-ਸਾਹਿਤ, ਕਥਾ-ਕਹਾਣੀ ਦੀ ਇਸ ਮੁਢਲੀ ਤੇ ਮੋਟੀ ਸ਼ਰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਪੂਰੀ ਕਰ ਲਵੇ—ਉਹ ਜਿਹੜੀ ਔਖੀ ਗੱਲ, ਸਾਇੰਸ ਦਾ ਜਿਹੜਾ ਅਸੂਲ, ਕਿਸੇ ਕੈਮੀਕਲ ਦਾ ਕੋਈ ਕਰਮ-ਪ੍ਰਤੀਕਰਮ, ਵਿਆਕਰਣ ਦਾ ਨਿਯਮ ਜਾਂ ਹਿਸਾਬ ਦਾ ਜਿਹੜਾ ਫਾਰਮੂਲਾ ਵੀ ਸਮਝਾਉਣਾ ਚਾਹੁੰਦਾ ਹੈ ਉਸ ਦੀ ਇਕ ਸੂਖਮ ਤੇ ਸਰਲ ਜਹੀ ਘੁੰਡੀ ਪਾ ਲਵੇ, ਗੋਰਖ-ਧੰਦਾ ਨਹੀਂ। ਇਸ ਉਤਕੰਠਾ ਪੂਰਨ ਘੁੰਡੀ ਨੂੰ ਜੇ ਉਹ ਕਿਸੇ ਕਲਾ-ਪੂਰਨ ਘਟਨਾ ਜਾਂ ਕਾਰਜ ਨਾਲ ਖੋਹਲ ਦੇਵੇ ਤਾਂ ਵਿਦਿਆਰਥੀ ਸੁਆਦੋ-ਸੁਆਦ ਹੋ ਜਾਏਗਾ ਅਤੇ ਸਾਇੰਸ ਦਾ ਇਕ ਅਸੂਲ, ਰਸਾਇਣਕ ਪ੍ਰਤੀਕਰਮ, ਇਕ ਵਿਆਕਰਕ ਨੇਮ ਜਾਂ ਹਿਸਾਬੀ ਫਾਰਮੂਲਾ, ਬਾਲ-ਬੁੱਧ ਵਿਚ ਘਰ ਕਰ ਜਾਏਗਾ ।

ਪੜ੍ਹਾਈ ਦਾ ਆਧਾਰ ਯਾਦ ਸ਼ਕਤੀ ਹੈ। ਯਾਦ ਕੁਝ ਨਹੀਂ ਤਾਂ ਪੜ੍ਹਿਆ ਕਿਸ ਕੰਮ। ਅਤੇ ਪੜ੍ਹੇ ਹੋਏ ਉਪਰ ਅਮਲ ਤੇ ਵਰਤੋਂ ਦਾ ਕੀ ਸੁਆਲ ! ਜਦੋਂ ਅਸੀਂ ਕੋਈ ਗਲ ਪੜ੍ਹਦੇ ਹਾਂ, ਸੁਣਦੇ ਹਾਂ ਤਾਂ ਇਹ ਯਾਦ ਹੋ ਜਾਂਦੀ ਹੈ। ਛੂਹ ਜਾਂ ਸੁਆਦ ਰਾਹੀਂ ਅਤੇ ਕਰ ਕੇ ਦੇਖੀ ਚੀਜ਼ ਵਧੇਰੀ ਯਾਦ ਰਹਿੰਦੀ ਹੈ। ਪਰ ਵਿਦਿਆ ਦੀ ਪੜ੍ਹਾਈ ਵਿਚ ਕਈ ਚੀਜ਼ਾਂ ਛੂਹ, ਚੱਖ, ਜਾਂ ਕਰ ਕੇ ਦੇਖਣੀਆਂ ਜ਼ਰੂਰੀ ਹੁੰਦੀਆਂ ਹਨ ਅਤੇ ਕਈ ਸੰਭਵ ਹੀ ਨਹੀਂ ਹੁੰਦੀਆਂ ਪਰ ਉਹ ਕਿਸੇ ਕਾਰਣ ਯਾਦ ਵੀ ਨਹੀਂ ਹੁੰਦੀਆਂ। ਰੱਟਾ-ਘੋਟਾ ਵੀ, ਵੇਲੇ ਦੇ ਵੇਲੇ ਇਹ ਗੱਲਾਂ ਮੂੰਹ ਉਪਰ ਚਾੜ੍ਹ ਦੇਂਦਾ ਹੈ ਪਰ ਵੇਲੇ ਸਿਰ ਗਲ ਭੁੱਲੀ ਹੁੰਦੀ ਹੈ। ਆਧੁਨਿਕ ਵਿਦਿਅਕ- ਮਨੋਵਿਗਿਆਨਕਾਂ ਦੀ ਵੀ ਇਹ ਸਿਫਾਰਸ਼ ਹੈ ਕਿ ਅਜਿਹੀਆਂ ਗਲਾਂ ਨਾਲ ਕੋਈ ਘਟਨਾ, ਪ੍ਰੀਕਲਪਨਾ, ਕੋਈ ਮਨੋਵਿਗਿਆਨਕ ਸੰਬੰਧ ਜੋੜ ਦਿਤੇ ਜਾਣ ; ਗਲ ਯਾਦ ਹੋ ਜਾਏਗੀ। ਮੰਨ ਲਿਆ ਜਾਏ: ਇਕ ਕਹਾਣੀ ਦਾ ਨਾਂ 'ਭੂਤਾਂ ਦਾ ਖੂਹ' ਹੈ ਇਸ ਵਿਚ ਇਕ ਮੁੰਡਾ ਛੁਟੀਆਂ ਵਿਚ ਆਪਣੇ ਪਿੰਡ ਆਉਂਦਾ ਹੈ। ਪਿੰਡ ਦੇ ਇਕੋ ਇਕ ਡੂੰਘੇ ਖੂਹ ਦਾ ਗੰਧਲਾ ਤੇ ਕੂਰਿਆਂ-ਕੀੜੀਆਂ ਵਾਲਾ ਪਾਣੀ ਉਸ ਨੂੰ ਪੀਣ ਲਈ ਮਿਲਦਾ ਹੈ। ਦੱਸਿਆ ਜਾਂਦਾ ਹੈ ਕਿ ਪਾਣੀ ਇਸ ਲਈ ਸਵੱਛ ਨਹੀਂ, ਕਿਉਂਕਿ ਖੂਹ ਦੀ ਕਦੀ ਸਫਾਈ ਨਹੀਂ ਹੋਈ। ਇਸ ਲਈ ਨਹੀਂ ਹੋਈ ਕਿਉਂਕਿ ਖੂਹ ਭਾਰਾ ਹੈ-ਇਸ ਵਿਚ ਭੂਤਾਂ ਦਾ ਵਾਸਾ ਹੈ ; ਉਸ ਵਿਚ ਦੀਵਾ ਨਹੀਂ ਬਲ ਸਕਦਾ। ਜੇ ਕੋਈ, ਵਿਚ ਉਤਰੇ ਤਾਂ ਉਹ ਬਿਨਾਂ ਕਾਰਣ ਬੇਹੋਸ਼ ਹੋ ਜਾਂਦਾ ਹੈ। ਮੁੰਡੇ ਨੂੰ ਕੋਈ ਗੱਲ ਫੁਰਦੀ ਹੈ ਤੇ ਉਹ ਖੂਹ ਵਿਚੋਂ ਭੂਤ ਕਢਣ ਦੀ ਪਰਤੱਗਿਆ ਕਰ ਲੈਂਦਾ ਹੈ। ਉਹ ਇਕ ਛਤਰੀ ਖੋਹਲ ਕੇ ਖੂਹ ਵਿਚ ਲਟਕਾਉਂਦਾ ਹੈ। ਖਾਲੀ ਛਤਰੀ ਨੂੰ ਖੂਹ ਵਿਚੋਂ ਕਢਕੇ ਬਾਹਰ ਪਲਟਦਾ ਤੇ ਫੇਰ ਵਿਚ ਲਟਕਾ ਦੇਂਦਾ ਹੈ। ਕੱਠੇ ਹੋਏ ਲੋਕ ਉਸ ਉਪਰ ਹਸਦੇ ਅਤੇ ਉਸ ਦੇ ਮਾਪੇ ਖਿਝਦੇ ਹਨ। ਅਖ਼ੀਰ ਖੂਹ ਵਿਚ ਲਟਕਾਇਆ ਦੀਵਾ ਬੁੱਝਦਾ ਨਹੀਂ। ਟੋਭੇ ਖੂਹ ਵਿਚ ਉਤਰਦੇ ਹਨ। ਕਿਸੇ ਨੂੰ ਕੁਝ ਨਹੀਂ ਹੁੰਦਾ। ਖੂਹ ਸਾਫ ਹੋ ਜਾਂਦਾ ਹੈ। ਪਿੰਡ ਵਾਲੇ ਮੁੰਡੇ ਤੋਂ ਇਸ ਦਾ ਭੇਤ ਪੁਛਦੇ ਹਨ। ਉਹ ਸਮਝਾਉਂਦਾ ਹੈ ਕਿ ਇਹ ਸਭ ਇਕ ਗੈਸ ਦੇ ਕਾਰਣ ਹੈ। ਗੈਸ ਦਾ ਲੱਛਣ ਉਹ ਹਵਾ ਨਾਲੋਂ ਭਾਰਾਪਣ ਦਸਦਾ ਹੈ ਜਿਸ ਕਾਰਣ ਇਹ ਖੂਹ ਦੇ ਹੇਠਾਂ ਕੱਠੀ ਹੋ ਜਾਂਦੀ ਹੈ। ਇਸ ਵਿਚ ਅੱਗ ਨਹੀਂ ਬਲਦੀ ਇਸ ਲਈ ਦੀਵਾ ਬੁੱਝ ਜਾਂਦਾ ਹੈ। ਇਹ ਮਨੁੱਖ ਦੇ ਸਵਾਸ ਲਈ ਹਾਨੀਕਾਰਕ ਹੈ ਇਸੇ ਲਈ ਖੂਹ ਵਿਚ ਉਤਰਨ ਵਾਲੇ ਨੂੰ ਸਾਹ ਨਹੀਂ ਆਉਂਦਾ ਤੇ ਉਹ ਬੇਹੋਸ਼ ਹੋ ਜਾਂਦਾ ਹੈ। ਤੇ ਅਖੀਰ ਉਹ ਦਸਦਾ ਹੈ ਕਿ ਇਸ ਦਾ ਨਾਂ ਕਾਰਬਨ ਡਾਇਕਸਾਈਡ ਹੈ ।

ਇਹ ਕਹਾਣੀ ਸਾਧਾਰਨ ਸਾਇੰਸ ਤੋਂ ਘਬਰਾਉਣ ਵਾਲਾ ਵਿਦਿਆਰਥੀ ਪੜ੍ਹਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਕਹਾਣੀ ਦੀ ਉਤਕੰਠਾ ਕਾਰਨ ਸਾਇੰਸ ਬਾਰੇ ਸੁਚੇਤ ਵੀ ਨਹੀਂ। ਕਹਾਣੀ ਦੀ ਘੁੰਡੀ ਜਦੋਂ ਖੁਲ੍ਹਦੀ ਹੈ ਕਾਰਬਨ ਡਾਇਕਸਾਈਡ ਦੀ ਪ੍ਰੀਭਾਸ਼ਾ, ਲੱਛਣ ਤੇ ਪ੍ਰਤੀਕਰਮ ਉਸ ਨੂੰ ਯਾਦ ਹੋ ਚੁਕੇ ਹੁੰਦੇ ਹਨ।

ਭੂਗੋਲ ਦਾ ਇਕ ਪ੍ਰਸ਼ਨ; ਮਿਤੀ-ਰੇਖਾ—ਇਕ ਕਹਾਣੀ ਨਾਲ ਸਮਝਾਇਆ ਜਾ ਸਕਦਾ ਹੈ ਜਿਸ ਵਿਚ ਜਹਾਜ਼ ਦਾ ਇਕ ਕਪਤਾਨ ਪੂਰੇ ਤਿੰਨ ਸਾਲ ਪਿਛੋਂ ਆਪਣੇ ਦੇਸ਼ ਪਰਤਿਆ ਹੈ। ਉਸ ਨੇ ਸਾਰਾ ਸਫ਼ਰ, ਨੇਮ ਨਾਲ ਡਾਇਰੀ ਲਿਖੀ ਹੈ। ਉਸ ਨੂੰ ਅਤੇ ਸਾਰੇ ਜਹਾਜ਼ੀਆਂ ਨੂੰ ਵਿਸ਼ਵਾਸ ਹੈ ਕਿ ਉਹ ਦਿਨ ਸ਼ਨਿਚਰਵਾਰ ਹੈ ਪਰ ਸਾਰੇ ਦੇਸ਼ ਵਾਸੀ ਕਹਿੰਦੇ ਹਨ ਕਿ ਦਿਨ ਐਤਵਾਰ ਦਾ ਹੈ। ਸ਼ਰਤਾਂ ਲਾਉਣ ਤੇ ਝਗੜੇ ਮਗਰੋਂ ਇਕ ਭੂਗੋਲ-ਸ਼ਾਸਤ੍ਰੀ ਇਸ "ਘਮਸਾਨ ਚੌਦਸ" ਨੂੰ ਸੁਲਝਾਉਂਦਾ ਹੈ ਕਿ ਕਪਤਾਨ ਅਸਲ ਵਿਚ ਪੂਰਬ ਤੋਂ ਪੱਛਮ ਵਲ ਤੁਰਦਾ ਸਾਰੀ ਦੁਨੀਆਂ ਦਾ ਚੱਕਰ ਕੱਟ ਕੇ ਵਾਪਸ ਪਰਤਿਆ ਹੈ ਇਸ ਲਈ ਉਹ ਇਕ ਦਿਨ ਪਹਿਲਾਂ ਪੁੱਜਾ ਹੈ।

ਇੰਜ ਹੀ, ਵਿਦਿਆਰਥੀ ਨੂੰ ਭਾਸ਼ਾ ਦਾ ਵਾਕ-ਬੋਧ ਹੋ ਗਿਆ ਹੈ ਪਰ ਉਸ ਨੂੰ ਪਤਾ ਨਹੀਂ ਕਿ ਉਹ ਵਾਕ ਵਿਚ ਕੌਮਾ ਤੇ ਡੰਡੀ ਕਿਥੇ ਲਾਵੇ। ਕਿਉਂ ਨਾ ਇਕ ਕਹਾਣੀ ਰਾਹੀਂ ਇਸ ਪ੍ਰਸ਼ਨ ਦਾ ਉਤਰ ਦਿਤਾ ਜਾਵੇ!

ਜੇ ਉਪਰੋਕਤ ਢੰਗ ਦੀਆਂ ਬਾਲ-ਕਹਾਣੀਆਂ ਲਿਖੀਆਂ ਜਾਣ ਤਾਂ ਬੱਚੇ ਦੀ ਉਤਸੁਕਤਾ ਦਾ ਲਾਭ ਉਠਾ ਕੇ ਇਸ ਨੂੰ ਮਾਧਿਅਮ ਬਣਾ ਕੇ ਵਧੇਰੇ ਔਖੀਆਂ ਤੇ ਖੁਸ਼ਕ ਗੱਲਾਂ ਸਮਝਾਈਆਂ-ਸੁਝਾਈਆਂ ਜਾ ਸਕਦੀਆਂ ਹਨ ਨਹੀਂ ਤਾਂ ਉਤਸੁਕ ਬੱਚਾ ਬਾਜ਼ਾਰ ਦੀ ਪਟੜੀ ਤੇ ਪਹੁੰਚੇਗਾ। ਫੁੱਟ ਪਾਥ ਤੋਂ, ਕੀਮਤੋਂ ਸਸਤਾ ਤੇ ਗੁਣੋਂ ਗਲਿਆ-ਸੜਿਆ ਸਾਹਿਤ ਖਰੀਦੇ ਗਾ।

ਅਜ ਦੇ ਯੁਗ ਦੀਆਂ ਵਿਦਿਅਕ ਲੋੜਾਂ ਪੂਰੀਆਂ ਕਰਨ ਲਈ ਬਾਲ-ਕਹਾਣੀਆਂ ਲਈ ਉਹ ਮਸਾਲਾ ਯੋਗ ਨਹੀਂ ਜਿਹੜਾ ਅਜ ਸਾਨੂੰ ਪੁਰਾਤਨ ਸਾਹਿਤ ਵਿਚੋਂ ਤਾਤਪਰਜ ਦੇ ਤੌਰ ਤੇ ਮਿਲਦਾ ਹੈ। ਅਜ ਨਵੀਆਂ ਲੋੜਾਂ ਪੂਰੀਆਂ ਕਰਨ ਲਈ ਸਾਹਿਤਕਾਰਾਂ ਨੂੰ ਉਹ ਕਹਾਣੀਆਂ ਲਿਖਣ ਦੀ ਲੋੜ ਹੈ ਜਿਹੜੀਆਂ ਕਥਾ ਦੇ ਪੱਖ ਤੋਂ ਕੁਸ਼ਲ ਹੋਣ ਦੇ ਬਾਵਜੂਦ ਵਿਗਿਆਨਕ ਸਿਖਿਆ ਦੇ ਤੌਰ ਤੇ ਭਰੀਆਂ-ਭਕੁੰਨੀਆਂ ਹੋਣ ਅਤੇ ਦੀਖਿਆ ਦੇ ਤੌਰ ਤੇ ਵੀ।

ਨਵੀਆਂ ਲੋੜਾਂ ਨੂੰ ਮੁਖ ਰਖ ਕੇ ਬਾਲ-ਕਥਾ ਦਾ ਸਾਰਾ ਹੀ ਵਿਰਸਾ ਸੁੱਟ ਪਾਉਣ ਯੋਗ ਨਹੀਂ। ਪੁਰਾਤਨ ਕਥਾਵਾਂ ਵਿਚ ਵੀ ਅਮੀਰ ਅੰਸ਼ ਮਿਲਦੇ ਹਨ। ਸਿਖਿਆ ਦੇ, ਕਲਾ ਦੇ ਅਤੇ ਭਾਵਕ ਉਡਾਰੀ ਦੇ। ਇਨ੍ਹਾਂ ਵਿਚੋਂ ਕਈ, ਮੂਲ ਪਲਾਟਾਂ ਨੂੰ ਆਧਾਰ ਬਣਾ ਕੇ ਇਕ ਨਵੀਂ ਸੋਚਣੀ, ਨਵੀਂ ਧਾਰਨਾ, ਵੱਖਰੇ ਢੰਗ, ਪ੍ਰਭਾਵਕ ਸ਼ੈਲੀ ਦੇ ਜ਼ੋਰ ਤੇ ਬਹੁਤ ਕੁਝ ਨਿੱਗਰ ਸਿੱਖਿਆ ਦਿਤੀ ਜਾ ਸਕਦੀ ਹੈ ਇਤਿਹਾਸ ਦੇ ਤੱਥਾਂ ਅਤੇ ਅੰਕੜਿਆਂ (ਜੇ ਕਿਤੇ ਜ਼ਰੂਰੀ ਹੋਵੇ) ਛੇੜੇ ਤੇ ਛੇਕੇ ਬਿਨਾਂ ਬੜੀਆਂ ਸਿਖਿਆਦਾਇਕ ਤੇ ਸੁਆਦਲੀਆਂ ਬਾਲ-ਕਹਾਣੀਆਂ ਲਿਖੀਆਂ ਜਾ ਸਕਦੀਆਂ ਹਨ।

ਸਿੱਧੀ ਸਿਖਿਆ ਨੂੰ ਬਾਲ-ਕਹਾਣੀਆਂ ਵਿਚ ਜਿੰਨਾਂ ਹਾਸ ਰਸ, ਸਹਾਰਦਾ ਹੈ ਓਨਾ ਸ਼ਾਇਦ ਹੀ ਕੋਈ ਹੋਰ ਵਿਧੀ ਜਾਂ ਨਜਿੱਠਣ-ਢੰਗ ਸਹਾਰ ਸਕੇ।

ਬੱਚੇ ਲਈ ਸਭ ਤੋਂ ਔਖੇ ਵਿਦਿਅਕ ਵਿਸ਼ੇ—ਸਾਧਾਰਨ ਵਿਗਿਆਨ, ਸ਼ਰੀਰ-ਕਿਰਿਆ-ਵਿਗਿਆਨ, ਗਣਿਤ ਅਤੇ ਭੂਗੋਲ ਆਦਿਕ — ਪਲਾਟ ਦੇ ਜ਼ੋਰ ਤੇ ਉਤਸੁਕਤਾ

CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਭਰਪੂਰ ਕਹਾਣੀਆਂ ਦੀ ਰਚਨਾ ਵਿਚ ਸਭ ਤੋਂ ਵਧ ਸਹਾਇਕ ਹਨ । ਕਿਉਂਕਿ ਸਭ ਸਾਇੰਸਾਂ ਖਾਸ ਤੌਰ ਤੇ, ਕੋਈ ਨਾ ਕੋਈ ਭੇਦ ਪ੍ਰਗਟ ਕਰਦੀਆਂ ਹਨ ਅਤੇ ਇਹ ਭੇਦ, ਸਪਸ਼ਟ ਹੋਣ ਤੋਂ ਪਹਿਲਾਂ ਬਾਲ-ਬੁੱਧ ਲਈ ਉਤਕੰਠਾ ਪੈਦਾ ਕਰਦਾ ਹੈ ਅਤੇ ਭੇਦ ਖੁਲ੍ਹ ਜਾਣ ਤੋਂ ਮਗਰੋਂ ਸੂਚਨਾ ਜਾਂ ਗਿਆਨ ਨੂੰ ਮਨ ਵਿਚ ਵਸਾ ਦੇਂਦਾ ਹੈ ।

ਦੇਵ-ਕਹਾਣੀਆਂ ਅਤੇ ਪੁਰਾਣਿਕ ਕਥਾਵਾਂ ਜੀਵਨ ਦੇ ਬੁਨਿਆਦੀ ਮਸਲੇ ਸਰਲ ਢੰਗ ਨਾਲ ਸਮਝਣ ਵਿਚ ਬਹੁਤ ਸਹਾਈ ਹੋ ਸਕਦੀਆਂ ਹਨ । ਇਹ ਲਿੰਗ ਤੇ ਇਖਲਾਕ ਜਹੇ ਨਾਜ਼ਕ ਮਸਲਿਆਂ ਨੂੰ ਲੋੜੀਂਦੀ ਹੱਦ ਤਕ ਸਪਸ਼ਟਤਾ ਪ੍ਰਦਾਨ ਕਰਦੀਆਂ ਤੇ ਅਸਪਸ਼ਟਤਾ ਕਾਇਮ ਰਖ ਸਕਦੀਆਂ ਹਨ । ਇਹ ਵਿਸ਼ੇ ਅਜ ਦੇ ਬੱਚੇ ਲਈ ਜ਼ਰੂਰੀ ਹਨ ।

ਜੀਵਨੀਆਂ ਰਾਹੀਂ ਇਤਿਹਾਸ ਦੀ ਵਿਦਿਆ ਦਿਤੀ ਜਾਂ ਵਾਤਾਵਰਣ ਦੀਆਂ ਕਹਾਣੀਆਂ ਨਾਲ ਕੌਤੂਹਲ ਹੀ ਪੈਦਾ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਨਾਲ ਵਸਤਾਂ-ਵਰਤਾਰਿਆਂ ਦੇ ਵੇਰਵੇ ਦਾ ਗਿਆਨ ਵੀ ਦਿਤਾ ਜਾ ਸਕਦਾ ਹੈ ।

ਬਾਲ-ਕਹਾਣੀਆਂ ਦੀ ਰਚਨਾ ਅਜੋਕੇ ਸਾਹਿਤਕਾਰ ਤੋਂ ਅਨ-ਗੌਲੀ ਪਈ ਹੈ—ਇਸ ਖਿਆਲ ਨਾਲ ਕਿ ਬਾਲ-ਸਾਹਿਤ ਰਚਨਾ ਬਚਿਆਂ ਦੀ ਹੀ ਖੇਲ ਹੈ । ਜਿਵੇਂ ਕਿ ਬਾਲ-ਸਾਹਿਤ ਦੇ ਲੇਖਕ ਵੀ ਕਚੇਰੀ ਬੁੱਧ ਅਤੇ ਕਚਘਰੜ ਕਲਾ ਵਾਲੇ ਲੇਖਕ ਹੋਣ ! ਇਹ ਗੱਲ ਅਜ ਦਾ ਬਾਲ-ਸਾਹਿਤ ਦੇਖ ਕੇ ਜਾਪਦੀ ਵੀ ਠੀਕ ਹੈ । ਪਰ ਸੱਚਾ ਲੇਖਕ, ਕਲ ਦੇ ਬਣਨ ਵਾਲੇ ਸਾਹਿਤ-ਰਸੀਏ ਨੂੰ ਅਣਡਿੱਠ ਨਹੀਂ ਕਰ ਸਕਦਾ ਸਗੋਂ ਬਾਲ-ਬੁਧੀ, ਉਸ ਦੇ ਜਜ਼ਬਿਆਂ, ਸੋਚ, ਬੋਲੀ, ਅਤੇ ਪ੍ਰਗਟਾਉ ਦੇ ਪੱਧਰ 'ਤੇ ਉਤਰ ਕੇ ਲਿਖਣਾ ਇਕ ਤਰ੍ਹਾਂ, ਪ੍ਰੌੜ੍ਹ-ਸਾਹਿਤ ਰਚਨਾ ਤੋਂ ਵੀ ਔਖਾ ਹੈ ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀਅਤ ਦੀ ਵਿਗਿਆਨਕ ਨਿਸ਼ਾਨਦੇਹੀ

ਸਭਿਆਚਾਰਕ ਆਦਰਸ਼, ਸਭਿਅ-ਮਨੁੱਖ ਸਮਾਜ ਦਾ ਉਚ-ਪਧੱਰੀ ਤੇ ਗਤੀਸ਼ੀਲ ਯਥਾਰਥ ਹੈ। ਵਿਗਿਆਨਕ ਸਭਿਆਚਾਰਕ ਆਦਰਸ਼ ਉਹ ਹੈ ਜੋ ਗਤੀਸ਼ੀਲ ਸਮਾਜਕ ਹਾਲਤਾਂ ਦੇ ਅਨੁਕੂਲ ਹੋਵੇ ਅਤੇ ਸੋਚ ਵਿਚ ਭੇਦ ਹੋਣ ਤੇ ਵੀ ਅਮਲ ਵਿਚ ਏਕਤਾ ਲਿਆਵੇ।

ਕੁੱਝ ਚਿਰ ਤੋਂ ਪੰਜਾਬੀ ਸਭਿਆਚਾਰ ਦੀ ਗਲ ਤੁਰੀ ਹੈ। ਇਹ ਗਲ ਇਸ ਲਈ ਵੀ ਤੁਰੀ ਹੈ ਕਿ ਪੰਜਾਬੀ ਸਭਿਆਚਾਰ ਇਕ ਹੋਂਦ ਹੈ, ਇਕ ਵਰਤਾਰਾ ਹੈ। ਇਹ ਗਲ ਇਸ ਲਈ ਵੀ ਚਲੀ ਹੈ ਕਿ ਅਸੀ ਉਸ ਯੁਗ ਵਿਚ ਜੀ ਰਹੇ ਹਾਂ ਜਿਸ ਵਿਚ ਮਨੁੱਖ, ਮਨੋ-ਵੇਗਕ ਨਾਲੋਂ ਵਧ ਮਨੋ-ਵਿਗਿਆਨਕ ਢੰਗ ਨਾਲ ਸੋਚਦਾ ਹੈ। ਇਹ ਗਲ ਇਸ ਲਈ ਵੀ ਤੁਰੇਗੀ ਕਿ ਭਾਰਤੀ ਸਭਿਆਚਾਰ ਦੇ ਸਾਹਮਣੇ ਵੀ, ਸੰਸਾਰ-ਸਭਿਆਚਾਰ ਵਿਚ ਆਪਣਾ ਸਥਾਨ ਸਮਝਣ ਦੀ ਹੀ ਲੋੜ ਨਹੀਂ, ਆਪਣੇ ਖੇਤਰੀ-ਸਭਿਆਚਾਰਾਂ ਦੇ ਵਿਕਾਸ ਅਤੇ ਮੇਲ-ਸੁਮੇਲ ਦੇ ਮਸਲੇ ਵੀ ਦਰਪੇਸ਼ ਹਨ। ਪੰਜਾਬੀ ਸਭਿਆਚਾਰ ਦੇ ਅਹਿਸਾਸ ਨੇ ਇਸ ਲਈ ਉਭਰਨਾ ਹੈ ਕਿ ਹੋਰਨਾਂ ਭਾਰਤੀ ਸਭਿਆਚਾਰਾਂ ਦੇ ਸਮਾਨਾਂਤਰ ਪੰਜਾਬੀ ਲੋਕਾਂ ਅੰਦਰ ਵੀ ਆਪਣੇ ਸਭਿਆਚਾਰ ਦੀ ਸਮਝ ਆਈ ਅਤੇ ਸਭਿਆਚਾਰਕ ਵਿਲੱਖਣਤਾ ਦਾ ਅਹਿਸਾਸ ਜਾਗਿਆ ਹੈ।

ਪਰ ਅਜੇ ਤਕ ਪੰਜਾਬੀ ਸਭਿਆਚਾਰ ਦਾ ਅਹਿਸਾਸ ਅਤੇ ਪ੍ਰਤੱਖਣ ਆਪ ਮੁਹਾਰੇ ਹਨ ; ਇਕ-ਪਾਸੜ, ਤਰਕ-ਹੀਣ, ਅਵਿਗਿਆਨਕ ਵਧੇਰੇ ਹਨ। ਪੰਜਾਬੀ ਸਭਿਆਚਾਰ ਬਾਰੇ ਸਾਡੇ ਪਾਸ ਬੇ-ਕਾਇਦਾ ਅਤੇ ਖਿੰਡੀ-ਪੁੰਡੀ ਸਾਮਗ੍ਰੀ ਇਸ ਪ੍ਰਕਾਰ ਉਪਲਭਦ ਹੈ :

੧) ਸਭਿਆਚਾਰ ਦੇ ਅਧਿਅਨ ਦਾ ਇਕ ਮਹੱਤਵ-ਪੂਰਣ ਆਯਾਮ ; ਲੋਕ-ਧਾਰਾ ਜਾਂ ਲੋਕ ਵੇਦ (Folk-Lore) ਹੈ। ਜੋ ਅਤੇ ਜਿਵੇਂ-ਜਿਵੇਂ ਲੋਕ-ਯਾਦਾਂ, ਲੋਕ-ਸਾਹਿਤ, ਅਤੇ ਲੋਕ-ਜੀਵਣ ਵਿਚ ਖਿਲਰਿਆ ਪਿਆ ਦੇਖਿਆ, ਉਸ ਵਿਚੋਂ ਅਖਾਣ, ਮੁਹਾਵਰੇ ਅਤੇ ਕਿੱਸਾ-ਸਾਹਿਤ ਆਦਿਕ ਦਾ ਅੱਧੀ ਕੁ ਸਦੀ ਪਹਿਲਾਂ ; ਗਿਆਨੀ ਪ੍ਰੀਖਿਆ ਵਰਗੀਆਂ ਪਾਠ-ਪੁਸਤਕਾਂ ਦੇ ਰੂਪ ਵਿਚ ਸੰਪਾਦਨ-ਪ੍ਰਕਾਸ਼ਣ ਕੀਤਾ ਗਿਆ। ਸੰਪਾਦਨ-ਸਮੀਖਿਆ ਵਿਚ ਸਾਹਿਤਕ-ਉਲੇਲ ਜਾਂ ਪੰਡਤਾਊਪਣ ਦਾ ਉਲਾਰ ਵਧੇਰਾ ਅਤੇ ਸਭਿਆਚਾਰ ਦੀ ਖੋਜ-ਬਿਰਤੀ ਘਟ ਕਾਰਸਾਜ਼ ਸੀ। ਫੇਰ, ਦਿਉਰ-ਭਾਬੀ ਤੋਂ ਲੈ ਕੇ ਆਤਮਾ-ਪਰਮਾਤਮਾ ਦੇ ਰਿਸ਼ਤਿਆਂ ਅਤੇ ਹਰ ਪ੍ਰਕਾਰ ਦੇ ਸੁੱਝੇ ਸੁਝਾਏ ਦ੍ਰਿਸ਼ਟੀਕੋਣ ਜਾਂ ਪੱਖ ਤੋਂ ਇਸ ਸਾਮਗ੍ਰੀ ਨੂੰ ਹੰਗਾਲਣ-ਸੰਪਾਦਣ ਵਾਲੀਆਂ ਲਿਖਤਾਂ ਨਾਲ ਸਾਹਿਤਕ-ਪੱਤਰਾਂ ਦੇ ਕਾਲਮ ਅਜ ਤਕ ਭਰੇ ਦਿਸਦੇ ਹਨ। ਇਹੋ ਹਾਲ ਕਿੱਸਾ ਸਾਹਿਤ ਦਾ ਹੋਇਆ। ਇੰਜ, ਲੋਕ-ਧਾਰਾ ਦਾ ਇਹ ਅਨੂਠਾ ਅੰਗ, ਧਰਮ-ਅਧਰਮ ਦੇ ਵਿਸ਼ੈ ਨਾਲ ਖ਼ਲਤ-ਮਲਤ ਹੋ ਰਿਹਾ ਹੈ। ਵਣਜਾਰਾ ਬੇਦੀ-ਸੰਪਾਦਿਤ 'ਪਰੰਪਰਾ' ਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲਾ ਪੱਤਰ ਕੁਝ ਚਿਰ ਲਈ ਕੇਵਲ ਲੋਕ-ਧਾਰਾ ਦੀ ਖੋਜ ਤੇ ਵਿਸ਼ਲੇਸ਼ਣ ਦਾ ਜਿਹੜਾ ਕੰਮ ਕਰ ਸਕਿਆ ਉਹ ਅਤੇ ਉਸਦੀ ਲੋਕ-ਧਾਰਾ ਦੀ ਵਿਸ਼ਵ-ਕੋਸ਼ਕਾਰੀ ਇਸ ਆਯਾਮ ਵਿਚ ਸੁਖਦਾਈ ਅਪਵਾਦ ਹਨ। ਲੋਕ-ਧਾਰਾ ਦੇ ਕੁਝ ਅੰਗ-ਪੱਖ ਅਜੇ ਵੀ ਅਨ-ਛੋਹੇ ਪਏ ਹਨ; ਖਾਸਕਰ, ਮਨੋ-ਵੇਗਿਕ ਪ੍ਰਕਿਰਿਆ ਅਤੇ ਪੰਜਾਬੀ ਮਾਨਸਿਕਤਾ ਦੇ ਲੱਛਣਾਂ ਤਕ ਸਾਡੀ ਜਗਿਆਸਾ ਦੀ ਪਹੁੰਚ ਨਹੀਂ ਹੋਈ।

ਲੋਕ-ਧਾਰਾ ਦੇ ਤੱਤ ਅਤੇ ਪ੍ਰਭਾਵ, ਗੁਰਬਾਣੀ ਵਿਚ ਦੇਖ ਕੇ ਜਿਥੇ ਇਕ ਅਕਾਦਮਿਕ ਨੂੰ ਭੰਮਸਾ ਪਿਆ ਹੈ ਕਿ ਗੁਰੂ ਘਰ, ਲੋਕ-ਧਾਰਾ ਦਾ ਵਾਰਸ ਹੈ (ਜਿਵੇਂ ਇਸ ਦੀ ਕੋਈ ਨਵੇਕਲੀ ਦਾਰਸ਼ਨਿਕ ਦੇਣ ਜਾਂ ਪ੍ਰਾਪਤੀ ਨਾ ਹੋਵੇ;) ਉਥੇ ਇਕ ਬਜ਼ੁਰਗ ਸਾਹਿਤ-ਸੰਗ-ਸਮੀਖਿਆਕਾਰ, ਪੂਰਣ ਭਗਤ ਦੇ ਕਥਾਨਕ ਵਿਚਲੇ ਲੋਕ-ਪੱਖ ਅਤੇ ਰਾਜ-ਵਿਰੋਧ ਨੂੰ ਹੀ ਪੰਜਾਬੀ ਸੁਭਾਅ ਦੇ ਰੂਪ ਵਿਚ ਦੇਖਦਾ ਹੈ। ਪੰਜਾਬੀ ਮੁਆਸ਼ਰੇ ਹੀ ਨਹੀਂ, ਹੋਰਨਾਂ ਰੂਹਾਨੀ ਹਵਾਲਿਆਂ ਤੋਂ ਪੰਜਾਬ ਅਤੇ ਪੰਜਾਬੀਅਤ ਨੂੰ ਸਮਝਣ ਲਈ, ਪਾਕਿਸਤਾਨੀ ਪੰਜਾਬੀ ਅਦੀਬਾਂ ਨੇ ਬਹੁਤ ਕਰ ਕੇ, ਆਪਣੀ ਬੁਨਿਆਦ ਕਿੱਸਾ-ਸਾਹਿਤ ਉਪਰ ਰਖੀ ਹੈ।

੨). ਭਾਵੇਂ ਸਭਿਆਚਾਰ ਦੇ ਅਧਿਅਨ ਦਾ; ਸਾਹਿਤ ਕੇਵਲ ਇਕ ਸਾਧਨ, ਹੈ ਪਰ ਇਹ ਪੰਜਾਬੀ-ਲੇਖਕਾਂ ਦੀ ਜਿੰਨੀ ਕੁ ਦੇਣ ਹੈ, ਓਨਾ ਹੀ ਪੰਜਾਬੀ ਸਭਿਆਚਾਰ ਦੀ ਸਮਝ ਵਿਚ ਇਕ-ਪਾਸੜਪਣ ਆਇਆ ਹੈ ਕਿਉਂਕਿ ਅਜੇ ਪੰਜਾਬੀ ਸਭਿਆਚਾਰ ਦੀ ਸੂਚਨਾ ਅਤੇ ਸੂਝ ਆਮ ਤੌਰ ਤੇ ਪੰਜਾਬੀ ਲੇਖਕਾਂ ਤੇ ਸਾਹਿਤ-ਸਮੀਖਿਆਕਾਂ ਨੇ ਪੇਸ਼ ਕੀਤੀ ਹੈ। ਪੰਜਾਬੀ ਲੇਖਕ ਨੇ ਆਪਣੇ ਰੋਮਾਂਟਿਕ ਵਤੀਰੇ ਕਾਰਣ ਪੰਜਾਬ ਦੇ ਸਭਿਆਚਾਰਕ ਪਿਛੋਕੜ, ਤੱਥਾਂ ਅਤੇ ਵਰਤਾਰਿਆਂ ਨੂੰ ਅਲੰਕ੍ਰਿਤ ਭਾਸ਼ਾ ਦੇ ਜ਼ੋਰ 'ਤੇ ਸਾਹਿਤਿਆਇਆ ਜ਼ਰੂਰ ਹੈ—ਘੋਖਿਆ ਨਾਂਹ ਦੇ ਬਰਾਬਰ ਹੈ। ਕਈ ਪੰਜਾਬੀ ਲੇਖਕਾਂ ਦੀ ਲੜੀ-ਕੜੀ ਹੈ ਜੋ ਪੰਜਾਬ ਤੋਂ ਲੈ ਕੇ ਸਿੱਖੀ ਦੇ ਪੜ੍ਹੇ-ਸੁਣੇ ਇਤਹਾਸ ਨੂੰ ਸਾਹਿਤਿਆ ਕੇ ਸਭਿਆਚਾਰ ਵਜੋਂ ਪੇਸ਼ ਕਰੀ ਜਾ ਰਹੇ ਹਨ।

ਪੰਜਾਬੀ ਸਾਹਿਤ ਸਮੀਖਿਅਕਾਂ ਨੇ ਸਾਹਿਤ ਦੇ ਇਤਹਾਸ ਵਿਚੋਂ ਸਭਿਆਚਾਰਕ ਤੱਤ ਅਤੇ ਤੱਥ ਲੱਭਣ ਦੀ ਥਾਂ ਮਿਥਿਹਾਸ ਨੂੰ ਇਤਹਾਸ ਦੀ ਕੁੰਜੀ ਮੰਨ ਕੇ ਜਦੋਂ ਇਤਿਹਾਸ ਦੇ ਅਰਥ ਖੋਹਲੇ (Decodify ਕੀਤਾ) ਤਾਂ ਸਭਿਆਚਾਰਕ ਖੋਜ ਵਿਚ ਵਖਰੇ ਆਯਾਮ—ਇਤਿਹਾਸ ਮਿਥਿਹਾਸ—ਦੀ ਭੁੱਲ-ਭੁਲੱਈਆਂ ਵਿਚ ਪੈ ਗਏ।

ਨਿਪਟ ਅਕਾਦਮਿਕਤਾ ਤਾਂ ਅਜੇ ਤਕ ਸਭਿਆਚਾਰ-ਸ਼ਾਸਤ੍ਰ, ਇਸ ਦੇ ਰਚਕ ਤੇ ਪੂਰਕ-ਸ਼ਾਸਤ੍ਰੀ-ਅਧਿਐਨਾਂ ਦੀ ਭੀਤੋ-ਭੀਤ ਪ੍ਰੀਭਾਸ਼ਾ ਕਰਨ ਵਿਚ ਏਨੀ ਖੱਚਤ ਹੈ ਕਿ ਉਸ ਨੂੰ ਨਾ ਤਾਂ ਪ੍ਰੀਭਾਸ਼ਾ ਅਨੁਸਾਰ ਪੰਜਾਬੀ ਸਭਿਆਚਾਰ ਦੀ ਸ਼ਨਾਖ਼ਤ ਕਰਨ ਦੀ ਸੁੱਧ ਹੈ ਨਾ ਧਾਰਮਿਕ, ਰਾਜਨੀਤਕ ਤੇ ਵਿਚਾਰਧਾਰਕ ਪੂਰਵ-ਆਗ੍ਰਹਿਆਂ ਤੋਂ ਬਚਣ ਦੀ ਬੁੱਧ।

੩). ਵਿਚਾਰਧਾਰਕ ਸਥਿਰਤਾ ਅਤੇ ਮਰਯਾਦਾ ਮਈ ਖਲੋਤ ਆਉਣ ਤੋਂ ਪਹਿਲਾਂ, ਧਰਮ ਵੀ ਦਰਸ਼ਨ ਦਾ ਇਕ ਰੂਪ ਹੁੰਦਾ ਹੈ। ਇਸ ਰੂਪ ਵਿਚ ਰਹਿ ਕੇ ਧਰਮ ਨੇ ਸਭਿਆਚਾਰ ਉਪਰ ਸੂਖਮ ਤੇ ਡੂੰਘਾ ਪ੍ਰਭਾਵ ਪਾਇਆ ਹੁੰਦਾ ਹੈ। ਦੂਜਾ; ਧਰਮ ਸਭਿਆਚਾਰ ਦੀਆਂ ਬਹੁਤ ਸਾਰੀਆਂ ਮਨੌਤਾਂ ਨੂੰ ਅਪਨਾ ਕੇ ਸਦਾਚਾਰ ਦਾ ਨਾਂ ਦੇਂਦਾ ਹੈ, ਆਦਰਸ਼ਿਆਉਂਦਾ ਹੈ—ਲੋਕ ਧਾਰਾ ਵਿਚੋਂ ਕਈ ਮਾਨਸਿਕ ਮਾਨਤਾਵਾਂ, ਅਤੇ ਰਸਮਾਂ-ਰੀਤਾਂ-ਪਿਰਤਾਂ ਨਾਲ ਸਮਝੌਤਾ ਕਰਦਾ ਹੈ। ਫਿਰ ਮਗਰੋਂ, ਇਹੋ ਰਸਮਾਂ-ਰੀਤਾਂ, ਮਰਯਾਦਾ ਦੇ ਰੂਪ ਵਿਚ ਧਰਮ ਦਾ ਅਨਿਖੱੜ ਅੰਗ ਬਣੀਆਂ ਦਿਸਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੪). ਧਰਮ, ਸਦਾਚਾਰ ਅਤੇ ਚੱਜ-ਆਚਾਰ ਦਾ ਸਿਰਜਕ ਵੀ ਨਹੀਂ। ਸਗੋਂ ਇਹ ਲੋਕ-ਧਾਰਾ ਵਾਂਗ ਪਰਚਲੱਤ ਆਚਾਰ-ਸੰਘਤਾ, ਕਦਰਾਂ-ਕੀਮਤਾਂ ਅਤੇ ਚੱਜ-ਆਚਾਰ ਵਿਚੋਂ ਬਹੁਤ ਕੁਝ ਨੂੰ ਕ੍ਰਮਵਾਰ ਆਦਰਸ਼, ਜੀਵਣ-ਢੰਗ ਅਤੇ ਰਹਿਤ-ਮਰਯਾਦਾ ਵਜੋਂ ਅਪਨਾਉਂਦਾ ਹੈ। ਧਰਮਾਂ ਦੇ ਤੁਲੱਨਾਤਮਕ ਇਤਹਾਸ ਨੂੰ ਗਹੁ ਨਾਲ ਵਾਚਣ ਤੋਂ ਪਤਾ ਲਗਦਾ ਹੈ ਕਿ ਧਰਮ, ਲੈਂਗਿਕ ਅਤੇ ਇਸਤਰੀ-ਪੁਰਸ਼ ਦੇ ਰਿਸ਼ਤਿਆਂ ਦਾ ਵੀ ਸਿਰਜਕ ਜਾਂ ਨਿਰਣਾਇਕ ਨਹੀਂ ਸਗੋਂ ਸਮਾਜਕ ਚੇਤਨਾ ਉਪਰ ਆਧਾਰਤ ਤੇ ਪਰਚੱਲਤ ਆਚਰਣ ਵਿਚੋਂ ਸਥਾਪਤ-ਪ੍ਰਮਾਣਤ ਅੰਸ਼ ਨੂੰ ਆਦਰਸ਼ਿਆ ਕੇ ਸਮਾਜ ਅਤੇ ਰੱਬ ਤੇ ਮਨੁੱਖ ਦੇ ਮੇਲ ਅਤੇ ਸੰਬੰਧਾਂ ਉਪਰ ਵੀ ਲਾਗੂ ਕਰਦਾ-ਘਟਾਉਂਦਾ ਹੈ।

ਧਰਮ, ਸਥਾਪਤੀ ਉਪਰੰਤ ਸ਼ਰਧਾ-ਮਰਯਾਦਾ ਨਾਲ ਬੱਝੇ ਹੋਣ ਕਾਰਣ ਸਮਾਜਕ ਵਸਤਾਂ-ਵਰਤਾਰਿਆਂ ਨੂੰ ਧੁਰੋਂ ਆਏ ਵਿਚਾਰ ਜਾਂ 'ਬੰਦ ਕਿਤਾਬ' ਵਜੋਂ ਦੇਖਦਾ ਹੈ ਜਦ ਕਿ ਸਭਿਆਚਾਰ, ਲੋਕਾਂ ਦੇ ਨਿਰੰਤਰ ਮਨੋਵੇਗਾਂ ਦਾ ਲਖਾਇਕ ਵੀ ਹੈ। ਸਭਿਆਚਾਰ ਦਾ ਅਧਿਅਨ ਤੇ ਵਿਵੇਚਣ ਕਰਨ ਸਮੇਂ ਧਰਮ ਨੂੰ ਸਭਿਆਚਾਰ ਦੀ ਤਸਦੀਕ ਵਜੋਂ ਤਾਂ ਵਾਚਿਆ ਜਾ ਸਕਦਾ ਹੈ, ਇਸ ਦੇ ਅਧਿਅਨ ਜਾਂ ਸਮਝ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ।

੫). ਜਿਵੇਂ ਰਾਜਨੀਤਕ ਚੇਤਨਾ, ਰਾਜਨੀਤਕ ਵਾਸਤਵਿਕਤਾਵਾਂ ਦੇ ਸਮਾਨਾਂਤਰ ਆਉਂਦੀ ਹੈ ਉਸੇ ਤਰ੍ਹਾਂ ਪੰਜਾਬੀ ਸਭਿਆਚਾਰ ਦੀ ਚੇਤਨਾ ਪੰਜਾਬ ਅਤੇ ਭਾਰਤ ਦੀਆਂ ਰਾਜਨੀਤਕ ਪ੍ਰਸਿਥਤੀਆਂ ਅਨੁਸਾਰ ਆਈ ਅਤੇ ਨਿਰੂਪਤ ਹੋਈ ਹੈ। ਪਰ ਅਜ ਜਦ ਕਿ ਰਾਜਨੀਤੀ ਧਰਮ ਨੂੰ ਪ੍ਰਭਾਵਤ ਅਤੇ ਨਿਸਚਿਤ ਕਰ ਰਹੀ ਹੈ, ਉਸ ਤੋਂ ਜਾਪਦਾ ਹੈ ਕਿ ਇਹ ਸਭਿਆਚਾਰ ਦੀ ਵੀ, ਵਿਆਖਿਆ ਅਤੇ ਸਿਧਾਂਤੀਕਰਨ ਕਰਨ ਦੇ ਯਤਨਾਂ ਵਿਚ ਹੈ। ਇਸ ਲਈ ਇਹ ਬਹੁਤ ਹੱਦ ਤਕ ਸੰਭਵ ਹੈ ਕਿ ਪੰਜਾਬੀ ਸਭਿਆਚਾਰ ਦੀ ਨਿਸ਼ਾਨਦੇਹੀ ਕਰਨ ਲਈ ਵਿਦਵਤਾ ਜਾਂ ਅਕਾਦਮਿਕਤਾ, ਆਪ ਨਹੀਂ ਸਗੋਂ ਰਾਜਨੀਤੀਆਂ ਯਤਨਸ਼ੀਲ ਹਨ।

ਪੰਜਾਬੀ ਸਭਿਆਚਾਰ-ਅਧਿਅਨ ਦੇ ਸਾਹਮਣੇ ਧਰਮ-ਸ਼ਾਸਤ੍ਰ, ਮੁਖ ਪ੍ਰਸ਼ਨ ਵਾਂਗ ਖੜਾ ਹੈ:

ਕੀ ਇਕ ਭਾਸ਼ਾਈ-ਭੂਗੋਲਿਕ ਖੇਤਰ ਦਾ ਇਕੋ ਸਭਿਆਚਾਰ ਹੁੰਦਾ ਹੈ ਜਾਂ ਇਸ ਖੇਤਰ ਵਿਚ ਵੱਸਦੀਆਂ ਧਾਰਮਿਕ ਬਹੁ ਘਟ-ਗਿਣਤੀਆਂ ਸਮੁਦਾਵਾਂ ਦਾ ਆਪੋ-ਆਪਣਾ ਸਭਿਆਚਾਰ ਹੁੰਦਾ ਹੈ ?

ਲਗ-ਪਗ ਇਸੇ ਭਾਂਤ ਦਾ ਪ੍ਰਸ਼ਨ ਪਹਿਲਾਂ ਪਾਕਿਸਤਾਨੀ ਅਦੀਬਾਂ ਅਤੇ ਦਾਨਸ਼ਵਰਾਂ ਸਾਹਮਣੇ ਆਇਆ ਹੋਵੇਗਾ ਜਿਸ ਕਾਰਣ ਉਨ੍ਹਾਂ ਨੂੰ ਇਸਲਾਮੀਆਤ ਤੋਂ ਉਪਰ ਉਠ ਕੇ ਪੰਜਾਬੀ ਰਹਿਤਲ ਦੀਆਂ ਜੜ੍ਹਾਂ ਵਲ ਝਾਕਣਾ ਪਿਆ। ਇੰਜ ਕਰਦਿਆਂ, ਪਾਕ-ਪੰਜਾਬੀ ਰਹਿਤਲਦਾਨਾਂ ਨੇ ਬਹੁਤ ਕਰ ਕੇ ਰਹਿਤਲ ਦਾ ਅਹਿਮ ਪੱਲਾ—ਲੋਕ-ਧਾਰਾ— ਹੀ ਫੜਿਆ। ਅਤੇ ਇਸੇ ਲਈ ਉਨ੍ਹਾਂ ਨੇ ਆਪਣੀ ਜਗਿਆਸਾ ਅਤੇ ਮੁਆਸ਼ਰਤੀ ਤਹਿਕੀਕ ਦੀਆਂ ਸਰਹੱਦਾਂ ਵਧਾ ਲਈਆਂ।

੬). ਧਰਮ ਅਤੇ ਸਭਿਆਚਾਰ ਦੇ ਪ੍ਰਸਪਰ ਕਰਮ ਨੂੰ ਇਕ ਹੋਰ ਪੱਖ ਤੋਂ ਸਮਝਣਾ ਵੀ ਜ਼ਰੂਰੀ ਹੈ। ਜਿਵੇਂ ਦੁਨੀਆ ਭਰ ਦੇ ਧਰਮਾਂ ਵਿਚ ਮੂਲ-ਧਰਮੀਆਂ ਅਤੇ ਨਵ-ਧਰਮੀਆਂ (Preselytes) ਵਿਚਕਾਰ ਨਸਲੀ, ਕੌਮੀ, ਕਬੀਲਾਈ ਕਦਰਾਂ-ਕੀਮਤਾਂ ਦੇ ਸਭਿਆਚਾਰਕ ਅੰਤਰ-ਦ੍ਵੰਦ ਹੁੰਦੇ ਹਨ, ਉਸੇ ਤਰ੍ਹਾਂ ਦੂਜੀ-ਵਸਨੀਕੀ ਸਭਿਆਚਾਰਾਂ ਦਾ ਹਮਲਾਵਰੀ ਜਾਂ ਆਵਾਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰਾਂ ਦੇ ਅੰਤਰ-ਦ੍ਵੰਦਾਂ ਦਾ ਸੂਖਮ ਤੇ ਨਿਰੰਤਰ ਇਤਹਾਸ ਹੈ, ਜੋ ਰਾਜਨੀਤਕ ਜਾਂ ਧਾਰਮਿਕ ਇਤਿਹਾਸ ਵਿਚ, ਸਪਸ਼ਟ ਰੂਪ ਵਿਚ ਨਹੀਂ ਲੱਭਦਾ। ਅਜ ਜਦ ਕਿ ਰਾਜਨੀਤਕ ਹੀ ਨਹੀਂ, ਨਸਲੀ, ਧਾਰਮਿਕ, ਵਿਗਿਆਨਕ ਅਤੇ ਸਾਹਿਤਕ ਆਦਿਕ ਇਤਿਹਾਸ ਲੱਭੇ-ਲਿਖੇ ਤੇ ਪ੍ਰਕਾਸ਼ੇ ਜਾ ਰਹੇ ਹਨ; ਪੰਜਾਬੀ ਸਭਿਆਚਾਰ ਦੇ ਇਤਿਹਾਸ ਨੂੰ ਵੀ ਵਿਗਿਆਨਕ ਵਿਧੀ-ਵਿਧਾਨ ਅਨੁਸਾਰ ਸਮਝਣਾ ਅਤੇ ਪ੍ਰਗਟਾਉਣਾ ਮਹੱਤਵ ਯੋਗ ਹੈ।

ਹਾਲਾਂਕਿ ਦਰਸ਼ਨ ਅਤੇ ਸਨਾਤਨ ਵਿਚਾਰ-ਸੰਘਤਾ ਵਿਚ ਗਿਆਨ ਨਾਲੋਂ ਵਿਗਿਆਨ ਨੂੰ ਵੱਧਰਾ ਤੇ ਉਚ-ਪੱਧਰੀ ਮੰਨਿਆ ਗਿਆ ਹੈ ਪਰ ਸਥਾਪਤੀ ਮਗਰੋਂ ਸ਼ਰਧਾ-ਮਰਯਾਦਾ ਵਿਚ ਬੱਝੇ ਵਿਦਾਰਾਂ-ਸੰਸਕਾਰਾਂ ਦੀ ਇਹ ਵਿਡੰਬਨਾ ਹੈ ਕਿ ਉਨ੍ਹਾਂ ਨੂੰ ਵਿਗਿਆਨਕ ਸ਼ਬਦ, ਵਿਚਾਰ ਅਤੇ ਵਿਧੀ-ਵਿਧਾਨ ਤੋਂ ਚਿੜ ਹੈ—ਜੋ ਧਰਮ ਨਹੀਂ, ਧਰਤੀ ਤੋਂ ਨਿਸ਼ਚਿਤ ਹੁੰਦਾ ਹੈ।

੭). ਇਹ ਚਿੜ ਪੰਜਾਬੀ ਦੇ ਉਨ੍ਹਾਂ ਅਕਾਦਮਿਕਾਂ, ਲੇਖਕਾਂ ਅਤੇ ਬੁੱਧ-ਜੀਵੀਆਂ ਨੂੰ ਵੀ ਹੈ ਜਿਹੜੇ ਆਪਣੇ ਵਿਸ਼ੇ ਦੀ ਵਿਸ਼ੇਸ਼ਗਤਾ ਵਿਚ ਗੜੂੰਦ ਕਈ ਸਮਾਜਕ ਅਤੇ ਸਾਰਥਕ ਪ੍ਰਸ਼ਨਾਂ ਨੂੰ ਨਾ ਸਾਹਿਤ ਦਾ ਮੁੱਦਾ ਸਮਝਦੇ ਹਨ, ਨਾ ਆਪਣੇ ਗਹਿ-ਰੱਚ ਅਧਿਅਨ ਨਾਲ ਸੰਬੰਧਤ ਕੋਈ ਪ੍ਰਸ਼ਨ! ਪੰਜਾਬੀ ਅਕਾਦਮਿਕਾਂ ਅਤੇ ਬੁੱਧ-ਜੀਵੀਆਂ ਦੀ ਇਹ ਕੂਪ-ਮੰਡੂਕਤਾ ਅਜੋਕੇ ਵਿਗਿਆਨਕ ਘਟਨਾ-ਪ੍ਰਵਾਹ ਦੇ ਬਾਵਜੂਦ ਨਹੀਂ ਟੁੱਟ ਰਹੀ।

ਪੰਜਾਬੀ ਸਭਿਆਚਾਰ ਦੀ ਪੈੜ-ਪਛਾਣ ਦੱਸਣ ਲਈ ਜੋ ਕੁੱਝ ਅਜੇ ਤਕ ਲਿਖਿਆ ਗਿਆ ਹੈ ਉਸ ਤੋਂ ਸਪਸ਼ਟ ਹੈ ਕਿ ਸਾਡੀ ਨਿਪਟ ਸਾਹਿਤਕ ਅੱਪੜ, ਸਾਡਾ ਅਕਾਦਮਿਕ ਬੌਣਾਪਣ, ਸਾਡੀ ਵਿਸ਼ੇਸ਼ਗਤਾ ਦੀ ਕੂਪ-ਮੰਡੂਕਤਾ ਅਤੇ ਸਾਡੀ ਕਠਮੁੱਲਾਂਵਾਦੀ (Dogmatic) ਪ੍ਰਗਤੀਸ਼ੀਲ ਪਹੁੰਚ ਵੀ, ਪੰਜਾਬੀ ਸਭਿਆਚਾਰ ਦੀ ਵਿਗਿਆਨਕ ਨਿਸ਼ਾਨਦੇਹੀ ਕਰਨ ਦੇ ਯੋਗ ਨਹੀਂ ਹਨ। ਇਸ ਦਾ ਇਕ ਉਚਿੱਤ ਕਾਰਣ ਇਹ ਵੀ ਹੈ ਕਿ ਪੰਜਾਬੀ ਸਭਿਆਚਾਰ ਦੇ ਅਹਿਸਾਸ ਵਾਂਗ ਇਸ ਦਾ ਅਧਿਐਨ ਵੀ ਅਜੇ ਆਰੰਭਕ ਪੜਾਵਾਂ ਤਕ ਪੁੱਜਾ ਹੈ। ਇਸੇ ਲਈ ਸੋਚ ਅਤੇ ਕਲਮ ਦਾ, ਸਭਿਆਚਾਰ ਦੀ ਗਲ ਕਰਦਿਆਂ, ਸਭਿਅਤਾ ਅਤੇ ਇਤਿਹਾਸ-ਮਿਥਹਾਸ, ਧਰਮ, ਰਾਜਨੀਤੀ ਆਦਿਕ ਖੇਤਰਾਂ ਦੇ ਅਧਿਐਨ ਵਲ ਤਿਲਕਣਾ ਸੁਭਾਵਿਕ ਹੈ। ਨਿਪਟ ਸਾਹਿਤ-ਸਮੀਖਿਅਕ ਪਹੁੰਚ ਇਸ ਲਈ ਸਭਿਆਚਾਰ ਦੇ ਸਾਰਥਕ ਸਿੱਟਿਆਂ ਤਕ ਨਹੀਂ ਹੋਈ ਕਿ ਇਸ ਨੇ ਜਾਂ ਤਾਂ ਸਾਹਿਤ ਵਿਚ ਰਮੀ-ਰਚੀ ਇਤਿਹਾਸਿਕਤਾ ਨੂੰ ਨਿਗੱਰ ਇਤਿਹਾਸ ਮੰਨ ਕੇ; ਜਾਂ ਮਿਥਹਾਸ ਨੂੰ ਹੀ ਇਤਿਹਾਸ ਸਮਝ ਕੇ ਸਭਿਆਚਾਰ ਦੀ ਪੈੜ ਲੱਭੀ ਹੈ। ਪੰਜਾਬੀ ਸਭਿਆਚਾਰ ਦੀ ਪਛਾਣ ਕਰਨ ਵਿਚ ਸਾਡੀ ਅਕਾਦਮਿਕਤਾ ਦਾ ਬੌਣਾਪਣ ਇਸ ਗਲ ਵਿਚ ਵੀ ਹੈ ਕਿ ਇਸ ਨੇ ਸਭਿਆਚਾਰ ਦੀ ਰੂਪ-ਰੇਖਾ, ਨਾ ਨਸਲ-ਸ਼ਾਸਤ੍ਰੀ, ਨਾ ਸਮਾਜ-ਸ਼ਾਸਤ੍ਰੀ, ਨਾ ਅਰਥ-ਸ਼ਾਸਤ੍ਰੀ ਅਤੇ ਨਾ ਆਵਾਸੀ ਸਭਿਆਚਾਰਕ ਪ੍ਰਭਾਵਾਂ ਨਾਲ ਮੇਲ-ਸੁਮੇਲ ਕੇ ਉਲੀਕੀ ਹੈ। ਉਪ੍ਰੋਕਤ ਦੋਹਾਂ ਵਿਧੀਆਂ ਦੀ ਉਕਾਈ ਇਹ ਹੈ ਕਿ ਪੰਜਾਬੀ ਸਭਿਆਚਾਰ ਦੇ ਵਿਕਾਸ ਵਿਚ ਸਭਨਾਂ ਆਵਾਸੀ ਪ੍ਰਭਾਵਾਂ ਨੂੰ ਪੂਰਵ-ਇਸਲਾਮੀ ਜਾਂ 'ਇਸਲਾਮੀ ਹਮਲਿਆਂ' ਦੇ ਸਮੁੱਚੇ ਅਤੇ ਧੌਂਕ ਪ੍ਰਭਾਵ ਵਜੋਂ ਦੇਖਿਆ ਗਿਆ ਹੈ। ਹਾਲਾਂਕਿ ਸੱਚ ਇਹ ਹੈ ਕਿ ਪੂਰਣ-ਇਸਲਾਮੀ ਆਵਾਸ਼ੀ ਸਭਿਆਚਾਰਾਂ—ਪਾਰਥੀਅਨ, ਯੂਨਾਨੀ, ਸ਼ਾਕ ਅਤੇ ਕਾਲੇ ਜਾਂ ਚਿੱਟੇ ਹੂਨਾਂ ਵਾਂਗ 'ਇਸਲਾਮੀ ਹਮਲਿਆਂ' ਦੌਰਾਨ ਗਜ਼ਨਵੀ, ਗ਼ੌਰੀ, ਤੁਰਕ, ਅਫ਼ਗ਼ਾਨ ਅਤੇ ਮੁਗ਼ਲ ਇਕੋ ਮਜ਼੍ਹਬ ਦੇ ਹੁੰਦੇ ਹੋਏ ਵੀ, ਵਖ-ਵਖ ਫ਼ਿਰਕਿਆਂ ਵਿਚ ਵੰਡੀਜ ਕੇ — [illegible] ਸਭਿਆਚਾਰ ਅਤੇ ਕਦਰਾਂ-ਕੀਮਤਾਂ ਆਪਣੇ ਨਾਲ ਲਿਆਏ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਦੇ ਪ੍ਰਗਤੀਸ਼ੀਲ ਅਤੇ ਮਾਰਕਸੀ ਵਿਦਵਾਨਾਂ ਨੇ ਵੀ ਆਪਣੀ ਗ੍ਰੰਥ-ਪੂਜਕ ਜਾਂ ਕਠਮੁੱਲਾਂਵਾਦੀ ਪਹੁੰਚ ਅਤੇ ਪਾਰਿਭਾਸ਼ਕ ਸ਼ਬਦਾਵਲੀ (Jargon) ਦੇ ਮੋਹ-ਵੱਸ ਹੋ ਕੇ ਟੱਪਲੇ ਖਾਧੇ ਹਨ। ਮਾਰਕਸਵਾਦ ਜੇ ਵਿਗਿਆਨਕ ਹੈ ਤਾਂ ਸਭਿਆਚਾਰ ਦੀ ਨਿਸ਼ਾਨਦੇਹੀ ਕਰਦਿਆਂ ਮਾਰਕਸਵਾਦ ਨੂੰ ਵਿਗਿਆਨ ਵਾਂਗ ਹੀ ਲਾਗੂ ਕਰਨਾ ਉਚਿਤ ਹੈ। ਇਸ ਤੋਂ ਕਠਮੁੱਲਾਵਾਦੀ ਜਾਂ ਗ੍ਰੰਥ-ਪੂਜਕ ਮਾਰਕਸੀ ਸਮੀਖਿਅਕ ਅਤੇ ਅਕਾਦਮੀਸ਼ੀਅਨ ਅਵੇਸਲੇ ਰਹੇ ਹਨ। ਇਸੇ ਲਈ ਉਪ੍ਰੋਕਤ ਤਿੰਨੇ ਪਹੁੰਚਾਂ ਆਪਣੇ ਪੂਰਵ-ਨਿਸਚਿਤ ਸਿੱਟਿਆਂ ਜਾਂ ਪੂਰਵ-ਆਗ੍ਰਹਿਆਂ ਦੇ ਅਨੁਪਾਤ ਜਿੰਨੀਆਂ ਅਵਿਗਿਆਨਕ ਹਨ ਕਿਉਂਕਿ ਬੀਤੇ ਅਤੇ ਵਰਤਮਾਨ ਵਰਤਾਰੇ ਦੇ ਵਿਸ਼ਲੇਸ਼ਣ ਸਮੇਂ ਕੋਈ ਵੀ ਪੂਰਵ-ਆਗ੍ਰਹਿ—ਭਾਵੇਂ ਕਿੰਨਾ ਵੀ ਆਦਰਸ਼-ਰੱਤਾ ਤੇ ਪ੍ਰਤੀਬੱਧ ਹੋਵੇ—ਹੁੰਦਾ ਉਹ ਅਵਿਗਿਆਨਕ ਹੀ ਹੈ।

ਜਿਵੇਂ ਕਿ ਧਰਮ ਨੂੰ ਇਨਕਲਾਬ ਦਾ ਸੋਮਾ ਸਮਝਣ ਦੀ ਲਿਲ੍ਹਕ ਵਿਚ ਕੋਈ ਮਾਰਕਸਵਾਦੀ ਕਠਮੁੱਲਾ ; ਸਿਖੀ, ਹਿੰਦੂ ਮਤ ਜਾਂ ਇਸਲਾਮ ਦੀ ਦੇਣ ਨੂੰ ਨਿਰਣਾਇਕ ਰੂਪ ਵਿਚ ਦੇਖਣ ਲਗ ਪਵੇਂ। ਇੰਜ ਹੀ, ਅਕਾਦਮਿਕ ਬੌਨੇਪਣ ਕਾਰਣ ਪੰਜਾਬ ਦੇ ਬੁੱਧ-ਜੀਵੀ-ਸਭਿਆਚਾਰ ਵਿਚ ਸੰਕਟ ਦੀ ਆਮਦ-ਆਮਦ ਹੈ। ਇਹ ਇਸ ਲਈ ਵੀ ਹੈ ਕਿ ਪੂਰਵ-ਆਗ੍ਰਹਿ ਵਾਲਾ ਦ੍ਰਿਸ਼ਟੀਕੋਣ ਆਪਣੇ ਜਾਂ ਵਧ ਤੋਂ ਵਧ ਗੁਆਂਢੀ ਜਾਂ ਰਾਸ਼ਟਰੀ ਸਭਿਆਚਾਰਾਂ ਨੂੰ ਦੇਖ ਸਕਦਾ ਹੈ। ਜਦ ਕਿ, ਸਭਿਆਚਾਰ ਦੇ ਰਚਕਾਂ ਤੋਂ ਸੰਰਚਨਾ ਵਲ ਚਲਦਾ ਤਾਰਕਿਕ ਅਤੇ ਵਿਗਿਆਨਮਈ ਦ੍ਰਿਸ਼ਟੀਕੋਣ, ਸੰਸਾਰ-ਸਭਿਆਚਾਰ ਵਲ ਵਿਚਰਦਾ ਹੈ।

੮). ਸਭਿਆਚਾਰ ਦੇ ਅਧਿਅਨ ਵਿਚ ਇਸ ਦੇ ਭੂ-ਖੇਤਰ ਅਤੇ ਭਾਸ਼ਾ ਨੂੰ, ਜੇ ਚੂਲ ਸਮਝਿਆ ਗਿਆ ਹੈ ਤਾਂ ਲਿਪੀ ਨੂੰ ਭਾਸ਼ਾ ਦੇ ਬੋਲ ਤੋਂ ਵਧ ਮਹਤਤਾ ਗ੍ਰਹਿਨ ਕਰਦਾ ਮਾਧਿਅਮ ਵੀ ਠੀਕ ਹੀ ਸਮਝਿਆ ਗਿਆ ਹੈ। ਪਰ ਇਤਿਹਾਸਕ ਕਾਲ ਵਿਚ ਭਾਸ਼ਾਈ ਆਵਾਸ ਨੇ ਦੇਸ਼ ਦੀਆਂ ਖੇਤਰੀ ਭਾਸ਼ਾਵਾਂ ਉਪਰ ਦੋ-ਪੱਖਾ ਜਿਹੜਾ ਪ੍ਰਭਾਵ ਪਾਇਆ ਹੈ ਅਤੇ ਭਾਸ਼ਾ ਨਾਲ ਲਿਪੀ ਦਾ ਜਿਹੜਾ ਸੰਬੰਧ ਜੁੜ ਗਿਆ ਹੈ, ਪੰਜਾਬੀ ਸਭਿਆਚਾਰ ਨੂੰ ਸਮਝਣ ਲਈ ਇਸ ਭਾਸ਼ਾਈ ਪ੍ਰਭਾਵ ਅਤੇ ਭਾਸ਼ਾ ਸੰਗ-ਲਿਪੀ ਦੇ ਸੰਬੰਧ ਨੂੰ ਸਮਝਣਾ ਆਵਸ਼ਕ ਹੈ। ਇਕ ਭਾਸ਼ਾਈ-ਸੰਗ-ਸਭਿਆਚਾਰਕ ਪ੍ਰਭਾਵ, ਉਪਯੋਗਤਾਵਾਦੀ ਅਤੇ ਸਹਿਣ-ਸ਼ੀਲ ਹੈ ਜੋ ਸੌਦਾਗਰ-ਵਣਜਾਰੇ, ਸੈਲਾਨੀ ਅਤੇ ਧਰਮ-ਪਰਚਾਰਕ ਆਪਣੇ ਨਾਲ ਲਿਆਉਂਦੇ ਹਨ (ਸੈਲਾਨੀ ਅਤੇ ਵਣਜਾਰੇ ਤਾਂ ਆਪਣੇ ਦੇਸ਼ ਪਰਤ ਕੇ ਬਦੇਸ਼ੀ ਸਭਿਆਚਾਰ ਦੀ ਸਭਿਆਚਾਰਕ ਅਤੇ ਰਾਜਨੀਤਕ ਸੂਚਨਾ ਵੀ ਦੇਂਦੇ ਰਹੇ ਹਨ।) ਦੂਜਾ ਪ੍ਰਭਾਵ, ਜੋ ਜ਼ੋਰ-ਧਿੰਗਾਣੇ ਅਤੇ ਗ਼ਲਬੇ ਵਾਲਾ ਹੈ; ਜੋ ਹਮਲਾਵਰ ਆਪਣੇ ਨਾਲ ਆਪਣੇ ਧਰਮ ਅਤੇ ਖੇਤਰੀ ਸਭਿਆਚਾਰ ਦਾ ਲਿਆਉਂਦੇ ਹਨ। ਪੰਜਾਬੀ ਧਰਤੀ ਉਪਰ, ਚਾਰ ਕੁ ਸਦੀਆਂ ਈਸਾ-ਪੂਰਵ ਤੋਂ ਲੈ ਕੇ ਸੋਲ੍ਹਵੀਂ ਸਦੀ ਦੀ ਪਹਿਲੀ ਚੌਥਾਈ ਤਕ ਦੋਵੇਂ ਪ੍ਰਭਾਵ ਸੂਖਮ ਰੂਪ ਵਿਚ ਅੰਕਤ ਹਨ ਅਤੇ ਪੰਜਾਬੀ ਸ਼ਬਦ-ਭੰਡਾਰ ਵਿਚ ਸ਼ਬਦ-ਵਿਉਤਪਤੀ ਵਿਧੀ ਨਾਲ ਦੇਖੇ ਜਾ ਸਕਦੇ ਹਨ। ਆਪਣਾ ਧਰਮ ਨਿਭਾਉਂਦਿਆਂ, ਪੰਜਾਬ ਦੀ ਧਰਤੀ ਨੇ ਸਭਨਾਂ ਆਵਾਸੀ, ਭਾਸ਼ਾਈ ਤੇ ਸਭਿਆਚਾਰਕ ਪ੍ਰਭਾਵਾਂ ਨੂੰ ਦੇਰ-ਸਵੇਰ ਆਪਣੇ ਪੇਟੇ ਪਾਇਆ ਹੈ ਪਰ ਹਮਲਾਵਰੀ ਸਭਿਆਚਾਰਕ ਪ੍ਰਭਾਵ ਨੂੰ ਅਜੇ ਤਕ ਇਸ ਦੇ ਅੰਤਰ-ਦ੍ਰਿਸ਼ਟੀ ਰਾਹੀਂ ਪੂਰੀ ਤਰਾਂ ਨਹੀਂ ਦੇਖਿਆ ਗਿਆ। ਇਨ੍ਹਾਂ ਗ਼ੈਰ-ਅਰਬੀ ਨਵ-ਧਰਮੀ (Proselyte) ਹਮਲਾਵਰਾਂ ਨੇ ਕੱਟੜ ਤਾਂ ਹੋਣਾ ਹੀ ਸੀ ਪਰ ਇਸਲਾਮ ਦਾ ਪਰਚਾਰ ਧਰਮ-ਉਮਾਹੇ ਅਮਾਮਾਂ-ਉਲਮਾਵਾਂ ਦੀ ਥਾਂ ਹਮਲਾਵਰ ਦੇ ਨਿਯੁਕਤ ਕੀਤੇ ਮੁਫਤੀਆਂ-ਕਾਜ਼ੀਆਂ ਕਾਰਣ ਜਬਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸ਼ਕਲ ਲੈ ਕੇ **ਸਮਾਨਾਂਤਰ ਰਾਜਕੀ ਇਸਲਾਮ** ਹੋ ਨਿਬੜਦਾ ਸੀ । ਨਾਲ ਹੀ ਇਹ ਹਮਲਾਵਰ, ਆਪਣੇ ਨਾਲ ਅਰਬੀ ਨਹੀਂ, ਆਪਣੇ ਖੇਤਰੀ—ਤੁਰਕੀ, ਗ਼ੋਰੀ, ਮੰਗੋਲੀ, ਈਰਾਨੀ (ਜਾਂ ਗਜ਼ਨਵੀ) ਅਫਗਾਨੀ—ਭਾਸ਼ਾ, ਦੰਡ-ਸੰਘਤਾ, ਪਹਿਰਾਵੇ, ਰੀਤ-ਰਿਵਾਜ ਅਤੇ ਸਭਿਆਚਾਰ ਦੇ ਹੋਰ ਪੱਖ ਨਾਲ ਲਿਆਉਂਦੇ ਸਨ । ਇਸੇ ਲਈ ਅਰਬੀ ਭਾਸ਼ਾ ਅਤੇ ਲਿਪੀ ਦਾ ਪ੍ਰਭਾਵ ਕੇਵਲ ਮਜ਼੍ਹਬ ਦੇ ਘੇਰੇ ਅੰਦਰ ਹੀ ਵਧਿਆ-ਫੁੱਲਿਆ ਜਦ ਕਿ ਈਮਾਨ ਅਤੇ ਸ਼ਰਾਹ ਦੀ ਵਿਆਖਿਆ ਤੋਂ ਲੈ ਕੇ ਸਰਕਾਰੀ ਕੰਮ-ਕਾਰ ਤਕ ਹਮਲਾਵਰਾਂ ਦੀ ਖੇਤਰੀ ਭਾਸ਼ਾ ਅਤੇ ਅਰਬੀ ਲਿਪੀ ਦੇ ਖੇਤਰੀ ਰੂਪਾਂ (ਖ਼ਤ) ਵਿਚ ਹੁੰਦਾ ਰਿਹਾ । ਇਨ੍ਹਾਂ ਖੇਤਰੀ ਭਾਸ਼ਾਵਾਂ ਨਾਲੋਂ ਫਾਰਸੀ ਭਾਸ਼ਾ ਅਤੇ ਸਾਹਿਤ ਦਾ ਵਧੇਰਾ ਪ੍ਰਭਾਵ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਉਪਰ ਹੋਣ ਦੇ ਕਾਰਣ ; ਆਵਾਸੀ ਹਮਲਾਵਰੀ ਦੌਰ ਦਾ ਅੰਤਮ ਕਾਲ ਅਤੇ ਭਾਸ਼ਾਈ ਗੁਆਂਢ ਹਨ । ਪੰਜਾਬ ਦੇ ਇਤਿਹਾਸਕ ਅਧਿਅਨ ਲਈ ਆਮ ਤੌਰ 'ਤੇ ਅਤੇ ਸਭਿਆਚਾਰ ਦੇ ਅਧਿਅਨ ਲਈ ਖਾਸ ਤੌਰ 'ਤੇ ਇਸ ਧਾਰਮਿਕ-ਸਭਿਆਚਾਰਕ ਅਤੇ ਭਾਸ਼ਾ-ਲਿਪੀ ਦੀ ਖਹਿ-ਘਸਰ ਅਤੇ ਵੂੰਦ ਵਲ ਧਿਆਨ ਦੇਣ ਦੀ ਲੋੜ ਹੈ ।

ਵਿਗਿਆਨਕ ਨਿਸ਼ਾਨਦੇਹੀ

ਇਤਿਹਾਸਕ ਸੰਦਰਭ - ਪੰਜਾਬੀ ਸਭਿਆਚਾਰ- ਅਧਿਐਨ ਸਾਹਮਣੇ ਸਮੱਸਿਆ ਇਤਿਹਾਸਕ ਅਧਿਐਨ ਵਲੋਂ ਆਈ ਹੈ । ਸਾਹਿਤਕ ਬਿਰਤੀ ਵਾਲੇ ਸਭਿਆਚਾਰ-ਅਧਿਐਨ ਲਈ ਜ਼ਰੂਰੀ ਹੈ ਕਿ ਉਹ ਸਭਿਆਚਾਰ ਦੇ ਪੁਰਾ-ਤੱਤ ਜਾਂ ਪੈੜ ਲੱਭਦਿਆਂ ਸਮੁੱਚੀ ਇਤਿਹਾਸਕ ਪ੍ਰਕਿਰਿਆ ਨੂੰ ਆਪਣੀਆਂ ਲੱਭਤਾਂ ਦੀ ਕੇਵਲ ਤਸਦੀਕ ਲਈ ਮੁਖ ਰਖੇ । ਅਸਪਸ਼ਟਤਾਵਾਂ ਨੂੰ ਅਲੰਕ੍ਰਿਤ ਜਾਂ ਇਤਿਹਾਸਕ ਖੱਪਿਆਂ ਨੂੰ ਆਪਣੇ ਗਰੰਥ-ਪੂਜਕ ਅਨੁਮਾਨਾਂ ਨਾਲ ਨਾ ਪੂਰੇ ! ਅਤੇ ਸਭ ਤੋਂ ਵਡੀ ਗਲ, ਕਿ: ਇਤਿਹਾਸ ਦੇ ਪਾਠ ਨੂੰ ਹੀ ਨਾ ਪੜ੍ਹੇ, ਸਮਾਜਕ ਪ੍ਰਕਿਰਿਆ ਨੂੰ ਪ੍ਰਗਟਾਉਂਦੇ, ਇਸ ਦੇ ਅੰਤਰ-ਪਾਠਾਂ ਨੂੰ ਵੀ ਸਮਝੇ । ਧਾਰਮਿਕ-ਪੌਰਾਣਕ ਗ੍ਰੰਥਾਂ ਅਤੇ ਲੋਕ-ਧਾਰਾ ਵਿਚ ਆਏ ਮਿਥਹਾਸ ਨੂੰ ਅਲਿਖਤ ਇਤਿਹਾਸ ਤੋਂ ਵੱਖ ਕਰੇ ਅਤੇ ਮਿਥਹਾਸ ਨੂੰ ਸਭਿਆਚਾਰਕ ਤੱਤਾਂ ਅਤੇ ਤੱਥਾਂ ਦਾ ਸੂਤ੍ਰੀਕਰਨ (Codification) ਸਮਝ ਕੇ ਇਸ ਦਾ ਵਿਸੂਤ੍ਰੀਕਰਨ (Decodification) ਕਰ ਕੇ ਹੀ ਸਭਿਆਚਾਰ ਦੇ ਅਰਥ ਕਢੇ । ਸਭਿਆਚਾਰ ਦੇ ਅਕਾਦਮਿਕ ਵਿਦਵਾਨਾਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਇਤਿਹਾਸ; ਕੇਵਲ ਰਾਜਿਆਂ ਤੇ ਉਨ੍ਹਾਂ ਦੀ ਨੀਤੀ, ਜਿੱਤ ਜਾਂ ਧਰਮ ਤੇ ਹੀ ਨਹੀਂ, ਅਰਥਚਾਰੇ, ਦਰਸ਼ਨ ਅਤੇ ਜੀਵਨ ਦੇ ਹੋਰਨਾਂ ਬਾਹਰਮੁਖੀ ਅਤੇ ਅੰਤਰ-ਮੁਖੀ (ਖਾਸ ਕਰ, ਬਹੁ-ਮੱਦੀ Multi-Catagorical ਵਰਤਾਰੇ—ਸਭਿਆਚਾਰ ਅਤੇ ਸੁਹਜ-ਸ਼ਾਸਤ੍ਰ) ਦੇ ਵੀ ਹੁੰਦੇ ਹਨ ।

ਇਸ ਲੇਖ ਵਿਚ ਸਭਿਆਚਾਰ ਦੇ ਰਚਕਾਂ ਅਤੇ ਆਯਾਮਾਂ ਨਾਲ ਸੰਬੰਧਤ ਕੁੱਝ ਕੁ ਪ੍ਰਸ਼ਨ ਅਤੇ ਸਮਸਿਆਵਾਂ, ਉਦਾਹਰਣ ਵਜੋਂ ਦਿੱਤੀਆਂ ਜਾ ਸਕੀਆਂ ਹਨ । ਇਨ੍ਹਾਂ ਅਤੇ ਹੋਰ ਪ੍ਰਸ਼ਨਾਂ ਉਪਰ ਵਿਗਿਆਨਕ ਖੋਜ-ਪੜਤਾਲ, ਪੰਜਾਬੀ ਸਭਿਆਚਾਰ ਦੀ ਠੀਕ ਨਿਸ਼ਾਨਦੇਹੀ ਅਤੇ ਵਿਆਖਿਆ ਕਰ ਸਕਦੀ ਹੈ :

ਨਸਲੀ ਪਿਛੋਕੜ-ਪੰਜਾਬ ਦੇ ਨਸਲੀ ਪਿਛੋਕੜ ਬਾਰੇ ਬ੍ਰਾਹਮਣੀ ਧਾਰਮਿਕ ਵਿਚਾਰਕਾਂ ਦਾ ਦ੍ਰਿਸ਼ਟੀਕੋਣ ਬੜਾ ਸਰਲ ਅਤੇ ਕਿੰਤੂ-ਰਹਿਤ 'ਬੰਦ ਕਿਤਾਬ' ਸੀ । ਜਿਵੇਂ ਕਿ, ਜੇ ਪੂਰੇ ਸੰਸਾਰ ਨਹੀਂ ਤਾਂ ਪੰਜਾਬ ਸਮੇਤ ਭਾਰਤ ਵਿਚ ਵਸਦੀ ਲੋਕਾਈ, ਆਦੀ ਰਚਨਾਕਾਰ, ਬ੍ਰਹਮਾ ਦੇ ਵੱਖ-ਵੱਖ ਅੰਗਾਂ ਵਿਚੋਂ ਪੈਦਾ ਹੋ ਕੇ ਅੰਗਾਂ ਦੀ ਉੱਤਮਤਾ ਜਾਂ ਨਿਮਣਤਾ ਅਨੁਸਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਚੀ ਤੇ ਨੀਵੀਂ ਹੈ। ਇਸ ਵੰਡ ਦਾ ਆਧਾਰ ਨਸਲੀ ਦੀ ਥਾਂ ਵਰਣ (ਰੰਗ) ਜਾਂ ਜਨਮ ਸੀ। ਜੈਨ ਤੇ ਬੁੱਧ ਮਤਾਂ (ਅਤੇ ਇਕ ਹੱਦ ਤਕ ਨਵ-ਬ੍ਰਾਹਮਣਵਾਦ) ਦੀ ਮਨੁੱਖੀ ਵੰਡ ਦਾ ਵਿਧੀ-ਵਿਧਾਨ, ਨਸਲ-ਆਧਾਰ ਹੋਣ ਦੀ ਥਾਂ ਪਹਿਲਾਂ ਤਾਂ ਵਰਣ ਅਤੇ ਜਨਮ ਦੇ ਸੰਕਲਪ ਨੂੰ ਨਿਖੇਧਣ ਲਈ ਕਰਮ ਦਾ ਪੱਖ ਲੈਂਦਾ ਰਿਹਾ। ਇਸ ਤੋਂ ਮਗਰੋਂ ਦੇ ਧਰਮ-ਸੰਕਲਪਾਂ ਸਾਹਮਣੇ ਰਾਹ ਹੋਰ ਵੀ ਸਿੱਧਾ ਸੀ ਕਿ : ਮਨੁੱਖ ਦੇ ਸ਼ਰੀਰ ਤੇ ਮੂੰਹ-ਮੁਹਾਂਦਰੇ ਵਿਚ ਫਰਕ, ਸਮੇਂ ਤੇ ਸਥਾਨ ਦੇ ਪ੍ਰਭਾਵ ਵਜੋਂ ਆਉਂਦਾ ਹੈ। ਇਸੇ ਲਈ ਇਸਲਾਮ, ਭਗਤੀ ਤੇ ਸੂਫੀ ਮਤਾਂ ਅਤੇ ਸਿਖ ਮਤ ਨੇ ਕੁੱਲ ਲੁਕਾਈ ਨੂੰ ਰੱਬ ਦੀ ਇਕੋ ਜਹੀ ਸਿਰਜਨਾ ਮੰਨ ਕੇ ਆਪਣੇ ਵਿਚਾਰਧਾਰਕ-ਸਮਾਜਕ ਮਨੋਰਥ—ਮਨੁੱਖ ਦੀ ਰੱਬੀ ਇੱਕਤਾ—ਨੂੰ ਸਿੱਧ ਕੀਤਾ, ਜਦ ਕਿ ਇਨ੍ਹਾਂ ਮਤਾਂ ਅਨੁਸਾਰ ਮਨੁੱਖ ਦੇ ਨਿੱਜ ਨੂੰ ਜਾਣਨ ਸਮਝਣ ਲਈ ਵੀਰਜ ਤੇ ਜਨਮ ਦਾ ਭੌਤਿਕ ਸੰਕਲਪ ਸਥਾਪਤ ਰਿਹਾ।

ਪੰਜਾਬੀ ਸਭਿਆਚਾਰ ਦੇ ਨਸਲੀ ਪਿਛੋਕੜ ਨੂੰ ਸਮਝਣ ਲਈ ਨਸਲ-ਸ਼ਾਸਤ੍ਰ ਦੇ ਗਹਿਣ-ਅਧਿਐਨ ਤੋਂ ਸਹਾਇਤਾ ਲੈਣ ਦੀ ਲੋੜ ਹੈ। ਮਹਾਂਭਾਰਤ, ਬੋਧ-ਜੈਨ ਅਤੇ ਹੋਰ ਪੌਰਾਣਿਕ ਲਿਖਤਾਂ ਵਿਚੋਂ ਗਣਾਂ, ਕਬੀਲਿਆਂ, ਰਾਜਾਂ ਦੇ ਨਾਂ ਅਤੇ ਵਰਣਨ ਤਾਂ ਇਸ ਅਧਿਐਨ ਦੀ ਤਸਦੀਕ ਭਲੀ ਭਾਂਤ ਕਰ ਸਕਦੇ, ਹਨ। ਉਡੇਸੇ-ਈਲੀਅਡ ਅਤੇ ਮਹਾਂਭਾਰਤ ਜਾਂ ਤ੍ਰੀਪਟਕਾਂ ਜਹੀਆਂ ਰਚਨਾਵਾਂ ਵਿਚ ਉਪਲਭਦ ਇਤਿਹਾਸਕਤਾ, ਮੂਲ-ਮੁੱਦੇ, ਪਾਤ੍ਰਾਂ ਵਿਚਲੀ ਸਾਂਝ ਦਾ ਤੁੱਲਨਾਤਮਕ ਅਧਿਐਨ, ਨਸਲੀ ਅਰਥਚਾਰਿਆਂ ਅਤੇ ਮਾਨਸਿਕਤਾ ਨੂੰ ਸਮਝਣ ਲਈ ਸਹਾਈ ਹੋ ਸਕਦੇ ਹਨ। ਨਸਲੀ ਪਿਛੋਕੜ ਦੇ ਦ੍ਰਿਸ਼ਟੀਕੋਣ ਤੋਂ ਪੰਜਾਬੀ ਸਭਿਆਚਾਰ ਨੂੰ ਕਿਸੇ ਇਕ ਜਾਤ ਬਿਹਾਦਰੀ ਦੀ ਵਿਰਾਸਤ ਅਤੇ ਪ੍ਰਤਿਭਾ ਸਮਝਣਾ ਗ਼ਲਤ ਹੈ, ਭਾਵੇਂ ਅਜ ਕੋਈ ਜਾਤ ਬਿਰਾਦਰੀ ਕਿੰਨੀ ਹੀ ਆਦੀ, ਗ਼ਾਲਬ ਜਾਂ ਪੰਜਾਬੀ ਵੱਸੋਂ ਦੀ ਮੁਖ-ਧਾਰਾ ਕਿਉਂ ਨਾ ਦਿਸਦੀ ਹੋਵੇ! ਕਿਉਂਕਿ ਇਤਿਹਾਸ ਦੀ ਮਧਾਣੀ ਕਿਸੇ ਵੀ ਵੱਸੋਂ ਨੂੰ ਖਾਲਸ ਅਤੇ ਸਥਿਰ ਨਹੀਂ ਰਹਿਣ ਦੇਂਦੀ।

ਭਾਸ਼ਾਈ ਆਯਾਮ ਪੰਜਾਬੀ ਸਭਿਆਚਾਰ ਨੂੰ ਸਮਝਣ ਦੇ ਭਾਸ਼ਾ-ਵਿਗਿਆਨਕ ਯਤਨ ਵੀ ਸਾਹਿਤਕ ਅਧਿਐਨ ਵਾਂਗ ਅਕਾਦਮਿਕ ਕਿੱਤੇ ਦੀ ਮਸਲਿਹਤ ਅਤੇ ਮਜਬੂਰੀ ਕਾਰਣ, ਪ੍ਰਾਪਤ ਗਿਆਨ ਨੂੰ ਹੀ ਸਭਿਆਚਾਰਕ ਅਧਿਅਨ ਵਿਚ ਢਾਲਣ ਵਰਗੇ ਹੋਏ ਹਨ। ਜਿਵੇਂ ਫਰੀਦ ਦੀ ਬਾਣੀ ਤੋਂ ਛੜੱਪਾ ਮਾਰ ਕੇ ਗੁਰਬਾਣੀ ਨਾਲ ਆ ਨਜਿੱਠਣਾ! ਨਾ ਤਾਂ ਪੂਰਵ ਅਤੇ ਉਤਰ-ਫਰੀਦ ਕਾਲ ਦੇ ਭਾਸ਼ਾਈ ਵਰਤਾਰੇ ਵਲ ਧਿਆਨ ਦਿਤਾ ਗਿਆ ਹੈ (ਕਿਉਂਕਿ ਅਠਵੀਂ ਤੋਂ ਦਸਵੀਂ ਸਦੀ ਵਿਚਕਾਰ ਆਧੁਨਿਕ ਭਾਰਤੀ ਭਾਸ਼ਾਵਾਂ ਦਾ ਨਿਕਾਸ ਹੋ ਰਿਹਾ ਸੀ) ਨਾ ਰਾਜਪੂਤਾਨੇ ਦੀਆਂ ਡਿੰਗਲ ਤੇ ਹੋਰਨਾਂ ਗੁਆਂਢੀ ਸ਼ਾਬਦਿਕ ਉਚਾਰਣਾਂ, ਸ਼ੈਲੀਆਂ, ਸ਼ਬਦ-ਧੁਣੀਆਂ ਵਲ; ਨਾ ਹੀ ਉਨ੍ਹਾਂ ਇਲਾਕਿਆਂ ਦੇ ਸ਼ਬਦ-ਭੰਡਾਰਾਂ ਵਲ, ਜਿਥੇ-ਜਿਥੇ ਪੰਜਾਬ ਵਿਚ ਵੱਸਣ ਵਾਲੇ ਗੁਰਜਰ (ਗੂਜਰ), ਅਭੀਰ (ਅਹੀਰ) ਅਤੇ ਰਾਜਪੂਤ-ਸੰਗ-ਜਾਟ ਕਬੀਲਿਆਂ ਦੇ ਭਾਈਚਾਰੇ ਜਾ ਵੱਸੇ ਸਨ। ਖਾਸ ਨਾਵਾਂ (Proper Nouns), ਕਿਰਿਆ-ਧਾਤੂਆਂ, ਕਿਰਿਆਵਾਂ ਅਤੇ ਕਾਰਕ-ਰੂਪ ਸਾਧਨਾਵਾਂ ਦੇ ਅਧਿਐਨ ਨੂੰ ਨਸਲ-ਸ਼ਾਸਤ੍ਰੀ ਅਧਿਐਨ ਨਾਲ ਮੇਲ ਕੇ ਪੰਜਾਬੀ ਸਭਿਆਚਾਰ ਦੀਆਂ **ਤਸਦੀਕੀ** ਲੱਭਤਾਂ ਲੱਭੀਆਂ ਜਾ ਸਕਦੀਆਂ ਹਨ। ਭਾਸ਼ਾ, ਕਿਉਂਕਿ ਸਭਿਆਚਾਰ ਦੀ ਨਿਰੰਤਰਤਾ ਨੂੰ ਦਿਖਾਉਂਦੀ ਹੈ; ਇਸ ਲਈ ਅਜੋਕੀ ਪੰਜਾਬੀ ਤਕ ਦਾ ਵਿਕਾਸ-ਅਧਿਐਨ, ਸਾਨੂੰ ਵਰਤਮਾਨ ਪੰਜਾਬੀ ਸਭਿਆਚਾਰ ਨੂੰ ਸਮਝਣ ਵਿਚ ਸਹਾਈ ਹੋ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਖ਼ੁਰਾਕ ਤੇ ਭੋਜਨ-ਆਦਤਾਂ:--ਵੇਦਿਕ ਉਪਨਿਸ਼ਦੀ ਅਤੇ ਮਹਾਂ ਕਾਵਿਕ ਗਵਾਹੀਆਂ ਤੋਂ ਇਹ ਤਾਂ ਸਪਸ਼ਟ ਹੁੰਦਾ ਹੈ ਕਿ ਆਰੀਆ ਲੋਕਾਂ ਦੇ ਸ਼ਿਕਾਰ, ਭੋਜਨ, ਹੋਮ-ਯੱਗ ਅਤੇ ਪਹਿਰਾਵੇ ਵਿਚ ਘੋੜਾ, ਗਊ, ਹਿਰਣ ਦੀ ਵਰਤੋਂ ਸ਼ੁਭ ਤਕ ਸਮਝੀ ਜਾਂਦੀ ਸੀ, ਜੋ ਪੂਰਣ-ਖੇਤੀ ਵਾਹੀ ਯੁਗ ਅਤੇ ਆਜੜੀ ਜਾਂ ਟੱਪਰੀਵਾਸ ਸਮਾਜ ਦੀ ਦੇਣ ਸੀ। ਇਹ ਵੀ ਭਰੋਸੇ ਯੋਗ ਅਨੁਮਾਣ ਹੈ ਕਿ ਆਦੀ ਵਾਸੀਆਂ ਦੇ ਖੇਤੀ-ਵਾਹੀ ਵਾਲੇ ਸਮਾਜ ਵਿਚ ਸ਼ਾਕਾਹਾਰ ਵਿਕਾਸਸ਼ੀਲ ਹੋਵੇਗਾ। ਇਸ, ਵਸਨੀਕ ਵਿਕਸਤ ਸਮਾਜ ਦੇ ਸਾਕਾਹਾਰ ਤੋਂ ਬਿਨਾਂ ਸਥਾਪਤ ਹੋਣ ਉਪ੍ਰੰਤ ਆਰੀਆ-ਲੋਕਾਂ ਦਾ ਵਾਹ ਕਈ ਇਲਾਕਿਆਂ ਵਿਚ ਰਾਜ-ਧਰਮ ਬਣਦੇ ਜਾ ਰਹੇ, ਬੋਧ ਤੇ ਜੈਨ ਧਰਮਾਂ ਨਾਲ ਵੀ ਪਿਆ ਜਿਸ ਕਰਕੇ ਭੋਜਨ ਤੋਂ ਲੈ ਕੇ ਹਵਨ ਦੀਆਂ ਸਾਮਗ੍ਰੀਆਂ ਵਿਚੋਂ ਮਾਸਾਹਾਰ ਬਹੁਤ ਹਦ ਤਕ ਆਰਯੀਆਵਰਤ ਅਤੇ ਵਿਕਸਤ ਮੈਦਾਨੀ ਰਾਜਾਂ ਵਿਚ ਤਾਂ ਘਟ ਗਿਆ; ਸਮੁੰਦਰ-ਤੱਟ ਵਾਸੀ ਲੋਕਾਂ ਵਿਚ ਮੱਛੀ-ਆਹਾਰ ਵਜੋਂ ਹੀ ਸੀਮਤ ਹੋ ਗਿਆ। ਪੰਜਾਬੀ ਸਭਿਆਚਾਰ ਦੇ ਅਧਿਐਨ-ਕਰਤਿਆਂ ਲਈ ਇਹ ਪ੍ਰਸ਼ਨ ਵੀ ਰੋਚਕ ਹੋਵੇਗਾ ਕਿ ਮਾਸਾਹਾਰ ਬਿਰਤੀ ਸਮੁੱਚੇ ਪੰਜਾਬ ਵਿਚ ਆਰਯੀਆਵਰਤੀ ਕੇਂਦਰ ਤੋਂ ਦੂਰ ਜਾਂ ਬਾਹਰਵਰਤੀ ਹੋਣ ਕਾਰਣ ਹੋਈ ਜਾਂ ਮਾਸਾਹਾਰੀ ਕਬੀਲਿਆਂ ਦੇ ਲਗਾਤਾਰ ਪੰਜਾਬ ਵਿਚ ਆਉਂਦੇ ਅਤੇ ਵੱਸੋਂ ਦੀ ਮੁਖ-ਧਾਰਾ ਬਣਦੇ ਰਹਿਣ ਕਾਰਣ ? ਅਗੇ ਵਧ ਕੇ ਇਹ ਵੀ ਪ੍ਰਸ਼ਨ ਹੈ ਕਿ: ਕਿਹੜੀਆਂ ਪੰਜਾਬੀ ਜਾਤਾਂ-ਬਿਰਾਦਰੀਆਂ ਵਿਚ ਮਾਸਾਹਾਰ, ਨਸਲੀ ਕਾਰਣਾਂ ਕਰ ਕੇ ਵਿਆਪਿਆ ? ਹੋਰ ਡੂੰਘਾਈ ਵਿਚ ਜਾ ਕੇ, ਇਹ ਵੀ ਪ੍ਰਸ਼ਨ ਹੈ ਕਿ ਪੂਰਬੀ ਪੰਜਾਬ ਦੀ ਸ਼ਾਕਾਹਾਰੀ ਪ੍ਰਵਿਰਤੀ ਦਾ ਕਾਰਣ ਬ੍ਰਾਹਮਣੀ-ਸੰਗ-ਬੋਧ-ਜੈਨ (ਸ਼੍ਰਮਣਵਾਦੀ) ਜੀਵਨ-ਜਾਚਾਂ ਦੇ ਵ੍ਰਿੰਦ-ਕੇਂਦਰ ਦੇ ਨੇੜੇ ਹੋਣ ਕਾਰਣ ਸੀ ਜਾਂ ਮਾਸਾਹਾਰੀ ਆਵਾਸਾਂ ਦੇ ਪਿਛਲੇਰੇ ਮੋਰਚੇ ਤੇ ਸਥਿਤ ਹੋਣ ਕਾਰਣ ? ਜਾਂ ਫੇਰ ਇਸ ਤੋਂ ਉਲਟ; ਪੱਛਮੀ ਪੰਜਾਬ ਦੀ ਵੱਸੋਂ ਵਿਚ ਮਾਸਾਹਾਰੀ ਰੁਚੀ ਭਾਰਤੀ ਧਰਮ-ਵ੍ਰਿੰਦ ਕੇਂਦਰ ਤੋਂ ਪਰੇ ਹੋਣ ਕਾਰਣ ਸੀ ਜਾਂ ਮਾਸਾਹਾਰੀ ਆਵਾਸੀਆਂ-ਹਮਲਾਵਰਾਂ ਦੇ ਮੂਹਰਲੇ ਸਭਿਆਚਾਰਕ ਮੋਰਚੇ ਉਪਰ ਸਥਿਤ ਹੋਣ ਕਾਰਣ ?

ਇੰਜ ਹੀ ਮੱਖਣ-ਛਾਹ ਦੀ ਵਰਤੋਂ, ਸਬਜ਼ੀਆਂ-ਤਰਕਾਰੀਆਂ, ਚੁੱਲੇ, ਤੰਦੂਰ, ਰੋਟੀ; ਇਸ ਦੀਆਂ ਕਿਸਮਾਂ (ਮੰਨ, ਢੋਡਾ, ਦੁੱਪੜ, ਮਿੱਸੀ, ਭੁਸਰੀ, ਕੁਲਚਾ, ਨਾਣ ਆਦਿਕ), ਚਾਵਲ ਅਤੇ ਇਸ ਤੋਂ ਬਣੇ ਪੁਲਾਅ-ਪਕਵਾਨ ਦੀਆਂ ਕਿਸਮਾਂ ਸਾਨੂੰ ਪੰਜਾਬ ਦੇ ਅੰਨ-ਦਾਣੇ, ਭੋਜਨ ਵਸਤਾਂ ਅਤੇ ਆਦਤਾਂ ਦਾ ਹੀ ਸੰਕੇਤ ਨਹੀਂ ਦੇਣਗੀਆਂ ਸਗੋਂ ਇਨ੍ਹਾਂ ਦੇ ਨਾਵਾਂ ਤੋਂ ਲੈ ਕੇ ਸੰਦ-ਬਰਤਨ ਆਦਿਕ ਤਕ, ਵਖ-ਵਖ ਕਬੀਲਿਆਂ-ਕੌਮੀਅਤਾਂ ਦੀ, ਪੰਜਾਬੀਅਤ ਵਿਚ ਉਨ੍ਹਾਂ ਦੀ ਹਿੱਸੇਦਾਰੀ ਨੂੰ ਵੀ ਦ੍ਰਸਾਉਣਗੀਆਂ।

ਪਹਿਰਾਵਾ ਅਤੇ ਸੁਹਜ-ਸਆਦ-ਆਵਾਸ ਸਮੇਂ ਆਰੀਆ-ਪਹਿਰਾਵਾ ਜਾਨਵਰਾਂ ਦੀ ਖੱਲ ਤੇ ਊਨੀ ਕਪੜੇ ਦਾ ਵੀ ਹੋਵੇਗਾ। ਕਿਉਂਕਿ ਪਤੱਰੀ ਤੇ ਪਹਾੜੀ ਇਲਾਕਿਆਂ ਦੇ ਲੋਕਾਂ ਅਤੇ ਰਿਸ਼ੀਆਂ ਕੋਲ ਮ੍ਰਿਗ-ਛਾਲ ਦਾ ਵਰਣਨ ਆਮ ਹੈ। ਸੂਤੀ ਕਪੜਾ (ਅੰਗ-ਵਸਤ੍ਰਮ ਅਤੇ ਧੋਤੀ ਜਾਂ ਸਾੜ੍ਹੀ) ਵੀ ਦੱਖਣੀ, ਗਰਮ ਇਲਾਕਿਆਂ ਵਲ ਵਧਦਿਆਂ, ਵਧਦਾ ਅਤੇ ਇਕੋ ਜਾਂ ਸੰਖੇਪ ਵੀ ਹੋ ਜਾਂਦਾ ਸੀ। ਪਰ ਪੰਜਾਬ ਵਿਚ (ਅਤੇ ਰਾਜਪੂਤਾਨੇ) ਵਿਚ ਲੰਮੀ ਸਕਰਟ (ਜਾਂ ਘਗਰੀ), ਚੋਲੀ-ਬੰਡੀ, ਅੰਗੀ (ਪਿੱਠ ਤੋਂ ਨੰਗੀ ਜਾਂ ਕੱਜੀ), ਆਦੀਵਾਸੀਆਂ ਦੇ ਪਹਿਰਾਵੇ ਦਾ ਕੋਈ ਰੂਪ ਸੀ ਜਾਂ ਯਵਨ, ਹੂਨ ਤੇ ਜਾਟ ਕਬੀਲੇ ਲੈ ਕੇ ਆਏ ਸਨ ? ਸ਼ਲਵਾਰ ਤਾਂ ਦਮਸ਼ਕ ਤੋਂ ਲੈ ਕੇ ਅਫ਼ਗਾਨਿਸਤਾਨ ਤਕ ਪਹੁੰਚਦਿਆਂ ਬਦਲਦੇ ਹੋਏ ਪਾਇਜਾਮਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਪਾਜਾਮਾ) ਦਾ ਰੂਪ ਦਿਸਦਾ ਹੈ ਅਤੇ ਝੱਗਾ-ਕੁੜਤਾ ਮਰਾਕੋ ਤੋਂ ਲੈ ਕੇ ਭਾਰਤ ਤਕ ਪਹੁੰਚੇ; ਬੀੜਿਆਂ-ਬਟਨਾਂ ਵਾਲੇ ਗਲ-ਪਹਿਰਾਵੇ ਦਾ ਕੋਈ ਰੂਪ। ਇੱਜ ਹੀ ਸਿਰ-ਓੜ੍ਹਨੀ, ਚੁੰਨੀ, ਦੁਪੱਟਾ ਤੇ ਚਾਦਰ ਵੱਖ-ਵੱਖ ਸਮੁਦਾਵਾਂ ਤੇ ਸਮਿਆਂ ਦਾ ਆਵਾਸੀ ਕਪੜਾ ਜਾਪਦਾ ਹੈ ਜੋ ਅੱਜ ਕੇਵਲ ਪੰਜਾਬੀ ਸ਼ੈਲੀ ਹੈ ਜਦ ਕਿ ਜੂੜਾ (ਖਾਸ ਕਰ ਚਕਲੀਦਾਰ) ਸ਼ਾਇਦ ਸਥਾਨਕ ਕੇਸ਼-ਰੂਪ ਹੋਵੇ। ਪਰਾਂਦੀ (ਜਾਂ ਪਰਾਂਦਾ) ਸ਼ਾਇਦ ਕੇਸ-ਸ਼ਿੰਗਾਰ ਦਾ ਪੰਜਾਬੀ ਜਾਂ ਸੰਸ਼ਲੇਸ਼ਤ ਫੈਸ਼ਨ ਹੋਵੇ। ਝੁੰਮਰ, ਫੁੱਲ-ਚੌਂਕ, ਗਾਨੀ, ਵਾਲੀਆਂ, ਲੌਂਗ ਜਾਂ ਕੋਕਾ ਅਤੇ ਗਲੇ ਦੇ 'ਬੋਲਡ ਸਟਾਈਲ' ਕੁੱਝ ਗਹਿਣੇ ਅਜੇ ਵੀ ਰਾਜਪੂਤਾਨੇ ਤੋਂ ਲੈ ਕੇ ਅਫ਼ਗਾਨ ਅਤੇ ਤੁਰਕਸਤਾਨੀ ਗਹਿਣਿਆਂ ਨਾਲ ਰਲਦੇ ਹਨ ਜਦ ਕਿ ਹੱਥਾਂ ਬਾਹਾਂ ਤੇ ਲੱਕ ਵਿਚ ਪਹਿਣਨ ਵਾਲੇ ਆਭੂਸ਼ਨਾਂ ਦੀ ਦੱਖ ਮੱਧ ਤੇ ਦੱਖਣੀ ਭਾਰਤੀ ਗਹਿਣਿਆਂ ਨਾਲ ਮਿਲਦੀ ਹੈ। ਤੜਾਗੀ, ਬਿਛੂਏ ਇਕ ਹਦ ਤਕ ਪੰਜਾਬ ਦੇ ਪੱਛਮੀ ਅਤੇ ਦੱਖਣੀ ਇਲਾਕਿਆਂ ਵਲ ਵਧੇਰੇ ਪਰਚਲੱਤ ਹਨ।

ਇੱਜ ਹੀ, ਤੇੜ ਦੇ ਮਰਦ-ਪਹਿਰਾਵੇ : ਤੰਬਾ, ਲਾਚਾ, ਚੂਕਾਂ ਵਾਲੀ ਚਾਦਰ, ਘੁਟੱਨੀ ਤੇ ਚੂੜੀਦਾਰ (ਘੁੱਟਵਾ) ਪਾਜਾਮਾ, ਬਿਰਾਦਰੀਆਂ ਅਤੇ ਸੰਪ੍ਰਦਾਵਾਂ ਨਾਲ ਜੁੜ ਫੱਬ ਗਏ ਹਨ ਪਰ ਆਏ ਇਹ ਵੱਖ-ਵੱਖ ਸਮੇਂ, ਵੱਖ-ਵੱਖ ਲੋਕਾਂ ਨਾਲ ਜ਼ਰੂਰ ਹਨ। ਮਰਦ-ਗਹਿਣਿਆਂ ਵਿਚੋਂ ਮੁਰਕੀਆਂ-ਵਾਲੀਆਂ (ਬੀਰ ਬਲੀਆਂ) ਵੀ ਕਿਸੇ ਕਬੀਲੇ ਨੇ ਆਯਾਤ ਕੀਤੀਆਂ ਹੋਣ ਗੀਆਂ ਅਤੇ ਕੰਠਾ (ਹੰਸਲੀ ਵਾਂਗ) ਕਿਸੇ ਜਾਟ ਕਬੀਲੇ ਨੇ। ਪੱਗ, ਪਗੜੀ ਜਾਂ ਪੱਗੜ ਇਕ ਜਾਂ ਦੂਜੇ ਰੂਪ, ਘਟ ਜਾਂ ਵਧ ਬਰ ਜਾਂ ਲੰਬਾਈ ਵਾਲਾ — ਅਜੱ ਵੀ ਰਾਜਸਥਾਨ ਅਤੇ ਪੰਜਾਬ ਤੋਂ ਲੈ ਕੇ ਈਰਾਨੀ-ਇਰਾਕੀ ਕੁਰਦਿਸਤਾਨ ਅਤੇ ਏਸ਼ੀਆਈ-ਸੋਵੀਅਤ ਯੂਨੀਅਨ ਦੀਆਂ ਕੋਈ ਕੌਮੀਅਤਾਂ ਬੰਨ੍ਹਦੀਆਂ ਹਨ। ਗੁਰੂ-ਕਾਲ ਸਮੇਂ ਇਕ ਪਾਸੇ ਰਾਜਪੂਤੀ ਪੱਗ ਦੀਆਂ ਕਈ ਬੰਨ੍ਹਣ-ਸ਼ੈਲੀਆਂ ਪਰਚਲੱਤ ਸਨ ਜੋ ਪੇਸ਼ਿਆਂ ਤੇ ਜਾਤਾਂ-ਜਮਾਤਾਂ ਨਾਲ ਸੰਬੰਧਤ ਹੁੰਦੀਆਂ ਜਾ ਰਹੀਆਂ ਸਨ। ਦੂਜੇ ਪਾਸੇ ਮੁਸ਼ਹਿਦੀ, ਦਸਤਾਰ, ਅਮਾਮਾ ਕੁੱਲੇ-ਰਹਿਤ ਜਾਂ ਕੁੱਲੇ ਸਹਿਤ ਕਈ ਰੂਪਾਂ ਦੀਆਂ ਪੱਗਾਂ ਦਿਸਦੀਆਂ ਹਨ ਜਿਸ ਵਿਚੋਂ ਮੁਗ਼ਲ-ਕਾਲ ਸਮੇਂ ਦੀ ਪੱਗੜੀ-ਸ਼ੈਲੀ ਵਧੇਰੀ ਪ੍ਰਚਲੱਤ ਹੋਈ। ਇਹ ਵੱਖਰੀ ਗਲ ਹੈ ਕਿ ਸਾਬਤ-ਸਾਲਮ ਰਖੇ ਕੇਸਾਂ ਦੀ ਸੰਭਾਲ ਅਤੇ ਸਤਿਕਾਰ ਦੇ ਨਾਲ ਹੀ, ਸਿਖ ਸਮੁਦਾਇ ਵਿਚ ਪੱਗ ਅਜ ਇਕ ਜ਼ਰੂਰੀ ਪਹਿਰਾਵਾ ਹੈ ਤਾਂ ਵੀ ਇਸ ਦੇ, ਬੰਨ੍ਹਣ ਤੋਂ ਫਬਾਉਣ ਤਕ ਦੇ ਕਈ ਢੰਗ ਹਨ। ਪਹਿਲੇ ਤੋਂ ਨੌਵੇਂ ਸਿਖ ਗੁਰੂਆਂ ਤਕ ਜਿਹੜੀ ਦਸਤਾਰ ਪੁਰਾਤਨ ਚਿਤ੍ਰਕਾਰੀ ਰਾਹੀਂ ਦਿਸਦੀ ਹੈ ਉਹ ਤਤਕਾਲੀ ਮੁਗ਼ਲਈ ਅਮਾਮੇ ਨਾਲ ਰਲਦੀ-ਮਿਲਦੀ ਹੈ। ਵਧੇਰੇ ਪ੍ਰਚਲੱਤ ਕਾਂਗੜਾ-ਕਲਮ ਵਿਚ ਚਿਤਰਿਆ ਗੁਰੂ ਨਾਨਕ ਦਾ ਸੀਸ-ਕਜੱਨ; ਮਰਦਾਨੇ ਦੀ ਮੁਗ਼ਲਈ ਪੱਗ ਅਤੇ ਬਾਲੇ ਦੀ ਕੁੱਲਾ-ਨੁਮਾ ਟੋਪੀ ਦੇ ਵਿਚਕਾਰ ਕਾਂਗੜੇ ਦੀ ਕਸ਼ੀਦਾਕਾਰੀ ਦੀ ਸੰਜਾਫ-ਪੱਟੀ ਵਾਲੀ ਟੋਪੀ ਵਰਗਾ ਹੈ। ਜਦ ਕਿ ਵਰਤਮਾਨ ਵਿਚ ਪ੍ਰਥਮ ਸਿਖ ਗੁਰੂ ਦੇ ਬਹੁਤੇ ਚਿਤਰ ਸਿੱਧੀ ਤੇ ਗੋਲ ਦਸਤਾਰ ਵਾਲੇ ਬਣਾਏ ਜਾ ਰਹੇ ਹਨ। ਗੁਰੂ ਇਤਿਹਾਸ ਅਤੇ ਸਾਖੀਆਂ ਵਿਚ ਗੁਰਿਆਈ ਦੇਣ ਸਮੇਂ ਹੋਰ ਵਸਤਾਂ ਦੇ ਨਾਲ ਸੇਹਲੀ-ਟੋਪੀ ਦਾ ਵਰਣਨ ਜ਼ਰੂਰ ਆਉਂਦਾ ਹੈ। ਪਰ ਦਸਵੇਂ ਗੁਰੂ ਦੇ; ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਅਵਸਥਾਵਾਂ ਦੇ ਚਿਤਰਾਂ ਵਿਚ, ਸੀਸ ਉਪਰ ਦੁਮਾਲਾ ਸੋਭ ਰਿਹਾ ਹੈ। ਨਹੀਂ ਜਾਣਦੇ ਕਿ ਵਰਤਮਾਨ ਦੇ ਸਨਮਾਨੇ-ਪ੍ਰਵਾਨੇ ਚਿਤਰਾਂ ਵਿਚ ਗੁਰੂ ਸਾਹਿਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਦਸਤਾਰਾਂ ਨੂੰ ਅਜੋਕੀ ਸਿਖ-ਪਗੜੀ ਦੇ ਰੂਪ ਵਿਚ ਚਿਤਰਨ ਦਾ ਕੀ ਪ੍ਰਯੋਜਨ ਹੈ !

ਪਹਿਰਾਵੇ ਦੇ ਨਾਲ ਹੀ ਚਰਖ਼ਾ, ਉਸ ਦੇ ਪੁਰਜ਼ੇ ਤੇ ਸੂਤ ਕੱਤਣ ਅਟੇਰਨ ਦੇ ਸੰਦ ਆਦਿਕ ਪੰਜਾਬੀ ਕਵਿਤਾ ਵਿਚ ਫਰਸ਼ੀ ਅਤੇ ਅਰਸ਼ੀ ਪ੍ਰਤੀਕ ਬਣ ਕੇ ਹੀ ਨਹੀਂ ਆਏ ਸਗੋਂ ਪਹਿਰਾਵੇ-ਗਹਿਣਿਆਂ, ਬਾਗ਼ ਫੁਲਕਾਰੀ, ਕੰਧਾਂ-ਕੰਧੋਲੀਆਂ ਦੀ ਸਜਾਵਟ ਨਾਲ ਸੁਹਜ-ਸੁਆਦ ਅਤੇ ਸੌਂਦਰਯ-ਸ਼ਾਸਤ੍ਰ ਦੇ ਕਈ ਖੋਜ-ਆਯਾਮ ਜੁੜੇ ਹੋਏ ਹਨ । ਅਜੇ ਮੋਰ-ਘੁੱਗੀਆਂ ਦੇ ਚਿਤਰ ਅਤੇ ਫੁਲਕਾਰੀ ਦੇ ਤੋਪੇ, ਡਿਜ਼ਾਈਨ ਅਤੇ ਰੰਗ-ਆਮੇਜ਼ੀ ਤੋਂ ਆਰੰਭ ਕਰ ਕੇ ਪੰਜਾਬੀ ਸੁਹਜ-ਸੁਆਦ ਦੀ ਮੱਦ (Catagory) ਅਤੇ ਇਸ ਦੇ ਰਚਕਾਂ-ਆਯਾਮਾਂ-ਦਿਸ਼ਾਵਾਂ ਨੂੰ ਨਿਖੇੜ-ਜੋੜ ਕੇ ਵੇਖਣ ਦੀ ਲੋੜ ਹੈ । ਪੰਜਾਬੀ ਭਵਨ-ਨਿਰਮਾਣ, ਚਿਤਰਕਾਰੀ, ਨੱਕਾਸ਼ੀ ਅਤੇ ਬਾਗ਼-ਫੁਲਕਾਰੀ ਉਪਰ ਜਿਹੜੇ ਮੁਢਲੇ ਤੇ ਚੰਗੇ ਖੋਜ-ਕਾਰਜ ਹੋਏ ਹਨ (ਕੰਵਰਜੀਤ ਕੰਗ ਅਤੇ ਡਾ: ਚਰਨਜੀਤ ਸਿੰਘ ਚੰਨੀ ਅਤੇ ਹਿਤਕਾਰੀ ਰਾਹੀਂ) ਉਹ ਪੰਜਾਬੀ ਸੁਹਜ-ਸੁਆਦ ਦੇ ਕੁੱਝ ਪੱਖਾਂ ਨੂੰ ਸਮਝਣ ਲਈ ਪੂਰਣਿਆਂ ਦਾ ਕੰਮ ਦੇ ਸਕਦੇ ਹਨ ।

ਉਂਜ, ਸੁਹਜ-ਸ਼ਾਸਤ੍ਰ, ਸਭਿਆਚਾਰ-ਸ਼ਾਸਤ੍ਰ ਦਾ ਇਕ ਪੱਖੋਂ ਪੂਰਕ ਅਧਿਐਨ ਵੀ ਹੈ ਅਤੇ ਆਪਣੇ ਆਪ ਵਿਚ ਨਵੇਕਲਾ ਤੇ ਸੰਪੂਰਣ ਅਧਿਐਨ ਵੀ ।

ਰਾਗ-ਸੰਗੀਤ ਅਤੇ ਨ੍ਰਿਤ:-ਬਿਨਾਂ ਇਹ ਵਿਚਾਰਿਆਂ ਕਿ ਪੂਰਣ-ਇਤਹਾਸਕ ਅਤੇ ਇਤਹਾਸਕ ਕਾਲ ਵਿਚ ਪੰਜਾਬ ਦੀ ਧਰਤੀ ਉਪਰ ਕਿਹੜੇ ਸੰਗੀਤ-ਸੰਦ ਸਨ ਅਤੇ ਸ਼ਬਦ-ਉਚਾਰ ਦੇ ਕਿਹੜੇ ਵਿਧੀ-ਵਿਧਾਨ ਪ੍ਰਚਲੱਤ ਸਨ—ਇਨ੍ਹਾਂ ਵਿਚ ਕਿਸ ਭਾਂਤ ਦਾ ਆਵਾਸੀ ਰਲਾ ਜਾਂ ਵਿਕਾਸ ਆਇਆ; ਮੁੜ ਕਿਹੜੇ ਰਾਗ-ਅੰਸ਼, ਸੰਗੀਤਕ ਸੰਦ ਅਤੇ ਨ੍ਰਿਤ-ਮੁਦ੍ਰਾਵਾਂ ਲੋਕ-ਧਾਰਾ ਜਾਂ ਗ੍ਰਮੀਣ ਘੇਰੇ ਵਿਚੋਂ ਉਠ ਕੇ ਸ਼ਾਸਤ੍ਰੀ ਜਾ ਕਲਾਸਕੀ ਕਲਾਵਾਂ ਵਜੋਂ ਵਿਕਸਤ ਹੋਈਆਂ – ਜਹੇ ਪ੍ਰਸ਼ਨਾਂ ਸੰਬੰਧੀ ਪੰਜਾਬੀ ਦੇ ਸਭਿਆਚਾਰ-ਵਿਚਾਰਕ; ਜਾਤਾਂ ਲੋਕ-ਧਾਰਾਈ ਨਾਂ, ਥਾਂ ਅਤੇ ਪ੍ਰਕਾਰ ਗਿਣਾ ਛਡਦੇ ਹਨ; ਜਾਂ ਇਨ੍ਹਾਂ ਕਲਾਵਾਂ-ਵਿਧਾਵਾਂ ਦੀਆਂ ਪ੍ਰਾਪਤੀਆਂ ਉਪਰ ਮਾਣ-ਗੁਮਾਣ ਕਰਦੇ ਹਨ । ਕੀ ਪਾਨਿਣੀ ਦੇ ਸਮੇਂ ਤੋਂ ਵਿਸ਼ੇਸ਼ ਪੰਜਾਬੀ ਕੰਠ-ਤੰਤੂ ਜਾਂ ਧੁਣੀ-ਉਚਾਰ ਸਮਰਥਾ (ਜੋ: ਘ, ਝ, ਧ, ਢ, ਭ ਨੂੰ ਅਘੋਸ਼ ਅਲਪ-ਪ੍ਰਾਣ ਹੀ ਨਹੀਂ, ਸਘੋਸ਼ ਮਹਾਂ-ਪ੍ਰਾਣ ਢੰਗ ਨਾਲ ਵੀ ਉਚਾਰ ਸਕਦੀ ਹੈ) ਵਿਚ ਯੂਨਾਨੀ,ਅਰਬੀ, ਅਤੇ ਹੋਰ ਮੱਧ-ਏਸ਼ੀਆਈ ਅਲਾਪ, ਸੁਰਾਂ ਦੇ ਸੁਮੇਲ ਨੂੰ ਸਮਝ-ਜਾਣ ਕੇ ਅਜ ਤਕ ਪ੍ਰਸਿੱਧ ਹੋਈਆਂ ਰਾਗ-ਸ਼ੈਲੀਆਂ (ਰਾਗਾਂ) ਜਾਂ ਗਾਇਕੀ-ਘਰਾਣਿਆਂ ਦੀ ਭਾਰਤੀ ਗਾਇਕੀ ਵਿਚ ਦਿੱਤੀ ਦੇਣ ਦਾ ਮੁਲਾਂਕਣ ਨਹੀਂ ਕੀਤਾ ਜਾ ਸਕਦਾ ? ਇੰਜ ਹੀ ਕਿੱਸੇ ਜਹੀ ਕਾਵਿ-ਵਿਧਾ — ਬੈਂਤ ਉਪਰ ਫਾਰਸ ਵਲੋਂ ਆਈ, 'ਬਹਿਰ-ਏ-ਤਵੀਲ' ਵਰਗੇ ਆਵਾਸੀ ਪ੍ਰਭਾਵ, ਲੋਕ - ਧਾਰਾ ਦੀ ਛੰਦਾ-ਬੰਦੀ ਵਿਚ ਪਏ ਦੇਖੇ ਜਾ ਸਕਦੇ ਹਨ ਜਿਸ ਨੂੰ ਢੋਲ-ਢੋਲਕੀ, ਇਕ-ਤਾਰਾ,ਦੁਤਾਰਾ, ਵੰਝਲੀ ਲਗੋਜੇ (ਅਲਗੋਜ਼ੇ) ਡਾਢੇ ਰਾਸ ਆਉਂਦੇ ਹਨ ? **ਲਗ-ਪਗ ਸਾਰੀਆਂ ਵਾਰਾਂ, ਪਹਿਲਾਂ ਕਿਸੇ ਯੋਗ ਰਾਗ ਅਨੁਸਾਰ ਗਾਉਣ-ਉਚਾਰਨ ਦਾ ਸੁਝਾਅ ਦੇਣਾ, ਕੀ ਇਹ ਸਿੱਧ ਨਹੀਂ ਕਰਦਾ ਕਿ ਧਰਮ ਦੀ ਆਤਮਾ ਤੇ ਸੰਦੇਸ਼ ਨੂੰ ਸ਼ਰੀਰ ਅਤੇ ਬੋਲ; ਸਭਿਆਚਾਰ ਅਤੇ ਸਮਾਜ ਤੋਂ ਧਾਰਨ ਕਰਨੇਂ ਪੈਂਦੇ ਹਨ** ? ਕੀ ਵਾਸੀ-ਆਵਾਸੀ ਬਹੁ-ਰਚਕਾਂ ਦੀਆਂ ਰਾਗ-ਸੰਗੀਤ ਰਚਨਾਵਾਂ 'ਕਾਫ਼ੀ' (ਮੁਲਤਾਨੀ), 'ਖਿਆਲ' ਅਤੇ ਸਭ ਤੋਂ ਔਖੇ 'ਟੱਪੇ' ਦੇ ਪੰਜਾਬ ਵਿਚ ਨਿਕਾਸ-ਵਿਕਾਸ; ਇਹ ਸਿੱਧ ਨਹੀਂ ਕਰਦੇ ਕਿ ਪੰਜਾਬੀ ਲੋਕ-ਧਾਰਾਈ ਰਾਗ-ਸੰਗੀਤ ਵਿਚ ਕਲਾਸਕੀ ਰੂਪ ਧਾਰਨ ਕਰਨ ਦੀ ਕਿੰਨੀ ਭਾਰੀ ਸਮਰਥਾ ਹੈ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ 'ਜਾਗੋ' ਝੂੰਮਰ ਤੇ ਕੀਕਲੀ ਨਾਲੋਂ ਵੱਧ ਗਿੱਧਾ, ਇਸ ਲਈ ਵਿਕਸਿਆ ਤੇ ਮੱਚਿਆ ਹੈ ਕਿ ਇਸ ਦੀ ਗਾਇਕੀ ਅਤੇ ਨਾਚ ਸਮੂਹਿਕ ਹੈ, ਨਕਲ-ਸਾਂਗ ਦੀ ਨਾਟਕੀਅਤਾ ਅਤੇ ਪੇਕਿਆਂ-ਸਹੁਰਿਆਂ ਪ੍ਰਤੀ ਹਰਖ-ਸੋਗ ਦਾ ਪ੍ਰਗਟਾਵਾ ਹੈ ? ਕੀ ਧਮਾਲ, ਲੁੱਡੀ ਅਤੇ ਹੋਰ ਪੇਂਡੂ ਨਾਚਾਂ ਨਾਲੋਂ ਭੰਗੜਾ — ਬਾਵਜੂਦ ਸਕੂਲੀ ਤੇ ਰਾਜਕੀ ਉਤਸਵਾਂ ਸਮੇਂ ਕੁਵਾਇਦ-ਡ੍ਰਿਲ ਬਣਨ, ਫਿਲਮਸਾਜ਼ੀ ਨੂੰ 'ਹਿੱਟ' ਬਨਾਉਣ ਅਤੇ ਟੀ.ਵੀ. ਨੂੰ ਚਮਕ-ਦਮਕ ਦੇਣ ਦੇ—ਇਸ ਲਈ ਉਮਾਹ ਤੇ ਧਮਾਕੇ ਵਾਲਾ ਹੈ ਕਿ ਇਹ ਖੇਤੀ-ਵਾਹੀ ਵਾਲੇ ਜੀਵਣ ਦੀ ਸਮੂਹਿਕ ਕਿਰਤ ਅਤੇ ਫਸਲ ਹੋਣ ਸਮੇਂ ਦੇ ਸਮੂਹਿਕ ਹੁਲਾਸ-ਹੁਲਾਰੇ ਉਪਰ ਖੜਾ ਹੈ ?

ਪੰਜਾਬੀ ਪਿਤਾ-ਪੁਰਖੀਅਤ, ਸਭਿਆਚਾਰ-ਵਿਚਾਰਕਾਂ ਲਈ ਇਹ ਮਹੱਤਵਪੂਰਣ ਸਮਾਜਕ ਇੰਗਤ ਹੋਵੇਗੀ ਜੇ ਅਸੀ ਇਹ ਲੱਭ ਲਈਏ ਕਿ ਪੰਜਾਬ ਦੇ ਸ੍ਵੈਛੰਦ ਜੀਵਣ ਵਿਚ ਇਸਤ੍ਰੀ-ਪੁਰਸ਼ ਦਾ ਸਮੂਹਿਕ ਨ੍ਰਿਤ ਕਦੇ ਹੈ ਸੀ; ਅਤੇ ਇਹ ਕਿਸ ਪ੍ਰਕਾਰ ਦਾ ਸੀ ?

ਪੰਜਾਬੀ ਸੁਭਾਅ ਅਤੇ ਪ੍ਰਤਿਭਾ-ਲੇਖ-ਨਿਬੰਧ ਵਜੋਂ ਪੰਜਾਬੀ ਸੁਭਾਅ ਅਤੇ ਪ੍ਰਤਿਭਾ ਦੇ ਕਿਸੇ ਪੱਖ ਜਾਂ ਨੁਕਤੇ ਉਪਰ ਲਿਖਣਾ ਸਾਧਾਰਨ ਸਾਹਿਤ-ਸਿਰਜਨਾ ਹੈ । ਪਰ ਸਭਿਆਚਾਰ ਦੇ ਅਧਿਐਨ ਦਾ ਆਰੰਭ ਇਸੇ ਸਿੱਟੇ ਵਾਲੇ ਜਾਂ ਤਾਤਪਰਜੀ ਨੁਕਤੇ ਤੋਂ ਕਰਨਾ ਤਾਰਕਿਕ ਅਤੇ ਸਾਰਥਕ ਪ੍ਰਤੀਤ ਨਹੀਂ ਹੁੰਦਾ । ਕਿਉਂਕਿ ਕਿਸੇ ਸਭਿਆਚਾਰ ਦਾ ਲੱਛਣ, ਬਿੰਬ ਜਾਂ ਪ੍ਰਤੀਕ ਉਸ਼ ਸਭਿਆਚਾਰ ਵਿਚ ਜੰਮੇ-ਪਲੇ ਮਨੁੱਖ ਦਾ ਸੁਭਾਅ ਹੁੰਦਾ ਹੈ । ਪਰ ਜਟਿਲ, ਸੂਖਮ ਅਤੇ ਸੰਬਾਦੀ ਇਸ ਭਾਗ ਤੋਂ ਸਭਿਆਚਾਰ ਦਾ ਅਧਿਐਨ ਆਰੰਭ ਕਰਨਾ ਇੰਜ ਹੈ ਜਿਵੇਂ ਸਿੱਟੇ ਤੋਂ ਵਿਸ਼ੇ ਦਾ ਆਰੰਭ ਅਤੇ ਵਿਸਥਾਰ-ਵਿਆਖਿਆ ਕਰਨਾ । ਇਸ ਸੰਬੰਧ ਵਿਚ ਕੁਝ ਪੁਨਰ-ਵਿਚਾਰਨ, ਸੁਧਾਰਨ ਅਤੇ ਨਕਾਰਨ ਯੋਗ ਉਕਤੀਆਂ ਹਨ :

"ਘੱਟੋ-ਘੱਟ ਭਾਰਤ ਵਰਸ਼ ਵਿਚ ਸਭਿਆਚਾਰ ਦਾ ਮੁਖ-ਆਧਾਰ ਧਾਰਮਿਕ ਮਤ ਹੀ ਹਨ ।" (ਪ੍ਰੋ: ਸੰਤ ਸਿੰਘ ਸੇਖੋਂ)

"ਪੰਜਾਬੀਅਤ ਦੀ ਪ੍ਰੀਭਾਸ਼ਾ ਨਿਰਧਾਰਨ ਕਰਨ ਲਈ ਨਾ ਸਿਰਫ ਹਿੰਦੁਸਤਾਨੀਅਤ ਅਤੇ ਬ੍ਰਾਹਮਣਵਾਦ ਨਾਲ ਇਸ ਦੇ ਸੰਬਾਦ ਨੂੰ ਸਮਝਣਾ ਜ਼ਰੂਰੀ ਹੈ ਸਗੋਂ ਇਸਲਾਮੀਅਤ ਤੇ ਪਾਕਿਸਤਾਨੀਅਤ ਨਾਲ ਇਸ ਦੇ ਤਣਾਉ ਨੂੰ ਸਮਝਣਾ ਵੀ ਜ਼ਰੂਰੀ ਹੈ ।" (ਡਾ: ਅਤਰ ਸਿੰਘ)

"ਮਾਹਰਕੇ ਦੀ ਗਲ ਇਹ ਹੈ ਕਿ ਕਾਬਜ਼ ਨਿਜ਼ਾਮ ਫਿਊਡਲ ਹੈ ਅਤੇ ਸਾਹਿਤ ਦੇ ਮੁਹਾਜ਼ 'ਤੇ ਗੱਲ (ਜਾਂ ਮੱਲ ?) ਮਾਰੀ ਬੈਠਾ ਹੈ ਬੰਦੇ ਦੀ ਆਜ਼ਾਦੀ ਦਾ ਪੈਂਤੜਾ ਅਤੇ ਉਹ ਵੀ ਵਾਹਿਦ ਮਾਲਿਕ ਬਣ ਕੇ ਅਤੇ ਉਹ ਵੀ ਸਦੀਆਂ ਬੱਧੀ ।" (ਪ੍ਰੋ: ਕਿਸ਼ਨ ਸਿੰਘ)

ਇੰਜ ਹੀ ਪੰਜਾਬੀ ਸੁਭਾਅ ਬਾਰੇ ਕੁਝ ਅੰਸ਼ਕ ਸਚਾਈਆਂ ਅਤੇ ਮੁਢਲੀਆਂ ਲੱਭਤਾਂ ਹਨ ; ਜਿਵੇਂ ਫਰੀਦ ਦਾ 'ਬਾਰ ਪਰਾਏ ਬੈਸਣਾ' ਤੋਂ ਪੰਜਾਬ ਦਾ ਆਜ਼ਾਦੀ ਲਈ ਪਿਆਰ ਪ੍ਰਗਟ ਹੁੰਦਾ ਹੈ, (ਡਾ: ਗੁਰਬਖਸ਼ ਸਿੰਘ ਫਰੈਂਕ) । ਜਾਂ 'ਪੰਜਾਬੀ ਸਭਿਆਚਾਰ ਦਾ ਵਡਾ ਗੁਣ ਬੀਰਤਾ ਹੈ' (ਡਾ: ਕਰਨੈਲ ਸਿੰਘ ਥਿੰਦ) । ਜਾਂ, ਫੇਰ ਪੰਜਾਬੀ ਅਣਖ ਦਾ ਅਦੁੱਤੀ ਅਤੇ ਸੁਭਾਅ ਖੁਲ੍ਹਾ-ਖੁਲਾਸਾ ਹੋਣਾ । ਜਾਂ ਫੇਰ, ਅਕਬਰ ਦੇ ਦਰਬਾਰੀ ਨੌਂ ਰਤਨਾਂ ਵਿਚੋਂ ਬਹੁਤੇ ਪੰਜਾਬੀ ਸਨ....ਆਦਿ ।

ਕੀ ਪੰਜਾਬੀ ਧਾਰਮਿਕ ਬਿਰਤੀ ਨੂੰ ਸਮਝਣ ਲਈ, ਇਸ ਦੀ ਮਰਯਾਦਾ ਤੋਂ ਪਰਬਾਹਰੀ, ਉਸ ਧਾਰਮਿਕਤਾ ਦਾ ਅਧਿਐਨ ਉਚਿਤ ਨਹੀਂ ਜੋ ਦੇਵ-ਪੂਜਾ ਦੇ ਟਾਕਰੇ ਤੇ ਦੇਵੀ-ਪੂਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲ ਰੁਚਿਤ ਰਹਿ ਕੇ ਪੂਰਵ-ਇਤਹਾਸੀ ਮਾਤ-ਸੱਤਾ ਕਾਲ ਦੀ ਇੰਗਤ ਸਾਂਭੀ ਬੈਠੀ ਹੈ। ਇਸੇ ਧਾਰਮਿਕਤਾ (ਧਰਮ ਨਹੀਂ) ਅਧੀਨ ਪੰਜਾਬ ਨੇ ਵੈਸ਼ਨਵ-ਮਤ ਦੀ ਚੜ੍ਹਤਲ ਸਮੇਂ ਸ਼ੈਵ ਮਤ ਨੂੰ ਧਿਆਇਆ, ਬ੍ਰਾਹਮਣੀ ਮਤਾਂ ਦੇ ਟਾਕਰੇ 'ਤੇ ਅਨੀਸ਼ਵਰਵਾਦੀ ਸ੍ਰਮਣਵਾਦੀ ਬੋਧ ਮਤ ਨੂੰ ਅਪਨਾਇਆ—ਸਿੱਧਾਂ ਨਾਥਾਂ ਤਕ ਨਿਭਾਇਆ; ਇਸਲਾਮ ਤੋਂ ਪ੍ਰਭਾਵ ਵੀ ਗ੍ਰਹਿਣ ਕੀਤਾ ਅਤੇ ਸੂਫੀਆਂ ਦੇ ਬਾਗ਼ੀ ਅਤੇ ਹਿੰਦੀ ਰਸ-ਰੰਗ ਨੂੰ ਵੀ ਥਾਂ ਦਿਤੀ। ਕੀ ਸਿਖ ਧਰਮ ਦੇ ਪੰਜਾਬ ਉਪਰ ਪ੍ਰਭਾਵ ਦਾ ਕਾਰਣ ਇਹ ਤਾਂ ਨਹੀਂ ਸੀ ਕਿ ਜਿਥੇ ਇਹ ਈਸ਼ਵਰਵਾਦੀ ਹੋਣ ਕਾਰਣ ਭਾਵੇਂ ਆਸਤਕ ਮਤ ਸੀ ਉਥੇ—ਬ੍ਰਾਹਮਣੀ ਮਤ ਅਨੁਸਾਰ-ਮਰਯਾਦਾ-ਭੰਜਕ ਹੋਣ ਕਾਰਣ ; ਨਾਸਤਕ ਵੀ ਸੀ ?

ਕੀ ਗੁਰੂ ਨਾਨਕ ਦੀਆਂ ਉਦਾਸੀਆਂ-ਯਾਤ੍ਰਾਵਾਂ ਵਾਲਾ ਅਦੁੱਤੀ ਘੁਮਕੱੜਪੁਣਾ, ਭਾਰਤੀ (ਜਾਂ ਪਿਤਾ-ਪੁਰਖੀ) ਕੂਪ-ਮੰਡੂਕਤਾ ਤੋਂ ਉਲਟ, ਈਸਾ-ਪੂਰਵ ਸਮੇਂ ਤੋਂ ਚਲੀ ਆ ਰਹੀ ਪੰਜਾਬੀ ਸੈਲਾਨੀ-ਸੌਦਾਗਰੀ ਪਿਛੋਕੜ ਦੀ ਦੇਣ ਨਹੀਂ-ਜਿਸ ਦੇ ਪੂੰਜੀ-ਹੁੰਡੀ ਵਪਾਰ ਦੇ 'ਕਲੀਰਿੰਗ ਹਾਊਸ' (ਸ਼ਾਹ-ਗੁਮਾਸ਼ਤੇ ਵਾਲੇ) ਰਾਜਪੂਤਾਨੇ ਤੋਂ ਲੈ ਕੇ ਵਾਰਾਨਸੀ ਅਤੇ ਮਧ-ਭਾਰਤੀ ਸਰਹੱਦਾਂ ਤਕ ਹੀ ਫੈਲੇ ਹੋਏ ਨਹੀਂ ਸਨ ਸਗੋਂ ਜਿਸ ਦੇ ਮਾਲ ਤੇ ਕਾਫਲੇ—ਚੀਨ ਦੇ 'ਰੇਸ਼ਮ-ਮਾਰਗ' ਵਾਂਗ—ਯੂਨਾਨੀ,ਮੱਧ-ਏਸ਼ੀਆਈ ਰਾਜਾਂ ਅਤੇ ਰੋਮਨ ਸਾਮਰਾਜ ਤਕ ਪਹੁੰਚਦੇ ਸਨ ?

ਕੀ ਪੰਜਾਬੀ ਯੁੱਧ-ਸ਼ਕਤੀ ਬਦੇਸਾਂ ਵਿਚ ਪਹਿਲੀ-ਦੂਜੀ ਸੰਸਾਰ ਜੰਗ ਸਮੇਂ ਸਾਮਰਾਜ ਲਈ ਭਾੜੇ ਦੇ ਟੱਟੂ ਬਣ ਕੇ ਕੀਤੀ ਲੜਾਈ ਵਿਚੋਂ ਦੇਖਣ ਦੀ ਥਾਂ ਸਿਕੰਦਰ ਮਹਾਨ ਤੋਂ ਲੈ ਕੇ ਨਾਦਰਸ਼ਾਹੀ ਹਮਲਿਆਂ ਅਤੇ ਅੰਗਰੇਜ਼ੀ ਸਾਮਰਾਜ ਨਾਲ ਭਿੜ ਕੇ ਜਿੱਤ ਵਰਗੀਆਂ ਹਾਰਾਂ ਅਤੇ ਪ੍ਰਤੀ-ਰਖਿਆ ਦੇ ਸੰਘਰਸ਼ਾਂ ਵਿਚੋਂ ਨਹੀਂ ਦੇਖਣੀ ਚਾਹੀਦੀ ?

ਕੀ ਪੰਜਾਬੀ ਮਨ ਵਿਚ ਸਮਾਨਤਾ ਅਤੇ ਪਰਜਾਤੰਤਰ ਦੀ ਲਾਲਸਾ ਨੂੰ ਮਹਾਂ-ਭਾਰਤ ਜਾਂ ਇਸ ਤੋਂ ਵੀ ਪਹਿਲਾਂ ਸਮੇਂ ਦੇ ਗਣ-ਤੰਤਰੀ ਰਾਜ-ਪ੍ਰਬੰਧਾਂ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ ਜੋ ਪ੍ਰਭਾਵਕ ਪੰਚਾਇਤੀ ਜੀਵਣ-ਜਾਚ ਦੇ ਰੂਪ ਵਿਚ ਅੰਗਰੇਜ਼ੀ ਸਾਮਰਾਜ ਦੀ ਆਮਦ ਤਕ, ਇਕ ਜਾਂ ਦੂਜੇ ਰੂਪ ਵਿਚ ਸਥਾਪਤ ਰਹੀ, ਜਦ ਕਿ ਗੰਗਾ-ਜਮਨੀ ਦੁਆਬ ਵਿਚ ਚੱਕਰਵਰਤੀ ਰਾਜਾਂ ਦਾ ਵਿਕਾਸ ਹੋ ਰਿਹਾ ਸੀ।

ਕੀ ਪੰਜਾਬੀ ਅਣਖ ਦੀ, ਪੈੜ ਆਦਿ-ਕਾਲ ਦੀ ਸਮੂਹਿਕ ਅਤੇ ਕਬੀਲਾਈ ਧਰਤੀ-ਵੰਡ, ਮੁੜ-ਮੁੜ ਹੁੰਦੇ ਹਮਲਿਆਂ ਅਤੇ ਵੰਡਾਂ-ਦਰ-ਵੰਡਾਂ, ਜਾਤ ਬਿਰਾਦਰੀ ਤੇ ਸੱਥ-ਪੰਚਾਇਤ ਦੀ ਸਮਾਨਤਾ ਦੇ ਨਿਗੱਰ ਸਮਾਜਕ ਵਰਤਾਰਿਆਂ ਵਿਚੋਂ ਦੇਖੀ ਜਾ ਸਕਦੀ ਹੈ ਜਾਂ ਧਰਤੀ ਤੇ ਧਰਮ ਦੇ ਕਿਸੇ ਦਿੱਭੀ ਗੁਣ ਵਿਚੋਂ ?

ਪੰਜਾਬੀ ਜਾਂ ਪੰਚਾਲੀ ਇਸਤ੍ਰੀ, ਪੰਜਾਬੀ ਮਰਦ ਵਾਂਗ ਜਿੰਨੀ ਉਸ਼੍ਰਿੰਖਲ ਤੇ ਉਦੰਡ, ਦਰੋਪਦੀ ਦੇ ਪਾਤ੍ਰ ਵਿਚੋਂ ਦਿਸਦੀ ਹੈ ਉਨੀ ਹੀ ਢਿਲਮਿਲ ਹੋਏ ਆਸ਼ਕਾਂ ਨੂੰ ਉਤਸ਼ਾਹੁਣ ਉਭਾਰਨ ਵਾਲੀ ਜਾਂਬਾਜ਼, ਹੀਰ, ਸਹਿਤੀ ਤੇ ਸੋਹਣੀ ਵਿਚੋਂ ਦਿਸਦੀ ਹੈ।

ਕੀ ਨਵੇਕਲਾ-ਨਿਆਰਾ ਹੋਣ ਤੇ ਵੀ ਪੰਜਾਬੀ ਸਭਿਆਚਾਰ ਦਾ ਮੂੰਹ ਭਾਰਤ ਵਲ ਰਹਿਣ ਦੇ ਅਰਥ ਇਹ ਨਹੀਂ ਕਿ ਇਸ ਵਿਚ ਰਾਸ਼ਟਰੀ ਸਭਿਆਚਾਰ ਦਾ ਪੂਰਕ ਹੋਣ ਦੀ ਸਮਰਥਾ ਤੇ ਸਯੋਗਤਾ ਹੈ ਜੋ ਭਾਰਤੀ ਸਭਿਆਚਾਰ ਅਤੇ ਸੰਭਾਵੀ ਸੰਸਾਰ-ਸਭਿਆਚਾਰ ਦਾ ਰਚਨਾਤਮਕ ਪੂਰਕ ਬਣ ਸਕੇ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲਾ ਅਤੇ ਸੌਂਦਰਯ

ਕਲਾ ਅਤੇ ਸੁੰਦਰਤਾ ਨੂੰ ਮਾਣ ਲੈਣਾ ਸੁਆਦ ਵੀ ਹੈ ਤੇ ਤ੍ਰਿਪਤੀ ਵੀ ।
ਪਰ ਕਲਾ ਅਤੇ ਸੁੰਦਰਤਾ ਦਾ ਵਿਸ਼ਲੇਸ਼ਣ
ਕਦੇ ਤ੍ਰਿਪਤ ਨਾ ਹੋਣ ਵਾਲਾ ਅਮੁੱਕ ਰਸ ਹੈ ।
ਹਰ ਨਵਾਂ ਵਿਸ਼ਲੇਸ਼ਣ, ਨਵਾਂ ਸੁਆਦ ਦੇਂਦਾ ਹੈ ।

ਰਾਗ, ਸੰਗੀਤ ਅਤੇ ਨ੍ਰਿਤ

ਪ੍ਰਕ੍ਰਿਤੀ ਦੀ ਹਰ ਹਰਕਤ ਵਿਚੋਂ ਨਿਕਲੀ ਹਰ ਆਵਾਜ਼ ਦੀ ਇਕ ਖਾਸ ਲੈਅ ਹੁੰਦੀ ਹੈ । ਮਨੁੱਖ ਦੀ ਆਪਣੀ ਦਿਲੀ-ਧੜਕਣ ਇਕ ਹੈ । ਲੈਅ ; ਹਵਾ ਦੀ ਸਾਂ-ਸਾਂ, ਪਾਣੀ ਦੇ ਵਹਿਣ, ਵਚਿਤ੍ਰ ਪਸ਼ੂ-ਪੰਛੀਆ ਦੀ ਆਵਾਜ਼ ਵੀ ਇਕ ਲੈਅ ਏ, ਰਾਗ ਏ; ਤੇ ਰਾਗ ਦੀ ਧਾਰਨਾ ਵੀ । ਲੈਅ ਮਨੁੱਖ ਵਿਚ ਜਦੋਂ ਵਰਤਮਾਨ ਹੁੰਦੀ ਹੈ, ਘਟਦੀ ਹੈ ਤਾਂ ਸ਼ਰੀਰ ਦੇ ਅੰਗ ਇਸ ਵਿੱਚ ਆਪਣਾ ਹਿੱਸਾ ਪਾਉਂਦੇ ਹਨ । ਅੰਗਾਂ ਦੀ ਇਹ ਹਰਕਤ ਆਵਾਜ਼ ਵਿੱਚ ਅਨੁਵਾਦਿਤ ਹੁੰਦੀ ਹੈ ਜਾਂ ਕਿਸੇ ਹੋਰ ਬਾਹਰ-ਮੁਖੀ ਹਰਕਤ ਦਾ ਰੂਪ ਵੀ ਲੈਂਦੀ ਹੈ । ਲੈਅ ਮੂੰਹ ਵਿਚੋਂ ਗੀਤ ਬਣ ਬਾਹਰ ਆਉਂਦੀ ਹੈ । ਪੁਰਾਤਨ ਵੇਦਾਂ ਵਿਚ ਇਸ ਨੂੰ ਨਾਦ ਕਿਹਾ ਗਿਆ ਹੈ ਜੋ ਅਗਨੀ ਤੇ ਸ਼ਕਤੀ ਦੀ ਉਪਜ ਹੈ । ਲੈਅ ਹਥਾਂ ਵਿਚ ਥਾਪ ਬਣ ਕੇ ਸੰਗੀਤ, ਅਤੇ ਪੈਰਾਂ ਦੀ ਟਾਪ ਰਾਹੀਂ ਨਿਤ੍ਰ (ਨਾਚ) ਨੂੰ ਜਨਮ ਦੇਂਦੀ ਹੈ । ਲੈਅ ਆਪਣੀ ਮੁਢਲੀ ਅਵਸਥਾ ਵਿਚ ਬਾਹਰਮੁਖੀ ਦੁਨੀਆਂ ਦੇ ਹਰਖ-ਸੋਗ ਦੇ ਪ੍ਰਤਿਕਰਮ ਵਜੋਂ ਪੈਦਾ ਹੋਈ ਇਕ ਖਾਸ ਮਾਨਸਿਕ ਅਵਸਥਾ ਹੈ । ਇਸੇ ਲਈ ਸਭਿਅ ਸਮਾਜ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਮਨੁਖ ਬਾਹਰਮੁਖੀ ਦੁਨੀਆਂ ਦੇ ਜਜ਼ਬਿਆਂ ਤੋਂ ਟੁੰਬਿਆ ਜਾ ਕੇ ਲੈਅ-ਯੁਕਤ ਹੋ ਰਿਹਾ ਸੀ ਅਤੇ ਰਾਗ, ਸੰਗੀਤ ਤੇ ਨਿਤ੍ਰ ਨੂੰ ਅਪਨਾ ਰਿਹਾ ਸੀ ।

ਮੁਢਲੇ ਮਾਤ-ਸੱਤਾ ਕਾਲ ਦੇ ਮਨੁਖ ਸੰਬੰਧੀ ਜੋ ਕਲਪਨਾ, ਮਨੁਖੀ ਗਿਆਨ ਅਤੇ ਆਲੋਚਨਾ ਨੇ ਕੀਤੀ ਹੈ ਉਸ ਮੁਤਾਬਿਕ ਰਾਗ, ਸੰਗੀਤ ਤੇ ਨਿਤ੍ਰ ਉਸ ਸਮੇਂ ਦੇ ਸਮਾਜ ਵਿਚ ਆਪਣੀ ਉਪਯੋਗਤਾ ਅਤੇ ਥਾਂ ਬਣਾ ਚੁਕੇ ਸਨ । ਭੁਚਾਲ, ਬਿਜਲੀ, ਤੂਫਾਨ ਤੇ ਜੰਗਲੀ-ਅੱਗ ਜਹੀਆਂ ਮੁਸੀਬਤਾਂ, ਜਾਨਵਰਾਂ ਦੇ ਟਾਕਰੇ ਜਾਂ ਸ਼ਿਕਾਰ ਤੋਂ ਮਗਰੋਂ ਬਚ ਜਾਂ ਜਿੱਤ ਕੇ ਖੁਸ਼ੀ ਵਿਚ ਆ ਕੇ ਜਿਹੜੀਆਂ ਸਰੀਰਕ ਹਰਕਤਾਂ ਮਨੁਖ ਕਰਦਾ ਉਹ ਖੁਸ਼ੀ ਅਤੇ ਤ੍ਰਿਪਤੀ ਦਾ ਸ਼ਰੀਰਕ ਪ੍ਰਗਟਾਉ ਹੁੰਦਾ ਸੀ । ਇਹ ਪ੍ਰਗਟਾਉ ਤਿੰਨ ਅਮਲਾਂ ਦਾ ਉਸ ਸਮੇਂ ਅਨਿਖੱੜ ਰੂਪ ਸੀ । ਉਹ ਮੂੰਹ ਨਾਲ ਖੁਸ਼ੀ ਦੀਆਂ ਆਵਾਜ਼ਾਂ ਪੈਦਾ ਕਰਦਾ ਜਿਸ ਵਿਚ ਕੋਈ ਲੈਅ ਤੇ ਸੁਰ ਹੁੰਦੀ ਸੀ । ਸਮਾਂ ਪਾ ਕੇ ਭਾਸ਼ਾ ਦੇ ਵਿਕਸਤ ਹੋਣ ਤੇ ਇਹ ਹਰਸ਼-ਧੁਣੀ ਇਕ ਵੱਖਰੇ ਅਮਲ ਵਿਚ ਵਿਕਸਿਤ ਹੋਈ ਜਿਸ ਨੂੰ ਰਾਗ ਕਿਹਾ ਜਾਂਦਾ ਹੈ । ਇਸ ਵਿਚ ਮਨੋ-ਕਾਮਨਾਵਾਂ ਤੇ ਜਜ਼ਬਿਆਂ ਦਾ ਮਧਿਅਮ, ਪ੍ਰਧਾਨ ਰੂਪ ਵਿਚ ਭਾਸ਼ਾ ਹੀ ਰਿਹਾ । ਦੂਜਾ ਅਮਲ ਪੈਰਾਂ ਦੀ ਟਾਪ ਦੀ ਤੌੜੀ ਜਾਂ ਤਾਲੀ ਸੀ ਜੋ ਲੈਅ ਨੂੰ ਬਾਕਾਇਦਾ ਰਖਦੀ ਸੀ । ਮਨੁਖੀ ਉਨਤੀ ਦੇ ਨਾਲ ਜਦੋਂ ਹਥਾਂ ਦਾ ਕੰਮ ਪੱਥਰ ਸੋਟੇ ਨੂੰ ਹਥਿਆਰ ਬਣਾ ਕੇ ਲੀਤਾ ਜਾਣ ਲੱਗਾ ਤਾਂ ਸੰਗੀਤਕ ਸੰਦਾਂ ਦਾ ਮੁੱਢ ਬੱਝਾ । ਮਾਤ ਸੱਤਾ ਕਾਲ ਵਿਚ ਮਨੁਖ ਸੰਗੀਤਕ ਸੰਦ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਵਿਚ ਡੰਡਾ ਵਜਾਉਂਦਾ ਸੀ, ਇਸ ਦੇ ਸਬੂਤ ਮਿਲਦੇ ਹਨ। ਅਜਿਹੇ ਸੰਦ ਮਗਰੋਂ ਇਕ ਵੱਖਰੀ ਵਿਦਿਆ ; ਸੰਗੀਤ ਦਾ ਮਧਿਅਮ ਬਣੇ। ਤੀਜਾ ਅਮਲ ਮੁਢਲੇ ਖੁਸ਼ੀ ਪ੍ਰਗਟਾਵੇ ਵਿਚ ਸਾਰੇ ਸਰੀਰ ਨੂੰ ਕਈਆਂ ਅਤੇ ਵਿਸ਼ੇਸ਼ ਢੰਗਾਂ ਨਾਲ ਹਿਲਾਉਣਾ, ਉਛਾਲਣਾ ਮੋੜਨਾ ਤੇ ਲਚਕਾਉਣਾ ਸੀ। ਸਮਾਂ ਪਾ ਕੇ ਦਿਲੀ ਜਜ਼ਬਿਆਂ ਦਾ ਇਹ ਸ਼ਰੀਰਕ ਪ੍ਰਗਟਾਉ ਹਾਵ-ਭਾਵ ਤੋਂ ਵਿਕਸਿਤ ਹੋ ਕੇ ਨ੍ਰਿਤ ਬਣਿਆ।

ਇਹ ਖੁਸ਼ੀ-ਪ੍ਰਗਟਾਉ ਢੇਰ ਚਿਰ ਤਕ ਇਕੋ ਅਤੇ ਅਨਿੱਖੜ ਰੂਪ ਵਿਚ ਰਿਹਾ। ਪੁਰਾਤਨ ਸਮਵਾਦ ਦੇ ਯੁਗ ਵਿਚ ਰਾਗ ਸੰਗੀਤ ਤੇ ਨ੍ਰਿਤ ਦਾ ਇਹ ਮਿਲਵਾਂ ਰੂਪ ਥਕੇਵੇਂ ਤੋਂ ਆਰਾਮ ਜਾਂ ਮਨੋਰੰਜਨ ਅਤੇ ਦੇਵਤਿਆਂ ਨੂੰ ਰਿਝਾਉਣ-ਅਤੇ ਮਗਰੋਂ-ਪੂਜਣ ਦਾ ਸਾਧਨ ਸੀ। ਮਨੁੱਖਾਂ ਵਿਚ ਜਦ ਤਕ ਸਾਮਾਜਿਕ ਸਮਾਨਤਾ ਕਾਇਮ ਰਹੀ, ਦੇਵਤਿਆਂ ਨੂੰ ਰਿਝਾਉਣਾ, ਖੁਸ਼ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਹਰਖ-ਸੋਗ ਵਿੱਚ ਸ਼ਾਮਲ ਕਰਨਾ ਹੀ ਮਨੁੱਖ ਦੀ ਲਾਲਸਾ ਸੀ। ਦੇਵ-ਪੂਜਾ ਉਦੋਂ ਸ਼ੁਰੂ ਹੋਈ, ਜਦੋਂ ਸਮਾਜਕ ਜੀਵਨ ਵਿਚ ਕਿਸੇ ਨੂੰ ਉੱਚਾ ਜਾਣ ਕੇ ਸੇਵਾ ਦਾ ਭਾਵ ਅਤੇ ਮਜਬੂਰੀ ਆ ਚੁਕੇ ਸਨ।

ਇਸ ਜਨ-ਯੁਗ ਵਿਚ ਜੰਗਲੀ ਸਮਾਜ, (Barbarianism) ਦੇ ਦੌਰ ਵਿੱਚ ਪੂਜਾ ਤੇ ਨਾਚ ਦਾ ਰਾਗ, ਜੰਗੀ ਤੇ ਮਾਰੂ ਰਾਗ ਬਨਣ ਲਗ ਪੈਂਦਾ ਹੈ। ਜੰਗਲੀ ਜਾਨਵਰਾਂ ਤੇ ਦੁਸ਼ਮਣ ਕਬੀਲਿਆਂ ਦੇ ਟਾਕਰੇ ਤੋਂ ਪਹਿਲਾਂ ਤੇ ਮਗਰੋਂ ਵੀ, ਨ੍ਰਿਤ ਕੀਤਾ ਜਾਂਦਾ ਸੀ। ਇਸ ਸਮਾਜ ਵਿਚ ਜੀਵਨ ਦੇ ਹਰ ਪੱਖ ਵਿੱਚ ਸਾਂਝ ਸੀ। ਇਸ ਲਈ ਰਾਗ ਤੇ ਨ੍ਰਿਤ ਵਿੱਚ ਸਾਰੇ ਹੀ ਸ਼ਾਮਲ ਹੁੰਦੇ ਸਨ। ਅਜ ਵੀ ਅਫਰੀਕਾ ਦੇ ਹਬਸ਼ੀ ਅਤੇ ਕਈ ਦੇਸਾਂ ਦੇ ਆਦੀਵਾਸੀ ਲੋਕ ਆਪਣੇ ਭੰਗੜਿਆਂ ਵਿੱਚ ਹਰਖ-ਸੋਗ ਤੇ ਜੰਗ ਸਮੇਂ ਸ਼ਾਮਲ ਹੁੰਦੇ ਹਨ। ਇੰਜ ਰਾਗ ਤੇ ਨ੍ਰਿਤ ਮਨੋਰੰਜਨ ਤੇ ਪੂਜਾ ਦਾ ਹੀ ਵਸੀਲਾ ਨਹੀਂ ਸੀ, ਸਗੋਂ ਲੜਾਈ ਦੇ ਸਮੇਂ ਜੋਸ਼ ਵਧਾਉਣ ਦਾ ਮਾਧਿਅਮ ਵੀ ਸੀ। ਕਬੀਲੇ ਦੇ ਸਰਦਾਰ ਦੇ ਜ਼ਿਮੇਂ ਇਹ ਕੰਮ ਹੁੰਦਾ ਸੀ ; ਜੋ ਜਾਦੂਗਰ ਵੀ ਸਮਝਿਆ ਜਾਂਦਾ ਸੀ। ਭਾਸ਼ਾ ਇੰਨੀ ਕੁ ਵਿਕਸਿਤ ਹੁੰਦੀ ਜਾ ਰਹੀ ਸੀ ਕਿ ਮਨੁਖੀ ਜਜ਼ਬਾਤ ਨੂੰ ਆਪਣੀ ਪਕੜ ਵਿੱਚ ਲੈ ਸਕੇ, ਇਸ ਲਈ ਕਵਿਤਾ ਜਿਹੜੀ ਕਿ ਅਸਲ ਵਿਚ ਰਾਗ-ਮਈ ਭਾਸ਼ਾ ਦਾ ਹੀ ਦੂਜਾ ਨਾਂ ਸੀ, ਰਾਗ ਦੇ ਨਾਲ ਜੁੜ ਗਈ।

ਇਸੇ ਸਮੇਂ ਵਿੱਚ ਸੰਗੀਤਕ ਸਾਜ਼ਾਂ ਦੀ ਹੋਂਦ ਦਾ ਵੀ ਪਤਾ ਚਲਦਾ ਹੈ। ੨੫੦੦ ਈ: ਪੂ: ਦੀ ਈਰਾਨੀ-ਹਿੰਦੀ ਨਸਲ ਵਿੱਚ ਬੰਸਰੀ ਦੀ ਹੋਂਦ ਦਾ ਪਤਾ ਲਗਦਾ ਹੈ। ਇਸ ਸਮੇਂ ਇਹ ਲੋਕ-ਪ੍ਰਿਯ ਸੰਗੀਤਕ ਸਾਜ਼ ਸੀ। ਆਰੀਆਂ ਦੇ ਹਿੰਦ-ਆਗਮਨ ਤੋਂ ਢੇਰ ਚਿਰ ਮਗਰੋਂ ਬੰਸਰੀ ਹਰਮਨ ਪਿਆਰੀ ਰਹੀ। ਗੋਪੀਆਂ ਦੇ ਕਾਨ੍ਹ ਦੀ ਖਿੱਚ ਦੀ ਵੱਡਾ ਕਾਰਣ ਉਸ ਦੀ ਸੁਰੀਲੀ ਬੰਸਰੀ ਸੀ। ਯੂਨਾਨੀ ਮਿਥਿਹਾਸ ਵਿਚ ਪਤਾ ਲਗਦਾ ਹੈ ਕਿ ਜੇ ਬਹੁਤ ਪਹਿਲਾਂ ਨਹੀਂ, ਤਾਂ ਉਸ ਸਮੇਂ ਜ਼ਰੂਰ ਆਰਫੀਅਸ (Orpheus) ਜਹੇ ਰਾਗੀ ਤੇ ਸੰਗੀਤ ਆਚਾਰੀਯ ਸਨ; ਜਦੋਂ ਇਹ ਮਿਥਿਹਾਸ ਲਿਖੇ ਗਏ। ਇਨ੍ਹਾਂ ਰਵਾਇਤਾਂ ਵਿਚ ਆਰਫੀਅਸ ਤੇ ਕੁੱਝ ਹੋਰ ਰਾਗੀ ਤੇ ਸਾਜ਼ੰਦੇ ਆਉਂਦੇ ਹਨ। ਜਿਨ੍ਹਾਂ ਦੀ ਆਵਾਜ਼ ਤੇ ਸਾਜ਼ ਸੁਣ ਕੇ ਪੰਛੀ ਤੇ ਦੇਵਤੇ ਧਰਤੀ ਉਪਰ ਆ ਉਤਰਦੇ ਹਨ। ਅਜ ਵੀ ਕਈਆਂ ਦੇਸ਼ਾਂ ਵਿਚ ਬੰਸਰੀ; ਫਲੂਟ ਜਹੇ ਕਈ ਸੰਦ ਹਨ, ਜਿਨ੍ਹਾਂ ਦੀ ਜਨਤਕ ਪਿੜਾਂ ਵਿਚ ਬੜੀ ਪੁੱਛ ਹੈ। ਮੂੰਹ ਨਾਲ ਫੂਕ ਮਾਰ ਕੇ ਵਜਾਉਣ ਵਾਲੇ ਸੰਦ ਬੰਸਰੀ, ਵੰਝਲੀ, ਅਲਗੋਜ਼ੇ, ਕਲੈਰਨੈਟ ਅਤੇ ਮਾਊਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਰਗਨ ਵੀ ਸਾਹਮਣੇ ਆਏ । ਹੱਥਾਂ ਦੀ ਥਪਥਪਾਹਟ ਨੇ ਕਿਸੇ ਖੋਖਲੀ ਵਸਤ ਤੇ ਕੱਸੀ ਹੋਈ ਖੱਲ ਉਪੱਰ ਥਾਂ ਬਣਾਈ । ਇਥੋਂ ਹੀ ਸੰਸਾਰ ਭਰ ਵਿਚ ਢੋਲ, ਡੱਫਾਂ, ਮਿਰਦੰਗ, ਤਬਲਾ-ਜੋੜੀ, ਤੰਬੂਰਾ ਤੇ ਹੋਰ ਕਈ ਸੰਦ ਨਿਕਲੇ । ਢੋਲ-ਨਗਾਰੇ ਤਾਂ ਪ੍ਰਬੀਨਤਾ-ਪ੍ਰਾਪਤੀ ਮਗਰੋਂ ਸੁਨੇਹੇ ਪੁਚਾਉਣ ਲਈ ਵੀ ਵਰਤੇ ਜਾਂਦੇ ਰਹੇ । ਇਸ ਤੋਂ ਬਿਨਾਂ ਤਾਰਾਂ ਵਾਲੇ ਸੰਦ, ਦੁਤਾਰਾ, ਸਾਰੰਗੀ, ਸਿਤਾਰ, ਤਾਣਪੁਰਾ, ਵਾਇਲਨ ਅਤੇ ਬੈਂਜੋ ਹੋਂਦ ਵਿਚ ਆਏ ।

ਜਿਉਂ-ਜਿਉਂ ਸਮਾਂ ਬੀਤਦਾ ਗਇਆ, ਹਰ ਦੇਸ਼ ਦੀ ਪੈਦਾਵਾਰ, ਉਨਤੀ ਅਤੇ ਹਾਲਾਤ ਅਨੁਸਾਰ ਸੰਗੀਤਕ ਸੰਦਾਂ ਦੀ ਗਿਣਤੀ ਅਤੇ ਪਹਿਲਾਂ ਬਣੇ ਸੰਦਾਂ ਵਿਚ ਗੁਣਾਤਮਕ ਵਾਧਾ ਹੁੰਦਾ ਰਿਹਾ । ਨਾਲ ਹੀ ਇਹ ਸੰਦ ਆਮ ਲੋਕਾਂ ਦੀ ਤੌਫੀਕ ਅਤੇ ਸਿਖਿਆ ਲਈ ਉਚੇਰੇ ਅਤੇ ਔਖੇ ਹੁੰਦੇ ਰਹੇ । ਇਸ ਦਾ ਅਰਥ ਇਹ ਨਹੀਂ ਕਿ ਸੰਗੀਤਕ ਸੰਦ ਤੇ ਸੰਗੀਤ ਲੋਕਾਂ ਵਿਚੋਂ ਉੱਕਾ ਹੀ ਖਤਮ ਹੋ ਗਿਆ । ਭਾਵੇਂ ਨਵੇਂ ਤੇ ਮਹਿੰਗੇ ਸੰਦਾਂ ਦੇ ਟਾਕਰੇ ਵਿਚ ਬਸੰਰੀ ਦੀ ਉਹ ਕਦਰ ਨਾ ਰਹੀ ਪਰ ਸਸਤੀ ਰਹਿਣੀ ਦੇ ਲੋਕਾਂ ਵਿਚ ਇਹ ਸਸਤਾ ਸੰਦ ਅਜੇ ਵੀ ਪਿਆਰਿਆ ਜਾਂਦਾ ਹੈ । ਪਹਾੜੀ ਲੋਕ ਅਜੇ ਵੀ ਬੰਸਰੀ ਦੇ ਸ਼ੌਕੀਨ ਹਨ । ਪੰਜਾਬ ਨੂੰ ਬੰਸਰੀ ਨਾਲ ਪੁਰਾਣਾ ਪਿਆਰ ਹੈ । ਝਨਾ ਦੇ ਪ੍ਰੇਮੀਆਂ ਨਾਲ ਵੀ ਵੰਝਲੀ ਜੁੜੀ ਹੋਈ ਹੈ । ਅਜ ਵੀ ਪੇਂਡੂ ਮੇਲਿਆਂ ਵਿਚ ਲਗਦੇ ਪਿੜਾਂ ਨੂੰ ਵੰਝਲੀਆਂ ਦੇ ਜੋੜੇ (ਲਗੋਜੇ) ਕੀਲ ਕੇ ਰਖ ਦੇਂਦੇ ਹਨ, ਗਾਉਣ ਵਜਾਉਣ ਵਾਲੇ ਸੁਨਣ ਵਾਲਿਆਂ ਸਮੇਤ ਝੂਮ ਉਠਦੇ ਹਨ ਤੇ ਪਿੜ ਵਿਚ ਹਾਲ-ਹਾਲ ਪੈ ਜਾਂਦੀ ਹੈ ।

ਮੁਢਲੇ ਮਾਨਵ-ਸਮਾਜ ਦਾ ਨ੍ਰਿਤ ਆਰਾਮ, ਮਨੋਰੰਜਨ, ਨਵੇਂ ਕੰਮ ਜਾਂ ਲੜਾਈ ਲਈ ਉਤਸ਼ਾਹ ਪੈਦਾ ਕਰਨ ਦਾ ਹੀ ਵਸੀਲਾ ਸੀ । ਹੌਲੀ-ਹੌਲੀ ਮਨੁਖ ਨੇ ਕੁਦਰਤ ਦੇ ਵਰਤਾਰਿਆਂ ਨੂੰ ਦੇਖਿਆ, ਸੂਰਜ, ਚੰਦ, ਤਾਰੇ, ਬੱਦਲ, ਬਿਜਲੀ ਸੱਪ, ਅਤੇ ਰੁੱਖਾਂ ਆਦਿਕ ਦੇ ਲਾਭ ਤੇ ਹਾਨੀ ਦੇ ਅਸਰਾਂ ਨੂੰ ਆਪਣੇ ਜੀਵਨ ਵਿਚ ਮਹਿਸੂਸ ਕਰ ਕੇ ਕੁਦਰਤ ਦੇ ਅਜਿਹੇ ਬਹੁਤ ਸਾਰੇ ਵਰਤਾਰਿਆਂ ਨੂੰ ਇਕ ਪਾਰ-ਸ਼ਰੀਰਕ ਤੇ ਅਲੌਕਿਕ ਰੂਪ ਵਿਚ ਦੇਖ ਕੇ ਦੇਵਤਿਆਂ ਦੀ ਕਲਪਨਾ ਕੀਤੀ ਤੇ ਦੇਵ-ਪੂਜਾ ਦਾ ਮੁਢ ਬੱਝਾ । ਦੇਵ-ਪੂਜਾ ਦਾ ਇਕ ਮਾਧਿਅਮ ਨ੍ਰਿਤ ਵੀ ਸੀ ਜਿਸ ਰਾਹੀਂ ਦੇਵਤਿਆਂ ਨੂੰ ਰਿਝਾਇਆ ਜਾਂ ਸ਼ਾਂਤ ਕੀਤਾ ਜਾਂਦਾ ਸੀ । ਦੇਵ-ਪੂਜਾ ਸਮੇਂ ਦਾ ਇਹ ਨ੍ਰਿਤ ਵੀ ਸਾਮੂਹਿਕ ਹੁੰਦਾ ਸੀ । ਮਨੁਖ ਸਮਾਜ ਵਿਚ, ਵਧੇਰੇ ਸਭਿਅ ਹੋਣ ਕਾਰਨ ਹੁਣ ਲਿੰਗ-ਸੁਤੰਤਰਤਾ ਜਾਂ ਬੇ-ਮੁਹਾਰਪਣ ਘਟ ਹੋ ਰਿਹਾ ਸੀ, ਰਿਸ਼ਤੇ ਕਾਇਮ ਹੋ ਰਹੇ ਸਨ, ਵਿਆਹ-ਸ਼ਾਦੀਆਂ ਦੀ ਸੰਸਥਾ ਸਥਾਪਤ ਹੋ ਗਈ ਤੇ ਕੁਝ ਰਿਸ਼ਤਿਆਂ, ਕਬੀਲਿਆਂ ਤੇ ਜਾਤੀਆਂ ਵਿਚ ਵਕਫ ਜਾਂ ਵਰਜਿਤ ਹੋ ਗਈ । ਸਮਾਜ ਵਿਚ ਸਾਮੰਤਵਾਦ ਤੋਂ ਵੀ ਪਹਿਲਾਂ ਗੁਰੂਵਾਕ "ਏਕਾ ਨਾਰੀ ਸਦਾ ਜਤੀ" ਦਾ ਸਿਧਾਂਤ ਆਮ ਤੌਰ ਤੇ ਪ੍ਰਵਾਨ ਹੋ ਰਿਆ ਪਰ ਕਈਆਂ ਦੇਸ਼ਾਂ, ਜਾਤੀਆਂ ਤੇ ਇਲਾਕਿਆਂ ਵਿਚ ਸਮੂਹਿਕ ਲਿੰਗ-ਸਬੰਧ ਇਕ ਰਸਮ ਦੀ ਸ਼ਕਲ ਵਿਚ ਬਾਕੀ ਰਹਿ ਗਏ ਜੋ ਕੁਝ ਜਾਂ ਇਕੋ ਦਿਨ ਅਮਲ ਵਿਚ ਆਉਂਦੇ ਸਨ । ਇਹ ਦਿਨ ਆਮ ਤੌਰ ਤੇ ਦੇਵ-ਪੂਜਾ ਦਾ ਵੀ ਦਿਨ ਹੁੰਦਾ ਸੀ । ਇੰਜ, ਜਿਥੇ ਮਨੁੱਖ-ਸਮਾਜ ਦੀ ਬੀਤੀ ਸੰਸਕ੍ਰਿਤੀ ਦਾ ਇਹ ਅਸਭਿਅ ਪੱਖ, ਇਕ ਰਸਮ-ਮਾਤ੍ਰ ਬਣ ਕੇ ਧਰਮ ਵਿਚ ਰਲ ਗਿਆ ਸੀ, ਉਥੇ ਇਨ੍ਹਾਂ ਸੁਤੰਤਰ ਲਿੰਗ-ਸਬੰਧਾਂ ਦਾ ਵਸੀਲਾ, ਨ੍ਰਿਤ ਹੀ ਬਣਿਆ । ਇਸ ਨ੍ਰਿਤ੍ਰ ਦੇ ਸਹਾਇਕ ; ਕੁਦਰਤੀ ਹੈ ਕਿ ਸੰਗੀਤ ਤੇ ਰਾਗ ਵੀ ਹੋਣਗੇ । ਕਿਉਂਕਿ ਨ੍ਰਿਤ੍ਰ ਵਿਚ ਸੁਰ-ਤਾਲ ਪੈਦਾ ਕਰਨ ਲਈ ਸੰਗੀਤ ਦੀ ਲੋੜ ਸੀ ਅਤੇ ਰਸ-ਰੰਗ ਪੈਦਾ ਕਰਨ ਲਈ ਕੜ ਗਾਉਣ ਦੀ ਵੀ । ਲਿੰਗ-ਮੇਲ ਤੋਂ ਪਹਿਲਾਂ ਸਮੂਹਿਕ

CC-0 In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਤ੍ਰ,ਜੋੜਿਆਂ ਦੇ ਨਿਤ੍ਰ ਵਿਚ ਬਦਲ ਜਾਂਦਾ ਸੀ। ਹਰ ਇਕ ਜੋੜਾ ਗਿੱਧਾ ਪਾ ਕੇ ਜਾਂ ਡੰਡੇ ਹੀ ਵਜਾ ਕੇ ਸੰਗੀਤ ਪੈਦਾ ਕਰਦਾ ਤੇ ਕੋਈ ਚੰਗੇ ਕੰਠ ਜਾਂ ਨਿਤ੍ਰ ਵਾਲਾ ਜੋੜਾ ਗਾਉਂਦਾ ਤੇ ਨੱਚਦਾ (ਇਸ ਗੀਤ ਨੇ ਦੇਰ ਮਗਰੋਂ ਦੁਗਾਣੇ, ਟੱਪਿਆਂ ਆਦਿ ਦਾ ਰੂਪ ਲਿਆ) ਅਤੇ ਆਲਿੰਗਣਬਧ ਹੋ ਕੇ ਨਿਤ੍ਰ ਕਰਦੇ। ਜੋੜਿਆਂ ਦਾ ਇਹ ਨਿਤ੍ਰ ਯੂਰਪੀ ਦੇਸ਼ਾਂ ਵਿਚ ਘਰ ਕਰ ਗਿਆ ਅਤੇ ਅਜ ਲਗ ਭਗ ਯੂਰਪੀ ਸੰਸਕ੍ਰਿਤੀ ਵਾਲੇ ਦੇਸ਼ਾਂ, ਸਭਿਅ ਜਾਂ ਸਰਦੇ-ਪੁਜਦੇ ਸਮਾਜ ਵਿਚ ਮਿਲ-ਬੈਨਣ ਦੇ ਹੀਲੇ-ਵਸੀਲੇ ਵਜੋਂ ਪ੍ਰਚਲੱਤ ਹੈ। ਜਿਪਸੀਆਂ ਵਿਚ ਇਹ ਨਿਤ੍ਰ ਰੁਜ਼ਾਨਾ ਜੀਵਨ ਦਾ ਹਿੱਸਾ ਬਣ ਚੁਕਾ ਹੈ।

ਸਾਮੰਤਵਾਦ ਦੇ ਸਮੇਂ ਮਨੁੱਖ ਨੇ ਜੀਵਨ ਤੇ ਸਮਾਜ ਦੇ ਹਰ ਪੱਖ ਵਿਚ ਹੀ ਬੜੀ ਉਨਤੀ ਕੀਤੀ ਕਿਉਂਕਿ ਇਹ ਨਵਾਂ ਸਮਾਜ ਸੀ, ਜਿਸ ਵਿਚ ਨਵੀਆਂ ਪੈਦਾਵਾਰੀ ਤੇ ਆਰਥਕ ਸ਼ਕਤੀਆਂ ਉਭਰ ਆਈਆਂ ਸਨ। ਪਰ ਸਾਮੰਤਵਾਦ ਦੇ ਜੋਬਨ ਅਤੇ ਅੰਤ ਸਮੇਂ ਵਿਚ ਸੰਗੀਤ ਅਤੇ ਨਿਤ੍ਰ ਨੇ ਆਪਣੀ ਸਿਖਰ ਛੋਹੀ। ਹਰ ਨਵਾਂ ਯੁਗ ਪਹਿਲਾਂ ਪਹਿਲ ਸਮਾਜ ਨੂੰ ਇਕ ਸ਼ਾਂਤੀ, ਇਕ ਸੰਤੁਸ਼ਟਤਾ ਤੇ ਰੱਜ ਦੇਂਦਾ ਹੈ। ਪਰ ਇਹ ਵੀ ਕਹਾਵਤ ਹੈ ਕਿ "ਰੱਜ ਆਣ ਤੇ ਕੁੱਦ ਆਣ।" ਇਸੇ ਲਈ ਇਸ ਕਾਲ ਦੇ ਮੁਢਲੇ ਸਮੇਂ ਵਿਚ ਲੋਕਾਂ ਅਤੇ ਹਾਕਮਾਂ ਨੇ ਮਿਲ ਕੇ ਰਾਗ, ਸੰਗੀਤ ਤੇ ਨਿਤ੍ਰ ਦੀ ਸਰਪ੍ਰਸਤੀ ਕੀਤੀ। ਜਿਉਂ-ਜਿਉਂ ਹਾਕਮਾਂ ਦੀ ਪਕੜ ਸਮਾਜਿਕ ਰਗਾਂ ਤੇ ਪੀਡੀ ਤੇ ਕੱਸਵੀਂ ਹੁੰਦੀ ਗਈ ਤਿਉਂ- ਤਿਉਂ ਲੋਕਾਂ ਦੀ ਸਰਪ੍ਰਸਤੀ ਵਿਚੋਂ ਤੌਫੀਕ ਤੇ ਵਿਹਲ ਘਟਣ ਲਗੀ। ਇਸ ਤੋਂ ਬਿਨਾਂ ਹਰ ਸਾਮਾਜਿਕ ਕੰਮ ਉਪਰ ਵਿਕਸਤ ਇਕ ਵੱਖਰਾ ਪੇਸ਼ਾ ਹੋਂਦ ਵਿਚ ਆਉਣ ਲਗਾ। ਪੇਸ਼ੇ ਨੇ ਰਾਗ, ਸੰਗੀਤ ਤੇ ਨਿਤ੍ਰ ਨੂੰ ਪ੍ਰਬੀਣਤਾ ਤੇ ਵਿਕਾਸ ਵੀ ਦਿਤਾ। ਇਸੇ ਕਾਰਣ ਇਸ ਸਮੇਂ ਵਿਚ ਰਾਗ, ਸੰਗੀਤ ਤੇ ਨਿਤ੍ਰ ਨੇ ਸਾਮੂਹਿਕ ਰੂਪ ਵਿਚ ਉਨਤੀ ਕੀਤੀ ਤੇ ਕਲਾਵਾਂ ਨਿਖੱੜੇ ਤੇ ਸੁਤੰਤਰ ਰੂਪ ਵਿਚ ਵਿਕਸਿਤ ਵੀ ਹੋਈਆਂ।

ਇਸੇ ਸਮੇਂ ਵਿਚ ਰਾਗ, ਸੰਗੀਤ ਤੇ ਨਿਤ੍ਰ ਦੀ ਸਾਮਾਜਿਕ ਮਹਤਤਾ ਨੂੰ ਸੰਸਾਰ ਭਰ ਵਿਚ ਅਫਲਾਤੂਨ, ਅਰਸਤੂ, ਕੋਸਟੋਫੇਨ (ਯੂਨਾਨ), ਮੌ-ਤੀ (ਚੀਨ), ਮਤੰਗ ਤੇ ਭਰਤ (ਭਾਰਤ) ਜਹੇ ਵਿਚਾਰਕਾਂ ਨੇ ਸਮਝਿਆ ਤੇ ਸਮਾਜ ਨੂੰ ਜਾਣੂ ਕਰਾਇਆ। ਇਸੇ ਸਮੇਂ ਵਿਚ ਸੰਗੀਤ ਦੇ ਨਵੇਂ ਸਾਜ ਹੋਂਦ ਵਿਚ ਆਏ ਅਤੇ ਪਹਿਲੇ ਸੰਦਾਂ ਨੇ ਹੋਰ ਵਿਕਾਸ ਕੀਤਾ। ਇਹ ਨਵੇਂ ਸੰਦ ਬਨਾਵਟ ਵਿਚ ਵਧੇਰੇ ਸੂਖਮ, ਅਸਰ ਵਿਚ ਵਧੇਰੇ ਕੋਮਲ ਜਜ਼ਬਿਆਂ ਨੂੰ ਟੁੰਬਣ ਵਾਲੇ ਅਤੇ ਵਜਾਉਣ-ਵਰਤਣ ਵਿਚ ਵਧੇਰੇ ਪ੍ਰਬੀਨਤਾ ਮੰਗਦੇ ਸਨ। ਇਸੇ ਸਮੇਂ ਵਿਚ ਰਾਗਾਂ ਦੀ ਵੰਡ ਹੋਈ। ਕੱਚੇ ਤੇ ਪੱਕੇ ਰਾਗ ਜਾਂ ਰਾਗ ਤੇ ਰਾਗਣੀਆਂ ਦੀ ਵੰਡ ਅਤੇ ਨਾਂ-ਰਿਸ਼ਤੇ ਸੁਨਣ ਵਿਚ ਆਉਣ ਲਗੇ। ਇਹ ਸ਼ਾਇਦ ਜਜ਼ਬਿਆਂ ਨੂੰ ਟੁੰਬਣ-ਪ੍ਰਗਟਾਉਣ ਦੀਆਂ ਭਾਵਵਾਚਕ ਅਭਿਵਿਅਕਤੀਆਂ ਨੂੰ ਮਨੁਖੀ ਰਿਸ਼ਤਿਆਂ ਤੇ ਨਾਵਾਂ ਵਿਚੋਂ ਦੇਖਣ ਦਾ ਸਾਮਾਜਿਕ ਜਤਨ ਸੀ। ਇਸੇ ਸਮੇਂ ਵਿਚ ਨ੍ਰਿਤਕਾਰੀ ਦੇ ਕਈ ਰੂਪ ਵਿਕਸਿਤ ਹੋਏ ਅਤੇ ਹਰ ਰੂਪ ਦੀਆਂ ਮੁਦ੍ਰਾਵਾਂ ਦੇ ਨਿਯਮ ਬੱਨ੍ਹੇ ਗਏ। ਅਜ ਦੇ ਚੌਹਾਂ ਭਾਰਤੀ ਨ੍ਰਿਤਾਂ ਦੀ ਰੂਪ-ਰੇਖਾ ਵੀ ਇਸੇ ਯੁਗ ਵਿਚ ਉਲੀਕੀ ਗਈ।

ਸਾਮੰਤਵਾਦ ਨੇ, ਜਿਥੇ ਇਨ੍ਹਾਂ ਤਿੰਨਾਂ ਕਲਾਵਾਂ ਦੀ, ਸਰਪ੍ਰਸਤੀ ਕਰ ਕੇ ਉਨੱਤੀ ਕੀਤੀ ਉਥੇ ਉਸ ਨੇ ਇਨ੍ਹਾਂ ਕਲਾਵਾਂ ਵਿਚੋਂ ਸਮਾਜਿਕ ਮਨੋਰਥ ਖਤਮ ਕਰ ਕੇ ਆਪਣੀ ਝੋਲੀ ਵਿਚ ਪਾ ਲਿਆ ਤੇ ਭੋਗ-ਬਿਲਾਸ ਦਾ ਵਸੀਲਾ ਵੀ ਬਣਾਇਆ। ਇਹੀ ਕਾਰਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ ਕਿ ਕਵੀ ਹੁਣ ਭੱਟ ਤੇ ਨਕੀਬ ਬਣ ਗਏ; ਜਿਹੜੇ ਜੰਗ ਦੇ ਸਮੇਂ ਫੌਜਾਂ ਦਾ ਖੂੰਨ ਗਰਮਾਉਂਦੇ ਤੇ ਅਮਨ ਦੇ ਸਮੇਂ ਦਰਬਾਰ ਵਿਚ ਰਾਜੇ ਤੇ ਉਸਦੇ ਵੰਸ਼ ਦਾ ਗੁਣ ਗਾਉਂਦੇ ਤੇ ਦਰਬਾਰ ਵਿਚ ਪ੍ਰਵੇਸ਼ ਸਮੇਂ ਬਾਦਸ਼ਾਹ ਦੇ ਜਾਹੋ-ਜਲਾਲ ਸਬੰਧੀ ਸੰਘ ਪਾੜ-ਪਾੜ ਕੇ ਦਰਬਾਰੀਆਂ ਤੇ ਲੋਕਾਂ ਦੀਆਂ ਧੌਣਾਂ ਬਾਦਸ਼ਾਹ ਸਲਾਮਤ ਅਗੇ ਝੁਕਾ ਦੇਂਦੇ। ਇਹ ਸਭ ਕਵੀ ਦੇ ਹੀ ਬਦਰਾਹ ਤੇ ਬਦ-ਰੰਗ ਰੂਪ ਸਨ। ਨਿਰੋਲ ਕਵੀ ਵੀ ਇਨਾਮਾਂ ਤੇ ਖਿੱਲਤਾਂ ਲਈ ਤੁਰਤ-ਕਵਿਤਾ ਰਾਹੀਂ ਕਈ ਵਾਰ ਆਪਣੇ ਸਾਥੀਆਂ ਨਾਲ ਕੁੱਕੜ-ਭੇੜ ਕਰਕੇ ਰਾਜਿਆਂ ਰਾਣਿਆਂ ਦਾ ਮਨ-ਪਰਚਾਵਾ ਬਣਦੇ ਸਨ। ਆਦਰਸ਼-ਕਲਾਕਾਰ, ਪ੍ਰਸਿੱਧੀ ਤੇ ਧਨ ਤੋਂ ਪਰੇ ਰਹਿ ਕੇ ਕਲਾ-ਸਾਧਨਾ ਵਿਚ ਲਗੇ ਰਹੇ।

ਸਾਂਝਾ ਰਾਗ ਤੇ ਗੀਤ ਹੁਣ ਸਮਾਜ ਵਿਚ ਵਿਹਲ ਅਤੇ ਉਤਸ਼ਾਹ ਦੀ ਥੋੜ ਕਾਰਣ ਘਟਣ ਲਗਾ। ਕੋਰਸ (ਸਾਂਝੇ ਯੂਨਾਨੀ ਗੀਤ ਦਾ ਇਕ ਰੂਪ ਜਾਂ ਸਹਿ-ਗਾਣ) ਦੀ ਸਮਾਜਕ ਮਹਤਤਾ ਹੁਣ ਕੇਵਲ ਨਾਟਕ ਵਿਚ ਹੀ ਸੀਮਤ ਹੋ ਕੇ ਰਹਿ ਗਈ। ਇਸੇ ਸਮੇਂ ਰਾਗੀ ਤੇ ਸਾਜ਼ਿੰਦੇ (ਵਜੰਤਰੀ) ਕਿਸੇ ਗਾਇਕਾ ਜਾਂ ਨਰਤਕੀ ਦੇ ਸਾਥੀ ਬਣ ਕੇ ਆਪਣੀ ਕਲਾ ਨੂੰ, ਚਮਕਾਉਣ ਬਨਾਉਣ ਲਗੇ। ਇਸ ਸਮੇਂ ਦਰਬਾਰਾਂ ਵਿਚ ਜੋੜੇ ਨਹੀਂ; ਇਕੋ ਵਿਅਕਤੀ ਅਤੇ ਉਹ ਵੀ ਕੇਵਲ ਇਸਤ੍ਰੀ ਨੱਚਣ ਲਗੀ, ਜਿਸਦਾ ਨਾਂ ਗਾਇਕਾ ਜਾਂ ਰੱਕਾਸਾ ਪਿਆ। ਇਹੀ ਨ੍ਰਿਤਕੀ ਹੀ ਗਾਣਿਕਾ ਕੰਚਣੀ (ਕੰਜਰੀ) ਬਣੀ। ਉਂਜ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਨਿੱਜੀ-ਨਾਚ, ਖੁਦ-ਮਸਤੀ ਦਾ ਲਖਾਇਕ ਹੈ। ਸਿਆਣੇ ਤੇ ਗੰਭੀਰ ਮਨੁੱਖ ਵੀ ਅਤਿਅੰਤ ਖੁਸ਼ੀ ਸਮੇਂ ਇਕ ਛਿਨ ਲਈ ਨੱਚ-ਕੁੱਦ ਉਠਦੇ ਹਨ। ਸੂਫੀ ਫਕੀਰ ਤੇ ਕਈ ਭਗਤ, ਭਗਤੀ ਦੀ ਮਸਤੀ ਵਿਚ ਨਚਦੇ ਹਨ। ਇਸੇ ਲਈ ਉਨ੍ਹਾਂ ਦੇ ਨ੍ਰਿਤ ਤੋਂ ਕਵਿਤਾ ਨਿਕਲੀ ਹੈ: "ਪਗ ਘੁੰਗਰ ਬਾਂਧ ਮੀਰਾ ਨਾਚੀ ਰੇ।"

ਰਾਗ ਸੰਗੀਤ ਤੇ ਨ੍ਰਿਤ ਭਾਵੇਂ ਆਪਣੇ ਆਪ ਵਿਚ ਵਿਕਸਿਤ ਤੇ ਸੁਤੰਤਰ ਹੋ ਰਹੇ ਸਨ। ਤਾਂ ਵੀ ਇਹ ਸਦਾ ਇਕ ਦੂਜੇ ਦੇ ਸਹਾਇਕ ਰਹੇ। ਗੀਤ ਗਾਉਣ ਸਮੇਂ ਸੰਗੀਤਕ ਸੰਦਾਂ ਦੀ ਲੋੜ ਕਾਇਮ ਰਹੀ। ਭਾਵੇਂ ਉਸ ਸਮੇਂ ਨ੍ਰਿਤ ਨਾ ਹੀ ਹੋ ਰਿਹਾ ਹੋਵੇ। ਇੰਜ ਹੀ ਨ੍ਰਿਤ ਸਮੇਂ ਭਾਵੇਂ ਗੀਤ ਨਾ ਹੀ ਹੋ ਰਿਹਾ ਹੋਵੇ ਪਰ ਸੰਗੀਤ ਬਿਨਾਂ ਨ੍ਰਿਤ ਨਹੀਂ ਸੀ ਸੋਭਦਾ। ਇੰਜ ਸੰਗੀਤ, ਕਵਿਤਾ ਰਲੇ ਰਾਗ (ਗੀਤ) ਅਤੇ ਨ੍ਰਿਤ ਦੋਹਾਂ ਲਈ ਜ਼ਰੂਰੀ ਪਰ ਸਹਾਇਕ ਕਲਾ ਬਣਦਾ ਗਿਆ। ਅਜ ਕਲ ਵੀ, ਨਿਰਾ ਤਬਲਾ, ਨਿਰੀ ਸਿਤਾਰ, ਵਾਇਲਨ ਜਾਂ ਹੋਰ ਸੰਗੀਤਕ ਸਾਜ਼ਾਂ ਨੂੰ ਕਦੇ-ਕਦੇ ਰੇਡੀਓ, ਟੀ.ਵੀ. ਪ੍ਰੋਗਰਾਮਾਂ ਵਿਚ ਸੁਣਿਆ ਜ਼ਰੂਰ ਜਾਂਦਾ ਹੈ ਪਰ ਸਮੁਚੇ ਤੌਰ ਤੇ ਇਹ ਸਾਜ਼ ਸਹਾਇਕ ਕਲਾ ਦਾ ਹੀ ਮਾਧਿਅਮ ਹਨ।

ਭਾਰਤੀ ਰਾਗ ਅਤੇ ਨ੍ਰਿਤ ਦਾ ਆਪਣਾ ਵਿਕਾਸ ਅਤੇ ਆਪਣੀ ਪ੍ਰਤਿਭਾ ਹੈ, ਜਿਸ ਦੇ ਅਜੋਕੇ ਰੂਪ ਦੀ ਬੁਨਿਆਦ ਆਰੀਆ ਲੋਕਾਂ ਨੇ ਬੰਨ੍ਹੀ। ਇਸ ਗਲ ਤੋਂ ਇਨਕਾਰ ਕਰਨਾ ਕਿ ਕੋਲਾਂ ਤੇ ਭੀਲਾਂ ਤੇ ਖਾਸਕਰ ਦ੍ਰਾਵੜ ਜਹੀਆਂ ਸਭਿਅ ਜਾਤੀਆਂ ਦਾ ਇਸ ਵਿਚ ਕੋਈ ਹਿੱਸਾ ਜਾਂ ਰਲਾ ਨਹੀਂ-ਇਸ ਗਲ ਤੋਂ ਇਨਕਾਰ ਕਰਨਾ ਹੈ ਕਿ ਵਿਕਾਸ ਦਾ ਅਸੂਲ ਇਨ੍ਹਾਂ ਜਾਤੀਆਂ ਵਿਚ ਕੰਮ ਨਹੀਂ ਸੀ ਕਰ ਰਿਹਾ, ਜਾਂ ਹਰਖ-ਸੋਗ ਦੇ ਜਜ਼ਬਿਆਂ ਦਾ ਇਨ੍ਹਾਂ ਜਾਤੀਆਂ ਉਪਰ ਕੋਈ ਪ੍ਰਤੀਕਰਮ ਨਹੀਂ ਸੀ ਹੁੰਦਾ। ਤਾਂ ਵੀ, ਭਾਰਤੀ ਰਾਗ ਤੇ ਨ੍ਰਿਤ ਦੇ ਸਮੁੱਚੇ ਰੂਪ ਨੂੰ ਦੇਖ ਕੇ ਇਹੀ ਕਿਹਾ ਜਾ ਸਕਦਾ ਹੈ ਕਿ ਭਾਰਤੀ ਰਾਗ, ਸੰਗੀਤ ਤੇ ਨ੍ਰਿਤ ਦਾ ਮੁੱਖ ਲੱਛਣ ਸਮੁੱਚੇ ਤੌਰ ਤੇ ਆਰੀਆ ਸੰਸਕ੍ਰਿਤੀ ਦਾ ਹੀ ਰਿਹਾ, ਭਾਵੇਂ ਇਸ ਵਿਚ ਮਗਰੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਣ ਵਾਲੀਆਂ ਜਾਤੀਆਂ ਨੇ ਵੀ ਥੋੜਾ ਜਾਂ ਬਹੁਤਾ ਹਿੱਸਾ ਪਾਇਆ ।

ਰਾਗ ਸਬੰਧੀ ਸੰਸਕ੍ਰਿਤ ਦੇ ਵਿਦਵਾਨਾਂ ਦਾ ਸਿਧਾਂਤ ਹੈ :ਗਾਉਣਾ ਵਜਾਉਣਾ (ਸੰਗੀਤਕ ਸਾਜ) ਅਤੇ ਨ੍ਰਿਤ, ਤਿੰਨੇ ਰਾਗ ਪੈਦਾ ਕਰਦੇ ਹਨ । ਇਸ ਦਾ ਅਰਥ ਸਪਸ਼ਟ ਹੈ ਕਿ ਨ੍ਰਿਤ ਵੀ ਕਦੇ ਰਾਗ ਦਾ ਅਨਿੱਖੜ ਹਿੱਸਾ ਸੀ । ਰਾਗ ਕਿਉਂਕਿ ਮੂੰਹ ਅੰਦਰਲੇ ਵੱਖ-ਵੱਖ ਹਿੱਸਿਆਂ ਦੇ ਜੋੜਨ, ਖੋਹਲਣ ਅਤੇ ਇਨ੍ਹਾਂ ਰਾਹੀਂ ਅੰਦਰਲੀ ਵਾਯੂ ਦੇ ਨਿਕਾਸ ਨਾਲ ਪੈਦਾ ਹੁੰਦਾ ਹੈ । ਇਨ੍ਹਾਂ ਆਵਾਜ਼ਾਂ ਵਿਚ ਨੀਵੀਆਂ ਉੱਚੀਆਂ ਦਾ ਫਰਕ ਹੁੰਦਾ ਹੈ । ਇਸੇ ਫਰਕ ਉਪਰ ਆਵਾਜ਼ਾਂ ਜਾਂ ਸੁਰਾਂ ਦੀ ਵੰਡ ਆਧਾਰਿਤ ਕੀਤੀ ਗਈ । ਸਾਮ ਵੇਦ ਵਿਚ ਪ੍ਰਚੱਲਤ ਸੁਰਾਂ ਦੀ ਗਿਣਤੀ ਸੱਤ ਤਕ ਪਹੁੰਚਦੀ ਹੈ । ਇਨ੍ਹਾਂ ਸੱਤਾਂ ਹੀ ਸੁਰਾਂ ਵਿਚੋਂ ਕ੍ਰਿਸ਼ਟ ਸਭ ਤੋਂ ਉਚੀ ਸੁਰ ਸੀ । ਜੀਵਨ ਵਿਚ ਰਾਗ ਦੀ ਮਹਤਤਾ ਵਧਦੀ ਗਈ, ਨਾਲ-ਨਾਲ ਹਰ ਪੱਖ ਦੇ ਰਾਗ ਸਬੰਧੀ ਗਿਆਨ ਵਿਚ ਵੀ ਵਾਧਾ ਹੋਇਆ । ਨਤੀਜੇ ਵਜੋਂ ਵੇਦਾਂ ਤੋਂ ਮਗਰੋਂ ਰਾਗ ਸਬੰਧੀ ਇਕ ਨਿਯਮਬੱਧ ਉਪ-ਵੇਦ; ਗੰਧਰਵ ਵੇਦ, ਦਾ ਨਾਂ ਵੀ ਆਉਂਦਾ ਹੈ, ਭਾਵੇਂ ਉਹ ਅਜ ਹੋਂਦ ਵਿਚ ਨਹੀਂ । ਸਾਮ ਵੇਦ ਵਿਚ ਦਿਤੀਆਂ ਸੱਤਾਂ ਹੀ ਸੁਰਾਂ ਦੀ ਅਜ ਵੀ ਭਾਰਤੀ ਸੰਗੀਤ-ਵਿਦਿਆ ਉਪਰ ਛਾਪ ਦਿਸਦੀ ਹੈ । ਹਾਰਮੋਨੀਅਮ ਦੀਆਂ ਸੁਰਾਂ ਵੀ ਸੱਤ ਹਨ : ਸਾ ਰੇ ਗਾ ਮਾ ਪਾ ਧਾ ਨੀ ਆਦਿਕ । ਭਾਰਤੀ ਸੰਗੀਤ ਦੇ ਮੁਢਲੇ ਅਚਾਰੀਆ ਕੋਹਲ, ਦੱਤਿਲ, ਯਸ਼ਿਟਕ, ਭਰਤ ਤੇ ਮਤੰਗ ਹੋਏ ਹਨ । ਇਨ੍ਹਾਂ ਵਿਚੋਂ ਭਰਤ ਤੇ ਮਤੰਗ ਦੇ ਸਿਧਾਂਤ ਵਧੇਰੇ ਪ੍ਰਵਾਨੀਯ ਹਨ ਅਤੇ ਸੁਰਖਿਅਤ ਵੀ ।

ਰਾਗਾਂ ਦੇ ਨਾਂ ; ਇਲਾਕਿਆਂ, ਕੌਮਾਂ, ਸਮੁਦਾਇ, ਰੁੱਤਾਂ, ਪੰਛੀਆਂ, ਫੁੱਲਾਂ, ਰਾਗੀਆਂ-ਸੰਗੀਤਕਾਰਾਂ ਦੀ ਯਾਦ ਹੀ ਨਹੀਂ ਕਰਾਉਂਦੇ ਸਗੋਂ ਸਮਾਜ ਵਿਚ ਹੁੰਦੀ ਤਬਦੀਲੀ ਦਾ ਵੀ ਪ੍ਰਦਰਸ਼ਨ ਕਰਦੇ ਹਨ । ਭਾਰਤ ਵਿਚ ਸਮੇਂ-ਸਮੇਂ ਕਈ ਜਾਤੀਆਂ ਬਾਹਰੋਂ ਆ-ਆ ਕੇ ਵੱਸਦੀਆਂ ਰਹੀਆਂ । ਬਿਲਕੁਲ ਸੰਭਵ ਹੈ ਕਿ ਉਹ ਆਪਣੇ ਨਾਲ, ਕਈ ਨਵੇਂ ਰਾਗ ਤੇ ਧੁਣੀਆਂ ਲਿਆਈਆਂ ਜਾਂ ਪਹਿਲਾਂ ਦੀਆਂ ਧੁਣੀਆਂ ਨਾਲ ਉਨ੍ਹਾਂ ਦੀਆਂ ਤਰਜ਼ਾਂ ਦਾ ਮੇਲ-ਮਿਲਾਪ ਹੋਇਆ ਤੇ ਨਵੇਂ ਰਾਗਾਂ-ਤਰਜ਼ਾਂ ਨੇ ਜਨਮ ਲਿਆ ਹੋਵੇ । ਇਸੇ ਲਈ ਇਨ੍ਹਾਂ ਕੌਮਾਂ ਦੇ ਨਾਂ ਉਪਰ ਸਾਨੂੰ ਮਾਲਵ (ਮੱਲ ਇਕ ਕਬੀਲਾ ਸੀ),ਆਭੀਰੀ (ਅਜ ਕਲ ਦੇ ਅਹੀਰਾਂ ਦਾ), ਸਿੰਧਵੀ ਤੇ ਸੌਰਾਸ਼ਟਰੀ ਰਾਗ ਮਿਲਦੇ ਹਨ । ਕਈ ਰਾਗ ਤਾਂ ਖਾਸ ਤੌਰ ਤੇ ਜੇਤੂ ਕੌਮਾਂ ਦਾ ਨਾਂ ਯਾਦ ਕਰਾਉਂਦੇ ਹਨ ਜਿਵੇਂ; ਸ਼ਾਕ, ਸਰੂਸ਼ਕ, ਟੋਡੀ ਤੇ ਪਲਿੰਦ ਆਦਿ ।

ਫੁੱਲਾਂ ਜਹੀ ਸੁੰਦਰਤਾ ਤੇ ਖੇੜੇ ਦਾ ਵਰਣਨ ਜਦ ਰਾਗਾਂ ਵਿੱਚ ਹੋਵੇ ਤਾਂ ਰਾਗਾਂ ਦੇ ਨਾਂ ਫੁੱਲਾਂ ਉੱਪਰ ਕਿਉਂ ਨਾ ਰਖੇ ਜਾਣ ! ਇਸੇ ਲਈ ਫੁੱਲਾਂ ਦੇ ਨਾਵਾਂ ਉਪਰ ਰਾਗਾਂ ਦੇ ਨਾਂ ਰਖੇ ਗਏ ਜਿਵੇਂ; ਕਮੁਦੀ, ਮਾਲਤੀ ਤੇ ਕੁਸਮ ਆਦਿਕ । ਇੰਜੇ ਹੀ ਰੁੱਤਾਂ ਤੇ ਉਤਸਵਾਂ-ਪੁਰਬਾਂ ਦੇ ਨਾਂ ਉੱਪਰ ਰਾਗਾਂ ਦੇ ਨਾਂ ਪ੍ਰਚੱਲਤ ਹੋਏ, ਜਿਵੇਂ ਮੇਘ, ਬਸੰਤ, ਹਿੰਡੋਲ ਮਲ੍ਹਾਰ । ਮਨੁਖ, ਮੁਢਲੇ ਜੰਗਲੀ ਜੀਵਨ ਤੋਂ ਕਈ ਮਧੁਰ-ਕੰਠ ਪੰਛੀਆਂ ਦੇ ਬੋਲ ਤੇ ਹੂਕਾਂ ਸੁਣਦਾ ਆ ਰਹਿਆ ਸੀ । ਸਗੋਂ ਉਸ ਦਾ ਆਪਣਾ ਕੰਠ ਤੇ ਅਲਾਪ ਇਨ੍ਹਾਂ ਪੰਛੀਆਂ ਦਾ ਬੜਾ ਦੇਣਦਾਰ ਸੀ । ਫੇਰ ਭਾਰਤੀ ਸੰਗੀਤਕਾਰ ਕਿਉਂ ਨਾ ਆਪਣੀਆਂ ਨਵੀਆਂ ਸੰਗੀਤਕ ਰਚਨਾਵਾਂ ਦਾ ਨਾਂ ਇਨ੍ਹਾਂ ਪੰਛੀਆਂ ਦੇ ਨਾਂ ਉੱਪਰ ਰਖਦਾ । ਅਤੇ ਉਸ ਨੇ ਇਹ ਨਾਂ ਰਖੇ ਵੀ, ਜਿਵੇਂ ਬਿਹਾਗੜਾ, ਕੋਕਿਲਾ, ਬਡਹੰਸ ਆਦਿਕ ।

CC-0. In Public Domain. Gurukul Kangri Collection, Haridwar

ਮਤੰਗ ਨੇ ਸਮਾਲੋਚਨਾ ਕਰ ਕੇ ਰਾਗਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ; ਰਾਗਾਂ

Digitized by Arya Samaj Foundation Chennai and eGangotri

ਅਤੇ ਰਾਗਣੀਆਂ ਵਿਚ । ਪੜਚੋਲਕਾਂ ਦਾ ਵਿਸ਼ਵਾਸ਼ ਹੈ ਕਿ ਮੁਢਲੀਆਂ ਰਾਗਣੀਆਂ ਦਾ ਜਨਮ, ਭਾਸ਼ਾ-ਗੀਤਾਂ (ਸਥਾਨਕ ਅਤੇ ਗ੍ਰਾਮ-ਗੀਤਾਂ) ਵਿਚੋਂ ਹੋਇਆ । ਦੂਜੀ ਵੰਡ ਨਿਰੋਲ ਸਮਾਜ ਵਿਚ ਵਿਆਪਦੇ ਸੰਬੰਧਾਂ ਦੇ ਆਧਾਰ ਤੇ ਹੋਈ, ਇਹ ਵੰਡ ਸੀ ਦੇਸ਼ੀ (ਕੱਚੇ) ਅਤੇ ਮਾਰਗੀ (ਪੱਕੇ) ਰਾਗ ਦੀ । ਕੱਚੇ ਤੇ ਪੱਕੇ ਰਾਗ ਦੀ ਵਿਆਖਿਆ ਇਹ ਕੀਤੀ ਗਈ ਕਿ ਦੇਸ਼ੀ ਰਾਗ ਦੁਨੀਆਂ-ਪ੍ਰਤੱਖ ਵਿਚ ਵਰਤਮਾਨ ਹੈ ਤੇ ਮਾਰਗੀ, ਦੇਵ-ਲੋਕ ਵਿਚ । ਸਮਾਜ ਵਿਚ ਜਦੋਂ ਦੇਵਤਿਆਂ ਜਹੀ ਉੱਚੀ ਥਾਂ ਅਤੇ ਪਦਵੀ, ਰਾਜਿਆਂ ਨਵਾਬਾਂ ਨੇ ਲੈ ਲਈ ਤਾਂ ਅਮਲੀ ਰੂਪ ਵਿਚ ਦੇਸ਼ੀ ਰਾਗ ਜਨਤਾ ਦੀ ਝੋਲੀ ਪਏ ਅਤੇ ਮਾਰਗੀ ਉੱਚ ਸਾਧਨਾ, ਰਚਨਾਤਮਕ ਰਾਗੀਆਂ ਰਾਹੀਂ ਵਿਕਸਤ ਹੋਏ ਅਤੇ ਅੰਤ ਵਿਚ ਅਮੀਰਾਂ ਤੇ ਕਦਰਦਾਨਾਂ ਦੇ ਚੋਂਚਲਿਆਂ ਤੇ ਸਰਪ੍ਰਸਤੀ ਲਈ ਰਾਖਵੇਂ ਹੋ ਗਏ । ਹਰ ਇਕ ਰਾਗ ਦਾ ਅਪਣਾ ਸੁਰ-ਤਾਲ ਤੇ ਧੁਣੀ ਸੀ ਅਤੇ ਇਸ ਦੇ ਮਿਲਵੇਂ ਰੂਪ ਕਾਰਣ ਇਕ ਆਪਣਾ ਅਸਰ ਸੀ । ਇਨ੍ਹਾਂ ਪ੍ਰਭਾਵਾਂ ਨੂੰ ਸਮੇਂ ਤੇ ਰੁੱਤ ਨਾਲ ਮੇਲ ਕੇ ਵੀ ਰਾਗ ਸਬੰਧੀ ਕਈ ਵੰਡਾਂ ਸ਼ੈਵ, ਵੈਸ਼ਨਵ ਤੇ ਹੋਰਨਾਂ ਮਤਾਂ ਵਾਲਿਆਂ ਨੇ ਕੀਤੀਆਂ । ਕਿਉਂਕਿ ਅਜੇ ਤਕ ਧਾਰਮਿਕ ਵਿਦਵਾਨ ਹੀ ਦਾਰਸ਼ਨਿਕ, ਵਿਚਾਰਕ, ਸਮਾਜ ਸੁਧਾਰਕ, ਸਾਹਿਤ ਅਚਾਰੀਆ ਤੇ ਸੰਗੀਤ ਪੰਡਤ ਸਮਝੇ ਜਾਂਦੇ ਸਨ । ਇਸੇ ਪ੍ਰਕਾਰ ਦੀ ਵੰਡ ਉਪਰ ਪਹਿਲਾਂ ਲਿਖਤ ਸ਼ਾਇਦ "ਸੰਗੀਤ ਮੁਕੰਦ" ਸੀ । ਕੁਝ ਇਕ ਨਿਯਮ ਵੀ ਬਣਾਏ ਗਏ, ਜਿਵੇਂ ; ਉਤਰੀ ਰਾਗ ਵਿਚ ਤੀਬਰ 'ਮ' ਲਾਉਣ ਨਾਲ ਦੱਖਣੀ ਵਿਚ ਬਦਲ ਸਕਦਾ ਸੀ । ਇਸੇ ਪ੍ਰਕਾਰ ਰਾਗ ਸੰਗੀਤ ਤੇ ਨ੍ਰਿਤ ਆਪਣੀ ਥਾਂ ਵਿਕਸਿਤ ਹੁੰਦੇ ਰਹੇ ਤੇ ਇਨ੍ਹਾਂ ਦੀਆਂ ਵੰਡਾਂ ਤੇ ਨਿਯਮਾਵਲੀਆਂ ਵੀ ।

ਰਾਗ-ਵਿਦਿਆ ਵਿਚ ਵੱਖਰੀ ਸੇਧ ਤੇ ਸਿਫਤ ਵਾਲੀ ਇਤਿਹਾਸਕ ਤਬਦੀਲੀ ਮੁਸਲਮਾਨਾਂ ਦੇ ਭਾਰਤ ਵਿਚ ਆ ਵੱਸਣ ਸਮੇਂ ਹੋਈ । ਅਲਾ-ਉੱਦ-ਦੀਨ ਦਾ ਸਮਕਾਲੀ ਸੰਗੀਤਕਾਰ, ਅਮੀਰ ਖੁਸਰੋ ਇਸ ਤਬਦੀਲੀ ਦਾ ਮੋਢੀ ਤੇ ਪ੍ਰਤੀਨਿੰਧ ਸੀ । ਇਸ ਨੇ ਫਾਰਸੀ ਰਾਗਾਂ ਦੀ ਪੁੱਠ ਵੀ ਭਾਰਤੀ ਰਾਗਾਂ ਨੂੰ ਦੇ ਕੇ ਕਈ ਨਵੇਂ ਰਾਗਾਂ ਦਾ ਵਾਧਾ ਕੀਤਾ । ਇਸ ਤੋਂ ਮਗਰੋਂ ਕਈ ਸੰਗੀਤਕਾਰਾਂ ਨੇ ਪਿਛਲੇ ਰਾਗਾਂ ਵਿਚ ਕੁਝ ਹੋਰ ਰਸ ਮਿਲਾ ਕੇ ਨਵੇਂ ਰਾਗ ਪ੍ਰਚੱਲਤ ਕੀਤੇ । ਜਿਵੇਂ ਤਾਨਸੈਨ ਨੇ ਮਲ੍ਹਾਰ, ਟੋਡੀ ਤੇ ਕਾਨੜਾ ਦੇ ਜਿਹੜੇ ਰੂਪ ਬਦਲੇ ਉਨ੍ਹਾਂ ਨੂੰ ਮੀਆਂ ਦੀ ਮਲ੍ਹਾਰ, ਮੀਆਂ ਕੀ ਟੋਡੀ (ਬਿਲਾਸਖਾਨੀ ਟੋਡੀ) ਅਤੇ ਦਰਬਾਰੀ ਕਾਨੜਾ ਦਾ ਨਾਂ ਦਿਤਾ ਗਿਆ ।

ਰਾਗ, ਸੰਗੀਤ ਤੇ ਨ੍ਰਿਤ ਨੂੰ, ਹਿੰਦੁਸਤਾਨੀ-ਸੁੰਨੀ-ਮਤ ਦੇ ਕੱਟੜਪਣ ਵੇਲੇ ਔਰੰਗਜ਼ੇਬ ਨੇ ਵਰਜਿਤ ਕਰ ਦਿਤਾ ਸੀ । ਔਰੰਗਜ਼ੇਬ ਨੇ ਰਾਗ ਦੀ ਅਰਥੀ ਲਿਜਾ ਰਹੇ ਲੋਕਾਂ ਦੇ ਵਿਅੰਗ ਉਪਰ ਫਬਤੀ ਕੱਸੀ ਕਿ ਇਸ ਨੂੰ ਡੂੰਘੀ ਕਬਰ ਵਿਚ ਦਬਾਇਆ ਜਾਵੇ, ਪਰ ਸਾਮਾਜਿਕ ਵਿਕਾਸ ਦੀ ਚੱਕੀ ਪੁੱਠੀ ਨਾ ਚਲ ਸਕੀ ਤੇ ਥੋੜੇ ਸਾਲਾਂ ਪਿਛੋਂ, ਇਸੇ ਕੁਲ ਵਿਚ ਬਾਹਦਰ ਸ਼ਾਹ ਜ਼ਫਰ ਪੈਦਾ ਹੋਇਆ, ਜਿਸ ਨੇ ਉਜੜਦੇ ਮੁਗ਼ਲ ਦਰਬਾਰ ਦੀਆਂ ਮਹਿਫਲਾਂ ਇਕ ਵਾਰ ਫੇਰ ਰਾਗ ਤੇ ਸੰਗੀਤ ਨਾਲ ਗਰਮਾ ਦਿਤੀਆਂ ।

ਜੀਵਨ ਦੇ ਧਾਰਮਿਕ ਖੇਤਰ ਵਿਚ ਰਾਗ ਤੇ ਸੰਗੀਤ ਹੁਣ ਦੇਵ-ਪੂਜਾ ਵਿਚੋਂ ਨਿਕਲ ਕੇ ਅਵਤਾਰ ਤੇ ਈਸ਼੍ਵਰ-ਭਗਤਾਂ ਦੇ ਹੱਥਾਂ ਵਿਚ ਆ ਚੁਕਾ ਸੀ । ਭਗਤਾਂ ਦੇ ਸਮੇਂ ਧਰਮ ਵਿਚ ਫੇਰ ਪਵਿਤ੍ਰ, ਕੋਮਲ ਤੇ ਹੁਨਰਮੰਦ ਰਾਗਾਂ ਦਾ ਉਭਾਰ ਆਇਆ । ਇਹ ਭਗਤ ਦੇਸ਼ੀ ਰਾਗਾਂ ਨੂੰ ਅਪਣਾਉਂਦੇ ਹੀ ਨਹੀਂ ਸਨ, ਦੁਤਾਰੇ, ਛੈਣੇ, ਘੁੰਗਰੂ, ਪਖਾਵਜ (ਹਿੰਦੁਸਤਾਨੀ ਵਿਚ

CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਮੰਜੀਰੇ) ਜਹੇ ਜਨਤਕ ਸੰਦਾਂ ਨਾਲ ਸੁਰ-ਤਾਲ ਹੀ ਨਹੀਂ ਸਨ ਬੰਨ੍ਹਦੇ ਸਗੋਂ ਧਰਮ ਤੇ ਰੱਬ ਦੇ ਘਰ ਵਿਚ ਸਮਾਨਤਾ ਦੇ ਜਜ਼ਬਿਆਂ ਵਿਚ ਭਿੱਜੀ ਸਰੋਦੀ ਕਵਿਤਾ ਗਾਉਂਦੇ-ਗਾਉਂਦੇ ਬਾਵਰੇ ਹੋ ਜਾਂਦੇ ਤੇ ਨੱਚ ਉੱਠਦੇ ਸਨ। ਇੰਜ ਭਗਤੀ ਲਹਿਰ, ਇਕ ਸਮੇਂ ਦੇਸ਼ੀ ਰਾਗ, ਸਾਦਾ ਤੇ ਸਸਤੇ ਪਰ ਟੱਬਵੇਂ ਸੰਗੀਤ, ਉਚੀ-ਸੁੱਚੀ ਕਵਿਤਾ ਅਤੇ ਖ਼ੁਦ-ਮਸਤੀ ਦਾ "ਥਾਨ-ਸੁਹਾਵਾ" ਬਣ ਗਈ।

ਸਿਖ ਗੁਰੂਆਂ ਨੇ ਰਾਗ ਦੀ ਸਾਮਾਜਿਕ ਮਹਤਤਾ ਅਤੇ ਮਾਨਵ-ਮਨ ਉਪਰ ਇਸ ਦੇ ਅਸਰ ਨੂੰ ਖ਼ੂਬ ਪਛਾਣਿਆ। ਇਸੇ ਲਈ ਗੁਰੂ-ਘਰ ਤੇ ਗੁਰਮਯਾਦਾ ਵਿਚ ਸਿਰਫ ਗਾਉਣ ਨੂੰ ਹੀ ਨਹੀਂ ਸੰਗੀਤਕ ਸਾਜ਼ਾਂ ਦੀ ਵਰਤੋਂ ਨੂੰ ਵੀ ਸ਼ੁਰੂ ਤੋਂ ਹੀ ਥਾਂ ਮਿਲ ਗਈ। ਗੁਰੂ ਨਾਨਕ ਦੇਵ ਨੇ ਆਪਣੇ ਪਹਿਲੇ ਦੌਰੇ 'ਉਦਾਸੀ' ਤੋਂ ਪਹਿਲਾਂ ਹੀ ਸੰਗੀਤਕਾਰ ਮਰਦਾਨੇ ਦੀ ਚੋਣ ਕਰ ਲਈ। ਫਿਰੰਦੇ ਨੂੰ ਲੱਭ ਕੇ ਰਬਾਬ ਨੂੰ ਅਪਣਾਇਆ ਅਤੇ ਜਿਥੇ ਮੁਨਾਸਿਬ ਸਮਝਿਆ ਆਪਣੇ ਸਿਧਾਂਤਾਂ ਨੂੰ ਰਾਗਾਤਮਿਕਤਾ ਵਿਚ ਗੁੰਨ੍ਹ ਕੇ, ਰਬਾਬ ਦੀ ਗੁਣ-ਗੁਣ ਰਾਹੀਂ-ਲੋਕਾਂ ਦੇ ਦਿਲਾਂ ਵਿਚ ਥਾਂ ਦਿਵਾਈ। ਜਿਨ੍ਹਾਂ ਨੇ ਰਬਾਬੀਆਂ ਨੂੰ ਗਾਉਂਦੇ ਜਾਂ ਸਾਰੰਗੀ ਉਪਰ ਢਾਡੀਆਂ ਨੂੰ ਗੁਰਬਾਣੀ ਦੇ ਸ਼ਬਦ, ਚੰਡੀ ਦੀ ਵਾਰ ਜਾਂ ਜੈਮਲ ਫੱਤੇ ਦੀ ਵਾਰ ਗਾਉਂਦੇ ਸੁਣਿਆਂ ਹੈ, ਉਨ੍ਹਾਂ ਨੂੰ ਰਬਾਬ ਮਨੁੱਖਾਂ ਵਾਂਗ ਗਲਾਂ ਕਰਦਾ ਹੀ ਭਾਸਿਆ ਹੋਵੇਗਾ।

ਗੁਰੂ ਕਾਲ ਵਿਚ, ਪਹਿਲਾਂ ਪਹਿਲ ਤਾਂ ਗੁਰੂ ਘਰ ਦੇ ਰਾਗ-ਸੰਗੀਤ, ਮਰਦਾਨੇ ਦੀ ਜੱਦ ਵਿਚ ਹੀ ਸੀਮਿਤ ਹੋ ਗਿਆ ਅਤੇ ਸੱਤੇ ਬਲਵੰਡ ਦੀ ਆਕੜ ਦੇ ਨਾਲ ਇਹ ਟੁੱਟ ਕੇ, ਜੱਦੀ ਵਿਰਾਸਤ ਵਿਚੋਂ ਨਿਕਲ ਕੇ ਸਿਖ ਜਨਤਾ ਦੀਆਂ ਵਿਸ਼ਾਲ ਇਕਤ੍ਰਤਾਵਾਂ, ਸਾਧ-ਸੰਗਤ ਵਿਚ ਆ ਗਿਆ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾਜ-ਸ਼ਾਸਤ੍ਰ

"ਕਿਹਾ ਜਾਂਦਾ ਹੈ— ਜੀਵਣ ਸੰਘਰਸ਼ ਹੈ ।
...ਬੋਧਕ ਪੱਖ ਤੋਂ ਇਹ ਗਲ ਇਸ ਲਈ ਮਾਰਮਿਕ ਜਾਪਦੀ ਹੈ
ਕਿ ਸਮਾਜਕ ਸਾਇੰਸ ਦਸਦੀ ਹੈ
ਕਿ ਮਨੁੱਖ, ਜੀਵਣ ਭਰ
ਸਥਿਰ ਸਮਾਜਕ ਕੀਮਤਾਂ ਵਿਰੁਧ ਲੜਦਾ ਹੈ ।"

ਸੈਨਿਕਵਾਦ ਬਨਾਮ ਨਾਗਰਿਕਤਾ

ਕਿਹਾ ਜਾਂਦਾ ਹੈ, ਜੀਵਨ ਸੰਘਰਸ਼ ਹੈ । ਇਹ ਗੱਲ ਆਮ ਸੋਚਣੀ ਨੂੰ ਅਪੀਲਦੀ ਹੈ; ਕਿਉਂਕਿ ਅੱਜ ਸਮਾਜ ਦੇ ਵੱਡੇ ਭਾਗ ਲਈ ਕੇਵਲ ਜਿਉਂ ਲੈਣਾ ਵੀ ਸੰਘਰਸ਼ ਹੈ । ਬੋਧਕ ਪੱਖ ਤੋਂ ਇਹ ਗੱਲ ਇਸ ਲਈ ਮਾਰਮਿਕ ਜਾਪਦੀ ਹੈ ਕਿ ਸਮਾਜਕ ਸਾਇੰਸ ਦਸਦੀ ਹੈ ਕਿ ਮਨੁੱਖ, ਮੁਢ ਤੋਂ ਜੀਵਣ ਲਈ ਸੰਘਰਸ਼ ਸ਼ੀਲ ਹੋਣ ਕਾਰਣ, ਜੀਵਨ ਭਰ ਦੋਖੀ ਸਮਾਜਕ ਕੀਮਤਾਂ ਵਿਰੁਧ ਲੜਦਾ ਰਿਹਾ ਹੈ । ਇਸ ਦਾ ਮਨ ਆਪਣੇ ਅਤੇ ਪਰਾਏ ਵਿਚਾਰਾਂ ਵਿਰੁਧ ਲੜਦਾ ਹੈ । ਦਿਮਾਗ਼ ਦੇ ਆਪਣੇ ਅੰਦਰ ਕੋਸ਼ਿਕਾਵਾਂ (Cells) ਦਾ ਘੋਲ ਚਲ ਰਿਹਾ ਹੈ ।

ਪਰ ਮੁੱਢਲੇ ਮਨੁੱਖ ਸਮਾਜ ਦੀ ਲੜਾਈ; ਪ੍ਰਤੱਖ, ਬਾਹਰਮੁਖੀ ਅਤੇ ਹੋਂਦ ਲਈ ਲੜਾਈ ਸੀ । ਹਰ ਮਨੁੱਖ, ਹਰ ਸਮੇਂ ਲੜਾਈ ਦੀ ਸੰਭਾਵਨਾ ਵਿਚ ਜਿਉਂਦਾ ਸੀ । ਜੰਗਲੀ ਦਰਿੰਦਿਆਂ ਨਾਲ ਲੜਾਈ; ਕੁਦਰਤ ਦੀਆਂ ਸ਼ਕਤੀਆਂ, ਭੁਚਾਲ, ਅੱਗ, ਹੜ੍ਹ ਅਤੇ ਕਈ ਵਾਰ ਮਨੁੱਖ ਦੀ ਮਨੁੱਖ ਨਾਲ ਲੜਾਈ । ਲੜਾਈ, ਜਿਹੜੀ ਇਕ ਬਿੱਜ ਵਾਂਗ ਪੈਂਦੀ ਅਤੇ ਹੋਂਦ-ਅਨਹੋਂਦ ਦਾ ਝਟਪਟਾ ਫੈਸਲਾ ਕਰ ਜਾਂਦੀ ਸੀ । ਇਸ ਸਮੇਂ ਪੂਰਾ ਮਨੁੱਖੀ ਸਮਾਜ, ਜੀਵਨ ਦੇ ਇਕ-ਇਕ ਪਲ ਲਈ ਸਿਪਾਹੀ ਸੀ । ਇਸ ਸਮੇਂ ਚੰਗੇ ਜੰਗਬਾਜ਼ ਹੋਣਾ ਜੀਵੰਤ ਨਾਗਰਿਕ ਹੋਣ ਦਾ ਸਬੂਤ ਸੀ । ਪਰ ਇਸ ਭਾਂਤ ਦਾ ਵਢੂੰ-ਖਾਊ ਕਰਨ ਵਾਲਾ ਜੰਗਲੀ ਸਮਾਜ ਸਥਿਰ ਨਾ ਰਹਿ ਸਕਿਆ । ਮਨੁੱਖ ਵਿਚ ਸੰਗਠਣ ਸੀ ਇਸ ਲਈ ਉਸ ਨੇ ਵਿਰੋਧੀ ਸ਼ਕਤੀਆਂ ਦੇ ਟਾਕਰੇ ਵਿਚ ਹੋਂਦ ਦੇ ਰਾਹ ਲੱਭ ਲਏ । ਮਨੁੱਖ ਨੇ ਆਪਸ ਦੀ ਲੜਾਈ ਦਾ ਤਾਰਕਿਕ ਓਚਿਤਯ (justification) ਬਣਾਇਆ । ਇਹ ਮਨੁੱਖੀ ਸੰਗਠਣ ਅਤੇ ਤਰਕ ਹੀ ਨਾਗਰਿਕਤਾ ਦੀ ਨੀਂਹ ਬਣੇ ।

ਕੁਦਰਤ ਦੀਆਂ ਸ਼ਕਤੀਆਂ ਨਾਲ ਨਿਰੰਤਰ ਲੜਾਈ ਦਾ ਕੰਮ ਜਿਸ ਮਨੁੱਖ ਦੇ ਹਿੱਸੇ ਆਇਆ ਉਹ ਹੌਲੀ-ਹੌਲੀ ਕਾਰੀਗਰ ਜਾਂ ਜਾਦੂਗਰ ਅਤੇ ਸਭਿਅ ਸਮਾਜ ਵਿਚ ਮਾਹਰ ਐਨਜੀਨੀਅਰ ਅਤੇ ਸਾਇੰਸਦਾਨ ਬਣਿਆ । ਨਿਰੰਤਰ ਲੋੜ ਅਤੇ ਪੇਸ਼ਾ ਬਣ ਜਾਣ ਕਾਰਣ ਲੜਾਈ ਇਕ ਵਿਦਿਆ (ਸ਼ਸਤ੍ਰ-ਵਿਦਿਆ) ਅਤੇ ਕਲਾ ਬਣ ਗਈ । ਹੁਣ ਤਾਂ ਇਸ ਨੂੰ ਯੁੱਧ-ਹੁਨਰ ਹੀ ਨਹੀਂ, ਯੁਧ-ਕਲਾ ਕਿਹਾ ਜਾਣ ਲੱਗਾ ਹੈ ।

ਪਾਰ-ਇਤਿਹਾਸਕ ਕਾਲ ਤੋਂ ਮਧਯੁਗੀ ਸਮਾਜ ਤਕ ਨਿਜੀ ਤੌਰ ਤੇ, ਜੰਗਜੂ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਪੁੰਨ ਲੜਾਕੇ ਮਨੁੱਖ ਨੂੰ ਇਕ ਸਤਿਕਾਰਤਿ ਨਾਗਰਿਕ ਦਾ ਦਰਜਾ ਪ੍ਰਾਪਤ ਰਿਹਾ ਹੈ ।

ਜੰਗਲੀ ਸਮਾਜ ਵਿਚ ਨਿਜੀ ਬਾਹੂ-ਬਲ ਅਤੇ ਲੜਨ-ਸਯੋਗਤਾ ਆਪਣੇ ਜਨ ਗਣ (Gen) ਵਿਚ ਸਰਦਾਰੀ ਦਿਵਾਉਂਦੇ ਸਨ । ਕਿਉਂਕਿ ਆਦਿ-ਮਾਨਵ ਸਮਾਜ ਵਿਚ ਓਪਰੇ ਜਨ ਵਿਰੁਧ ਤਾਂ ਏਕਤਾ ਕਾਇਮ ਰਹਿੰਦੀ ਸੀ ਪਰ ਅਮਨ ਦੇ ਪਲਾਂ ਵਿਚ ਮੌਕਾ ਮਿਲਦਿਆਂ ਹੀ ਬੁਢੇ, ਬਿਮਾਰ, ਨਿਰਬਲ ਅਤੇ ਕਈ ਵਾਰ ਸੁੱਤੇ ਹੋਏ ਜਨ-ਆਗੂ ਨੂੰ ਕੋਈ ਨਵਾਂ ਉਠਦਾ ਜੁਆਨ ਚਾਣਚਕ ਮਾਰ ਦੇਂਦਾ ਅਤੇ ਸਾਰਾ ਜਨ ਉਸ ਨੂੰ ਉਸੇ ਵੇਲੇ ਆਪਣਾ ਆਗੂ ਮੰਨ ਲੈਂਦਾ ਹੋਵੇਗਾ । ਇੰਜ, ਰਾਜ-ਪਲਟੇ ਦੇ ਬੀਜ ਬੀਜੇ ਗਏ । ਕੁਝ ਇਸ ਪ੍ਰਕਾਰ ਦੀ ਪ੍ਰੀਕਲਪਨਾ ਖੋਜੀਆਂ ਨੇ ਕੀਤੀ ਹੈ । ਅਜਿਹੀ ਹਾਲਤ, ਮਾਤ-ਸੱਤਾ ਅਤੇ ਪਿਤਰੀ-ਸੱਤਾ ਕਾਲਾਂ ਅਤੇ ਜਨਾਂ ਵਿਚ ਰਹੀ; ਵੀ ਇਕ ਪ੍ਰਮਾਣੀਕ ਸਥਾਪਨਾ ਹੈ ।

ਕਬੀਲਾਸ਼ਾਹੀ ਯੁਗ ਤੱਕ ਸਮਾਜ, ਸਭਿਅਤਾ ਵਿਚ ਪੈਰ ਰਖ ਚੁਕਾ ਸੀ । ਇਸ ਵਿਚਲੇ ਸਮੇਂ ਵਿਚ ਕ੍ਰਮਵਾਰ ਪੁਰਾਣੇ, ਨਵੇਂ ਪੱਥਰ, ਕਾਂਸੀ, ਤਾਂਬੇ ਦੇ ਹਥਿਆਰਾਂ ਦੀ ਵਰਤੋਂ ਹੋਈ ਸੀ । ਪੱਥਰ ਉਪਰ ਧਾਤ ਅਤੇ ਧਾਤਾਂ ਵਿਚੋਂ ਹਰ ਨਵੀਂ ਜਾਂ ਕਰੜੀ ਧਾਤ ਦੇ ਹਥਿਆਰਾਂ ਵਾਲੇ ਕਬੀਲੇ ਜਾਂ ਇਲਾਕੇ ਨੇ ਆਪਣੇ ਵਿਰੋਧੀ—ਪੁਰਾਣੀ ਧਾਤ ਵਾਲਿਆਂ—ਉਪਰ ਸਮੇਂ-ਸਮੇਂ ਜਿੱਤ ਪ੍ਰਾਪਤ ਕੀਤੀ ਸੀ । ਨਾਲ ਹੀ ਛੋਟੇ ਜਿਹੇ ਜਨ ਦੀ ਸਰਦਾਰੀ ਹੁਣ ਕਬੀਲੇ, ਇਲਾਕੇ ਜਾਂ ਜਨ-ਸਮੂਹ ਦੀ ਸਰਦਾਰੀ ਵਿਚ ਬਦਲ ਚੁੱਕੀ ਸੀ । ਇਸ ਸਮੇਂ ਤੱਕ ਹਰ ਸਿਹਤਮੰਦ ਮਰਦ (ਕਈ ਵਾਰ ਇਸਤ੍ਰੀ ਵੀ) ਸੈਣਕ ਹੁੰਦਾ ਸੀ ਅਤੇ ਉਹ ਆਪਣੇ ਆਗੂ ਦੇ ਪਿੱਛੇ ਜਾਂ ਅਧੀਨ ਹੋ ਕੇ ਨਿੱਜੀ ਹੁਕਮ ਜਾਂ ਸਾਂਝੀ ਸੋਚੀ ਵਿਉਂਤ ਅਨੁਸਾਰ ਲੜਦਾ ਸੀ । ਇਸ ਭਾਂਤ ਦੀ ਲੜਾਈ ਲਈ ਅਜਿਹੇ ਆਗੂ ਦੀ ਲੋੜ ਸੀ ਜਿਸ ਵਿਚ ਸ਼ਰੀਰਕ ਸ਼ਕਤੀ ਅਤੇ ਸਿਰੜ੍ਹ ਤੋਂ ਬਿਨਾਂ ਅਜਿਹੀ ਯੋਗਤਾ ਵੀ ਹੋਵੇ ਜਿਸ ਨਾਲ ਫੌਜ ਦੀ ਕਤਾਰ ਬੰਦੀ ਤੋਂ ਲੈ ਕੇ ਥੋੜ੍ਹੇ ਸਿਪਾਹੀਆਂ ਨੂੰ ਬਹੁਤਾ ਦਿਖਾ ਸਕੇ—ਬਹੁਤਿਆਂ ਨਾਲ ਲੜਾ ਸਕੇ । ਜਿਸ ਵਿਚ ਭੂਗੋਲਿਕ ਸਥਿਤੀ ਤੋਂ ਲਾਭ ਪ੍ਰਾਪਤ ਕਰਨ ਦੀ ਯੋਗਤਾ ਤੋਂ ਲੈ ਕੇ ਸਮੁੱਚੇ ਇਲਾਕੇ ਦਾ ਗਿਆਨ ਹੋਵੇ । ਵੈਰੀ ਦੇ ਦਾਅ-ਪੇਚਾਂ ਨੂੰ ਸਮਝ ਕੇ ਉਨ੍ਹਾਂ ਦੇ ਉਤਰ ਦੇਣ ਤੋਂ ਲੈ ਕੇ ਰਣ-ਤੱਤੇ ਸਮੇਂ ਦੇ ਨਿੱਜੀ ਅਤੇ ਸਮੂਹਿਕ ਮਨੋਵਿਗਿਆਨ ਦਾ ਵਾਕਿਫ ਹੋਵੇ । ਨਾਲ ਹੀ ਅੰਨ-ਜਲ ਦੀ ਸਪਲਾਈ ਜਾਂ ਪ੍ਰਾਪਤੀ ਨੂੰ ਵੀ ਨਿਗਾਹ ਵਿਚ ਰੱਖਣ ਵਾਲਾ ਹੋਵੇ ।

ਆਰੰਭ ਵਿਚ ਇਹ ਸਾਰਾ ਗਿਆਨ ਵਡ-ਵਡੇਰਿਆਂ ਅਤੇ ਸਾਥੀਆਂ ਕੋਲੋਂ ਸੁਣਿਆ-ਸੁਣਾਇਆ ਅਤੇ ਆਤਮ-ਅਨੁਭੂਤਕ (Intutive) ਹੁੰਦਾ ਸੀ ।

ਸਮੇਂ ਸਿਰ, ਮਿੱਥੇ ਛੋਟੇ ਅਫਸਰ ਜਾਂ ਉਪ-ਆਗੂ (ਜਿਨ੍ਹਾਂ ਦੇ ਨਾਂ, ਗਿਣਤੀ ਅਤੇ ਦਰਜੇ; ਸਮੇਂ ਸਥਾਨ ਅਤੇ ਲੋੜ ਅਨੁਸਾਰ; ਵੱਧ, ਘੱਟ, ਅਤੇ ਉਚੇ-ਨੀਵੇਂ ਹੁੰਦੇ ਰਹਿੰਦੇ ਸਨ) ਦੇ ਹੁਕਮ-ਹਦਾਇਤ ਅਨੁਸਾਰ ਆਪਣੀ ਫੌਜ ਨੂੰ ਅੱਗੇ ਪਿਛੇ ਹਟਾਉਂਦੇ ਤੇ ਲੜਾਉਂਦੇ ਸਨ । ਸੈਨਾਪਤੀ ਦਾ ਸਮਾਜਕ ਸਥਾਨ ਵੀ ਯੁਗ ਅਨੁਸਾਰ ਵੱਖ-ਵੱਖ ਹੁੰਦਾ ਸੀ । ਫੌਜ ਆਪਣੇ ਕਬੀਲੇ-ਇਲਾਕੇ ਦੇ ਮੋਹ; ਯੁੱਧ-ਪਰੰਪਰਾ ਜਾਂ ਆਰਥਕ ਹਿਤਾਂ ਅਨੁਸਾਰ ਵੱਧ-ਘੱਟ ਡਸਿਪਲਨ ਵਿਚ ਰਹਿੰਦੀ ਸੀ । ਕਬੀਲਾਸ਼ਾਹੀ ਯੁਗ ਦੇ ਆਰੰਭ ਵਿਚ ਲੋੜ ਪੈਣ ਤੇ ਸਭ ਲੋਕ ਸੈਨਕ ਬਣ ਜਾਂਦੇ ਸਨ ਪਰ ਇਸ ਯੁਗ ਦੇ ਅੰਤਮ ਸਮੇਂ ਕੁਝ ਚੋਣਵੇਂ ਲੋਕਾਂ ਦੇ ਜ਼ਿੰਮੇਂ ਇਹ ਕੰਮ ਲੱਗਣ ਲਗ ਪਿਆ ਸੀ । ਬਾਕੀ ਦੀ ਜਨਤਾ ਘਰ ਅਤੇ ਇਲਾਕੇ ਦਾ ਪ੍ਰਬੰਧ ਅਤੇ ਸਪਲਾਈ ਦਾ ਕੰਮ ਸੰਭਾਲਦੀ ਸੀ । ਇਸ ਯੁਗ ਦੇ ਅੰਤ ਤਕ ਹਥਿਆਰਾਂ ਦੀ ਸਿਖਲਾਈ; ਲੜਾਈ ਸਮੇਂ ਹੋਣ ਲਗ ਪਈ ਸੀ । ਸ਼ਸਤ੍ਰ; ਇਸ ਕਾਲ ਵਿਚ ਪੱਥਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਥਾਂ ਸਮੇਂ ਸਥਾਨ ਅਨੁਸਾਰ ਇਕ ਜਾਂ ਵੱਧ ਧਾਤਾਂ ਵਿਚ ਬਦਲਦੇ ਰਹੇ ਸਨ । ਬਚਾਅ ਅਤੇ ਹਮਲੇ ਅਨੁਸਾਰ ਸ਼ਸਤ੍ਰਾਂ ਅਤੇ ਅਸਤ੍ਰਾਂ ਵਿਚ ਵੱਖਰ ਤੇ ਵੰਡ ਵੀ ਆ ਰਹੇ ਸਨ । ਬਚਾਅ ਦੀ ਲੜਾਈ ਦੇ ਕੁਝ ਮੁਢਲੇ ਸਾਧਨ; ਲੱਕੜ, ਪੱਥਰ ਅਤੇ ਫਸੀਲ ਦੀ ਮੋਰਚਾਬੰਦੀ; ਅੱਗ, ਪੱਥਰ, ਪਾਣੀ, ਗਰਮ ਤੇਲ ਵੀ ਵਰਤੇ ਜਾਂਦੇ ਸਨ । ਤੀਰ, ਭਾਲੇ, ਪੱਥਰ, ਵੱਡੇ ਆਕਾਰ ਦੇ ਗੁਲੇਲ ਉਪਰ ਆਧਾਰਿਤ ਪੱਥਰ-ਵਗ੍ਹਊ ਅਸਤ੍ਰ, ਬਲਦੀਆਂ ਜਾਂ ਚੁਆਤੀਆਂ, ਮਸ਼ਾਲਾਂ ਸੁੱਟਣ ਵਾਲੇ-ਤੀਰ ਕਮਾਨ ਦੇ ਅਸੂਲ ਤੇ ਬਣਾਏ ਯੰਤਰ; ਵਿੱਥ ਉਪਰ ਹਮਲੇ ਅਤੇ ਬਚਾਅ; ਦੋਹਾਂ ਭਾਂਤਾਂ ਦੀ ਲੜਾਈ ਵਿਚ ਵਰਤੇ ਜਾਂਦੇ ਸਨ । ਹੱਥੋ-ਹੱਥ ਲੜਾਈ ਵਿਚ ਕੰਮ ਆਉਣ ਵਾਲੇ ਹਥਿਆਰ ਵੱਖਰੇ ਸਨ ਅਤੇ ਇਨ੍ਹਾਂ ਸ਼ਸਤ੍ਰਾਂ-ਅਸਤ੍ਰਾਂ ਨੂੰ ਵਰਤਣ ਲਈ ਫੌਜ ਦੇ ਦਸਤੇ-ਟੁਕੜੀਆਂ-ਬਨਾਉਣੀਆਂ ਕਤਾਰਬੰਦੀ ਕਰਨਾ, ਦਸਤਿਆਂ ਨੂੰ ਵਧਾਉਣਾ ਹਟਾਉਣਾ-ਚੇਤਨਾ ਤੋਂ ਵਿਕਸਤ ਹੋ ਕੇ ਮਹਾਰਤ ਬਣਦਾ ਜਾ ਰਿਹਾ ਸੀ । ਘੋੜੇ, ਡਾਚੀਆਂ, ਯਾਕ, ਹਾਥੀ ਅਤੇ ਕੁਝ ਹੋਰ ਪਾਲਤੂ ਜਾਨਵਰ ਵਾਹਣ ਵਜੋਂ ਵਰਤੇ ਜਾ ਰਹੇ ਹਨ ।

ਨਾਗਰਿਕ ਅਤੇ ਸੈਨਿਕ ਜੀਵਨ ਦੋ ਵੱਖ-ਵੱਖ ਪੱਖ ਬਣ ਰਹੇ ਸਨ ਪਰ ਸੈਨਿਕ ਜੀਵਨ ਚੰਗੇ ਨਾਗਰਿਕ ਜੀਵਨ ਦਾ ਪੂਰਕ ਸੀ । ਸੈਨਿਕ ਜੀਵਨ ਦੀ ਇਹ ਸਥਿਤੀ ਲੜਾਈ ਨੂੰ ਇਕ ਵਿਦਿਆ ਅਤੇ ਪ੍ਰਾਕਰਮੀ ਤੇ ਵਿਭਾਗੀਕ੍ਰਿਤ ਫੌਜ ਨੂੰ ਸਥਾਪਿਤ ਤੇ ਸਥਿਰ ਕਰਦੀ, ਪੇਸ਼ਾਵਰ ਫੌਜ ਦੀਆਂ ਨੀਹਾਂ ਬੰਨ੍ਹ ਰਹੀ ਸੀ । ਸਾਮੰਤਵਾਦੀ ਯੁਗ ਨੇ ਫੌਜ ਨੂੰ ਸੁਸਿਖਿਅਤ, ਸੁਸੱਜਿਤ, ਵਿਉਂਤਬੰਦ ਕੀਤਾ, ਲੜਾਈ ਦੇ ਕੰਮ ਨੂੰ ਪੇਸ਼ਾ ਬਣਾਇਆ ਅਤੇ ਰਿਸ਼ਤੇਦਾਰੀ ਸਾਕ, ਜਨ, ਜਾਂ ਇਲਾਕੇ ਤੋਂ ਨਿਰਮੋਹ ਬਣਾ ਕੇ ਤਨਖ਼ਾਹ ਦੀ ਨਵੀਂ ਵਫਾਦਾਰੀ ਦੀ ਕਦਰ-ਕੀਮਤ ਕਾਇਮ ਕੀਤੀ ।

ਸਾਮੰਤਵਾਦੀ ਯੁਗ ਵਿਚ ਰਾਜਾ, ਮਹਾਰਾਜਾ, ਸ਼ਹਿਨਸ਼ਾਹ ਜਾਂ ਸਮਰਾਟ; ਰਾਜਨੀਤਕ ਅਤੇ ਫੌਜੀ ਸ਼ਕਤੀ ਦਾ ਕੇਂਦਰ ਸੀ । ਇਸ ਕੇਂਦਰ ਨੂੰ ਅਗੋਂ ਸ਼ਕਤੀ-ਜਾਗੀਰਦਾਰਾਂ, ਸਾਮੰਤਾਂ, ਕਿਲੇਦਾਰਾਂ, ਅਧੀਨ ਰਾਜਾਂ, ਸਾਮੰਤਾਂ ਅਤੇ ਮਗਰਲੇ ਸਮੇਂ ਵਿਚ ਸੂਬੇਦਾਰਾਂ ਤੋਂ ਪ੍ਰਾਪਤ ਹੁੰਦੀ ਸੀ । ਜਦ ਕਦੇ ਲੜ੍ਹਾਈ ਜਾਂ ਸੁਰਖਿਆ ਦੀ ਲੋੜ ਹੁੰਦੀ, ਹਰ ਸਾਮੰਤ ਜਾਂ ਅਧੀਨ ਰਾਜ, ਵਿੱਤ ਅਨੁਸਾਰ ਕੇਂਦਰ ਦੇ ਹਿਤਾਂ ਜਾਂ ਕਤਾਰਾਂ ਵਿਚ ਆਪਣੀਆਂ ਫੌਜਾਂ ਭੇਜ ਦਿੰਦਾ ਅਤੇ ਆਪ ਵੀ ਮੋਰਚੇ ਤੇ ਪੁਜਦਾ । ਅਮਨ ਦੇ ਸਮੇਂ ਵਿਚ ਉਹ ਆਪਣੇ ਮਿੱਥੇ ਹੋਏ ਇਲਾਕੇ ਦਾ ਪੂਰਾ ਪ੍ਰਬੰਧ ਚਲਾਉਂਦਾ । ਲੋਕਾਂ ਤੋਂ ਕਰ ਵਸੂਲਦਾ, ਆਪਣੇ ਅਤੇ ਆਪਣੇ ਅਧੀਨ ਫੌਜ ਉਪਰ ਖਰਚ ਕਰਦਾ ਅਤੇ ਇਕ ਰਕਮ ਮਹਾਂ-ਸਾਮੰਤ; ਰਾਜੇ ਜਾਂ ਸਮਰਾਟ ਨੂੰ ਭੇਜ ਦੇਂਦਾ । ਲੜਾਈ ਦੇ ਦਿਨਾਂ ਵਿਚ ਸਿਪਾਹੀਆਂ ਨੂੰ ਆਪਣੇ ਇਲਾਕੇ ਵਿਚ ਮਾੜੀ ਮੋਟੀ ਵਗਾਰ ਲੈਣੀ ਖੋਹਾ-ਮੋਹੀ ਅਤੇ ਵੈਰੀ ਦੇ ਇਲਾਕੇ ਵਿਚ ਧਨ, ਜਾਇਦਾਦ ਅਤੇ ਇਸਤ੍ਰੀ ਉਪਰ; ਕਬਜ਼ੇ ਦੀ ਹਾਲਤ ਅਨੁਸਾਰ ਖੁਲ੍ਹ ਹੁੰਦੀ ਸੀ । ਅਮਨ ਸਮੇਂ ਜਾਗੀਰਦਾਰਾਂ ਦੀ ਫੌਜ ਸ਼ਿਕਾਰ, ਵਗਾਰ, ਕਸਰਤ ਜਾਂ ਫੇਰ; ਆਕੀ ਹੋਣ ਲਈ ਸ਼ਕਤੀ ਅਤੇ ਹਥਿਆਰ ਕੱਠੇ ਕਰਨ ਵਿਚ ਰੁੱਝੀ ਰਹਿੰਦੀ ਸੀ ।

ਛੋਟੀ ਮੋਟੀ ਮੁਹਿੰਮ ਅਤੇ ਆਮ ਪ੍ਰਬੰਧ ਲਈ ਕੇਂਦਰ ਦੀ ਆਪਣੀ ਫੌਜ ਹੁੰਦੀ ਸੀ । ਕੇਂਦਰ ਦੀ ਇਸ ਫੌਜ ਵਿਚੋਂ ਹੀ ਮਗਰੋਂ ਅੰਗ-ਰਖਿਅਕ ਅਤੇ ਰੀਜ਼ਰਵ ਫੌਜ ਦੇ ਵੱਖ-ਵੱਖ ਅੰਗ ਵਿਕਸਤ ਹੋਏ ।

ਸਮੁੱਚੀ ਸੈਨਾ ਦੇ ਜ਼ਿਮੇਂ ਉਸ ਸਮੇਂ ਮਿਲਟਰੀ, ਪੁਲਿਸ ਅਤੇ ਕਾਰਜ ਸਾਧਕ ਦੇ ਫਰਜ਼ ਲੱਗੇ ਹੋਏ ਸਨ । ਕਦੇ-ਕਦੇ ਤੇ ਨਿਆਂ-ਅੰਗ (Judiciary) ਦੀ ਸ਼ਕਤੀ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਤੋਂ ਵੀ ਫ਼ੌਜ ਹੀ ਕਰ ਲੈਂਦੀ ਸੀ । ਸਮੁੱਚੇ ਤੌਰ ਤੇ ਲੋਕ ਫ਼ੌਜ ਵਿਚ ਮਰਜ਼ੀ ਨਾਲ ਭਰਤੀ ਹੁੰਦੇ ਸਨ । ਦੇਸ਼ ਭਗਤੀ, ਕਬੀਲੇ ਦਾ ਮੋਹ; ਮਰਜ਼ੀ ਬਨਾਉਣ ਵਿਚ ਸਹਾਈ ਸਨ । ਪਰ ਫ਼ੌਜੀ ਜੀਵਨ ਵਿਚ ਡਸਿਪਲਨ ਅਤੇ ਤਨਖਾਹ-ਆਧਾਰ-ਪੇਸ਼ੇ ਦੀ ਪ੍ਰਤੀਨਿਧਤਾ, ਕੇਂਦਰ ਦੀ ਫ਼ੌਜ ਹੀ ਕਰਦੀ ਸੀ । ਆਉਣ ਵਾਲੇ ਸਮੇਂ ਵਿਚ ਇਸ ਮਾਹਰ ਤੇ ਪੇਸ਼ੇਵਰ ਕੇਂਦਰੀ ਅੰਗ ਨੇ ਹੀ ਵਿਕਾਸ ਕਰਨਾ ਸੀ ।

ਫ਼ੌਜ ਅੰਦਰ ਕੁਝ ਨਵੀਆਂ ਆਚਰਣਕ ਕੀਮਤਾਂ ਵੀ ਬਣ ਰਹੀਆਂ ਸਨ । ਪੈਦਾਵਾਰ ਦੇ ਮਨੁੱਖੀ ਸਾਧਨਾਂ ਦੀ ਅਨਹੋਂਦ ਦੇ ਯੁਗ (ਬਰਬਰ ਜਾਂ ਜੰਗਲੀ ਸਮਾਜ) ਵਿਚ ਵਿਰੋਧੀਆਂ ਦਾ ਸਰਬਨਾਸ਼ ਕਰਨਾ ਹੀ ਯੋਗ ਫ਼ੌਜੀ ਨੀਤੀ ਰਹੀ ਸੀ । ਪਰ ਮਗਰੋਂ ਪਰਕ੍ਰਿਤੀ ਵਿਚ ਮਨੁੱਖ ਦੀ ਕਿਰਤ ਰਲ ਜਾਣ ਨਾਲ; ਜਾਗੀਰਦਾਰੀ ਸਮਾਜ ਤੋਂ ਕਿਤੇ ਪਹਿਲਾਂ ਉਪਜ, ਕੁਦਰਤੀ ਦੀ ਥਾਂ ਮਨੁੱਖੀ ਹੋ ਚੁੱਕੀ ਸੀ । ਹੁਣ ਲੜਾਈ ਵਿਚ ਜਿੱਤੇ ਵੈਰੀਆਂ ਨੂੰ ਪਸ਼ੂਆਂ ਨਾਲੋਂ ਸਸਤੇ-ਗ਼ੁਲਾਮ ਬਣਾ ਕੇ ਪੈਦਾਵਾਰ ਨੂੰ ਹੋਰ ਵਧਾਇਆ ਅਤੇ ਨਿੱਜੀ ਬਣਾਇਆ ਜਾ ਸਕਦਾ ਸੀ । ਪਰ ਜਾਗੀਰਦਾਰੀ ਯੁਗ ਵਿਚ ਇਨ੍ਹਾਂ ਕੀਮਤਾਂ ਵਿਚ ਸਮੇਂ-ਸਮੇਂ ਤਬਦੀਲੀ ਵੀ ਹੁੰਦੀ ਰਹਿੰਦੀ ਸੀ । ਜੇਤੂ ਹਾਲਤ ਵਿਚ ਕੋਈ ਵੀ ਰਾਜ ਜਾਂ ਸਮਾਜ ਜਿੱਤ ਦੇ ਆਤਮ-ਵਿਸ਼ਵਾਸ਼ ਕਾਰਣ ਜਾਂ ਹਾਰਿਆਂ ਦੀ ਗਿਣਤੀ ਆਪਣੇ ਤੋਂ ਵੱਧ ਦੇਖ ਕੇ ਆਚਰਣ ਨਾਲ ਜਿੱਤਣ ਦਾ ਯਤਨ ਕਰਦਾ । ਨਿਹੱਥੇ, ਨਸਦੇ ਅਤੇ ਡਿੱਗੇ ਦੁਸ਼ਮਨ ਨੂੰ ਨਾ ਮਾਰਨਾ, ਇਸਤ੍ਰੀ ਅਤੇ ਬੱਚਿਆਂ ਉਪਰ ਹੱਥ ਨਾ ਚੁੱਕਣਾ, ਜ਼ਖਮੀ ਵੈਰੀਆਂ ਦੀ ਮਰ੍ਹਮ-ਪੱਟੀ ਕਰਨੀ, ਸ਼ਰਨ ਦੇਣੀ ਜਾਂ ਲੜਾਈ ਬੰਦ ਹੋਣ ਦੇ ਐਲਾਨ ਮਗਰੋਂ ਵੈਰੀ ਉਪਰ ਹਮਲਾ ਨਾ ਕਰਨਾ—ਇਹ ਸਭ ਕਿਸੇ ਜਾਗੀਰਦਾਰੀ ਰਾਜ ਦੇ ਜੇਤੂ ਹੋਣ ਸਮੇਂ ਸਥਾਪਤ ਹੋਇਆ ਯੁੱਧ-ਸਦਾਚਾਰ ਸੀ । ਸਾਹਿਤਿਆ ਜਾਂ ਆਦਰਸ਼ਿਆ ਕੇ ਇਸੇ ਨੂੰ ਵੀਰਤਾ, ਸ਼ੁਜਾਹਤ (ਜਾਂ Chivalry) ਕਿਹਾ ਗਿਆ ਹੈ । ਪਰ ਵੱਡੀ ਸ਼ਕਤੀ ਦੇ ਟਕਰੇ ' ਤੇ ਉਭਰਦੀ ਸ਼ਕਤੀ; ਅਫਵਾਹਾਂ, ਜਾਸੂਸੀ, ਧੋਖੇ, ਰਿਸ਼ਵਤ, ਫੁੱਟ ਅਤੇ ਸਾਜ਼ਸ਼ ਦੀ ਵਰਤੋਂ ਕਰਦੀ ਅਤੇ ਜਿੱਤ ਮਗਰੋਂ ਫੇਰ ਖੁਲ੍ਹ-ਦਿਲੀ ਅਤੇ ਵੀਰਤਾ ਦੇ ਜੌਹਰਾਂ ਨੂੰ ਅਪਨਾ ਲੈਂਦੀ ਸੀ । ਇਨ੍ਹਾਂ ਇਖਲਾਕੀ ਕੀਮਤਾਂ ਅਤੇ ਦਾਅ-ਪੇਚਾਂ ਨੇ ਵੀ ਵਿਕਾਸ ਕੀਤਾ । ਵੀਰਤਾ ਅਤੇ ਉੱਚ-ਕਦਰਾਂ ਉਪਰ ਅੱਜ ਦੀਆਂ ਰੈਡ-ਕ੍ਰਾਸ ਸੰਸਥਾਵਾਂ, ਯੁੱਧ-ਪ੍ਰੋਟੋਕੋਲ ਅਤੇ ਸੁਲਾਹ ਜਾਂ ਜਾਨਬਖਸ਼ੀ ਆਦਿਕ ਦੀਆਂ ਸੈਨਤਾਂ-ਸ਼ਰਤਾਂ ਬਣੀਆਂ ਹਨ । ਅਤੇ ਜ਼ਾਇਜ਼-ਨਾਜ਼ਾਇਜ਼ ਜਿੱਤ-ਪ੍ਰਾਪਤੀ ਵਿਚੋਂ ਕੂਟ ਨੀਤੀ, ਸਕਾਊਟਿੰਗ, ਜਾਸੂਸੀ ਅਤੇ ਪੰਜਵੇਂ ਕਾਲਮ ਦੇ ਪੇਸ਼ੇ ਵਿਕਸਤ ਹੋਏ ਹਨ ।

ਅਰਥਚਾਰੇ ਦੇ ਆਧਾਰ ਤੇ ਸਾਮੰਤਵਾਦੀ ਯੁਗ, ਮਨੁੱਖੀ ਇਤਿਹਾਸ ਵਿਚ ਇਕ ਲੰਮੇ ਸਮੇਂ ਦਾ ਸੂਚਕ ਹੈ ਪਰ ਰਾਜ ਬਨਤਰ ਦੇ ਪੱਖ ਤੋਂ ਇਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ: ਛੋਟੇ-ਛੋਟੇ ਖੁਦ-ਮੁਖਤਾਰ ਰਜਵਾੜੇ ਜਾਂ ਗਨ-ਰਾਜ, ਨੀਮ-ਖੁਦ-ਮੁਖਤਾਰ ਜਾਗੀਰਾਂ ਅਤੇ ਕੇਂਦਰੀ ਸਾਮਰਾਜੀ ਰਾਜ । ਇਹ ਰਾਜ ਬਨਤਰਾਂ, ਸਮੇਂ ਦੀ ਤਰਤੀਬ ਵਿਚ ਨਹੀਂ ਸਨ ਸਗੋਂ ਪ੍ਰਸਥਿਤੀਆਂ ਅਨੁਸਾਰ ਕਦੇ ਵੀ ਕੋਈ ਰੂਪ ਧਾਰ ਲੈਂਦੀਆਂ ਅਤੇ ਬਦਲਦੀਆਂ ਸਨ । ਹਰ ਇਕ ਦਾ ਫ਼ੌਜੀ ਪ੍ਰਬੰਧ ਵੱਖ-ਵੱਖ ਸੀ । ਰਾਜ-ਬਨਤਰਾਂ ਅਨੁਸਾਰ, ਲੜਾਈ ਕਦੇ ਰਾਜ ਨੂੰ ਬਚਾਉਣ ਲਈ ਪ੍ਰਤੀ-ਰੱਖਿਆ ਵੀ ਹੁੰਦੀ ਸੀ ਅਤੇ ਕਦੇ ਰਾਜ ਨੂੰ ਵਧਾਉਣ ਲਈ ਚੜ੍ਹਾਈ ਦੇ ਰੂਪ ਵਿਚ ਕੀਤੀ ਜਾਂਦੀ ਸੀ ।

ਇਸੇ ਸਮੇਂ ਵਿਚ ਛੋਟੇ-ਛੋਟੇ ਸ਼ਕਤੀਸ਼ਾਲੀ ਕਬੀਲਿਆਂ ਨੇ ਨੇੜੇ-ਤੇੜੇ ਦੇ ਭਰਾਤ੍ਰੀ ਕਬੀਲਿਆਂ ਨਾਲ ਭਿਆਲੀ ਪਾ ਕੇ ਜਾਂ ਉਨ੍ਹਾਂ ਨੂੰ [illegible] ਚੜ੍ਹਾਈਆਂ ਕੀਤੀਆਂ ਜਿਹੜੀਆਂ ਇਕ ਉਪ-ਦੀਪ ਤੋਂ ਦੂਜੇ ਉਪ ਦੀਪ ਜਾਂ ਮਹਾਂਦੀਪ ਤੱਕ ਜਾ ਪੁੱਜੀਆਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਯੁਗ ਵਿਚ ਯੂਨਾਨ ਦੇ ਗਨ-ਰਾਜਾਂ ਨੇ, ਏਸ਼ੀਆ ਅਤੇ ਭਾਰਤ ਤੱਕ; ਟੀਟਾਨਿਕ ਕਬੀਲਿਆਂ ਨੇ ਅਜੋਕੇ ਸਲਾਵ ਅਤੇ ਰੂਸੀ ਖੇਤਰਾਂ ਤੱਕ; ਰੋਮਨ ਕਬੀਲਿਆਂ ਨੇ ਯੂਰਪ ਤੋਂ ਮਿਸਰ ਤੱਕ; ਕਾਲੇ ਅਤੇ ਚਿੱਟੇ ਹੂਨਾਂ ਨੇ ਯੂਰੇਸ਼ੀਆ ਨੂੰ ਝੰਜੋੜ ਸੁੱਟਿਆ ਅਤੇ ਯੂ. ਚੀ. ਕਬੀਲੇ ਨੇ ਤਾਤਾਰਾਂ-ਮੰਗੋਲਾਂ ਨੂੰ ਖਿੰਡਾਇਆ । ਇੰਜ ਹੀ 'ਸੁਨਹਿਰੀ ਡਾਰ' ਦੇ ਤੁਰਕੀ ਕਬੀਲਿਆਂ ਨੂੰ ਨਾਲ ਲੈ ਕੇ ਮੰਗੋਲਾਂ ਅਤੇ ਮਗਰੋਂ ਤਾਤਾਰਾਂ ਨੇ, ਮੱਧ ਏਸ਼ੀਆ ਅਤੇ ਚੀਨ ਤੱਕ ਲਿਤਾੜ ਸੁੱਟੇ ਤੇ । ਕਬੀਲਾਸ਼ਾਹੀ ਟੁੱਟਣ ਤੋਂ ਸਾਮੰਤਵਾਦ ਦੇ ਜੋਬਨ ਸਮੇਂ; ਵਿਚਲੇ ਪੂਰੇ ਕਾਲ ਵਿਚ ਹੀ ਸਿਕੰਦਰ ਮਹਾਨ, ਸ਼ਾਰਲੀਮਾਨ, ਸੀਜ਼ਰ, ਕਨਿਸ਼ਕ, ਚੰਗੇਜ਼, ਕੁਬਲਾਖ਼ਾਨ ਜਿਹੇ ਜਰਨੈਲ ਪੈਦਾ ਹੋਏ । ਇਸੇ ਹੀ ਸਮੇਂ ਭਾਰਤ ਵਿਚ ਮੌਰੀਆਂ ਤੇ ਗੁਪਤਾਂ ਦੇ ਵੱਡੇ-ਵੱਡੇ ਸਾਮਰਾਜ ਤੇ ਜੇਤੂ ਜਰਨੈਲ ਪ੍ਰਤੱਖ ਹੋਏ ।

ਇਸੇ ਯੁਗ ਵਿਚ ਜੰਗ-ਯੁਧ ਦੇ ਪਹਿਲੀ ਵਾਰ ਤਿੰਨ ਵੱਖ - ਵੱਖ ਅਤੇ ਸਪਸ਼ਟ ਮੰਤਵ ਬਣੇ । ਜੀਵਨ-ਲੋੜਾਂ ਦੀ ਥੁੜ ਕਾਰਣ ਕਈ ਸਦੀਆਂ ਪਹਿਲਾਂ ਆਰੀਏ ਅਮਰੀਕੀ ਮਹਾਂਦੀਪ ਤੋਂ ਛੁੱਟ ਲਗ ਪਗ ਸਾਰੀ ਦੁਨੀਆਂ ਵਿਚ ਫੈਲ ਚੁੱਕੇ ਸਨ । ਇਸ ਸਮੇਂ ਵਿਚ ਇਸੇ ਸੰਕਟ ਨੇ ਇਲਾਕੇ ਅਤੇ ਵਸੀਲਿਆਂ ਦੀ ਥੋੜ ਦਾ ਰੂਪ ਧਾਰ ਕੇ ਵੱਡੀਆਂ-ਵੱਡੀਆਂ ਚੜ੍ਹਾਈਆਂ ਦਾ ਮੁਢ ਬੱਧਾ । ਫੌਜ ਕਸ਼ੀਆਂ-ਚੜ੍ਹਾਈਆਂ ਦੇ ਆਰਥਕ ਕਾਰਣ ਨੇ, ਦੂਜਾ ਵੱਡਾ ਰੂਪ ਇਸੇ ਸਮੇਂ ਵਿਚ ਵੱਖ-ਵੱਖ ਦੇਸ਼ਾਂ ਜਾਂ ਮਹਾਂਦੀਪਾਂ ਵਿਚ ਧਰਮ-ਯੁੱਧਾਂ ਜਾਂ ਜਹਾਦਾਂ ਦਾ ਲਿਆ । ਚੜ੍ਹਾਈ, ਭੁਖ-ਨੰਗ ਦਾ ਨੰਗਾ ਆਰਥਕ ਰੂਪ ਧਾਰ ਕੇ ਹੋਵੇ ਜਾਂ ਧਰਮ-ਯੁੱਧ ਦੇ ਪੱਜ ਹੇਠ, ''ਸਲੀਬੀ ਜੰਗਾਂ'' ਦੇ ਰੂਪ ਵਿਚ—ਜਿੱਤ ਹੋ ਜਾਣ ਮਗਰੋਂ; ਇਸ ਵਿਚ ਇਕ ਆਨ-ਸ਼ਾਨ ਵਾਲਾ ਲੱਛਣ ਉਭਰ ਆਉਂਦਾ ਹੈ ।

ਲੜਾਈ ਦੇ ਇਨ੍ਹਾਂ ਬਾਹਰਮੁਖੀ ਮੰਤਵਾਂ ਦਾ ਅਸਰ, ਸੈਨਿਕ-ਨੀਤੀ, ਯੁਧ-ਨੀਤੀ, ਦਾਉ-ਪੇਚ, ਸ਼ਸਤ੍ਰਾਂ-ਅਸਤ੍ਰਾਂ ਤੇ ਯੰਤਰਾਂ ਅਤੇ ਫੌਜੀ ਆਚਰਣਕ ਕੀਮਤਾਂ ਉਪਰ ਪਿਆ ।

ਇਨ੍ਹਾਂ ਸਾਰੀਆਂ ਪ੍ਰਸਥਿਤੀਆਂ ਦਾ ਅਸਰ ਅਜੇ ਤੱਕ ਏਨਾ ਹੀ ਪਿਆ ਸੀ ਕਿ ਫੌਜ ਵਿਭਾਗੀਕ੍ਰਿਤ ਹੀ ਬਣ ਸਕੇ । ਲੜਾਈ ਅਜੇ ਤੱਕ ਇਕ ਮਹਾਰਤ ਜਾਂ ਪੇਸ਼ਾ ਅਤੇ ਸਿਪਾਹੀ ਅਜੇ ਤੱਕ ਪੇਸ਼ਾਵਰ ਕਾਮਾ ਨਹੀਂ ਸੀ ਬਣਿਆ ।

ਜਾਗੀਰਦਾਰੀ ਯੁਗ ਵਿਚ ਜੇਤੂ ਫੌਜ ਦਾ ਸਿਪਾਹੀ ਆਪਣੀ ਕੌਮ ਦਾ ਸ਼ਹਿਰੀ ਵੀ ਸੀ ਅਤੇ ਅਰਧ-ਨਾਇਕ, ਅਰਧ-ਕਾਮਾ ਵੀ । ਪਰ ਹਾਰੀ ਹੋਈ ਫੌਜ ਅਤੇ ਕੌਮ ਉਸ ਨੂੰ ਜ਼ਾਲਮ, ਮਲੇਛ ਅਤੇ ਕਾਫਰ ਸਮਝਦੀ ਸੀ । ਜੇਤੂ ਫੌਜ ਦੇ ਸਿਪਾਹੀ ਦੀ ਸਭ ਤੋਂ ਵੱਡੀ ਤਸੱਲੀ ਵਧੀਕੀ ਤੇ, ਜ਼ੁਲਮ ਕਰ ਸਕਣ ਦਾ ਅਧਿਕਾਰ ਅਤੇ ਹਾਰੇ ਲੋਕਾਂ ਨੂੰ, ਦਿਸਦੀ ਹਾਕਮ ਸ਼੍ਰੇਣੀ ਨਾਲ ਆਪਣੀ ਦਿੱਸਦੀ ਸਾਂਝ ਸੀ ।

ਜਾਗੀਰਦਾਰੀ ਯੁਗ ਵਿਚ ਕੇਵਲ ਉਹ ਸਿਪਾਹੀ ਆਦਰ ਯੋਗ ਜਾਂ ਸਤਿਕਾਰਿਤ ਹੁੰਦਾ ਸੀ ਜੋ ਹਾਰ ਰਿਹਾ ਜਾਂ ਪ੍ਰਤੀ-ਰਖਿਆ ਕਰ ਰਿਹਾ ਹੋਵੇ । ਪ੍ਰਤੀ-ਰਖਿਆ ਕਰਦੇ ਲੋਕ ਅਤੇ ਸਿਪਾਹੀ ਬੁਨਿਆਦੀ ਤੌਰ ਤੇ ਦੇਸ਼-ਭਗਤੀ ਦੀ ਲੜਾਈ ਲੜਦੇ ਸਨ । ਇਸੇ ਲਈ ਉਹ ਲੋਕਾਂ ਅਤੇ ਸਾਹਿਤ ਵਿਚ ਵਧੇਰੇ ਸਤਿਕਾਰੇ ਗਏ ਨਾਗਰਿਕ ਸਨ ।

ਇਸ ਯੁਗ ਵਿਚ ਫੌਜਾਂ ਦੇ ਸਰਦਾਰ, ਕਮਾਂਡਰ ਅਤੇ ਉਨ੍ਹਾਂ ਦੇ ਦਰਜੇ ਸਮਾਜ ਵਿਚ ਆਰਥਕ ਸਥਾਨ ਦੇ ਅਧਾਰ ਤੇ ਨਿਯਤ ਹੁੰਦੇ ਸਨ ਪਰ ਓਦੋਂ ਇਸ ਵਿਚ ਨਿੱਜੀ ਬਹਾਦਰੀ ਅਤੇ ਫੌਜੀ ਗੁਣਾਂ ਦੇ ਆਧਾਰ 'ਤੇ ਉੱਨਤੀ ਕਰਨ ਦੀ ਸੰਭਾਵਨਾਂ ਅੱਜ ਤੋਂ ਵੱਧ ਸੀ । ਇਸ ਲਈ ਲੜਨ ਵਾਲੀਆਂ ਦੋਹਾਂ ਧਿਰਾਂ ਦੇ ਸਿਪਾਹ-ਸਾਲਾਰ ਜਾਂ ਸੈਨਾਪਤੀ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾਜ ਅਤੇ ਲੋਕਾਂ ਵਿਚ ਨਾਗਰਿਕਤਾ ਦੇ ਉਚੇ ਸਥਾਨ ਤੇ ਗਿਣੇ ਜਾਂਦੇ ਸਨ ।

ਸਿਪਾਹੀ ਦਾ ਆਦਰ, ਲੋਕਾਂ ਅਤੇ ਆਪਣੀਆਂ ਅੱਖਾਂ ਵਿਚ-ਜੇ ਕਿਸੇ ਸਭ ਤੋਂ ਪਹਿਲਾਂ ਮੰਤਵ ਨੂੰ ਸਮਝ ਕੇ, ਸਭ ਤੋਂ ਪਹਿਲਾਂ ਬਣਾਇਆ ਤਾਂ ਉਹ ਧਰਮ-ਯੁੱਧ, ਜਹਾਦ ਅਤੇ ਸਲੀਬੀ ਜੰਗਾਂ ਸਨ । ਕਿਉਂਕਿ ਧਰਮ, ਸਿਪਾਹੀ ਨੂੰ ਆਤਮ-ਵਿਸ਼ਵਾਸ਼ ਦੇਂਦਾ ਅਤੇ ਲੋਕਾਂ ਨੂੰ ਉਸਦਾ ਆਦਰ ਕਰਨਾ ਸਿਖਾਉਂਦਾ ਸੀ । ਸੋ, ਧਰਮ-ਯੁੱਧਾਂ ਅਤੇ ਜਹਾਦਾਂ ਨੇ ਜਥ੍ਹੇ ਵਾਲੇ ਜਰਨੈਲ ਨਹੀਂ, ਸਤਿਕਾਰ ਯੋਗ ਵੀਰ ਸੈਨਾਣੀ ਪੈਦਾ ਕੀਤੇ । ਗ਼ਾਜ਼ੀ ਸਲਾਹ-ਉਦ-ਦੀਨ, ਸ਼ੇਰ-ਦਿਲ ਰਿਚਰਡ, ਇਕ ਹੱਦ ਤੱਕ ਮਹਿਮੂਦ ਗਜ਼ਨੀ ਅਤੇ ਬਹੁਤ ਹੱਦ ਤੱਕ ਅਸ਼ੋਕ ਜਾਂ ਬੰਦਾ ਬਹਾਦਰ ਅਜਿਹੇ ਸਤਿਕਾਰਤ ਜਰਨੈਲ ਸਨ ।

ਭੁਲੱਣਾ ਨਹੀਂ ਚਾਹੀਦਾ ਕਿ ਧਾਰਮਿਕ, ਦੇਸ਼ ਭਗਤਕ ਅਤੇ ਮੰਤਵ ਭਰਪੂਰ ਯੁੱਧ, ਸਸਤੇ ਅਤੇ ਸਿਰੜ੍ਹੀ ਸੈਨਿਕ ਪੈਦਾ ਕਰਦਾ ਹੈ ।

ਜਾਗੀਰਦਾਰੀ ਯੁਗ ਵਿਚ ਜਦ ਤੱਕ ਰਾਜ-ਸੱਤਾ (State) ਅੰਦਰ-ਸਾਮਰਾਜਵਾਦੀ ਲੱਛਣ ਨਹੀਂ ਪੁੰਗਰੇ, ਲੜਾਈ ਉਸ ਸਮੇਂ ਤੱਕ ਪੇਸ਼ਾ ਨਹੀਂ ਬਣੀ । ਇਹ ਵੀ ਠੀਕ ਹੈ ਕਿ ਲੜਾਈ ਵੀ ਹੁਣ ਜਜ਼ਬੇ ਜਿਹੀ ਆਪ-ਮੁਹਾਰੀ ਨਹੀਂ ਸੀ ਰਹੀ ਸਗੋਂ ਜਦ ਲੜਨ ਦੀ ਲੋੜ ਅਤੇ ਮੂਡ ਨਾ ਹੋਵੇ ਉਸ ਸਮੇਂ ਵੀ ਫੌਜੀ ਤਿਆਰੀ, ਸਿਖਲਾਈ ਤੇ ਵੀਰ-ਗਾਥਾਵਾਂ ਨਾਲ ਜੁੜ ਜਾਂਦੀ ਸੀ । ਜੇ ਆਧਾਰ ਆਰਥਕ ਹੋਵੇ ਤਾਂ ਕੋਈ ਵੀ ਸਮਾਜਕ ਕਰਮ, ਤਕਨੀਕ ਅਤੇ ਸਿਖਲਾਈ ਨਾਲ ਜੁੜ ਕੇ ਮਹਾਰਤ ਬਣ ਜਾਂਦਾ ਹੈ । ਅਤੇ ਮਹਾਰਤ, ਪੇਸ਼ੇ ਅਤੇ ਮਾਹਰਾਂ ਦੀ ਲੋੜ ਹੈ । ਇਸੇ ਲਈ ਇਸ ਕਾਲ ਵਿਚ ਪ੍ਰਬੀਨ ਲੜਾਕੇ ਜਾਂ ਪ੍ਰਸਿੱਧ ਜਰਨੈਲ ਪੈਦਾ ਹੋਏ ਸਨ ।

ਜਿਉਂ ਹੀ ਜਾਗੀਰਦਾਰੀ ਨੇ ਸਾਮਰਾਜੀ ਲੱਛਣ ਧਾਰਨ ਕੀਤਾ ; ਲੜਾਈ ਇਕ ਪੇਸ਼ਾ ਅਤੇ ਲੜਾਕਾ ਮਨੁੱਖ ਪੇਸ਼ਾਵਰ ਸਿਪਾਹੀ ਬਣ ਗਿਆ-ਜਿਸ ਸੰਬੰਧੀ ਅਖਾਣ ਹੈ : ਅਖੇ : ਸਿਪਾਹੀਆ ਲੜਨਾ ਈ ? ਸਿਪਾਹੀ ਨੇ ਕਿਹਾ, ਹੋਰ ਸਾਡਾ ਕਿੱਤਾ ਕੀ ਹੈ !

ਉਂਜ ਤਾਂ ਜਾਗੀਰਦਾਰੀ ਦੇ ਮੁੱਢ ਵਿਚ ਹੀ ਲੜਾਈ ਦਾ ਇਕ ਆਰਥਿਕ ਆਧਾਰ ਸੀ । ਪ੍ਰਤੀ-ਰਖਿਆ ਦੀ ਲੜਾਈ, ਜਿੱਥੇ ਹਮਲੇ-ਹੇਠ ਸਾਮੰਤਸ਼ਾਹੀ ਦੇ ਆਰਥਕ ਹਿਤਾਂ ਦੀ ਰਖਿਆ ਕਰਦੀ ਸੀ, ਉਥੇ, ਉਥੋਂ ਦੀ ਪਰਜਾ ਦੀ ਰਖਿਆ ਦੀ ਪ੍ਰਤੀਨਿਧਤਾ ਵੀ ਕਰਦੀ ਸੀ । ਇਸੇ ਲਈ ਪ੍ਰਤੀ-ਰਖਿਆ ਦੀ ਲੜਾਈ ਵਿਚ ਦੇਸ਼-ਭਗਤੀ ਅਤੇ ਕੌਮੀਅਤ ਵਰਗੀ ਅਪਣੱਤ ਦਾ ਜਜ਼ਬਾ ਹੁੰਦਾ ਸੀ । ਜਦ ਤੱਕ ਕੰਮ ਵਿਚ ਜਜ਼ਬਾ ਅਤੇ ਕੁਰਬਾਨੀ ਹੋਵੇ ਉਹ ਅਸਲੀ ਅਰਥਾਂ ਵਿਚ ਪੇਸ਼ਾ ਨਹੀਂ ਹੋ ਸਕਦਾ । ਪਰ ਜਿਉਂ ਹੀ ਲੜਾਈ, ਪ੍ਰਤੀ-ਰਖਿਆ ਦਾ ਰੂਪ ਛੱਡ ਕੇ ਹਮਲੇ ਅਤੇ ਸਮਾਰਾਜ ਦਾ ਰੂਪ ਧਾਰਦੀ ਹੈ ਤਿਉਂ ਹੀ ਹਮਲਾਵਰ ਸਿਪਾਹੀ ਦੀ ਪ੍ਰਤੀਬੱਧਤਾ ਘਟਦੀ ਹੈ । ਇਸ ਦੀ ਥਾਂ ਗੁਆਂਢੀ ਦੇਸ਼ਾਂ ਅਤੇ ਕੌਮ ਨਾਲ ਈਰਖਾ ਦਾ ਬਣਿਆ-ਵਧਾਇਆ ਜਜ਼ਬਾ ਕੁਝ ਚਿਰ ਤਾਂ ਕੰਮ ਦੇਂਦਾ ਹੈ ਪਰ ਆਪਣੇ ਦੇਸ਼, ਇਸਤ੍ਰੀ ਅਤੇ ਬੱਚਿਆਂ ਤੋਂ ਦੂਰ-ਦੁਰਾਡੇ ਦੇਸ਼ਾਂ ਵਿਚ ਲੜਦਾ ਸਿਪਾਹੀ ਕਿਸੇ ਵੇਲੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਉਹ ਪਰਾਏ ਦੇਸ਼ ਵਿਚ ਅਤੇ ਉਨ੍ਹਾਂ ਲੋਕਾਂ ਨਾਲ ਕਿਉਂ ਲੜ ਰਿਹਾ ਹੈ ; ਉਨ੍ਹਾਂ ਨੂੰ ਕੋਹ ਰਿਹਾ ਹੈ ਜਿਨ੍ਹਾਂ ਨੂੰ ਉਹ ਜਾਣਦਾ ਤੱਕ ਨਹੀਂ ? ਇੰਜ ਕਿਸੇ ਜਜ਼ਬੇ ਤੋਂ ਬਿਨਾਂ ਲੜੀ ਜਾਣਾ, ਜੰਗ-ਯੁਧ ਨੂੰ ਪੇਸ਼ਾ ਬਣਾਉਂਦਾ ਹੈ ।

ਸਿਕੰਦਰ ਨੇ ਸ਼ਾਇਦ ਪਹਿਲੀ ਵਾਰ ਪੇਸ਼ਾਵਰ ਫੌਜਾਂ ਦਾ ਮੁੱਢ ਬੱਧਾ ਸੀ ।

CC-0. In Public Domain. Gurukul Kangri Collection, Haridwar

ਸਿਕੰਦਰ ਨੇ ਮਕਦੂਨੀਆਂ ਦੀ ਜੱਦੀ ਸਰਦਾਰੀ ਤੋਂ ਉਠ ਕੇ ਯੂਨਾਨ ਦੇ ਕਬੀਲਿਆਂ

Digitized by Arya Samaj Foundation Chennai and eGangotri

ਅਤੇ ਗਣ-ਰਾਜਾਂ ਨੂੰ ਭੰਨ ਤੋੜ ਕੇ, ਲਿਤਾੜ ਕੇ ਜਾਂ ਛੋਟੇ ਭਿਆਲ ਬਣਾ ਕੇ ਜਿਹੜੀ ਯੂਨਾਨੀ ਸ਼ਕਤੀ ਬਣਾਈ ਉਹ ਕੇਵਲ ਸੰਸਾਰ-ਜਿੱਤ ਦਾ ਨਾਹਰਾ ਸੁਣ ਕੇ ਹੀ ਨਹੀਂ ਸੀ ਬਣ ਗਈ। ਸਗੋਂ ਇਸ ਨਾਹਰੇ ਨੂੰ ਜਿਉਂਦਾ ਜਾਗਦਾ ਸੰਘਰਸ਼ ਬਨਾਉਣ ਲਈ ਫਾਰਸ ਦੀ ਸ਼ਹਿਨਸ਼ਾਹੀਅਤ ਕੋਲੋਂ ਪੁਰਾਣਾ ਬਦਲਾ ਲੈਣ ਦੇ ਜਜ਼ਬੇ ਦੀ ਪੁੱਠ ਦਿੱਤੀ। ਜਦ ਫਾਰਸ (ਈਰਾਨ) ਵੀ ਜਿੱਤ ਲਿਆ ਤਾਂ ਆਪਣੇ ਆਪ ਨੂੰ ਅਤੇ ਭਿਆਲ ਸਰਦਾਰਾਂ ਨੂੰ ਦੇਵਤਿਆਂ ਦੀ ਔਲਾਦ ਦੱਸਿਆ ਤੇ ਯੂਨਾਨੀਆਂ ਨੂੰ ਸੰਸਾਰ-ਜਿੱਤ ਦੀ ਦੇਵ-ਵਰ-ਪ੍ਰਾਪਤ ਕੌਮ ਹੋਣ ਦਾ ਯਕੀਨ ਕਰਾਇਆ। ਅਜਿਹਾ ਅਹਿਸਾਸ ਫਾਸ਼ਿਜ਼ਮ ਦੀ ਨੀਂਹ ਤਾਂ ਬਣਦਾ ਹੀ ਹੈ, ਨਾਲ ਹੀ 'ਜੰਗ ਜੰਗ ਲਈ' ਦਾ ਉਚਿਤਯ (justification) ਵੀ ਪੇਸ਼ ਕਰਦਾ ਹੈ।

ਲੜਾਈ ਨੂੰ ਪੇਸ਼ੇ ਦੇ ਰੂਪ ਵਿਚ ਪੂਰੀ ਤਰ੍ਹਾਂ ਸਥਾਪਿਤ ਕੀਤਾ ਰੋਮਨ ਸਾਮਰਾਜ ਨੇ। ਰੋਮਨ ਸਾਮਰਾਜ ਨੇ ਸਿਪਾਹੀ ਦੀ ਭਰਤੀ ਵਿਚੋਂ ਜਜ਼ਬਾ ਕੱਢ ਕੇ ਇਸ ਦੀ ਬੁਨਿਆਦ ਰੱਖੀ ਹੀ ਆਰਥਕਤਾ ਉਪਰ ਸੀ। ਰੋਮਨ ਸਾਮਰਾਜ ਵਿਚ ਸਿਪਾਹੀ ਦਾ ਸਰਦਾਰਾਂ-ਜਰਨੈਲਾਂ ਨਾਲ ਯੂਨਾਨ ਵਾਲਾ, ਕਬੀਲੇ ਜਾਂ ਬਰਾਦਰੀ ਦਾ ਕੋਈ ਵੀ ਰਿਸ਼ਤਾ ਨਹੀਂ ਸੀ। ਸਿਪਾਹੀ ਨਿਮਨ ਵਰਗ ਦੇ ਰੋਮਨ ਹੁੰਦੇ ਸਨ ਜਾਂ ਅਧੀਨ ਅਤੇ ਅਰਧ-ਗ਼ੁਲਾਮ ਰਾਜਾਂ ਵਿਚੋਂ ਆਪਣੇ ਘਰ-ਘਾਟ ਤੋਂ ਛੁੱਟੜ ਲੋਕ। ਜਾਂ ਫੇਰ, ਕੋਈ ਵਿਰਲਾ ਜਲ-ਥਲ ਦਾ ਡਾਕੂ, ਮਫ਼ਰੂਰ, ਆਤੁਰਵਾਦੀ (Cynic) ਵੀ ਰੋਮਨ ਫੌਜ ਵਿਚ ਆ ਭਰਤੀ ਹੁੰਦਾ ਸੀ। ਸਿਪਾਹੀ ਲਈ ਉਨਤੀ ਕਰਨ ਮਗਰੋਂ ਫੌਜ ਛੱਡਣ ਤੇ ਰੋਮਨ ਨਾਗਰਿਕ (ਪਤਵੰਤ ਸ਼੍ਰੇਣੀ ਦਾ ਮੈਂਬਰ) ਬਣ ਕੇ ਰਾਜਧਾਨੀ ਵਿਚ ਚੰਗਾ ਘਰ ਵਸਾਉਣਾ ਬੜਾ ਵੱਡਾ ਸੁਪਨਾ ਸੀ ਜਿਸ ਵਿਚ ਉਹ ਬਹੁਤ ਸਾਰੀਆਂ ਰਖੇਲਾਂ ਅਤੇ ਗ਼ੁਲਾਮ ਰਖ ਸਕਦਾ ਸੀ। ਇਹ ਲਗਾਤਾਰ ਕੰਮ ਸਿਪਾਹੀ ਨੂੰ ਸਰਗਰਮ ਰੱਖਣ ਲਈ ਕਾਫੀ ਸੀ। ਪਰ ਲਗਾਤਾਰ ਸਿਖਲਾਈ ਅਤੇ ਸਰਗਰਮੀ ਲਈ ਫੌਜ਼ਾਂ ਦੀ ਇਕ ਤੋਂ ਦੂਜੀ ਥਾਂ ਤਬਦੀਲੀ, ਮਾਰਚ ਅਤੇ ਰੋਜ਼ ਦੀ ਕਵਾਇਦ ਨੂੰ ਨਿੱਤ ਨੇਮ ਬਣਾਇਆ ਗਿਆ।

ਰੋਮਨ ਸਾਮਾਰਜ ਵਿਚ 'ਨਾਗਰਿਕ' ਸ਼ਬਦ ਦਾ ਭਾਵ ਪਤਵੰਤਾ ਸਮਾਜਕ ਵਿਅਕਤੀ ਸੀ ਜਿਸ ਦਾ ਸਿੱਧਾ ਸੰਬੰਧ ਨਾ ਪੈਦਾਵਾਰ ਦੇ ਸਾਧਨਾਂ ਨਾਲ ਸੀ ਅਤੇ ਨਾ ਫੌਜ ਨਾਲ। ਨਾਲ ਹੀ ਸਿਪਾਹੀ, ਗ਼ੁੱਲਾਮਾਂ ਤੋਂ ਕਿਤੇ ਵੱਧ ਉੱਤਮ ਹੁੰਦਾ ਹੋਇਆ ਵੀ 'ਨਾਗਰਿਕ' ਨਹੀਂ ਸੀ ਹੁੰਦਾ — ਪਰ ਉਹ ਨਾਗਰਿਕ ਬਣ ਸਕਦਾ ਸੀ — ਅਤੇ ਇਹੀ ਆਸ ਉਸ ਨੂੰ ਪੇਸ਼ੇ ਨਾਲ ਜੋੜੀ ਰਖਦੀ ਸੀ। ਫੌਜ ਹੁਣ, ਲੋੜ ਜਾਂ ਭੀੜ ਪੈਣ ਤੇ ਕੱਠਾ ਹੋ ਜਾਣ ਵਾਲਾ; ਬਿਰਾਦਰੀ, ਦੇਸ਼ ਭਗਤੀ ਜਾਂ ਧਰਮ ਦੇ ਜਜ਼ਬੇ ਨਾਲ ਰੱਤਾ ਜਨ-ਸਮੂਹ ਜਾਂ ਇੱਜੜ ਨਹੀਂ ਸੀ ਰਿਹਾ ਸਗੋਂ ਤਿਆਰ-ਬਰ-ਤਿਆਰ ਪੇਸ਼ਾਵਰ ਲੋਕਾਂ ਦੀ ਸਥਿਰ ਸੈਣਾ (Standing Army) ਦਾ ਰੂਪ ਧਾਰ ਚੁਕਾ ਸੀ ਜਿਸ ਦੀ ਸਰਦਾਰੀ ਜਾਂ ਅਗਵਾਈ ਇਕ ਵੱਖਰੀ ਆਰਥਕ ਸ਼੍ਰੇਣੀ—ਪਤਵੰਤ ਨਾਗਰਿਕ—ਕਰਦੀ ਸੀ।

ਪੂਰੇ ਸਾਮੰਤਵਾਦੀ ਯੁਗ ਵਿਚ ਰਾਜ-ਕੇਂਦਰ ਭਾਵੇਂ ਕਮਜ਼ੋਰ ਹੀ ਰਿਹਾ ਪਰ ਇਸ ਯੁਗ ਵਿਚ ਜਦ ਵੀ ਯੂਨਾਨੀ, ਰੋਮਨ, ਟਿਟਾਨਿਕ ਮੰਗੋਲ, ਯੂ.ਚੀ, ਗੁਪਤ ਜਾਂ ਮੋਰੀਆ (ਇਲਾਕਾਈ) ਸਾਮਰਾਜ ਉਭਰੇ ਤਾਂ ਇਕ ਵਧੇਰੇ ਸੁਸੰਗਠਿਤ ਪ੍ਰਸ਼ਾਸ਼ਨ ਦੇ ਲੱਛਣ ਜ਼ਰੂਰ ਪ੍ਰਤੱਖ ਹੋਏ ਅਤੇ ਫੌਜ ਦਾ ਕਾਫੀ ਹੱਦ ਤੱਕ ਕੇਂਦਰੀਕਰਨ ਹੋਇਆ।

ਪੂਰੇ ਸਾਮੰਤਵਾਦ ਵਿਚ ਰਾਜਨੀਤਕ ਜੁਗ-ਗਰਦੀਆਂ ਅਤੇ ਇਤਿਹਾਸ ਨੂੰ ਵੇਖਿਆਂ ਇਕ ਹੋਰ ਬੜਾ ਚੇਤਨ ਤੱਥ ਪ੍ਰਕਾਸ਼ਮਾਨ ਹੁੰਦਾ ਹੈ :

ਜੰਗ [illegible] ਜੰਗਜੂ ਜਰਨੈਲ ਅਤੇ ਸਾਮੰਤ, [illegible] ਦੇ ਜ਼ੋਰ ਰਾਜ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਬੀਲੇ ਜਾਂ ਗਨ-ਰਾਜ ਦਾ ਪ੍ਰਮੁੱਖ ਬਣ ਜਾਂਦਾ ਸੀ ਪਰ ਰਾਜ ਸੱਤਾ ਦੇ ਸਿਖਰ ਤੇ ਪੁਜ ਕੇ ਉਹ ਫੌਜੀ ਦਸਤਿਆਂ, ਕਬੀਲਿਆਂ ਜਾਂ ਗਨਾਂ ਦੇ ਸਰਦਾਰਾਂ ਦੇ ਜਿਰਗੇ, ਪੰਚਾਇਤ ਜਾਂ ਮੰਤਰੀ-ਪਰੀਸ਼ਟ ਜਿਹੇ ਕਿਸੇ ਨਾਗਰਿਕ-ਪ੍ਰਤੀਨਿਧ-ਸੰਸਥਾਨ ਉਪਰ ਥੋੜੀ ਜਾਂ ਪੂਰੀ ਹੱਦ ਤੱਕ ਨਿਰਭਰ ਹੋ ਜਾਂਦਾ ਸੀ। ਨਾਲ ਹੀ, ਰਾਜ ਸ਼ਕਤੀ ਵਿਚੋਂ ਇਕੋ ਘੱਟ-ਗਿਣਤੀ ਸ਼੍ਰੇਣੀ ਵਿਚ ਵੰਡੀ ਹੋਣ ਕਾਰਣ ਇਕ ਵਿਸ਼ਾਲ-ਆਧਾਰ ਜਨਤਕ ਇਨਕਲਾਬਾਂ ਨਾਲੋਂ,ਰਾਜ-ਪਲਟੇ (de-coupe) ਵਧੇਰੇ ਸੌਖੇ ਅਤੇ ਬਹੁਤੀ ਵਾਰ ਹੋ ਜਾਂਦੇ ਸਨ।

ਸਾਮੰਤਵਾਦ ਜਿੱਥੇ ਪ੍ਰਮੁਖ ਰੂਪ ਵਿਚ ਦਸਤੀ ਸੰਦਾਂ ਦਾ ਪ੍ਰਤੀਨਿਧ ਸੀ, ਉਥੇ ਪੂੰਜੀਵਾਦ ਪੂਰਣ ਰੂਪ ਵਿਚ ਸਾਇੰਸੀ ਕਾਢਾਂ ਦਾ ਉਪਭੋਗਤਾ ਅਤੇ ਸਾਥੀ ਸੀ। ਸਾਇੰਸ ਦੀ ਸਹਾਇਤਾ ਨਾਲ ਆਵਾਜਾਈ ਅਤੇ ਢੋਅ-ਢੁਆਈ ਦੇ ਸਾਧਨ ਵੱਧੇ। ਇੰਜ ਸਮੁੰਦਰੋਂ ਪਾਰ ਅਤੇ ਉਰਾਰ, ਨਾ ਕੇਵਲ ਮੰਡੀ ਦੀ ਜਿਨਸ ਵੇਚ ਕੇ ਮੰਡੀਆਂ ਅਤੇ ਨੌ-ਆਬਾਦੀਆਂ ਬਣਾਉਣਾ ਹੀ ਸੰਭਵ ਹੋ ਸਕਿਆ ਸਗੋਂ ਰੇਲਾਂ, ਮੋਟਰਾਂ ਅਤੇ ਸਮੁੰਦਰੀ ਜਹਾਜ਼ਾਂ ਦੀ ਸਹਾਇਤਾ ਨਾਲ ਇਨ੍ਹਾਂ ਮੰਡੀਆਂ ਵਿਚ ਫੌਜਾਂ, ਰਸਦ ਅਤੇ ਗੋਲਾ-ਬਾਰੂਦ ਭੇਜਣਾ ਵੀ ਸੌਖਾ ਅਤੇ ਤੇਜ਼-ਰਫ਼ਤਾਰ ਹੋ ਗਿਆ। ਬਾਦਬਾਨੀ ਜਹਾਜ਼ਾ ਦੀ ਥਾਂ ਮਸ਼ੀਨੀ ਜਹਾਜ਼ਾਂ ਨੇ ਜੰਗੀ ਬੇੜੇ ਨੂੰ ਹੀ ਹੋਂਦ ਵਿਚ ਨਾ ਲਿਆਂਦਾ ਸਗੋਂ ਸਮੁੰਦਰੀ ਲੜਾਈ ਦੀ ਇਕ ਵੱਖਰੀ ਤਕਨੀਕ ਬੰਨ੍ਹ ਦਿੱਤੀ। ਪਹਿਲੀ ਸੰਸਾਰ-ਜੰਗ ਨੇ ਤਾਂ ਹਵਾਈ ਜੰਗ ਦੇ ਕੌਤਕ ਵੀ ਵਿਖਾ ਦਿੱਤੇ।

ਪੂੰਜੀਵਾਦ ਨੇ ਆਪਣੇ ਯੁਗ ਵਿਚ ਫੌਜੀ ਪੇਸ਼ੇ ਨੂੰ ਥਲ ਅਤੇ ਜਲ; ਦੋ ਭਾਗਾਂ ਵਿਚ ਵੰਡਿਆ ਸੀ। ਇਹ ਦੋਵੇਂ ਭਾਗ ਸਾਇੰਸ, ਐਨਜੀਨਰਿੰਗ ਤੇ ਟੈਕਨਾਲੋਜੀ ਦੀ ਉਨਤੀ ਦੇ ਨਾਲ-ਨਾਲ, ਅਗੋਂ ਕਈ ਵਿਭਾਗਾਂ ਵਿਚ ਵੰਡੀਦੇ ਚਲੇ ਗਏ।

ਪੂੰਜੀਵਾਦ ਨੇ ਰਾਜ-ਪ੍ਰਬੰਧ ਵਿਚ ਦੋ ਨਵੇਂ ਪੱਖਾਂ ਵੱਲ ਬਹੁਤ ਧਿਆਨ ਦਿੱਤਾ। ਇਹ ਪੱਖ ਸਨ, ਵੇਰਵੇ-ਆਧਾਰ ਹਰ ਖੇਤਰ ਵਿਚ ਕੰਮ-ਵੰਡ ਕਰਨਾ ਅਤੇ ਮੁੜ ਇਨ੍ਹਾਂ ਖਿਲਰੇ ਹੋਏ ਵਿਭਾਗੀ ਪ੍ਰਬੰਧਾਂ ਅਤੇ ਕੰਮਾਂ ਦਾ ਤਾਲ-ਮੇਲ। ਇਹ ਦੋਵੇਂ ਕੰਮ ਲਗਾਤਾਰ ਅਤੇ ਪੈਰੋ ਪੈਰ ਕਰਨ ਲਈ ਪੂੰਜੀਵਾਦ ਨੇ ਫੌਜਾਂ,ਪ੍ਰਸ਼ਾਸ਼ਨ ਅਤੇ ਸੇਵਾਵਾਂ ਨੂੰ ਨਵਾਂ ਰੂਪ ਦਿੱਤਾ।

ਭੁੱਲਣਾ ਨਹੀਂ ਚਾਹੀਦਾ ਕਿ ਪ੍ਰਸ਼ਾਸਨਿਕ ਰੁਤੀਆਂ ਅਤੇ ਵਿਧੀ-ਵਿਧਾਨ, ਸਰਕਾਰਾਂ ਦੇ ਨਾਗਰਿਕ ਪੱਖ ਦੇ ਲੰਮੇ ਅਨੁਭਵ ਦੀ ਉਪਜ ਸਨ।

ਪ੍ਰਸ਼ਾਸਨ ਅਤੇ ਸੇਵਾਵਾਂ ਵਿਚ ਵਿਭਾਗੀਕਰਨ ਅਤੇ ਕੇਂਦਰੀਕਰਨ ਨਾਲ ਜਿੱਥੇ ਰਾਜ-ਪ੍ਰਬੰਧ ਵਿਚ ਸਯੋਗਤਾ ਅਤੇ ਡਸਿਪਲਨ ਵਧੇ, ਉਥੇ ਵੱਡੀ ਗੱਲ ਇਹ ਹੋਈ ਕਿ ਫੌਜ ਵਿਚ ਬੇਲਦਾਰ ਅਤੇ ਆਮ ਸਿਪਾਹੀ ਤੋਂ ਲੈ ਕੇ ਫੌਜ ਦੇ ਪ੍ਰਮੁਖ ਅਫਸਰ ਤੱਕ ਸਭ ਪਾਰਲੀਮੈਂਟ ਜਾਂ ਸਰਕਾਰ ਦੇ ਨੌਕਰ ਹੋ ਗਏ। ਪੂੰਜੀਵਾਦ ਦੇ ਅੰਦਰਲੇ ਆਰਥਕ ਸੰਕਟ ਤੋਂ ਪੈਦਾ ਹੋਏ ਬੇਕਾਰਾਂ ਦੀ ਗਿਣਤੀ ਵਧਣ ਕਾਰਨ, ਸਿਪਾਹੀ ਤਕ ਦੀਆਂ ਸ਼ਰੀਰਕ ਅਤੇ ਹੋਰ ਯੋਗਤਾਵਾਂ ਉੱਚੀਆਂ ਅਤੇ ਕਰੜੀਆਂ ਕਰਨ ਵਿਚ ਸਹਾਇਤਾ ਮਿਲੀ। ਇੰਜ ਕਈ ਸੰਕਟ-ਮਾਰੇ ਇਲਾਕੇ ਜਾਂ ਬਸਤੀਆਂ ਲੋਕ-ਸਮੂਹ, ਫੌਜੀ ਭਰਤੀ ਦੇ ਅੱਡੇ ਬਣ ਗਏ।

ਫੌਜੀ ਪੇਸ਼ੇ ਅੰਦਰ ਦੋ ਤਸੱਲੀਆਂ ਵੀ ਸਨ ਜਿਹੜੀਆਂ ਪ੍ਰੇਰਨਾ ਅਤੇ ਜਜ਼ਬੇ ਦਾ ਕੰਮ ਦੇਂਦੀਆਂ ਸਨ। ਪਹਿਲੀ, ਕਿ ਫੌਜ ਦੇ ਸਿਪਾਹੀ ਤੋਂ ਲੈ ਕੇ ਸੈਨਾਪਤੀ ਤਕ ਸਭ ਇਕੋ ਸ਼ਕਤੀ ਦੇ ਨੌਕਰ ਸਨ।

ਹੌਲੀ-ਹੌਲੀ ਇਹ ਪਿਰਤ, ਅੱਗੜ-ਪਿੱਛੜ, ਸਭਨਾਂ ਦੇਸ਼ਾਂ ਵਿਚ ਪੈ ਗਈ ਕਿ ਸੇਵਾਵਾਂ ਦਾ ਰਾਜਨੀਤੀ ਨਾਲ ਕੋਈ ਸਬੰਧ ਨਾ ਹੋਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜਨੀਤੀ ਵਿਚ ਸਰਗਰਮ ਹਿੱਸਾ ਲੈਣਾ, ਪੁਰਾਤਨ ਕਾਲ ਤੋਂ ਚਲਿਆ ਆਉਂਦਾ ਨਾਗਰਿਕ-ਅਧੀਕਾਰ ਅਤੇ ਕਰਤੱਵ ਸੀ ਜਿਹੜਾ ਪੂੰਜੀਵਾਦੀ-ਸਾਮਰਾਜਵਾਦੀ ਯੁਗ ਵਿਚ ਸੈਨਿਕ ਸੇਵਾ ਵਿਚ ਆਉਂਦਿਆਂ ਹੀ ਨਾਗਰਿਕ ਕੋਲੋਂ ਖੁੱਸ ਜਾਂਦਾ ਸੀ ।

ਆਰੰਭ ਵਿਚ ਇਹ ਪਿਰਤ ਇਸ ਲਈ ਲੋੜੀਂਦੀ ਸੀ ਕਿ ਪਰਜਾਤੰਤਰੀ ਰਾਜ-ਪ੍ਰਬੰਧ ਵਿਚ ਸਰਕਾਰੀ ਅਤੇ ਗੈਰ-ਸਰਕਾਰੀ ਦੋਵੇਂ ਧੜੇ ਸੰਤੁਸ਼ਟ ਸਨ ਕਿ ਫੌਜ, ਵਿਰੋਧੀ ਧੜੇ ਦੀ ਹਮਾਇਤ ਨਹੀਂ ਕਰ ਸਕੇਗੀ । ਪਰ ਇਹ ਪਿਰਤ ਬਹੁਤ ਮਗਰੋਂ ਮੁਆਫਿਕ ਅਤੇ ਰਾਸ ਆਈ ਕਿ ਕਿਸੇ ਨੈਪੋਲੀਅਨ ਜਿਹੇ ਫੌਜੀ ਜਰਨੈਲ ਦਾ ਬਾਕੀ ਦੇ ਅਸੈਨਿਕ ਸਮਾਜ ਉਪਰ ਗ਼ਲਬੇ ਦਾ ਅੰਦੇਸ਼ਾ ਨਹੀਂ ਸੀ ਰਹਿੰਦਾ ਅਤੇ ਪੂਰਾ ਪਾਰਲੀਮੈਂਟਰੀ ਰਾਜ-ਪ੍ਰਬੰਧ ਸੁਰਿਖਅਤ ਰਹਿ ਸਕਦਾ ਸੀ ।

ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਲੜਾਈ ਵਿਚ ਸਾਇੰਸ ਤੋਂ ਸਹਾਇਤਾ ਲੀਤੀ ਜਾ ਰਹੀ ਸੀ ਪਰ ਅੰਤ ਦੇ ਨੇੜੇ ਪੁਜ ਕੇ ਜੰਗ ਹੀ ਸਾਇੰਸੀ ਬਣ ਚੁੱਕੀ ਸੀ । ਪਹਿਲੀ ਸੰਸਾਰ-ਜੰਗ ਵਿਚ ਹੀ ਹਵਾਈ ਹਮਲੇ ਅਤੇ ਹਵਾਈ ਲੜਾਈ ਦਾ ਆਰੰਭ ਅਤੇ ਵਿਕਾਸ ਵੀ ਹੋ ਗਿਆ ਸੀ । ਜਰਮਨ ਪੱਖ ਵਲੋਂ ਤਾਂ ਇਸ ਵਿਚ ਗੈਸ ਦੀ ਵਰਤੋਂ ਵੀ ਕੀਤੀ ਗਈ । ਡੁਬਕਣੀਆਂ, (ਸਬ-ਮੇਰਾਈਨ) ਲੋਹੇ ਦੇ ਸੁਰਖਿਅਤ ਸਮਝੇ ਜਾਂਦੇ ਜਹਾਜ਼ਾਂ ਲਈ ਬਲਾਵਾਂ ਬਣਨ ਅਤੇ ਮੱਧ-ਸਾਗਰ ਨੂੰ ਹੰਗਾਲਣ ਲੱਗੀਆਂ ।

ਇੰਜ, ਪਹਿਲਾਂ ਜੰਗ, ਸਾਇੰਸੀ ਕਾਢਾਂ ਦੀ ਸਹਾਇਤਾ ਹੀ ਲੈਂਦੀ ਸੀ ਪਰ ਇਸ ਜੰਗ ਨੇ ਸਾਇੰਸੀ ਪ੍ਰਯੋਗਸ਼ਾਲਾਵਾਂ ਨੂੰ ਹੀ ਸਿੱਧਾ ਜੰਗ ਵਿਚ ਘਸੀਟ ਲਿਆ ।

ਪਹਿਲੀ ਸੰਸਾਰ ਜੰਗ ਨੇ ਅੰਤਮ ਦਿਨਾਂ ਵਿਚ ਸਾਇੰਸੀ ਲੱਛਣ ਧਾਰਿਆ ਸੀ । ਪਰ ਸਮੁੱਚੇ ਤੌਰ ਤੇ ਯੁੱਧ ਨੀਤੀਆਂ ਅਤੇ ਦਾਅ-ਪੇਚ (stratagies and tactics) ਬਹੁਤ ਬਦਲ ਕੇ ਵੀ ਪੁਰਾਣੇ ਢੌਅ-ਢਬ ਦੇ ਹੀ ਰਹੇ ਸਨ । ਸਮੁੰਦਰੀ ਫੌਜੀ ਸ਼ਕਤੀ ਬਹੁਤ ਬਦਲ ਗਈ ਸੀ ਅਤੇ ਹਵਾਈ ਜੰਗ ਵੱਖਰੀ ਤਕਨੀਕ ਵਜੋਂ ਵੀ ਹੋਂਦ ਵਿਚ ਆ ਗਈ ਸੀ । ਪਰ ਦੇਸ਼ਾਂ ਉਪਰ ਕਬਜ਼ਾ, ਜੰਗ ਦਾ ਫੈਸਲਾ-ਕਰੂ-ਅੰਗ ਹੋਣ ਕਾਰਣ ਖੁਸ਼ਕੀ ਦੀ ਫੌਜ (Army) ਦੀ ਮਹੱਤਤਾ ਸਭ ਤੋਂ ਵੱਧ ਸੀ ।

ਪਹਿਲੇ ਸੰਸਾਰ ਯੁੱਧ ਦੇ ਅੰਤ ਤੋਂ ਦੂਜੇ ਵਿਸ਼ਵ ਯੁੱਧ ਦੇ ਵਿਚਕਾਰਲੇ ਸਮੇਂ ਵਿਚ ਵਿਸ਼ਵ-ਯੁੱਧ ਵਿਚ ਦੋ ਬੁਨਿਆਦੀ ਤਬਦੀਲੀਆਂ ਆਈਆਂ । ਲੜਾਈਆਂ ਦਾ ਕਾਰਣ ਮੰਡੀਆਂ ਦੀ ਵੰਡ ਅਤੇ ਮੁੜ-ਵੰਡ ਹੋਣ ਕਾਰਣ, ਵਿਰੋਧੀ ਦੇਸ਼ ਉਪਰ ਕਬਜ਼ਾ ਅਜੇ ਵੀ ਯੁੱਧ-ਹੁਨਰ ਦਾ ਮੰਤਵ ਸੀ—ਇਸ ਲਈ ਜ਼ਮੀਨੀ ਫੌਜ ਨਿਰਣਾਇਕ ਅੰਗ ਬਣੀ ਰਹੀ । ਪਰ ਵਾਯੂ ਸੈਨਾ ਅਤੇ ਜਲ-ਸੈਨਾ, ਜ਼ਮੀਨੀ ਫੌਜ ਦੇ ਸਹਾਇਕ ਅੰਗ ਹੋਣ ਦੇ ਬਾਵਜੂਦ ਆਪਣੇ ਆਪ ਵਿਚ ਵੱਖਰੇ ਯੁਧ-ਹੁਨਰ ਬਣ ਰਹੇ ਸਨ । ਯੁਧ-ਹੁਨਰ ਵਿਚ ਦੂਜੀ ਵੱਡੀ ਤਬਦੀਲੀ ਇਹ ਹੋਈ ਸੀ ਕਿ ਲੜਾਈ ਹੁਣ ਵਧੇਰੀ ਸਾਇੰਸੀ ਹੋ ਰਹੀ ਸੀ ਅਤੇ ਤਕਨਾਲੋਜੀ ਨਾਲ ਇਸ ਦਾ ਸੰਸਰਗ ਹੋ ਰਿਹਾ ਸੀ ।

ਦੂਜੇ ਵਿਸ਼ਵ-ਯੁੱਧ ਦਾ ਦਾਰਸ਼ਨਿਕ ਰੂਪ ਪਰਜਾਤੰਤਰ, ਬਨਾਮ ਫਾਸ਼ਿਜ਼ਮ ਦੀ ਖਹਿ ਬਣ ਗਿਆ ਸੀ । ਫਾਸ਼ਿਜ਼ਮ ਨੇ ਸਾਇੰਸ ਅਤੇ ਸਾਇੰਸਦਾਨਾਂ ਨੂੰ ਆਪਣੇ ਜੰਗੀ ਮੰਤਵਾਂ ਲਈ ਰੱਜ ਕੇ ਵਰਤਿਆ-ਵਾਹਿਆ । ਪਰ ਔਕੜ ਇਹ ਹੈ ਕਿ ਜੰਗ ਕੇਵਲ ਰਥਿਆਰਾਂ ਨਾਲ ਹੀ ਨਹੀਂ ਸਗੋਂ ਦ੍ਰਿਸ਼ਟੀਕੋਣ ਜਾਂ ਵਿਸ਼ਵਾਸ਼ ਨਾਲ ਲੜੀ ਜਾਂਦੀ ਹੈ । ਇਸ ਲਈ ਜੰਗੀ-ਮਨੋ-ਵੇਗ ਦਾ ਹੜ੍ਹ ਵਹਾਉਣ ਲਈ ਨਸਲੀ ਵਿਤਕਰੇ ਨੂੰ ਉਭਾਰਿਆ ਗਿਆ । ਫਾਸ਼ਿਜ਼ਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲੋਂ ਆਰੀਅਨ ਸਰਬ-ਉੱਚਤਾ ਨੂੰ ਖੂਬ ਹਵਾ ਦਿੱਤੀ ਗਈ। ਦਮਨ ਹੇਠ-ਕੌਮਾਂ ਦੇ ਅਤੇ ਜਮਹੂਰੀ ਵਿਚਾਰ ਰੱਖਣ ਵਾਲੇ ਸਾਇੰਸਦਾਨਾਂ ਲਈ ਇਹ ਅਸਹਿ ਸੀ। ਉਨ੍ਹਾਂ ਫਾਸ਼ੀ ਰਾਜ ਪ੍ਰਬੰਧ ਅੰਦਰ ਵੀ ਆਪਣੀ ਹਾਲਤ, ਵਿੱਤ ਅਤੇ ਦਰਜੇ ਅਨੁਸਾਰ, ਫਾਸ਼ੀ ਜੰਗੀ ਜਤਨਾਂ ਅਤੇ ਕਾਢਾਂ ਵਿਚ ਢਿੱਲ ਕੀਤੀ, ਰੁਕਾਵਟ ਪਾਈ ਅਤੇ ਜਮਹੂਰੀ ਕੈਂਪ ਲਈ ਸਿਰਤੋੜ ਯਤਨ ਕੀਤੇ। ਇੰਜ, ਦੂਜੀ ਜੰਗ ਵਿਚ ਫਾਸ਼ਿਸ਼ਟ ਦਮਨ ਨੇ ਪਹਿਲੀ ਵਾਰ ਸਾਇੰਸਦਾਨਾਂ ਨੂੰ ਕਿਸੇ ਦੇ ਚਾਕਰ ਹੋਣ ਦੀ ਥਾਂ ਸਿਆਸਤਦਾਨ ਜਾਂ ਵਿਚਾਰਕ ਵੀ ਬਣਾਇਆ। ਕਈ ਸਾਇੰਸਦਾਨ ਤਾਂ ਆਪਣੇ ਵਿਚਾਰਾਂ ਕਾਰਣ ਦੇਸ਼ ਜਾਂ ਜੀਵਨ ਵਿਚੋਂ ਹੀ ਕੱਢ ਦਿੱਤੇ ਗਏ।

ਐਟਮੀ ਜੰਗ ਵਿਚ ਅਮਰੀਕਾ ਦੀ ਪਹਿਲ ਅਤੇ ਜਰਮਨੀ ਦੇ ਫਾਡੀ ਹੋ ਕੇ ਹਾਰ ਜਾਣ ਵਿਚ ਸਾਇੰਸਦਾਨਾਂ ਦੀ ਜਮਹੂਰੀਅਤ-ਪ੍ਰਸਤੀ ਦਾ ਵੀ ਹੱਥ ਸੀ।

ਫਾਸ਼ਿਜ਼ਮ ਤਾਂ ਹਾਰ ਗਿਆ ਪਰ ਇਤਹਾਦੀ-ਜਮਹੂਰੀ ਕੈਂਪ ਦੇ ਆਪਣੇ ਅੰਦਰ ਕਲਹ-ਕਲੇਸ਼ ਦੀ ਸਿਹ ਦਾ ਤੱਕਲਾ ਗੱਡਿਆ ਗਿਆ। ਜਿਉਂ ਹੀ ਫਾਸ਼ਿਜ਼ਮ-ਵਿਰੋਧੀ ਕੈਂਪ ਦੀ ਜਿੱਤ ਹੋਈ, ਦੋ ਵੱਡੀਆ ਸ਼ਕਤੀਆਂ ; ਸੋਵੀਅਤ ਸੰਘ ਅਤੇ ਸੰਯੁਕਤ ਰਾਜ ਅਮਰੀਕਾ ਆਹਮੋ-ਸਾਮ੍ਹਣੇ ਹੋ ਕੇ ਬਾਹਾਂ ਛੁੰਗਣ ਅਤੇ ਬੱਕਰੇ ਬੁਲਾਉਣ ਲੱਗੀਆਂ। ਅਮਰੀਕਾ ਨੇ ਜਿੱਤੀ ਪਈ ਜੰਗ ਸਮੇਂ ਐਟਮ ਬੰਬ ਚਲਾ ਕੇ ਜਾਪਾਨੀ ਜੰਗੀ ਸ਼ਕਤੀ ਦਾ ਕੀਰਤਨ ਸੋਹਿਲਾ ਪੜ੍ਹ ਦਿੱਤਾ ਅਤੇ ਆਪਣੇ ਕੈਂਪ-ਸਾਥੀਆਂ ਉਪਰ ਜਬ੍ਹਾ ਬਿਠਾਉਣ ਦਾ ਯਤਨ ਕੀਤਾ। ਇੰਜ ਐਟਮੀ ਹਥਿਆਰਾਂ ਦੀ ਦੌੜ ਸ਼ੁਰੂ ਹੋ ਗਈ।

ਦੂਜੀ ਜੰਗ ਤੋਂ ਮਗਰੋਂ, ਇਕ ਪਾਸੇ ਯੂਰੇਨੀਅਮ ਅਤੇ ਰੇਡੀਅਮ ਜਿਹੇ ਖਣਿਜਾਂ ਤੋਂ ਵੀ ਵਧੀਆ, ਪ੍ਰਮਾਣੂ-ਵਿਕੇਂਦਰੀਕਰਨ ਅਤੇ ਵਿਸਫੋਟਣ ਦੇ ਮਾਧਿਅਮ ਲੱਭੇ ਗਏ। ਦੂਜੇ ਪਾਸੇ; ਅੰਤਰ-ਦੀਪੀ ਹਵਾਬਾਜ਼ੀ, ਅੰਤਰ-ਗ੍ਰਹਿ ਉੜਾਨ ਵਿਚ ਵਿਕਸਤ ਹੋ ਗਈ। ਅਤੇ ਜਦੋਂ ਇਨ੍ਹਾਂ ਦੋਹਾਂ ਯੁੱਧ-ਅੰਗਾਂ ਦਾ ਮੇਲ ਹੋਇਆ ਤਾਂ ਇਕ ਨਵੀਂ ਅਤੇ ਅੱਤ-ਜਟਿਲ ਯੁੱਧ-ਨੀਤੀ ਹੋਂਦ ਵਿਚ ਆਈ ਜਿਹੜੀ ਉੱਚੀ ਤਕਨੀਕ ਉਪਰ ਆਧਾਰਿਤ ਸੀ।

ਪਰ ਕਈ ਹਾਲਤਾਂ ਵਿਚ ਧਰਤੀ ਤੋਂ ਹਵਾਈ ਵਾਹਣਾਂ ਅਤੇ ਅਸਤ੍ਰਾਂ ਉਪਰ ਵਸੀਕਾਰ ਜ਼ਰੂਰੀ ਸੀ। ਅਤੇ ਜਦੋਂ ਐਨਜੀਨੀਰਿੰਗ ਅਤੇ ਸਾਇੰਸ ਦੇ ਸੁਮੇਲ ਤੋਂ ਉਪਜੀ ਸ੍ਵੈ-ਕਾਰਤਾ (automation) ਹਵਾਈ ਯੁੱਧ ਨੀਤੀ ਨਾਲ ਰਲੀ ਤਾਂ ਯੁੱਧ ਤਕਨੀਕ ਨੇ ਸਿਖਰ ਹੀ ਤਾਂ ਛੂਹ ਲਈ!

ਦੂਜੇ ਸੰਸਾਰ ਯੁੱਧ ਤੋਂ ਮਗਰੋਂ ਜੰਗੀ ਤਕਨੀਕ ਵਿਚ ਐਟਮੀ ਹਥਿਆਰਸਾਜ਼ੀ ਵਿਚ ਦੋਹੀਂ ਪਾਸੀਂ ਉਨੰਤੀ ਏਨੀ ਇਕ-ਸੇਧੀ ਅਤੇ ਨਾਲੋ-ਨਾਲ ਹੋਈ ਹੈ ਕਿ ਅੱਜ ਆਕ੍ਰਮਣਕਾਰੀ ਅਤੇ ਪ੍ਰਤੀ-ਰਖਿਆਕਾਰੀ ਅਤੇ ਨਾਲ ਹੀ ਨਿਰਪੱਖ ਰਾਜ ਅਤੇ ਲੋਕ ਵੀ ਇਕੋ ਵੇਲੇ ਭਸਮ ਹੋ ਸਕਦੇ ਹਨ।

ਇਸੇ ਲਈ ਕਈ ਵਿਚਾਰਕਾਂ ਦਾ ਇਹ ਮਤ ਬਣ ਗਿਆ ਹੈ ਕਿ ਅੱਜ ਸੰਸਾਰ-ਜੰਗ ਨ਼ਾ ਹੋਣ ਦਾ ਕਾਰਣ, ਜੰਗੀ ਤਕਨਾਲੋਜੀ ਦਾ ਇਸ ਸਿਖਰ ਉਪਰ ਆ ਪੁਜਣਾ ਹੈ। ਦੂਜੇ ਸ਼ਬਦਾਂ ਵਿਚ ਨਾਗਰਿਕਤਾ, ਪੂਰੀ ਤਰ੍ਹਾਂ ਸੈਨਿਕ-ਵਾਦ ਦੇ ਗ਼ਲਬੇ ਹੇਠ ਹੈ।

ਸੈਨਿਕਵਾਦ ਦਾ ਨਾਗਰਿਕਤਾ ਉਪਰ ਗ਼ਲਬਾ ਜੰਗੀ ਅਤੇ ਢਾਊ ਪੱਖ ਤੋਂ ਹੀ ਨਹੀਂ ਹੋਇਆ ਸਗੋਂ ਅਮਨ ਦੇ ਸਮੇਂ ਉਸਾਰੂ ਪੱਖ ਤੋਂ ਵੀ ਨਾਗਰਿਕਤਾ ਉਪਰ ਸੈਨਿਕਵਾਦ ਦਾ ਪ੍ਰਭਾਵ ਪਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜੀ ਜੰਗ ਸਮੇਂ ਇਤਹਾਦੀ ਫੌਜਾਂ ਦਾ ਦ੍ਰਿਸ਼ਟੀਕੋਣ ਸਿਹਤਮੰਦ ਕੌਮ ਪ੍ਰਸਤੀ ਅਤੇ ਅੰਤਰ-ਰਾਸ਼ਟਰੀ ਮੇਲ-ਮਿਲਾਪ ਦਾ ਰਿਹਾ । ਇਤਿਹਾਦੀ ਫੌਜੀ, ਯੂਰਪ ਵਿਚ ਇਕ ਦੂਜੇ ਦੀ ਧਰਤੀ ਉਪਰ ਰਲ ਕੇ ਲੜੇ ਅਤੇ ਲੋਕ-ਪ੍ਰਿਯ ਬਣੇ । ਇਨ੍ਹਾਂ ਦਿਨਾਂ ਵਿਚ ਸਮਾਜਵਾਦੀ ਦੇਸ਼ਾਂ ਵਿਚ ਤਾਂ ਗੁਰੀਲਾ ਜੰਗ ਦੀ ਤਕਨੀਕ; ਸੈਨਿਕਵਾਦ ਅਤੇ ਨਾਗਰਿਕਤਾ ਦਾ ਅਲੌਕਿਕ ਮੇਲ ਬਣ ਗਿਆ ਸੀ ।

ਜੰਗ ਜਿੱਤਣ ਸਮੇਂ ਤਾਂ ਸਿਪਾਹੀ ਹੀਰੋ ਬਣੇ ਹੀ ਸਨ । ਪਰ ਜੰਗ ਮਗਰੋਂ ਦੀ ਮੁੜ-ਉਸਾਰੀ ਸਮੇਂ ਵੀ ਉਨ੍ਹਾਂ ਕਾਫੀ ਹਿੱਸਾ ਪਾਇਆ । ਜੰਗ ਜਿੱਤਣ ਦੇ ਸਮੇਂ ਤਾਂ ਜੀਵਨ ਦੇ ਹਰ ਪਿੜ ਵਿਚੋਂ ਜਵਾਨਾਂ ਨੂੰ ਖਿੱਚ ਕੇ ਭਰਤੀ ਕਰਨਾ ਪਿਆ ਸੀ ਪਰ ਜੰਗ ਦੇ ਅੰਤਮ ਦਿਨੀਂ ਜਿੱਤ ਦੀ ਝਲਕ ਅਜੇ ਪਈ ਹੀ ਸੀ ਕਿ ਇਤਿਹਾਦੀ ਦੇਸ਼ਾਂ ਸਾਮ੍ਹਣੇ ਇਨ੍ਹਾਂ ਲੱਖਾਂ ਫੌਜੀਆਂ ਨੂੰ ਮੁੜ ਨਾਗਰਿਕ ਜੀਵਨ ਵਿਚ ਖਪਾਉਣ ਦੀ ਸਮੱਸਿਆ ਆ ਖੜੀ ਹੋਈ । ਯੁੱਧ ਕਲਾ ਵਿਚ ਕਾਰੀਗਰੀ ਅਤੇ ਕਲਰਕੀ ਤੋਂ ਲੈ ਕੇ ਐਨਜੀਨੀਅਰੀ ਅਤੇ ਤਕਨਾਲੋਜੀ ਨੇ ਆਪਣਾ ਥਾਂ ਬਣਾ ਲਿਆ ਸੀ । ਇਸੇ ਲਈ ਪੁਲ, ਰੇਲਾਂ, ਬਿਲਡਿੰਗਾਂ ਦੀ ਉਸਾਰੀ ਅਤੇ ਹੋਰ ਨਿਰਮਾਣ-ਕਾਰਜਾਂ ਵਿਚ ਫੌਜ ਦਾ ਕਾਫੀ ਭਾਗ ਖਪ ਗਿਆ ।

7780

ਫੌਜ ਦੀ ਆਪਣੀ ਸਮਾਜਕ ਚੇਤਨਾ ਵੀ ਦੂਜੀ ਜੰਗ ਦੇ ਸਮੇਂ ਵਿਚ ਬਹੁਤ ਵੱਧ ਗਈ ਸੀ । ਇਸ ਜੰਗ ਵਿਚ ਫਾਸ਼ਿਸ਼ਟ ਹਮਲੇ ਸਮੇਂ ਅਮਰੀਕਾ ਤੋਂ ਛੁੱਟ ਇਤਿਹਾਦੀ ਪ੍ਰਤੀ-ਰਖਿਆ ਦੀ ਸਥਿਤੀ ਵਿਚ ਸਨ । ਪ੍ਰਤੀ-ਰਖਿਆ ਅਤੇ ਦੇਸ਼ ਭਗਤੀ ਦੀਆਂ ਕੰਨੀਆਂ ਡਾਢੀਆਂ ਛੁਹੰਦੀਆਂ ਹਨ । ਫਾਸ਼ਿਸ਼ਟ ਦ੍ਰਿਸ਼ਟੀਕੋਣ ਅਤੇ ਕਰਤੂਤਾਂ ਦੇ ਟਾਕਰੇ 'ਤੇ ਪਰਜਾਤੰਤਰ ਦਾ ਪਰਚਾਰ ਅਤੇ ਮਨੁੱਖਵਾਦੀ ਵਤੀਰਾ ਅਪਨਾ ਕੇ ਹੀ ਜੰਗ ਜਿੱਤੀ ਜਾ ਸਕਦੀ ਸੀ । ਇਤਿਹਾਦੀ ਸ਼ਕਤੀਆਂ ਵਿਚੋਂ ਸੋਵੀਅਤ ਫੌਜੀ ਨੂੰ ਸੰਵਿਧਾਨਿਕ ਰੂਪ ਵਿਚ ਰਾਜਨੀਤਕ ਅਧਿਕਾਰ ਪ੍ਰਾਪਤ ਸਨ ਜਿਹੜੇ ਸਮਾਜਕ ਚੇਤੰਨਤਾ ਦੀ ਨੀਂਹ ਹਨ । ਬਾਕੀ ਇਤਿਹਾਦੀ ਫੌਜੀਆਂ ਨੇ ਪ੍ਰਸਪਰ ਸੰਪਰਕ ਅਤੇ ਕਈ ਦੇਸ਼ਾਂ ਅਤੇ ਸਭਿਆਚਾਰਾਂ ਦੇ ਵਿਵਸ਼-ਅਧਿਅਨ ਵਿਚੋਂ ਸਮਾਜਕ ਸੂਝ-ਬੂਝ ਹੀ ਪ੍ਰਾਪਤ ਕੀਤੀ ਸੀ ।

ਇਸ ਸਾਰੀ ਰਾਜਨੀਤਕ ਸੂਝ ਅਤੇ ਸਮਾਜਕ ਲੋਕ-ਪ੍ਰਿਯਤਾ ਸਦਕਾ ਕਈ ਫੌਜੀ ਵਿਅਕਤੀਆਂ ਨੇ ਰਾਜਨੀਤਕ ਮਹਤਤਾ ਪ੍ਰਾਪਤ ਕਰ ਲਈ । ਸਟਾਲਿਨ, ਈਜ਼ਨਹਾਵਰ, ਮਾਂਟਗੁਮਰੀ, ਜ਼ੁਕੋਵ, ਦਿਗਾਲ ਅਤੇ ਚਿਆਂਗ-ਕਾਈ-ਸ਼ੈਕ ਨੇ ਜੰਗ ਵਿਚ ਆਪਣੀ ਪ੍ਰਸਿੱਧਤਾ ਨੂੰ ਆਧਾਰ ਬਣਾ ਕੇ ਰਾਜਨੀਤੀ ਜਾਂ ਲੋਕ-ਪ੍ਰਿਯਤਾ ਦੀ ਸਿਖਰ ਨੂੰ ਜਾ ਛੋਹਿਆ ।

ਫੌਜ ਵਿਚ ਵੀ ਨਾਗਰਿਕ ਲੱਛਣ ਉਭਰੇ । ਇਹ ਲੱਛਣ ਦੂਜੀ ਜੰਗ ਵਿਚ, ਦ੍ਰਿਸ਼ਟੀਕੋਣ ਵਿਚ ਰਾਸ਼ਟਰਵਾਦ ਅਤੇ ਅੰਤਰ-ਰਾਸ਼ਟਰਵਾਦ ਦਾ ਆ ਜਾਣਾ ਹੀ ਨਹੀਂ ਦਰਸਾਉਂਦੇ, ਜਿਵੇਂ ਕਿ ਪਹਿਲਾਂ ਵਿਚਾਰ ਕੀਤੀ ਗਈ ਹੈ—ਸਗੋਂ ਸੈਨਿਕ ਕਾਰਜ ਦੀ ਸਮਰਥਾ ਵਿਚ ਵੀ ਸ਼ਾਮਲ ਕੀਤੇ ਗਏ ।

ਦੂਜੀ ਜੰਗ ਮਗਰੋਂ ਠੰਡੀ ਜੰਗ ਸ਼ੁਰੂ ਹੋ ਗਈ । ਠੰਡੀ ਜੰਗ ਕਿਸੇ ਸਮੇਂ ਵੀ ਤੱਤੀ ਜੰਗ ਵਿਚ ਬਦਲ ਸਕਦੀ ਸੀ । ਇਸ ਲਈ ਲੜਾਈ ਨਾ ਹੁੰਦਿਆਂ ਵੀ ਤਿੰਨ ਦਹਾਕਿਆਂ ਤੋਂ ਵੱਧ ਹਾਲਤ ਲੜਾਈ ਦੀ ਬਣੀ ਰਹੀ । ਇਸ ਦਾ ਅਰਥ ਸੀ ਕਿ ਜੰਗ ਤੋਂ ਬਿਨਾਂ ਹੀ ਫੌਜਾਂ ਤਿਆਰ-ਬਰ-ਤਿਆਰ ਰਹਿਣ । ਮੋਰਚੇ ਉਪਰ ਗੋਲੀ ਦਾਗਣ ਤੋਂ ਬਿਨਾਂ ਫੌਜ ਦੇ ਕਈ ਵਿਭਾਗ ਨਾਗਰਿਕ ਕੰਮਾਂ ਦੇ ਯੋਗ ਹੁੰਦੇ ਹਨ । ਇਸ ਲਈ ਜੰਗ ਮਗਰੋਂ ਭੂਚਾਲ ਤੇ ਹੜ-ਪੀੜਤਾਂ ਦੀ ਸਹਾਇਤਾ, ਇਮਾਰਤਸਾਜ਼ੀ, ਪੁਲਾਂ, ਬੰਧਾਂ ਅਤੇ ਇਕ ਹੱਦ ਤੱਕ ਸਨੱਅਤੀ

CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਮੁੜ-ਉਸਾਰੀ ਵਿਚ ਯੂਰਪ ਦੀਆਂ ਬਹੁਤੀਆਂ ਫੌਜਾਂ ਨੇ ਹਿੱਸਾ ਪਾਇਆ। ਜੰਗ ਨੇ ਲੋਕ-ਪ੍ਰਿਯ ਜਰਨੈਲਾਂ ਨੂੰ ਹੀ ਰਾਜਨੀਤੀ ਵਿਚ ਨਹੀਂ ਲਿਆਂਦਾ ਸਗੋਂ ਜੰਗੀ ਰੁਚੀਆਂ ਵਾਲੇ ਸਿਆਸਤਦਾਨਾਂ ਨਾਲ ਵੀ ਹੀਰੋ ਦੀਆਂ ਰਵਾਇਤਾਂ ਜੁੜ ਗਈਆਂ।

ਜੰਗ ਨੇ ਯੂਰਪੀ ਜਨਤਾ ਉਪਰ ਖਾਸ ਕਰ ਅਤੇ ਕੁਲ ਲੁਕਾਈ ਉਪਰ ਆਮ ਤੌਰ ਤੇ ਬੜਾ ਭਿਆਨਕ ਅਸਰ ਛੱਡਿਆ। ਜੰਗ ਮਗਰੋਂ, ਸਾਮਰਾਜ ਦੇ ਨਾਲ-ਨਾਲ ਉਭਰਦੀ ਸ਼ਕਤੀ ਸਮਾਜਵਾਦ ਦੀ ਸੀ ਅਤੇ ਹਰ ਯੁਗ ਦੀ ਉਭਰਦੀ ਸ਼ਕਤੀ ਵਾਂਗ ਸਮਾਜਵਾਦ ਨੇ ਜੰਗ-ਵਿਰੋਧੀ ਜਜ਼ਬੇ ਨੂੰ ਲਹਿਰ ਦਾ ਰੂਪ ਦੇਣ ਵਿਚ ਪਹਿਲ ਕੀਤੀ।

ਪਰ ਠੰਡੀ ਜੰਗ ਦੀ ਜਿੱਤ-ਮ-ਜਿੱਤ ਵਿਚ ਇਤਹਾਦੀ ਦੇਸ਼ਾਂ ਦੀਆਂ ਦੋਹਾਂ—ਸਾਮਰਾਜਵਾਦ ਅਤੇ ਸਮਾਜਵਾਦੀ—ਧਿਰਾਂ ਵਿਚ ਆਰਥਕਤਾ ਅਤੇ ਉਦਯੋਗਾਂ ਨੂੰ ਜੰਗੀ ਬਣਾ ਦਿਤਾ। ਸ਼ਾਂਤੀ-ਪ੍ਰੇਮੀ ਨਾਗਰਿਕ ਰੁਚੀਆਂ ਨੇ ਫੌਜੀ ਸਿਆਸਤਦਾਨਾਂ ਨੂੰ ਤਾਂ ਪਿਛੇ ਪਾ ਦਿੱਤਾ ਜੇਤੂ ਦੇਸ਼ਾਂ ਵਿਚ ਸਮਾਜਕ ਅਤੇ ਰਾਜਨੀਤਕ ਠੁਕ ਨਹੀਂ ਸੀ ਬੱਝਾ। ਇਸ ਲਈ ਕੁੱਝ ਥਾਵਾਂ ਤੇ ਰਾਜਨੀਤੀ, ਤਿਗੜਮਬਾਜ਼ੀ ਅਤੇ ਪਾਰਟੀਬਾਜ਼ੀ ਦੀ ਬੇ ਅਸੂਲੀ ਅਤੇ ਗੰਦੀ ਖੇਡ ਬਣ ਕੇ ਰਹਿ ਗਈ ਅਤੇ ਆਮ ਲੋਕਾਂ ਉਪਰ ਆਰਥਕ ਦਬਾਅ ਵਧ ਗਿਆ।

ਇਸ ਨਾਲ ਨਵ-ਸੁਤੰਤਰ ਦੇਸਾਂ ਵਿਜ ਸੈਨਿਕ ਰਾਜ-ਪਲਟਿਆਂ ਦੀ ਸੰਭਾਵਨਾ ਵਧੀ ਅਤੇ ਸੈਨਿਕ ਡਿਕਟੇਟਰਸ਼ਿਪ ਦੀਆਂ ਨੀਹਾਂ ਬੱਝੀਆਂ।

ਕੁੱਝ ਹੋਰ ਵੀ ਕਾਰਨ ਸਨ ਜਿਨ੍ਹਾਂ ਦੇ ਆਧਾਰ 'ਤੇ ਫੌਜ ਦੀ ਸਮਾਜ, ਰਾਜਨੀਤੀ ਅਤੇ ਖੁਦ ਰਾਜ-ਸੱਤਾ ਵਿਚ ਮਹਤਤਾ ਵੱਧ ਗਈ।

ਅਸਥਿਰ ਰਾਜਨੀਤਕ ਹਾਲਾਤ ਵਿਚ, ਨਵੇਂ ਪਾਰਲੀਮੈਂਟਰੀ ਪਰਜਾ-ਤੰਤਰਾਂ ਵਿਚ ਬਹੁਮਤ ਪਾਰਟੀਆਂ ਪੱਕੇ-ਪੈਰੀਂ ਨ ਰਹੀਆਂ। ਪਾਰਟੀਆਂ ਦੀ ਗਿਣਤੀ ਕਈ ਰਜਾਂ ਵਿਚ ਦੋ ਤੋਂ ਕਿਤੇ ਉਪਰ ਵੱਧ ਕਈ। ਕੋਲੀਸ਼ਨ ਸਰਕਾਰਾਂ ਦੀ ਸੰਭਾਵਾਨਾ ਵਿਚ ਤਿਗੜਮ ਬਾਜ਼ੀ ਹੋਰ ਵੱਧ ਗਈ। ਰਾਜਨੀਤਕ ਤਿਗੜਮਬਾਜ਼ੀ ਸਮੇਂ ਸਿਆਸਤਦਾਨਾਂ ਨੇ ਆਪ ਫੌਜ ਦੀ ਸਹਾਇਤਾ ਲੀਤੀ ਅਤੇ ਕਈ ਥਾਂਵਾਂ ਤੇ ਫੌਜ ਦੀ ਪਿੱਠ ਠੋਕੀ। ਇੰਜ, ਫੌਜ ਨੂੰ ਰਾਜਨੀਤੀ ਤੋਂ ਵੱਖ ਰਖਣ ਦੀ ਪ੍ਰਸ਼ਾਸਨਿਕ ਪਰੰਪਰਾ, ਰਾਜਨੀਤੀ ਹੱਥੋਂ ਛੁੱਟ ਗਈ। ਸਪਸ਼ਟ ਹੈ ਕਿ ਅਜਿਹੇ ਹਾਲਾਤ ਵਿਚ ਰਾਜਨੀਤੀਕ ਹਿਤਾਂ ਲਈ ਫੌਜੀ ਹਮਾਇਤ ਦੀ ਹੀ ਵਰਤੋਂ ਨਾ ਹੋਈ ਸਗੋਂ ਸੈਨਿਕ ਸੇਵਾਵਾਂ ਵੀ ਰਾਜਨੀਤੀਕ੍ਰਿਤ ਹੋ ਗਈਆਂ।

ਸਾਇੰਸ ਦੀ ਉੱਨਤੀ ਕਾਰਨ ਦੇਸ਼ਾਂ ਵਿਚ ਖਾਲਸ ਅੰਦਰਲੇ ਵਸੀਲਿਆਂ ਅਤੇ ਸ਼ਕਤੀਆਂ ਦੇ ਆਧਾਰ ਹਿੰਸਕ ਰਾਜਨੀਤਕ ਤਬਦੀਲੀ ਅਗੇ ਨਾਲੋਂ ਕਿਤੇ ਵੱਧ ਔਖੀ ਹੋ ਗਈ ਹੈ। ਪਰਜਾਤੰਤਰ ਦੀਆਂ ਰਹੁ-ਰੀਤਾਂ ਦੇ ਅੰਦਰ ਰਹਿ ਕੇ ਲੋਕ-ਪੱਖੀ ਜਾਂ ਹਿੰਸਕ ਸੇਧ ਫੜਦੀ ਕੋਈ ਲਹਿਰ ਚਲ ਪਵੇ ਤਾਂ ਸਰਕਾਰੀ ਅਜਿਹੇ ਸਸ਼ਤ੍ਰ-ਅਸਤ੍ਰ ਵੀ ਬਣਾ ਲਏ ਗਏ ਕਿ ਜ਼ਖਮ ਅਤੇ ਮੌਤ ਤੋਂ ਬਚਾ ਕੇ ਵੀ 'ਹਿੰਸਕ ਅਤੇ ਅਰਧ-ਹਿੰਸਕ ਪਰਜਾਤੰਤਰੀ ਦਮਨ ਨਾਲ ਲੋਕਾਂ ਨੂੰ ਖਿੰਡਾਇਆ ਜਾ ਸਕੇ ਅਜਿਹੇ ਅਹਿੰਸਕ ਤੇ ਹਿੰਸਕ ਲੋਕ-ਉਭਾਰਾਂ ਵਿਰੁਧ ਫੌਜ ਦੀ ਬਹੁਤੀ ਜਾਂ ਲਗਾਤਾਰ ਵਰਤੋਂ ਫੌਜ ਨੂੰ ਪਰਜਾਤੰਤਰ ਦੀਆਂ ਕਮਜ਼ੋਰੀਆਂ ਦਸਦੀ ਹੈ। ਸੂਚਨਾ, ਪ੍ਰਸਾਰ ਅਤੇ ਆਵਾਜਾਈ ਦੇ ਵਸੀਲੇ ਬਹੁਤੇ ਅਤੇ ਤਿੱਖੇ ਹੋ ਜਾਣ ਕਾਰਨ ਲੋਕ-ਲਹਿਰਾਂ ਦਾ ਕੇਂਦਰੀਕਰਨ ਪਹਿਲਾਂ ਤੋਂ ਕਿਤੇ ਵੱਧ ਔਖਾ ਅਤੇ ਪ੍ਰਭਾਵ-ਹੀਣ ਹੋ ਗਿਆ ਹੈ। ਦੂਜੇ ਪਾਸੇ ਉਪਰੋਕਤ ਕੁੱਝ ਕਾਰਨਾਂ ਫੌਜ ਦੇ ਵੱਧ ਅਤੇ ਬਾਕੀ ਯੋਗਤਾ-ਖੇਤਰ ਵਿਚ ਆ ਜਾਣ ਕਾਰਨ ਫੌਜ ਵਲੋਂ ਰਾਜ-ਪਲਟਾ (Coupe-de-etate)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਤੇ ਵੱਧ ਸੌਖਾ ਹੋ ਗਿਆ ਹੈ । ਇਸੇ ਲਈ ਸ਼ਾਇਦ ਦੂਜੀ ਜੰਗ ਮਗਰੋਂ ਨਿਪਟ ਫੌਜੀ ਰਾਜ-ਪਲਟੇ ਏਨੇ ਹੋਏ ਹਨ ਜਿੰਨੇ ਕਿ ਏਨੇ ਥੋੜ੍ਹੇ ਸਮੇਂ ਵਿਚ ਪਹਿਲਾਂ ਕਦੇ ਸੰਭਵ ਨਹੀਂ ਸਨ । ਸਾਮਜਵਾਦੀ ਦੇਸਾਂ—ਖਾਸਕਰ, ਸੋਵੀਅਤ ਯੂਨੀਅਨ ਵਿਚ ਫੌਜੀ ਸ਼ਕਤੀ, ਜਿਸ ਦਾ ਰਾਜਨੀਤੀਕਰਨ, ਇਤਹਾਸਕ-ਸਿਧਾਂਤਕ ਲੋੜਾਂ ਕਾਰਣ ਮੁਢ ਵਿਚ ਹੀ ਹੋ ਗਿਆ ਸੀ—ਸੱਤਾ ਵਿਚ ਆ ਜਾਣ ਕਾਰਣ ਸੈਨਕ ਸ਼ਕਤੀ ਰਾਜਨੀਤਕ ਸ਼ਕਤੀ ਵਜੋਂ ਵੀ ਉਭਰੀ ਜਿਸ ਦਾ ਪ੍ਰਸ਼ਾਸਨ ਸਰਕਾਰ ਚਲਾਉਣ ਵਿਚ ਰੋਲ ਮਹਤਵਪੂਰਣ ਹੱਦ ਤਕ ਵਧਿਆ ।

ਫੌਜੀ ਰਾਜ-ਪਲਟੇ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਜਨਤਕ ਹਮਾਇਤ ਜਾਂ ਉਭਾਰ ਦੀ ਲੋੜ ਨਹੀਂ—ਛੋਟੇ ਜਿਹੇ ਦਾਇਰੇ ਵਿਚ ਵਿਚਾਰ-ਵਟਾਂਦਰੇ ਜਾਂ ਕੰਨਾਂ-ਘੁਰਕੀ ਨਾਲ ਯੋਜਨਾ ਬਣ ਜਾਂਦੀ ਹੈ । ਪਰ ਗੱਲ ਛੋਟੇ ਦਾਇਰੇ ਵੱਲ ਨੂੰ ਤੁਰ ਪਏ ਤਾਂ ਫੌਜ ਅੰਦਰ ਵੀ ਵਧੇਰੇ ਮਹਤੱਵ ਪੂਰਨ 'ਪੁਜ਼ੀਸ਼ਨ' ਜਾਂ ਸ਼ਸਤ੍ਰਾਂ ਵਾਲੀ ਫੌਜੀ ਟੁਕੜੀ ਰਾਜ-ਪਲਟੇ ਨਾਲ ਬਣੀ ਫੌਜੀ ਸਰਕਾਰ ਵਿਰੁਧ ਮੁੜ- ਰਾਜ-ਪਲਟਾ ਕਰ ਸਕਦੀ ਹੈ ।

ਉਪਰੋਕਤ ਦੋਹਾਂ ਭਾਂਤਾਂ ਦੇ ਰਾਜ-ਪਲਟੇ ਪਿਛਲੇ ਸਾਲਾਂ ਵਿਚ ਵਧੇ ਹਨ । ਇਸ ਸਾਂਝੇ ਖਤਰੇ ਨੂੰ ਦੇਖ ਕੇ ਕੁਝ ਪਰਜਾਤੰਤਰਾਂ ਵਿਚ ਸਿਆਸਤਦਾਨਾਂ ਨੇ ਫੌਜਾਂ ਦੇ ਸਾਂਝੇ ਅਤੇ ਪ੍ਰਮੁੱਖ ਕਮਾਂਡਰਾਂ ਜਾਂ ਕਮਾਨਾਂ ਨੂੰ ਹਟਾ ਕੇ ਵਿਭਾਗੀਕਰਨ ਵੀ ਕੀਤਾ ਹੈ ।

ਦੂਜੀ ਜੰਗ ਮਗਰੋਂ ਵੱਡੀਆਂ ਸ਼ਕਤੀਆਂ ਦੀ ਤਿਆਰ-ਬਰ-ਤਿਆਰ ਅਵਸਥਾ ਨੂੰ ਸਰਬਨਾਸ਼ਕ ਜੰਗ ਤੋਂ ਰੋਕਣ ਦੇ ਯਤਨਾਂ ਵਿਚੋਂ ਇਕੋ-ਇਕ ਅੰਤਰਰਾਸ਼ਟਰੀ ਹਾਂ-ਪੱਖੀ ਸੁਝਾਵ-ਸਹਿਹੋਂਦ ਲੱਭਾ ਹੈ ।ਸਹਿਹੋਂਦ ਦੀ ਸੈਨਿਕਵਾਦੀ ਰਾਜ-ਪਲਟੇ ਵਿਚ ਵੀ ਇਕ ਮਹਤਤਾ ਹੈ ।

ਜੇ ਕਿਸੇ ਦੇਸ਼ ਵਿਚ ਕੋਈ ਸੈਨਿਕ ਰਾਜ-ਪਲਟਾ ਹੋ ਜਾਵੇ (ਭਾਵੇਂ ਇਸ ਨੂੰ ਸ਼ਹਿ ਸਹਾਇਤਾ ਜਾਂ ਹਮਦਰਦੀ ਦੇਣ ਵਾਲੀ ਕੋਈ ਅੰਤਰਰਾਸ਼ਟਰੀ ਸਿਖਰ-ਸ਼ਕਤੀ ਹੀ ਹੋਵੇ) ਤਾਂ ਸਹਿਹੋਂਦ ਨੂੰ ਮੁਖ ਰੱਖ ਕੇ ਇਸ ਵਿਚ ਬਾਹਰੋਂ ਅਤੇ ਨੰਗਾ ਕੋਈ ਦਖ਼ਲ ਨਹੀਂ ਦਿੱਤਾ ਜਾ ਸਕਦਾ । ਦੂਜੇ ਪਾਸੇ, ਸੁਆਦਲੀ ਅਸਲੀਅਤ ਇਹ ਹੈ ਕਿ ਸੈਨਿਕ ਰਾਜ-ਪਲਟੇ ਮਗਰੋਂ ਸਥਾਪਿਤ ਹਰ ਸਰਕਾਰ ਕਥਨੀ ਵਿਚ ਆਪਣੀ ਅੰਤਰ-ਰਾਸ਼ਟਰੀ ਨੀਤੀ ਨੂੰ ਨਿਰਪੱਖ ਰੱਖਣ ਤੇ ਮਜਬੂਰ ਹੈ ।

ਪਰ ਕੌੜੀ ਅਸਲੀਅਤ ਇਹ ਹੈ ਕਿ ਸੈਨਿਕਵਾਦੀ ਰਾਜ-ਪਲਟਾ ਭਾਵੇਂ ਉਹ ਅੰਦਰਲੀ ਰਾਜਨੀਤਕ ਜਾਂ ਆਰਥਕ ਅਸਥਿਰਤਾ ਤੋਂ ਪੈਦਾ ਹੋਵੇ ਜਾਂ ਅੰਤਰ-ਰਾਸ਼ਟਰੀ ਸ਼ਹਿ-ਸਹਾਇਤਾ ਨਾਲ, ਸਾਮਰਾਜੀ ਝੁਕਾਵਾਂ ਵਾਲਾ ਹੋਵੇ ਜਾਂ ਸਾਮਵਾਦੀ ਪ੍ਰਵ੍ਰਿਤੀਆਂ ਵਾਲਾ ; ਇਹ ਆਪਣੇ ਅਸਲੇ ਵਿਚ, ਗੈਰ-ਪਰਜਾ-ਤੰਤਰੀ, ਆਪਣੇ ਵਤੀਰੇ ਵਿਚ ਅਨ-ਜਨਤਕ, ਕਥਨੀ ਵਿਚ ਸਪਸ਼ਟ ਤੋਂ ਲੈ ਕੇ ਮੂੰਹ-ਫੱਟ ਤੱਕ ਅਤੇ ਕਰਨੀ ਵਿਚ ਝਟਪਟਾ ਤੇ ਕੱਟਰ ਹੁੰਦਾ ਹੈ ।

ਨਾਲ ਹੀ ਸੰਬਾਦਕ ਅਸਲੀਅਤ ਇਹ ਹੈ ਕਿ ਸੈਨਿਕਵਾਦ ਪਰਜਾਤੰਤਰ ਦੇ ਵਿਕਾਰਾਂ ਵਿਗਾੜਾਂ ਤੋਂ ਪੈਦਾ ਹੁੰਦਾ ਹੈ—ਸਰਕਾਰ ਜਾਂ ਰਾਜ-ਸੱਤਾ ਉਪਰ ਇਕ ਜਾਂ ਪੂਰਣ ਹੱਦ ਤੱਕ ਕਬਜ਼ਾ ਕਰ ਸਕਦਾ ਹੈ ਪਰ ਇਕ ਸਮੇਂ ਮਗਰੋਂ ਇਸ ਨੂੰ ਨਾਗਰਿਕਤਾ ਵਿਚ ਆਪਣਾ ਆਪ ਲੀਣ ਕਰਨਾ ਪੈ ਜਾਂਦਾ ਹੈ ।

ਸੈਨਿਕਵਾਦ, ਨਾਗਰਿਕਤਾ ਦੀ ਭਟਕਣ ਹੈ । ਨਾਗਰਿਕਤਾ, ਸੈਨਿਕਵਾਦ ਦਾ ਅੰਤ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਲਕੇ-ਫੁਲਕੇ ਲੇਖ

'' ਆਮ ਤੌਰ ਤੇ ਦੋ ਅਕਸੀ-ਸ਼ੀਸ਼ਿਆਂ ਵਾਲੇ ਕਲੇਈਡੋਸਕੋਪ ਹੀ ਮਿਲਦੇ ਹਨ ।
ਇਹ ਬਾਜ਼ਾਰ ਵਿਚ ਆਮ ਮਿਲ ਜਾਂਦੇ ਹਨ ।
....ਦੋਵੇਂ ਅਕਸੀ-ਸ਼ੀਸ਼ੇ ਜਾਗਿਆਸਾ ਜਾਂ ਅਭਿਆਸ ਅਤੇ ਭਾਵੁਕਤਾ ਹਨ ।
....ਤਿੰਨ ਸ਼ੀਸ਼ਿਆਂ ਵਾਲੇ ਕਲੇਈਡੋਸਕੋਪ ਦੀਆਂ ਰਚਨਾਵਾਂ
ਕਈਆਂ ਨੂੰ ਬੋਝਲ ਜਾਪਦੀਆਂ ਹਨ ।
ਪਰ ਮੇਰੀਆਂ ਅੱਖਾਂ ਨੂੰ
ਤਿੰਨਾਂ ਹੀ ਸ਼ੀਸ਼ਿਆਂ ਵਾਲਾ ਕਲੇਈਡੋਸਕੋਪ ਭਾਉਂਦਾ ਹੈ ।
ਆਪਣੀ-ਆਪਣੀ ਅਕਲ ਹੈ; ਆਪਣੀ-ਆਪਣੀ ਪਾਚਣ-ਸ਼ਕਤੀ ।
ਤੀਜਾ ਸ਼ੀਸ਼ਾ,
ਸ਼ਿਵਮ ਦੀ ਤੀਜੀ ਅੱਖ ਵਾਂਗ ਸੂਝ ਦਾ ਹੈ ।''

ਸਾਹਿਤ ਅਤੇ ਹੋਮਿਓਪੈਥੀ

ਅੱਜ ਤਕ ਦੇ ਮਨੁੱਖੀ ਗਿਆਨ ਮੁਤਾਬਿਕ ਇਕ ਵਸਤ ਦੀ ਦੂਜੀ ਨਾਲੋਂ ਭਿੰਨਤਾ ਹੈ, ਫਰਕ ਹੈ ਤੇ ਬੁਨਿਆਦੀ ਤੌਰ ਤੇ ਵਿਰੋਧ ਹੈ । ਵਸਤਾਂ ਅਤੇ ਵਸਤਾਂ ਤੋਂ ਉਪਜੇ ਮਨੁੱਖੀ ਵਿਚਾਰ ਅਤੇ ਗਿਆਨ, ਸਭ ਕੁਦਰਤ ਦਾ ਹੀ ਇਕ ਤਰ੍ਹਾਂ ਵਰਤਾਰਾ ਹਨ । ਅਤੇ ਕੁਦਰਤ ਨੂੰ ਵਿਰੋਧਤਾਈਆਂ ਦਾ ਸਮਾਗਮ ਬੜਾ ਪਿਆਰਾ ਲਗਦਾ ਹੈ । ਦੂਜੇ ਸ਼ਬਦਾਂ ਵਿੱਚ, ਇੱਕ ਤੇ ਦੂਜੀ ਵਸਤ ਜਾਂ ਗਿਆਨ ਵਿਚਕਾਰ ਕਿਸੇ ਥਾਂ ਤੇ ਘੱਟ ਜਾਂ ਵੱਧ ਮੇਲ, ਸਾਂਝ ਜਾਂ ਸੁਮੇਲ ਹੋ ਸਕਦਾ ਹੈ । ਕੁਝ ਇੰਜ ਹੀ, ਸਾਹਿਤ ਤੇ ਹੋਮਿਓਪੈਥੀ ਵਿਚ ਕੁਝ ਸਾਂਝ ਤੇ ਕੋਈ ਮੇਲ ਹੈ ।

ਸਾਡਾ ਜੀਵਨ, ਸਾਡੀ ਮੌਤ ਦੀ ਵਿਰੋਧਤਾਈ ਹੈ; ਇਸ ਦਾ ਪ੍ਰਤੀਦ੍ਵੰਦ ਹੈ । ਸਾਡੀਆਂ ਲੋੜਾਂ, ਥੋੜਾਂ ਤੇ ਹਰਖ-ਸੋਗ ਜੀਵਨ ਦਾ ਪ੍ਰਤੀਕਰਮ ਹਨ; ਸਗੋਂ ਪ੍ਰਤੀਦ੍ਵੰਦ ਹਨ । ਲੋੜਾਂ-ਥੋੜਾਂ ਦੇ ਅਹਿਸਾਸ ਤੇ ਹਰਖ-ਸੋਗ ਦੇ ਜਜ਼ਬੇ, ਅੱਗੋਂ ਆਪਣੇ ਪ੍ਰਤੀਦ੍ਵੰਦ ; ਸਾਹਿਤ, ਨੂੰ ਜਨਮ ਦਿੰਦੇ ਹਨ । ਸਾਹਿਤ, ਜੀਵਨ ਦਾ ਪ੍ਰਤੀਕਰਮ, ਹੁੰਦਾ ਹੋਇਆ, ਇਸ ਨੂੰ ਉੱਚਾ, ਸੁੰਦਰ ਤੇ ਰਸ-ਭਿੰਨਾ ਬਣਾਉਂਦਾ ਤੇ ਨਵਾਂ ਨਰੋਆ ਰਖਦਾ ਹੈ ।

ਮਾਨਸਿਕ ਪੱਖ ਤੋਂ ਛੁੱਟ, ਜੀਵਨ ਦਾ ਨਿਪਟ ਸਰੀਰਕ ਪ੍ਰਤੀਦ੍ਵੰਦ ਬਿਮਾਰੀ ਹੈ । ਬਿਮਾਰੀ, ਅਗੋਂ ਮੌਤ ਦਾ ਦਿੱਸ-ਆਉਂਦਾ ਰਾਹ ਹੋਣ ਕਾਰਣ ਇਕ ਤਰ੍ਹਾਂ ਜੀਵਨ ਦੀ ਵਿਰੋਧਤਾ ਹੈ । ਬਿਮਾਰੀ ਦਾ ਪ੍ਰਤੀਕਰਮ, ਪਰਹੇਜ਼ ਅਤੇ ਲੰਮੇ ਮਨੁੱਖੀ ਤਜਰਬਿਆਂ ਉਤੇ ਆਧਾਰਤ ਇਲਾਜ ਹੈ । ਹੋਮਿਓਪੈਥੀ, ਇਲਾਜਾਂ ਵਿਚੋਂ ਇਕ ਅਜਿਹਾ ਇਲਾਜ ਹੈ ਜੋ ਸਰੀਰਕ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਨਸਿਕ, ਦੋਹਾਂ ਪੱਖਾਂ ਨੂੰ ਸਾਹਮਣੇ ਰੱਖ ਕੇ ਮਨੁੱਖੀ ਜੀਵਨ ਨੂੰ ਅਰੋਗ ਕਰਦਾ ਹੈ ।

ਮਨੁੱਖ ਦੀਆਂ ਕਈ ਲੋੜਾਂ ਤੇ ਥੋੜਾਂ ਪੂਰੀਆਂ ਨਹੀਂ ਹੁੰਦੀਆਂ, ਕਈ ਚਾਹਾਂ ਉਭਾਸਰ ਨਹੀਂ ਸਕਦੀਆਂ, ਕਈ ਜਜ਼ਬੇ ਚਿੱਥੇ-ਮਿੱਧੇ ਜਾਂਦੇ ਹਨ । ਨਤੀਜੇ ਵਜੋਂ ਕਈ ਮਾਨਸਕ ਤੇ ਮਨੋਵਿਗਿਆਨਕ ਗੜਬੜਾਂ ਜਾਂ ਵਿਕਾਰ (disorders), ਗੁੰਝਲਾਂ, ਉਲੇਲਾਂ, ਉਲਾਰਾਂ ਤੇ ਭੜਕਾਹਟਾਂ (complexes, crazes, vimsicalities and perversions) ਦਾ ਰੂਪ ਧਾਰ ਕੇ ਮਨੁੱਖੀ ਜੀਵਨ ਵਿੱਚ ਆਉਂਦੀਆਂ ਹਨ । ਤਾਂ ਵੀ ਮਨੁੱਖੀ ਮਨ ਵਿੱਚ ਉਨਾ ਚਿਰ ਸੋਚਾਂ ਤੇ ਕਦਰਾਂ ਦੀਆਂ ਬੁਨਿਆਦੀ ਸ਼ਕਤੀਆਂ ਕਮਜ਼ੋਰ ਜਾਂ ਦੱਬੀ ਹੋਈ ਹਾਲਤ ਵਿੱਚ ਟਿਕੀਆਂ ਰਹਿੰਦੀਆਂ ਹਨ ਜਦ ਤਕ ਕਿ ਮਨੁੱਖ ਪਾਗ਼ਲ ਨਾ ਹੋ ਜਾਏ । ਸਾਹਿਤ ਦਾ ਕੰਮ ਆਪਣੇ ਵੱਖ-ਵੱਖ ਅੰਗਾਂ ਤੇ ਗੁਣਾਂ ਨਾਲ ਇਨ੍ਹਾਂ ਬੁਨਿਆਦੀ ਕਦਰਾਂ ਤੇ ਮਾਨਸਕ ਸ਼ਕਤੀਆਂ ਨੂੰ ਜਗਾਉਣਾ, ਤਕੜੇ ਬਣਾਉਣਾ ਤੇ ਮਾਨਸਕ ਵਿਕਾਰਾਂ ਨੂੰ ਖ਼ਤਮ ਕਰਨਾ ਹੈ । ਫ਼ਿਲਾਸਫ਼ੀ, ਧਰਮ-ਸ਼ਾਸਤ੍ਰ ਤੇ ਧਾਰਮਿਕ-ਰਾਜਨੀਤਕ ਲੈਕਚਰ ਵੀ ਇਨ੍ਹਾਂ ਮਾਨਸਕ ਵਿਕਾਰਾਂ ਦਾ ਇਲਾਜ ਸਮਝੇ ਜਾਂਦੇ ਹਨ । ਇਹ ਇਲਾਜ ਮਾਨਸਕ ਵਿਕਾਰਾਂ ਨੂੰ ਆਪਣੇ ਤਰਕ ਤੇ ਸ਼ਕਤੀ ਨਾਲ ਦਬਾ ਤਾਂ ਸਕਦੇ ਹਨ ਪਰ ਬੁਨਿਆਦੀ ਮਨੁੱਖੀ ਚੇਤਨਾ ਨੂੰ ਸੁਰਜੀਤ ਕਰ ਦੇਣ ਦੀ ਇਨ੍ਹਾਂ ਤੋਂ ਪੂਰੀ ਆਸ ਨਹੀਂ ਰੱਖੀ ਜਾ ਸਕਦੀ । ਸਗੋਂ ਚੇਤਨ ਮਨ ਦੇ ਦਬਾਏ ਗਏ ਵਿਕਾਰ ਕਈ ਵਾਰੀ, ਅਰਧ-ਚੇਤਨ ਮਨ ਰਾਹੀਂ ਬੜੇ ਗੁੰਝਲਦਾਰ ਰੂਪ ਧਾਰ ਕੇ ਪਰਗਟ ਹੋ ਆਉਂਦੇ ਹਨ ।

ਸ਼ਰੀਰਕ ਜੀਵਨ ਵਿਚ ਮਨੁੱਖ, ਆਰਥਕ ਜਾਂ ਹਾਲਾਤ ਦੀਆਂ ਮਜਬੂਰੀਆਂ ਕਾਰਣ ਤੇ ਕਈ ਵਾਰ ਸੁਆਦਾਂ ਪਿੱਛੇ ਲਗ ਕੇ ਬਿਮਾਰੀਆਂ ਸਹੇੜ ਲੈਂਦਾ ਹੈ ਜਾਂ ਹਵਾ, ਪਾਣੀ ਅਤੇ ਖਾਧ-ਪਦਾਰਥਾਂ ਦੇ ਜ਼ਹਿਰੀਲੇ ਹੋ ਜਾਣ ਕਾਰਣ, ਮਹਾਂਮਾਰੀਆਂ ਵਿੱਚ ਗ੍ਰਸਿਆ ਜਾਂਦਾ ਹੈ । ਜੇ ਇਨ੍ਹਾਂ ਬਿਮਾਰੀਆਂ ਦਾ ਇਲਾਜ ਨਾ ਕੀਤਾ ਜਾਏ ਤਾਂ ਰੋਗੀ ਦੀ ਜਾਨ ਜਾਂ ਸਿਹਤ ਖ਼ਤਰੇ ਵਿਚ ਪੈ ਜਾਂਦੀ ਹੈ । ਹੋਮਿਓਪੈਥੀ, ਪਰਮਾਰਥ ਜਾਂ ਫ਼ਿਲਾਸਫ਼ੀ ਵਾਂਗ ਬਿਮਾਰੀਆਂ ਨੂੰ ਟੀਕਿਆਂ, ਐਸਪਰੀਨਾਂ, ਬਾਇਓ-ਕੈਮਿਕ ਦੁਆਈਆਂ ਦੇ ਕੱਚੇ-ਰੂਪਾਂ ਤੇ ਵਡੀਆਂ ਖ਼ੁਰਾਕਾਂ ਨਾਲ ਦਬਾਉਂਦੀ ਨਹੀਂ ਸਗੋਂ ਸਾਹਿਤ ਵਾਂਗ ਮਨੁੱਖ ਦੀਆਂ ਅੰਦਰਲੀਆਂ ਜੀਵਨ-ਸ਼ਕਤੀਆਂ (vital forces) ਨੂੰ ਦੁਆਈਆਂ ਦੇ ਹਲਕੇ ਦਰਜਿਆਂ ਰਾਹੀਂ ਸਿਆਣਪ ਨਾਲ ਜਗਾ, ਉਠਾ ਕੇ ਸਹਿਜ-ਸਹਿਜ ਮੌਤ ਦੀਆਂ ਸ਼ਕਤੀਆਂ ਜਾਂ ਰੋਗ ਦੇ ਕੀਟਾਣੂਆਂ ਅਤੇ ਅਸਰਾਂ ਨੂੰ ਅਸਲੋਂ ਖ਼ਤਮ ਕਰਦੀ ਹੈ । ਇਹੋ ਕਾਰਣ ਹੈ ਕਿ ਹੋਮਿਓਪੈਥੀ ਵਿਚ ਬਿਮਾਰੀਆਂ ਦੇ ਦਬਾਏ ਹੋਣ ਤੋਂ ਪੈਦਾ ਹੋਈਆਂ ਗੁੰਝਲਾਂ ਤੇ ਨਵੀਆਂ ਬਿਮਾਰੀਆਂ ਦੀ ਸੰਭਾਵਨਾ ਬਹੁਤ ਘਟ ਹੁੰਦੀ ਹੈ ।

ਸਾਹਿਤ ਦਾ ਆਖ਼ਰੀ ਨਿਸ਼ਾਨਾ ਤਾਂ ਮਨੁੱਖ ਨੂੰ ਆਤਮਕ ਤੌਰ ਤੇ ਉੱਚਾ ਲਿਜਾਣਾ ਹੈ । ਪਰ ਇਹ ਕੰਮ, ਸਾਹਿਤ ਸਿੱਧਾ ਨਹੀਂ, ਕਰਦਾ । ਸਾਹਿਤ, ਸ਼ਬਦਾਂ ਨੂੰ ਮਾਧਿਅਮ, ਜੀਵਨ ਦੀਆਂ ਪਦਾਰਥਕ ਵਸਤਾਂ ਅਤੇ ਵਸਤਾਂ ਦੇ ਗਿਆਨ ਨੂੰ ਆਧਾਰ ਬਣਾ ਕੇ, ਜਜ਼ਬਿਆਂ ਤੇ ਸੁਹਜ-ਸੁਆਦ ਵਿਚ ਗੁੰਨ੍ਹ ਕੇ ਅਜੇਹੀ ਰਚਨਾ ਮਨੁੱਖ ਨੂੰ ਦੇਂਦਾ ਹੈ ਜਿਸ ਨਾਲ ਮਨੁੱਖ ਦੇ ਸੁੰਦਰ ਤੇ ਸਾਊ ਜਜ਼ਬੇ ਟੁੰਬੇ ਜਾਣ ਤੇ ਉਹ ਚੰਗਾ ਮਨੁੱਖ ਬਣਨ ਅਤੇ ਚੰਗਾ ਸਮਾਜ ਬਣਾਉਣ ਲਈ ਯਤਨ ਕਰੇ । ਇਸ ਲਈ ਆਖ਼ਰੀ ਨਿਸ਼ਾਨਾ, ਸਵੈ-ਸੋਝੀ ਤੇ ਆਤਮਕ-ਆਨੰਦ ਹੁੰਦਿਆਂ ਹੋਇਆਂ ਵੀ ਸਾਹਿਤ ਦੀ ਮੂਲ ਸਮਰੱਥਾ, ਵਧੇਰੇ ਦਿਲ ਅਤੇ ਕਿਸੇ ਹੱਦ ਤਕ ਦਿਮਾਗ਼ ਤਕ ਸੀਮਤ ਰਹਿੰਦੀ ਹੈ । ਦੂਜੇ ਸ਼ਬਦਾਂ ਵਿਚ, ਸਾਹਿਤ ਰੋਜ਼ਾਨਾ ਜੀਵਨ ਦੇ ਪ੍ਰਤੀਕਰਮ ਵਜੋਂ ਪੈਦਾ ਹੋਏ ਜਜ਼ਬਿਆਂ ਨੂੰ ਬਾਹਰਮੁਖੀ ਪੱਖ ਤੋਂ ਨਜਿੱਠਦਾ ਤੇ ਅੰਤਰ ਆਤਮਾ ਤਕ ਅਸਰ ਪਾਉਂਦਾ ਹੈ । ਸਾਹਿਤਕਾਰ ਇਕ ਅਜੇਹਾ ਵੈਦ ਜਾਂ ਹਕੀਮ ਹੈ ਜੋ ਜਜ਼ਬਿਆਂ, ਵਿਕਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਕਿਸੇ ਆਤਮਕ ਗੜਬੜ ਦੀਆਂ ਅਲਾਮਤਾਂ ਸਮਝਦਾ ਹੈ ਅਤੇ ਇਨ੍ਹਾਂ ਅਲਾਮਤਾਂ ਦੇ ਆਧਾਰ 'ਤੇ ਸਾਹਿਤ ਦੀਆਂ ਜਜ਼ਬਾਤੀ ਖ਼ੁਰਾਕਾਂ ਦੇ ਕੇ ਆਤਮਾ ਨੂੰ ਤੰਦਰੁਸਤ ਤੇ ਬਲਵਾਨ ਬਣਾਉਂਦਾ ਹੈ ।

ਮਨੁੱਖ ਦੀ ਕਿਸੇ ਬਦ-ਪਰਹੇਜ਼ੀ ਕਾਰਣ ਸਰੀਰਕ ਪਰਬੰਧ ਵਿਚ ਵਿਕਾਰ ਹੁੰਦਾ ਹੈ । ਇਹ ਵਿਕਾਰ, ਕੁਝ ਦਿਸਦੀਆਂ ਅਲਾਮਤਾਂ ਦੇ ਰੂਪ ਵਿਚ ਬਾਹਰ ਆਉਂਦਾ ਹੈ । ਕਈ ਵਾਰ ਇਨ੍ਹਾਂ ਅਲਾਮਤਾਂ ਨੂੰ ਵੀ ਬਿਮਾਰੀ ਸਮਝ ਕੇ ਇਲਾਜ ਕੀਤਾ ਜਾਂਦਾ ਹੈ, ਜਿਵੇਂ ਨਜ਼ਲਾ, ਕਬਜ਼ੀ, ਸਿਰ ਪੀੜ ਆਦਿਕ । ਇਸ ਤਰ੍ਹਾਂ ਅਲਾਮਤ ਤਾਂ ਦੂਰ ਹੋ ਜਾਂਦੀ ਹੈ ਪਰ ਅਸਲ ਬਿਮਾਰੀ, ਵੱਖਰਾ ਤੇ ਵਧੇਰੇ ਗੰਭੀਰ ਰੂਪ ਧਾਰ ਕੇ ਸ਼ਰੀਰ-ਅੰਗਾਂ ਰਾਹੀਂ ਫੇਰ ਕੋਈ ਅਲਾਮਤ ਜਾਂ ਬਿਮਾਰੀ ਬਣ ਕੇ ਬਾਹਰ ਜ਼ਰੂਰ ਆਉਂਦੀ ਹੈ । ਇੰਜ ਹੀ ਬਿਮਾਰੀਆਂ, ਕਈ ਦੂਜੀਆਂ ਬਿਮਾਰੀਆਂ ਨੂੰ ਜਨਮ ਦੇ ਦਿੰਦੀਆਂ ਹਨ । ਜਿਵੇਂ ਦਬਾਈ ਹੋਈ ਕੋਈ ਜੱਦੀ ਜਾਂ ਗੁਪਤ ਬਿਮਾਰੀ ਜੋੜਾਂ ਦੇ ਇਕ ਖਾਸ ਕਿਸਮ ਦੇ ਦਰਦਾਂ ਜਾਂ ਐਗਜ਼ੀਮੇ ਦੇ ਰੂਪ ਵਿਚ ਜ਼ਾਹਰ ਹੋ ਜਾਂਦੀ ਹੈ । ਦਬਾਏ ਜਾਣ ਕਾਰਣ ਬਿਮਾਰੀ ਵਧੇਰੇ ਅੰਦਰਲੇ ਤੇ ਗੰਭੀਰ ਅੰਗਾਂ ਨੂੰ ਆਪਣੀ ਲਪੇਟ ਵਿਚ ਲੈਂਦੀ ਹੈ । ਹੋਮਿਓਪੈਥਿਕ ਇਲਾਜ ਦਾ ਕੰਮ ਅਸਲ ਬਿਮਾਰੀ ਨੂੰ ਲੱਭਣਾ ਹੈ । ਇਹ ਦੋ ਢੰਗਾਂ ਨਾਲ ਲੱਭਦੀ ਹੈ । ਸਭ ਤੋਂ ਪਹਿਲਾਂ ਹੋਮਿਓਪੈਥ ਡਾਕਟਰ, ਰੋਗੀ ਦੇ ਜੱਦੀ ਤੇ ਨਿੱਜੀ ਪਿਛੋਕੜ, ਬਿਮਾਰੀ ਦੇ ਪੂਰੇ ਇਤਿਹਾਸ, ਸਰੀਰ ਦੇ ਬਾਕੀ ਅੰਗਾਂ ਦੀਆਂ ਖ਼ਰਾਬੀਆਂ, ਮਾਨਸਕ ਤੇ ਮਨੋਵਿਗਿਆਨਕ ਹਾਲਤਾਂ ਤੇ ਕਈ ਵਾਰ ਸਰੀਰ ਦੀ ਬਨਾਵਟ, ਰੰਗ-ਰੂਪ ਤੇ ਸੁਭਅ ਨੂੰ ਵੀ ਸਾਹਮਣੇ ਰਖਦਾ ਹੈ । ਇਸ ਵਿਸ਼ਲੇਸ਼ਨਾਤਮਕ ਢੰਗ ਨਾਲ ਆਮ ਤੌਰ ਤੇ ਅਸਲ ਬਿਮਾਰੀ ਦਾ ਪਤਾ ਲਗ ਜਾਂਦਾ ਹੈ । ਹੋਮਿਓਪੈਥ, ਅਸਲ ਬਿਮਾਰੀ ਦਾ ਇਲਾਜ ਸ਼ੁਰੂ ਕਰਦਾ ਹੈ ਅਤੇ ਅਲਾਮਤਾਂ ਬਦਲਦੀਆਂ ਜਾਂਦੀਆਂ ਹਨ । ਪਰ ਕਈ ਵਾਰ ਰੋਗੀ ਆਪਣੀਆਂ ਅਲਾਮਤਾਂ ਨੂੰ ਮਾਮੂਲੀ ਸਮਝ ਕੇ, ਭੁੱਲ ਕੇ ਜਾਂ ਜਾਣ-ਬੁਝ ਕੇ ਨਹੀਂ ਦੱਸਦਾ । ਚੰਗਾ ਹੋਮਿਓਪੈਥ ਇਸ ਤੋਂ ਨਿਰਾਸ਼ ਨਹੀਂ ਹੁੰਦਾ, ਉਹ ਬਹੁਤੇ ਪ੍ਰਸ਼ਨ ਕਰਕ ਕੇ ਰੋਗੀ ਨੂੰ ਤੰਗ ਨਹੀਂ ਕਰਦਾ ਤੇ ਨਾ ਹੀ ਕਿਸੇ ਬਦ-ਪ੍ਰਹੇਜ਼ੀ ਜਾਂ ਗ਼ਲਤੀ ਦਾ ਇਕਬਾਲ ਕਰਾ ਕੇ ਸ਼ਰਮਿੰਦਾ ਕਰਦਾ ਹੈ । ਉਹ ਦੂਜਾ ਢੰਗ ਵਰਤਦਾ ਹੈ । ਰੋਗੀ ਦੀਆਂ ਬਾਹਰਮੁਖੀ ਅਲਾਮਤਾਂ ਵਿੱਚੋਂ, ਵਧੇਰੇ ਗੰਭੀਰ ਜਾਂ ਦੁਖ-ਦੇਣੀਆਂ ਹਾਲਤਾਂ ਨੂੰ ਸਾਹਮਣੇ ਰਖ ਕੇ ਇਲਾਜ ਸ਼ੁਰੂ ਕਰਦਾ ਹੈ । ਇਕ ਨਹੀਂ ਤਾਂ ਦੂਜੀ ਦਵਾਈ ਆਪਣਾ ਅਸਰ ਦਸਦੀ ਹੈ । ਪਹਿਲੀਆਂ ਅਲਾਮਤਾਂ ਖ਼ਤਮ ਹੁੰਦੀਆਂ ਹਨ ਤੇ ਨਵੀਆਂ ਅਲਾਮਤਾਂ ਘਟ ਮਹੱਤਤਾ ਵਾਲੇ ਅੰਗਾਂ ਵਿਚ ਪਰਗਟ ਹੁੰਦੀਆਂ ਹਨ । ਨਾਲ ਹੀ ਅਸਲ ਬਿਮਾਰੀ, ਸਾਹਮਣੇ ਆਉਂਦੀ ਜਾਂਦੀ ਹੈ ਜਦ ਕਿ ਇਸ ਨੂੰ ਕਾਫੀ ਆਰਾਮ ਵੀ ਆ ਚੁੱਕਾ ਹੁੰਦਾ ਹੈ ।

ਮਨੁੱਖ ਨੂੰ ਪਹਿਲਾਂ ਕਦੇ ਸੁਤੇ-ਸਿੱਧ ਪਰਤੀਤ ਹੁੰਦਾ ਤੇ ਸੋਚ ਫੁਰਦੀ ਸੀ ਪਰ ਅੱਜ ਉਹ ਮਨੋਵਿਗਿਆਨਕ ਤੌਰ 'ਤੇ ਮਹਿਸੂਸਦਾ ਜਾਂ ਸੋਚਦਾ ਹੈ । ਸੰਸਾਰ-ਸਾਹਿਤ ਦਾ ਇਤਿਹਾਸ ਇਹ ਦੱਸਦਾ ਹੈ ਕਿ ਪੂਰਵ-ਇਤਿਹਾਸਕ ਕਾਲ ਵਿਚ ਮਨੁੱਖ, ਰੰਗ ਵਿਚ ਆ ਕੇ ਸੁਤੇ-ਸਿੱਧ ਹੀ, 'ਕੁੱਝ' ਕਹਿ ਦੇਂਦਾ ਸੀ । ਇਹ 'ਕੁੱਝ' ਪ੍ਰਸਿੱਧ ਸਾਹਿਤ-ਸਮੀਖਿਅਕ ਕਾਡਵੈਲ ਦੇ ਵਿਚਾਰ ਅਨੁਸਾਰ ਅੱਜ ਵਰਗੀ ਕਵਿਤਾ ਨਹੀਂ, ਕੋਈ ਉੱਚੀ ਜਾਂ ਵਿਸ਼ੇਸ਼ ਬੋਲੀ ਸੀ । ਇਹ ਯਥਾਰਥਕ ਦੁਨੀਆਂ, ਤੋਂ ਪੈਦਾ ਹੋਇਆ ਇਕ ਮਾਨਸਕ-ਭਰਮ ਸੀ ; ਭਰਮ ਜਿਹੜਾ ਆਪਣੇ ਅਸਰ ਤੇ ਸੁਆਦ ਕਾਰਣ ਮਨੁੱਖੀ ਕਲਪਨਾ ਵਿਚ ਕਿਸੇ ਯਥਾਰਥਕ ਵਸਤੂ ਦੀ ਚਾਹ ਤੇ ਤਾਂਘ ਭਰ ਦੇਂਦਾ ਸੀ । ਅੱਗੋਂ ਇਹੋ ਚਾਹ, ਜਤਨ ਤੇ ਹਿੰਮਤ ਰਾਹੀਂ ਕਿਸੇ ਯਥਾਰਥਕ ਵਸਤੂ ਨੂੰ ਸਾਕਾਰ ਕਰ ਲੈਂਦੀ ਸੀ । ਇਹ ਸਾਰਾ 'ਕੁੱਝ' ਸੁਤੇ-ਸਿੱਧ ਹੁੰਦਾ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਅੱਜ ਦੇ ਗੁੰਝਲਦਾਰ ਭਾਈਚਾਰਕ ਤੇ ਆਰਥਕ ਸਮਾਜ ਦਾ ਮਨੁੱਖ ਹੁਣ ਸਿੱਧੇ-ਸਾਦੇ ਤੇ ਪੂਰਵ-ਇਤਿਹਾਸਕ ਕਾਲ ਦੇ ਜਜ਼ਬਿਆਂ ਨਾਲ ਨਹੀਂ ਪਤੀਜਦਾ ਸਗੋਂ ਉਸ ਦਾ ਅਹਿਸਾਸ ਵੀ ਸੂਝ-ਯੁਕਤ ਜਾਂ ਮਨੋਵਿਗਿਆਨਕ ਹੈ; ਕਿਉਂਕਿ ਇਸ ਲਈ ਮਨੁੱਖ ਦੀਆਂ ਮਾਨਸਕ ਲੋੜਾਂ ਨੂੰ ਸੰਤੁਸ਼ਟ ਕਰਨਾ ਜ਼ਰੂਰੀ ਹੈ। ਅੱਜ ਦੀ ਕਵਿਤਾ ਕਹਾਣੀ, ਨਾਵਲ, ਨਾਵਲ ਦੀ ਪਾਤਰ-ਉਸਾਰੀ ਤੇ ਬਿਆਨ-ਢੰਗ ਵਧੇਰੇ ਕਰਕੇ ਮਨੋਵਿਗਿਆਨਕ ਬਣ ਚੁੱਕੇ ਹਨ। ਸਾਹਿਤ ਆਪਣੇ ਰੂਪ ਵਿਚ ਸਥਿਰ ਨਹੀਂ ਰਹਿੰਦਾ ਸਗੋਂ ਵੱਖ-ਵੱਖ ਪੱਖਾਂ ਤੇ ਅੰਗਾਂ ਵਿਚ ਵਿਕਸਤ ਹੁੰਦਾ ਹੈ। ਸਾਹਿਤ ਦੇ ਕੁਝ ਨਵੇਂ ਆਜ਼ਾਦ ਅੰਗਾਂ (ਸਨਫਾਂ) ਦੀ ਹੋਂਦ ਵਿੱਚ ਮਨੋਵਿਗਿਆਨ ਦਾ ਢੇਰ ਹੱਥ ਹੈ। ਕਈ ਆਧੁਨਕ ਕਿਰਤਾਂ ਦਾ ਵਿਸ਼ਾ ਹੀ ਅੱਜ ਮਨੋਵਿਸ਼ਲੇਸ਼ਨ ਬਣ ਚੁੱਕਾ ਹੈ।

ਹੋਮਿਓਪੈਥੀ ਦਾ ਜਨਮ ਸੁਤੇ-ਸਿੱਧ ਅਹਿਸਾਸ ਤੇ ਸੋਚ ਦੇ ਸਮੇਂ ਵਿਚ ਨਹੀਂ, ਸਗੋਂ ਸਾਇੰਸੀ-ਯੁਗ ਅਤੇ ਸਾਇੰਸ; ਦਰਸ਼ਨ ਅਤੇ ਮਨੋਵਿਗਿਆਨ ਦੀ ਚੜ੍ਹਤ ਦੇ ਸਮੇਂ ਜਰਮਨੀ ਵਿੱਚ ਹੋਇਆ। ਕਿਸੇ ਵੀ ਗਿਆਨ ਦੇ ਬੀਜ-ਅੰਸ਼ ਉਂਜ ਤਾਂ ਆਦਿ ਕਾਲ ਤੋਂ ਪੁੰਗਰਦੇ ਤੇ ਵਿਕਸਿਤ ਹੁੰਦੇ ਦਿਸਦੇ ਹਨ ਤੇ ਇੰਜ ਹਰ ਮਨੁੱਖ ਦਾ ਗਿਆਨ, ਆਦਿ ਕਾਲ ਦਾ ਗਿਆਨ ਹੋਣ ਦਾ ਦਾਅਵਾ ਕਰ ਸਕਦਾ ਹੈ। ਤਾਂ ਵੀ ਕਿਸੇ ਗਿਆਨ ਵਿਸ਼ੇਸ਼ ਦੇ ਬਾਨੀ ਹੋਣ ਦਾ ਸਿਹਰਾ ਉਸ ਵਿਅਕਤੀ ਦੇ ਸਿਰ ਬੱਝਦਾ ਹੈ ਜੋ ਜੀਵਨ ਦੇ ਕਿਸੇ ਖਾਸ ਖੇਤਰ ਸਬੰਧੀ ਗਿਆਨ ਨੂੰ ਕਿਸੇ ਖਾਸ ਦ੍ਰਿਸ਼ਟੀਕੋਣ ਤੇ ਕ੍ਰਮ ਅਨੁਸਾਰ ਸੰਕਲਿਤ ਕਰ ਲੈਂਦਾ ਹੈ। ਇੰਜ ਹੀ ਹੋਮਿਓਪੈਥੀ ਦੇ ਬਾਨੀ ਹੋਣ ਦਾ ਸਿਹਰਾ ਡਾ. ਹਾਇਨੇਮਨ ਦੇ ਸਿਰ ਬੱਝਦਾ ਹੈ। ਉਂਜ ਸੰਸਾਰ ਭਰ ਦੇ ਚਕਿਤਸਾ-ਵਿਗਿਆਨਾਂ ਵਿਚ ਹੋਮਿਓਪੈਥਿਕ ਅੰਸ਼ ਮਿਲਦੇ ਹਨ।

ਦਿਲ ਅਤੇ ਜਜ਼ਬਾਤ ਸੰਬੰਧੀ ਹੋਮਿਓਪੈਥੀ ਦਾ ਦ੍ਰਿਸ਼ਟੀਕੋਣ ਪੂਰਣ ਰੂਪ ਵਿਚ ਸਾਇੰਟਿਫ਼ਿਕ ਹੈ। ਹੋਮਿਓਪੈਥੀ ਇਸ ਗੱਲ ਨੂੰ ਮੰਨਦੀ ਹੈ ਕਿ ਸਰੀਰਕ ਵਿਕਾਰ ਤੋਂ ਦੋ ਪਰਕਾਰ ਦੀਆਂ ਸਿਫ਼ਤੀ ਤਬਦੀਲੀਆਂ ਹੋ ਸਕਦੀਆਂ ਹਨ। ਪਹਿਲੀ ਇਹ ਕਿ ਕੋਈ ਸਰੀਰਕ ਗੜਬੜ ਕਿਸੇ ਹੋਰ ਗੰਭੀਰ ਵਿਕਾਰ ਵਿਚ ਬਦਲ ਜਾਏ। ਦੂਜਾ ਗੁਣਾਤਮਕ ਪ੍ਰੀਵਰਤਨ ਇਹ ਹੋ ਸਕਦਾ ਹੈ ਕਿ ਸਰੀਰਕ ਵਿਕਾਰ ਕਿਸੇ ਜਜ਼ਬਾਤੀ ਜਾਂ ਗਿਆਨ-ਇੰਦਰੀਆਂ ਦੀ ਗੜਬੜ ਵਿਚ ਅਨੁਦਿਤ ਹੋ ਜਾਏ। ਜਿਵੇਂ ਤੰਦਰੁਸਤੀ ਸਮੇਂ ਵੀ ਸਰੀਰਕ ਦੁਖ ਜਾਂ ਸੁਖ ਦੇ ਸੁਨੇਹੇ ਦਿਲ ਤੇ ਦਿਮਾਗ ਵਿੱਚ ਅਹਿਸਾਸ ਅਤੇ ਸੋਚ ਦੇ ਰੂਪ ਵਿਚ ਅਨੁਵਾਦ ਹੋ ਕੇ ਪਹੁੰਚਦੇ ਹਨ। ਭਾਵੇਂ ਹੋਮਿਓਪੈਥੀ ਇਸ ਢੰਗ ਵਿਚ ਯਕੀਨ ਰਖਦੀ ਹੈ ਕਿ ਅਸਲ ਸਰੀਰਕ ਵਿਕਾਰ ਲੱਭਣ ਅਤੇ ਇਸ ਦਾ ਇਲਾਜ ਕਰਨ, ਨਾਲ ਅਲਾਮਤਾਂ ਦੇ ਰੂਪ ਵਿਚ ਜ਼ਾਹਰ ਹੋਏ ਜਜ਼ਬਾਤੀ, ਦਿਮਾਗ਼ੀ ਤੇ ਗਿਆਨ-ਇੰਦਰੀਆਂ ਦੇ ਵਿਕਾਰ ਵੀ ਠੀਕ ਹੋ ਜਾਂਦੇ ਹਨ। ਜਿਵੇਂ Arsenic Album ਤੇਜ਼ ਬੁਖ਼ਾਰ ਦਾ ਇਲਾਜ ਹੀ ਨਹੀਂ ਕਰਦੀ ਸਗੋਂ ਬੁਖ਼ਾਰ ਦੇ ਨਤੀਜੇ ਵਜੋਂ ਪੈਦਾ ਹੋਈ ਪਿਆਸ ਉਪਰ ਵੀ ਅਸਰ ਪਾਉਂਦੀ ਹੈ। ਬੁਖ਼ਾਰ ਤੇ ਹੋਰਨਾਂ ਸਰੀਰਕ ਗੜਬੜਾਂ ਨੂੰ ਹੀ ਸ਼ਾਂਤ ਨਹੀਂ ਕਰਦੀ ਸਗੋਂ ਰੋਗੀ ਦੇ ਮਨ ਅੰਦਰ ਪੈਦਾ ਹੋਏ ਮੌਤ ਦੇ ਅੰਦੇਸ਼ੇ ਨੂੰ ਮਿਟਾਉਂਦੀ ਹੈ। Bryonia ਬੁਖ਼ਾਰ ਦੇ ਨਾਲ-ਨਾਲ ਸਾਰੇ ਅੰਗਾਂ ਦੀ ਪੀੜ ਹੀ ਖ਼ਤਮ ਨਹੀਂ ਕਰਦਾ ਸਗੋਂ ਰੋਗੀ ਦਾ ਇਹ ਅਹਿਸਾਸ ਵੀ ਮਿਟ ਜਾਂਦਾ ਹੈ ਕਿ ਉਸ ਦੇ ਅੰਗ ਵੱਖ-ਵੱਖ ਹੋਏ ਪਏ ਹਨ। ਬਹੁਤੀਆਂ ਦਵਾਈਆਂ ਮਾਨਸਕ ਅਸਰ ਦੇ ਨਾਲ ਸਮੁੱਚੇ ਤੌਰ ਤੇ ਸਰੀਰਕ ਪ੍ਰਤੀਕਰਮ ਦਾ ਖਾਸਾ ਰਖਦੀਆਂ ਹਨ, ਜਿਹੜੀਆਂ ਹਨੇਰੇ-ਚਾਨਣ, ਬਿਜਲੀ ਦੀ ਚਮਕ, ਠੰਡ, ਸੇਕ, ਹਿਲਣ, ਗਿੱਲ-ਸੁੱਕ ਦੇ ਰੋਗੀ ਉੱਪਰ

CC-0 In Public Domain. Gurukul Kangri Collection, Haridwar

ਪ੍ਰਤੀਕਰਮ ਨੂੰ ਦੇਖ ਕੇ ਦਿੱਤੀਆਂ ਜਾਂਦੀਆਂ ਹਨ। ਇੰਜ, ਇਹ ਅਲਾਮਤਾਂ, ਅਹਿਸਾਸ, ਵਿਚਾਰ, ਸੁਪਨੇ, ਬਕੜਵਾਹ-ਇਥੋਂ ਤਕ ਕਿ ਬਕੜਵਾਹ ਦੇ ਸ਼ਬਦ ਵੀ ਜਿਹੜੇ ਦੂਜੇ ਇਲਾਜ ਕਰਨ ਵਾਲਿਆਂ ਲਈ ਕੋਈ ਮਹੱਤਤਾ ਨਹੀਂ ਰਖਦੇ ; ਹੋਮਿਓਪੈਥ ਲਈ ਦਵਾਈ ਦੀ ਚੋਣ ਦਾ ਰਸਤਾ ਆਮ ਤੌਰ ਤੇ ਖੋਲ੍ਹ ਦੇਂਦੇ ਹਨ। ਇਸੇ ਲਈ ਆਪਣੇ ਅਹਿਸਾਸ, ਗਿਆਨ ਇੰਦਰੀਆਂ ਜਾਂ ਜਜ਼ਬਾਤ ਉਪਰ ਹੋਏ ਪ੍ਰਤੀਕਰਮਾਂ ਨੂੰ ਚੰਗੀ ਤਰ੍ਹਾਂ ਸਮਝਣ ਤੇ ਦੱਸਣ ਵਾਲਾ ਰੋਗੀ; ਹੋਮਿਓਪੈਥ ਲਈ ਬੜਾ ਪਿਆਰਾ ਰੋਗੀ ਹੈ, ਜਿਹੜਾ ਆਪਣੇ ਉਪਰ ਕਾਟ ਕਰਨ ਵਾਲੀ ਦਵਾਈ ਆਪ ਹੀ ਦਸ ਦਿੰਦਾ ਹੈ।

ਹੋਮਿਓਪੈਥੀ ਵਿਚ ਕਈ ਦਵਾਈਆਂ ਤਾਂ ਅਜੇਹੀਆਂ ਹਨ ਜਿਨ੍ਹਾਂ ਦਾ ਖ਼ਾਸਾ ਸਮੁੱਚੇ ਤੌਰ ਤੇ ਮਾਨਸਕ ਤੇ ਮਨੋ-ਵਿਗਿਆਨਕ ਪ੍ਰਤੀਕਰਮ ਦਾ ਹੈ। ਗੱਲ ਕਹਿ ਕੇ ਪੜ੍ਹ ਜਾਂ ਸੁਣ ਕੇ ਭੁੱਲ ਜਾਣਾ, ਬਾਕੀ ਮਜ਼ਮੂਨਾਂ ਵਿਚ ਲਾਇਕ ਹੋਣ ਦੇ ਬਾਵਜੂਦ, ਹਿਸਾਬ ਵਿਚ ਬੁੱਧੂ ਹੋਣਾ, ਪਿਆਰ ਵਿਚ ਅਸਫ਼ਲ ਹੋਣਾ ਤੇ ਸੁਭਾ ਦਾ ਹਿਸਟੇਰੀਕਲ ਬਣ ਜਾਣਾ; ਜਜ਼ਬਾਤ ਦਾ ਦਬ ਜਾਣਾ, ਪਾਠਕ ਦਾ ਪੜ੍ਹਾਈ ਤੋਂ ਥੱਕ ਜਾਂ ਅੱਕ ਜਾਣਾ ਜਾਂ ਲੇਖਕ ਤੇ ਦਿਮਾਗ਼ੀ ਕਾਮਿਆਂ ਦਾ ਜਜ਼ਬਾਤੀ ਜਾਂ ਦਿਮਾਗ਼ੀ ਥਕੇਵਾਂ ; ਸ਼ਾਇਦ ਇਲਾਜ ਦੀਆਂ ਦੂਜੀਆਂ ਪਧੱਤੀਆਂ ਅਨੁਸਾਰ ਕੋਈ ਬਿਮਾਰੀ ਨਹੀਂ। ਆਰਾਮ ਕਰਨਾ, ਥਾਂ ਬਦਲਣੀ ਜਾਂ ਪਹਾੜਾਂ ਤੇ ਚਲੇ ਜਾਣਾ ; ਇਲਾਜ ਦੱਸਿਆ ਜਾਂਦਾ ਹੈ। ਇਸ ਦਾ ਲਾਭ ਵੀ ਹੋ ਸਕਦਾ ਹੈ ਪਰ ਹੋਮਿਓਪੈਥੀ ਵਿਚ ਅਜੇਹੀਆਂ ਦਵਾਈਆਂ ਵੀ ਹਨ ਜਿਨ੍ਹਾਂ ਦਾ ਰੋਗੀ ਉਪਰ ਮਾਨਸਕ ਤੇ ਮਨੋਵਿਗਿਆਨਕ ਪ੍ਰਤੀਕਰਮ ਹੁੰਦਾ ਹੈ।

ਮਨੁੱਖ ਨੂੰ ਕਈ ਮਾਨਸਕ ਵਿਕਾਰ ਗ੍ਰੱਸਦੇ ਹਨ, ਜਿਵੇਂ ਛੁਟੇਰੇਪਣ ਦਾ ਅਹਿਸਾਸ, ਅਕਾਰਣ ਉਦਾਸੀ, ਦੁਨੀਆਂ ਅਤੇ ਇਸ ਦੇ ਮਾਮਲਿਆਂ ਤੋਂ ਉਦਾਸੀਨਤਾ, ਦੁਖਦਾਈ ਘਟਨਾ ਦੇਖ ਕੇ, ਕਈ ਵਾਰ ਸੁਣ ਕੇ ਹੀ ਫਿੱਸ ਪੈਣ-ਵਾਲੇ ਸੂਹਲ-ਦਿਲ ਹੋਣਾ। ਸਾਹਿਤ ਵਿਚ ਅਜਿਹੇ ਮਾਨਸਕ ਵਿਕਾਰਾਂ ਲਈ ਸਾਹਿਤ ਦੇ ਵੱਖ-ਵੱਖ ਅੰਗਾਂ ਵਿਚੋਂ ਨਾਵਲ, ਨਾਟਕ, ਕਵਿਤਾ, ਲੇਖ ਆਦਿਕ ਕੋਈ ਇਕ ਜਾਂ ਦੋ; ਚੰਗੇ ਰਹਿੰਦੇ ਹਨ। ਨਾਲ ਹੀ, ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਹਰ ਮਾਨਸਕ ਵਿਕਾਰ ਆਪਣੀ ਸਮਰਥਾ ਵਿਚ ਰਹਿੰਦਾ ਹੋਇਆ ਵੀ ਵੱਖ-ਵੱਖ ਵਿਅਕਤੀਆਂ ਵਿਚ ਕੁਝ ਵਿਸ਼ੇਸ਼ ਪ੍ਰਤੀਕਰਮਾਂ ਸਮੇਤ ਪਰਗਟ ਹੁੰਦਾ ਹੈ। ਅਜੇਹੇ ਪਾਠਕ ਲਈ ਇਕ ਖਾਸ ਰਸ ਜਾਂ ਰੰਗ ਦਾ ਹੀ ਨਾਵਲ, ਕਵਿਤਾ ਜਾਂ ਲੇਖ ਵਧੇਰੇ ਲਾਭਦਾਇਕ ਹੋ ਸਕਦਾ ਹੈ। ਉਂਜ ਤਾਂ ਮੁਆਫ਼ਿਕ ਆਉਂਦੇ ਸਾਹਿਤ-ਅੰਗ ਦੀ ਕੋਈ ਰਚਨਾ ਵੀ ਕਿਸੇ ਵਿਸ਼ੇਸ ਮਾਨਸਕ-ਵਿਕਾਰ-ਗ੍ਰਸੇ ਪਾਠਕ ਲਈ ਲਾਭਦਾਇਕ ਹੁੰਦੀ ਹੈ ਪਰ ਜਦੋਂ ਉਸ ਸਾਹਿਤ ਦੇ ਅੰਗ ਦੀ ਬਿਲਕੁਲ ਹੀ ਗਾਖਦੇ-ਸੌਂਜਦੇ ਰਸ-ਰੰਗ ਦੀ ਰਚਨਾ; ਤੇ ਕਈ ਵਾਰ ਰਚਨਾ ਦਾ ਕੋਈ ਹਿੱਸਾ, ਕੋਈ ਪੈਰਾ, ਬੰਦ ਜਾਂ ਵਾਕ-ਤੁਕ ਹੀ, ਪਾਠਕ ਦਾ ਜੀਵਨ ਪਲਟਦਾ ਦੇਖਿਆ ਗਿਆ ਹੈ।

ਸਾਹਿਤਕਾਰ ਇਕ ਸ਼੍ਰੇਣੀ ਦੇ ਰੂਪ ਵਿਚ ਸਾਹਿਤ ਨੂੰ ਸਿਰਜ-ਸਾਜ ਕੇ ਸਮਾਜ ਵਿਚ ਫ਼ੈਲਾਈ ਜਾਂਦਾ ਹੈ ਤੇ ਇਸ ਵਿਚੋਂ ਕੁਝ ਜਾਂ ਪੂਰੀ, ਠੀਕ ਸਾਹਿਤ-ਰਚਨਾ, ਪਾਠਕ-ਸ਼੍ਰੇਣੀ, ਸੁਚੇਤ ਜਾਂ ਅਚੇਤ ਰੂਪ ਵਿਚ ਚੁਣਦੀ, ਇਸ ਨੂੰ ਮਾਣਦੀ ਤੇ ਅਪਣਾਉਂਦੀ ਹੋਈ ਆਪਣੇ ਮਾਨਸਕ ਜੀਵਨ ਦੇ ਕਸ਼ਟ ਦੂਰ ਕਰਦੀ ਹੈ।

ਹੋਮਿਓਪੈਥ ਹਰ ਬਿਮਾਰੀ ਨੂੰ ਵੱਖ-ਵੱਖ ਬਾਹਰਮੁਖੀ ਸਰੀਰਕ ਅਲਾਮਤਾਂ ਪੈਦਾ

ਕਰਨ ਵਾਲਾ ਵਿਕਾਰ ਸਮਝਦਾ ਅਤੇ ਹਰ ਬਿਮਾਰੀ ਲਈ ਕੁਝ ਦੁਆਈਆਂ ਨੂੰ ਸਾਹਮਣੇ ਰਖਦਾ ਹੈ। ਅਗੇ, ਹਰ ਬਿਮਾਰੀ, ਹਰ ਵਿਅਕਤੀ ਦੀਆਂ ਸਰੀਰਕ ਵਿਸ਼ੇਸ਼ਤਾਈਆ ਦੇ ਆਧਾਰ 'ਤੇ ਪਰਗਟ ਹੁੰਦੀ ਹੈ। ਕੁਝ ਅਲਾਮਤਾਂ ਉਗਰ ਤੇ ਕੁਝ ਮੰਦ ਰੂਪ ਵਿਚ ਪਰਗਟ ਹੁੰਦੀਆਂ ਹਨ। ਜਿਵੇਂ ਮਈ-ਜੂਨ ਤੇ ਜੁਲਾਈ, ੧੯੫੭ ਵਿਚ ਇਨਫਲੂਐਂਜ਼ੇ ਦੀ ਬਿਮਾਰੀ ਵਿਚ ਹੋਇਆ। ਤਿੱਖਾ ਬੁਖ਼ਾਰ, ਲੱਕ, ਗਲੇ ਜਾਂ ਛਾਤੀ ਵਿਚ ਦਰਦ, ਕਦੇ ਉਲਟੀ, ਸਖਤ ਥਕੇਵਾਂ, ਨਜ਼ਲਾ ਆਦਿਕ ਇਸ ਦੀਆਂ ਕੁਝ ਅਲਾਮਤਾਂ ਸਨ। ਕਿਸੇ ਮਰੀਜ਼ ਵਿਚ ਇਕ ਤੇ ਕਿਸੇ ਵਿਚ ਦੂਜੀ, ਉਗਰ ਰੂਪ ਵਿਚ ਪਰਗਟ ਹੋਈ। ਦੂਜੇ ਢੰਗਾਂ ਦੇ ਇਲਾਜ, ਰੋਗੀ ਦੀਆਂ ਨਿੱਜੀ ਵਿਸ਼ੇਸ਼ਤਾਈਆਂ ਨੂੰ ਅਨਡਿੱਠ ਕਰ ਕੇ ਸਭ ਨੂੰ ਇੱਕੋ ਟੀਕਾ ਜਾਂ ਕੋਈ ਪੇਟੈਂਟ ਦੁਆਈ ਦੇ ਰਹੇ ਸਨ। ਕਿਸੇ ਨੂੰ ਆਰਾਮ ਦੇਰ ਅਤੇ ਕਿਸੇ ਨੂੰ ਸਵੇਰ ਆਇਆ ਅਤੇ ਕੁਝ ਇਕਨਾਂ ਨੂੰ ਅੰਤੜੀਆਂ ਦੇ ਰੋਗ ਤੇ ਹੋਰ ਬਿਮਾਰੀਆਂ-ਮਗਰੋਂ, ਪ੍ਰਸ਼ਾਦ ਦੇ ਰੂਪ ਵਿਚ ਮਿਲੀਆਂ।

ਹੋਮਿਓਪੈਥੀ, ਬਿਮਾਰੀ-ਵਿਸ਼ੇਸ਼ ਦਾ ਇਲਾਜ ਦੁਆਈਆਂ ਦੇ ਇਕ ਵਿਸ਼ੇਸ਼ ਸਮੂਹ ਵਿੱਚੋਂ, ਵਿਸ਼ੇਸ਼ ਦਵਾਈ ਤਕ ਪਹੁੰਚ ਕੇ ਕਰਦੀ ਹੈ। ਇਸ ਵਿਸ਼ੇਸ਼ ਦਵਾਈ ਦੀ ਚੋਣ, ਸੁਚੇਤ ਹੋਮੀਓਪੈਥ ਵਿਸ਼ੇਸ਼ ਅਲਾਮਤਾਂ ਦੇ ਆਧਾਰ ਤੇ ਕਰਦਾ ਹੈ, ਜਦ ਕਿ ਸਾਹਿਤ ਵਿਚ ਇਹ ਚੋਣ ਮਾਨਸਕ ਵਿਕਾਰਾਂ-ਗ੍ਰਸੇ ਪਾਠਕਾਂ ਰਾਹੀਂ ਸੁਚੇਤ ਜਾਂ ਅਚੇਤ ਹੀ ਹੁੰਦੀ ਰਹਿੰਦੀ ਹੈ। ਭਾਵ ; **ਸਾਹਿਤ ਵਿਚ ਦਵਾਈ ਦੀ ਚੋਣ ਡਾਕਟਰ ਨਹੀਂ, ਮਰੀਜ਼ ਕਰਦਾ ਹੈ।**

ਸਮਾਜ ਵਿਚ ਕੁਝ ਪੁਰਾਣੀਆਂ ਤੇ ਹੱਡੀਂ-ਰਚੀਆਂ ਬਿਮਾਰੀਆਂ ਹਨ ਜਿਵੇਂ ਗ਼ਰੀਬੀ, ਲੁੱਟ-ਘਸੁੱਟ, ਪਿਆਰ-ਅਸਫਲਤਾ, ਖੁਦਗ਼ਰਜ਼ੀ ਜਾਂ ਦਿਖਾਵਾ ਆਦਿਕ। ਇਨ੍ਹਾਂ ਬਿਮਾਰੀਆਂ ਦੇ ਕਾਇਮ ਰਹਿਣ ਦੇ ਨਾਲ-ਨਾਲ ਬਿਮਾਰੀਆਂ ਦੀਆਂ ਕੁਝ ਨਵੀਆਂ ਅਲਾਮਤਾਂ ਜਾਂ ਬਿਮਾਰੀਆਂ ਸਿਰ ਪੁੱਟ ਖਲੋਂਦੀਆਂ ਹਨ, ਜਿਵੇਂ ਕਿਸੇ ਥਾਂ ਪੁਰ-ਅਮਨ ਲੋਕਾਂ ਉੱਪਰ ਗੋਲੀ ਚਲਣੀ ਜਾਂ ਲਾਠੀ ਚਾਰਜ ਹੋਣਾ, ਪੁਲਸੀ ਜਬਰ ਤੇ ਫ਼ਿਰਕੂ ਫਸਾਦ ਆਦਿਕ। ਇਹ ਜਿੰਨੀਆਂ ਤਿੱਖੀਆਂ ਤੇ ਦੁਖ-ਦੇਣੀਆਂ ਹੁੰਦੀਆਂ ਹਨ, ਓਨੀਆਂ ਹੀ ਵਕਤੀ ਵੀ। ਸਾਹਿਤ ਵਿਚ ਦੁਖ-ਦੇਣੀਆਂ ਤੇ ਫੌਰੀ ਬਿਆਰੀਆਂ ਨੂੰ ਨਜਿੱਠਣ ਲਈ ਕੁਝ ਸਿੱਧੇ ਤੇ ਮੂੰਹ-ਫੱਟ ਵਤੀਰੇ ਦੀ ਲੋੜ ਹੁੰਦੀ ਹੈ ਜਿਹੜਾ ਆਪਣੀ ਪਹੁੰਚ ਵਿਚ ਬੁੱਧੀਵਾਦੀ ਤੋਂ ਵਧੇਰੇ ਜਜ਼ਬਾਤੀ ਅਤੇ ਰੂਪਕ ਪੱਖ ਵਿਚ ਰਚੇ ਹੋਏ ਦੀ ਥਾਂ ਵਧੇਰੇ ਸਪਸ਼ਟ ਹੋਵੇ। ਹੱਡੀਂ-ਰਚੀਆਂ ਤੇ ਪੁਰਾਣੀਆਂ (Choronic) ਬਿਮਾਰੀਆਂ ਲਈ ਸਾਹਿਤ ਵਿਚ, ਘੱਟ ਉਗਰ ਰੂਪ ਵਿਚ ਸਾਹਿਤ-ਸੰਦੇਸ਼, ਮੱਠੀਆਂ-ਮੱਠੀਆਂ ਚੋਟਾਂ, ਹਲਕੀਆਂ-ਫੁਲਕੀਆਂ ਚੋਭਾਂ; ਸਾਹਿਤਕ ਕ੍ਰਿਤਾਂ ਰਾਹੀਂ ਸਾਡੇ ਰੋਮ-ਰੋਮ ਵਿਚ ਰਚ ਕੇ ਮਾਨਸਕ ਵਿਕਾਰਾਂ ਨੂੰ ਸਾਫ ਕਰ ਕੇ ਆਪ ਚੰਗੇਰਾ ਸਮਾਜ ਸਿਰਜਨ ਲਈ ਬਾ-ਅਮਲ ਬਣਾਉਂਦੀਆਂ ਹਨ। ਫੌਰੀ ਬਿਮਾਰੀਆਂ ਉਪਰ ਲਿਖਿਆ ਸਾਹਿਤ, ਅਸਰ ਵੀ ਫੌਰੀ ਤੇ ਥੋੜ੍ਹ-ਚਿਰਾ ਕਰਦਾ ਹੈ, ਜਦ ਕਿ ਹੱਡੀਂ-ਰਚੀਆਂ ਬਿਆਰੀਆਂ ਲਈ ਅਸਰ ਧੀਮਾ ਪਰ ਚਿਰ-ਰਹਿਣਾ ਹੁੰਦਾ ਹੈ। ਅਮਰ ਹੋਣਾ ਮਨੁੱਖ ਦੀ ਕਿਸ਼ਮਤ ਨਹੀਂ, ਸਾਹਿਤ ਨੁੱਖ ਦੀ ਰਚਨਾ ਰਾਹੀਂ ਕਿਵੇਂ ਹੋ ਸਕਦਾ ਹੈ!

ਹੋਮਿਓਪੈਥੀ; ਫੌਰੀ ਤੇ ਦੁਖ-ਦੇਣੀਆਂ (acute) ਹਾਲਤਾਂ ਲਈ ਛੋਟੀਆਂ ਪੋਟੈਂਸੀਆ (ਅਸਲ ਵਿਚ ਦਵਾਈ ਦੀ ਵਧੇਰੇ ਮਾਤ੍ਰਾ ਵਾਲੀਆਂ ਦਵਾਈਆਂ) ਦਸਦੀ ਹੈ ਜਿਨ੍ਹਾਂ ਦਾ ਅਸਰ ਫੌਰੀ ਪਰ ਥੋੜ੍ਹ-ਚਿਰਾ ਹੁੰਦਾ ਹੈ ਤੇ ਪੁਰਾਣੀਆਂ ਬਿਮਾਰੀਆਂ ਲਈ ਵੱਡੀਆਂ ਪੋਟੈਂਸੀਆਂ (ਦਵਾਈ ਦੀ ਥੋੜ੍ਹੀ ਮਾਤ੍ਰਾ ਅਤੇ ਬਹੁਤੀ ਪ੍ਰਭਾਵਕਤਾ ਵਾਲੀਆਂ) ਵੱਲ ਇਸ਼ਾਰਾ ਕਰਦੀ ਹੈ, ਜੋ ਰੋਮ-ਰੋਮ

Digitized by Arya Samaj Foundation Chennai and eGangotri

ਵਿਚ ਰਚ ਕੇ, ਕੁਦਰਤੀ ਸ਼ਕਤੀਆਂ ਨੂੰ ਉਭਾਰ ਤੇ ਬਿਮਾਰੀ ਨਾਲ ਲੜਾ ਕੇ ਮਨੁੱਖ ਨੂੰ ਅਰੋਗ ਬਣਾਉਂਦੀਆਂ ਹਨ । ਹੋਮਿਓਪੈਥੀ ਦੀ ਵੱਡੀ ਤੋਂ ਵੱਡੀ ਸ਼ਕਤੀ (potency), ਦਵਾਈ ਦੀ ਮਾਤ੍ਰਾ ਦੇ ਅਨੰਤ ਹੱਦ ਤਕ ਘਟ ਹੋਣ ਵਿਚ ਸਮਝੀ ਜਾਂਦੀ ਹੈ ।

ਸਾਹਿਤ ਵਿਚ ਕਰੁਣਾਮਈ, ਰੋਮਾਂਟਿਕ ਤੇ ਦੁਖਾਂਤਕ ਕਿਰਤਾਂ ਨੂੰ ਪੁਸਤਕ ਦੇ ਪੰਨਿਆਂ, ਮੰਚ ਜਾਂ ਸਿਨਮੇ ਦੇ ਪੜਦੇ ਉਪਰ ਦੇਖ ਕੇ ਕਈ ਵਾਰ, ਵਕਤੀ ਤੌਰ ਤੇ ਸਾਡੀ ਵੇਦਨਾ ਅੰਗ-ਵਿਆਪੀ ਤੇ ਤਿਖੇਰੀ ਹੋ ਜਾਂਦੀ ਹੈ ਤਾਂ ਵੀ ਕਿਸੇ ਹੱਦ ਤਕ ਵਧੇਰੇ ਪੀੜਤ ਹਾਲਤ ਸਾਡੇ ਜੀਵਨ ਨੂੰ ਸਮੁੱਚੇ ਤੌਰ ਤੇ ਹਲਕਾ-ਫੁਲਕਾ ਤੇ ਸੁਖਾਵਾਂ ਬਣਾਉਂਦੀ ਹੈ

ਇੰਜ ਹੀ ਹੋਮਿਓਪੈਥੀ ਦੀਆਂ ਦਵਾਈਆਂ ਕਈ ਵਾਰ ਵਕਤੀ ਤੌਰ ਤੇ ਸਾਡੇ ਸਰੀਰਕ ਦੁੱਖਾਂ ਨੂੰ ਰਤਾ ਵਧਾ ਦਿੰਦੀਆਂ ਹਨ । ਕਈਆਂ ਨੂੰ ਇਲਾਜ ਦਾ ਇਹ ਤਰੀਕਾ ਅਸਹਿ ਜਾਪਦਾ ਹੈ । ਪਰ ਹੋਮਿਓਪੈਥਿਕ ਇਲਾਜ ਤੋਂ ਇਹ ਦਲੀਲ ਦੇ ਕੇ ਕੰਨੀ ਕਤਰਾਉਣੀ, ਉਸੇ ਤਰ੍ਹਾਂ ਹੈ ਜਿਵੇਂ ਜੀਵਨ ਤੋਂ ਭਗੌੜਾ ਕੋਈ ਪਾਠਕ ਜਾਂ ਆਲੋਚਕ; ਕਾਲੀਦਾਸ ਦੇ ਨਾਟਕਾਂ, ਚੈਖ਼ਵ ਤੇ ਮੋਪਾਸਾਂ ਦੀਆਂ ਕਹਾਣੀਆਂ ਨੂੰ ਮਾਨਣ ਤੋਂ ਇਸ ਲਈ ਘਬਰਾਵੇ ਕਿ ਇਹ ਦਰਸ਼ਕ ਜਾਂ ਪਾਠਕ ਨੂੰ ਸੋਚੀਂ ਪਾ ਕੇ; ਦੁਖਾ-ਰੁਆ ਕੇ ਕਈ ਵਾਰ ਹੋਰ ਦੁਖੀ ਕਰ ਦਿੰਦੀਆਂ ਹਨ ।

ਕੱਟ-ਵਢ ਵਾਲਾ ਇਲਾਜ ਨਾ ਹੋਮੀਓਪੈਥੀ ਕਰਦੀ ਹੈ ਨਾ ਸਾਹਿਤ ਦਾ ਉਦੇਸ਼ ਹੈ ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲੇਈਡੋਸਕੋਪ

ਪੁੱਠੀ ਸਿੱਧੀ ਕਲਮ ਚਲਾ ਲੈਂਦਾ ਹਾਂ । ਇਸ਼ ਲਈ ਜੇ ਮੈਨੂੰ ਕੋਈ ਲੇਖਕ ਸਮਝ ਲਵੇ ਤਾਂ ਕੋਈ ਅਲੋਕਾਰ ਗਲ ਨਹੀਂ । ਕਿਸੇ ਵਿਰਲੇ ਨੇ, ਜਿਹੜਾ ਜਾਂ ਤਾਂ ਖ਼ੁਸ਼ਾਮਦੀ ਸੀ ਜਾਂ ਗ਼ਲਤ-ਫ਼ਹਿਮੀ ਵਿਚ ਪਾਉਣ ਵਾਲਾ ਡਾਢਾ ਮੀਸਣਾ ਹੋਵੇਗਾ, ਮੈਨੂੰ ਮਹਾਨ ਵੀ ਕਹਿ ਦਿਤਾ । ਸੱਚੀ ਗਲ ਇਹ ਹੈ ਕਿ ਬਹੁਤੇ ਮੈਨੂੰ ਤੁੱਛ ਵੀ ਨਹੀਂ ਸਮਝਦੇ । ਖ਼ੈਰ ਮੈਂ ਇਕ ਲੇਖਕ ਹਾਂ ।

ਮਨੁੱਖ; ਭਾਵੇਂ ਕੋਈ ਲੇਖਕ ਹੋਵੇ ਜਾਂ ਨਾ, ਹਰ ਇਕ ਦਾ ਕੋਈ ਸ਼ੁਗ਼ਲ-ਮੇਲਾ, ਕੋਈ ਤਫਰੀਹ ਹੁੰਦੀ ਹੈ—ਕਿਸੇ ਦੀ ਸ਼ਰੀਰਕ ਕਿਸੇ ਦੀ ਮਾਨਸਿਕ । ਮੇਰੀ ਤਫਰੀਹ ਕਲੇਈਡੋਸਕੋਪ ਦੇਖਣਾ ਹੈ ।

ਕਲੇਈਡੋਸਕੋਪ ਨੂੰ ਪਤਾ ਨਹੀਂ ਦੂਰਬੀਨ ਕਿਉਂ ਕਿਹਾ ਜਾਂਦਾ ਹੈ । ਇਸ ਵਿਚ ਦੂਰ-ਬੀਨੀ ਜ਼ਰੂਰ ਹੈ । ਜੋ ਕੁਝ ਇਸ ਦੇ ਅੰਦਰ ਹੈ, ਉਹੋ ਕੁਝ ਨੇੜਿਓਂ ਦਿਸਦਾ ਹੈ ।

ਮੇਰੇ ਲੋਕ, ਮੈਨੂੰ, ਲੇਖਕ ਹੋਣ ਕਾਰਨ ਨੀਮ-ਝੱਲਾ ਜਾਂ 'ਨੌਰੋਟਿਕ' ਤਾਂ ਸਮਝਦੇ ਹੀ ਨੇ । ਤੇ ਜਦੋਂ ਆਗਰੇ ਦੀ ਬਣੀ ਇਸ ਤਫਰੀਹ ਨੂੰ ਕਿੰਨਾ-ਕਿੰਨਾ ਚਿਰ ਉਹ ਮੇਰੀਆਂ ਅੱਖਾਂ ਨਾਲ ਜੁੜੀ ਤਕਦੇ ਹਨ ਤਾਂ ਕਈ ਵਾਰ, ਖਿੱਲੀ ਉਹਨਾਂ ਤੋਂ ਦਬਾਇਆਂ ਨਹੀਂ ਦਬਦੀ ਸ਼ਾਇਦ ਆਗਰੇ ਪਾਗ਼ਲ ਖਾਨਾ ਹੈ ; ਇਸ ਕਾਰਣ !

ਪਰ ਕਲੇਈਡੋਸਕੋਪ ਹੈ ਕਿ ਇਹ ਹਰ ਸਮੇਂ ਮੇਰੀ ਅੱਖ ਨਾਲ ਜੁੜੀ ਰਹਿੰਦੀ ਹੈ । ਮੈਂ ਇਸ ਵਿਚ ਦੇਖਦਾ ਹਾਂ ਤੇ ਵਾਹ-ਵਾਹ ਕਰੀ ਜਾਂਦਾ ਹਾਂ । ਇਸ ਨਿੱਕੇ ਜਿਹੇ; ਹੱਥ ਵਿਚ ਫੜੇ ਯੰਤਰ ਵਿਚ ਜਦ ਮੈਂ ਦੇਖਦਾ ਹਾਂ ਤਾਂ ਇੰਜ ਜਾਪਦਾ ਹੈ ਜਿਵੇਂ ਕੋਈ ਵੱਖਰੀ ਕਾਇਨਾਤ ਮੇਰੇ ਅੰਦਰ ਲਹਿ ਗਈ ਹੈ; ਜਾਂ ਮੈਂ ਕਿਸੇ ਵੱਖਰੀ ਦੁਨੀਆਂ ਵਿਚ ਲਹਿ ਗਿਆ ਹੋਵਾਂ । ਪਰ ਦੇਖਣ ਵਾਲਿਆਂ ਨੂੰ ਅਤੇ ਬਾਹਰ ਤੱਕਦੀ ਆਪਣੀ ਅੱਖ ਨੂੰ, ਬਹੁਤਾ ਮੈਂ ਦਿਸਦਾ ਹਾਂ ਤੇ ਕਲੇਈਡੋਸਕੋਪ ਦਾ ਕਲਬੂਤ ਦਿਸਦਾ ਹੈ ।

ਅੰਦਰ ਕਮਾਲ ਦੇ ਰੰਗ ਨੇ, ਰੰਗਾਂ ਦਾ ਮੇਲ ਹੈ, ਰੇਖਾਵਾਂ ਦਾ ਢੁਕਾਅ ਹੈ । ਪੂਰੀ ਦੀ ਪੂਰੀ ਤੇ ਸੰਤੁਲਤ ਰਚਨਾ ਹੈ । ਕੋਈ ਪਾਸਾ ਇਸ ਰਚਨਾ ਦਾ ਉਲਾਰ ਨਹੀਂ, ਕੋਈ ਦਬਾਉ ਨਹੀਂ । ਕਲੇਈਡੋਸਕੋਪ ਨੂੰ ਮੈਂ ਸੱਜੇ, ਖੱਬੇ, ਹੇਠਾਂ-ਉਪਰ ਕਿਸੇ ਪਾਸੇ ਹਿਲਾਉਂਦਾ ਹਾਂ । ਛੁਹ ਜਿੰਨੀ ਨਾਜ਼ਕ ਹਰਕਤ ਇਸ ਨੂੰ ਕਿਤੇ ਮਿਲ ਜਾਏ ਸਈ; ਇਕ ਨਵੀਂ ਰਚਨਾ, ਅੱਖ-ਪਲਕਾਰੇ ਵਿਚ ਪਹਿਲੀ ਰਚਨਾ ਵਿਚੋਂ ਇੰਜ ਉਭਰ ਆਉਂਦੀ ਹੈ ਜਿਵੇਂ ਪਾਣੀ ਦੇ ਕੰਢੇ ਵਲ ਆਉਂਦੀ ਤਰੰਗ ਵਿਚੋਂ ਇਕ ਹੋਰ ਤਰੰਗ ਉਭਰ ਆਏ । ਹਰ ਰਚਨਾ ਦਾ ਆਪਣਾ ਰੂਪ ਹੈ, ਆਪਣੇ ਰੰਗ ਨੇ, ਰੰਗਾਂ ਤੇ ਰੇਖਾਵਾਂ ਦਾ ਆਪਣਾ ਮੇਲ, ਆਪਣੀ ਤੁਕ, ਆਪਣਾ ਸੰਤੁਲਣ ਹੈ । ਕੋਈ ਰਚਨਾ ਪਹਿਲੀ ਨਾਲੋਂ ਸ੍ਰੇਸ਼ਟ ਨਹੀਂ । ਕੋਈ ਪਹਿਲੀ, ਹੁਣ ਨਾਲੋਂ ਘਟੀਆ ਨਹੀਂ ।

ਨਪੀੜ ਕੇ ਅੱਖਾਂ ਮੀਟਣਾ ਜਿਵੇਂ ਅੰਦਰ ਝਾਤੀ ਮਾਰਨੀ ਹੋਵੇ ! ਕਦੇ ਤੱਕ ਕੇ ਸਾਂਭੇ ਨੂੰ ਮੁੜ ਦੇਖਣਾ ਹੁੰਦਾ ਹੈ । ਘੁੱਟ ਕੇ ਅੱਖਾਂ ਮੀਚੀਏ ਤਾਂ ਹਰਕਤ ਕਰਦੇ, ਬਦਲਦੇ, ਇਕ ਵਿਚੋਂ ਦੂਜੇ ਦੇ ਨਿਖਰਦੇ, ਪਹਿਲੇ ਵਿਚ ਸਮਾਉਂਦੇ-ਕਈ ਰੰਗੀਨ ਆਕਾਰ ਸਾਹਮਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਂਦੇ ਹਨ । ਉਹ ਛਿਣ-ਭੰਗੁਰ ਹੋਣ ਕਾਰਨ ਨਿਗਾਹ ਟਿਕਾ ਕੇ ਤੱਕਣ ਦਾ ਤਰਸੇਵਾਂ ਦੇਂਦੇ ਹਨ । ਪਰ ਕਲੇਈਡੋਸਕੋਪ ਸਾਡਾ ਉਹ ਤਰਸੇਵਾਂ ਲਾਹ ਸਕਦੀ ਹੈ ਜੇ ਅਸੀਂ ਸਾਹਮਣੇ ਆਈ ਰਚਨਾ ਉਪਰ ਨਿਗਾਹ ਅਤੇ ਹੱਥ ਟਿਕਾਈ ਰਖੀਏ ।

ਕਦੇ ਬੜਾ ਸੁਹਾਵਣਾ ਆਕਾਰ ਆਉਂਦਾ ਹੈ । ਇਹ ਇੰਜ ਹੈ ਜਿਵੇਂ ਕ੍ਰਿਸ਼ਨ ਉਤਸਵ ਦੇ ਹਿੰਡੋਲਿਆਂ ਸਮੇਂ, ਦਿਨ-ਰਾਤ ਇਕ ਕਰਕੇ ਕਿਸੇ ਨੇ ਰੰਗਾਂ ਨਾਲ ਚੌਂਕ ਪੂਰਿਆ ਹੋਵੇ । ਰੰਗੋਲੀ ਸਜਾਈ ਹੋਵੇ ! ਕਦੇ ਮਥਰਾ-ਬਿੰਦਰਾਬਨ ਦੀ ਸ਼ੈਲੀ ਦਿਸਦੀ ਹੈ ਤਾਂ ਕਦੇ ਬੰਗਾਲ ਦਾ ਕਲਾਸਿਕੀ ਨਵੇਕਲਾਪਨ ਸਾਡੀਆਂ ਨਜ਼ਰਾਂ ਮੱਲ ਲੈਂਦਾ ਹੈ । ਕਦੇ ਕਥਾਕਲੀ ਨ੍ਰਿਤਕਾਰਾਂ ਦੇ ਚਿਤਰੇ ਮੂੰਹ ਦੀ ਝਲਕ ਪੈਂਦੀ ਹੈ ਤਾਂ ਕਦੇ ਅਫਰੀਕੀ ਕਬਾਇਲੀਆਂ ਦੇ ਰੰਗੇ ਤੇ ਗੁਦੇ ਹੋਏ ਮੂੰਹ-ਚ੍ਹਿਰਿਆਂ ਦੀ । ਹੁਣੇ ਜਿਹੇ ਆਕਾਰ ਇੰਜ ਸੀ ਜਿਵੇਂ ਚੀਨ ਦੇ ਵੁੱਡ-ਕੱਟ ਦਾ ਪੈਟਰਨ ਹੋਵੇ । ਹੁਣ ਪੋਲੈਂਡ ਦਾ ਆਧੁਨਿਕ ਪੇਪਰ-ਕੱਟ ਸਾਹਮਣੇ ਹੈ । ਅਗਲੀ ਕੋਈ ਹਰਕਤ ਇਸੇ ਆਕਾਰ ਨੂੰ ਸਲਾਵ ਕੌਮਾਂ ਦੀ ਸੂਖਮ ਜਾਲੀ ਜਾਂ ਲੈਸ-ਸੰਜਾਫ ਦੀ ਯਾਦ ਕਰਾ ਦੇਂਦੀ ਹੈ । ਕਦੇ ਇੰਜ ਜਾਪਣ ਲਗ ਪੈਂਦਾ ਹੈ ਕਿ ਅਖਰੋਟ ਦੀ ਲੱਕੜ ਉਪਰ ਕਸ਼ਮੀਰੀ ਖੁਦਾਈ ਇਸ ਡਿਜ਼ਾਈਨ ਦੀ ਨਕਲ ਕਰ ਕੇ ਹੋਣੀ ਚਾਹੀਦੀ ਹੈ ਤੇ ਕਦੇ ਇਹ ਕਿਊਬਿਇਜ਼ਮ ਜਾਂ ਐਬਸਟ੍ਰੈਕਟ ਆਰਟ ਤੋਂ ਵੀ ਨਵੇਕਲਾ ਕੋਈ ਪੈਰਨ ਬਣ ਜਾਂਦਾ ਹੈ । ਕਦੇ ਮੁਰਾਦਾਬਾਦੀ ਭਾਂਡਿਆਂ ਉਪਰ ਹੋਈ ਸੰਘਣੀ ਮੀਣਾਕਾਰੀ ਉਪਰ ਹੋਈ ਗੰਗਾ-ਜਮਨੀ ਦਿੱਸਣ ਲਗ ਪੈਂਦੀ ਹੈ ਤੇ ਕਦੇ ਚੀਨੀ ਚਿਤਰ-ਕਲਾ ਵਰਗੇ, ਵਿਸ਼ਾਲ ਪਿੱਠ-ਭੂਮੀ ਉਪਰ ਵਿਰਲੇ ਤੇ ਸਾਂਵੇ ਖਤੂਤ ਲਗੇ ਜਾਪਦੇ ਹਨ ।

ਕਿਸੇ ਰਚਨਾ ਨੂੰ ਮੈਂ ਕਾਗਜ਼ ਉਪਰ ਚਿਤਰ ਲੈਂਦਾ ਹਾਂ । ਅੰਦਰਲੀ ਰਚਨਾ ਦੇ ਇਸ ਅਕਸ ਨੂੰ ਦੇਖ ਕੇ ਕਿਸੇ ਨੂੰ ਕੋਈ ਘਟਨਾ ਯਾਦ ਆ ਜਾਂਦੀ ਹੈ । ਕਿਸੇ ਨੂੰ ਇਸ ਵਿਚੋਂ ਕਿਸੇ ਵਸਤ ਦੀ ਤਸਵੀਰ ਦਿੱਸ ਪੈਂਦੀ ਹੈ ਤਾਂ ਉਹ ਕਹਿੰਦਾ ਹੈ ਇਹ ਕਹਾਣੀ ਨਹੀਂ, ਸਕੈੱਚ ਹੈ । ਜੇ ਕਿਸੇ ਨੂੰ ਵਾਕਫੀ-ਵਿਰੇਚਣ ਦਿੱਸ ਪਵੇ ਤਾਂ ਉਹ ਕਹਿੰਦਾ ਹੈ: ਇਹ ਨਾ ਕਹਾਣੀ ਹੈ, ਨਾ ਸਕੈੱਚ; ਇਹ ਇਕ ਲੇਖ ਹੈ । ਕੋਈ ਕਹਿੰਦਾ ਹੈ ਇਹ ਕੁਝ ਕੁ ਲੇਖ ਹੈ, ਕੁਝ ਕੁ ਕਹਾਣੀ । ਮੈਂ ਸੋਚਦਾ ਹਾਂ ਇਹਨਾਂ ਵਿਚੋਂ ਕੋਈ ਨਾ ਕੋਈ ਜ਼ਰੂਰ ਠੀਕ ਹੈ—ਸ਼ਾਇਦ ਕੁਝ-ਕੁਝ ਸਾਰੇ ਹੀ ਠੀਕ ਹੋਣ । ਤੇ ਜਦ ਕੋਈ ਕਹਿੰਦਾ ਹੈ : ਇਹ ਕਹਾਣੀ ਵੀ ਨਹੀਂ, ਤੇ ਲੇਖ ਵੀ ਨਹੀਂ ਤਾਂ ਮੇਰਾ ਦਿਲ ਕਹਿੰਦਾ ਹੈ ਸ਼ਾਇਦ ਇਹ ਕੁਝ ਹੋਰ ਹੋਵੇਗਾ । ਪਰ ਉਹ ਨਾਲ ਹੀ ਕਹਿ ਦੇਂਦਾ ਹੈ: ''ਇਸ ਲਈ ਇਹ ਕੁਝ ਵੀ ਨਹੀਂ ।'' ਤਾਂ ਮੈਂ ਉਸ ਦੇ ਮੂੰਹ ਵਲ ਤੱਕਦਾ ਸੋਚੀ ਜਾਂਦਾ ਹਾਂ : ਦਲੀਲ ਤਾਂ ਠੀਕ ਹੈ ਤੇ ਹਿਸਾਬ ਵਰਗਾ ਇਕ ਸਮੀਕਰਣ ਵੀ !

ਪਰ ਫੇਰ ਮੈਨੂੰ ਕਾਗਜ਼ ਦਿਸਦਾ ਹੈ । ਇਸ ਉਪਰ ਉੱਕਰੀਆਂ ਲੀਕਾਂ ਦਿਸਦੀਆਂ ਹਨ, ਅੱਖਰ ਦਿਸਦੇ ਹਨ, ਅੱਖਰਾਂ ਤੋਂ ਬਣੇ ਵਾਕ ਅਤੇ ਵਾਕਾਂ ਹੇਠੋਂ ਭਾਵ ਉਭਰਦੇ ਭਾਸਦੇ ਹਨ ਤੇ ਮੈਂ ਸੋਚਦਾ ਹਾਂ—ਕੀ ਇਹ ਸਾਰਾ ਕੁਝ, ਕੁਝ ਵੀ ਨਹੀਂ ? ਪਹਿਲਾਂ ਮੈਂ ਆਪਣੀ ਨੀਝ ਅਤੇ ਸ਼ੱਕ ਕਰਦਾ ਹਾਂ ਪਰ ਜਦ ਕਹਿਣ ਵਾਲਾ ਵੀ ਦਿਸਦਾ ਹੋਵੇ ਤਾਂ ਮੈਨੂੰ ਉਸ ਦੀ ਨੀਝ ਤੇ ਸ਼ੱਕ ਹੋਣ ਲਗਦਾ ਹੈ ਅਤੇ ਕਲੇਈਡੋਸਕੋਪਕ ਰਚਨਾ ਮੇਰੇ ਸਾਹਮਣੇ ਆ ਜਾਂਦੀ ਹੈ ।

ਇਕ ਕਲੇਈਡੋਸਕੋਪਿਕ ਰਚਨਾ ਸਹੀ ਦੂਜੀ ਨਹੀਂ ਕੋਈ ਬਣਦੀ ! ਟਿਲ ਲਾਾਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੜ-ਮੁੜ ਪਹਿਲੀ ਥਾਂ ਕਲੇਈਡੋਸਕੋਪ ਨੂੰ ਪਿਆ ਘੁਮਾਵਾਂ ; ਫਿਰਾਵਾਂ, ਇਹ ਰਚਨਾ ਬਦਲ ਜ਼ਰੂਰ ਜਾਏਗੀ, ਪਹਿਲੇ ਵਰਗੀ ਰਚਨਾ ਦੀ ਨੁਹਾਰ ਜਿਹੀ ਵੀ ਸ਼ਾਇਦ ਕਦੇ ਦਿੱਸ ਪਵੇ ਪਰ ਇੰਨ-ਬਿੰਨ ਪਹਿਲੀ ਨਾ ਕਦੇ ਬਣੀ ਹੈ ਨਾ ਬਣੇਗੀ ।

ਕੋਈ ਰਚਨਾ ਮੈਨੂੰ ਬਹੁਤ ਜਚ ਜਾਏ ਤਾਂ ਮੈਂ ਉਸ ਨੂੰ ਕਾਗਜ਼ ਉਪਰ ਉਤਾਰਨੀ ਚਾਹੁੰਦਾ ਹਾਂ । ਪਰੀ ਸ਼ੀਸ਼ੇ, ਵਿਚ ਉਤਾਰਨੀ ਸੌਖੀ ! ਪਰ ਰਚਨਾ, ਕਾਗਜ਼ ਤੇ ਲਾਹੁਣੀ ਔਖੀ ਹੈ । ਮੈਂ ਹੱਥ ਉਥੇ ਹੀ ਅਟਕਾ ਲੈਂਦਾ ਹਾਂ, ਨਜ਼ਰ ਜਮਾ ਲੈਂਦਾ ਹਾਂ, ਸਾਹ ਵੀ ਰੋਕ ਲੈਂਦਾ ਹਾਂ । ਨਾ ਜਾਣੀਏ; ਸਾਹ ਲੈਂਦਿਆਂ ਅੱਖ ਨਾਲ ਜੁੜੀ ਕਲੇਈਡੋਸਕੋਪ ਵਿਚ ਰੰਚਕ-ਮਾਤਰ ਵੀ ਗਤੀ ਆ ਜਾਏ ! ਪਤਾ ਨਹੀਂ, ਇਹ ਰਚਨਾ ਮੁੜ ਆਵੇ ਕਿ ਨਾ ਆਵੇ । ਇੰਜ ਮੈਂ ਇਸ ਨੂੰ ਨਜ਼ਰ ਵਿਚ ਟਿਕਾ ਲੈਂਦਾ ਹਾਂ, ਦਿਲ ਵਿਚ ਵਸਾਉਣ ਦਾ ਜਤਨ ਕਰਦਾ ਹਾਂ ਪਰ ਜਦੋਂ ਕਾਗਜ਼ ਉਪਰ ਰਚਨਾ ਦੀ ਇਸ ਪਰੀ ਨੂੰ ਉਤਾਰਨ ਦਾ ਜਤਨ ਕਰਦਾ ਹਾਂ ਤਾਂ ਇਕ ਪਰੇਸ਼ਾਨੀ—ਇਕ ਅਨੋਖੀ ਕਾਹਲ ਜਹੀ ਪੈਂਦੀ ਹੈ । ਜੋ ਕੁਝ ਕਲੇਈਡੋਸਕੋਪ ਵਿਚ ਮੈਂ ਤੱਕਿਆ ਸੀ, ਸੋ ਜਤਨ ਕਰਨ ਤੇ ਉਹ ਸਾਰਾ ਕੁਝ ਮੈਂ ਦਿਲ ਵਿਚ ਘਰ ਕੀਤਾ ਸੀ, ਹਜ਼ਾਰ ਜਤਨ ਕਰਨ ਤੇ ਉਹ ਕੁਝ ਕਾਗਜ਼ ਤੇ ਨਹੀਂ ਉਤਰਿਆ । ਜੋ ਕੁਝ ਮੈਂ ਕਾਗਜ਼ ਉਪਰ ਲਾਹਿਆ ਹੈ, ਉਹ ਮੈਂ ਤੁਹਾਡੇ ਸਾਹਮਣੇ ਕਰਦਾ ਹਾਂ । ਜੋ ਕੁਝ ਮੈਂ ਕਲੇਈਡੋਸਕੋਪ ਵਿਚ ਤੱਕਿਆ ਸੀ, ਤੁਸੀਂ ਉਸਦੀ ਕੇਵਲ, ਨਕਲ ਦੀ ਨਕਲ ਤੱਕਦੇ ਹੋ । ਮੈਂ ਤੁਹਾਡੀਆਂ ਅੱਖਾਂ ਵਿਚ ਝਾਕਦਾ ਹਾਂ ਤੁਹਾਡੇ ਮੂੰਹ ਉਪਰ ਝਾਤ ਮਾਰਦਾ ਹਾਂ । ਮੈਂ ਚਾਹੁੰਦਾ ਹਾਂ ਤੁਹਾਡਾ ਦਿਲ ਤੁਹਾਡੇ ਚਿਹਰੇ ਉਪਰ ਉਭਰ ਆਏ ਤੇ ਮੈਂ ਪੜ੍ਹ ਲਵਾਂ !

ਜਿਹੜਾ ਅਨੰਦ ਕਲੇਈਡੋਸਕੋਪ ਵਿਚ ਲੀਣ ਸਮੇਂ ਮੈਂ ਮਾਣਿਆ ਸੀ ਸ਼ਾਇਦ ਹੀ ਤੁਸੀਂ ਉਹ ਅਨੰਦ ਮਾਣ ਸਕੋ ! ਪਰ ਉਸ ਅਨੰਦ ਦੀ ਸਿਖਰ, ਉਸ ਮਸਤੀ ਦੀ ਸ਼ਿਦੱਤ ਤੁਸੀਂ ਨਹੀਂ ਮਾਣ ਸਕਦੇ !

ਪਰ ਤੁਸੀਂ ਕੁਝ ਤਾਂ ਮਾਣਿਆਂ ਹੈ, ਇਹੋ ਮੇਰੀ ਤਸੱਲੀ ਹੈ । ਇਹੋ ਸੰਤੁਸ਼ਟਤਾ; ਕਲੇਈਡੋਸਕੋਪ ਨਾਲ ਮੇਰੀਆਂ ਅੱਖਾਂ ਜਾ ਜੋੜਦੀ ਹੈ, ਮੇਰੀ ਕਲਮ ਵਿਚ ਗਤੀ ਅਤੇ ਵੇਗ ਲਿਆਉਂਦੀ ਹੈ ।

ਕਲੇਈਡੋਸਕੋਪ ਦੀਆਂ ਰਚਨਾਵਾਂ ਜਿੰਨੀਆਂ ਜਟਿਲ, ਜਿੰਨੀਆਂ ਰਾਂਗਲੀਆਂ, ਜਿੰਨ੍ਹੀਆਂ ਅਲੌਕਿਕ ਹਨ, ਇਸ ਦੀ ਬਣਤਰ, ਇਸ ਦੀ ਮੈਕੇਨਿਜ਼ਮ ਓਨੀ ਹੀ ਸੌਖੀ ਹੈ ।

ਇਕ ਗੋਲ ਨਲਕੀ ਦੇ ਸਿਰੇ ਉਪਰ ਅੱਗੜ-ਪਿੱਛੜ ਦੋ ਸ਼ੀਸੇ ਹਨ । ਬਾਹਰ ਦਾ ਸ਼ੀਸ਼ਾ ਚੇਤਨਾ ਵਾਂਗ ਪਾਰ-ਦਰਸ਼ੀ ਨਹੀਂ ਨਿਮਣ-ਚੇਤਣ ਵਾਂਗ ਧੁੰਦਲਾ ਹੈ । ਇਸ ਵਿਚੋਂ ਬਾਹਰਲੀ ਰੋਸ਼ਨੀ ਤਾਂ ਅੰਦਰ ਆਉਂਦੀ ਹੈ । ਪਰ ਦ੍ਰਿਸ਼ ਅਤੇ ਉਸ ਦੇ ਅਕਸ ਨਹੀਂ । ਅੰਦਰਲਾ ਸ਼ੀਸ਼ਾ ਪਾਰ—ਦਰਸ਼ੀ ਹੈ । ਦੋਹਾਂ ਸ਼ੀਸ਼ਿਆਂ ਵਿਚਕਾਰ ਯਾਦਾਂ ਤੇ ਤਜਰਬਿਆਂ ਵਰਗੇ ਰੰਗ-ਬਿਰੰਗੇ ਕੱਚ ਅਤੇ ਵੰਗਾਂ ਦੇ ਟੁਕੜੇ ਹਨ ।

ਇਹ ਲਾਲ ਰੰਗ ਦਾ ਟੁਕੜਾ ਹੈ, ਪਤਾ ਨਹੀਂ ਕਿਸੇ ਬੁਢੀ ਤੀਵੀਂ ਨੇ ਉਹ ਵੰਗ ਪਹਿਨੀ ਹੋਵੇ ! ਇਕ ਕਾਲੀ ਵੰਗ ਦਾ ਟੋਟਾ ਹੈ । ਸ਼ਾਇਦ ਕਿਸੇ ਸੁਆਣੀ ਨੇ ਸ਼ੋਖ਼ ਰੰਗਾਂ ਦੀਆਂ ਵੰਗਾਂ ਨਾਲ ਇਸ ਦੀ ਵਿਰੋਧੀ ਦੱਖ ਕਾਰਨ ਪਹਿਨਿਆ ਹੋਵੇ । ਇਹ ਭੂਰੇ ਰੰਗ ਦੀ ਕਿਸੇ ਸ਼ੀਸ਼ੀ ਦਾ ਟੁਕੜਾ ਹੈ । ਸ਼ਾਇਦ ਕਿਸੇ ਪਿਅੱਕੜ ਨੇ ਸਕਾਚ ਬਰਾਂਡੀ ਦੀ ਬੋਤਲ

CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਜਾਂ ਕਿਸੇ ਪੁਰਾਣੇ ਰੋਗੀ ਨੇ ਮਾਲਟ ਵਾਲੀ ਕਸੈਲੀ ਦੁਆਈ ਪੀ ਕੇ ਸ਼ੀਸ਼ੀ, ਗੁੱਸੇ ਵਿਚ ਵਗਾਹ ਮਾਰੀ ਹੋਵੇ। ਇਹ ਗਹਿਰੇ ਨੀਲੇ ਰੰਗ ਦਾ ਵੰਗ ਦਾ ਟੋਟਾ ਹੈ ਜਿਸ ਉਪਰ ਸੁਨਹਿਰੀ ਟਿਮਕਣੇ ਹਨ। ਕੀ ਪਤਾ, ਕਿਸੇ ਦੇ ਹੱਥਾਂ ਦੀ ਸ਼ੋਖੀ ਨਾਲ ਪਹਿਣਨ ਵਾਲੀ ਦੀ ਵੀਣੀ ਵਿਚ ਕੜਕ ਕੇ ਡਿਗ ਪਿਆ ਹੋਵੇ। ਕਾਸ਼ਨੀ ਰੰਗ ਦੇ ਸ਼ੀਸ਼ੇ ਦਾ ਇਕ ਟੋਟਾ ਹੈ ਜੋ ਕਿਸੇ ਮਹਿਲ-ਮਾੜੀ ਦੇ ਰੋਸ਼ਨਦਾਨ ਦਾ ਹੋਵੇ। ਕੋਈ ਟੁਕੜਾ ਕਿਤੋਂ ਲੱਭਾ ਹੈ, ਕੋਈ ਕਿਤੋਂ ਚੁਣਿਆ ਹੈ। ਕਲੇਈਡੋਸਕੋਪ ਵਿਚ ਟੁਕੜੇ ਸਦਾ-ਸਦਾ ਇਹੋ ਰਹਿੰਦੇ ਹਨ ਪਰ ਰਚਨਾਵਾਂ ਅਨੇਕ, ਅਨ-ਗਿਣਤ ਬਣਦੀਆਂ ਹਨ।

ਰੰਗਾਂ ਦੇ ਵੀ ਅਰਥ ਹਨ। ਜੇ ਕਾਲਾ ਤਬਾਹੀ ਦਾ ਹੈ ਤਾਂ ਸ਼ੋਖੀ ਦਾ ਵੀ ਹੈ। ਪੀਲਾ ਸੋਗ ਜਾਂ ਚਿੰਤਾ ਦਾ ਹੈ ਤਾਂ ਰਮਣੀਕਤਾ ਦਾ ਵੀ! ਨੀਲਾ ਅਨੰਤਤਾ ਤੇ ਵਿਸ਼ਾਲਤਾ ਦਾ ਪ੍ਰਤੀਕ ਹੈ। ਲਾਲ ਖ਼ੂੰਨੀ ਰਿਸ਼ਤੇ ਦਾ ਵੀ ਪ੍ਰਤੀਕ ਹੈ ਤੇ ਖ਼ੂਨੰ-ਖ਼ਰਾਬੇ ਦਾ ਵੀ। ਕਾਸ਼ਨੀ ਦੀ ਆਪਣੀ ਮਹਿਮਾ ਹੈ। ਪਰ ਕਲੇਈਡੋਸਕੋਪਿਕ ਰਚਨਾਵਾਂ ਵਿਚ ਇਹਨਾਂ ਦੇ ਇਹ ਸ਼ਾਸਤ੍ਰੀ ਅਰਥ ਨਹੀਂ ਲਾਏ ਜਾ ਸਕਦੇ; ਇਹਨਾਂ ਰੰਗਾਂ ਦੇ ਰਵਾਇਤੀ ਪ੍ਰਭਾਵ ਨਹੀਂ ਹੁੰਦੇ। ਇਥੇ ਰੰਗਾਂ ਦੇ ਆਪਣੇ ਅਰਥ ਸਮੁੱਚੀ ਰਚਨਾ ਦੇ ਪ੍ਰਸੰਗ ਵਿਚ ਸੁਤੇ-ਸਿੱਧ ਉਭਰਦੇ ਆਉਂਦੇ ਹਨ। ਅੰਦਰ, ਪਾਰ-ਦਰਸ਼ੀ ਸ਼ੀਸ਼ੇ ਦੀਆਂ ਦੋ ਪੱਟੀਆਂ ਲਗੀਆ ਹੁੰਦੀਆਂ ਹਨ। ਪੱਟੀਆਂ ਦੀ ਵਿਰਲ ਵਿਚ ਕੱਚ ਦੇ ਟੁਕੜਿਆਂ ਦਾ ਜਿਹੜਾ ਭਾਗ ਆਉਂਦਾ ਹੈ, ਉਹ ਪੱਟੀਆਂ ਦੇ ਅਕਸਾਂ ਨਾਲ ਗੁਣਾ ਖਾ ਕੇ ਕੋਈ ਰਚਨਾਂ ਸਾਡੇ ਸਾਹਮਣੇ ਪੇਸ਼ ਕਰਦਾ ਹੈ।

ਆਮ ਤੌਰ ਤੇ ਦੋ-ਅਕਸੀ ਸ਼ੀਸ਼ਿਆਂ ਵਾਲੇ ਕਲੇਈਡੋਸਕੋਪ ਹੀ ਬਾਜ਼ਾਰ ਵਿਚ ਮਿਲਦੇ ਹਨ। ਤਿੰਨ-ਅਕਸੀ ਸ਼ੀਸ਼ਿਆਂ ਵਾਲਾ ਵੀ ਕੋਈ ਕਲੇਈਡੋਸਕੋਪ ਮਿਲਦਾ ਹੈ। ਤਿੰਨ ਸ਼ੀਸ਼ਿਆਂ ਵਾਲੇ ਕਲੇਈਡੋਸਕੋਪ ਦੀਆਂ ਰਚਨਾਵਾਂ, ਦੋ ਸ਼ੀਸ਼ਿਆਂ ਵਾਲੇ ਕਲੇਈਡੋਸਕੋਪ ਦੀਆਂ ਰਚਨਾਵਾਂ ਤੋਂ ਵੱਖਰੀਆਂ ਤੇ ਬਹੁ-ਭਾਂਤੀ ਹੁੰਦੀਆਂ ਹਨ।

7780

ਦੋਵੇਂ ਅਕਸੀ ਸ਼ੀਸ਼ੇ, ਜਗਿਆਸਾ ਜਾਂ ਅਹਿਸਾਸ ਅਤੇ ਭਾਵਕੁਤਾ ਹਨ। ਦੋ ਸ਼ੀਸ਼ਿਆਂ ਵਾਲੇ ਕਲੋਈਡੋਸਕੋਪ ਦੀਆਂ ਰਚਨਾਵਾਂ ਵੀ ਚੰਗੀਆਂ ਹਨ ਤੇ ਆਮ ਤੌਰ ਤੇ ਬੜੀ ਧੂਹ ਪਾਉਂਦੀਆਂ ਹਨ। ਤਿੰਨ ਸ਼ੀਸ਼ਿਆਂ ਵਾਲੇ ਕਲੇਈਡੋਸਕੋਪ ਦੀਆਂ ਰਚਨਾਵਾਂ ਕਈਆਂ ਨੂੰ ਸੰਘਣੀਆਂ ਤੇ ਬੋਝਲ ਜਾਪਦੀਆਂ ਹਨ। ਪਰ ਮੇਰੀਆਂ ਅੱਖਾਂ ਨੂੰ ਤਿੰਨਾਂ ਹੀ ਸ਼ੀਸ਼ਿਆਂ ਵਾਲਾ ਕਲੇਈਡੋਸਕੋਪ ਭਾਉਂਦਾ ਹੈ—ਆਪਣੀ ਆਪਣੀ ਰੀਝ ਹੈ, ਆਪਣੀ-ਆਪਣੀ ਪਾਰਣ-ਸ਼ਕਤੀ ਹੈ।

ਤੀਜਾ ਸ਼ੀਸ਼ਾ, ਸ਼ਿਵਜੀ ਦੀ ਤੀਜੀ ਅੱਖ ਵਾਂਗ ਸੂਝ ਦਾ ਹੈ ਤੇ ਕਲੇਈਡੋਸਕੋਪ—ਇਹ ਗੁਲਬੀਣ, ਕਲਾਕਾਰ ਦਾ ਰਚਣਾਤਮਕ ਦਿਲ ਹੈ।

☆ ☆ ☆

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Acces on 17-6-13
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਰਪਾਲ ਸਿੰਘ ਆਜ਼ਾਦ

ਜਨਮ : ੨ ਫਰਵਰੀ, ੧੯੨੪

ਵਿਦਿਆ : ਐਮ. ਏ.

ਭਾਸ਼ਾ ਗਿਆਨ : ਪੰਜਾਬੀ, ਉਰਦੂ, ਹਿੰਦੀ, ਅੰਗਰੇਜ਼ੀ ਤੇ ਗੁਜ਼ਾਰੇ ਯੋਗ ਜਰਮਨ

ਬਦੇਸ ਯਾਤ੍ਰਾ : ਜਰਮਨੀ, ਹਾਲੈਂਡ, ਆਸਟਰੀਆ, ਫਰਾਂਸ ਤੇ ਸਵਿੱਟਜ਼ਰਲੈਂਡ

☛ ''ਵਿਸ਼ਵ ਦਰਸ਼ਨ'' ਦੇ ਲੇਖਕ ਕਿਰਪਾਲ ਸਿੰਘ ਆਜ਼ਾਦ ਨੇ ਪਹਿਲਾਂ ਵੀ ਆਪਣੀਆਂ ਰਚਨਾਵਾਂ ਰਾਹੀਂ ਦਾਰਸ਼ਨਿਕ-ਧਾਰਮਿਕ ਬੋਧ ('ਗੁਰਬਾਣੀ ਇਨਕਲਾਬੀ ਹੈ ਕਿ ...'); ਮਹਾਂ ਕਾਵਿਕ ਨਾਵਲ ('ਜਨਮ ਪੀੜਾ'); ਨਵ-ਅਨੁਭੂਤੀ-ਕਹਾਣੀਆਂ ('ਸੋਫਿਸਟੀਕੇਟਿਡ'); ਇਤਹਾਸਕ ਵਿਸ਼ਲੇਸ਼ਣ ('ਸਿਖ ਮੂਲਵਾਦ ਬਾਰੇ': ਪੰਜਾਬੀ ਅਤੇ ਹਿੰਦੀ) ਅਤੇ ਰਜਨੀਤਕ-ਸਮਾਜਕ ਵਿਅੰਗ ('ਟੋਕ-ਟਕੋਰ') ਵਿਚ ਨਿਵੇਕਲੇ ਪੱਧਰ ਸਥਾਪਤ ਕੀਤੇ ਹਨ ।

☛ ''ਵਿਸ਼ਵ ਦਰਸ਼ਨ'' ਵਿਚ ੧੦ ਵਿਸ਼ਿਆਂ : ਸਮੀਖਿਆ ਸਿਧਾਂਤ, ਸਾਹਿਤ-ਮੁਲਾਂਕਣ, ਸ਼ੈਲੀ ਸਿਧਾਂਤ, ਭਾਸ਼ਾ ਵਿਗਿਆਨ, ਦਰਸ਼ਨ ਅਤੇ ਤਰਕ, ਗਿਆਨ-ਵਿਗਿਆਨ, ਸਾਹਿਤ-ਸਭਿਆਚਾਰ, ਕਲਾ ਤੇ ਸੌਂਦਰਯ, ਸਮਾਜ- ਸ਼ਾਸਤਰ ਅਤੇ 'ਹਲਕੇ ਫੁਲਕੇ ਲੇਖ' ਅਧੀਨ ; ੨੦ ਨਿਬੰਧ ਪੇਸ਼ ਕਰਕੇ ਪੰਜਾਬੀ ਵਾਰਤਕ-ਸਾਹਿਤ ਵਿਚ ਲੇਖਕ ਨੇ ਆਪਣੀ ਨਿਬੰਧਕਾਰੀ ਅਤੇ ਸ਼ੈਲੀ ਵਿਚ ਪੰਜਾਬੀ ਵਾਰਤਕ ਦੇ ਆਯਾਮ ਨੂੰ ਵਿਕਸਾਇਆ ਹੈ ।ਪੰਜਾਬੀ ਭਾਸ਼ਾ ਦੀ, ਗਹਿਣ ਵਿਸ਼ਿਆਂ ਨਾਲ ਨਜਿੱਠਣ ਦੀ ਸਮਰੱਥਾ ਨੂੰ ਉਜਾਗਰ ਕੀਤਾ ਹੈ ।

☛ ''ਵਿਸ਼ਵ ਦਰਸ਼ਨ'' ਕਿਰਪਾਲ ਸਿੰਘ ਆਜ਼ਾਦ ਦਾ ਅਜਿਹਾ ਨਿਬੰਧ-ਸੰਗ੍ਰਹਿ ਹੈ ਜੋ ਬੋਧਕ ਪਾਠਕਾਂ, ਉੱਚ-ਪੱਧਰੀ ਵਿਦਿਆਰਥੀਆਂ, ਖੋਜਕਾਰਾਂ ਅਤੇ ਸਾਹਿਤ-ਸ਼ੈਲੀਕਾਰਾਂ ਦੀ ; ਰਚਨਾਤਮਕ ਜਗਿਆਸਾ ਵਧਾਏ ਗਾ ।

CC-0. In Public Domain. Gurukul Kangri Collection, Haridwar